# MOVING To INDIANA?



*ਇੰਡੀਆਨਾ ’ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ*

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

**Ph: (317) 670-1055**

Beenu.sikand@gmail.com www.LegacyHomesInternational.com

*Beenu Sikand*
*Legacy Homes Intl.*
*Broker Owner,*
*Realtor, CRS, MBA*

*Successfully Selling Real Estate for 17 Years!*

## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Kamaljeet Kaur (Realtor/Broker)

**Ph: 317-809-1818** **Ph: 317-909-9295**

midlandrealtygroup@yahoo.com kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 18, May 1st, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ ਦੀ ਸਿਆਸਤ ਵਿਚ ਹਲਚਲ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਤਕਰੀਬਨ ਅੱਠ ਮਹੀਨੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀਕਾਂਡ ਮਾਮਲਿਆਂ ਉਤੇ ਪੰਜਾਬ ਦੀ ਸਿਆਸਤ ਵਿਚ ਹਲਚਲ ਹੋਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀਕਾਂਡ ਦੀ ਜਾਂਚ ਰਿਪੋਰਟ ਰੱਦ ਕਰਨ ਤੋਂ ਬਾਅਦ ਜਿਥੇ ਪੰਥਕ ਧਿਰਾਂ ਸੂਬੇ ਨੂੰ ਤੀਜਾ ਬਦਲ ਦੇਣ ਲਈ ਸਰਗਰਮ ਹੋ ਗਈਆਂ ਹਨ, ਉਥੇ ਸੱਤਾਧਾਰੀ ਕਾਂਗਰਸ ਵਿਚ ਵੱਡੇ ਪੱਧਰ ਉਤੇ ਬਗਾਵਤ ਸ਼ੁਰੂ ਹੋ ਗਈ ਹੈ।

ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਅਤੇ ਪ੍ਰਤਾਪ ਸਿੰਘ ਬਾਜਵਾ ਤੋਂ ਬਾਅਦ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਕੈਪਟਨ ਨੂੰ ਤਿੱਖੇ ਤੇਵਰ ਦਿਖਾਏ ਹਨ। ਕੈਬਨਿਟ ਮੀਟਿੰਗ ਵਿਚ ਦੋਵਾਂ ਆਗੂਆਂ (ਜਾਖੜ, ਰੰਧਾਵਾ) ਨੇ ਆਪਣੇ ਅਸਤੀਫੇ ਕੈਪਟਨ ਅਮਰਿੰਦਰ ਸਿੰਘ ਅੱਗੇ ਰੱਖ ਦਿੱਤੇ। ਕੈਪਟਨ ਨੇ ਭਾਵੇਂ ਤੁਰੰਤ ਅਸਤੀਫੇ ਪਾੜ ਦਿੱਤੇ ਤੇ ਇਨ੍ਹਾਂ ਆਗੂਆਂ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਪਰ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਚੋਣਾਂ ਨੇੜੇ ਆਉਣ ਉਤੇ ਕੈਪਟਨ ਖਿਲਾਫ ਹੋਰ ਤਿੱਖੀ ਲਾਮਬੰਦੀ ਕਾਂਗਰਸ ਨੂੰ ਵੱਡਾ ਝਟਕਾ ਦੇ ਸਕਦੀ ਹੈ।

ਉਧਰ, ਕੈਪਟਨ ਇਸ ਬਗਾਵਤ ਨੂੰ ਵੱਡੀ ਚੁਣੌਤੀ ਮੰਨ ਰਹੇ ਹਨ ਤੇ ਉਸ ਦੇ ਅਗਲੇ ਹੀ ਦਿਨ ਕਾਂਗਰਸੀ ਵਿਧਾਇਕਾਂ ਤੇ ਸੀਨੀਅਰ ਆਗੂਆਂ ਨਾਲ ਮੀਟਿੰਗ ਸੱਦ ਕੇ ਉਨ੍ਹਾਂ ਦਾ ਮਨ ਪੜ੍ਹਨ ਦੀ

*(ਬਾਕੀ ਸਫਾ 6 ਉਤੇ)*

## ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਬੰਦ, ਕੈਪਟਨ ਵੱਲੋਂ ਨਵੀਂ ਸਿੱਟ ਦਾ ਐਲਾਨ

**ਚੰਡੀਗੜ੍ਹ:** ਫਰੀਦਕੋਟ ਦੀ ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਬੰਦ ਕਰ ਦਿੱਤੀ ਹੈ। ਅਦਾਲਤ ਦੇ ਇਸ ਫੈਸਲੇ ਨਾਲ ਇਸ ਗੋਲੀ ਕਾਂਡ ‘ਚ ਨਾਮਜ਼ਦ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਸਮੇਤ 7 ਅਧਿਕਾਰੀਆਂ ਨੂੰ ਵੱਡੀ ਰਾਹਤ ਮਿਲੀ ਹੈ। ਉਧਰ, ਕੈਪਟਨ ਸਰਕਾਰ ਨੇ ਕੁੰਵਰ ਵਿਜੇ ਪ੍ਰਤਾਪ ਵਾਲੀ ਜਾਂਚ ਟੀਮ ਦੀ ਰਿਪੋਰਟ ਰੱਦ ਕਰਨ ਦੇ ਹਾਈਕੋਰਟ ਦੇ ਫੈਸਲੇ ਨੂੰ ਸਵੀਕਾਰ ਕਰ ਲਿਆ ਹੈ ਤੇ ਜਾਂਚ ਲਈ ਨਵੀਂ ਸਿੱਟ ਬਣਾਉਣ ਦਾ ਫੈਸਲਾ ਹੋਇਆ ਹੈ। ਕੈਬਨਿਟ ਮੀਟਿੰਗ ਇਹ ਸਹਿਮਤੀ ਬਣੀ ਹੈ ਕਿ ਨਵੀਂ ਵਿਸ਼ੇਸ਼ ਜਾਂਚ ਟੀਮ ਫੌਰੀ ਬਣਾ ਕੇ ਇਸ ਮਾਮਲੇ ਨੂੰ ਛੇ ਮਹੀਨਿਆਂ ਵਿਚ ਕਿਸੇ ਮੁਕਾਮ ‘ਤੇ ਪਹੁੰਚਾਇਆ ਜਾਵੇ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 9 ਅਪਰੈਲ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਤਿਆਰ ਕੀਤੀਆਂ ਚਾਰ ਚਾਰਜਸ਼ੀਟਾਂ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ ਸੀ। ਹਾਈ ਕੋਰਟ ਦੇ ਫੈਸਲੇ ਦੀ ਰੌਸ਼ਨੀ ਵਿਚ ਵਧੀਕ ਸੈਸ਼ਨ ਜੱਜ ਨੇ ਕੋਟਕਪੂਰਾ ਗੋਲੀ ਕਾਂਡ ‘ਚ ਨਾਮਜ਼ਦ ਸਾਰੇ ਮੁਲਜ਼ਮਾਂ ਨੂੰ ਹਾਲ ਦੀ ਘੜੀ ਆਜ਼ਾਦ ਕਰ ਦਿੱਤਾ ਹੈ।

*(ਬਾਕੀ ਸਫਾ 6 ਉਤੇ)*

# ‘ਪੰਜਾਬ ਟਾਈਮਜ਼’ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ‘ਪੰਜਾਬ ਟਾਈਮਜ਼’ ਦੇ ਬਾਨੀ ਸੰਪਾਦਕ ਸਵਰਗੀ ਅਮੋਲਕ ਸਿੰਘ ਜੰਮੂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਨੇਹੀਆਂ ਨੇ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਅਤੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕਰਕੇ ਉਨ੍ਹਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਐਤਵਾਰ, 25 ਅਪਰੈਲ ਨੂੰ ਅੰਤਿਮ ਸੰਸਕਾਰ ਕੀਤਾ ਗਿਆ। ਉਪਰੰਤ ਉਨ੍ਹਾਂ ਨਮਿਤ ਕੀਰਤਨ ਤੇ ਅੰਤਿਮ ਅਰਦਾਸ ਦੀਆਂ ਰਸਮਾਂ ਗੁਰਦੁਆਰਾ ਪੈਲਾਟਾਈਨ ਵਿਖੇ ਹੋਈਆਂ। ਇਸ ਮੌਕੇ ਸੰਗਤਾਂ ਨੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਤੇ ਵਖ ਵਖ ਬੁਲਾਰਿਆਂ ਨੇ ਉਨ੍ਹਾਂ ਦੇ ਜੀਵਨ ’ਤੇ ਚਾਨਣਾ ਪਾਉਂਦਿਆਂ ਸ਼ਰਧਾਂਜਲੀ ਭੇਟ ਕੀਤੀ।

ਸਵਰਗੀ ਅਮੋਲਕ ਸਿੰਘ ਦੇ ਅੰਤਿਮ ਦਰਸ਼ਨਾਂ ਮੌਕੇ ਜੁੜੀ ਸੰਗਤ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੇ ਬੇਟੇ ਮਨਦੀਪ ਸਿੰਘ ਜੰਮੂ ਨੇ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੋ ਕੇ ਪਰਿਵਾਰ ਦਾ ਦੁੱਖ ਵੰਡਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੇਰੇ ਪਾਪਾ ਮੇਰੇ ਰੋਲ ਮਾਡਲ ਸਨ। ਡਾ. ਹਰਜਿੰਦਰ ਸਿੰਘ ਖਹਿਰਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਨ੍ਹਾਂ ਕੋਲ ਕੋਈ ਸ਼ਬਦ ਨਹੀਂ ਹਨ ਕਿ ਆਪਣੇ ਦੁਖ ਦਾ ਪ੍ਰਗਟਾਵਾ ਕਰ ਸਕਣ। ਇਹ ਅਸਹਿ ਸਦਮਾ ਹੈ।

ਰਛਪਾਲ ਸਿੰਘ ਸਹੋਤਾ ਨੇ ਕਿਹਾ ਕਿ ਉਹ ਅਮੋਲਕ ਸਿੰਘ ਜੰਮੂ ਨੂੰ 20 ਸਾਲਾਂ ਤੋਂ ਜਾਣਦੇ ਸਨ। ਉਹ ਬਹੁਤ ਪ੍ਰਤਿਭਾਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ਉਹ ਇਕ ਨਿਧੜਕ ਪੱਤਰਕਾਰ ਸਨ। ਇਹ ਇਕੋ ਇਕ ਅਖਬਾਰ ਹੈ, ਜੋ ਸਭ ਦੀ ਆਵਾਜ਼ ਬੇਖੌਫ, ਨਿਰਪੱਖ, ਨਿਧੜਕ ਹੋ ਕੇ ਸਭ ਤੱਕ ਪਹੁੰਚਾਉਂਦਾ ਹੈ। ਇਹੋ ਜਿਹੇ ਬਹਾਦੁਰ ਇਨਸਾਨ ਬਹੁਤ ਘੱਟ ਵੇਖਣ ਨੂੰ ਮਿਲਦੇ ਹਨ। ਉਨ੍ਹਾਂ ਕਿਹਾ ਕਿ ਅਮੋਲਕ ਸਿੰਘ ਨੂੰ ਪੰਜਾਬੀ ਦਾ ਸਟਿਫਨ ਹਾਕਿੰਗ ਕਿਹਾ ਜਾਂਦਾ ਸੀ, ਜੋ ਬਿਲਕੁਲ ਠੀਕ ਸੀ। ਉਨ੍ਹਾਂ ਕਿਹਾ ਕਿ ਅਮੋਲਕ ਸਿੰਘ ਨੇ ਇਹ ਸਾਬਿਤ ਕਰ ਦਿੱਤਾ ਕਿ ਜੇ ਦ੍ਰਿੜ ਵਿਸ਼ਵਾਸ ਅਤੇ ਸੱਚੀ ਲਗਨ ਹੋਵੇ ਤਾਂ ਇਨਸਾਨ ਆਪਣੀ ਮੰਜ਼ਿਲ ਪਾ ਹੀ ਲੈਂਦਾ ਹੈ। ਉਨ੍ਹਾਂ ਸਵਰਗੀ ਜੰਮੂ ਨੂੰ ਆਪਣਾ ਪ੍ਰੇਰਨਾ ਸਰੋਤ ਕਰਾਰ ਦਿੱਤਾ ਤੇ ਕਿਹਾ ਪੰਜਾਬੀ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

‘ਪੰਜਾਬ ਟਾਈਮਜ਼’ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਹੋਣ ਤੋਂ ਇਲਾਵਾ ਨਿੱਘਾ ਪਰਿਵਾਰਕ ਰਿਸ਼ਤਾ ਰੱਖਣ ਵਾਲੇ ਸ. ਦਰਸ਼ਨ ਸਿੰਘ ਗਰੇਵਾਲ (ਮਿਸ਼ੀਗਨ) ਆਪਣੀ ਬੇਟੀ ਮੀਤੂ ਗਰੇਵਾਲ ਨਾਲ ਸ. ਅਮੋਲਕ ਸਿੰਘ ਜੰਮੂ ਨੂੰ ਅੰਤਿਮ ਵਿਦਾਇਗੀ ਦੇਣ ਲਈ ਪਹੁੰਚੇ ਹੋਏ ਸਨ। ਉਨ੍ਹਾਂ ਆਪਣੇ ਦਿਲੀ ਵਲਵਲੇ ਸਾਂਝੇ ਕਰਦਿਆਂ ਹੈਰਾਨੀ ਪ੍ਰਗਟਾਈ ਕਿ ਅਮੋਲਕ ਭਾਅ ਜੀ ਵਿਲੱਖਣ ਗੁਣਾਂ ਦੇ ਮਾਲਿਕ ਸਨ। ਬਹੁਤ ਹੀ ਪਿਆਰੇ ਤੇ ਨਿੱਘੇ ਸੁਭਾਅ ਦੇ ਮਾਲਿਕ ਸਨ। ਸਾਰਿਆਂ ਨੂੰ ਪਿਆਰ ਕਰਦੇ ਸਨ। ਉਨ੍ਹਾਂ ਸਦਕਾ ਹੀ ਪੰਜਾਬ ਟਾਈਮਜ਼ ਵਿਚ ਗਿਆਨ ਭਰਪੂਰ ਸਮਗਰੀ ਤੋਂ ਇਲਾਵਾ ਮਿਆਰੀ ਸਾਹਿਤ, ਸਥਾਈ ਕਾਲਮ ਤਾਂ ਪੜ੍ਹਨ ਨੂੰ ਮਿਲਦੇ ਹੀ ਹਨ, ਇਸ ਦੀ ਖਾਸੀਅਤ ਵੱਖ ਵੱਖ ਮੁਦਿਆਂ ਉਤੇ ਭਰਪੂਰ ਲੇਖ ਵੀ ਹੁੰਦੇ ਹਨ। ਉਨ੍ਹਾਂ ਦੀ ਬੇਟੀ ਮੀਤੂ ਨੂੰ ਵੀ ਲਗਾਤਾਰ ਨਮ ਅੱਖਾਂ ਪੂੰਝਦੇ ਦੇਖਿਆ ਗਿਆ।

ਸ. ਤਰਲੋਚਨ ਸਿੰਘ ਮੁਲਤਾਨੀ ਨੇ ਗੁਰਬਾਣੀ ਦਾ ਹਵਾਲਾ ਦਿੰਦਿਆਂ ਤੇ ਜ਼ਿੰਦਗੀ ਦੇ ਫਲਸਫੇ ਦੀ ਗੱਲ ਦੱਸਦਿਆਂ ਕਿਹਾ ਕਿ ਅਮੋਲਕ ਸਿੰਘ ਦਾ ਜ਼ਿੰਦਗੀ ਨਾਲ ਜੂਝਣ ਦਾ ਹੌਸਲਾ ਸਿਖਰ ‘ਤੇ ਸੀ। ਉਨ੍ਹਾਂ ਹੋਰ ਕਿਹਾ ਕਿ ਇਨਸਾਨ ਦੇ ਚੰਗੇ ਕੰਮ, ਚੰਗੇ ਗੁਣ ਹੀ ਹਨ, ਜਿਨ੍ਹਾਂ ਨੂੰ ਲੋਕ ਹਮੇਸ਼ਾ ਯਾਦ ਰੱਖਦੇ ਹਨ। ਅਮੋਲਕ ਸਿੰਘ ਖਰਾਬ ਸਿਹਤ ਦੇ ਬਾਵਜੂਦ ਲਗਾਤਾਰ ਆਪਣੇ ਕੰਮ ਵਿਚ ਮਸਰੂਫ ਰਹਿੰਦੇ ਸਨ। ਸਵਰਗੀ ਜੰਮੂ ਨੇ ਦੇਸ ਤੇ ਵਿਦੇਸ ਵਿਚ ਪੰਜਾਬੀ ਦਾ ਪ੍ਰਸਾਰ ਕੀਤਾ ਅੱਜ ਉਹ ਸਾਡੇ ਕੋਲੋਂ ਵਿਛੜ ਗਿਆ। ਉਨ੍ਹਾਂ ਕਿਹਾ, ਅਸੀਂ ਸਾਰਿਆਂ ਨੇ ਇਕ ਦਿਨ ਜਾਣਾ ਹੈ, ਕੌਮ ਲਈ ਦੁੱਖ ਹੈ ਕਿ ਪੰਜਾਬੀ ਕੌਮ ਦਾ ਹੀਰਾ ਚਲਾ ਗਿਆ। ਉਨ੍ਹਾਂ ਕਿਹਾ ਕਿ ਹਰ ਸਾਲ ‘ਪੰਜਾਬ ਟਾਈਮਜ਼ ਨਾਈਟ’ ਮੌਕੇ ਲੋਕ ਦੂਰੋਂ ਦੂਰੋਂ ਪਹੁੰਚਦੇ ਸਨ, ਜੋ ਉਨ੍ਹਾਂ ਦੇ ਪਿਆਰ ਸਦਕਾ ਹੀ ਸੀ।

ਗੁਰਦੁਆਰਾ ਪੈਲਟਾਈਨ ਵਿਖੇ ਕਾਰਸੇਵਾ ਜਥੇ ਦੇ ਮੋਢੀ ਮੈਂਬਰ ਸ. ਸਤਨਾਮ ਸਿੰਘ ਔਲਖ ਨੇ ਕਿਹਾ ਕਿ ਉਹ ਸ. ਜੰਮੂ ਨੂੰ ਬਹੁਤ ਸਮੇਂ ਤੋਂ ਜਾਣਦੇ ਹਨ। ਉਨ੍ਹਾਂ 2000 ਵਿਚ ਇਕ ਪੇਜ ਤੋਂ ਪੇਪਰ ਸ਼ੁਰੂ ਕੀਤਾ। ਆਪਣੀ ਮਿਹਨਤ ਨਾਲ ਉਸ ਨੂੰ ਅਮਰੀਕਾ ਵਿਚ ਪੰਜਾਬੀ ਦਾ ਪ੍ਰਮੁਖ ਪੇਪਰ ਬਣ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਗੁਰੂਘਰ ਵਿਚ ਸਾਲ ਵਿਚ ਤਿੰਨ ਵਾਰੀ ਕਾਰ ਸੇਵਾ ਕਰਦੇ ਹਾਂ, ਇਸ ਦੌਰਾਨ ਸ. ਜੰਮੂ ਭਾਵੇਂ ਵ੍ਹੀਲ ਚੇਅਰ ‘ਤੇ ਸਨ, ਪਰ ਉਚੇਚੇ ਤੌਰ ‘ਤੇ ਕਾਰ ਸੇਵਾ ਵਾਲੇ ਦਿਨ ਗੁਰੂਘਰ ਪਹੁੰਚਦੇ ਅਤੇ ਸਾਰੀ ਸੇਵਾ ਦੇਖ ਆਪਣੀ ਅਖਬਾਰ ਵਿਚ ਵਿਸਥਾਰ ਨਾਲ ਵੇਰਵਾ ਦਿੰਦੇ ਤੇ ਕਾਰ ਸੇਵਕਾਂ ਦਾ ਹੌਸਲਾ ਵਧਾਉਂਦੇ।

*(ਬਾਕੀ ਸਫਾ 2 ਉਤੇ)*


## ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

*ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ*

ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING

*ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ*

Ph: 317-406-9924

Mela INDIAN RESTAURANT • PUB

*ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ*

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday
*Book your catering now.

5425 E. Thompson Rd., Indianapolis IN 46237



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

*ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।*

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

*(ਸਫਾ ਇਕ ਦੀ ਬਾਕੀ)*

ਸਵਰਗੀ ਜੰਮੂ ਦੀਆਂ ਸਸਕਾਰ ਦੀਆਂ ਰਸਮਾਂ ਮੌਕੇ ਸ਼ਾਮਲ ਹੋਏ ਸੱਜਣਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੇ ਕਰੀਬੀ ਦੋਸਤ ਸ. ਜੈ ਰਾਮ ਸਿੰਘ ਕਾਹਲੋਂ ਅਤਿ ਭਾਵੁਕ ਹੋ ਗਏ। ਉਨ੍ਹਾਂ ਕਿਹਾ ਕਿ ਭਾਅ ਜੀ ਦੇ ਚਲਾਣੇ ਨਾਲ ਪਿਆ ਘਾਟਾ ਕਦੀ ਪੂਰਾ ਨਹੀਂ ਹੋ ਸਕਦਾ, ਉਹ ਭਾਵੇਂ ਸਦੀਵੀ ਵਿਛੋੜਾ ਦੇ ਗਏ ਹਨ, ਪਰ ਉਨ੍ਹਾਂ ਦੀ ਯਾਦ ਹਮੇਸ਼ਾ ਸਾਡੇ ਮਨਾਂ ਵਿਚ ਕਾਇਮ ਰਹੇਗੀ।

ਉਪਰੰਤ ਗੁਰਦੁਆਰਾ ਪੈਲਾਟਾਈਨ ਵਿਖੇ ਸਵਰਗੀ ਜੰਮੂ ਨਮਿਤ ਪਾਠ ਦਾ ਭੋਗ ਪਿਆ ਅਤੇ ਕੀਰਤਨ ਤੇ ਅੰਤਿਮ ਅਰਦਾਸ ਹੋਈ। ਇਸ ਮੌਕੇ ਭਾਈ ਮਹਿੰਦਰ ਸਿੰਘ ਨੇ ਕੀਰਤਨ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਤੇ ਕਿਹਾ ਕਿ ਅਮੋਲਕ ਸਿੰਘ ਬਹੁਤ ਮਿਠ ਬੋਲੜੇ ਤੇ ਮਿਲਾਪੜੇ ਸੁਭਾਅ ਦੇ ਮਾਲਿਕ ਸਨ; ਇਹ ਹੀ ਕਾਰਨ ਹੈ, ਉਹ ਸਭ ਨੂੰ ਆਪਣਾ ਬਣਾ ਲੈਂਦੇ ਸਨ। ਉਨ੍ਹਾਂ ਦੀ ਹਿੰਮਤ, ਹੌਂਸਲੇ ਤੇ ਵਿਸ਼ਵਾਸ ਦੀ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਸਿਹਤ ਦੀਆਂ ਮਜਬੂਰੀਆਂ ਦੇ ਬਾਵਜੂਦ ਅਖਬਾਰ ਨੂੰ ਨਿਰਵਿਘਨ ਲਗਾਤਾਰ ਚਲਾਇਆ ਤੇ ਬੁਲੰਦੀ 'ਤੇ ਪਹੁੰਚਾਇਆ। ਉਨ੍ਹਾਂ ਕਿਹਾ ਕਿ ਜੇ ਇਨਸਾਨ ਦੀ ਸੋਚ ਚੰਗੀ ਹੋਵੇ ਤਾਂ ਅਸੰਭਵ ਕੰਮ ਵੀ ਸੰਭਵ ਹੋ ਜਾਂਦਾ ਹੈ। ਇਹੀ ਮਿਸਾਲੀ ਕੰਮ ਅਮੋਲਕ ਸਿੰਘ ਨੇ ਕਰ ਕੇ ਸਿੱਧ ਕਰ ਦਿੱਤਾ।

ਗੁਰੂ ਘਰ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਪਰਮਿੰਦਰ ਸਿੰਘ ਨੇ ਕਥਾ ਕੀਤੀ ਅਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਅਮੋਲਕ ਸਿੰਘ ਆਪਣੀ ਗੰਭੀਰ ਬਿਮਾਰੀ ਵਿਚ ਰਹਿ ਕੇ ਅਖਬਾਰ ਦਾ ਕੰਮ ਕਰਦੇ ਰਹੇ ਤੇ ਦ੍ਰਿੜਤਾ ਨਾਲ ਜੀਵਨ ਜਿਊਂ ਕੇ ਦੂਜਿਆਂ ਲਈ ਮਿਸਾਲ ਕਾਇਮ ਕੀਤੀ। ਭਾਈ ਰਾਜਿੰਦਰ ਸਿੰਘ ਦੇ ਜਥੇ ਨੇ ਗੁਰ-ਸ਼ਬਦ ਨਾਲ ਹਾਜਰੀ ਲਵਾਈ।

ਇਸ ਉਪਰੰਤ ਸਵਰਗੀ ਜੰਮੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਰਿਲੀਜੀਅਸ ਸੁਸਾਇਟੀ ਦੀ ਸੰਵਿਧਾਨ ਅਮਲ ਕਮੇਟੀ ਦੇ ਸਾਬਕਾ ਚੇਅਰਮੈਨ ਡਾ. ਬਲਵੰਤ ਸਿੰਘ ਹੰਸਰਾ ਨੇ ਕਿਹਾ ਕਿ ਤੁਹਾਡੇ ਵਿਚੋਂ ਬਹੁਗਿਣਤੀ ਲੋਕ ਅਖਬਾਰ ਦੇ ਸ਼ੁਰੂਆਤੀ ਦਿਨ ਤੋਂ ਅਮਲੋਕ ਸਿੰਘ ਨੂੰ ਜਾਣਦੇ ਹੋਣਗੇ। ਬੋਲਣਾ ਜਾਂ ਸਪੀਚ ਕਰਨੀ ਸ਼ਾਇਦ ਸੌਖੀ ਹੈ, ਪਰ ਲਿਖਣਾ ਬਹੁਤ ਮੁਸ਼ਕਿਲ ਹੈ ਤੇ ਫਿਰ ਅਖਬਾਰ ਵਿਚ ਲਿਖਣਾ ਹੋਰ ਵੀ ਔਖਾ ਹੈ। ਇਸ ਦਾ ਖਿਆਲ ਰੱਖਣਾ ਪੈਂਦਾ ਕਿ ਤੁਹਾਡੀ ਆਵਾਜ਼ ਦੂਜੇ ਤੱਕ ਠੀਕ ਢੰਗ ਨਾਲ ਪਹੁੰਚੇ। ਪਰ ਜਦੋਂ ਮੈਂ ਅਖਬਾਰ ਨੂੰ ਦੇਖਿਆ ਤਾਂ ਪਹਿਲੀ ਨਜ਼ਰੇ ਹੀ ਇਸ ਅਖਬਾਰ ਨੇ ਮੈਨੂੰ ਆਕ੍ਰਸ਼ਿਤ ਕਰ ਲਿਆ। ਅਖਬਾਰ ਦੇ ਮਿਆਰਾਂ ਦੀ ਤਾਰੀਫ ਕਰਦਿਆਂ ਡਾ. ਹੰਸਰਾ ਨੇ ਕਿਹਾ ਕਿ ਅਮੋਲਕ ਸਿੰਘ ਅਖਬਾਰ ਦੇ ਹਰ ਪੰਨੇ ਦਾ ਬੌਧਿਕ ਇਮਾਨਦਾਰੀ ਨਾਲ ਵਿਸ਼ਲੇਸ਼ਣ ਕਰਦੇ ਸਨ। ਅਮੋਲਕ ਸਿੰਘ ਵਾਂਗ ਸਿਰੜੀ ਤੇ ਸਮਰਪਿਤ ਹੋ ਕੇ ਪੰਜਾਬੀ ਪੱਤਰਕਾਰੀ ਦਾ ਇਕ ਮੁਕਾਮ ਹਾਸਿਲ ਕਰਨਾ ਵੱਡੀ ਘਾਲਣਾ ਬਿਨਾ ਸੰਭਵ ਨਹੀਂ। ਆਪਣੇ ਵਿਚਾਰ ਪਾਠਕਾਂ ਤੱਕ ਪਹੁਚਾਉਣ ਲਈ ਤੇ ਅਖਬਾਰ ਨੂੰ ਸ਼ਬਦਾਂ ਰਾਹੀਂ ਜ਼ੁਬਾਨ ਦੇਣੀ ਅਮੋਲਕ ਜਾਣਦਾ ਸੀ।

ਡਾ. ਹੰਸਰਾ ਨੇ ਕਿਹਾ ਕਿ ਪੰਜਾਬ ਟਾਈਮਜ਼ ਦੇ ਲੋਗੋ ਵਿਚ ਬੇਲਾਗ ਤੇ ਬੇਦਾਗ ਪਰਚਾ ਕਹਿੰਦੇ ਸਨ। ਮੈਂ ਜਦੋਂ ਪੰਜਾਬ ਟਾਈਮਜ਼ ਨੂੰ ਉਸ ਤਰਾਜੂ ਵਿਚ ਤੋਲਦਾ ਤਾਂ ਮੈਨੂੰ ਇਹ ਅਖਬਾਰ ਇਕ ਉਚ ਕੋਟੀ ਦਾ ਅਖਬਾਰ ਲੱਗਾ। ਸੱਚਮੁਚ ਇਹ ਪੇਪਰ ਉਸ ਗੱਲ 'ਤੇ ਪੂਰਾ ਪਹਿਰਾ ਦਿੰਦਾ ਸੀ ਕਿ ਇਹ ਕਿਸੇ ਵੀ ਰਾਜਨੀਤਕ ਜਾਂ ਗਰੁੱਪ ਨਾਲ ਬੱਝਾ ਨਜ਼ਰ ਨਹੀਂ ਆਉਂਦਾ ਸੀ। ਇਸ ਦਾ ਐਡੀਟੋਰੀਅਲ ਬਹੁਤ ਹੀ ਪਾਏਦਾਰ ਹੁੰਦਾ ਸੀ। ਇਸ ਪੇਪਰ ਦੀ ਦਿੱਖ ਬਹੁਤ ਹੀ ਪ੍ਰੋਫੈਸ਼ਨਲ ਨਜ਼ਰ ਆਉਂਦੀ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਪੰਜਾਬ ਟਾਈਮਜ਼ ਕਿਸੇ ਇਕ ਖਾਸ ਵਿਚਾਰਧਾਰਾ, ਸਿਆਸੀ ਦਲ, ਧਾਰਮਿਕ ਜਾਂ ਕਿਸੇ ਧੜੇ ਨਾਲ ਜੁੜਿਆ ਹੋਇਆ ਨਹੀਂ ਹੈ, ਸਗੋਂ ਸਭ ਧਿਰਾਂ ਨੂੰ ਨਿਰਪੱਖਤਾ ਨਾਲ ਬਣਦੀ ਥਾਂ ਦਿੰਦਾ ਹੈ। ਸਾਨੂੰ ਸਾਰਿਆਂ ਨੂੰ ਹਮੇਸ਼ਾ ਹੀ ਬੁੱਧਵਾਰ ਅਖਬਾਰ ਦੇ ਅਗਲੇ ਅੰਕ ਦਾ ਇੰਤਜ਼ਾਰ ਰਹਿੰਦਾ। ਉਨ੍ਹਾਂ ਆਸ ਪ੍ਰਗਟਾਈ ਕਿ ਹੁਣ ਬੀਬੀ ਜਸਪ੍ਰੀਤ ਕੌਰ (ਅਮੋਲਕ ਸਿੰਘ ਦੀ ਪਤਨੀ) ਉਸੇ ਮਿਆਰੀ ਅਖਬਾਰ ਨੂੰ ਅੱਗੇ ਵਧਾਉਣਗੇ ਤੇ ਸਾਨੂੰ ਸਾਰਿਆਂ ਨੂੰ ਰਲ ਕੇ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ।

ਗੁਰਮੁਖ ਸਿੰਘ ਭੁੱਲਰ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਸ਼ਬਦ ਨਹੀਂ, ਜੋ ਅਮੋਲਕ ਭਾਅ ਜੀ ਦੀ ਸ਼ਖਸੀਅਤ ਨੂੰ ਸਾਕਾਰ ਕਰ ਸਕਣ। ਪੱਤਰਕਾਰੀ ਇਕ ਜੋਖਮ ਤੇ ਚੈਲੰਜ ਭਰਿਆ ਕਾਰਜ ਹੈ ਅਤੇ ਉਨ੍ਹਾਂ ਇਸ ਨੂੰ ਖਿੜੇ ਮੱਥੇ ਸਵੀਕਾਰ ਕੀਤਾ। ਉਨ੍ਹਾਂ ਇਸ ਗੱਲ ਦਾ ਉਚੇਚਾ ਜ਼ਿਕਰ ਕੀਤਾ ਕਿ ਅਖਬਾਰ ਨੂੰ ਆਪਣੇ ਸ਼ੁਰੂਆਤੀ ਦਿਨਾਂ ਵਿਚ ਕਿਸ ਤਰ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਪਿਆ, ਪਰ ਕਦੀ ਕੋਈ ਸਮਝੌਤਾ ਨਹੀਂ ਕੀਤਾ। ਉਨ੍ਹਾਂ ਕੁਝ ਪੁਰਾਣੀਆਂ ਯਾਦਾਂ ਸੰਗਤ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਇਕ ਵਾਰੀ ਕਿਸੇ ਨੇ ਮੈਨੂੰ ਪੰਜਾਬ ਟਾਈਮਜ਼ ਲਈ ਸਿਫਾਰਿਸ਼ ਕੀਤੀ ਕਿ ਜੇ ਇਸ ਵਿਚ ਇੰਗਲੈਂਡ ਦੇ ਮਸ਼ਹੂਰ ਤਾਂਤਰਿਕ ਬਾਬੇ ਦਾ ਇਸ਼ਤਿਹਾਰ ਲਵਾ ਦੇਵੇ ਤਾਂ ਉਹ ਵੱਡੀ ਰਕਮ ਐਡਵਾਂਸ ਦੇਣ ਨੂੰ ਤਿਆਰ ਹਨ, ਪਰ ਅਮੋਲਕ ਭਾਅ ਜੀ ਨੇ ਇਨਕਾਰ ਕਰ ਦਿੱਤਾ ਕਿ ਅਖਬਾਰ ਉਨ੍ਹਾਂ ਦੇ ਬੇਟੇ ਵਰਗਾ ਹੈ, ਇਸ ਨੂੰ ਕਿਸੇ ਬਾਬੇ ਦਾ ਮੁਥਾਜ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਇਸ ਪੇਪਰ ਵਿਚ ਤਾਂਤਰਿਕ ਤੇ ਪੀਰ ਬਾਬਿਆਂ ਜਾਂ ਮਿਆਰੋਂ ਲੱਥੇ ਇਸ਼ਤਿਹਾਰ ਨਹੀਂ ਮਿਲਣਗੇ।

ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਸ. ਭੁੱਲਰ ਨੇ ਦੱਸਿਆ ਕਿ ਇਕ ਵੱਡੀ ਸੰਸਥਾ ਇਸ ਨੂੰ ਖਰੀਦਣ ਲਈ ਵਾਹਵਾ ਪੈਸੇ ਦੇਣ ਨੂੰ ਤਿਆਰ ਸੀ, ਪਰ ਅਮੋਲਕ ਭਾਅ ਜੀ ਨੇ ਫਿਰ ਦੁਹਰਾ ਦਿੱਤਾ ਕਿ ਪੰਜਾਬ ਟਾਈਮਜ਼ ਮੈਨੂੰ ਪੁੱਤ ਵਰਗਾ ਹੈ ਤੇ ਪੁੱਤ ਵੇਚਿਆ ਨਹੀਂ ਜਾ ਸਕਦਾ। ਇਹੀ ਕਾਰਨ ਹੈ ਕਿ ਅਮੋਲਕ ਸਿੰਘ ਨੇ ਆਪਣੀ ਲਾਇਲਾਜ ਬਿਮਾਰੀ ਕਰਕੇ ਦਰਪੇਸ਼ ਸਭ ਮੁਸ਼ਕਿਲਾਂ ਦੇ ਬਾਵਜੂਦ ਪੇਪਰ ਨੂੰ ਸਿਰੇ ਦਾ ਬਣਾਈ ਰੱਖਿਆ। ਅਖਬਾਰ ਸ਼ੁਰੂ ਕਰਨਾ ਮੁਸ਼ਕਿਲ ਤਾਂ ਹੈ ਹੀ, ਪਰ ਇਸ ਦੇ ਮਿਆਰ ਕਾਇਮ ਰੱਖਣਾ ਹੋਰ ਵੀ ਮੁਸ਼ਕਿਲ ਹੁੰਦਾ ਹੈ। ਉਨ੍ਹਾਂ ਸ. ਅਮੋਲਕ ਸਿੰਘ ਦੇ ਮੁਢਲੇ ਜੀਵਣ 'ਤੇ ਵੀ ਚਾਨਣਾ ਪਾਇਆ ਅਤੇ ਕਿਹਾ ਕਿ ਸਿਹਤ ਦੇ ਇਸ ਦੌਰ 'ਚੋਂ ਗੁਜ਼ਰ ਕੇ ਪਾਠਕਾਂ ਲਈ ਪੇਪਰ ਪੁਜਦਾ ਕਰਨਾ ਇੱਕ ਅੰਚਭੇ ਤੋਂ ਘੱਟ ਨਹੀਂ। ਉਨ੍ਹਾਂ ਜੈ ਰਾਮ ਸਿੰਘ ਕਾਹਲੋਂ ਤੇ ਡਾ. ਹਰਜਿੰਦਰ ਸਿੰਘ ਖਹਿਰਾ ਨਾਲ ਮਿਲ ਕੇ 'ਪੰਜਾਬ ਟਾਈਮਜ਼' ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਗੁਜਾਰਿਸ਼ ਕੀਤੀ ਤਾਂ ਜੋ 'ਪੰਜਾਬ ਟਾਈਮਜ਼' ਦਾ ਜਿਹੜਾ ਬੂਟਾ ਉਨ੍ਹਾਂ ਲਾਇਆ ਹੈ, ਉਹ ਹੋਰ ਵਧੇ ਫੁਲੇ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਦੇ ਮਿਸ਼ਨ, ਸੋਚ ਅਤੇ ਸੰਦੇਸ਼ ਨੂੰ ਅੱਗੇ ਲਿਜਾਈਏ। ਉਨ੍ਹਾਂ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਤੇ ਪੰਜਾਬ ਟਾਈਮਜ਼ ਦੇ ਸ਼ੁਰੂਆਤੀ ਦਿਨਾਂ ਤੋਂ ਸਮਰਥਕ ਸ. ਸਵਰਨਜੀਤ ਸਿੰਘ ਢਿੱਲੋਂ ਦਾ ਸ਼ੋਕ ਸੁਨੇਹਾ 'I love you youngman, I will miss you.' ਪੜ੍ਹ ਕੇ ਸੁਣਾਇਆ। ਸ. ਢਿੱਲੋਂ ਸਿਹਤ ਦੀਆਂ ਮਜਬੂਰੀਆਂ ਕਰਕੇ ਪਹੁੰਚ ਨਹੀਂ ਸੀ ਸਕੇ।

ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਮਰਦੇਵ ਸਿੰਘ ਬੰਦੇਸ਼ਾ ਨੇ ਕਿਹਾ ਕਿ ਜਦੋਂ ਇਹ ਪੇਪਰ ਸੰਨ 2000 ਵਿਚ ਸ਼ੁਰੂ ਹੋਇਆ ਤਾਂ ਅਮੋਲਕ ਸਿੰਘ ਜੰਮੂ ਇਕ ਦਿਨ ਮਿਲੇ ਅਤੇ ਉਨ੍ਹਾਂ ਨੇ 4 ਪੇਜ ਦਾ ਇਹ ਪੇਪਰ ਦਿਖਾਇਆ ਤੇ ਕਿਹਾ ਕਿ ਇਕ ਦਿਨ ਇਹ 40 ਪੰਨੇ ਦਾ ਪੇਪਰ ਬਣਾਉਣਾ ਹੈ। ਇਹ ਉਨ੍ਹਾਂ ਦੀ ਮਿਹਨਤ, ਲਗਨ ਤੇ ਦ੍ਰਿੜ ਇਰਾਦਾ ਸੀ ਕਿ 4 ਪੇਜ ਤੋਂ ਪ੍ਰਕਾਸ਼ਨ ਸ਼ੁਰੂ ਹੋ ਕੇ ਇਹ ਪੇਪਰ ਪੰਜਾਬੀ ਅਖਬਾਰਾਂ ਵਿਚ ਸਿਰਮੌਰ ਹੋ ਗਿਆ। ਹੌਲੀ ਹੌਲੀ ਇਸ ਦੇ ਪਾਠਕਾਂ ਦਾ ਘੇਰਾ ਹੋਰ ਵਿਸ਼ਾਲ ਹੁੰਦਾ ਗਿਆ ਅਤੇ ਅਮਰੀਕਾ ਤੋਂ ਛਪਦੇ ਪੰਜਾਬੀ ਪੇਪਰਾਂ ਵਿਚ ਆਪਣੀ ਨਿਵੇਕਲੀ ਥਾਂ ਬਣਾਈ। ਇਸ ਅਖਬਾਰ ਦੇ ਹੁਣ ਤਿੰਨ ਐਡੀਸ਼ਨ-ਮਿਡਵੈਸਟ, ਕੈਲੀਫੋਰਨੀਆ ਤੇ ਨਿਊ ਯਾਰਕ ਤੋਂ ਛਪਦੇ ਹਨ, ਜੋ ਸ. ਅਮੋਲਕ ਸਿੰਘ ਦੀ ਬਹੁਤ ਅਹਿਮ ਪ੍ਰਾਪਤੀ ਹੈ। ਉਨ੍ਹਾਂ ਹੋਰ ਕਿਹਾ ਕਿ ਅਮਰੀਕਾ ਵਿਚ ਪੇਸ਼ੇਵਰ ਪੰਜਾਬੀ ਪੱਤਰਕਾਰੀ ਦਾ ਸਹੀ ਅਰਥਾਂ ਵਿਚ ਆਗਾਜ਼ 'ਪੰਜਾਬ ਟਾਈਮਜ਼' ਨਾਲ ਹੋਇਆ ਹੈ।

*(ਅਗਲੇ ਸਫੇ 'ਤੇ ਜਾਰੀ)*




















***(ਸਵਰਗੀ ਅਮੋਲਕ ਸਿੰਘ ਜੰਮੂ ਬਾਰੇ ਵੱਖ ਵੱਖ ਲੇਖਕਾਂ ਦੇ ਵਿਸ਼ੇਸ਼ ਲੇਖ ਅਤੇ ਉਨ੍ਹਾਂ ਦੇ ਸਨੇਹੀਆਂ ਵਲੋਂ ਆਈਆਂ ਟਿੱਪਣੀਆਂ ਸਫਾ 18 ਤੋਂ 29 ਤੱਕ ਪੜ੍ਹੋ)***

## ਸ. ਜੰਮੂ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

ਉਨ੍ਹਾਂ ਅਪੀਲ ਕੀਤੀ ਕਿ ਇਸ ਦੀ ਤਰੱਕੀ ਲਈ ਸਾਰੇ ਮਿਲ ਕੇ ਹੰਭਲਾ ਮਾਰੀਏ।

ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ-ਦਰਸ਼ਨ ਸਿੰਘ ਗਰੇਵਾਲ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਉਲ, ਡਾ. ਹਰਗੁਰਮੁਖਪਾਲ ਸਿੰਘ, ਜੈ ਦੇਵ ਸਿੰਘ ਭੱਠਲ, ਗੁਲਜ਼ਾਰ ਸਿੰਘ ਮੁਲਤਾਨੀ, ਮਨਦੀਪ ਸਿੰਘ ਭੂਰਾ, ਰਾਜਿੰਦਰ ਸਿੰਘ ਬੈਂਸ, ਜਗਦੀਸ਼ਰ ਸਿੰਘ ਕਲੇਰ, ਦਰਸ਼ਨ ਸਿੰਘ ਦਰੜ ਤੇ ਬਲਵਿੰਦਰ ਕੌਰ (ਨਿੱਕੀ) ਸੇਖੋਂ, ਸਵਰਗੀ ਜੰਮੂ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਏ। ਦੂਰ-ਦੁਰਾਡੇ ਦੀਆਂ ਸਟੇਟਾਂ ਵਿਚ ਰਹਿੰਦੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਨੇ ਫੋਨ ਤੇ ਈਮੇਲ ਰਾਹੀਂ ਸ. ਜੰਮੂ ਦੇ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਅਖਬਾਰ ਨੂੰ ਨਿਰੰਤਰ ਜਾਰੀ ਰੱਖਣ ਲਈ ਸਹਿਯੋਗ ਦਾ ਭਰੋਸਾ ਦਿੱਤਾ।

ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਲਈ ਦੂਰੋਂ-ਨੇੜਿਓਂ ਆਉਣ ਵਾਲੇ ਸਨੇਹੀਆਂ ਵਿਚ ਵਰਜੀਨੀਆ ਤੋਂ ਸ. ਜੰਮੂ ਦੇ ਜਿਗਰੀ ਦੋਸਤ ਅਤੇ ਰਿਸ਼ਤੇਦਾਰ ਗੁਰਮੇਲ ਸਿੰਘ ਕੰਗ ਅਤੇ ਉਨ੍ਹਾਂ ਦੀ ਪਤਨੀ ਬਲਵਿੰਦਰ ਕੌਰ ਤੋਂ ਇਲਾਵਾ ਸਿਨਸਿਨੈਟੀ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੀ ਤਰਫੋਂ ਸੁਰਜੀਤ ਸਿੰਘ ਮਾਵੀ ਆਪਣੇ ਸਾਥੀਆਂ ਨਾਲ ਇਸ ਦੁੱਖ ਦੀ ਘੜੀ ਵਿਚ ਪਹੁੰਚੇ। ਦੁੱਖ ਦੀ ਇਸ ਘੜੀ ਵਿਚ ਗੁਰਚਰਨ ਸਿੰਘ ਭੰਜ, ਅਮਰੀਕ ਸਿੰਘ ਅਮਰ ਕਾਰਪੈਟਸ, ਕੁਲਦੀਪ ਸਿੰਘ ਸਿਬਲ, ਜਗਦੀਸ਼ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਬਲਵਿੰਦਰ ਸਿੰਘ ਗਿੱਲ, ਇਕਬਾਲ ਸਿੰਘ ਚੋਪੜਾ, ਸੁਰਿੰਦਰਪਾਲ ਸਿੰਘ ਕਾਲੜਾ, ਜਸਵਿੰਦਰ ਸਿੰਘ (ਜੱਸੀ) ਸੰਧੂ, ਹਰਜੀਤ ਸਿੰਘ ਗਿੱਲ, ਅੰਮ੍ਰਿਤਪਾਲ ਸਿੰਘ ਸੰਘਾ, ਸੁਰਿੰਦਰ ਕੌਰ ਸੰਘਾ, ਅਜੈਬ ਸਿੰਘ ਲਾਖਣ, ਭੁਪਿੰਦਰ ਸਿੰਘ ਢਿੱਲੋਂ, ਤਰਲੋਚਨ ਸਿੰਘ ਢਿੱਲੋਂ, ਸਤਇੰਦਰ ਪਾਲ ਸਿੰਘ, ਪਾਲ ਧਾਲੀਵਾਲ, ਗੁਰਬਚਨ ਸਿੰਘ, ਦਰਸ਼ਨ ਸਿੰਘ ਪੰਮਾ, ਗੁਰਮੀਤ ਸਿੰਘ ਬੈਂਸ, ਹੈਪੀ ਹੀਰ, ਰਘਵਿੰਦਰ ਸਿੰਘ ਮਾਹਲ, ਸੰਤੋਖ ਸਿੰਘ ਭਟਨੌਰਾ, ਗੁਰਮੀਤ ਸਿੰਘ ਭੋਲਾ, ਇਕਬਾਲ ਸਿੰਘ ਢਿੱਲੋਂ, ਕਰਮਬੀਰ ਸਿੰਘ, ਜਸਬੀਰ ਕੌਰ ਢਿੱਲੋਂ, ਕਿਰਪਾਲ ਕੌਰ, ਭਾਈ ਨਾਜਰ ਸਿੰਘ ਮਿਲਵਾਕੀ, ਹਰਿੰਦਰ ਸਿੰਘ ਆਹੂਜਾ, ਮੱਤ ਸਿੰਘ ਢਿੱਲੋਂ, ਮਿੱਕੀ ਕਾਹਲੋਂ, ਹਰਜਿੰਦਰ ਸਿੰਘ ਸੰਧੂ, ਹਰਕੀਰਤ ਸਿੰਘ ਸੰਧੂ, 'ਢੋਲ ਰੇਡੀਓ' ਤੋਂ ਸੁਖਪਾਲ ਗਿੱਲ, ਕਮਲਜੀਤ ਸਿੰਘ ਵਿਰਦੀ, ਬਲਕਾਰ ਸਿੰਘ ਢਿੱਲੋਂ, ਸੋਨੂੰ ਖਹਿਰਾ, ਜਸਕਰਨ ਧਾਲੀਵਾਲ, ਜਗਵਿੰਦਰ ਸਿੰਘ ਭੱਠਲ, ਸਰਵਣ ਸਿੰਘ ਸੇਖੋਂ, ਸਿੱਖ ਟੀ. ਵੀ. ਦੇ ਇੰਦਰਮੋਹਨ ਸਿੰਘ ਛਾਬੜਾ, ਸਵਰਨਜੀਤ ਸਿੰਘ, ਸਰਵਣ ਸਿੰਘ ਰਾਜੂ, ਵਰਿੰਦਰ ਸਿੰਘ ਧਾਲੀਵਾਲ, ਗੁਰਮੀਤ ਸਿੰਘ ਗਿੱਲ, ਡਾ. ਅਮਰਜੀਤ ਸਿੰਘ, ਨਾਨਕੀ ਸਿੰਘ, ਜਸਵੀਰ ਕੌਰ ਸਿੰਘ, ਅਮਰਜੀਤ ਕੌਰ ਅਟਵਾਲ, ਸੁਖਮੇਲ ਸਿੰਘ ਅਟਵਾਲ, ਜਸਬੀਰ ਕੌਰ ਸਲੂਜਾ, ਕੁਲਦੀਪ ਸਿੰਘ ਮੱਕੜ, ਸੰਨੀ ਕੁਲਾਰ, ਰੌਨੀ ਕੁਲਾਰ, ਕੁਲਦੀਪ ਸਰਾਂ, ਮਨਮੋਹਨ ਸਿੰਘ ਮਿਨਹਾਸ, ਮਹਿੰਦਰ ਕੌਰ ਮਿਨਹਾਸ, ਧਰਮ ਸਿੰਘ, ਸਲਵਿੰਦਰ ਕੌਰ ਸੰਧੂ, ਲਖਵੀਰ ਸਿੰਘ (ਲੱਕੀ) ਸਹੋਤਾ, ਕਿਰਪਾਲ ਸਿੰਘ ਰੰਧਾਵਾ, ਕੇ. ਕੇ. ਪੰਮਾ, ਜਗਮੀਤ ਸਿੰਘ ਅਤੇ ਵਿਸਕਾਨਸਿਨ ਤੋਂ ਪਰਮਿੰਦਰ ਸਿੰਘ ਗੋਲਡੀ, ਕੁਲਵਿੰਦਰ ਸਿੰਘ ਧਾਲੀਵਾਲ, ਪੂਜਾ ਧਾਲੀਵਾਲ ਸਮੇਤ ਅਨੇਕਾਂ ਸੱਜਣਾਂ ਨੇ ਸ਼ਾਮਲ ਹੋ ਕੇ ਸਵਰਗੀ ਜੰਮੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਤੋਂ ਇਲਾਵਾ ਬਹੁਤ ਸਾਰੇ ਲੇਖਕਾਂ, ਹਮਦਰਦਾਂ, ਪ੍ਰਸ਼ੰਸਕਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ, ਸਹਿਯੋਗੀਆਂ ਤੇ ਦੂਰੋਂ-ਨੇੜਿਓਂ ਜੁੜੇ ਸਨੇਹੀਆਂ ਨੇ ਫੋਨਾਂ, ਈਮੇਲਾਂ ਤੇ ਸ਼ੋਕ ਸੁਨੇਹਿਆਂ ਰਾਹੀਂ ਸਵਰਗੀ ਜੰਮੂ ਦੇ ਅਕਾਲ ਚਲਾਣੇ ਉਤੇ ਅਫਸੋਸ ਜਾਹਰ ਕਰਦਿਆਂ ਉਨ੍ਹਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ।

ਸਟੇਜਾਂ ਦੀ ਰਾਣੀ ਜਾਂ ਸਟੇਜਾਂ ਦੀ ਮਲਿਕਾ (ਇਹ ਸੰਬੋਧਨੀ ਸ਼ਬਦ ਲਿਖਣਾ ਸ਼ੁਰੂ ਵੀ ਸ਼ਾਇਦ ਸ. ਅਮੋਲਕ ਸਿੰਘ ਜੰਮੂ ਨੇ ਕੀਤਾ ਸੀ) ਬੀਬੀ ਆਸ਼ਾ ਸ਼ਰਮਾ ਨੇ ਫੋਨ ਰਾਹੀਂ ਆਪਣੇ ਮਨ ਦੇ ਵਲਵਲੇ ਸਾਂਝੇ ਕਰਦਿਆਂ ਕਿਹਾ ਕਿ ਮੈਂ ਅਜਿਹੀਆਂ ਸ਼ਖਸੀਅਤਾਂ ਦੀ ਬਹੁਤ ਕਦਰਦਾਨ ਹਾਂ, ਜੋ ਜ਼ਿੰਦਗੀ ਨੂੰ ਚੈਲੰਜ ਵਜੋਂ ਲੈਂਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੈਨੂੰ ਜੰਮੂ ਭਾਅ ਜੀ ਦੇ ਸਦਾ ਲਈ ਤੁਰ ਜਾਣ ਦਾ ਪਤਾ ਲੱਗਾ ਤਾਂ ਮੇਰੀ ਸੱਚੀਂ ਮੁੱਚੀਂ ਧਾਹ ਨਿਕਲ ਗਈ ਤੇ ਇਸ ਨੂੰ ਯਕੀਨੀ ਉਨ੍ਹਾਂ ਦੀ ਗੱਲਬਾਤ ਬਣਾ ਰਹੀ ਸੀ। ਉਨ੍ਹਾਂ ਹੋਰ ਕਿਹਾ ਕਿ ਮੇਰੀ ਦਿਲੀ ਇੱਛਾ ਸੀ ਕਿ ਮੈਂ ਭਾਜੀ ਨੂੰ ਇਕ ਵਾਰੀ ਜ਼ਰੂਰ ਮਿਲਾਂ, ਜੋ ਕੁਝ ਸਾਲ ਪਹਿਲਾਂ ਸ਼ਿਕਾਗੋ ਫੇਰੀ ਦੌਰਾਨ ਉਨ੍ਹਾਂ ਨੂੰ ਘਰ ਜਾ ਕੇ ਮਿਲਣ ਨਾਲ ਪੂਰੀ ਹੋਈ। ਉਨ੍ਹਾਂ ਕਿਹਾ, "ਅਲਵਿਦਾ ਭਾਅ ਜੀ, ਤੁਸੀਂ ਸਵਰਗਾਂ ਵਿਚ ਆਪਣੀ ਥਾਂ ਯਕੀਨੀ ਬਣਾ ਕੇ ਗਏ ਹੋ।"

ਮਿਸ਼ੀਗਨ ਸੈਣੀ ਸਭਾ ਦੇ ਮੁਖੀ ਸੰਨੀ ਧੁਤ ਨੇ ਵੀ ਸ. ਅਮੋਲਕ ਸਿੰਘ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਦੁੱਖ ਜਾਹਰ ਕੀਤਾ। ਕੈਲੀਫੋਰਨੀਆ ਤੋਂ ਅਮੋਲਕ ਸਿੰਘ ਗਾਖਲ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਾਨ, ਮੱਖਣ ਬੈਂਸ, ਲਾਜ ਨੀਲਮ ਸੈਣੀ, ਸੁਖਦੇਵ ਸਿੰਘ ਬੈਣੀਵਾਲ ਸਮੇਤ ਪੰਜਾਬ ਟਾਈਮਜ਼ ਨਾਲ ਜੁੜੇ ਅਨੇਕਾਂ ਲੋਕਾਂ ਨੇ ਅਫਸੋਸ ਦਾ ਪ੍ਰਗਟਾਵਾ ਕੀਤਾ।

ਅਖਬਾਰ ਨਾਲ ਜੁੜੀਆਂ ਸੰਸਥਾਵਾਂ-ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸੀਨੀਅਰ ਸਿਟੀਜ਼ਨ ਸਿੱਖ ਐਸੋਸੀਏਸ਼ਨ (ਆਸਾ) ਸ਼ਿਕਾਗੋ; 'ਸਵੇਰਾ' (ਸਿੱਖ ਵੂਮਨ ਇਰਾ) ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਪੰਜਾਬੀ ਹੈਰੀਟੇਜ ਸੁਸਾਇਟੀ, ਕੈਲਮਜ਼ੂ (ਮਿਸ਼ੀਗਨ), ਪੰਜਾਬੀ ਕਲਚਰਲ ਸੁਸਾਇਟੀ, ਮਿਸ਼ੀਗਨ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਨੇ ਵੀ ਸ. ਅਮੋਲਕ ਸਿੰਘ ਦੇ ਅਕਾਲ ਚਲਾਣੇ ਨੂੰ ਵੱਡਾ ਘਾਟਾ ਕਰਾਰ ਦਿੰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਇਸ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀਆਂ-ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ); ਗੁਰਦੁਆਰਾ ਇਲੀਨਾਇ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ; ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ; ਸਿੱਖ ਰਿਲੀਜੀਅਸ ਸੁਸਾਇਟੀ ਆਫ ਨਾਰਥ-ਵੈਸਟ ਇੰਡੀਆਨਾ (ਗੁਰਦੁਆਰਾ ਕਰਾਊਨ ਪੁਆਇੰਟ); ਸਿੱਖ ਰਿਲੀਜੀਅਸ ਸੁਸਾਇਟੀ, ਬਰੁੱਕਫੀਲਡ; ਸਿੱਖ ਟੈਂਪਲ ਆਫ ਵਿਸਕਾਨਸਿਨ (ਓਕ ਕਰੀਕ) ਤੋਂ ਇਲਾਵਾ ਮਿਡਵੈਸਟ ਸਮੇਤ ਹੋਰਨਾਂ ਸਟੇਟਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਵੀ ਸ. ਜੰਮੂ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਇੰਡੋ-ਯੂ. ਐਸ. ਹੈਰੀਟੇਜ ਅਸੋਸੀਏਸ਼ਨ ਵਲੋਂ ਅਮੋਲਕ ਸਿੰਘ ਜੰਮੂ ਨੂੰ ਸ਼ਰਧਾਂਜਲੀ

**ਫਰਿਜ਼ਨੋ (ਬਿਊਰੋ):** ਇੰਡੋ-ਯੂ. ਐਸ. ਹੈਰੀਟੇਜ ਅਸੋਸੀਏਸ਼ਨ ਦੇ ਚੇਅਰਮੈਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਵਲੋਂ ਬੁਲਾਈ ਗਈ ਗੈਰ-ਰਸਮੀ ਮੀਟਿੰਗ ਵਿਚ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੀਆਂ ਪੰਜਾਬੀ ਪੱਤਰਕਾਰੀ ਵਿਚ ਪਾਈਆਂ ਨਿਗਰ ਲੀਹਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਭਾਵਪੂਰਤ ਮੀਟਿੰਗ ਵਿਚ ਹੋਰਾਂ ਤੋਂ ਇਲਾਵਾ ਪ੍ਰਧਾਨ ਗੁਰਨੇਕ ਸਿੰਘ ਰਾਏ, ਗੁਰਦੀਪ ਸਿੰਘ, ਨਿਝਰ, ਸਕੱਤਰ ਡਾ. ਨਿੰਦੀ ਸੰਧੂ, ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ, ਕਹਾਣੀਕਾਰ ਤ੍ਰਿਲੋਕ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਅਜਮੇਰ ਨਾਹਲ, ਸੁਖਜੀਤ ਭੁੱਲਰ, ਰਾਣਾ ਚਾਹਲ, ਚਰਨਜੀਤ ਭੰਗੂ, ਬਿਕਰਮਜੀਤ ਸਿੰਘ ਕਾਹਲੋਂ, ਇਕਬਾਲ ਸਿੰਘ ਘੁੰਮਣ, ਤ੍ਰਿਲੋਕ ਸਿੰਘ ਰੰਧਾਵਾ, ਕਰਨ ਬਲਜੀਤ ਕਾਹਲੋਂ ਤੇ ਮਨਧੀਰ ਸਿੰਘ ਤੁੰਗ ਨੇ ਹਿੱਸਾ ਲਿਆ।

ਆਪਣੀਆਂ ਯਾਦਾਂ ਨੂੰ ਸਾਂਝਿਆਂ ਕਰਦਿਆਂ ਸੰਤੋਖ ਮਿਨਹਾਸ ਨੇ ਕਿਹਾ ਕਿ ਉਸ ਨੇ ਜੰਮੂ ਦੀ ਪ੍ਰੇਰਨਾ ਤੇ ਉਤਸ਼ਾਹ ਸਦਕਾ ਵਾਰਤਕ ਵਿਚ ਬਾਕਾਇਦਾ ਤੌਰ 'ਤੇ ਲਿਖਣਾ ਸ਼ੁਰੂ ਕੀਤਾ। ਹਾਲ ਹੀ ਵਿਚ ਛਪੀ 'ਉਕਾਬ ਵਾਲਾ ਪਾਸਪੋਰਟ' ਨਾਮੀ ਕਿਤਾਬ ਦਾ ਹਵਾਲਾ ਦਿੰਦਿਆਂ ਉਸ ਨੇ ਕਿਹਾ ਕਿ ਇਸ ਕਿਤਾਬ ਦੇ ਬਹੁਤੇ ਲੇਖ 'ਪੰਜਾਬ ਟਾਈਮਜ਼' ਵਿਚ ਸਮੇਂ ਸਮੇਂ ਛਪਦੇ ਰਹੇ ਹਨ, ਜਿਨ੍ਹਾਂ ਬਾਰੇ ਅਮੋਲਕ ਜੰਮੂ ਫੋਨ ਰਾਹੀਂ ਆਪਣੇ ਸੁਝਾਅ ਤੇ ਟਿਪਣੀਆਂ ਭੇਜਦੇ ਰਹਿੰਦੇ ਸਨ।

ਗੁਰਦੀਪ ਸਿੰਘ ਨਿੱਝਰ ਦਾ ਕਹਿਣਾ ਸੀ ਕਿ ਅਮੋਲਕ ਸਿੰਘ ਜੰਮੂ ਦੀ ਅਗਵਾਈ ਵਿਚ 'ਪੰਜਾਬ ਟਾਈਮਜ਼' ਨੇ ਨਿਰਪੱਖ ਪੱਤਰਕਾਰੀ 'ਤੇ ਪਹਿਰਾ ਦਿੱਤਾ ਅਤੇ ਚਲੰਤ ਮਸਲਿਆਂ ਤੇ ਹਰ ਧਿਰ ਦੇ ਵਿਚਾਰਾਂ ਨੂੰ ਨੁਮਾਇਆਂ ਤੌਰ 'ਤੇ ਆਪਣੇ ਅਖਬਾਰ ਵਿਚ ਥਾਂ ਦਿੱਤੀ।

ਪ੍ਰਸਿੱਧ ਬਰਤਾਨਵੀ ਸਾਇੰਸਦਾਨ ਸਟੀਫਨ ਹਾਕਿੰਗ ਦਾ ਹਵਾਲਾ ਦਿੰਦਿਆਂ ਤ੍ਰਿਲੋਕ ਮਿਨਹਾਸ ਦਾ ਕਹਿਣਾ ਸੀ ਕਿ ਉਹ ਸਦਾ ਚੜ੍ਹਦੀ ਕਲਾਂ ਵਿਚ ਰਹੇ, ਆਪਣੀ ਜਿਸਮਾਨੀ ਸੀਮਤਾਈ ਨੂੰ ਮੁਸੀਬਤ ਦੀ ਥਾਂ ਉਨ੍ਹਾਂ ਨੇ ਇਕ ਚੁਣੌਤੀ ਵਜੋਂ ਲਿਆ ਅਤੇ ਅੰਤ ਤੱਕ ਆਪਣੇ ਪੱਤਰਕਾਰੀ ਦੇ ਕਿੱਤੇ ਨਾਲ ਸਜੀਵ ਰਿਸ਼ਤਾ ਬਣਾਈ ਰੱਖਿਆ।

ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੇ ਪਰਿਵਾਰ ਨਾਲ ਹਮਦਰਦੀ ਸਾਂਝੀ ਕਰਦਿਆਂ 'ਪੰਜਾਬ ਟਾਈਮਜ਼' ਦੇ ਪ੍ਰਬੰਧਕੀ ਬੋਰਡ ਨੂੰ ਅਮੋਲਕ ਸਿੰਘ ਦੀ ਨਿਗਰ ਤੇ ਨਿਰਪੱਖ ਪੱਤਰਕਾਰੀ ਦੀ ਵਿਰਾਸਤ 'ਤੇ ਪਹਿਰਾ ਦਿੰਦੇ ਰਹਿਣ ਦੀ ਅਪੀਲ ਕੀਤੀ।

## ਯੂਨਾਈਟਿਡ ਸਪੋਰਟਸ ਕਲੱਬ ਅਤੇ ਗਾਖਲ ਪਰਿਵਾਰ ਨੇ ਦੁੱਖ ਪ੍ਰਗਟਾਇਆ

**ਫਰੀਮਾਂਟ (ਬਿਊਰੋ):** 'ਪੰਜਾਬ ਟਾਈਮਜ਼' ਨਾਲ ਮੁੱਢ ਤੋਂ ਜੁੜੇ ਵੱਡੇ ਸੁਪੋਰਟਰ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਇਕ ਸ਼ੋਕ ਸੁਨੇਹੇ ਵਿਚ ਸ. ਅਮੋਲਕ ਸਿੰਘ ਜੰਮੂ ਦੇ ਅਕਾਲ ਚਲਾਣੇ ਉਤੇ ਸਮੁੱਚੇ ਗਾਖਲ ਪਰਿਵਾਰ ਤੇ ਕਲੱਬ ਦੀ ਤਰਫੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੰਮੂ ਭਾਅ ਜੀ ਮੇਰੇ ਵੱਡੇ ਭਰਾ ਸਨ ਅਤੇ ਉਨ੍ਹਾਂ ਦੇ ਵਿਛੋੜੇ ਨਾਲ ਮੈਨੂੰ ਨਿਜੀ ਤੌਰ 'ਤੇ ਵੱਡਾ ਘਾਟਾ ਪਿਆ ਮਹਿਸੂਸ ਹੋ ਰਿਹਾ ਹੈ।



ਅਮੋਲਕ ਸਿੰਘ ਗਾਖਲ

ਬੀਮਾਰੀ ਦੀਆਂ ਸਮੱਸਿਆਵਾਂ ਦੇ ਬਾਵਜੂਦ ਉਹ ਚੜ੍ਹਦੀਕਲਾ ਵਿਚ ਰਹੇ ਅਤੇ ਸਾਰਿਆਂ ਦੇ ਦਿਲਾਂ ਵਿਚ ਆਪਣੀ ਥਾਂ ਬਣਾ ਕੇ ਗਏ ਹਨ। ਉਨ੍ਹਾਂ ਪੰਜਾਬ ਟਾਈਮਜ਼ ਸ਼ੁਰੂ ਹੋਣ ਵੇਲੇ ਤੋਂ ਲੈ ਕੇ ਅਖੀਰ ਤੱਕ ਸ. ਜੰਮੂ ਨਾਲ ਜੁੜੀਆਂ ਕਈ ਯਾਦਾਂ ਤਾਜ਼ਾ ਕੀਤੀਆਂ ਅਤੇ ਜਜ਼ਬਾਤੀ ਹੁੰਦਿਆਂ ਕਿਹਾ, "ਜੰਮੂ ਭਾਅ ਤਾਂ ਸਾਡਾ ਯੋਧਾ ਸੀ, ਯੋਧਾ!"

ਦੁੱਖ ਦੀ ਇਸ ਘੜੀ 'ਚ ਉਨ੍ਹਾਂ ਪਰਿਵਾਰ ਅਤੇ ਅਦਾਰਾ ਪੰਜਾਬ ਟਾਈਮਜ਼ ਨਾਲ ਦੁੱਖ ਵੰਡਾਉਂਦਿਆਂ ਭਰੋਸਾ ਦਿੱਤਾ ਕਿ ਉਹ ਆਪਣੇ ਸਿਰਨਾਂਵੀਏ ਅਮੋਲਕ ਸਿੰਘ ਦੀ ਕਾਇਮ ਕੀਤੀ ਸੰਸਥਾ 'ਪੰਜਾਬ ਟਾਈਮਜ਼' ਨਾਲ ਹਰ ਔਖੇ-ਸੌਖੇ ਵੇਲੇ ਨਾਲ ਖੜ੍ਹੇ ਰਹਿਣੇ। ਉਨ੍ਹਾਂ ਕਿਹਾ ਕਿ ਗਾਖਲ ਪਰਿਵਾਰ ਅਤੇ ਕਲੱਬ ਦੀ ਅਰਦਾਸ ਹੈ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਸ. ਗਾਖਲ ਨੇ ਪੰਜਾਬੀ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਦੇਸ-ਵਿਦੇਸ਼ ਵਿਚ ਪੰਜਾਬੀ ਪੱਤਰਕਾਰੀ ਪ੍ਰਤੀ ਸੰਜੀਦਾ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਅਤੇ 'ਪੰਜਾਬ ਟਾਈਮਜ਼' ਜ਼ਰੀਏ ਅਮਰੀਕਾ-ਕੈਨੇਡਾ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਝੰਡਾ ਲਹਿਰਾਉਣ ਵਾਲੇ ਸਵਰਗੀ ਅਮੋਲਕ ਸਿੰਘ ਜੰਮੂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਸਾਰੇ ਉਨ੍ਹਾਂ ਦੇ ਅਦਾਰੇ ਨੂੰ ਵੱਧ ਤੋਂ ਵੱਧ ਸਹਿਯੋਗ ਦੇਈਏ।

## ਸ਼ੇਰੇ ਪੰਜਾਬ ਸਪੋਰਟਸ ਤੇ ਕਲਚਰਲ ਕਲੱਬ ਵਲੋਂ ਸ਼ਰਧਾਂਜਲੀ

**ਸ਼ਿਕਾਗੋ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਤੇ ਕਲਚਰਲ ਕਲੱਬ ਮਿਡਵੈਸਟ ਸ਼ਿਕਾਗੋ ਨੇ ਅਮੋਲਕ ਸਿੰਘ ਜੰਮੂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ੋਕ ਸਭਾ ਕੀਤੀ, ਜਿਸ ਵਿਚ ਕਲੱਬ ਦੇ ਲਗਪਗ ਸਾਰੇ ਮੈਂਬਰ ਸ਼ਾਮਲ ਸਨ। ਸ. ਅਮੋਲਕ ਸਿੰਘ ਦੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਆਪਣਾ ਸੰਦੇਸ਼ ਪੜ੍ਹਦਿਆਂ ਕਲੱਬ ਮੈਂਬਰਾਂ ਨੇ ਕਿਹਾ ਕਿ ਜੰਮੂ ਵਿਲੱਖਣ ਸ਼ਖਸੀਅਤ ਦੇ ਮਾਲਕ ਸਨ, ਭਾਵੇਂ ਕਿੰਨੀਆਂ ਵੀ ਔਕੜਾਂ ਆਈਆਂ, ਉਨ੍ਹਾਂ ਆਪਣੇ ਅਖਬਾਰ ਨੂੰ ਨੰਬਰ ਵੰਨ ਬਣਾਉਣ ਦੇ ਮੰਤਵ ਦੇ ਇਰਾਦੇ ਨੂੰ ਟੁੱਟਣ ਨਹੀਂ ਦਿੱਤਾ। ਉਹ ਖੇਡਾਂ ਤੇ ਸਭਿਆਚਾਰ ਦੇ ਵੱਡੇ ਮੁਦਈ ਸਨ ਤੇ ਖੇਡ ਮੇਲੇ ਤੇ ਪ੍ਰਬੰਧਕਾਂ ਦੀ ਹਮੇਸ਼ਾ ਹੌਸਲਾ ਹਫਜ਼ਾਈ ਕਰਦੇ ਸਨ। ਆਪਣੀ ਅਖਬਾਰ ਵਿਚ ਕਲਾਤਮਿਕ ਭਾਸ਼ਾ ਵਿਚ ਲੇਖ ਲਿਖ ਕੇ ਹੋਰ ਵਧੀਆ ਟੂਰਨਾਮੈਂਟ ਲਈ ਉਤਸ਼ਾਹਿਤ ਕਰਦੇ ਸਨ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਅਫਸੋਸ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਅਮਰੀਕਾ ਵਿਚ ਪਹਿਲਾ ਪੰਜਾਬੀ ਅਖਬਾਰ ਕੱਢਣ ਵਾਲੇ ਸ. ਅਮੋਲਕ ਸਿੰਘ ਜੰਮੂ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਜਿਥੇ ਪਰਿਵਾਰ ਨੂੰ ਕਦੇ ਨਾ ਪੂਰਾ ਹੋਣਾ ਵਾਲਾ ਘਾਟਾ ਪਿਆ ਹੈ, ਉਥੇ ਹੀ ਉਨ੍ਹਾਂ ਨੂੰ ਚਾਹੁਣ ਵਾਲਿਆਂ ਅਤੇ ਪੰਜਾਬੀ ਮੀਡੀਏ ਨਾਲ ਜੁੜੇ ਹੋਏ ਸੱਜਣਾਂ ਨੂੰ ਵੀ ਬਹੁਤ ਘਾਟਾ ਪਿਆ ਹੈ। ਉਹ ਹਮੇਸ਼ਾ ਬੇਬਾਕ ਤੇ ਨਿਧੱੜਕ ਲਿਖਤਾਂ ਲਿਖਦੇ ਸਨ। ਭਾਵੇਂ ਉਹ ਸਿਹਤ ਪੱਖੋਂ ਕਾਫੀ ਲੰਬੇ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ, ਪਰ ਉਨ੍ਹਾਂ ਆਪਣੇ ਕੰਮ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੁੱਖ ਦੀ ਇਸ ਘੜੀ ਵਿਚ ਪਰਿਵਾਰ ਨਾਲ ਹਮਦਰਦੀ ਤੇ ਅਫਸੋਸ ਜਾਹਰ ਕਰਦਾ ਹੈ ਤੇ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਸ਼ਕਤੀ ਬਖਸ਼ਣ।

## ਅਮੋਲਕ ਸਿੰਘ ਹੌਸਲੇ ਤੇ ਧੀਰਜ ਵਾਲੇ ਇਨਸਾਨ ਸਨ

ਮੈਂ 'ਪੰਜਾਬ ਟਾਈਮਜ਼' ਨੂੰ ਇਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਆਪਣੀਆਂ ਅੱਖਾਂ ਨਾਲ ਵਧਦਾ-ਫੁਲਦਾ ਵੇਖਿਆ ਹੈ। ਅਮੋਲਕ ਸਿੰਘ ਦੇ ਹੌਸਲੇ ਤੇ ਧੀਰਜ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਚੰਗੀ ਸਿਹਤ ਨਾ ਹੋਣ ਦੀ ਸੂਰਤ ਵਿਚ ਵੀ ਬੜੀ ਹਿੰਮਤ, ਸ਼ਕਤੀ ਤੇ ਪੱਕੇ ਇਰਾਦੇ ਨਾਲ ਅਖਬਾਰ ਦੀ ਤਰੱਕੀ ਲਈ ਕੰਮ ਕਰਦੇ ਰਹੇ। ਉਨ੍ਹਾਂ ਖਰਾਬ ਸਿਹਤ ਦੀ ਸਥਿਤੀ ਦੇ ਹੁੰਦੇ ਹੋਏ ਵੀ ਲਗਾਤਾਰ ਨਿਰਵਿਘਨ 21 ਸਾਲ ਤਕ ਪੇਪਰ ਦਾ ਪ੍ਰਕਾਸ਼ਨ ਕੀਤਾ। ਚਾਹੇ ਉਨ੍ਹਾਂ ਦੀ ਬਿਮਾਰੀ ਵਧਦੀ ਗਈ, ਪਰ ਉਨ੍ਹਾਂ ਦੇ ਮਨ ਦੀ ਦ੍ਰਿੜਤਾ ਬਲਵਾਨ ਹੁੰਦੀ ਗਈ ਤੇ ਪੇਪਰ ਵਿਚ ਹੋਰ ਨਿਖਾਰ ਆਉਂਦਾ ਗਿਆ। 'ਪੰਜਾਬ ਟਾਈਮਜ਼' ਪਾਠਕਾਂ ਦੀ ਰੁਚੀ ਮੁਤਾਬਕ ਤੇ ਪੱਤਰਕਾਰੀ ਪੱਖੋਂ ਇਕ ਮਿਆਰੀ ਅਖਬਾਰ ਹੈ। ਅਮੋਲਕ ਸਿੰਘ ਜੰਮੂ ਦੇ ਤੁਰ ਜਾਣ ਦਾ ਦੁੱਖ ਹੈ, ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



ਗੁਰਚਰਨ ਸਿੰਘ ਭੰਜ, ਸ਼ਿਕਾਗੋ

## ਵਿਪਸਾ ਵਲੋਂ ਅਮੋਲਕ ਸਿੰਘ ਜੰਮੂ ਨੂੰ ਭਾਵ-ਭਿੰਨੀ ਸ਼ਰਧਾਂਜਲੀ

**ਫਰੀਮਾਂਟ:** ਪੰਜਾਬੀ ਦੇ ਮਿਆਰੀ ਅਖਬਾਰ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਬੇਬਾਕ, ਨਿਧੜਕ ਅਤੇ ਜ਼ਿੰਦਾ-ਦਿਲੀ ਦੀ ਮਿਸਾਲ ਅਮੋਲਕ ਜੰਮੂ ਦੇ ਸਦੀਵੀ ਵਿਛੋੜੇ ਨਾਲ ਪਰਿਵਾਰ, ਪੰਜਾਬੀ ਪੱਤਰਕਾਰੀ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਬਾਰੇ ਵਿਪਸਾ ਦੇ ਪ੍ਰਧਾਨ ਡਾ. ਸੁਖਵਿੰਦਰ ਕੰਬੋਜ ਨੇ ਭਰੇ ਮਨ ਨਾਲ ਕਿਹਾ, "ਅਮੋਲਕ ਬੜਾ ਰੂਹਦਾਰ ਇਨਸਾਨ ਸੀ। ਇਹੋ ਜਿਹੇ ਇਨਸਾਨਾਂ ਦੇ ਤੁਰ ਜਾਣ 'ਤੇ ਅਸਮਾਨ ਹਉਕੇ ਭਰਦਾ ਹੈ ਅਤੇ ਹਵਾ ਰੋਂਦੀ ਹੈ। ਵਿਪਸਾ ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਦੀ ਧਰਮ ਪਤਨੀ ਜਸਪ੍ਰੀਤ ਕੌਰ ਅਤੇ ਪਰਿਵਾਰ ਦੇ ਨਾਲ ਖੜ੍ਹੀ ਹੈ। ਉਹ ਆਪਣੇ ਪਿੱਛੇ ਅਮਿੱਟ ਪੈੜ ਛੱਡ ਕੇ ਗਏ ਹਨ ਅਤੇ ਸਾਨੂੰ ਆਸ ਹੈ ਕਿ ਭੈਣ ਜੀ ਜਸਪ੍ਰੀਤ ਉਨ੍ਹਾਂ ਦੀ ਪੈੜ 'ਤੇ ਚੱਲ ਕੇ ਪੰਜਾਬ ਟਾਈਮਜ਼ ਨੂੰ ਨਿਰੰਤਰ ਜਾਰੀ ਰੱਖਣਗੇ।"

ਅਮੋਲਕ ਜੰਮੂ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਮਹਿੰਦਰ ਸਿੰਘ ਸੰਘੇੜਾ, ਰਵਿੰਦਰ ਸਹਿਰਾਅ, ਡਾ. ਗੁਰਪ੍ਰੀਤ ਧੁੱਗਾ, ਹਰਪ੍ਰੀਤ ਕੌਰ ਧੂਤ, ਸੁਰਜੀਤ ਸਖੀ, ਐਸ਼ ਕਮ ਐਸ਼, ਪਿਆਰਾ ਸਿੰਘ ਕੁੱਦੋਵਾਲ, ਬੀਬੀ ਸੁਰਜੀਤ ਕੌਰ, ਡਾ. ਸੁਖਪਾਲ ਸੰਘੇੜਾ, ਚਰਨਜੀਤ ਸਿੰਘ ਪੰਨੂ, ਗੁਲਸ਼ਨ ਦਿਆਲ, ਸੁਰਜੀਤ ਟੋਰਾਂਟੋ, ਸੁਰਿੰਦਰ ਸੀਰਤ, ਕੁਲਵਿੰਦਰ, ਅਮਰਜੀਤ ਪੰਨੂੰ, ਸੁਖਦੇਵ ਸਾਹਿਲ, ਜਗਜੀਤ ਨੌਸ਼ਿਹਰਵੀ, ਰੇਸ਼ਮ, ਓਮ ਪ੍ਰਕਾਸ਼ ਕਮਲ ਅਤੇ ਲਾਜ ਨੀਲਮ ਸੈਣੀ ਆਦਿ ਦੇ ਨਾਮ ਸ਼ਾਮਿਲ ਹਨ।

---

### ਅਲਵਿਦਾ ਭਾਅ ਜੀ ਅਮੋਲਕ ਜੰਮੂ

ਪੰਜਾਬ ਟਾਈਮਜ਼ ਯੂ. ਐਸ. ਏ. ਦੇ ਸੰਪਾਦਕ, ਨਿਧੜਕ ਪੱਤਰਕਾਰ ਅਤੇ ਜ਼ਿੰਦਾ ਦਿਲੀ ਦੀ ਮਿਸਾਲ ਭਾਅ ਜੀ ਅਮੋਲਕ ਜੰਮੂ ਦੇ ਸਦੀਵੀ ਵਿਛੋੜੇ ਦਾ ਦਰਦ ਬਿਆਨ ਕਰਨ ਲਈ ਮੇਰੇ ਕੋਲ ਕੋਈ ਸ਼ਬਦ ਨਹੀਂ। ਇੰਝ ਲੱਗ ਰਿਹੈ ਜਿਵੇਂ ਕਲਮ ਦੀਆਂ ਅੱਖਾਂ ਵਿਚ ਤਿੱਖੇ ਰੋੜ ਚੁਭ ਰਹੇ ਹੋਣ...।

*ਡਾ. ਸੁਖਵਿੰਦਰ ਕੰਬੋਜ*
*ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਕੈਲੀਫੋਰਨੀਆ)*

# ਕਰੋਨਾ ਵਾਇਰਸ ਦੇ ਦੂਜੇ ਹੱਲੇ ਅੱਗੇ ਬੇਵੱਸ ਹੋਈ ਮੋਦੀ ਸਰਕਾਰ

## ਹਸਪਤਾਲਾਂ 'ਚ ਆਕਸੀਜਨ ਦੀ ਘਾਟ ਤੇ ਮਾੜੇ ਪ੍ਰਬੰਧਾਂ ਕਾਰਨ ਹਾਹਾਕਾਰ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੇ ਦੂਜੇ ਹੱਲੇ ਨੇ ਸਰਕਾਰੀ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਹਸਪਤਾਲਾਂ ਵਿਚ ਲੋਕ ਆਕਸੀਜਨ ਦੀ ਘਾਟ ਕਾਰਨ ਮੌਤ ਦੇ ਮੂੰਹ ਪੈ ਰਹੇ ਹਨ। ਬੈੱਡਾਂ ਦੀ ਘਾਟ ਕਾਰਨ ਮਰੀਜ਼ ਸੜਕਾਂ ਉਤੇ ਹੀ ਲੇਟ ਕੇ ਮੌਤ ਦਾ ਇੰਤਜ਼ਾਰ ਕਰ ਰਹੇ ਹਨ। ਹਸਪਤਾਲਾਂ ਵਿਚ ਪ੍ਰਬੰਧਾਂ ਤੋਂ ਜਾਪ ਰਿਹਾ ਹੈ ਕਿ ਸਰਕਾਰ ਨੇ ਇਸ ਮਹਾਮਾਰੀ ਅੱਗੇ ਹੱਥ ਹੀ ਖੜ੍ਹੇ ਕਰ ਦਿੱਤੇ ਹਨ।

ਦਿੱਲੀ ਦੇ ਦੋ ਹਸਪਤਾਲਾਂ ਅਤੇ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਆਕਸੀਜਨ ਦੀ ਕਮੀ ਕਾਰਨ ਹੋਈਆਂ ਮੌਤਾਂ ਸਰਕਾਰ ਦੀ ਨੀਅਤ ਉਤੇ ਵੀ ਵੱਡੇ ਸਵਾਲ ਖੜ੍ਹੇ ਕਰਦੀਆਂ ਹਨ। ਹਾਲਾਤ ਇਹ ਹਨ ਕਿ ਜਿਥੇ ਨਿੱਜੀ ਖੇਤਰ ਦੇ ਹਸਪਤਾਲ ਆਕਸੀਜਨ ਦੀ ਕਮੀ ਕਾਰਨ ਹਾਈਕੋਰਟਾਂ ਵਿਚ ਪਹੁੰਚੇ, ਉਥੇ ਦੇਸ਼ ਵਿਚ ਬਹੁਤ ਸਾਰੇ ਹਸਪਤਾਲਾਂ ਨੇ ਆਪਣੇ ਗੇਟਾਂ ਦੇ ਬਾਹਰ ਇਹ ਲਿਖ ਕੇ ਲਗਾ ਦਿੱਤਾ ਹੈ ਕਿ ਇਥੇ ਬੈੱਡ ਜਾਂ ਆਕਸੀਜਨ ਉਪਲਬਧ ਨਹੀਂ। ਸਿਹਤ ਖੇਤਰ ਦੇ ਕੁਝ ਮਾਹਿਰਾਂ ਨੇ ਕਰੋਨਾ ਦੀ ਦੂਜੀ ਲਹਿਰ ਬਾਰੇ ਚਿਤਾਵਨੀ ਦਿੱਤੀ ਸੀ ਪਰ ਸਰਕਾਰਾਂ ਨੇ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ।

ਪ੍ਰਧਾਨ ਮੰਤਰੀ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਕਰੋਨਾ ਨੂੰ ਹਰਾ ਦਿੱਤਾ ਹੈ। ਇਸ ਸਮੇਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਹਾਹਾਕਾਰ ਮਚੀ ਹੋਈ ਹੈ। ਮਹਾਰਾਸ਼ਟਰ, ਗੁਜਰਾਤ, ਛੱਤੀਸਗੜ੍ਹ ਆਦਿ ਤੋਂ ਬਾਅਦ ਹੁਣ ਕਰੋਨਾ ਉਤਰ ਪ੍ਰਦੇਸ਼, ਦਿੱਲੀ, ਪੰਜਾਬ ਅਤੇ ਹੋਰ ਸੂਬਿਆਂ ਵਿਚ ਤੇਜੀ ਨਾਲ ਫੈਲ ਰਿਹਾ ਹੈ। ਉਤਰ ਪ੍ਰਦੇਸ਼ ਵਿਚ ਹਾਲਾਤ ਇਥੋਂ ਤੱਕ ਖਰਾਬ ਹਨ ਕਿ ਲੋਕਾਂ ਅਤੇ ਪੱਤਰਕਾਰਾਂ ਨੂੰ ਸੋਸ਼ਲ ਮੀਡੀਆ 'ਤੇ ਇਸ ਬਾਰੇ ਖਬਰਾਂ ਪਾਉਣ ਤੋਂ ਵੀ ਮਨ੍ਹਾ ਕੀਤਾ ਜਾ ਰਿਹਾ ਹੈ।



ਹਾਲਾਤ ਇਹ ਹਨ ਕਿ ਜਿਵੇਂ-ਜਿਵੇਂ ਮਹਾਂਮਾਰੀ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ, ਉਵੇਂ-ਉਵੇਂ ਹੀ ਅਨੇਕਾਂ ਤਰ੍ਹਾਂ ਦੀਆਂ ਅੜਚਨਾਂ ਇਸ ਸੰਤਾਪ ਨੂੰ ਵਧਾਈ ਜਾ ਰਹੀਆਂ ਹਨ। ਇਕ ਪਾਸੇ ਟੀਕਾਕਰਨ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਵੱਡੀ ਗਿਣਤੀ ਵਿਚ ਵਧਦੇ ਬਿਮਾਰਾਂ ਲਈ ਲੋੜੀਂਦੀਆਂ ਦਵਾਈਆਂ ਦੀ ਘਾਟ ਰੜਕਣ ਲੱਗੀ ਹੈ। ਦੇਸ਼ ਭਰ ਵਿਚ ਮਰੀਜ਼ਾਂ ਦਾ ਜੀਵਨ ਬਚਾਉਣ ਲਈ ਆਕਸੀਜਨ ਦੀ ਘਾਟ ਨੇ ਇਸ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਮਰੀਜ਼ਾਂ ਦੀ ਲਗਾਤਾਰ ਵਧਦੀ ਗਿਣਤੀ ਨੇ ਸਰਕਾਰਾਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਤਾਂ ਇਸ ਮਸਲੇ ਨੂੰ ਲੈ ਕੇ ਹਾਹਾਕਾਰ ਮਚ ਚੁੱਕੀ ਹੈ।

ਇਸ ਵੇਲੇ ਭਾਰਤ ਕੋਵਿਡ-19 ਦੇ ਮਾਮਲੇ ਵਿਚ ਕੁੱਲ ਮੌਤਾਂ ਅਤੇ ਗਿਣਤੀ ਦੇ ਮਾਮਲੇ ਵਿਚ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਹੈ, ਪਰ ਅਸਲ ਵਿਚ ਇਸ ਵੇਲੇ ਕਰੋਨਾ ਮਹਾਮਾਰੀ ਦੀ ਤੀਬਰਤਾ ਦੇ ਮਾਮਲੇ ਵਿਚ ਭਾਰਤ ਵਿਸ਼ਵ ਵਿਚ ਪਹਿਲੇ ਨੰਬਰ ਉਤੇ ਆ ਗਿਆ ਹੈ। ਅਮਰੀਕਾ ਵਿਚ ਇਕ ਦਿਨ ਵਿਚ ਇਕ ਲੱਖ ਨਵੇਂ ਕੇਸਾਂ ਦੀ ਗਿਣਤੀ 3 ਲੱਖ ਉਤੇ ਪਹੁੰਚਣ ਵਿਚ 67 ਦਿਨ ਦਾ ਸਮਾਂ ਲੱਗਾ ਸੀ, ਪਰ ਭਾਰਤ ਵਿਚ ਇਹ ਸਥਿਤੀ ਸਿਰਫ 15 ਦਿਨਾਂ ਵਿਚ ਆ ਗਈ। ਭਾਰਤ ਵਿਚ ਕਰੋਨਾ ਦੀ ਪਹਿਲੀ ਲਹਿਰ ਦਾ ਸਿਖਰ 93 ਹਜ਼ਾਰ, 617 ਕੇਸ ਪ੍ਰਤੀ ਦਿਨ ਸੀ, ਜਦੋਂ ਕਿ ਹੁਣ ਇਹ 6 ਅਪਰੈਲ, 2021 ਨੂੰ 1 ਲੱਖ 15 ਹਜ਼ਾਰ ਸੀ ਪਰ 21 ਅਪਰੈਲ ਨੂੰ ਇਹ ਸਿਖਰ 3 ਲੱਖ 15 ਹਜ਼ਾਰ 909 ਨਵੇਂ ਕੇਸ ਇਕ ਦਿਨ 'ਤੇ ਪਹੁੰਚ ਗਿਆ ਹੈ। ਅਮਰੀਕਾ ਦੀ ਤੀਸਰੀ ਲਹਿਰ ਦੌਰਾਨ ਦੇਸ਼ ਵਿਚ ਇਕ ਦਿਨ 'ਚ ਵੱਧ ਤੋਂ ਵੱਧ ਕਰੋਨਾ ਪਾਜ਼ੀਟਿਵ ਕੇਸਾਂ ਦੀ ਗਿਣਤੀ 3 ਲੱਖ 7 ਹਜ਼ਾਰ 581 ਸੀ। ਇਥੇ ਕਿਹਾ ਜਾਵੇਗਾ ਕਿ ਅਮਰੀਕਾ ਦੀ ਆਬਾਦੀ ਭਾਰਤ ਨਾਲੋਂ ਚੌਥਾ ਹਿੱਸਾ ਹੈ ਤਾਂ ਇਥੇ ਇਹ ਵੀ ਵੇਖਣਾ ਪਵੇਗਾ ਕਿ ਅਮਰੀਕਾ ਵਿਚ 1 ਕਰੋੜ ਪਿੱਛੇ 13 ਲੱਖ 3 ਹਜ਼ਾਰ 328 ਲੋਕਾਂ ਦੇ ਕਰੋਨਾ ਟੈਸਟ ਹੁੰਦੇ ਹਨ ਤੇ ਭਾਰਤ ਵਿਚ 1 ਕਰੋੜ ਪਿੱਛੇ 1 ਲੱਖ 96 ਹਜ਼ਾਰ 64 ਟੈਸਟ ਹੁੰਦੇ ਹਨ। ਭਾਰਤ ਵਿਚ ਇਹ ਗਿਣਤੀ 6 ਗੁਣਾ ਘੱਟ ਹੈ।

ਸੁਪਰੀਮ ਕੋਰਟ ਨੇ ਵੀ ਆਪਣੇ ਤੌਰ 'ਤੇ ਪੈਦਾ ਹੋ ਰਹੀ ਇਸ ਨਾਜ਼ੁਕ ਸਥਿਤੀ ਦਾ ਨੋਟਿਸ ਲੈਂਦਿਆਂ ਇਸ ਨੂੰ ਕੌਮੀ ਐਮਰਜੈਂਸੀ ਦਾ ਨਾਂ ਦਿੱਤਾ ਹੈ ਅਤੇ ਇਸ ਸਬੰਧੀ ਕੇਂਦਰ ਨੂੰ ਤੁਰਤ ਕੌਮੀ ਯੋਜਨਾ ਬਣਾਉਣ ਦੀ ਹਦਾਇਤ ਦਿੱਤੀ ਹੈ। ਗ੍ਰਹਿ ਮੰਤਰਾਲੇ ਨੇ ਸਥਿਤੀ ਨੂੰ ਭਾਂਪਦਿਆਂ ਸਨਅਤਾਂ ਨੂੰ ਆਕਸੀਜਨ ਦੀ ਸਪਲਾਈ ਬੰਦ ਕਰਨ ਦੀ ਹਦਾਇਤ ਦਿੱਤੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਸਾਰੇ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਹਰ ਹੀਲੇ ਸਥਿਤੀ ਨੂੰ ਸੰਭਾਲਣ ਅਤੇ ਆਕਸੀਜਨ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਯਤਨ ਕਰਨ ਕਿਉਂਕਿ ਹੁਣ ਦੇਸ਼ ਦੇ ਬਹੁਤੇ ਹਸਪਤਾਲ ਪੈਦਾ ਹੋਈ ਆਕਸੀਜਨ ਦੀ ਥੁੜ ਕਾਰਨ ਆਪਣੇ ਹੱਥ ਖੜ੍ਹੇ ਕਰਨ ਲਈ ਮਜਬੂਰ ਹੋ ਰਹੇ ਹਨ।

### ਆਕਸੀਜਨ 'ਚ ਵਿਘਨ ਪਾਉਣ ਵਾਲੇ ਨੂੰ ਫਾਹੇ ਲਾਵਾਂਗੇ: ਅਦਾਲਤ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਆਕਸੀਜਨ ਦੀ ਘਾਟ ਸਬੰਧੀ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਚਿਤਾਵਨੀ ਦਿੱਤੀ ਕਿ ਹਸਪਤਾਲਾਂ ਨੂੰ ਆਕਸੀਜਨ ਸਪਲਾਈ 'ਚ ਜੋ ਕੋਈ ਵੀ ਵਿਘਨ ਪਾਏਗਾ, ਉਸ ਨੂੰ ਉਹ ਫਾਹੇ ਲਟਕਾਉਣਗੇ। ਅਦਾਲਤ ਨੇ ਨਾਲ ਹੀ ਅਗਲੇ ਮਹੀਨੇ ਕੋਵਿਡ-19 ਦੀ ਸੰਭਾਵੀ ਸਿਖਰ ਨੂੰ ਲੈ ਕੇ ਕੇਂਦਰ ਸਰਕਾਰ ਤੋਂ ਕਰੋਨਾ ਵਾਇਰਸ ਨਾਲ ਨਜਿੱਠਣ ਦੀਆਂ ਤਿਆਰੀ ਬਾਰੇ ਪੁੱਛਿਆ ਤੇ ਕਿਹਾ ਕਿ ਕਰੋਨਾ ਮਰੀਜ਼ਾਂ ਦੇ ਭਾਰੀ ਵਾਧੇ ਕਾਰਨ ਇਹ ਲਹਿਰ ਨਹੀਂ 'ਸੁਨਾਮੀ' ਹੈ। ਸੁਣਵਾਈ ਕਰਦਿਆਂ ਬੈਂਚ ਨੇ ਕਿਹਾ ਕਿ ਜੋ ਕੋਈ ਵੀ ਹਸਪਤਾਲਾਂ ਨੂੰ ਹੋਣ ਆਕਸੀਜਨ ਗੈਸ ਦੀ ਸਪਲਾਈ 'ਚ ਰੁਕਾਵਟ ਪਾਵੇਗਾ ਤਾਂ ਉਸ ਨੂੰ ਫਾਹੇ ਲਾ ਦਿੱਤਾ ਜਾਵੇਗਾ।

### ਦੂਜੀ ਲਹਿਰ ਨੇ ਮੁਲਕ ਨੂੰ ਹਿਲਾ ਦਿੱਤਾ ਹੈ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮਨ ਕੀ ਬਾਤ' ਪ੍ਰਸਾਰਣ ਵਿਚ ਕਿਹਾ ਕਿ ਕੋਵਿਡ- 19 ਦੀ ਦੂਜੀ ਲਹਿਰ ਲੋਕਾਂ ਦਾ ਸਬਰ ਅਤੇ ਉਨ੍ਹਾਂ ਵੱਲੋਂ ਦਰਦ ਸਹਿਣ ਦੀ ਸਮਰੱਥਾ ਨੂੰ ਪਰਖ ਰਹੀ ਹੈ। ਉਨ੍ਹਾਂ ਕਿਹਾ ਕਿ ਮੁਲਕ ਕੋਵਿਡ- 19 ਦੀ ਪਹਿਲੀ ਲਹਿਰ ਨਾਲ ਸਫਲਤਾਪੂਰਵਕ ਢੰਗ ਨਾਲ ਨਜਿੱਠਣ ਮਗਰੋਂ ਸਵੈ-ਵਿਸ਼ਵਾਸ ਨਾਲ ਭਰਪੂਰ ਤੇ ਹੁਣ ਇਸ ਤੂਫਾਨ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸ੍ਰੀ ਮੋਦੀ ਨੇ ਡਾਕਟਰਾਂ, ਨਰਸਾਂ ਅਤੇ ਫਰੰਟਲਾਈਨ ਵਰਕਰਾਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਇਸ ਬਿਮਾਰੀ ਬਾਰੇ ਆਪਣੇ ਤਜਰਬੇ ਅਤੇ ਵਿਚਾਰ ਸਾਂਝੇ ਕਰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਲੋਕ ਜਲਦੀ ਹੀ ਇਸ ਸੰਕਟ 'ਚੋਂ ਬਾਹਰ ਨਿਕਲ ਆਉਣਗੇ।

# ਵੱਡੀ ਗਿਣਤੀ ਮੁਲਕਾਂ ਵੱਲੋਂ ਭਾਰਤ ਆਉਣ ਵਾਲੀਆਂ ਉਡਾਣਾਂ 'ਤੇ ਰੋਕ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਦੀ ਵਿਗੜ ਰਹੀ ਸਥਿਤੀ ਦੇ ਕਾਰਨ ਵੱਡੀ ਗਿਣਤੀ ਦੇਸ਼ਾਂ ਨੇ ਅਗਲੇ ਹੁਕਮਾਂ ਤੱਕ ਭਾਰਤ ਤੋਂ ਆਉਣ ਵਾਲੀਆਂ ਸਾਰੀਆਂ ਸਿੱਧੀਆਂ ਉਡਾਣਾਂ ਨੂੰ ਰੋਕ ਦਿੱਤਾ। ਕੈਨੇਡਾ ਸਰਕਾਰ ਨੇ ਕੋਵਿਡ-19 ਦੇ ਵਧ ਰਹੇ ਮਰੀਜ਼ਾਂ ਨੂੰ ਦੇਖਦੇ ਹੋਏ ਭਾਰਤ ਅਤੇ ਪਾਕਿਸਤਾਨ ਤੋਂ ਕੈਨੇਡਾ ਪੁੱਜਣ ਵਾਲੀਆਂ ਉਡਾਣਾਂ 'ਤੇ 30 ਦਿਨਾਂ ਲਈ ਪੂਰਨ ਪਾਬੰਦੀ ਲਗਾ ਦਿੱਤੀ ਹੈ। ਕੁਵੈਤ ਨੇ ਭਾਰਤ ਵਿੱਚ ਕਰੋਨਾ ਦੀ ਵਿਗੜ ਰਹੀ ਸਥਿਤੀ ਦੇ ਕਾਰਨ ਅਗਲੇ ਹੁਕਮਾਂ ਤੱਕ ਭਾਰਤ ਤੋਂ ਆਉਣ ਵਾਲੀਆਂ ਸਾਰੀਆਂ ਸਿੱਧੀਆਂ ਵਪਾਰਕ ਉਡਾਣਾਂ ਨੂੰ ਰੋਕ ਦਿੱਤਾ ਹੈ।

ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਭਾਰਤ, ਪਾਕਿਸਤਾਨ, ਬੰਗਲਾਦੇਸ਼, ਅਫਗਾਨਿਸਤਾਨ ਤੇ ਮਾਲਦੀਵ ਦੀ ਯਾਤਰਾ ਤੋਂ ਪਰਹੇਜ਼ ਕਰਨ ਦਾ ਮਸ਼ਵਰਾ ਦਿੱਤਾ ਹੈ। ਅਜਿਹਾ ਖੇਤਰ ਵਿਚ ਕਰੋਨਾ ਦੇ ਕੇਸਾਂ ਦੀ ਗਿਣਤੀ ਵਿਚ ਹੋਏ ਭਾਰੀ ਵਾਧੇ ਦੇ ਮੱਦੇਨਜਰ ਕੀਤਾ ਗਿਆ ਹੈ। ਯਾਤਰਾ ਸਬੰਧੀ ਲੜੀਵਾਰ ਜਾਰੀ ਕੀਤੀਆਂ ਗਈਆਂ ਐਡਵਾਈਜਰੀਜ ਵਿਚ ਅਧਿਕਾਰੀਆਂ ਨੇ ਅਮਰੀਕੀਆਂ ਨੂੰ ਚੀਨ ਤੇ ਨੇਪਾਲ ਦੀ ਯਾਤਰਾ ਕਰਨ ਤੋਂ ਪਹਿਲਾਂ ਮੁੜ ਵਿਚਾਰ ਕਰਨ, ਸ੍ਰੀਲੰਕਾ ਦੀ ਯਾਤਰਾ ਦੌਰਾਨ ਵਧੇਰੇ ਚੌਕਸੀ ਵਰਤਣ ਅਤੇ ਭੁਟਾਨ ਦੀ ਯਾਤਰਾ ਦੌਰਾਨ ਆਮ ਅਹਿਤਿਆਤ ਵਰਤਣ ਲਈ ਕਿਹਾ ਹੈ।




ਭਾਰਤ ਤੋਂ ਆਉਣ ਵਾਲੀਆਂ ਉਡਾਣਾਂ 'ਤੇ ਰੋਕ ਲਾਉਣ ਸਬੰਧੀ ਸੰਯੁਕਤ ਅਰਬ ਅਮੀਰਾਤ ਦੇ ਫੈਸਲੇ ਕਾਰਨ ਲੋਕਾਂ ਦੀਆਂ ਸਫਰ ਸਬੰਧੀ ਯੋਜਨਾਵਾਂ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਈਆਂ ਹਨ ਅਤੇ ਲੋਕਾਂ ਵੱਲੋਂ ਇਹ ਪਾਬੰਦੀਆਂ ਲਾਗੂ ਹੋਣ ਤੋਂ ਪਹਿਲਾਂ-ਪਹਿਲਾਂ ਆਪੋ-ਆਪਣੀਆਂ ਮੰਜ਼ਲਾਂ 'ਤੇ ਪਹੁੰਚਣ ਲਈ ਹਰ ਉਪਰਾਲਾ ਕੀਤਾ ਜਾ ਰਿਹਾ ਹੈ। ਸੰਯੁਕਤ ਅਰਬ ਅਮੀਰਾਤ ਵੱਲੋਂ ਇਹ ਫੈਸਲਾ ਭਾਰਤ ਵਿਚ ਕਰੋਨਾ ਵਾਇਰਸ ਸਬੰਧੀ ਹਾਲਾਤ ਕਾਫੀ ਵਿਗੜਨ ਕਰ ਕੇ ਲਿਆ ਗਿਆ ਹੈ।

ਕੈਨੇਡਾ ਦੀ ਫੈਡਰਲ ਸਰਕਾਰ ਦੇ ਟਰਾਂਸਪੋਰਟ ਮੰਤਰੀ ਓਮੇਰ ਅਲਗਾਬਰਾ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੇ ਯਾਤਰੀਆਂ ਵਿਚ, 50 ਫੀਸਦੀ ਤੱਕ ਯਾਤਰੀ ਕਰੋਨਾ ਪਾਜ਼ੇਟਿਵ ਪਾਏ ਗਏ ਹਨ। ਜਦਕਿ ਉਨ੍ਹਾਂ ਕੋਲ ਆਪਣੇ ਦੇਸ਼ ਵਿਚੋਂ ਆਉਣ ਵਾਲੇ ਕਰੋਨਾ ਨੈਗੇਟਿਵ ਦੇ ਸਰਟੀਫਿਕੇਟ ਵੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦੋ ਹਫਤਿਆਂ ਵਿਚ 100 ਦੇ ਕਰੀਬ ਵਿਦੇਸ਼ਾਂ ਤੋਂ ਕੈਨੇਡਾ ਦੇ ਹਵਾਈ ਅੱਡਿਆਂ 'ਤੇ ਉਤਰੀਆਂ ਫਲਾਈਟਾਂ ਵਿਚੋਂ ਇਕ-ਇਕ ਜਾਂ ਇਕ ਤੋਂ ਵੱਧ ਕੇਸ ਕੋਵਿਡ ਪੀੜਤ ਪਾਏ ਗਏ ਹਨ। ਇਸ ਦਾ ਕੈਨੇਡਾ ਦੀ ਫੈਡਰਲ ਸਰਕਾਰ ਨੇ ਸਖਤ ਨੋਟਿਸ ਲਿਆ। ਇਨ੍ਹਾਂ ਵਿਚ 32 ਉਡਾਣਾਂ ਭਾਰਤ ਤੋਂ ਏਥੇ ਪੁੱਜੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਥਿਤੀ ਵਿਚ ਕੈਨੇਡਾ ਦੇ ਸਿਹਤ ਵਿਭਾਗ 'ਤੇ ਦਬਾਅ ਬਹੁਤ ਵਧ ਗਿਆ ਹੈ। ਸ੍ਰੀ ਅਲਗਾਬਰਾ ਨੇ ਐਲਾਨ ਕੀਤਾ ਕਿ ਕਮਰਸ਼ੀਅਲ ਤੇ ਯਾਤਰੀ ਉਡਾਣਾਂ ਜੋ ਭਾਰਤ ਅਤੇ ਪਾਕਿਸਤਾਨ ਤੋਂ ਇਥੇ ਪੁੱਜਣੀਆਂ ਸਨ, ਨੂੰ 30 ਦਿਨਾਂ ਲਈ ਰੱਦ ਕੀਤਾ ਜਾਂਦਾ ਹੈ, ਜਦਕਿ ਇਨ੍ਹਾਂ ਵਿਚ ਕਾਰਗੋ ਉਡਾਣਾਂ ਸ਼ਾਮਲ ਨਹੀਂ ਹਨ।

### ਚੀਨ ਵੱਲੋਂ ਭਾਰਤ ਦੀ ਮਦਦ ਲਈ ਪੇਸ਼ਕਸ਼

**ਬੀਜਿੰਗ:** ਚੀਨ ਨੇ ਕਿਹਾ ਕਿ ਉਹ ਭਾਰਤ ਸਰਕਾਰ ਅਤੇ ਉਥੋਂ ਦੇ ਵਾਸੀਆਂ ਦਾ ਪੂਰਾ ਸਮਰਥਨ ਕਰਦਾ ਹੈ। ਉਸ ਨੇ ਕਿਹਾ ਕਿ ਕਰੋਨਾ ਦੇ ਮਾਮਲਿਆਂ ਵਿਚ ਹੋਏ ਵਾਧੇ ਨਾਲ ਨਜਿੱਠਣ ਲਈ ਉਹ ਸਹਾਇਤਾ ਪ੍ਰਦਾਨ ਕਰਨ ਦੀ ਪੇਸ਼ਕਸ਼ ਤਹਿਤ ਨਵੀਂ ਦਿੱਲੀ ਨਾਲ ਗੱਲਬਾਤ ਕਰ ਰਿਹਾ ਹੈ। ਚੀਨ ਨੇ ਦੇਸ ਵਿਚ ਕੋਵਡ-19 ਮਾਮਲਿਆਂ ਵਿਚ ਤੇਜੀ ਨਾਲ ਵਾਧੇ ਨਾਲ ਨਜਿੱਠਣ ਲਈ ਭਾਰਤ ਨੂੰ ਲੋੜੀਂਦੀ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲੀਜਿਆਨ ਨੇ ਇਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਾਰਤ ਵਿਚ ਹਾਲ ਹੀ ਵਿਚ ਵਿਗੜ ਰਹੀ ਮਹਾਮਾਰੀ ਦੀ ਸਥਿਤੀ ਲਈ ਅਸੀਂ ਆਪਣੀ ਦਿਲੀ ਹਮਦਰਦੀ ਭੇਜਦੇ ਹਾਂ। ਚੀਨੀ ਸਰਕਾਰ ਅਤੇ ਲੋਕ ਆਪਣੀ ਲੜਾਈ ਵਿਚ ਭਾਰਤ ਸਰਕਾਰ ਅਤੇ ਉਨ੍ਹਾਂ ਦੇ ਲੋਕਾਂ ਦਾ ਦ੍ਰਿੜ੍ਹਤਾ ਨਾਲ ਸਮਰਥਨ ਕਰਦੇ ਹਨ।

# ਗਰੀਬਾਂ ਨੂੰ ਅਗਲੇ ਦੋ ਮਹੀਨੇ ਮੁਫਤ ਅਨਾਜ ਮਿਲੇਗਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਰੋਨਾ ਦੀ ਦੂਜੀ ਲਹਿਰ ਦੌਰਾਨ ਗਰੀਬਾਂ ਨੂੰ ਦਰਪੇਸ਼ ਆਰਥਿਕ ਮੁਸ਼ਕਲਾਂ ਤੋਂ ਉਭਾਰਨ ਲਈ ਮਈ-ਜੂਨ ਦੌਰਾਨ ਮੁਫਤ ਖੁਰਾਕੀ ਅਨਾਜ ਦੇਣ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਪਿਛਲੇ ਸਾਲ ਵੀ ਕਰੋਨਾ ਮਹਾਮਾਰੀ ਦੀ ਸਿਖਰ ਦੌਰਾਨ ਗਰੀਬਾਂ ਨੂੰ ਮੁਫਤ ਅਨਾਜ ਦਿੱਤਾ ਸੀ, ਪਰ ਹਾਲਾਤ ਸਾਜ਼ਗਾਰ ਹੋਣ ਮਗਰੋਂ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ।

ਖੁਰਾਕ ਤੇ ਜਨਤਕ ਵੰਡ ਮੰਤਰਾਲੇ 'ਚ ਸਕੱਤਰ ਸੁਧਾਂਸ਼ੂ ਪਾਂਡੇ ਨੇ ਦੱਸਿਆ, 'ਅਸੀਂ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਦੇ ਲਾਭਪਾਤਰੀਆਂ ਨੂੰ ਦੋ ਮਹੀਨਿਆਂ (ਮਈ ਤੇ ਜੂਨ) ਲਈ 5 ਕਿਲੋ ਵਾਧੂ ਖੁਰਾਕੀ ਅਨਾਜ ਬਿਲਕੁਲ ਮੁਫਤ ਮੁਹੱਈਆ ਕਰਾਵਾਂਗੇ। ਐਤਕੀਂ ਇਸ ਸਕੀਮ ਤਹਿਤ ਦਾਲਾਂ ਨਹੀਂ ਦਿੱਤੀਆਂ ਜਾਣਗੀਆਂ।' ਪਿਛਲੇ ਸਾਲ ਐਲਾਨੀ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਗਰੀਬਾਂ ਨੂੰ ਤਿੰਨ ਮਹੀਨਿਆਂ ਭਾਵ ਜੁਲਾਈ ਤੱਕ ਮੁਫਤ ਖੁਰਾਕੀ ਅਨਾਜ ਤੇ ਦਾਲਾਂ ਦੇਣ ਦਾ ਫੈਸਲਾ ਕੀਤਾ ਗਿਆ ਸੀ, ਹਾਲਾਂਕਿ ਕੋਵਿਡ-19 ਮਹਾਮਾਰੀ ਦੇ ਗਰੀਬਾਂ 'ਤੇ ਪਏ ਆਰਥਿਕ ਅਸਰ ਦੇ ਟਾਕਰੇ ਲਈ ਸਕੀਮ ਨੂੰ ਨਵੰਬਰ ਤੱਕ ਵਧਾ ਦਿੱਤਾ ਗਿਆ ਸੀ। ਇਸ ਨਾਲ ਸਰਕਾਰੀ ਖਜਾਨੇ 'ਤੇ 75000 ਕਰੋੜ ਰੁਪਏ ਤੋਂ ਵੱਧ ਦਾ ਬੋਝ ਪਿਆ ਸੀ। ਐਨ.ਐਫ.ਐਸ.ਏ. ਅਧੀਨ ਆਉਂਦੇ ਕੁੱਲ ਮਿਲਾ ਕੇ 80.96 ਕਰੋੜ ਲਾਭਪਾਤਰੀਆਂ ਨੂੰ ਸਕੀਮ ਤਹਿਤ ਕਵਰ ਕੀਤਾ ਗਿਆ ਸੀ।

### ਮੌਤਾਂ ਦੀ ਗਿਣਤੀ ਬਾਰੇ ਸੱਚ ਛੁਪਾਇਆ ਜਾ ਰਿਹੈ: ਰਾਹੁਲ

**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਮਹਾਮਾਰੀ ਬਾਰੇ ਸੱਚ ਦਬਾਇਆ ਜਾ ਰਿਹਾ ਹੈ ਤੇ ਮੌਤਾਂ ਦੀ ਗਿਣਤੀ ਬਾਰੇ ਸਹੀ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਟਵਿਟਰ 'ਤੇ ਟਵੀਟ ਕੀਤਾ,'ਸੱਚ ਦਬਾਉਣਾ। ਆਕਸੀਜਨ ਦੀ ਘਾਟ ਤੋਂ ਮੁਨਕਰ ਹੋਣਾ। ਮੌਤਾਂ ਦੀ ਗਿਣਤੀ ਬਾਰੇ ਸਹੀ ਜਾਣਕਾਰੀ ਨਾ ਦੇਣਾ। ਭਾਰਤ ਸਰਕਾਰ ਸਭ ਕੁਝ ਕਰ ਰਹੀ ਹੈ.... ਆਪਣੀ ਝੂਠੀ ਛਬੀ ਨੂੰ ਬਚਾਉਣ ਲਈ।' ਉਨ੍ਹਾਂ 'ਨਿਊ ਯਾਰਕ ਟਾਈਮਜ' ਦੇ ਪਹਿਲੇ ਪੰਨੇ ਦੀ ਤਸਵੀਰ ਸਾਂਝੀ ਕੀਤੀ ਹੈ ਜਿਸ ਵਿਚ ਲਾਸ਼ਾਂ ਦਾ ਸਸਕਾਰ ਕਰਦਿਆਂ ਵਿਖਾਇਆ ਗਿਆ ਹੈ ਤੇ ਇਸ ਨੂੰ ਸਿਰਲੇਖ ਦਿੱਤਾ ਗਿਆ ਹੈ- 'ਭਾਰਤ 'ਚ ਕੋਵਿਡ ਦਾ ਵਧ ਰਿਹਾ ਪ੍ਰਕੋਪ, ਨਹੀਂ ਦੱਸੀ ਜਾ ਰਹੀ ਮੌਤਾਂ ਦੀ ਅਸਲ ਗਿਣਤੀ।'

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

18-21

# ਕੋਵਿਡ ਸੰਕਟ ਦੇ ਬਾਵਜੂਦ ਭਾਰਤੀ ਕੰਪਨੀਆਂ ਨੇ ਬਰਤਾਨੀਆ ਵਿਚ ਪੈਰ ਪਸਾਰੇ

**ਲੰਡਨ:** ਪਿਛਲਾ ਸਾਰਾ ਸਾਲ ਕਰੋਨਾ ਵਾਇਰਸ ਮਹਾਮਾਰੀ ਦੀ ਭੇਟ ਚੜ੍ਹਨ ਤੇ ਬ੍ਰੈਗਜਿਟ ਦੀਆਂ ਚੁਣੌਤੀਆਂ ਦੇ ਬਾਵਜੂਦ ਬਰਤਾਨੀਆ ਵਿਚ ਚੱਲ ਰਹੀਆਂ ਕਈ ਭਾਰਤੀ ਕੰਪਨੀਆਂ ਅਤੇ ਉਨ੍ਹਾਂ ਵੱਲੋਂ ਪੈਦਾ ਕੀਤੇ ਜਾਂਦੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਦਰਜ ਹੋਇਆ ਹੈ। 'ਇੰਡੀਆ ਮੀਟਸ ਬ੍ਰਿਟੇਨ ਟਰੈਕਰ' ਵੱਲੋਂ ਇਥੇ ਜਾਰੀ ਕੀਤੀ ਗਈ ਇਕ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ। ਬਰਤਾਨਵੀ ਅਰਥਚਾਰੇ ਵਿਚ ਭਾਰਤੀ ਕਾਰੋਬਾਰਾਂ ਦੀ ਹਿੱਸੇਦਾਰੀ ਦਾ ਪਤਾ ਲਾਉਣ ਲਈ ਗਰਾਂਟ ਥੌਰਨਟਨ ਤੇ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਵੱਲੋਂ ਕੀਤੇ ਗਏ ਸਾਲਾਨਾ 2021 ਟਰੈਕਰ ਵਿਚ ਇਹ ਗੱਲ ਸਾਹਮਣੇ ਆਈ ਕਿ ਬਰਤਾਨੀਆ ਵਿਚ ਚੱਲ ਰਹੀਆਂ ਭਾਰਤੀ ਕੰਪਨੀਆਂ ਦੀ ਗਿਣਤੀ 2020 ਟਰੈਕਰ ਵਿਚ 842 ਸੀ ਜੋ ਹੁਣ ਵਧ ਕੇ 850 ਹੋ ਗਈ ਹੈ। ਇਨ੍ਹਾਂ ਕੰਪਨੀਆਂ ਵਿਚ ਪਹਿਲਾਂ 1,10,793 ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਸੀ, ਜਿਸ ਦਾ ਦਾਇਰਾ ਵਧ ਕੇ ਹੁਣ 1,16,,046 ਲੋਕਾਂ ਤੱਕ ਪਹੁੰਚ ਗਿਆ ਹੈ। ਇਨ੍ਹਾਂ ਕੰਪਨੀਆਂ ਦਾ ਲੈਣ-ਦੇਣ ਵੀ 41.2 ਅਰਬ ਪੌਂਡ ਤੋਂ ਵਧ ਕੇ 50.8 ਪੌਂਡ ਤੱਕ ਪਹੁੰਚ ਗਿਆ ਹੈ।


ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

Restaurant Help

Immediately hiring Kitchen Helper & Dishwasher for Indian restaurant in Indiana.
Good Salary and free accommodation.

ਸੰਪਰਕ ਕਰੋ: ਟੋਨੀ

ਫੋਨ: 317-340-1470

17-20


# ਪ੍ਰਦਰਸ਼ਨਕਾਰੀ ਕਿਸਾਨ ਹਸਪਤਾਲਾਂ ਵਿਚ ਭੇਜਣਗੇ ਖਾਣੇ ਦੇ ਪੈਕਟ

ਨਵੀਂ ਦਿੱਲੀ: ਕਿਸਾਨ ਮੋਰਚੇ ਦੇ ਤਾਲਮੇਲ ਤਹਿਤ ਦਿੱਲੀ ਦੇ ਕਈ ਬਾਰਡਰਾਂ ਉਤੇ ਬੈਠੇ ਕਿਸਾਨ ਖਾਣੇ ਦੇ ਪੈਕਟ ਤੇ ਹੋਰ ਜਰੂਰੀ ਸਾਮਾਨ ਦਿੱਲੀ ਦੇ ਹਸਪਤਾਲਾਂ 'ਚ ਭੇਜਣਗੇ। ਪਹਿਲਾਂ ਹੀ ਗਾਜੀਪੁਰ ਸਰਹੱਦ 'ਤੇ ਕਿਸਾਨ ਫਰੰਟੀਅਰ ਦਿੱਲੀ ਦੇ ਬੱਸ ਅੱਡਿਆਂ, ਸਟੇਸ਼ਨਾਂ ਤੇ ਹਸਪਤਾਲਾਂ 'ਚ ਭੋਜਨ ਵੰਡ ਰਹੇ ਹਨ।

ਟਿਕਰੀ ਸਰਹੱਦ 'ਤੇ ਸੇਵਾਵਾਂ ਦੇਣ ਦਾ ਐਲਾਨ ਕਰਦਿਆਂ ਇਕ ਸਮੂਹ ਨੇ ਕਿਹਾ ਕਿ ਜੇ ਦਿੱਲੀ 'ਚ ਕਿਸੇ ਲੋੜਵੰਦ ਨੂੰ ਭੋਜਨ ਦੀ ਸਮੱਸਿਆ ਹੈ ਤਾਂ ਉਹ ਕਿਸਾਨ ਮੋਰਚੇ ਨਾਲ ਸੰਪਰਕ ਕਰ ਸਕਦੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਸਰਕਾਰੀ ਮਸ਼ੀਨਰੀ ਫੇਲ੍ਹ ਹੋ ਚੁੱਕੀ ਹੈ ਤਾਂ ਦੇਸ ਦੇ ਨਾਗਰਿਕ ਇਕ-ਦੂਜੇ ਦੀ ਮਦਦ ਕਰ ਰਹੇ ਹਨ। ਦਿੱਲੀ 'ਚ ਜਦੋਂ ਲੋਕ ਸਿਹਤ ਦੀ ਮਾੜੀ ਸਥਿਤੀ 'ਚ ਹਨ, ਇਕ ਦੂਜੇ ਦੀ ਸੇਵਾ ਕਰਨਾ ਭਾਈਚਾਰਾ ਤੇ ਏਕਤਾ ਦੀ ਇਕ ਮਿਸਾਲ ਹੈ। ਕਿਸਾਨ ਮੋਰਚੇ ਦੇ ਰਸਤੇ ਰਾਹੀਂ ਜੋ ਵੀ ਆਕਸੀਜਨ ਜਾਂ ਹੋਰ ਸੇਵਾਵਾਂ ਵਾਲੇ ਵਾਹਨ ਆ ਰਹੇ ਹਨ, ਵਲੰਟੀਅਰ ਉਨ੍ਹਾਂ ਵਾਹਨਾਂ ਦੀ ਪੂਰੀ ਮਦਦ ਕਰਕੇ ਅੱਗੇ ਤੱਕ ਪਹੁੰਚਾਉਣ 'ਚ ਮਦਦ ਕਰ ਰਹੇ ਹਨ।

## ਤੇਜਪਾਲ ਮਾਮਲੇ 'ਚ ਅਦਾਲਤ 12 ਮਈ ਨੂੰ ਸੁਣਾਏਗੀ ਫੈਸਲਾ

**ਪਣਜੀ:** ਗੋਆ ਦੀ ਸੈਸ਼ਨ ਕੋਰਟ ਨੇ ਕਿਹਾ ਹੈ ਕਿ ਉਹ 12 ਮਈ ਨੂੰ ਤਰੁਣ ਤੇਜਪਾਲ ਮਾਮਲੇ ਵਿਚ ਆਪਣਾ ਫੈਸਲਾ ਸੁਣਾਏਗੀ। 'ਤਹਿਲਕਾ' ਮੈਗਜ਼ੀਨ ਦੇ ਮੁੱਖ ਸੰਪਾਦਕ ਤੇਜਪਾਲ ਉਤੇ 2013 'ਚ ਗੋਆ ਦੇ ਹੋਟਲ ਦੀ ਲਿਫਟ ਦੇ ਅੰਦਰ ਮਹਿਲਾ ਸਹਿਕਰਮੀ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਵਧੀਕ ਜਿਲ੍ਹਾ ਅਦਾਲਤ ਨੇ 27 ਅਪਰੈਲ ਨੂੰ ਫੈਸਲਾ ਸੁਣਾਉਣਾ ਤੈਅ ਕੀਤਾ ਸੀ ਪਰ ਜੱਜ ਨੇ 12 ਮਈ ਤੱਕ ਫੈਸਲਾ ਸੁਣਾਉਣ ਦੀ ਕਾਰਵਾਈ ਮੁਲਤਵੀ ਕਰ ਦਿੱਤੀ।


# Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

ਜੱਟ ਸਿੱਖ ਕੱਦ 5'-3" ਉਮਰ 23 ਸਾਲ, ਇੰਡੀਆ (ਜਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੁਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ 'ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453

13-16

### ਲੜਕੇ ਦੀ ਲੋੜ ਹੈ

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437

14-17

### ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com

14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*




LAW OFFICES OF
VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No.
866-424-4000

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜਨਸ਼ਿਪ

Removal Defense & Waivers
ਰੀਮੂਵਲ ਡਿਫੈਂਸ ਐਂਡ ਵੈਵੇਰਸ

OUR OFFICES
- 432 S Emerson Ave, Suite 220, Greenwood, IN 46143
  Phone: 317.560.4777
- 1067 N Mason Rd., Suite 4, St Louis, Missouri 63141
  Phone: 314.416.8000
- 2440 W Shaw Ave., Suite 205, Fresno, California 93711
  Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ: ਫੋਨ: 651-353-9584

18-21



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਗੁਰੂ ਨਾਨਕ ਦੇਵ 'ਵਰਸਿਟੀ ਉਚ ਕੋਟੀ ਦੇ ਵਿਦਿਅਕ ਅਦਾਰਿਆਂ ਵਿਚ ਸ਼ਾਮਲ

**ਅੰਮ੍ਰਿਤਸਰ:** ਉਚੇਰੀ ਸਿਖਿਆ ਦਾ ਵਿਸ਼ਵ ਪੱਧਰ 'ਤੇ ਮੁਲਾਂਕਣ ਕਰਨ ਵਾਲੀ ਏਜੰਸੀ 'ਸੈਂਟਰ ਫਾਰ ਵਰਲਡ ਯੂਨੀਵਰਸਿਟੀ ਰੈਂਕਿੰਗ' ਨੇ 2020-21 ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਵਿਸ਼ਵ ਦੀਆਂ ਸਿਖਰਲੀਆਂ ਨੌਂ ਫੀਸਦੀ ਯੂਨੀਵਰਸਿਟੀਆਂ ਵਿਚ ਸ਼ਾਮਲ ਕੀਤਾ ਹੈ। ਇਸ ਏਜੰਸੀ ਵੱਲੋਂ ਕੌਮੀ ਪੱਧਰ ਦੇ ਲਗਭਗ ਸੱਤ ਮਾਪਦੰਡਾਂ 'ਤੇ ਖਰੀਆਂ ਉਤਰਨ ਵਾਲੀਆਂ ਵਿਸ਼ਵ ਦੀਆਂ 20 ਹਜ਼ਾਰ ਯੂਨੀਵਰਸਿਟੀਆਂ ਦਾ ਮੁਲਾਂਕਣ ਕੀਤਾ ਗਿਆ।

ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਭਾਰਤ ਦੀਆਂ ਪਹਿਲੀ ਕਤਾਰ ਦੀਆਂ 10 ਸਟੇਟ ਪਬਲਿਕ ਯੂਨੀਵਰਸਿਟੀਆਂ ਵਿਚ ਵੀ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਜਸਪਾਲ ਸਿੰਘ ਸੰਧੂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਟਾਫ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਤੋਂ ਪਹਿਲਾਂ ਯੂਨੀਵਰਸਿਟੀ ਨੂੰ ਰਾਸ਼ਟਰੀ ਮੁਲਾਂਕਣ ਅਤੇ ਐਕਰੀਡੇਸ਼ਨ ਕੌਂਸਲ ਵੱਲੋਂ 'ਏ' ਗ੍ਰੇਡ ਸਮੇਤ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵੱਲੋਂ 'ਪੋਟੈਂਸ਼ੀਅਲ ਫਾਰ ਐਕਸੀਲੈਂਸ' ਅਤੇ 'ਸ਼੍ਰੇਣੀ-1 ਯੂਨੀਵਰਸਿਟੀ' ਦਾ ਦਰਜਾ ਮਿਲ ਚੁੱਕਾ ਹੈ।

## ਸੰਕਟ ਦੀ ਘੜੀ 'ਚ ਭਾਰਤ ਦੀ ਮਦਦ ਲਈ ਅੱਗੇ ਆਏ ਵੱਡੀ ਗਿਣਤੀ ਦੇਸ਼

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਦੀ ਬੇਹੱਦ ਗੰਭੀਰ ਹੁੰਦੀ ਜਾ ਰਹੀ ਸਥਿਤੀ ਕਾਰਨ ਆਕਸੀਜਨ ਸਮੇਤ ਕਈ ਤਰ੍ਹਾਂ ਦੀਆਂ ਸਿਹਤ ਚੁਣੌਤੀਆਂ ਪੈਦਾ ਹੋ ਗਈਆਂ ਹਨ। ਅਜਿਹੇ ਮੁਸ਼ਕਲ ਦੌਰ ਦੌਰਾਨ ਅਮਰੀਕਾ, ਬਰਤਾਨੀਆ, ਰੂਸ, ਸਿੰਗਾਪੁਰ ਸਮੇਤ ਕਈ ਦੇਸ਼ ਭਾਰਤ ਦੀ ਮਦਦ ਲਈ ਅੱਗੇ ਆਏ ਹਨ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਦੀ ਅਗਵਾਈ ਵਿਚ ਅਮਰੀਕੀ ਪ੍ਰਸ਼ਾਸਨ ਭਾਰਤ ਨੂੰ ਐਮਰਜੈਂਸੀ ਸਹਾਇਤਾ ਮੁਹੱਈਆ ਕਰਵਾਉਣ ਦੇ ਨਾਲ ਹੀ ਕੋਵੀਸ਼ੀਲਡ ਟੀਕੇ ਦੇ ਭਾਰਤੀ ਨਿਰਮਾਤਾ ਨੂੰ ਤਤਕਾਲ ਕੱਚਾ ਮਾਲ ਉਪਲਬਧ ਕਰਵਾਉਣ ਲਈ ਦਿਨ-ਰਾਤ ਕੰਮ ਕਰ ਰਿਹਾ ਹੈ।

ਇਸ ਦੌਰਾਨ ਏਅਰ ਇੰਡੀਆ ਅਮਰੀਕਾ ਤੋਂ ਉਡਾਣਾਂ ਰਾਹੀਂ 600 ਆਕਸੀਜਨ ਕੰਸਨਟ੍ਰੇਟਰ ਲਿਆ ਰਹੀ ਹੈ। ਇਸ ਦੇ ਨਾਲ ਹੀ ਸਾਊਦੀ ਅਰਬ ਤੋਂ ਵੀ 80 ਮੀਟ੍ਰਕ ਟਨ ਮੈਡੀਕਲ ਆਕਸੀਜਨ ਲਿਆਈ ਜਾ ਰਹੀ ਹੈ। ਬਰਤਾਨੀਆ ਨੇ ਵੀ ਵੈਂਟੀਲੇਟਰਾਂ ਅਤੇ ਆਕਸੀਜਨ ਸਮੇਤ ਹੋਰ ਕਈ ਤਰ੍ਹਾਂ ਦੇ ਮੈਡੀਕਲ ਉਪਕਰਨ ਭੇਜਣ ਦਾ ਐਲਾਨ ਕੀਤਾ ਹੈ। ਆਕਸੀਜਨ ਦੀ ਕਮੀ ਨਾਲ ਜੂਝ ਰਹੇ ਭਾਰਤ ਨੇ ਸਿੰਗਾਪੁਰ ਤੋਂ ਚਾਰ ਕ੍ਰਿਓਜੈਨਿਕ ਆਕਸੀਜਨ ਕੰਟੇਨਰ ਪ੍ਰਾਪਤ ਕਰ ਲਏ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਇਸ ਤਰ੍ਹਾਂ ਦੇ ਹੋਰ ਕੰਟੇਨਰ ਆ ਸਕਦੇ ਹਨ।

ਉਧਰ, ਰੂਸ ਵੱਡੀ ਮਾਤਰਾ ਵਿਚ ਆਕਸੀਜਨ ਜਨਰੇਟਰਾਂ ਅਤੇ ਕੋਵਿਡ ਨਾਲ ਸਬੰਧਤ ਹੋਰ ਕਈ ਤਰ੍ਹਾਂ ਦੀਆਂ ਸਹਾਇਤਾ ਨਾਲ ਲੈਸ ਵਿਸ਼ੇਸ਼ ਜਹਾਜ਼ ਭੇਜਣ ਦੀ ਯੋਜਨਾ ਬਣਾ ਰਿਹਾ ਹੈ। ਇਸ ਤੋਂ ਇਲਾਵਾ ਕੈਨੇਡਾ, ਜਰਮਨੀ, ਯੂਰਪੀਅਨ ਸੰਘ, ਯੂ.ਏ.ਈ., ਪਾਕਿਸਤਾਨ, ਚੀਨ, ਫਰਾਂਸ, ਡੈਨਮਾਰਕ, ਹਾਂਗਕਾਂਗ, ਇਰਾਨ, ਅਫਗਾਨਿਸਤਾਨ, ਭੂਟਾਨ ਅਤੇ ਜਾਪਾਨ ਸਮੇਤ ਕਈ ਦੇਸ਼ਾਂ ਨੇ ਭਾਰਤ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕਰਦੇ ਹੋਏ ਮਦਦ ਦੀ ਪੇਸ਼ਕਸ਼ ਕੀਤੀ ਹੈ।

## ਗਲੇਸ਼ੀਅਰ ਹੇਠ ਦਬਣ ਕਾਰਨ ਪੰਜਾਬ ਦੇ ਦੋ ਜਵਾਨ ਸ਼ਹੀਦ

**ਬਰਨਾਲਾ:** ਕੇਂਦਰ ਸ਼ਾਸਿਤ ਪ੍ਰਦੇਸ਼ ਲੇਹ ਲੱਦਾਖ ਦੇ ਸਿਆਚਿਨ ਖੇਤਰ 'ਚ ਗਲੇਸ਼ੀਅਰ ਹੇਠ 21 ਪੰਜਾਬ ਬਟਾਲੀਅਨ ਦੇ ਛੇ ਜਵਾਨ ਦੱਬ ਗਏ, ਜਿਨ੍ਹਾਂ ਵਿਚੋਂ ਦੋ ਸ਼ਹੀਦ ਹੋ ਗਏ।

ਸ਼ਹੀਦਾਂ ਵਿਚ ਬੋਹਾ ਹਲਕੇ ਦੇ ਪਿੰਡ ਹਾਕਮਵਾਲਾ ਦਾ ਸੈਨਿਕ ਪ੍ਰਭਜੀਤ ਸਿੰਘ (23) ਪੁੱਤਰ ਜਗਪਾਲ ਸਿੰਘ ਤੇ ਬਰਨਾਲਾ ਦੇ ਪਿੰਡ ਕਰਮਗੜ੍ਹ ਦਾ ਅਮਰਦੀਪ ਸਿੰਘ (22) ਸ਼ਾਮਲ ਹਨ।

## ਪੰਜਾਬ ਵਿਚ ਕੋਵਿਡ ਖਿਲਾਫ ਜੰਗ 'ਚ ਫੌਜ ਨੇ ਸੰਭਾਲੀ ਕਮਾਨ

**ਚੰਡੀਗੜ੍ਹ:** ਭਾਰਤੀ ਫੌਜ ਨੇ ਹੁਣ ਕੋਵਿਡ ਮਹਾਮਾਰੀ ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਦੀ ਮਦਦ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰੋਨਾ ਨੂੰ ਜੰਗ ਵਰਗੀ ਸਥਿਤੀ ਦੱਸਦਿਆਂ ਭਾਰਤੀ ਫੌਜ ਨੂੰ ਸਹਾਇਤਾ ਦੀ ਅਪੀਲ ਕੀਤੀ। ਭਾਰਤੀ ਫੌਜ ਦੀ ਪੱਛਮੀ ਕਮਾਂਡ ਨੇ ਮੈਡੀਕਲ ਸੇਵਾਵਾਂ ਦੇਣ ਸਮੇਤ ਹਰ ਸੰਭਵ ਮਦਦ ਦੀ ਪੇਸ਼ਕਸ਼ ਕੀਤੀ ਹੈ ਜਿਸ 'ਚ ਪੰਜਾਬ ਵਿਚ ਬੰਦ ਪਏ ਪੁਰਾਣੇ ਆਕਸੀਜਨ ਪਲਾਂਟਾਂ ਨੂੰ ਸੁਰਜੀਤ ਕਰਨਾ ਵੀ ਸ਼ਾਮਲ ਹੈ। ਇਸੇ ਦੌਰਾਨ ਮੁੱਖ ਮੰਤਰੀ ਨੇ ਪੰਜਾਬ 'ਚ ਲੌਕਡਾਊਨ ਲਗਾਏ ਜਾਣ ਤੋਂ ਇਨਕਾਰ ਕਰ ਦਿੱਤਾ ਹੈ।

ਪੱਛਮੀ ਕਮਾਂਡ ਦੇ ਜੀ.ਓ.ਸੀ-ਇਨ-ਸੀ ਲੈਫਟੀਨੈਂਟ ਜਨਰਲ ਆਰ.ਪੀ. ਸਿੰਘ ਨੇ ਸੀਨੀਅਰ ਕਮਾਂਡ ਅਧਿਕਾਰੀਆਂ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਕ ਵਰਚੁਅਲ ਮੀਟਿੰਗ ਦੌਰਾਨ ਪ੍ਰਸਤਾਵਿਤ 100 ਬੈੱਡਾਂ ਵਾਲੇ ਕੋਵਿਡ ਸੈਂਟਰ ਨੂੰ ਚਲਾਉਣ ਲਈ ਸਟਾਫ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ। ਫੌਜ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਉਹ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਨੂੰ ਹਰ ਸੰਭਵ ਸਹਾਇਤਾ ਦੇਣਗੇ। ਲੈਫਟੀਨੈਂਟ ਜਨਰਲ ਆਰ.ਪੀ. ਸਿੰਘ ਨੇ ਦੱਸਿਆ ਕਿ ਕਮਾਂਡ ਸੈਂਟਰ ਵੱਲੋਂ ਤਕਨੀਕੀ ਅਤੇ ਮਾਹਿਰਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਸ਼ਹਿਰੀ ਅਮਲੇ ਦੀ ਸਹਾਇਤਾ ਲਈ 15 ਸਿਖਲਾਈ ਪ੍ਰਾਪਤ ਨਰਸਾਂ ਨੂੰ ਪਹਿਲਾਂ ਹੀ ਪਟਿਆਲਾ ਭੇਜਿਆ ਗਿਆ ਹੈ। ਇਸੇ ਤਰ੍ਹਾਂ ਮਾਹਿਰਾਂ ਨੂੰ ਮੌਜੂਦਾ ਉਦਯੋਗਿਕ ਇਕਾਈਆਂ 'ਚ ਬੰਦ ਪਏ ਆਕਸੀਜਨ ਪਲਾਂਟਾਂ ਦਾ ਦੌਰਾ ਕਰਨ ਲਈ ਭੇਜਿਆ ਜਾਵੇਗਾ।

# ਪੰਜਾਬ ਦੀ ਸਿਆਸਤ ਵਿਚ ਹਲਚਲ

*(ਸਫਾ ਇਕ ਦੀ ਬਾਕੀ)*

ਕੋਸ਼ਿਸ਼ ਕੀਤੀ ਹੈ। ਮੀਟਿੰਗ ਵਿਚ ਵਿਧਾਇਕਾਂ ਨੇ ਕੈਪਟਨ ਨੂੰ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਜੇ ਸਰਕਾਰ ਨੇ ਇਸੇ ਤਰ੍ਹਾਂ ਨਾਲਾਇਕੀ ਦਿਖਾਈ ਤਾਂ ਚੋਣਾਂ ਵੇਲੇ ਕਿਸੇ ਕਾਂਗਰਸੀ ਆਗੂ ਨੂੰ ਲੋਕਾਂ ਨੇ ਪਿੰਡ ਨਹੀਂ ਵੜਨ ਦੇਣਾ। ਉਧਰ, ਵਿਰੋਧੀ ਧਿਰਾਂ ਕਾਂਗਰਸ ਅੰਦਰਲੀ ਸੱਜਰੀ ਬਗਾਵਤ ਤੋਂ ਬਾਗੋਬਾਗ ਹਨ।

ਅਕਾਲੀ ਦਲ ਤੇ ਆਮ ਆਦਮੀ ਪਾਰਟੀ, ਕੈਪਟਨ ਸਰਕਾਰ ਦੀਆਂ ਨਾਲਾਇਕੀ ਗਿਣਵਾਉਣ ਵਿਚ ਜੁਟ ਗਈਆਂ ਹਨ। ਅਕਾਲੀ ਦਲ ਨਾਲੋਂ ਟੁੱਟ ਕੇ ਬਣੇ ਸਿਆਸੀ ਧੜੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਏਕੇ ਦੇ ਹੋਕੇ ਦੇਣ ਲੱਗੇ ਹਨ। ਅਕਾਲੀ ਦਲ ਟਕਸਾਲੀ ਅਤੇ ਅਕਾਲੀ ਦਲ ਡੈਮੋਕਰੈਟਿਕ ਨੇ ਪਹਿਲਾਂ ਹੀ ਸਾਂਝੀ ਪਾਰਟੀ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਹੁਣ ਹੋਰ ਸਿਆਸੀ ਤੇ ਪੰਥਕ ਧਿਰਾਂ ਨੇ ਸਿਰ ਜੋੜੇ ਹਨ। ਪੰਜਾਬ ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਦੀ ਘੇਰਾਬੰਦੀ ਲਈ ਦਰਜਨਾਂ ਸਿਆਸੀ ਤੇ ਪੰਥਕ ਆਗੂਆਂ ਨੇ ਵਿਚਾਰ ਚਰਚਾ ਕਰ ਦਿੱਤੀ ਹੈ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਅਕਾਲੀ ਦਲ (ਡੈਮੋਕਰੈਟਿਕ), ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਤਲਵੰਡੀ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਦਲ ਖਾਲਸਾ ਦੇ ਕੰਵਰਪਾਲ ਸਿੰਘ, ਸਿੱਖ ਬੁੱਧੀਜੀਵੀ ਅਜੇ ਪਾਲ ਸਿੰਘ ਬਰਾੜ, ਵਿਧਾਇਕ ਜਗਦੇਵ ਸਿੰਘ ਕਮਾਲੂ ਤੇ ਪਿਰਮਲ ਸਿੰਘ ਤੋਂ ਇਲਾਵਾ ਹੋਰ ਪੰਥਕ ਆਗੂਆਂ ਨਾਲ ਮੀਟਿੰਗ ਕਰ ਕੇ ਅੱਗੇ ਦੀ ਰਣਨੀਤੀ ਬਾਰੇ ਚਰਚਾ ਸ਼ੁਰੂ ਕੀਤੀ ਹੈ। ਇਨ੍ਹਾਂ ਆਗੂਆਂ ਨੇ ਜਿਥੇ ਪੰਜਾਬ ਸਰਕਾਰ ਖਿਲਾਫ ਮੋਰਚਾ ਲਾਉਣ ਲਈ ਰਣਨੀਤੀ ਘੜੀ ਹੈ, ਉਥੇ ਰਿਵਾਇਤੀ ਧਿਰਾਂ ਖਿਲਾਫ ਚੋਣਾਂ ਤੋਂ ਪਹਿਲਾਂ ਤੀਜਾ ਬਦਲ ਖੜ੍ਹਾ ਕਰਨ ਲਈ ਵੀ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ।

ਸਿਆਸੀ ਮਾਹਰਾਂ ਮੰਨਣਾ ਹੈ ਕਿ ਭਾਵੇਂ ਮੌਜੂਦਾ ਸਿਆਸੀ ਮਾਹੌਲ ਕਾਂਗਰਸ ਦੇ ਹੱਕ ਵਿਚ ਹੈ ਪਰ ਸਥਾਪਿਤ ਧਿਰਾਂ ਖਿਲਾਫ ਜਿਸ ਤਰ੍ਹਾਂ ਦੀ ਲਾਮਬੰਦੀ ਸ਼ੁਰੂ ਹੋਈ ਹੈ, ਇਹ ਕਾਂਗਰਸ ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਚਾਲ ਸਾਲਾਂ ਵਿਚ ਕੈਪਟਨ ਸਰਕਾਰ ਆਪਣਾ ਇਕ ਵੀ ਚੋਣ ਵਾਅਦਾ ਸਿਰੇ ਨਹੀਂ ਲਾ ਸਕੀ। ਕਿਸਾਨ ਅੰਦੋਲਨ ਸੱਤਾਧਾਰੀ ਧਿਰ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਕਿਸਾਨ ਧਿਰਾਂ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਬਾਰੇ ਕੈਪਟਨ ਤੇ ਬਾਦਲਾਂ ਦੇ ਰਵੱਈਏ ਤੋਂ ਖਫਾ ਹਨ ਤੇ ਅਜਿਹੇ ਮਾਹੌਲ ਵਿਚ ਕਿਸੇ ਤੀਜੇ ਬਦਲ ਦੀ ਉਮੀਦ ਵਿਚ ਹਨ। ਅਜਿਹੇ ਮੌਕੇ ਉਤੇ ਕਾਂਗਰਸ ਦੀ ਅੰਦਰੂਨੀ ਬਗਾਵਤ ਨੇ ਵਿਰੋਧੀ ਧਿਰਾਂ ਨੂੰ ਵੱਡਾ ਮੌਕਾ ਦਿੱਤਾ ਹੈ। ਆਮ ਆਦਮੀ ਪਾਰਟੀ ਇਸ ਮੌਕੇ ਦਾ ਫਾਇਦਾ ਚੁੱਕਣ ਦੀ ਤਾਕ ਵਿਚ ਹਨ ਤੇ ਕਾਂਗਰਸ ਦੇ ਬਾਗੀਆਂ ਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਦੱਸਿਆ ਜਾ ਰਿਹਾ ਹੈ ਕਿ 'ਆਪ' ਦੀ ਨਜ਼ਰ ਇਸ ਸਮੇਂ ਨਵਜੋਤ ਸਿੱਧੂ ਉਤੇ ਹੈ ਤੇ ਉਸ ਨੂੰ ਮੁੱਖ ਮੰਤਰੀ ਉਮੀਦਵਾਰ ਬਣਾਉਣ ਦਾ ਐਲਾਨ ਵੀ ਕੀਤਾ ਜਾ ਚੁੱਕਾ ਹੈ।

ਕੈਪਟਨ ਅਮਰਿੰਦਰ ਵੀ ਸਿੱਧੂ ਦੀ ਚੁਣੌਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਖਾਸਕਰ ਸਿੱਧੂ ਦੀਆਂ ਉਨ੍ਹਾਂ ਦੇ ਜੱਦੀ ਸ਼ਹਿਰ ਪਟਿਆਲਾ ਵਿਚ ਇਕਦਮ ਵਧਾਈਆਂ ਸਰਗਰਮੀਆਂ ਤੋਂ ਚੌਕੰਨੇ ਹੋ ਗਏ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਸਿੱਧੂ ਨੂੰ ਪਟਿਆਲਾ ਸੀਟ ਉਤੇ ਉਨ੍ਹਾਂ ਦੇ ਬਰਾਬਰ ਚੋਣ ਲੜਨ ਲਈ ਵੰਗਾਰਿਆ ਹੈ। ਮੌਜੂਦਾ ਹਾਲਾਤ ਇਹ ਹਨ ਕਿ ਕਾਂਗਰਸ ਵੱਲੋਂ ਵਿਰੋਧੀਆਂ ਦੀ ਬਜਾਏ ਪਹਿਲਾਂ 'ਆਪਣਾ ਘਰ' (ਬਾਗੀਆਂ) ਸਾਂਭਣ ਉਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ।

ਇਸੇ ਕਾਰਨ ਕੈਪਟਨ ਨੇ ਆਪਣੇ ਵਿਧਾਇਕਾਂ ਤੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ ਹੈ, ਪਰ ਕਾਂਗਰਸੀ ਆਗੂਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇ ਅਜੇ ਵੀ ਮੌਕਾ ਨਾ ਸਾਂਭਿਆ ਤਾਂ ਹਾਲਾਤ ਵੱਸੋਂ ਬਾਹਰ ਹੋ ਜਾਣਗੇ ਤੇ ਬਣੀ ਬਣਾਈ ਖੇਡ ਵਿਗੜ ਜਾਵੇਗੀ। ਦੋ ਗੇੜਾਂ ਵਿਚ ਦਰਜਨਾਂ ਵਿਧਾਇਕਾਂ ਨੇ ਮੁੱਖ ਮੰਤਰੀ ਨੂੰ ਪੰਜਾਬ ਦੀ ਲੋਕ ਰਾਇ ਦਾ ਸ਼ੀਸ਼ਾ ਦਿਖਾਇਆ। ਦੂਜੇ ਪਾਸੇ ਵਿਧਾਇਕਾਂ ਨੇ ਦੋ ਟੁੱਕ ਲਫਜ਼ਾਂ 'ਚ ਮੁੱਖ ਮੰਤਰੀ ਨੂੰ ਕਿਹਾ ਕਿ ਬੇਅਦਬੀ ਦੇ ਕਸੂਰਵਾਰ ਨਾ ਫੜੇ ਗਏ ਤਾਂ ਲੋਕ ਉਨ੍ਹਾਂ ਨੂੰ ਪਿੰਡਾਂ 'ਚ ਨਹੀਂ ਵੜਨ ਨਹੀਂ ਦੇਣਗੇ।

ਵਿਧਾਇਕਾਂ ਨੇ ਕੈਪਟਨ ਨੂੰ ਜ਼ਮੀਨੀ ਸੱਚ ਦਿਖਾਇਆ ਕਿ ਬੇਅਦਬੀ ਮਾਮਲੇ 'ਤੇ ਕੋਈ ਸਿੱਟਾ ਨਾ ਨਿਕਲਣ ਕਰਕੇ ਲੋਕ ਸਵਾਲ ਕਰ ਰਹੇ ਹਨ। ਜੇ ਅਗਲੀਆਂ ਚੋਣਾਂ ਲਈ ਲੋਕਾਂ ਵਿਚ ਜਾਣਾ ਹੈ ਤਾਂ ਬੇਅਦਬੀ ਮਾਮਲੇ ਵਿਚ ਨਤੀਜਾ ਦੇਣਾ ਪਵੇਗਾ। ਯਾਦ ਰਹੇ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਬੇਅਦਬੀ ਤੇ ਗੋਲੀਕਾਂਡ ਵੱਡਾ ਮੁੱਦਾ ਬਣੇ ਸਨ ਤੇ ਕਾਂਗਰਸ ਪੀੜਤਾਂ ਨੂੰ ਇਨਸਾਫ ਦਿਵਾਉਣ ਦਾ ਵਾਅਦੇ ਕਰ ਕੇ ਅਕਾਲੀਆਂ ਹੱਥੋਂ ਸੱਤਾ ਖੋਹਣ ਵਿਚ ਸਫਲ ਰਹੀ ਸੀ ਪਰ ਚਾਰ ਸਾਲਾਂ ਵਿਚ ਕੈਪਟਨ ਸਰਕਾਰ ਦਾ ਇਹ ਵਾਅਦਾ ਜਾਂਚ ਟੀਮਾਂ ਦੇ ਗਠਨ ਵਿਚ ਹੀ ਉਲਝਿਆ ਰਿਹਾ। ਹੁਣ ਜਦੋਂ ਕੁੰਵਰ ਵਿਜੇ ਪ੍ਰਤਾਪ ਵਾਲੀ ਸਿੱਟ ਨੇ ਜਾਂਚ ਸਿਰੇ ਲਾ ਲਈ ਸੀ ਤੇ ਇਨਸਾਫ ਦੀ ਉਮੀਦ ਬੱਝੀ ਸੀ ਤਾਂ ਹਾਈ ਕੋਰਟ ਨੇ ਇਸ ਟੀਮ ਦੀ ਜਾਂਚ ਰਿਪੋਰਟ ਹੀ ਰੱਦ ਕਰ ਦਿੱਤੀ। ਕੈਪਟਨ ਸਰਕਾਰ ਉਤੇ ਦੋਸ਼ ਲੱਗ ਰਹੇ ਹਨ ਕਿ ਬਾਦਲਾਂ ਨੂੰ ਬਚਾਉਣ ਲਈ ਉਹ ਜਾਣਬੁਝ ਕੇ ਹਾਈਕੋਰਟ ਵਿਚ ਕੇਸ ਹਾਰੀ।

ਚੇਤੇ ਰਹੇ ਕਿ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਹੋਈ ਸੀ ਤੇ 12 ਅਕਤੂਬਰ ਨੂੰ ਬੀੜ ਦੇ ਪੱਤਰੇ ਪਿੰਡ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਸਣੇ ਨੇੜਲੇ ਪਿੰਡਾਂ ਵਿਚੋਂ ਖਿੱਲਰੇ ਮਿਲੇ। ਇਸ ਦੇ ਰੋਸ ਵਿਚ 14 ਅਕਤੂਬਰ ਨੂੰ ਸੰਗਤ ਵੱਲੋਂ ਕੋਟਕਪੂਰਾ 'ਚ ਸ਼ਾਂਤੀਪੂਰਵਕ ਧਰਨਾ ਦਿੱਤਾ ਗਿਆ ਸੀ ਤੇ ਇਥੇ ਪੁਲਿਸ ਵੱਲੋਂ ਕੀਤੀ ਗੋਲੀਬਾਰੀ ਵਿਚ ਦੋ ਸਿੱਖਾਂ ਦੀ ਮੌਤ ਹੋ ਗਈ ਸੀ।

ਇਨ੍ਹਾਂ ਦੁਖਦਾਈ ਘਟਨਾਵਾਂ ਨੇ ਇਕ ਨਾ ਖਤਮ ਹੋਣ ਵਾਲੇ ਰੋਸ ਭਰਪੂਰ ਘਟਨਾਕ੍ਰਮ ਨੂੰ ਜਨਮ ਦਿੱਤਾ ਸੀ। ਇਸ ਮਸਲੇ ਨੂੰ ਚੰਗੀ ਤਰ੍ਹਾਂ ਨਾ ਸੰਭਾਲੇ ਜਾ ਸਕਣ ਕਾਰਨ ਉਸ ਸਮੇਂ ਅਕਾਲੀ-ਭਾਜਪਾ ਸਰਕਾਰ ਦੀ ਵੱਡੀ ਸਿਆਸੀ ਹਾਰ ਮਿਲੀ ਸੀ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਮਿਲੀ ਵੱਡੀ ਹਾਰ ਦਾ ਵੱਡਾ ਕਾਰਨ ਵਾਪਰੇ ਇਸ ਘਟਨਾਕ੍ਰਮ ਨੂੰ ਵੀ ਸਮਝਿਆ ਜਾਂਦਾ ਰਿਹਾ ਹੈ। ਹੁਣ ਚੋਣਾਂ ਤੋਂ ਪਹਿਲਾਂ ਇਸੇ ਮਾਮਲੇ ਵਿਚ ਕੈਪਟਨ ਸਰਕਾਰ ਦੀ ਨਾਕਾਮੀ ਨੇ ਪੰਜਾਬ ਵਿਚ ਨਵੇਂ ਸਿਆਸੀ ਸਮੀਕਰਨਾਂ ਦੇ ਸੰਕੇਤ ਦਿੱਤੇ ਹਨ।

## ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਬੰਦ, ਕੈਪਟਨ ਵੱਲੋਂ ਨਵੀਂ ਸਿੱਟ ਦਾ ਐਲਾਨ

*(ਸਫਾ ਇਕ ਦੀ ਬਾਕੀ)*

ਦੱਸਣਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ 'ਚ 27 ਮਈ 2019 ਤੋਂ 18 ਜਨਵਰੀ 2021 ਤੱਕ ਕੁੱਲ ਚਾਰ ਚਲਾਨ ਅਦਾਲਤ 'ਚ ਪੇਸ਼ ਕੀਤੇ ਸਨ ਅਤੇ ਇਸ ਕਾਂਡ 'ਚ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਏ.ਡੀ.ਸੀ.ਪੀ. ਪਰਮਜੀਤ ਪੰਨੂੰ, ਐਸ.ਪੀ. ਬਲਜੀਤ ਸਿੰਘ, ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਅਤੇ ਸਾਬਕਾ ਅਕਾਲੀ ਵਿਧਾਇਕ ਮੁਲਜ਼ਮ ਵਜੋਂ ਨਾਮਜ਼ਦ ਹੋਏ ਸਨ।

## ਸਿੱਖ ਜਥੇਬੰਦੀਆਂ ਸਰਕਾਰ ਖਿਲਾਫ ਸੰਘਰਸ਼ ਕਰਨਗੀਆਂ

**ਮੁਹਾਲੀ:** ਸਿੱਖ ਜਥੇਬੰਦੀਆਂ ਨੇ ਕੈਪਟਨ ਸਰਕਾਰ ਖਿਲਾਫ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ। ਕੋਟਕਪੂਰਾ ਗੋਲੀ ਕਾਂਡ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਤਾਜ਼ਾ ਫੈਸਲੇ ਖਿਲਾਫ ਰੋਸ ਜ਼ਾਹਿਰ ਕਰਦਿਆਂ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਨੇ ਅਦਾਲਤ ਦੇ ਫੈਸਲੇ ਦੀਆਂ ਕਾਪੀਆਂ ਸਾੜਨ ਦਾ ਐਲਾਨ ਕੀਤਾ ਹੈ। ਪੰਥਕ ਅਕਾਲੀ ਲਹਿਰ, ਸੰਤ ਸਮਾਜ, ਨੌਜਵਾਨ ਪ੍ਰਚਾਰਕਾਂ, ਬੁੱਧੀਜੀਵੀਆਂ, ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਤੇ ਸਿੱਖ ਜਥੇਬੰਦੀਆਂ ਦੀ ਮੀਟਿੰਗ ਵਿਚ ਇਹ ਐਲਾਨ ਕੀਤਾ ਗਿਆ। ਆਗੂਆਂ ਨੇ ਕਿਹਾ ਹੈ ਕਿ ਉਹ ਕੋਟਕਪੂਰਾ ਚੌਕ ਵਿਚ ਅਦਾਲਤ ਦੇ ਫੈਸਲੇ ਦੀਆਂ ਕਾਪੀਆਂ ਸਾੜ ਕੇ ਮੁੜ ਸੰਘਰਸ਼ ਦਾ ਮੁੱਢ ਬੰਨ੍ਹਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੇਂਦਰ ਸਰਕਾਰ ਦੇ ਅਪਰੇਸ਼ਨ ਕਲੀਨ ਖਿਲਾਫ ਪੰਜਾਬੀ ਫਿਰ ਉਠੇ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੀ ਇਕ ਆਵਾਜ਼ 'ਤੇ ਪੰਜਾਬ ਦੇ ਕਿਸਾਨ ਹਾੜ੍ਹੀ ਦੀ ਫਸਲ ਅੱਧ ਵਿਚਾਲੇ ਛੱਡ ਕੇ ਮੁੜ ਦਿੱਲੀ ਦੇ ਰਾਹ ਪੈ ਗਏ ਹਨ। ਕੋਈ ਕੰਬਾਈਨ ਖੇਤਾਂ 'ਚ ਛੱਡ ਦਿੱਲੀ ਵੱਲ ਤੁਰ ਪਿਆ ਹੈ ਜਦਕਿ ਬਹੁਤੇ ਕਿਸਾਨ ਮੰਡੀਆਂ 'ਚ ਕਣਕ ਛੱਡ ਆਪ ਦਿੱਲੀ ਆ ਬੈਠੇ ਹਨ। ਕੇਂਦਰ ਸਰਕਾਰ ਵੱਲੋਂ ਜਦੋਂ 'ਅਪਰੇਸ਼ਨ ਕਲੀਨ' ਦਾ ਖ਼ੌਫ ਦਿਖਾਇਆ ਗਿਆ ਤਾਂ ਸਮੁੱਚਾ ਪੰਜਾਬ ਮੁੜ ਪੱਬਾਂ ਭਾਰ ਹੋ ਗਿਆ ਹੈ। ਅਪਰੇਸ਼ਨ ਕਲੀਨ ਨੂੰ ਟੱਕਰ ਦੇਣ ਲਈ ਪਿੰਡਾਂ 'ਚ ਨਵੀਂ ਲਹਿਰ ਖੜ੍ਹੀ ਹੋ ਗਈ ਹੈ। 'ਅਪਰੇਸ਼ਨ ਕਲੀਨ' ਦੇ ਡਰ ਮਗਰੋਂ ਪੰਜਾਬ 'ਚੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਵੀ ਦਿੱਲੀ ਮੋਰਚੇ ਵਿਚ ਪੁੱਜਣ ਲੱਗ ਪਏ ਹਨ।

ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਦੀ 'ਕਰੋਨਾ ਚਾਲ' ਨੂੰ ਬੇਪਰਦ ਕੀਤਾ ਜਾਣ ਲੱਗਿਆ ਹੈ। ਜਦੋਂ ਤੋਂ ਕੇਂਦਰ ਸਰਕਾਰ ਨੇ 'ਅਪਰੇਸ਼ਨ ਕਲੀਨ' ਦਾ ਪ੍ਰਚਾਰ ਕੀਤਾ ਹੈ, ਉਦੋਂ ਤੋਂ ਪੰਜਾਬ ਦੇ ਲੋਕਾਂ ਦਾ ਮੁੜ ਖ਼ੂਨ ਖੌਲਿਆ ਹੈ। ਅਜਿਹੇ ਅਪਰੇਸ਼ਨ ਖਿਲਾਫ ਲੋਕ ਕੰਧ ਬਣ ਕੇ ਖੜ੍ਹਨ ਲਈ ਦਿੱਲੀ ਵੱਲ ਚੱਲੇ ਹਨ।

ਕਰੋਨਾ ਦੀ ਦੂਸਰੀ ਲਹਿਰ ਸਿਖਰ ਵੱਲ ਵਧੀ ਹੈ ਤਾਂ ਕਿਸਾਨ ਆਗੂ ਧਰਨਿਆਂ ਵਿਚ ਜ਼ੋਰਦਾਰ ਤਰੀਕੇ ਨਾਲ ਗੱਲ ਉਭਾਰਨ ਲੱਗੇ ਹਨ ਕਿ ਕੇਂਦਰ ਸਰਕਾਰ ਕਰੋਨਾ ਦੇ ਨਾਮ ਹੇਠ ਕਿਸਾਨਾਂ ਨੂੰ ਦਿੱਲੀ ਤੋਂ ਖਦੇੜਨ ਦੀ ਚਾਲ ਚੱਲ ਸਕਦੀ ਹੈ।

ਪੰਜਾਬ ਵਿਚੋਂ ਦਿੱਲੀ ਮੋਰਚੇ 'ਚ ਜਾਣ ਵਾਲੇ ਕਿਸਾਨਾਂ ਦੀ ਗਿਣਤੀ ਵਧਣ ਲੱਗੀ ਹੈ। ਵਾਢੀ ਦਾ ਕੰਮ ਨਿਬੇੜਨ ਕਰਕੇ ਕਿਸਾਨਾਂ ਦੇ ਕਾਫਲੇ ਦਿੱਲੀ



ਵੱਲ ਜਾਣ ਲੱਗੇ ਹਨ। ਮੋਗਾ, ਫਿਰੋਜ਼ਪੁਰ, ਫਰੀਦਕੋਟ, ਸੰਗਰੂਰ, ਬਠਿੰਡਾ, ਮਾਨਸਾ, ਪਟਿਆਲਾ, ਲੁਧਿਆਣਾ ਜਿਲ੍ਹੇ ਵਿਚੋਂ ਸੈਂਕੜੇ ਜਥੇ ਦਿੱਲੀ ਦੀ ਟਿਕਰੀ ਅਤੇ ਸਿੰਘੂ ਹੱਦ ਲਈ ਰਵਾਨਾ ਹੋਏ। ਪੰਜਾਬ ਵਿਚ ਭਾਜਪਾ ਆਗੂਆਂ ਦੇ ਘਰਾਂ ਅੱਗੇ, ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰੀ ਟਿਕਾਣਿਆਂ ਅੱਗੇ ਅਤੇ ਕੁੱਲ ਸਵਾ ਸੌ ਦੇ ਕਰੀਬ ਧਰਨਿਆਂ ਵਿਚ ਕਿਸਾਨ ਆਗੂਆਂ ਨੇ ਮੁੱਖ ਧਿਆਨ ਕਰੋਨਾ ਦੀ ਦੂਸਰੀ ਲਹਿਰ 'ਤੇ ਕੇਂਦਰਿਤ ਕੀਤਾ ਅਤੇ ਦੱਸਿਆ ਕਿ ਕਿਵੇਂ ਸਰਕਾਰ ਕੋਵਿਡ ਖਿਲਾਫ ਪ੍ਰਬੰਧ ਜੁਟਾਉਣ ਵਿਚ ਫੇਲ੍ਹ ਹੋਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨ ਤਾਂ ਕਰੋਨਾ ਤੋਂ ਵੀ ਵੱਧ ਖਤਰਨਾਕ ਹਨ, ਜਿਸ ਕਰਕੇ ਕਰੋਨਾ ਕਿਸਾਨਾਂ ਦੇ ਹੌਸਲੇ ਪਸਤ ਨਹੀਂ ਕਰ ਸਕੇਗਾ। ਆਗੂਆਂ ਨੇ ਕਿਹਾ ਕਿ ਕਰੋਨਾ ਨਾਲੋਂ ਵੱਧ ਅੱਜ ਖੇਤੀ ਕਾਨੂੰਨਾਂ ਖਿਲਾਫ ਲੜਨ ਦੀ ਲੋੜ ਹੈ।

ਕਿਸਾਨ ਸੰਘਰਸ਼ ਮੋਰਚੇ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨਾਂ ਦਾ ਅੰਦੋਲਨ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਭਾਜਪਾ ਸਰਕਾਰ ਦੇ ਖਾਤਮੇ ਦੇ ਨਾਲ ਹੀ ਸਮਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਕੇਂਦਰ ਸਰਦਾਰ ਵੱਲੋਂ ਕਰੋਨਾ ਦਾ ਡਰ ਪੈਦਾ ਕੀਤਾ ਜਾ ਰਿਹਾ ਹੈ ਜਦੋਂਕਿ ਭਾਜਪਾ ਵੱਲੋਂ ਕੀਤੀਆਂ ਜਾ ਰਹੀਆਂ ਚੋਣ ਰੈਲੀਆਂ ਸਬੰਧੀ ਕੇਂਦਰ ਸਰਕਾਰ ਚੁੱਪ ਧਾਰੀ ਬੈਠੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਕਿਸਾਨ ਅੰਦੋਲਨ ਕਰ ਕੇ ਨਹੀਂ, ਸਗੋਂ ਭਾਜਪਾ ਦੀਆਂ ਚੋਣ ਰੈਲੀਆਂ ਕਰ ਕੇ ਫੈਲ ਰਿਹਾ ਹੈ।

ਰਾਕੇਸ਼ ਟਿਕੈਤ ਨੇ ਹਲਕਾ ਸਰਦੂਲਗੜ੍ਹ ਦੇ ਪਿੰਡ ਕਰੰਡੀ ਵਿਚ ਕਿਸਾਨ ਰੈਲੀ ਦੌਰਾਨ ਕਿਹਾ ਕਿ ਕੇਂਦਰ ਸਰਕਾਰ ਦਾ ਕਲੀਨ ਅਪਰੇਸ਼ਨ ਕਰ ਕੇ ਤਾਂ ਵੇਖੇ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਰੇ ਭਾਰਤ ਨੂੰ ਉਦਯੋਗਪਤੀਆਂ ਦੇ ਹੱਥ ਵਿਚ ਦੇਣਾ ਚਾਹੁੰਦਾ ਹੈ। ਉਸ ਦੀ ਇਹ ਚਾਲ ਕਾਮਯਾਬ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਅੱਜ ਪਹਿਲੀ ਵਾਰ ਪੰਜਾਬ ਦੇ ਪਹਿਲੇ ਪਿੰਡ ਕਰੰਡੀ ਪਹੁੰਚਿਆ ਹਾਂ ਤੇ ਦੇਖਿਆ ਹੈ ਕਿ ਪੰਜਾਬ ਦੀਆਂ ਅਨਾਜ ਮੰਡੀਆਂ 'ਚ ਕਿਸਾਨਾਂ ਨੂੰ ਕੇਂਦਰ ਦੀ ਭਾਜਪਾ ਸਰਕਾਰ ਜਾਣ ਬੁੱਝ ਕੇ ਪਰੇਸ਼ਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲੇ ਵੀ ਮੌਕਾ ਹੈ ਕਿ ਪ੍ਰਧਾਨ ਮੰਤਰੀ ਖੇਤੀ ਕਾਨੂੰਨ ਵਾਪਸ ਲੈ ਲਵੇ ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ।

## ਅਪਰੇਸ਼ਨ ਕਲੀਨ ਖਿਲਾਫ 'ਸੂਤਾਈ ਅਭਿਆਨ'

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਾਕੇਸ਼ ਟਿਕੈਤ ਨੇ ਹਿਸਾਰ ਦੇ ਮਈਅੜ ਟੌਲ ਪਲਾਜ਼ਾ 'ਤੇ ਕਿਸਾਨ ਮਹਾਂਪੰਚਾਇਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਅੰਦੋਲਨ ਖਿਲਾਫ 'ਅਪਰੇਸ਼ਨ ਕਲੀਨ' ਚਲਾਉਣ ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਕੋਈ ਅਜਿਹਾ ਕਦਮ ਉਠਾਉਂਦੀ ਹੈ ਤਾਂ ਕਿਸਾਨਾਂ ਵੱਲੋਂ ਭਾਜਪਾ ਖਿਲਾਫ 'ਸੂਤਾਈ ਅਭਿਆਨ' ਚਲਾਇਆ ਜਾਵੇਗਾ। ਇਹ 'ਸੂਤਾਈ ਅਭਿਆਨ ਪੂਰੇ ਦੇਸ਼ ਵਿਚ ਚਲਾਇਆ ਜਾਵੇਗਾ। ਸਰਕਾਰ ਅਜਿਹਾ ਕਦਮ ਉਠਾ ਕੇ ਕੇ ਦੇਖ ਲਵੇ, ਕਿਸਾਨ ਇਕ ਘੰਟੇ ਵਿਚ ਉਸ ਦਾ ਮੂੰਹ-ਤੋੜ ਜਵਾਬ ਦੇਣਗੇ। ਸ੍ਰੀ ਟਿਕੈਤ ਨੇ ਕਿਹਾ ਕਿ ਕਾਰਪੋਰੇਟ ਘਰਾਣੇ ਆਪਣੇ ਨਿੱਜੀ ਹਿੱਤਾਂ ਲਈ ਕੰਮ ਕਰਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਦੇਸ਼ ਦੇ ਸਰਕਾਰੀ ਵਿਭਾਗਾਂ ਨੂੰ ਇਕ-ਇਕ ਕਰ ਕੇ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਵਿਚ ਲੱਗੀ ਹੋਈ ਹੈ।

## ਮੁਲਾਜ਼ਮਾਂ ਵੱਲੋਂ ਕਿਸਾਨ ਮੋਰਚੇ ਵਿਚ ਸ਼ਮੂਲੀਅਤ

**ਨਵੀਂ ਦਿੱਲੀ:** ਟਿਕਰੀ ਬਾਰਡਰ 'ਤੇ ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹਾ ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਮੁਲਾਜ਼ਮਾਂ ਨੇ ਕਿਸਾਨ ਮੋਰਚੇ ਵਿਚ ਸ਼ਮੂਲੀਅਤ ਕੀਤੀ। ਇਸ ਸਬੰਧੀ ਫੈਡਰੇਸ਼ਨ ਆਗੂ ਪਵਨ ਕੁਮਾਰ, ਅਮੋਲਕ ਡੇਲੂਆਣਾ ਅਤੇ ਪਰਮਿੰਦਰ ਸਿੰਘ ਮਾਨਸਾ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਵਿਰੋਧੀ ਕਾਨੂੰਨ ਅਸਲ ਵਿਚ ਲੋਕ ਮਾਰੂ ਅਤੇ ਕਾਲੇ ਕਾਨੂੰਨ ਹਨ ਜਿਨ੍ਹਾਂ ਦਾ ਅਸਰ ਸਿਰਫ ਕਿਸਾਨਾਂ 'ਤੇ ਹੀ ਨਹੀਂ ਸਗੋਂ ਹਰ ਵਰਗ 'ਤੇ ਪਵੇਗਾ। ਮੁਲਾਜ਼ਮ ਫੈਡਰੇਸ਼ਨ ਦੇ ਸੱਦੇ 'ਤੇ ਟਿਕਰੀ ਬਾਰਡਰ 'ਤੇ ਪਹੁੰਚੇ ਕੁਲਵਿੰਦਰ ਸਿੰਘ, ਰਾਕੇਸ ਕੁਮਾਰ, ਗੁਰਮੇਲ ਸਿੰਘ, ਸੁਖਰਾਜ ਸਿੰਘ ਬੁੱਟਰ, ਗੁਰਜੀਤ ਸਿੰਘ, ਪਰਮਜੀਤ ਸੇਖੋਂ ਅਤੇ ਗੁਰਦਾਸ ਗੁਰਨੇ ਨੇ ਦੱਸਿਆ ਕਿ ਕਿਸਾਨ ਸੰਘਰਸ਼ ਨੂੰ ਖਤਮ ਕਰਨ ਲਈ ਘੜੀਆਂ ਜਾ ਰਹੀਆਂ ਸਾਜ਼ਿਸ਼ਾਂ ਦਾ ਕਿਸਾਨਾਂ ਵੱਲੋਂ ਮੂੰਹ ਤੋੜਵਾਂ ਜਵਾਬ ਦਿੱਤਾ ਜਾ ਰਿਹਾ ਹੈ।

# ਕਿਸਾਨਾਂ ਦੇ ਅੰਦੋਲਨ ਨੇ ਮੋਦੀ ਨੂੰ ਨਾਨੀ ਯਾਦ ਕਰਵਾਈ: ਰਾਜੇਵਾਲ

**ਨਵੀਂ ਦਿੱਲੀ:** ਤਿੰਨਾਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਨੂੰ ਚੁਫੇਰਿਓਂ ਘੇਰੀ ਬੈਠੇ ਕਿਸਾਨਾਂ ਦੇ ਸੰਘਰਸ਼ ਨੂੰ 150 ਦਿਨ ਪੂਰੇ ਹੋਣ ਮਗਰੋਂ ਵੀ ਕਿਸਾਨ ਆਗੂਆਂ ਦੇ ਰੁਖ ਵਿਚ ਕੋਈ ਨਰਮੀ ਨਹੀਂ ਆਈ ਸਗੋਂ ਉਹ ਹੋਰ ਵੀ ਹਿੰਮਤ ਨਾਲ ਕਿਸਾਨਾਂ ਨੂੰ ਲਾਮਬੰਦ ਕਰ ਰਹੇ ਹਨ। ਟਿਕਰੀ ਬਾਰਡਰ 'ਤੇ ਕਿਸਾਨ ਆਗੂ ਗਰਜੇ ਅਤੇ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦੇ ਬਖੀਏ ਉਧੇੜੇ, ਨਾਲ ਹੀ ਅਲੜਾਈ ਜਾਰੀ ਰੱਖਣ ਦਾ ਐਲਾਨ ਕੀਤਾ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨਾਂ ਦੇ ਅੰਦੋਲਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਾਨੀ ਯਾਦ ਕਰਵਾ ਦਿੱਤੀ ਹੈ ਤੇ ਇਸ ਅੰਦੋਲਨ ਨੇ ਦੇਸ਼ ਨੂੰ ਰਾਹ ਦਿਖਾਇਆ ਹੈ। ਉਨ੍ਹਾਂ ਕਿਹਾ, 'ਕੁਝ ਲੋਕ ਆਪਣੀ ਗੱਲ ਸਾਡੇ ਮੂੰਹਾਂ ਵਿਚ ਪਾਉਣੀ ਚਾਹੁੰਦੇ ਸਨ ਤੇ ਇਸੇ ਚਾਲ ਤਹਿਤ ਸੰਸਦ ਭਵਨ ਵੱਲ ਮਾਰਚ ਦਾ ਮੁੱਦਾ ਉਠਾਇਆ ਗਿਆ।' ਰਾਜੇਵਾਲ ਨੇ ਸਪੱਸ਼ਟ ਕੀਤਾ ਕਿ ਇਹ ਮਾਰਚ ਜ਼ਰੂਰ ਕੱਢਿਆ ਜਾਵੇਗਾ ਪਰ ਇਸ ਨਾਲ ਕਿਸਾਨਾਂ ਦਾ ਭੋਰਾ ਵੀ ਨੁਕਸਾਨ ਨਾ ਹੋਵੇ ਸਗੋਂ ਕੇਂਦਰ ਸਰਕਾਰ ਘੇਰੇ ਵਿਚ ਆਵੇ, ਕਿਸਾਨ ਆਗੂ ਅਜਿਹੀ ਵਿਉਂਤਬੰਦੀ ਬਣਾਉਣ 'ਚ ਲੱਗੇ ਹੋਏ ਹਨ।

ਟਿਕਰੀ-ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚਾ ਦੀ ਸਟੇਜ 'ਤੇ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਜਥੇਬੰਦਕ ਸੰਘਰਸ਼ਾਂ ਦੇ ਅਰਥ ਸਮਝਦੀ ਨੌਜਵਾਨ ਪੀੜ੍ਹੀ ਲਗਾਤਾਰ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਦੀ ਆ ਰਹੀ ਹੈ। ਕਿਸਾਨ ਸੰਘਰਸ਼ ਵਿਚ ਨੌਜਵਾਨ ਵਰਗ ਦੀ ਸ਼ਮੂਲੀਅਤ ਨੇ ਨੌਜਵਾਨ ਏਕਤਾ ਦੀ ਨਵੀਂ ਮਿਸਾਲ ਕਾਇਮ ਕੀਤੀ ਹੈ। ਨਵੀਂ ਪੀੜ੍ਹੀ



ਨੂੰ ਸਿਰਫ ਗੀਤਾਂ ਵਿਚ ਹੀ ਲਲਕਾਰੇ ਮਾਰਦੇ ਸੁਣਿਆ ਜਾਂਦਾ ਸੀ, ਪਰ ਨੌਜਵਾਨਾਂ ਨੇ ਇਸ ਗੱਲ ਨੂੰ ਗਲਤ ਸਾਬਤ ਕਰਦਿਆਂ ਆਪਣੇ ਹੱਕਾਂ ਲਈ ਕਿਸੇ ਵੱਡੀ ਤੋਂ ਵੱਡੀ ਤਾਕਤ ਨਾਲ ਲੜਨ ਦਾ ਫੈਸਲਾ ਕਰ ਲਿਆ ਹੈ। ਕਿਸਾਨਾਂ ਵਿਚ ਜੋਸ਼ ਬਰਕਰਾਰ ਰੱਖਣ ਲਈ ਨੌਜਵਾਨ ਲੇਖਕ ਵੀ ਆਪਣਾ ਰੋਲ ਬਾਖੂਬੀ ਨਿਭਾਅ ਰਹੇ ਹਨ। ਵੱਖ-ਵੱਖ ਨਾਟਕ ਟੀਮਾਂ, ਕਲਾਕਾਰਾਂ ਤੇ ਗੀਤਕਾਰਾਂ ਵੱਲੋਂ ਕਿਸਾਨਾਂ ਦੀ ਹੌਸਲਾ-ਅਫਜਾਈ ਕਰਦਿਆਂ ਸੰਘਰਸ਼ ਵਿਚ ਡਟੇ ਰਹਿਣ ਦੀ ਪ੍ਰੇਰਨਾ ਦਿੱਤੀ ਜਾ ਰਹੀ ਹੈ।

## ਕਿਸਾਨਾਂ ਦੇ ਵਿਰੋਧ ਕਾਰਨ ਵਿਜੈ ਸਾਂਪਲਾ ਦਾ ਪ੍ਰੋਗਰਾਮ ਰੱਦ

**ਹੁਸ਼ਿਆਰਪੁਰ:** ਭਾਰਤੀ ਜਨਤਾ ਪਾਰਟੀ ਦੇ ਸਾਬਕਾ ਕੇਂਦਰੀ ਮੰਤਰੀ ਵਿਜੈ ਸਾਂਪਲਾ ਦੇ ਅਨਾਜ ਮੰਡੀ ਵਿਚ ਆਉਣ ਦੇ ਪ੍ਰੋਗਰਾਮ ਬਾਰੇ ਜਿਵੇਂ ਹੀ ਅਜ਼ਾਦ ਕਿਸਾਨ ਕਮੇਟੀ ਦੋਆਬਾ ਦੇ ਵਰਕਰਾਂ ਨੂੰ ਭਿਣਕ ਲੱਗੀ ਤਾਂ ਉਨ੍ਹਾਂ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਸੰਘਾ ਦੀ ਅਗਵਾਈ ਹੇਠ ਕਣਕ ਮੰਡੀ ਵੱਲ ਨੂੰ ਕੂਚ ਕਰ ਦਿੱਤਾ। ਇਸ ਬਾਰੇ ਹੋਰਨਾਂ ਕਿਸਾਨ ਜਥੇਬੰਦੀਆਂ, ਨੰਗਲ ਟੌਲ ਪਲਾਜ਼ਾ ਤੇ ਲੋਚਵਾਲ ਟੌਲ ਪਲਾਜ਼ਾ 'ਤੇ ਬੈਠੇ ਕਿਸਾਨਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ, ਜਿਸ 'ਤੇ ਵੱਡੀ ਗਿਣਤੀ ਵਿਚ ਕਿਸਾਨ ਅਨਾਜ ਮੰਡੀ 'ਚ ਇਕੱਠੇ ਹੋ ਗਏ। ਸਾਂਪਲਾ ਨੇ ਜਿਸ ਆੜ੍ਹਤੀ ਦੀ ਦੁਕਾਨ 'ਤੇ ਆਉਣਾ ਸੀ, ਕਿਸਾਨਾਂ ਨੇ ਉਸ ਨੂੰ ਪਹਿਲਾਂ ਹੀ ਘੇਰਾ ਪਾ ਲਿਆ ਅਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦਾ ਪਤਾ ਲੱਗਣ 'ਤੇ ਵਿਜੈ ਸਾਂਪਲਾ ਨੇ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ। ਕਿਸਾਨ ਆਗੂਆਂ ਨੇ ਆੜ੍ਹਤੀਆਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਮੰਤਰੀਆਂ ਦਾ ਬਾਈਕਾਟ ਕਰਨ ਕਿਉਂਕਿ ਭਾਜਪਾ ਕਿਸਾਨ ਵਿਰੋਧੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਨੂੰ ਵੀ ਕਿਸਾਨਾਂ ਦੇ ਸੰਘਰਸ਼ ਨੂੰ ਸਮਰਥਨ ਦੇਣਾ ਚਾਹੀਦਾ ਹੈ।

# ਵੱਖ-ਵੱਖ ਮੋਰਚਿਆਂ ਵਿਚ ਕਿਸਾਨੀ ਮੁੱਦਿਆਂ 'ਤੇ ਏਕੇ ਦਾ ਹੋਕਾ ਦਿੱਤਾ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਵਿੱਢੇ ਸੰਘਰਸ਼ ਦੇ ਦੌਰਾਨ ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਦੇ ਘਰਾਂ ਅੱਗੇ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਖੁਸ਼ਕ ਬੰਦਰਗਾਹ-ਰਾਏਪੁਰ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਇਲੋ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਭਖੇ ਹੋਏ ਹਨ। ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕਣਕ ਦੇ ਸੀਜ਼ਨ ਦੌਰਾਨ ਮੰਡੀਆਂ ਵਿਚ ਬਾਰਦਾਨੇ ਦੀ ਘਾਟ, ਸਮੇਂ ਸਿਰ ਲਿਫਟਿੰਗ ਨਾ ਹੋਣਾ ਅਤੇ ਅਦਾਇਗੀ ਲਈ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਪਰੇਸ਼ਾਨੀਆਂ, ਜਾਣ-ਬੁੱਝ ਕੇ ਪੈਦਾ ਕੀਤੀ ਗਏ ਹਾਲਾਤ ਹਨ। ਉਨ੍ਹਾਂ ਕਿਹਾ ਕਿ ਹੁਣ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਨਾਲ-ਨਾਲ ਭਖਦੇ ਕਿਸਾਨੀ ਮੁੱਦਿਆਂ 'ਤੇ ਵੀ ਲਾਮਬੰਦੀ ਕਰਨ ਦੀ ਲੋੜ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰੀ ਖਰੀਦ ਪ੍ਰਬੰਧ ਨੂੰ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਦੇਸ਼ ਦੀਆਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਸੰਘਰਸ਼ ਉਦੋਂ ਤੱਕ ਜਾਰੀ ਕਰਨ ਲਈ ਇੱਕਮੁੱਠ ਹਨ, ਜਦੋਂ ਖੇਤੀ-ਕਾਨੂੰਨ, ਪਰਾਲੀ ਆਰਡੀਨੈਂਸ ਅਤੇ ਬਿਜਲੀ ਸੋਧ-ਬਿਲ-2020 ਰੱਦ ਕਰਕੇ ਫਸਲਾਂ



ਦੇ ਘੱਟੋ-ਘੱਟ ਸਮਰਥਨ ਮੁੱਲ ਲਈ ਕਾਨੂੰਨ ਨਹੀਂ ਬਣਾਇਆ ਜਾਂਦਾ। ਉਨ੍ਹਾਂ ਕਿਹਾ ਕਿਹਾ ਕਿ ਨਵੇਂ ਬਣੇ ਖੇਤੀ ਕਾਨੂੰਨ ਨਾਲ ਪ੍ਰਾਈਵੇਟ ਸੈਕਟਰ ਮੰਡੀ 'ਤੇ ਕਬਜ਼ਾ ਕਰੇਗਾ ਅਤੇ ਮੰਡੀਆਂ ਵਿਚੋਂ ਸਰਕਾਰ ਬਾਹਰ ਹੋ ਜਾਵੇਗੀ। ਜਦੋਂ ਸਰਕਾਰ ਜਾਂ ਸਰਕਾਰੀ ਖਰੀਦ ਏਜੰਸੀਆਂ ਹੀ ਨਹੀਂ ਰਹਿਣਗੀਆਂ ਤਾਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਜਾਰੀ ਰੱਖਣ ਦੀ ਕੋਈ ਤੁਕ ਨਹੀਂ ਰਹਿ ਜਾਂਦੀ।

ਕਿਸਾਨ ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਦਿੱਲੀ ਦੀਆਂ ਹੱਦਾਂ 'ਤੇ ਖੇਤੀ ਕਾਨੂੰਨ ਵਾਪਸ ਕਰਾਉਣ ਲਈ ਮੋਰਚਾ ਲਾਈ ਬੈਠੇ ਕਿਸਾਨਾਂ ਨੂੰ ਉਠਾਉਣ ਲਈ ਗੋਦੀ ਮੀਡੀਆ ਰਾਹੀਂ 'ਅਪਰੇਸ਼ਨ ਕਲੀਨ' ਦਾ ਪ੍ਰਚਾਰ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਭਾੜੇ ਦੇ ਮੀਡੀਆ ਰਾਹੀਂ ਚੱਲੀ ਜਾ ਰਹੀ ਚਾਲ ਵੀ ਪਹਿਲਾਂ ਵਾਂਗ ਹੀ ਕੇਂਦਰ ਸਰਕਾਰ ਨੂੰ ਭਾਰੀ ਪਵੇਗੀ। ਜਥੇਬੰਦੀਆਂ ਦੇ ਆਗੂਆਂ ਨੇ ਕਿਸਾਨਾਂ ਨੂੰ ਪਿੰਡ-ਪਿੰਡ ਤੱਕ ਪਹੁੰਚ ਕਰਕੇ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਪਿਛਲੇ ਕਈ ਦਿਨਾਂ ਤੋਂ ਕਿਸਾਨਾਂ ਦੇ ਕਾਫਲੇ ਦਿੱਲੀ ਵੱਲ ਨੂੰ ਲਗਾਤਾਰ ਕੂਚ ਕਰ ਰਹੇ ਹਨ।

## ਦਿੱਲੀ ਮੋਰਚੇ ਦੀ ਮਜ਼ਬੂਤੀ ਲਈ ਲਾਮਬੰਦੀ ਜ਼ੋਰਾਂ 'ਤੇ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਮੋਰਚੇ ਦੀ ਮਜ਼ਬੂਤੀ ਲਈ ਸੂਬੇ ਵਿਚ ਕਿਸਾਨਾਂ ਨੂੰ ਜੋਰਾਂ-ਸ਼ੋਰਾਂ ਨਾਲ ਲਾਮਬੰਦ ਕੀਤਾ ਜਾ ਰਿਹਾ ਹੈ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਅੱਗੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਇਲੋ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨੇ ਚੱਲ ਰਹੇ ਹਨ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਕਿਸਾਨੀ ਦੀ ਤਾਕਤ ਦਿਖਾਉਣ ਲਈ ਕਿਸਾਨ ਮੁੜ ਤੋਂ ਦਿੱਲੀ ਮੋਰਚੇ ਵੱਲ ਨੂੰ ਵਹੀਰਾਂ ਘੱਤਣ।

## ਮੋਰਚੇ ਨੂੰ ਉਠਾਉਣ ਸਰਕਾਰ ਸੋਚ ਸਮਝ ਕੇ ਆਵੇ: ਉਗਰਾਹਾਂ

**ਖਨੌਰੀ:** ਦਿੱਲੀ ਦੀਆਂ ਬਰੂੰਹਾਂ ਉਤੇ ਪਿਛਲੇ ਚਾਰ ਮਹੀਨਿਆਂ ਤੋਂ ਆਪਣੇ ਹੱਕਾਂ ਲਈ ਡੇਰੇ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਤੇ ਕੇਂਦਰ ਸਰਕਾਰ ਦੀਆਂ ਅਪਰੇਸ਼ਨ 'ਕਲੀਨ' ਦੀਆਂ ਪਿਛਲੇ ਦਿਨਾਂ ਤੋਂ ਚੱਲ ਰਹੀਆਂ ਚਰਚਾਵਾਂ ਦੇ ਵਿਰੋਧ 'ਚ ਸੰਗਰੂਰ-ਦਿੱਲੀ ਮੁੱਖ ਮਾਰਗ ਉਤੇ ਸਥਿਤ ਖਨੌਰੀ ਬਾਰਡਰ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਅਗਵਾਈ ਹੇਠ ਟਰੈਕਟਰ-ਟਰਾਲੀਆਂ, ਕਾਰਾਂ-ਜੀਪਾਂ, ਬੱਸਾਂ ਤੇ ਹੋਰ ਸੈਂਕੜੇ ਵਾਹਨਾਂ 'ਤੇ ਹਜ਼ਾਰਾਂ ਕਿਸਾਨਾਂ ਦਾ ਕਾਫਲਾ ਕਿਸਾਨ ਅੰਦੋਲਨ 'ਚ ਸ਼ਾਮਲ ਹੋਣ ਲਈ ਰਵਾਨਾ ਹੋਇਆ, ਜਿਸ ਨੂੰ ਜਥੇਬੰਦੀ ਦੇ ਪ੍ਰਧਾਨ ਜੁਗਿੰਦਰ ਸਿੰਘ ਉਗਰਾਹਾਂ ਨੇ ਰਵਾਨਾ ਕੀਤਾ। ਇਸ ਮੌਕੇ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਲਈ ਤਰ੍ਹਾਂ-ਤਰ੍ਹਾਂ ਦੀਆਂ ਚਾਲਾਂ ਚੱਲ ਰਹੀ ਹੈ ਪਰ ਕਿਸਾਨਾਂ ਦੇ ਸਿਰੜ ਅੱਗੇ ਉਨ੍ਹਾਂ ਦੀ ਇਕ ਵੀ ਚਾਲ ਸਫਲ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਸਰਕਾਰ ਮੋਰਚੇ ਨੂੰ ਉਠਾਉਣ ਲਈ ਸੋਚ ਸਮਝ ਕੇ ਆਵੇ।

# ਪੰਜਾਬ ਕਾਂਗਰਸ ਵਿਚਾਲੇ ਚੱਲ ਰਹੀ ਠੰਢੀ ਜੰਗ ਨੇ ਹੁਣ ਭਾਂਬੜ ਦਾ ਰੂਪ ਧਰਿਆ

## ਕੈਪਟਨ ਅਮਰਿੰਦਰ ਸਿੰਘ ਨੂੰ ਸਿੱਧੇ ਹੋ ਕੇ ਟੱਕਰੇ ਨਵਜੋਤ ਸਿੱਧੂ ਤੇ ਪ੍ਰਤਾਪ ਬਾਜਵਾ





**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਖਿਲਾਫ ਬਣੀ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਨੂੰ ਖਾਰਜ ਕੀਤੇ ਜਾਣ ਮਗਰੋਂ ਸਾਬਕਾ ਮੰਤਰੀ ਤੇ ਕਾਂਗਰਸੀ ਵਿਧਾਇਕ ਨਵਜੋਤ ਸਿੱਧੂ ਨੇ ਸਿਆਸੀ ਤੌਰ 'ਤੇ ਲਕੀਰ ਖਿੱਚਣੀ ਸ਼ੁਰੂ ਕਰ ਦਿੱਤੀ ਸੀ। ਦਿਨੋ-ਦਿਨ ਨਵਜੋਤ ਸਿੱਧੂ ਆਪਣਾ ਪਾਰਾ ਸਿਖਰ 'ਤੇ ਲਿਜਾ ਰਹੇ ਹਨ ਜਿਸ ਨੂੰ ਲੈ ਕੇ ਕੈਪਟਨ ਸਰਕਾਰ ਵਿਚ ਘੁਸਰ-ਮੁਸਰ ਕਾਫੀ ਵਧ ਗਈ ਹੈ।

ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਇਕ ਵਾਰ ਫਿਰ ਕਟਹਿਰੇ ਵਿਚ ਖੜ੍ਹਾ ਕਰ ਕੇ ਸਿਆਸੀ ਜੰਗ ਭਖਾ ਦਿੱਤੀ ਹੈ। ਉਧਰ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੰਗ ਉਠਾਈ ਹੈ ਕਿ ਪੰਜਾਬ ਸਰਕਾਰ ਵੱਲੋਂ ਕੇਸਾਂ ਦੀ ਪੈਰਵਾਈ ਲਈ ਏਜੀ ਦਫਤਰ ਨੂੰ ਛੱਡ ਕੇ ਬਾਹਰੋਂ ਹਾਇਰ ਕੀਤੇ ਗਏ ਸਾਰੇ ਵਕੀਲਾਂ ਨੂੰ ਪ੍ਰਤੀ ਪੇਸ਼ੀ ਦਿੱਤੀਆਂ ਗਈਆਂ ਫੀਸਾਂ ਬਾਰੇ ਵ੍ਹਾਈਟ ਪੇਪਰ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਹੁਣ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਦਾ ਸਰਕਾਰ ਵਿਚ ਭਰੋਸਾ ਕਾਇਮ ਰੱਖਿਆ ਜਾ ਸਕੇ।

ਅੰਦਰੋ-ਅੰਦਰੀ ਚੱਲ ਰਹੀ ਠੰਢੀ ਜੰਗ ਹੁਣ ਭਾਂਬੜ ਬਣਦੀ ਜਾਪਦੀ ਹੈ। ਨਵਜੋਤ ਸਿੱਧੂ ਨੇ ਬੇਅਦਬੀ ਦੇ ਮਾਮਲੇ 'ਤੇ ਜਿਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸਵਾਲ ਉਠਾਏ ਹਨ, ਉਥੇ ਹੀ ਸੋਸ਼ਲ ਮੀਡੀਆ 'ਤੇ ਆਮ ਲੋਕ ਨਵਜੋਤ ਸਿੱਧੂ 'ਤੇ ਵੀ ਉਂਗਲ ਉਠਾ ਰਹੇ ਹਨ। ਨਵਜੋਤ ਸਿੱਧੂ ਲੰਘੇ ਕਈ ਦਿਨਾਂ ਤੋਂ ਟਵੀਟ ਕਰ ਕੇ ਅਸਿੱਧੇ ਢੰਗ ਨਾਲ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਹਨ। ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਖਾਰਜ ਹੋਣ ਮਗਰੋਂ ਮੁੱਖ ਮੰਤਰੀ ਨੇ ਹਾਲੇ ਤੱਕ ਕੋਈ ਜਨਤਕ ਸਪੱਸ਼ਟੀਕਰਨ ਨਹੀਂ ਦਿੱਤਾ ਹੈ। ਉਧਰ, ਕਾਂਗਰਸ ਹਾਈਕਮਾਂਡ ਵੱਲੋਂ ਵੀ ਪੰਜਾਬ ਦੀ ਉਲਝ ਰਹੀ ਸਿਆਸੀ ਤਾਣੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ। ਇਸੇ ਦੌਰਾਨ ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਕਾਂਗਰਸ ਹਾਈਕਮਾਂਡ ਨੂੰ ਇਕ ਚਿੱਠੀ ਲਿਖ ਕੇ ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਵਿਚਾਲੇ ਚੱਲ ਰਹੀ ਖਿੱਚੋਤਾਣ ਵਿਚ ਦਖਲ ਦੇਣ ਦੀ ਮੰਗ ਕੀਤੀ ਹੈ। ਸ੍ਰੀ ਵੇਰਕਾ ਨੇ ਕਿਹਾ ਕਿ ਨਵਜੋਤ ਸਿੱਧੂ ਨੂੰ ਅਦਾਲਤ ਦੇ ਫੈਸਲੇ ਦੀ ਕਾਪੀ ਪ੍ਰਾਪਤ ਹੋਣ ਮਗਰੋਂ ਕਾਨੂੰਨੀ ਨੁਕਤੇ ਵਿਚਾਰਨੇ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੁਕਤਿਆਂ ਨੂੰ ਪਾਰਟੀ ਵਿਚ ਰੱਖਣਾ ਚਾਹੀਦਾ ਸੀ ਅਤੇ ਪਾਰਟੀ ਪਲੇਟਫਾਰਮ 'ਤੇ ਮੰਥਨ ਕਰਨਾ ਚਾਹੀਦਾ ਸੀ, ਨਾ ਕਿ ਜਨਤਕ ਤੌਰ 'ਤੇ। ਉਨ੍ਹਾਂ ਕਿਹਾ ਕਿ ਸਰਕਾਰ ਤਾਂ ਇਸ ਵੇਲੇ ਕੋਵਿਡ ਅਤੇ ਕਣਕ ਦੀ ਖਰੀਦ ਦੀ ਚੁਣੌਤੀ ਨਾਲ ਨਜਿੱਠਣ ਲੱਗੀ ਹੋਈ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚ ਕੋਈ ਮੁੱਦਾ ਉਠਾਉਣ ਨਾਲ ਸਰਕਾਰ ਦਾ ਧਿਆਨ ਭਟਕਦਾ ਹੈ। ਉਨ੍ਹਾਂ ਕਿਹਾ ਕਿ ਹਾਈਕਮਾਂਡ ਨੂੰ ਦਖਲ ਦੇ ਕੇ ਇਹ ਮਾਮਲਾ ਹੱਲ ਕਰਨਾ ਚਾਹੀਦਾ ਹੈ।

ਨਵਜੋਤ ਸਿੱਧੂ ਨੇ ਮੁੱਖ ਮੰਤਰੀ 'ਤੇ ਨਿਸ਼ਾਨਾ ਸੇਧਦਾ ਇਕ ਹੋਰ ਟਵੀਟ ਕੀਤਾ ਜਿਸ 'ਚ ਕਿਹਾ ਗਿਆ ਹੈ, 'ਕੀ ਗ੍ਰਹਿ ਮੰਤਰੀ ਲਈ ਬੇਅਦਬੀ ਕੇਸ ਸਭ ਤੋਂ ਅਹਿਮ ਨਹੀਂ ਸੀ? ਆਪਣੀ ਜਿੰਮੇਵਾਰੀ ਕਿਸੇ ਦੇ ਸਿਰ ਮੜ੍ਹਨੀ ਅਤੇ ਸਿਰਫ ਐਡਵੋਕੇਟ ਜਨਰਲ ਨੂੰ ਹੀ ਬਲੀ ਦਾ ਬੱਕਰਾ ਬਣਾਉਣ ਦਾ ਮਤਲਬ ਹੈ ਕਿ ਨਜ਼ਰਸਾਨੀ ਦਾ ਕੰਟਰੋਲ ਕਾਰਜਕਾਰੀ ਅਥਾਰਿਟੀ ਦੇ ਹੱਥਾਂ ਵਿਚ ਨਹੀਂ ਹੈ? ਫਿਰ ਐਡਵੋਕੇਟ ਜਨਰਲ ਦੀ ਲਗਾਮ ਕਿਸ ਦੇ ਹੱਥ ਹੈ। ਜ਼ਿੰਮੇਵਾਰੀਆਂ ਤੋਂ ਭੱਜਣ ਦੀ ਇਸ ਖੇਡ ਵਿਚ ਕਾਨੂੰਨੀ ਟੀਮ ਦੇ ਮੈਂਬਰ ਤਾਂ ਮਹਿਜ ਪਿਆਦੇ ਹਨ।' ਨਵਜੋਤ ਸਿੱਧੂ ਦੇ ਇਸ ਟਵੀਟ ਨੂੰ ਆਮ ਲੋਕਾਂ ਨੇ ਰਲੇ-ਮਿਲੇ ਪ੍ਰਤੀਕਰਮ ਦਿੱਤੇ ਹਨ ਅਤੇ ਸਿੱਧੂ 'ਤੇ ਵਿਅੰਗ ਵੀ ਕੱਸੇ ਹਨ।

### ਬੇਅਦਬੀ ਕੇਸਾਂ ਦੀ ਜਾਂਚ ਲਈ 'ਸਿਟ' ਕਾਇਮ ਹੋਵੇ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੰਗ ਕੀਤੀ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਤਾਜ਼ਾ ਫੈਸਲੇ ਦੇ ਮੱਦੇਨਜ਼ਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਜਲਦੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ 'ਚ ਜਾਂਚ ਰਿਪੋਰਟ ਵੀ ਤੁਰਤ ਆਉਣੀ ਚਾਹੀਦੀ ਹੈ।

ਕਾਂਗਰਸ ਆਗੂ ਨੇ ਕਿਹਾ ਕਿ ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਇਹ ਵੀ ਕਿਹਾ ਹੈ ਕਿ ਇਨ੍ਹਾਂ ਕੇਸਾਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਲੋੜ ਹੈ, ਜੋ ਨਿਰੰਤਰ ਇਨਸਾਫ ਦੀ ਉਡੀਕ ਕਰ ਰਹੇ ਹਨ। ਸ੍ਰੀ ਬਾਜਵਾ ਨੇ ਕਿਹਾ, 'ਮੈਂ ਵੀ ਇਹੀ ਰਾਇ ਜ਼ਾਹਰ ਕੀਤੀ ਸੀ ਕਿ ਸਾਡੀ ਕਾਂਗਰਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਚੋਣ ਵਾਅਦੇ ਦੇ ਆਧਾਰ 'ਤੇ ਸੱਤਾ 'ਚ ਲਿਆਂਦਾ ਸੀ। ਇਸ ਲਈ, ਉਨ੍ਹਾਂ ਨੂੰ ਸਰਕਾਰ ਵੱਲੋਂ ਇਨਸਾਫ ਲਈ ਇੰਤਜ਼ਾਰ ਨਹੀਂ ਕਰਵਾਇਆ ਜਾਣਾ ਚਾਹੀਦਾ ਅਤੇ ਤੇਜੀ ਨਾਲ ਜਾਂਚ ਕਰਨੀ ਸਮੇਂ ਦੀ ਲੋੜ ਸੀ।"

### ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੱਕ ਘੋਲ ਜਾਰੀ ਰਹੇਗਾ: ਦਾਦੂਵਾਲ

**ਜਲੰਧਰ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੇ ਮਾਮਲੇ 'ਚ ਕੌਮ ਨੂੰ ਅਜੇ ਤੱਕ ਇਨਸਾਫ ਨਾ ਮਿਲਣ ਲਈ ਮੌਜੂਦਾ ਸਿੱਖ ਵਿਰੋਧੀ ਨਿਜ਼ਾਮ ਨੂੰ ਜਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਅਸਲ 'ਚ ਸਰਕਾਰਾਂ ਸਿੱਖਾਂ ਨੂੰ ਇਨਸਾਫ ਦੇਣਾ ਹੀ ਨਹੀਂ ਚਾਹੁੰਦੀਆਂ ਪਰ ਪੰਥਕ ਜਥੇਬੰਦੀਆਂ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੀਆਂ। ਉਨ੍ਹਾਂ ਦਿੱਲੀ ਦੇ ਸਿੱਖ ਕਤਲੇਆਮ ਅਤੇ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰੇ ਗਏ ਸਿੱਖ ਨੌਜਵਾਨਾਂ ਦੇ ਮਾਮਲੇ ਦਾ ਜਿਕਰ ਕਰਦਿਆਂ ਕਿਹਾ ਕਿ ਕੋਈ ਵੀ ਸਰਕਾਰ ਸਿੱਖ ਕੌਮ ਨੂੰ ਇਨਸਾਫ ਨਹੀਂ ਦਿਵਾ ਸਕੀ ਤੇ ਬੇਅਦਬੀ ਦੇ ਮਾਮਲੇ 'ਚ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਮੌਜੂਦਾ ਕਾਂਗਰਸ ਸਰਕਾਰ ਨੇ ਸਿੱਖਾਂ ਨਾਲ ਧੋਖਾ ਕੀਤਾ ਹੈ।

# ਕੋਟਕਪੂਰਾ ਕਾਂਡ: ਹਾਈ ਕੋਰਟ ਨੇ ਕੁੰਵਰ ਵਿਜੈ ਪ੍ਰਤਾਪ ਦੇ ਰਵੱਈਆ 'ਤੇ ਚੁੱਕੇ ਸਵਾਲ



**ਚੰਡੀਗੜ੍ਹ:** ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣਾ ਅਹਿਮ ਫੈਸਲਾ ਜਨਤਕ ਕਰ ਦਿੱਤਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜਬੀਰ ਸ਼ੇਖਾਵਤ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਪੜਤਾਲ ਦੌਰਾਨ ਰਵੱਈਆ ਪੱਖਪਾਤੀ ਸੀ।

ਉਨ੍ਹਾਂ ਕਿਹਾ ਕਿ ਇਸ ਅਧਿਕਾਰੀ ਨੇ ਗਵਾਹਾਂ ਦੇ ਬਿਆਨ ਹਕੀਕਤ ਦੀ ਬਜਾਏ ਆਪਣੀ ਮਰਜ਼ੀ ਨਾਲ ਜ਼ਿਆਦਾ ਲਿਖੇ ਹਨ। ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਜ਼ਖਮੀ ਹੋਏ 44 ਪੁਲਿਸ ਅਧਿਕਾਰੀਆਂ ਵਿਚੋਂ ਕਿਸੇ ਵੀ ਪੁਲਿਸ ਅਧਿਕਾਰੀ ਦਾ ਬਿਆਨ ਨਹੀਂ ਲਿਖਿਆ ਗਿਆ ਅਤੇ ਜ਼ਖਮੀ ਪੁਲਿਸ ਮੁਲਾਜ਼ਮਾਂ ਦਾ ਬਿਆਨ ਲਿਖੇ ਬਗੈਰ ਹੀ ਉਨ੍ਹਾਂ ਵੱਲੋਂ ਦਰਜ ਕਰਵਾਈ ਗਈ ਐਫ. ਆਈ. ਆਰ. ਰੱਦ ਕਰ ਦਿੱਤੀ ਗਈ। ਹਾਈ ਕੋਰਟ ਨੇ ਆਪਣੇ ਹੁਕਮਾਂ ਵਿਚ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਉਹ ਇਕ ਨਵੀਂ ਜਾਂਚ ਕਮੇਟੀ ਗਠਿਤ ਕਰੇ, ਜੋ ਛੇ ਮਹੀਨਿਆਂ ਵਿਚ ਆਪਣੀ ਨਿਰਪੱਖ ਰਿਪੋਰਟ ਅਦਾਲਤ ਵਿਚ ਪੇਸ਼ ਕਰੇਗੀ। ਅਦਾਲਤ ਨੇ ਨਵੀਂ ਬਣੀ 'ਸਿੱਟ' ਨੂੰ ਵੀ ਆਦੇਸ਼ ਦਿੱਤੇ ਹਨ ਕਿ ਉਹ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਨਤਕ ਨਾ ਕਰੇ ਅਤੇ ਨਾ ਹੀ ਮੀਡੀਆ ਨੂੰ ਲੀਕ ਕੀਤੀ ਜਾਵੇ। ਆਪਣੇ ਫੈਸਲੇ ਵਿਚ ਹਾਈਕੋਰਟ ਨੇ ਕਿਹਾ ਹੈ ਕਿ ਇਸ ਮੁਕੱਦਮੇ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਪਰ ਫਿਰ ਵੀ ਗੋਲੀ ਕਾਂਡ ਦੀ ਪੜਤਾਲ ਵਿਚ ਕਾਨੂੰਨ ਅਤੇ ਨਿਯਮਾਂ ਨੂੰ ਛਿੱਕੇ ਨਹੀਂ ਟੰਗਿਆ ਜਾ ਸਕਦਾ ਅਤੇ ਹਰ ਧਿਰ ਨਾਲ ਇਨਸਾਫ ਹੋਣਾ ਜਰੂਰੀ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਮੁਲਜ਼ਮਾਂ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਖਿਲਾਫ ਜੋ ਦੋਸ਼ ਰਿੱਟ ਪਟੀਸ਼ਨ ਵਿਚ ਲਾਏ ਸਨ, ਉਹ ਭਲੀ-ਭਾਂਤ ਸਾਬਤ ਹੁੰਦੇ ਹਨ। ਇਸ ਲਈ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਜਾਂਚ ਟੀਮ ਵਿਚ ਨਹੀਂ ਰੱਖਿਆ ਜਾ ਸਕਦਾ। ਹਾਈਕੋਰਟ ਨੇ ਆਪਣੇ ਫੈਸਲੇ ਵਿਚ ਟਿੱਪਣੀ ਕਰਦਿਆਂ ਕਿਹਾ ਹੈ ਕਿ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਇਕ ਖਾਸ ਸਿਆਸੀ ਧਿਰ ਨੂੰ ਫਾਇਦਾ ਦੇਣ ਲਈ ਅਦਾਲਤਾਂ ਨੂੰ ਵੀ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜੱਜਾਂ ਖਿਲਾਫ ਬੇਬੁਨਿਆਦ ਦੋਸ਼ਾਂ ਵਾਲੀਆਂ ਸ਼ਿਕਾਇਤਾਂ ਕੀਤੀਆਂ।

### ਸੁਪਰੀਮ ਕੋਰਟ ਜਾਵੇਗਾ ਅਕਾਲੀ ਦਲ (ਅੰਮ੍ਰਿਤਸਰ)

**ਅੰਮ੍ਰਿਤਸਰ:** ਅਕਾਲੀ ਦਲ (ਅੰਮ੍ਰਿਤਸਰ) ਨੇ ਬੇਅਦਬੀ ਕਾਂਡ ਮਾਮਲੇ ਦੀ ਜਾਂਚ ਰਿਪੋਰਟ ਰੱਦ ਕਰਨ 'ਤੇ ਤਿੱਖਾ ਪ੍ਰਤੀਕਰਮ ਜਾਰੀ ਕਰਦਿਆਂ ਕਿਹਾ ਕਿ ਸਾਬਕਾ ਥਾਣਾ ਮੁਖੀ ਗੁਰਦੀਪ ਸਿੰਘ ਸਬੰਧੀ ਕੇਸ ਹਾਈ ਕੋਰਟ ਵਿਚ ਚੱਲਦਾ ਹੋਣ ਕਾਰਨ ਤੇ ਇਸ ਦਾ ਫੈਸਲਾ ਹੋਣ ਤੱਕ ਸਿਟ ਦੀ ਰਿਪੋਰਟ ਨੂੰ ਰੱਦ ਕੀਤਾ ਜਾਣਾ ਗੈਰਕਾਨੂੰਨੀ ਹੈ। ਪਾਰਟੀ ਵੱਲੋਂ ਇਥੇ ਗੁਰਦੁਆਰਾ ਅਟਾਰੀ ਸਾਹਿਬ ਵਿਖੇ ਮੀਟਿੰਗ ਕੀਤੀ ਗਈ। ਆਗੂਆਂ ਨੇ ਆਖਿਆ ਕਿ ਐਸ.ਐਚ.ਓ. ਗੁਰਦੀਪ ਸਿੰਘ ਕੋਟਕਪੂਰਾ ਖਿਲਾਫ ਅਦਾਲਤ ਵਿਚ ਕੇਸ ਵਿਚਾਰ ਅਧੀਨ ਹੈ ਤੇ ਇਸ ਤੋਂ ਪਹਿਲਾਂ ਮਾਮਲੇ ਦੀ ਜਾਂਚ ਰਿਪੋਰਟ ਨੂੰ ਰੱਦ ਕਰਨਾ ਗੈਰਕਾਨੂੰਨੀ ਹੈ। ਉਨ੍ਹਾਂ ਆਖਿਆ ਕਿ ਇਸ ਰਿਪੋਰਟ ਵਿਚ ਕਈ ਵੱਡੇ ਪੁਲਿਸ ਅਫਸਰ, ਸਿਆਸਤਦਾਨ ਤੇ ਹੋਰ ਪ੍ਰਭਾਵਸ਼ਾਲੀ ਲੋਕਾਂ ਨੂੰ ਕਥਿਤ ਕਸੂਰਵਾਰ ਠਹਿਰਾਇਆ ਗਿਆ ਹੈ। ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿਚ ਪਾਰਟੀ ਵੱਲੋਂ ਨਿਆਂ ਪ੍ਰਾਪਤੀ ਲਈ ਸੁਪਰੀਮ ਕੋਰਟ ਪਹੁੰਚ ਕੀਤੀ ਜਾਵੇਗੀ।

### ਮਗਨਰੇਗਾ ਤਹਿਤ ਰੁਜ਼ਗਾਰ ਦੇਣ 'ਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਮੋਹਰੀ

**ਫਤਹਿਗੜ੍ਹ ਸਾਹਿਬ:** ਮਗਨਰੇਗਾ ਅਧੀਨ 19 ਲੱਖ ਦਿਨਾਂ ਦੇ ਟੀਚੇ ਤੋਂ ਵੱਧ 23.62 ਲੱਖ ਦਿਨਾਂ ਦਾ ਰੁਜ਼ਗਾਰ ਮੁਹੱਈਆ ਕਰਵਾ ਕੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਸੂਬੇ 'ਚੋਂ ਮੋਹਰੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਅੰਮ੍ਰਿਤ ਕੌਰ ਗਿੱਲ ਨੇ ਬੱਚਤ ਭਵਨ ਵਿਚ ਮਗਨਰੇਗਾ ਸਬੰਧੀ ਵਧੀਆ ਕਾਰਗੁਜ਼ਾਰੀ ਵਾਲੇ ਮੁਲਾਜ਼ਮਾਂ ਦਾ ਸਨਮਾਨ ਕਰਨ ਮੌਕੇ ਸਾਂਝੀ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਹਰਦਿਆਲ ਸਿੰਘ ਚੱਠਾ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਗਨਰੇਗਾ ਅਧੀਨ ਰੁਜ਼ਗਾਰ ਹਾਸਲ ਕਰਨ ਵਾਲਿਆਂ ਵਿਚੋਂ 80 ਫੀਸਦੀ ਔਰਤਾਂ ਹਨ ਅਤੇ ਕੁੱਲ 8516 ਪਰਿਵਾਰਾਂ ਨੂੰ 100 ਦਿਨ ਦਾ ਰੁਜ਼ਗਾਰ ਦਿੱਤਾ ਗਿਆ ਹੈ। ਮਗਨਰੇਗਾ ਕਾਮਿਆਂ ਨੂੰ ਔਸਤਨ 73.43 ਦਿਨਾਂ ਦਾ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ, ਜਿਹੜਾ ਕਿ ਸੂਬੇ ਵਿਚੋਂ ਸਭ ਤੋਂ ਵੱਧ ਹੈ। ਉਨ੍ਹਾਂ ਸਾਰੇ ਸਟਾਫ ਨੂੰ ਇਸੇ ਤਰ੍ਹਾਂ ਮਿਹਨਤ ਨਾਲ ਕੰਮ ਕਰਦੇ ਰਹਿਣ ਲਈ ਪ੍ਰੇਰਿਆ।

# ਬੇਵਕਤਾ ਤੁਰ ਗਿਆ ਆਵਾਜ਼ ਦਾ ਯਾਦੂਗਰ ਸੰਦੀਪ ਸਿੰਘ

**ਮਾਛੀਵਾੜਾ ਸਾਹਿਬ:** ਗੁਰਬਾਣੀ ਦੇ ਕਥਨ 'ਮਰਣ ਲਿਖਾਇ ਮੰਡਲ ਮਹਿ ਆਏ' ਦੇ ਅਨੁਸਾਰ ਅਕਾਲ ਪੁਰਖ ਇਸ ਧਰਤੀ 'ਤੇ ਭੇਜੇ ਹਰ ਇਨਸਾਨ ਦੀ ਮੌਤ ਦੀ ਤਰੀਕ ਨੂੰ ਜਨਮ ਲੈਣ ਤੋਂ ਵੀ ਪਹਿਲਾਂ ਹੀ ਨਿਸਚਿਤ ਕਰ ਦਿੰਦਾ ਹੈ ਅਤੇ ਪਰਮਾਤਮਾ ਵੱਲੋਂ ਤੈਅ ਕੀਤੇ ਸਮੇਂ 'ਤੇ ਹਰ ਇਨਸਾਨ ਦੀ ਨਿੱਜ ਘਰ ਵਾਪਸੀ ਹੋ ਜਾਂਦੀ ਹੈ। ਕੁਝ ਇਨਸਾਨ ਅਜਿਹੇ ਹੁੰਦੇ ਹਨ, ਜੋ ਆਪਣੀ ਇਸ ਸੰਸਾਰਿਕ ਯਾਤਰਾ ਦੌਰਾਨ ਸਰੀਰਕ ਘਾਟਾਂ ਅਤੇ ਆਰਥਿਕ ਤੰਗੀਆਂ ਤੁਰਸੀਆਂ ਦੇ ਬਾਵਜੂਦ ਅਜਿਹੀ ਉਡਾਰੀ ਮਾਰਦੇ ਹਨ ਕਿ ਉਹ ਕਿਸੇ ਇਲਾਕੇ, ਰਾਜ ਜਾਂ ਦੇਸ਼ ਤੱਕ ਹੀ ਸੀਮਤ ਨਹੀਂ ਰਹਿੰਦੇ, ਸਗੋਂ ਸਮੁੱਚੇ ਸੰਸਾਰ ਭਰ ਵਿਚ ਉਹ ਇੱਕ ਵੱਖਰਾ ਮੁਕਾਮ ਹਾਸਲ ਕਰ ਜਾਂਦੇ ਹਨ।

ਬਾਈ ਸੰਦੀਪ ਸਿੰਘ ਮਾਛੀਵਾੜਾ ਵੀ ਅਜਿਹੇ ਇਨਸਾਨਾਂ ਵਿਚੋਂ ਇੱਕ ਸਨ, ਜੋ ਮਾਛੀਵਾੜਾ ਸਾਹਿਬ ਨੇੜੇ ਪਿੰਡ ਸਹਿਜੋ ਮਾਜਰਾ ਵਿਖੇ ਪਿਤਾ ਕਰਮ ਸਿੰਘ ਦੇ ਘਰ ਮਾਤਾ ਹਰਪਿੰਦਰ ਕੌਰ ਦੀ ਕੁੱਖੋਂ ਫਰਵਰੀ 1980 ਨੂੰ ਪੈਦਾ ਹੋਏ। ਦੋ ਭਰਾਵਾਂ ਸੁਖਵੀਰ ਸਿੰਘ ਅਤੇ ਗੁਰਿੰਦਰ ਸਿੰਘ ਤੋਂ ਵੱਡੇ ਸੰਦੀਪ ਸਿੰਘ ਨੇ ਜਨਮ ਤੋਂ ਹੀ ਨੇਤਰਹੀਣ ਹੋਣ ਦੇ ਬਾਵਜੂਦ ਜ਼ਿੰਦਗੀ ਦੇ ਪੈਂਡੇ ਨੂੰ ਬੜੇ ਹੌਸਲੇ ਨਾਲ ਸ਼ੁਰੂ ਕੀਤਾ। ਸੰਦੀਪ ਨੇ ਨੇਤਰਹੀਣਾਂ ਦੀ ਸਰਕਾਰ ਸੰਸਥਾ ਜਮਾਲਪੁਰ ਲੁਧਿਆਣਾ ਤੋਂ ਦਸਵੀਂ ਤੱਕ ਦੀ ਪੜ੍ਹਾਈ ਕੀਤੀ ਅਤੇ ਫਿਰ ਪ੍ਰਾਈਵੇਟ ਤੌਰ 'ਤੇ ਪਲੱਸ ਟੂ ਕਰਕੇ ਨਗਰ ਪੰਚਾਇਤ ਮਾਛੀਵਾੜਾ ਵਿਚ ਸੇਵਾਦਾਰ ਦੇ ਤੌਰ 'ਤੇ ਨੌਕਰੀ ਹਾਸਲ ਕੀਤੀ। ਸੰਦੀਪ ਸਿੰਘ ਦਾ ਵਿਆਹ 2 ਮਾਰਚ 2006 ਨੂੰ ਪਿੰਡ ਗੁਰਨੇ ਕਲਾਂ



ਨਿਵਾਸੀ ਹਰਮਿੰਦਰ ਕੌਰ ਨਾਲ ਹੋਇਆ ਅਤੇ ਪਰਮਾਤਮਾ ਨੇ ਇਸ ਸੁਭਾਗੀ ਜੋੜੀ ਨੂੰ ਚੰਨ ਵਰਗੇ ਪੁੱਤਰ ਪ੍ਰਭਦੀਪ ਸਿੰਘ ਦੀ ਬਖਸ਼ਿਸ਼ ਕੀਤੀ।

ਜਿਵੇਂ ਕਿਸੇ ਸ਼ਾਇਰ ਨੇ ਲਿਖਿਆ ਹੈ ਕਿ 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ' ਉਸੇ ਤਰ੍ਹਾਂ ਸੰਦੀਪ ਸਿੰਘ ਜਿਥੇ ਗ੍ਰਹਿਸਤੀ ਦੀ ਗੱਡੀ ਨੂੰ ਰੋੜ ਰਿਹਾ ਸੀ, ਉਥੇ ਅੰਦਰਲੀ ਅੱਗ ਨੇ ਉਸ ਨੂੰ ਪੱਤਰਕਾਰੀ ਖੇਤਰ ਵੱਲ ਲੈ ਆਂਦਾ ਅਤੇ ਸੰਦੀਪ ਸਿੰਘ ਨੇ 2010 ਤੋਂ ਰੇਡੀਓ 'ਸੱਚ ਦੀ ਗੂੰਜ' ਜ਼ਰੀਏ ਆਵਾਜ਼ ਦੀ ਦੁਨੀਆਂ ਵਿਚ ਪੈਰ ਧਰਿਆ। ਇਸ ਤੋਂ ਕਰੀਬ 4 ਸਾਲ ਬਾਅਦ ਸੰਦੀਪ ਸਿੰਘ ਸੰਸਾਰ ਪ੍ਰਸਿੱਧ ਪੰਜਾਬੀ ਰੇਡੀਓ 'ਚੰਨ ਪ੍ਰਦੇਸੀ' ਨਾਲ ਜੁੜ ਗਿਆ, ਜਿਥੇ ਬਾਈ ਗੁਰਪ੍ਰੀਤ ਸਿੰਘ ਚਾਹਲ ਨਾਲ ਉਨ੍ਹਾਂ ਦੀ ਐਸੀ ਜੋੜੀ ਬਣੀ ਕਿ ਉਨ੍ਹਾਂ ਦਾ ਪ੍ਰੋਗਰਾਮ 'ਪੰਜਾਬ ਲਾਈਵ' ਪੂਰੀ ਦੁਨੀਆਂ ਵਿਚ ਸੁਣਿਆ ਜਾ ਲੱਗਾ ਅਤੇ ਦਿਨਾਂ ਵਿਚ ਹੀ ਉਨ੍ਹਾਂ ਦੇ ਸਰੋਤਿਆਂ ਦੀ ਗਿਣਤੀ ਲੱਖਾਂ ਵਿਚ ਜਾ ਪੁੱਜੀ ਅਤੇ ਆਵਾਜ਼ ਦੀ ਦੁਨੀਆਂ ਵਿਚ ਸੰਦੀਪ ਸਿੰਘ ਨੇ ਇੱਕ ਵੱਖਰਾ ਮੁਕਾਮ ਹਾਸਲ ਕਰ ਲਿਆ।


ਰੇਡੀਓ ਚੰਨ ਪ੍ਰਦੇਸੀ 'ਤੇ ਹਰ ਸ਼ਨੀਵਾਰ ਸਵੇਰੇ ਪ੍ਰੋਗਰਾਮ ਪੰਜਾਬੀ ਸੱਥ ਵਿਚ ਬਾਈ ਗੁਰਪ੍ਰੀਤ ਸਿੰਘ ਅਤੇ ਦਰਸ਼ਨ ਬਸਰਾਓਂ ਨਾਲ ਸੰਦੀਪ ਸਿੰਘ ਵੱਲੋਂ ਕੀਤੀ ਜਾਂਦੀ ਮਿੱਠੀ ਮਿੱਠੀ ਨੋਕ-ਝੋਕ ਸਾਨੂੰ ਕਦੇ ਵੀ ਨਹੀਂ ਭੁੱਲ ਸਕਦੀ। 'ਸਿਹਤ ਦੀ ਸੰਭਾਲ, ਗਰੀਨ ਟੀ ਦੀ ਵਰਤੋਂ, ਡੇਰਾਵਾਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਸੁਧਾਰਨ, ਰਾਜਨੀਤੀ ਵਿਚ ਆਏ ਨਿਘਾਰ ਨੂੰ ਦੂਰ ਕਰਨ ਸਬੰਧੀ ਕਿੰਨੇ ਹੀ ਅਜਿਹੇ ਵਿਸ਼ਿਆਂ 'ਤੇ ਸੰਦੀਪ ਸਿੰਘ ਵੱਲੋਂ ਮਜਾਕੀਆ ਲਹਿਜੇ ਵਿਚ ਕੀਤੀਆਂ ਟਿੱਪਣੀਆਂ ਸਰੋਤਿਆਂ ਨੂੰ ਸਦਾ ਯਾਦ ਰਹਿਣਗੀਆਂ। ਆਪਣੀ ਗੱਲਬਾਤ ਦੌਰਾਨ ਅਕਸਰ ਸੰਦੀਪ ਸਿੰਘ ਇੱਕ ਫਿਕਰਾ ਵਰਤਦੇ ਸਨ ਕਿ ਇਥੇ ਤਾਂ ਹਰ ਕੋਈ ਆਪਣਾ 'ਦਾਅ ਲਾਉਣ ਨੂੰ ਫਿਰਦੈ' ਪਰ ਸਾਨੂੰ ਕੀ ਪਤਾ ਸੀ ਕਿ ਮੌਤ ਚੰਦਰੀ ਸਾਡੇ ਸੰਦੀਪ ਸਿੰਘ 'ਤੇ ਦਾਅ ਲਾਉਣ ਦੀ ਤਾਕ 'ਚ ਖੜ੍ਹੀ ਹੈ। ਮਹਿਜ ਕੁਝ ਦਿਨਾਂ ਦੇ ਬੁਖਾਰ ਨੇ ਬੀਤੀ 18 ਅਪਰੈਲ ਦੀ ਰਾਤ ਨੂੰ ਸੰਦੀਪ ਸਿੰਘ ਨੂੰ ਸਾਡੇ ਕੋਲੋਂ ਸਦਾ ਲਈ ਖੋਹ ਲਿਆ। ਉਹ ਆਪਣੇ ਪਿਛੇ ਬੁੱਢੇ ਮਾਤਾ-ਪਿਤਾ ਤੋਂ ਇਲਾਵਾ ਅਪਾਹਜ ਪਤਨੀ ਅਤੇ 14 ਕੁ ਸਾਲ ਦੇ ਪੁੱਤਰ ਨੂੰ ਛੱਡ ਗਏ ਹਨ।

ਜ਼ਿਕਰਯੋਗ ਹੈ ਕਿ ਸੰਦੀਪ ਸਿੰਘ ਦੇ ਇੱਕ ਛੋਟੇ ਭਰਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ, ਜਦੋਂ ਕਿ ਉਨ੍ਹਾਂ ਦੂਸਰਾ ਛੋਟਾ ਭਰਾ ਦਿਮਾਗੀ ਤੌਰ 'ਤੇ ਠੀਕ ਨਹੀਂ ਹੈ। ਰੇਡੀਓ ਚੰਨ ਪ੍ਰਦੇਸੀ ਦੇ ਮਾਲਕ ਸਰਵਨ ਸਿੰਘ ਟਿਵਾਣਾ ਅਤੇ ਦਰਸ਼ਨ ਸਿੰਘ ਬਸਰਾਉਂ, ਗੁਰਪ੍ਰੀਤ ਸਿੰਘ ਚਾਹਿਲ, ਸੁਖਨੈਬ ਸਿੱਧੂ ਅਤੇ ਜੋਗਿੰਦਰ ਸਿੰਘ ਮਹਿਰਾ ਵੱਲੋਂ ਸੰਦੀਪ ਸਿੰਘ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਇਜਹਾਰ ਕਰਦਿਆਂ ਜਿਥੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਥੇ ਪਰਿਵਾਰ ਦੀ ਕੀਤੀ ਜਾ ਰਹੀ ਆਰਥਿਕ ਮੱਦਦ ਲਈ ਦੁਨੀਆਂ ਭਰ ਵਿਚ ਵਸਦੇ ਸੰਦੀਪ ਸਿੰਘ ਦੇ ਸਰੋਤਿਆਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ।

# ਕੈਪਟਨ ਵੱਲੋਂ ਕੇਂਦਰ ਸਰਕਾਰ ਦੀ ਟੀਕਾਕਰਨ ਨੀਤੀ ਪੱਖਪਾਤੀ ਕਰਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੀ ਨਵੀਂ ਟੀਕਾਕਰਨ ਨੀਤੀ ਨੂੰ ਸੂਬਿਆਂ ਲਈ ਪੱਖਪਾਤੀ ਕਰਾਰ ਦਿੱਤਾ ਹੈ। ਪਹਿਲੀ ਮਈ ਤੋਂ ਅਮਲ ਵਿਚ ਆਉਣ ਵਾਲੀ ਇਸ ਨੀਤੀ ਤਹਿਤ 18 ਸਾਲ ਤੋਂ ਵੱਧ ਉਮਰ ਵਰਗ ਦਾ ਟੀਕਾਕਰਨ ਹੋਣਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੋਵਿਡ-19 ਦੇ ਮੌਜੂਦਾ ਹਾਲਾਤ ਦੀ ਸਮੀਖਿਆ ਲਈ ਸੂਬੇ ਦੇ ਮੁੱਖ ਮੰਤਰੀਆਂ ਨਾਲ ਕੀਤੀ ਵਰਚੁਅਲ ਮੀਟਿੰਗ ਦੌਰਾਨ ਕੈਪਟਨ ਨੇ ਪਹਿਲੀ ਮਈ ਤੋਂ ਸ਼ੁਰੂ ਹੋਣ ਵਾਲੇ ਟੀਕਾਕਰਨ ਲਈ ਕੇਂਦਰ ਤੇ ਸੂਬਿਆਂ ਦੀ ਬਰਾਬਰ ਭਾਈਵਾਲੀ ਦੀ ਮੰਗ ਕੀਤੀ ਅਤੇ ਢੁਕਵੀਂ ਆਕਸੀਜਨ ਸਪਲਾਈ ਦਾ ਮੁੱਦਾ ਵੀ ਉਠਾਇਆ। ਮੁੱਖ ਮੰਤਰੀ ਨੇ ਟੀਕਾਕਰਨ ਲਈ ਕੇਂਦਰ ਸਰਕਾਰ ਤੋਂ ਫੰਡਾਂ ਦੀ ਮੰਗ ਵੀ ਕੀਤੀ। ਪੰਜਾਬ ਸਰਕਾਰ ਨੇ ਦੱਸਿਆ ਕਿ ਇਕ ਨਿਰਮਾਤਾ ਵੱਲੋਂ ਐਲਾਨੀਆ ਗਈਆਂ ਦਰਾਂ 'ਤੇ ਕਰੀਬ 1000 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਆਵੇਗੀ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਨੂੰ ਕੌਮੀ ਆਫਤ ਰਿਸਪੌਂਸ ਫੰਡ (ਐਸ.ਡੀ.ਆਰ.ਐਫ.) ਵਿਚੋਂ ਜਾਇਜ਼ ਖਰਚੇ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਤੋਂ ਪੰਜਾਬ ਨੂੰ ਆਕਸੀਜਨ ਦੀ ਹੋ ਰਹੀ ਸਪਲਾਈ ਨੂੰ ਹਾਈਜੈਕ ਕਰਨ ਦੀਆਂ ਕਨਸੋਆਂ ਹਨ। ਮੁੱਖ




ਮੰਤਰੀ ਨੇ ਕਿਹਾ ਕਿ ਦੂਜੇ ਸੂਬਿਆਂ ਦੇ ਤਰਲ ਆਕਸੀਜਨ ਉਤਪਾਦਕ ਆਪਣੀ ਵਚਨਬੱਧਤਾ ਦਾ ਪਾਲਣ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਸਪਲਾਈ ਦੀ ਘਾਟ ਕਾਰਨ ਪਿਛਲੇ ਇਕ ਹਫਤੇ ਤੋਂ ਟੀਕਾਕਰਨ ਮੁਹਿੰਮ ਦੀ ਰਫਤਾਰ ਮੱਠੀ ਪਈ ਹੈ ਅਤੇ ਮੌਜੂਦਾ ਸਟਾਕ ਸਿਰਫ ਤਿੰਨ ਦਿਨ ਤੱਕ ਹੀ ਚੱਲੇਗਾ। ਮੁੱਖ ਮੰਤਰੀ ਨੇ ਰੈਮਡੇਸਿਵਿਰ ਅਤੇ ਟੋਸੀ ਵਰਗੀਆਂ ਦਵਾਈਆਂ ਦੀ ਘਾਟ ਅਤੇ ਕਾਲਾਬਾਜ਼ਾਰੀ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕੇਂਦਰੀ ਸੰਸਥਾਵਾਂ ਜਿਵੇਂ ਕਿ ਏਮਜ਼ ਬਠਿੰਡਾ, ਪੀ.ਜੀ.ਆਈ. ਸੈਟੇਲਾਈਟ ਕੇਂਦਰ ਅਤੇ ਪੰਜਾਬ ਵਿਚਲੇ ਮਿਲਟਰੀ ਹਸਪਤਾਲ ਨੂੰ ਵਾਧੂ ਕੋਵਿਡ ਬੈੱਡ ਮੁਹੱਈਆ ਕਰਾਉਣ ਲਈ ਆਦੇਸ਼ ਦੇਣ। ਮੁੱਖ ਮੰਤਰੀ ਨੇ ਦੱਸਿਆ ਕਿ ਇਕ ਮਹੀਨੇ ਦੌਰਾਨ ਵਾਇਰਲ ਦੀ ਬਦਲ ਰਹੀ ਕਿਸਮ ਬਾਰੇ ਪੰਜਾਬ ਨੂੰ ਕੋਈ ਤਾਜ਼ਾ ਨਤੀਜਾ ਪ੍ਰਾਪਤ ਨਹੀਂ ਹੋਇਆ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਕੋਵਿਡ ਸਬੰਧੀ ਢੁਕਵੇਂ ਵਿਵਹਾਰ 'ਤੇ ਸਹਿਮਤੀ ਪ੍ਰਗਟਾਉਣ ਦੀ ਅਪੀਲ ਵੀ ਕੀਤੀ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੋਵਿਡ ਦੇ ਟਾਕਰੇ ਲਈ ਸਖਤ ਅਮਲ ਨਾਲ ਕਈ ਤਰ੍ਹਾਂ ਦੇ ਰੋਕਥਾਮ ਉਪਾਅ ਕੀਤੇ ਗਏ ਹਨ ਜਿਸ ਤਹਿਤ ਵਿਸ਼ੇਸ਼ ਨਿਗਰਾਨ ਟੀਮਾਂ ਨਾਲ ਮਾਈਕਰੋ ਕੰਟੇਨਮੈਂਟ ਜ਼ੋਨਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸਾਰੇ ਹਸਪਤਾਲਾਂ ਨੂੰ ਕੋਵਿਡ ਮਰੀਜ਼ਾਂ ਲਈ 75 ਫੀਸਦੀ ਬੈੱਡ ਰਾਖਵੇਂ ਰੱਖਣ ਅਤੇ 15 ਮਈ ਤੱਕ ਸਾਰੇ ਚੋਣਵੇਂ ਅਪ੍ਰੇਸ਼ਨਾਂ ਨੂੰ ਮੁਲਤਵੀ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਵਿਚ ਹਿਮਾਚਲ ਪ੍ਰਦੇਸ਼, ਜੰਮੂ, ਹਰਿਆਣਾ ਅਤੇ ਦਿੱਲੀ ਤੋਂ ਇਲਾਜ ਲਈ ਮਰੀਜ਼ ਆ ਰਹੇ ਹਨ, ਜੋ ਸੰਭਾਵੀ ਤੌਰ 'ਤੇ ਸਥਾਨਕ ਲੋਕਾਂ ਦੇ ਰਿਸ਼ਤੇਦਾਰ ਹਨ। ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਟੈਸਟਿੰਗ ਅਤੇ ਕੰਟੈਕਟ ਟਰੇਸਿੰਗ ਸਬੰਧੀ ਦੱਸਿਆ ਕਿ ਟੈਸਟਿੰਗ 8 ਅਪਰੈਲ ਨੂੰ ਹਰ ਰੋਜ਼ 35-40,000 ਟੈਸਟ ਤੋਂ ਇਕ ਦਿਨ ਵਿਚ 55-60,000 ਟੈਸਟਾਂ ਤੱਕ ਪਹੁੰਚ ਗਈ ਹੈ। ਪੰਜਾਬ ਵਿਚ ਦਸ ਲੱਖ ਦੀ ਆਬਾਦੀ ਪਿੱਛੇ ਟੈਸਟਿੰਗ ਕੌਮੀ ਔਸਤ ਨਾਲੋਂ ਕਾਫੀ ਜ਼ਿਆਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਕੰਟੈਕਟ ਟਰੇਸਿੰਗ ਵਧਾ ਕੇ 17.5 ਕੀਤੀ ਗਈ ਹੈ ਅਤੇ ਅਸੀਂ ਇਸ ਨੂੰ 20 ਤੋਂ ਉੱਪਰ ਪਹੁੰਚਾਉਣ ਲਈ ਕੰਮ ਕਰ ਰਹੇ ਹਾਂ।

## ਰਾਜਾਂ ਨੂੰ 600, ਕੇਂਦਰ ਨੂੰ 150 'ਚ ਮਿਲੇਗਾ ਟੀਕਾ

**ਨਵੀਂ ਦਿੱਲੀ:** ਕਰੋਨਾ ਵਾਇਰਸ ਤੋਂ ਬਚਾਉਣ ਲਈ ਸਵਦੇਸ਼ੀ ਵੈਕਸੀਨ 'ਕੋਵੈਕਸੀਨ' ਬਣਾਉਣ ਵਾਲੀ ਭਾਰਤ ਬਾਇਓਟੈੱਕ ਨੇ ਐਲਾਨ ਕੀਤਾ ਹੈ ਕਿ ਕੋਵੈਕਸੀਨ ਦੇ ਇਕ ਡੋਜ਼ ਦੀ ਕੀਮਤ ਰਾਜ ਸਰਕਾਰਾਂ ਲਈ 600 ਰੁਪਏ, ਨਿੱਜੀ ਹਸਪਤਾਲਾਂ ਲਈ 1200 ਰੁਪਏ ਅਤੇ ਪਹਿਲੀ ਮਈ ਤੋਂ 18 ਸਾਲ ਉਮਰ ਵਰਗ ਤੋਂ ਉੱਪਰ ਦੇ ਸਾਰੇ ਲੋਕਾਂ ਲਈ ਸ਼ੁਰੂ ਹੋ ਰਹੇ ਟੀਕਾਕਰਨ ਪ੍ਰੋਗਰਾਮ ਵਾਸਤੇ ਕੇਂਦਰ ਸਰਕਾਰ ਲਈ 150 ਰੁਪਏ ਤੈਅ ਕੀਤੀ ਗਈ ਹੈ। ਭਾਰਤ ਬਾਇਓਟੈੱਕ ਨੇ ਕਿਹਾ ਕਿ ਇਸ ਵੱਲੋਂ ਵੈਕਸੀਨ ਦੀ ਇਕ ਡੋਜ਼ 15-20 ਅਮਰੀਕੀ ਡਾਲਰ ਦੀ ਕੀਮਤ 'ਤੇ ਬਰਾਮਦ ਕੀਤੀ ਜਾਵੇਗੀ। ਕੋਵੀਸ਼ੀਲਡ ਨਾਂ ਦੀ ਵੈਕਸੀਨ ਬਣਾਉਣ ਵਾਲੀ ਭਾਰਤੀ ਸੀਰਮ ਸੰਸਥਾ ਵੱਲੋਂ ਐਲਾਨੀ ਗਈ ਪ੍ਰਤੀ ਡੋਜ਼ ਦੀ ਕੀਮਤ ਵਾਂਗ ਹੀ ਹੁਣ ਭਾਰਤ ਬਾਇਓਟੈੱਕ ਵੱਲੋਂ ਆਪਣੀ ਵੈਕਸੀਨ ਦੀਆਂ ਕੀਮਤਾਂ ਦਾ ਐਲਾਨ ਕੀਤਾ ਗਿਆ ਹੈ।

## ਮੋਦੀ ਰਾਜਾਂ ਨਾਲ ਪੱਖਪਾਤ ਕਰ ਰਹੇ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰ ਸਰਕਾਰ 'ਤੇ ਕਈ ਸੂਬਿਆਂ ਨੂੰ ਕੋਵਿਡ-19 ਤੋਂ ਬਚਾਅ ਲਈ ਟੀਕੇ ਅਤੇ ਹੋਰ ਜ਼ਰੂਰੀ ਦਵਾਈਆਂ ਸਮੇਤ ਸਮੱਗਰੀ ਦੇਣ ਵਿਚ ਪੱਖਪਾਤ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਬੰਗਾਲ ਚੋਣਾਂ ਤੋਂ ਇਲਾਵਾ ਕੁਝ ਨਹੀਂ ਦਿਖ ਰਿਹਾ। ਸ੍ਰੀ ਮਾਨ ਕਿਹਾ ਕਿ ਮੋਦੀ ਭਾਜਪਾ ਦੀ ਸੱਤਾ ਵਾਲੇ ਸੂਬਿਆਂ ਨੂੰ ਵੱਧ ਤਰਜੀਹ ਦੇ ਰਹੇ ਹਨ, ਜਦੋਂ ਕਿ ਹੋਰਨਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਘੱਟ ਗਿਣਤੀ ਵਿਚ ਵੈਕਸੀਨ ਤੇ ਹੋਰ ਡਾਕਟਰੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ।

# ਪੰਜਾਬ ਸਰਕਾਰ ਵੱਲੋਂ ਗਰੀਬਾਂ ਲਈ ਮੁਫਤ ਟੀਕਾਕਰਨ ਦਾ ਐਲਾਨ ਕੀਤਾ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਗਰੀਬ ਲੋਕਾਂ ਦਾ ਮੁਫਤ ਟੀਕਾਕਰਨ ਕਰਵਾਏਗੀ ਤੇ ਇਸ ਵਾਸਤੇ ਮੁੱਖ ਮੰਤਰੀ ਰਾਹਤ ਫੰਡ ਦੀ ਵਰਤੋਂ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਪਹਿਲਾਂ ਕੇਂਦਰ ਸਰਕਾਰ ਤੋਂ ਇਸ ਵਾਸਤੇ ਫੰਡਾਂ ਦੀ ਮੰਗ ਕੀਤੀ ਸੀ, ਪਰ ਕੇਂਦਰ ਦੇ ਮੱਠੇ ਹੁੰਗਾਰੇ ਮਗਰੋਂ ਪੰਜਾਬ ਸਰਕਾਰ ਨੇ ਇਹ ਫੈਸਲਾ ਲਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸੂਬੇ ਦੇ ਸਿਹਤ ਵਿਭਾਗ ਨੂੰ 18 ਤੋਂ 45 ਸਾਲ ਉਮਰ ਵਰਗ ਦੇ ਲੋਕਾਂ ਦੇ ਟੀਕਾਕਰਨ ਲਈ ਕੋਵੀਸ਼ੀਲਡ ਦੀਆਂ 30 ਲੱਖ ਖੁਰਾਕਾਂ ਦਾ ਆਰਡਰ ਦੇਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਹੈ ਕਿ ਜਲਦੀ ਤੋਂ ਜਲਦੀ ਸਪਲਾਈ ਲੈਣ ਲਈ ਭਾਰਤੀ ਸੀਰਮ ਸੰਸਥਾ ਨੂੰ ਤੁਰਤ ਵੈਕਸੀਨ ਦੀਆਂ 30 ਲੱਖ ਖੁਰਾਕਾਂ ਦਾ ਆਰਡਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਸੂਚਨਾ ਅਨੁਸਾਰ 18 ਤੋਂ 45 ਸਾਲ ਉਮਰ ਵਰਗ ਦੇ ਲੋਕਾਂ ਲਈ ਵੈਕਸੀਨ ਦੀ ਡਿਲਿਵਰੀ 15 ਮਈ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਨਹੀਂ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਗਰੀਬਾਂ ਦਾ ਮੁਫਤ ਟੀਕਾਕਰਨ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਤੋਂ ਇਲਾਵਾ ਸੀ.ਐਸ.ਆਰ. ਫੰਡਾਂ ਦੀ ਵਰਤੋਂ ਵੀ ਕੀਤੀ ਜਾਵੇ।



ਈ.ਐਸ.ਆਈ.ਸੀ. ਯੋਜਨਾ ਵਿੱਚ ਕਵਰ ਕੀਤੇ ਗਏ ਉਦਯੋਗਿਕ ਵਰਕਰਾਂ ਤੇ ਉਸਾਰੀ ਵਰਕਰਾਂ ਲਈ ਉਸਾਰੀ ਵਰਕਰਜ਼ ਭਲਾਈ ਬੋਰਡ ਨੂੰ ਟੀਕਾਕਰਨ ਵਿਚ ਸਹਿਯੋਗ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ। ਉਨ੍ਹਾਂ ਟੀਕਾਕਰਨ ਰਣਨੀਤੀ ਦੀ ਸਮੀਖਿਆ ਕਰਦਿਆਂ ਡਾ. ਗਗਨਦੀਪ ਕੰਗ ਦੀ ਅਗਵਾਈ ਵਾਲੇ ਮਾਹਿਰ ਸਮੂਹ ਨੂੰ 29 ਅਪਰੈਲ ਤੱਕ ਆਪਣੀ ਪਹਿਲੀ ਰਿਪੋਰਟ ਵਿਚ 18 ਤੋਂ 45 ਸਾਲ ਉਮਰ ਵਰਗ ਦੇ ਲੋਕਾਂ ਨੂੰ ਟੀਕਾਕਰਨ ਲਈ ਤਰਜੀਹ ਦੇਣ ਸਬੰਧੀ ਰਣਨੀਤੀ ਪੇਸ਼ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ 45 ਸਾਲ ਤੋਂ ਵੱਧ ਉਮਰ ਵਰਗ ਦੇ ਲੋਕਾਂ ਦੇ ਟੀਕਾਕਰਨ ਨਾਲ ਵੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਕੈਪਟਨ ਨੇ ਦੱਸਿਆ ਕਿ ਪੰਜਾਬ ਨੂੰ ਹੁਣ ਤੱਕ ਕੋਵੀਸ਼ੀਲਡ ਦੀਆਂ 29,36,770 ਅਤੇ ਕੋਵੈਕਸੀਨ ਦੀਆਂ 3.34 ਲੱਖ ਖੁਰਾਕਾਂ ਮਿਲ ਚੁੱਕੀਆਂ ਹਨ। 22 ਅਪਰੈਲ ਤੱਕ ਟੀਕਿਆਂ ਦੇ ਉਪਲਬਧ ਸਟਾਕ ਵਿਚੋਂ ਕੋਵੀਸ਼ੀਲਡ ਦੀਆਂ 25.48 ਲੱਖ ਖੁਰਾਕਾਂ ਅਤੇ ਕੋਵੈਕਸੀਨ ਦੀਆਂ 2.64 ਲੱਖ ਖੁਰਾਕਾਂ ਦੀ ਵਰਤੋਂ ਕੀਤੀ ਜਾ ਚੁੱਕੀ ਹੈ ਜਦੋਂ ਕਿ ਸੂਬੇ ਕੋਲ ਇਸ ਵੇਲੇ ਕੋਵੀਸ਼ੀਲਡ ਦੀਆਂ 2.81 ਲੱਖ ਅਤੇ ਕੋਵੈਕਸੀਨ ਦੀਆਂ 27,400 ਖੁਰਾਕਾਂ ਹਨ। ਕੇਂਦਰੀ ਸਿਹਤ ਮੰਤਰਾਲੇ ਤੋਂ ਕੋਵੀਸ਼ੀਲਡ ਦੀਆਂ 10 ਲੱਖ ਖੁਰਾਕਾਂ ਦੀ ਵਾਧੂ ਸਪਲਾਈ ਦੀ ਮੰਗ ਵੀ ਕੀਤੀ ਗਈ ਸੀ।

## ਕੇਂਦਰ ਪੰਜਾਬ ਲਈ ਆਕਸੀਜਨ ਦਾ ਕੋਟਾ ਵਧਾਏ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ ਵਰਧਨ ਨੂੰ ਮੁੜ ਪੱਤਰ ਲਿਖ ਕੇ ਪੰਜਾਬ ਲਈ ਆਕਸੀਜਨ ਦੀ ਸਪਲਾਈ ਦੇ ਕੋਟੇ ਦੀ ਵੰਡ ਵਿਚ ਫੌਰੀ ਵਾਧਾ ਕਰਨ ਦੀ ਮੰਗ ਉਠਾਈ ਹੈ। ਮੁੱਖ ਮੰਤਰੀ ਨੇ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਨਿਰਦੇਸ਼ ਦਿੱਤੇ ਕਿ ਭਾਰਤ ਸਰਕਾਰ ਕੋਲ ਜ਼ਰੂਰੀ ਸਪਲਾਈ ਲਈ ਪੈਰਵੀ ਕੀਤੀ ਜਾਵੇ। ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ 'ਚ ਦੂਸਰੇ ਸੂਬਿਆਂ ਤੋਂ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਧਣ ਲੱਗੀ ਹੈ, ਜਿਸ ਕਰਕੇ ਮੈਡੀਕਲ ਆਕਸੀਜਨ ਦੀ ਸਪਲਾਈ 'ਚ ਵਾਧਾ ਕੀਤਾ ਜਾਵੇ। ਉਨ੍ਹਾਂ ਨੇ ਮੁੱਖ ਸਕੱਤਰ ਨੂੰ ਅੰਮ੍ਰਿਤਸਰ ਲਈ ਜ਼ਰੂਰੀ ਸਪਲਾਈ ਭੇਜਣ ਦੀ ਹਦਾਇਤ ਕੀਤੀ, ਜਿੱਥੇ ਇਕ ਪ੍ਰਾਈਵੇਟ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਕੀਮਤੀ ਜਾਨਾਂ ਚਲੀਆਂ ਗਈਆਂ। ਮੁੱਖ ਮੰਤਰੀ ਨੇ ਉਦਯੋਗ ਦੇ ਪ੍ਰਮੁੱਖ ਸਕੱਤਰ ਪਾਸੋਂ ਸੂਬੇ ਵਿਚ ਹਸਪਤਾਲਾਂ ਅਨੁਸਾਰ ਆਕਸੀਜਨ ਦੀ ਮੰਗ-ਸਪਲਾਈ ਦੀ ਸਥਿਤੀ ਬਾਰੇ ਹਰੇਕ ਚਾਰ ਘੰਟੇ ਦੀ ਰਿਪੋਰਟ ਮੰਗੀ ਹੈ।

## ਮੈਡੀਕਲ ਕਾਲਜਾਂ ਵਾਸਤੇ 400 ਨਰਸਾਂ ਦੀ ਭਰਤੀ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਵਿਚ ਵਾਧੇ ਦੇ ਮੱਦੇਨਜ਼ਰ ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਚ 400 ਨਰਸਾਂ ਅਤੇ 140 ਟੈਕਨੀਸ਼ੀਅਨਾਂ ਦੀ ਫੌਰੀ ਭਰਤੀ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਮੈਡੀਕਲ ਕਾਲਜਾਂ ਦੇ ਪ੍ਰਵਾਨਿਤ/ਪ੍ਰਗਤੀ ਅਧੀਨ ਪ੍ਰਾਜੈਕਟਾਂ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਕਿਹਾ ਕਿ ਉਹ ਛੇਤੀ ਹੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕੋਵਿਡ ਬੈੱਡ ਮੁਹੱਈਆ ਕਰਵਾਉਣ ਲਈ ਮਿਲਟਰੀ ਹਸਪਤਾਲਾਂ ਅਤੇ ਪੀ.ਜੀ.ਆਈ. ਸੈਟੇਲਾਈਟ ਸੈਂਟਰਾਂ ਨੂੰ ਹਦਾਇਤਾਂ ਦੇਣ ਦੀ ਮੰਗ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਵਿਭਾਗ ਦੇ ਪੁਨਰਗਠਨ ਤੋਂ ਬਾਅਦ ਪ੍ਰਵਾਨਿਤ 900 ਅਸਾਮੀਆਂ 'ਚੋਂ ਪਹਿਲੇ ਪੜਾਅ 'ਚ ਨਰਸਾਂ ਦੀਆਂ 400 ਅਸਾਮੀਆਂ ਭਰੀਆਂ ਜਾਣੀਆਂ ਚਾਹੀਦੀਆਂ ਹਨ।

# ਪੰਜਾਬ ਭਰ 'ਚ ਖਣਨ ਖਿਲਾਫ ਸਖਤੀ, ਰਾਤ ਨੂੰ ਪਾਬੰਦੀ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਤ 7.30 ਵਜੇ ਤੋਂ ਸਵੇਰੇ 5 ਵਜੇ ਤੱਕ ਖਣਨ ਕਰਨ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਪੁਲਿਸ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਮਾਈਨਿੰਗ) ਨੂੰ ਵੀ ਰਾਤ ਨੂੰ ਮਾਈਨਿੰਗ ਕਾਰਜਾਂ ਵਿਚ ਸ਼ਾਮਲ ਪਾਏ ਜਾਣ ਵਾਲੇ ਲੋਕਾਂ ਖਿਲਾਫ ਸਖਤ ਕਾਰਵਾਈ ਦੇ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਨੇ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਮਾਈਨਿੰਗ ਵਿਭਾਗ ਇਹ ਯਕੀਨੀ ਬਣਾਏਗਾ ਕਿ ਕਿਸੇ ਵੀ ਅਧਿਕਾਰਤ ਠੇਕੇਦਾਰ ਵੱਲੋਂ ਦਰਿਆਵਾਂ ਦੇ ਬੈੱਡ ਜਾਂ ਹੋਰ ਇਲਾਕਿਆਂ ਵਿਚ ਰਾਤ 7.30 ਵਜੇ ਤੋਂ ਸਵੇਰੇ 5 ਵਜੇ ਤੱਕ ਮਾਈਨਿੰਗ ਨਾ ਕੀਤੀ ਜਾਵੇ। ਕੋਈ ਵੀ ਵਿਅਕਤੀ, ਚਾਹੇ ਉਹ ਅਧਿਕਾਰੀ ਅਤੇ ਪੁਲਿਸ ਮੁਲਾਜ਼ਮ ਹੋਵੇ, ਜੇਕਰ ਗੈਰਕਾਨੂੰਨੀ ਖਣਨ 'ਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਮੁੱਖ ਮੰਤਰੀ ਨੇ ਡੀ.ਜੀ.ਪੀ. ਅਤੇ ਨਵ-ਗਠਿਤ ਇਨਫੋਰਸਮੈਂਟ ਡਾਇਰੈਕਟੋਰੇਟ ਮਾਈਨਿੰਗ ਨੂੰ ਰਾਤ ਦੇ ਸਮੇਂ ਕਿਸੇ ਵੀ ਖਣਨ ਸਰਗਰਮੀ ਖਿਲਾਫ ਸਖਤ ਕਾਰਵਾਈ ਦੇ ਹੁਕਮ ਦਿੰਦਿਆਂ ਨਾਲ ਹੀ ਕਿਹਾ ਕਿ ਸੂਬੇ ਵਿਚ ਵੱਡੇ ਪੱਧਰ ਉਤੇ ਚੱਲ ਰਹੀਆਂ ਉਸਾਰੀ ਗਤੀਵਿਧੀਆਂ ਦੇ ਮੱਦੇਨਜ਼ਰ ਰਾਤ ਸਮੇਂ ਰੇਤਾ ਅਤੇ ਬਜਰੀ ਦੀ ਨਿਰਵਿਘਨ ਆਵਾਜਾਈ ਵਿਚ ਕੋਈ ਅੜਿੱਕਾ ਨਹੀਂ ਪਾਇਆ ਜਾਣਾ ਚਾਹੀਦਾ। ਉਨ੍ਹਾਂ ਨੇ ਵਿਭਾਗ ਨੂੰ ਰੇਤਾ-ਬੱਜਰੀ ਦੀ ਵਾਜਬ ਕੀਮਤਾਂ 'ਤੇ ਮਿਲਣਾ ਯਕੀਨੀ ਬਣਾਉਣ ਅਤੇ ਪ੍ਰਮੁੱਖ ਸਕੱਤਰ ਮਾਈਨਿੰਗ ਨੂੰ ਰੇਤਾ-ਬੱਜਰੀ ਦੀਆਂ ਕੀਮਤਾਂ ਹੇਠਾਂ ਲਿਆਉਣ ਲਈ ਅਧਿਕਾਰਤ ਠੇਕੇਦਾਰਾਂ ਨਾਲ ਤਾਲਮੇਲ ਕਰਨ ਲਈ ਆਖਿਆ। ਸਮੂਹ ਪੁਲਿਸ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਗੈਰਕਾਨੂੰਨੀ ਖਣਨ 'ਚ ਸ਼ਾਮਲ ਅਨਸਰਾਂ ਖਿਲਾਫ ਸਖਤ ਕਾਰਵਾਈ ਦੇ ਹੁਕਮ ਦਿੱਤੇ ਗਏ ਹਨ। ਮੁੱਖ ਮੰਤਰੀ ਦੀਆਂ ਹਦਾਇਤਾਂ ਮੁਤਾਬਕ ਹੁਣ ਰਾਤ ਸਮੇਂ ਰੇਤ ਦੀ ਮਾਈਨਿੰਗ ਰੋਕਣ ਲਈ ਹੋਰ ਫੋਰਸ ਤਾਇਨਾਤ ਕੀਤੀ ਜਾਵੇਗੀ। ਇਨਫੋਰਸਮੈਂਟ ਡਾਇਰੈਕਟੋਰੇਟ ਮਾਈਨਿੰਗ ਦੇ ਡਾਇਰੈਕਟਰ ਆਰ.ਐਨ. ਢੋਕੇ ਨੇ ਦੱਸਿਆ ਕਿ ਡਾਇਰੈਕਟੋਰੇਟ ਦੇ ਗਠਨ ਤੋਂ ਲੈ ਕੇ ਹੁਣ ਤੱਕ ਗੈਰਕਾਨੂੰਨੀ ਰੇਤ ਮਾਈਨਿੰਗ ਦੀਆਂ ਸਰਗਰਮੀਆਂ 'ਚ ਸ਼ਾਮਲ 93 ਵਿਅਕਤੀਆਂ ਖਿਲਾਫ 70 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਅਤੇ 70 ਵਾਹਨ ਜ਼ਬਤ ਕੀਤੇ ਗਏ ਹਨ।

# ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋਣ ਵਾਲੇ ਪੰਜਾਬੀ ਘਰ ਪਰਤੇ

**ਅੰਮ੍ਰਿਤਸਰ:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋਏ 6 ਨੌਜਵਾਨਾਂ, ਜਿਨ੍ਹਾਂ ਵਿਚ ਕੁੜੀਆਂ ਵੀ ਸ਼ਾਮਲ ਹਨ, ਨੂੰ ਆਪਣੇ ਕੋਲੋਂ ਵੱਡੀ ਰਕਮ ਖਰਚ ਕੇ ਦੁਬਈ ਤੋਂ ਸੁਰੱਖਿਅਤ ਵਤਨ ਵਾਪਸ ਲਿਆਂਦਾ ਹੈ। ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਇਹ ਛੇ ਜਣੇ ਜਦੋਂ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜੇ ਤਾਂ ਆਪਣੇ ਪਰਿਵਾਰਾਂ ਨੂੰ ਮਿਲ ਕੇ ਰੋ ਪਏ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਵਾਪਸ ਲਿਆਂਦੇ ਇਨ੍ਹਾਂ ਛੇ ਜਣਿਆਂ ਵਿਚ ਚਾਰ ਲੜਕੇ ਜੋਬਨਜੀਤ ਸਿੰਘ, ਕੁਲਵਿੰਦਰ ਸਿੰਘ, ਬਲਜੀਤ ਸਿੰਘ ਤੇ ਅਵਤਾਰ ਸਿੰਘ ਸ਼ਾਮਲ ਹਨ, ਜੋ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸ਼ੰਕਰਪੁਰ ਨਾਲ ਸਬੰਧਤ ਅਤੇ ਇਕੋ ਹੀ ਟਰੈਵਲ ਏਜੰਟ ਦੇ ਧੋਖੇ ਦਾ ਸ਼ਿਕਾਰ ਹਨ। ਇਨ੍ਹਾਂ ਵਿਚ ਦੋ ਕੁੜੀਆਂ, ਮੋਗਾ ਅਤੇ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਹਨ। ਇਨ੍ਹਾਂ ਨੇ ਆਪਣੇ ਮਾੜੇ ਹਾਲਾਤ ਬਾਰੇ ਟਰੱਸਟ ਨੂੰ ਦੱਸ ਕੇ ਮਦਦ ਦੀ ਅਪੀਲ ਕੀਤੀ ਸੀ, ਜਿਸ 'ਤੇ ਕਾਰਵਾਈ ਕਰਦਿਆਂ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਇਨ੍ਹਾਂ ਨੂੰ ਵਾਪਸ ਲਿਆਂਦਾ ਹੈ। ਇਨ੍ਹਾਂ ਦੀ ਇਮੀਗ੍ਰੇਸ਼ਨ, ਓਵਰਸਟੇਅ ਤੇ ਕਰੋਨਾ



ਟੈਸਟ ਆਦਿ ਦੇ ਖਰਚ ਤੋਂ ਇਲਾਵਾ ਭਾਰਤ ਲਿਆਉਣ ਦੀਆਂ ਹਵਾਈ ਟਿਕਟਾਂ ਤੇ ਹੋਰ ਖਰਚਿਆਂ ਦਾ ਪ੍ਰਬੰਧ ਵੀ ਟਰੱਸਟ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਾਣਕਾਰੀ ਮੁਤਾਬਕ ਅਰਬ ਦੇਸ਼ਾਂ ਵਿਚ ਹਾਲੇ ਵੀ ਸੈਂਕੜੇ ਕੁੜੀਆਂ ਫਸੀਆਂ ਹੋਈਆਂ ਹਨ ਅਤੇ ਫਸੇ ਹੋਏ ਅਜਿਹੇ ਪੀੜਤਾਂ ਨੂੰ ਜਲਦੀ ਵਾਪਸ ਲਿਆਂਦਾ ਜਾਵੇਗਾ। ਦੁਬਈ ਤੋਂ ਵਾਪਸ ਪਰਤੇ ਪੀੜਤਾਂ ਨੇ ਦੱਸਿਆ ਕਿ ਉਥੇ ਉਹ ਮਾੜੇ ਹਾਲਾਤ ਵਿੱਚ ਸਨ ਅਤੇ ਸ੍ਰੀ ਓਬਰਾਏ ਨੇ ਆਪਣੇ ਕੋਲੋਂ ਲੱਖਾਂ ਰੁਪਏ ਖਰਚ ਕੇ ਉਨ੍ਹਾਂ ਨੂੰ ਮਾਪਿਆਂ ਨਾਲ ਮਿਲਾਇਆ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਧੋਖਾ ਕਰਨ ਵਾਲੇ ਏਜੰਟਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ।

# ਕਰੋਨਾ ਪਾਬੰਦੀਆਂ ਨੇ ਹੋਰ ਗੰਭੀਰ ਕੀਤੀ ਬੇਰੁਜ਼ਗਾਰੀ ਦੀ ਸਮੱਸਿਆ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਤੇ ਲੌਕਡਾਊਨ ਨੇ ਭਾਰਤ ਵਿਚ ਬੇਰੁਜ਼ਗਾਰੀ ਦੇ ਸੰਕਟ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਤਾਜ਼ਾ ਅੰਕੜੇ ਅਨੁਸਾਰ ਤਾਲਾਬੰਦੀ ਦੇ ਸ਼ੁਰੂਆਤੀ ਤਿੰਨ ਮਹੀਨਿਆਂ 'ਚ ਦੇਸ਼ ਦੇ ਸ਼ਹਿਰੀ ਇਲਾਕਿਆਂ 'ਚ ਬੇਰੁਜ਼ਗਾਰੀ ਵਿਚ ਵਾਧਾ ਸਾਲ 2019 ਦੇ ਮੁਕਾਬਲੇ ਦੁੱਗਣਾ ਹੋਇਆ ਹੈ। ਜੇਕਰ ਅੰਕੜਿਆਂ ਨੂੰ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਸ਼ਹਿਰੀ ਇਲਾਕਿਆਂ 'ਚ ਅਪਰੈਲ ਜੂਨ (ਵਿੱਤੀ ਸਾਲ 2019-20) ਦੌਰਾਨ ਬੇਰੁਜ਼ਗਾਰੀ ਦਰ 20.9 ਫੀਸਦੀ ਵਧ ਗਈ ਸੀ। ਜਦ ਕਿ ਜਨਵਰੀ-ਮਾਰਚ (ਵਿੱਤੀ ਸਾਲ 2018-19) ਦੌਰਾਨ ਇਹ ਸਿਰਫ 9.1 ਫੀਸਦੀ ਸੀ।

ਸਰਵੇਖਣ ਮੁਤਾਬਕ ਸ਼ਹਿਰਾਂ ਵਿਚ ਟ੍ਰਾਂਸਜੈਂਡਰ ਸਮੇਤ ਮਰਦਾਂ 'ਚ ਬੇਰੁਜ਼ਗਾਰੀ ਦਰ 20.8 ਫੀਸਦੀ ਰਹੀ, ਜਦ ਕਿ ਔਰਤਾਂ ਵਿਚ ਬੇਰੁਜ਼ਗਾਰੀ ਦੀ ਦਰ 21.2 ਫੀਸਦੀ ਰਹੀ ਸੀ। ਸਭ ਤੋਂ ਵੱਧ ਅਸਰ ਨੌਜਵਾਨ ਕਾਮਿਆਂ ਉਤੇ ਪਿਆ ਸੀ। ਸ਼ਹਿਰਾਂ ਵਿਚ 15 ਤੋਂ 29 ਸਾਲ ਵਿਚਕਾਰ ਦੇ ਲੋਕਾਂ 'ਚ ਬੇਰੁਜ਼ਗਾਰੀ ਦਰ 34.7 ਫੀਸਦੀ ਰਹੀ। ਔਰਤ ਕਿਰਤੀਆਂ ਦੀ ਭਾਈਵਾਲੀ ਦੀ ਦਰ 35.9 ਫੀਸਦੀ ਘਟ ਗਈ।

ਤਾਲਾਬੰਦੀ ਦੌਰਾਨ ਆਰਥਿਕ ਸਰਗਰਮੀਆਂ ਬੰਦ ਹੋ ਜਾਣ ਨਾਲ ਮੈਨੂਫੈਕਚਰਿੰਗ ਸੈਕਟਰ ਨੂੰ ਵੱਡਾ ਝਟਕਾ ਲੱਗਾ। ਇਸ ਤੋਂ ਇਲਾਵਾ ਸਰਵਿਸ ਸੈਕਟਰ ਦੀਆਂ ਸਰਗਰਮੀਆਂ ਉਤੇ ਵੀ ਵੱਡਾ ਅਸਰ ਪਿਆ। ਇਸ ਦੇ ਨਾਲ-ਨਾਲ ਹੋਟਲ, ਟ੍ਰੈਵਲ, ਟੂਰਿਜ਼ਮ ਤੇ ਪ੍ਰਾਹੁਣਚਾਰੀ ਦੇ ਹੋਰ



ਉਦਯੋਗਾਂ ਉਤੇ ਇਸ ਦਾ ਵਧੇਰੇ ਅਸਰ ਰਿਹਾ। ਦੂਜੇ ਪਾਸੇ ਫੈਕਟਰੀਆਂ ਦੇ ਬੰਦ ਹੋਣ ਨਾਲ ਮੈਨੂਫੈਕਚਰਿੰਗ ਸੈਕਟਰ ਦੀਆਂ ਸਰਗਰਮੀਆਂ ਵਿਚ ਵੀ ਇਕ ਤਰ੍ਹਾਂ ਦੀ ਖੜੋਤ ਜਿਹੀ ਆ ਗਈ ਹੈ। ਜਦੋਂ ਕਿ ਇਸ ਤੋਂ ਪਹਿਲਾਂ 2017 ਆਰਗੇਨਾਈਜ਼ੇਸ਼ਨ ਆਫ ਇਕਨਾਮਿਕ ਕੋਆਪਰੇਸ਼ਨ ਐਂਡ ਡਿਵੈਲਪਮੈਂਟ (ਓਕਡ) ਨੇ ਭਾਰਤ ਦੇ ਸੰਦਰਭ ਵਿਚ ਆਪਣੇ ਇਕ ਆਰਥਿਕ ਸਰਵੇਖਣ ਦੀ ਜਿਹੜੀ ਰਿਪੋਰਟ ਜਾਰੀ ਕੀਤੀ ਸੀ, ਉਸ ਵਿਚ ਦੱਸਿਆ ਗਿਆ ਸੀ ਕਿ 15 ਤੋਂ 29 ਉਮਰ ਗੁੱਟ ਦੇ ਤੀਹ ਪ੍ਰਤੀਸ਼ਤ ਨੌਜਵਾਨ ਬੇਰੁਜ਼ਗਾਰ ਹਨ। ਰਿਪੋਰਟ ਅਨੁਸਾਰ ਇਹ ਗਿਣਤੀ ਤਿੰਨ ਕਰੋੜ ਦਸ ਲੱਖ ਬਣਦੀ ਹੈ। ਭਾਰਤ ਵਿਚ ਬਾਲਗਾਂ ਲਈ ਕੰਮ ਦੀ ਕਮੀ ਹੈ ਪਰ ਬੱਚਿਆਂ ਲਈ ਰੁਜ਼ਗਾਰ ਦੇ ਬੇਹੱਦ ਮੌਕੇ ਹਨ। ਇਥੇ ਜ਼ਿਕਰਯੋਗ ਹੈ ਕਿ 14 ਸਾਲ ਤੋਂ ਛੋਟੇ ਬੱਚੇ ਦੇ ਕੰਮ ਨੂੰ ਰੁਜ਼ਗਾਰ ਨਹੀਂ ਕਿਹਾ ਜਾ ਸਕਦਾ ਅਤੇ ਇਸ ਦੀ ਕਾਨੂੰਨੀ ਤੌਰ 'ਤੇ ਵੀ ਮਨਾਹੀ ਹੈ। ਅੱਜਕਲ੍ਹ ਦੇਸ਼ ਵਿਚ 3 ਕਰੋੜ ਦੇ ਕਰੀਬ ਬੱਚੇ ਕਿਰਤ ਕਰਨ ਲਈ ਮਜਬੂਰ ਹਨ।

ਬੀਤੇ ਦਿਨੀਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਧ ਰਹੀ ਬੇਰੁਜ਼ਗਾਰੀ ਨੂੰ ਲੈ ਕੇ ਕੇਂਦਰ ਦੀ ਮੌਜੂਦਾ ਸਰਕਾਰ ਉਤੇ ਨਿਸ਼ਾਨਾ ਵਿੰਨ੍ਹਦਿਆਂ ਮੋਦੀ ਸਰਕਾਰ ਦੇ ਨੋਟਬੰਦੀ ਦੇ ਫੈਸਲੇ ਨੂੰ ਆਪਣੇ ਪਹਿਲਾਂ ਦਿੱਤੇ ਬਿਆਨ ਵਾਂਗ ਹੀ ਗਲਤ ਕਰਾਰ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮੋਦੀ ਸਰਕਾਰ ਵਲੋਂ ਬਿਨਾਂ ਸੋਚੇ-ਸਮਝੇ ਲਏ ਗਏ ਅਜਿਹੇ ਫੈਸਲਿਆਂ ਕਾਰਨ ਹੀ ਅੱਜ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਦਰਅਸਲ ਇਹ ਸੰਕਟ ਸਾਲ 2016 ਵਿਚ ਬਿਨਾਂ ਸੋਚੇ-ਸਮਝੇ ਲਏ ਗਏ ਨੋਟਬੰਦੀ ਦੇ ਫੈਸਲੇ ਤੋਂ ਪੈਦਾ ਹੋਇਆ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਇਹ ਵੀ ਕਿਹਾ ਕਿ ਆਈ.ਟੀ. ਸੈਕਟਰ ਡਿਜੀਟਲ ਮੋਡ ਕਾਰਨ ਕੰਮ ਕਰ ਰਿਹਾ ਹੈ, ਪਰ ਮਹਾਂਮਾਰੀ ਨੇ ਸੈਰ-ਸਪਾਟਾ ਸੈਕਟਰ 'ਤੇ ਬਹੁਤ ਬੁਰਾ ਪ੍ਰਭਾਵ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਤੇ ਸਿਹਤ ਵੱਲ ਧਿਆਨ ਕੇਂਦਰਿਤ ਕਰਨ ਕਾਰਨ ਕੇਰਲ ਦੇ ਲੋਕ ਦੇਸ਼ ਤੇ ਵਿਸ਼ਵ ਦੇ ਸਾਰੇ ਹਿੱਸਿਆਂ ਵਿਚ ਨੌਕਰੀਆਂ ਪ੍ਰਾਪਤ ਕਰਨ ਦੇ ਯੋਗ ਹਨ।

ਉਧਰ, ਜੇਕਰ ਰਿਜ਼ਰਵ ਬੈਂਕ ਦੇ ਤਾਜ਼ਾ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਕਰੋਨਾ ਮਹਾਂਮਾਰੀ ਦੇ ਇਕ ਸਾਲ ਦੇ ਦੌਰਾਨ ਭਾਰਤੀ ਪਰਿਵਾਰਾਂ ਉਤੇ ਕਰਜ਼ੇ ਦਾ ਭਾਰ ਵਧਿਆ ਹੈ। ਰਿਜ਼ਰਵ ਬੈਂਕ ਆਫ ਇੰਡੀਆ ਦੇ ਤਾਜ਼ਾ ਅੰਕੜਿਆਂ ਮੁਤਾਬਕ ਮੌਜੂਦਾ ਵਿੱਤੀ ਸਾਲ ਦੀ ਦੂਜੀ ਤਿਮਾਹੀ ਵਿਚ ਪਰਿਵਾਰਾਂ ਉਤੇ ਕਰਜ਼ਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 37.1 ਫੀਸਦੀ ਹੋ ਗਿਆ ਹੈ।


ਇਸ ਦੇ ਉਲਟ ਪਰਿਵਾਰਾਂ ਦੀ ਬੱਚਤ ਘਟ ਕੇ 10.4 ਫੀਸਦੀ ਦੇ ਹੇਠਲੇ ਪੱਧਰ 'ਤੇ ਆ ਗਈ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮਹਾਂਮਾਰੀ ਕਾਰਨ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ਹਨ, ਜਦ ਕਿ ਵੱਡੀ ਗਿਣਤੀ ਵਿਚ ਲੋਕਾਂ ਦੀਆਂ ਤਨਖਾਹਾਂ ਵਿਚ ਕਟੌਤੀ ਹੋਈ ਹੈ।

## ਗਰਭ ਅਵਸਥਾ ਦੌਰਾਨ ਕਰੋਨਾ ਲਾਗ ਨੇ ਮੌਤ ਦਰ ਵਧਾਈ

**ਨਿਊ ਯਾਰਕ:** 2,100 ਔਰਤਾਂ ਉਤੇ ਅਧਾਰਿਤ ਇਕ ਅਧਿਐਨ ਅਨੁਸਾਰ ਜਿਨ੍ਹਾਂ ਔਰਤਾਂ ਨੇ ਆਪਣੀ ਗਰਭ ਅਵਸਥਾ ਦੌਰਾਨ ਕਰੋਨਾ-19 ਦਾ ਸਾਹਮਣਾ ਕੀਤਾ ਸੀ, ਉਨ੍ਹਾਂ ਦੀ ਮੌਤ ਦੀ ਸੰਭਾਵਨਾ 20 ਫੀਸਦੀ ਜਿਆਦਾ ਸੀ। ਵਾਸ਼ਿੰਗਟਨ ਅਤੇ ਆਕਸਫੋਰਡ ਯੂਨੀਵਰਸਿਟੀਆਂ ਦੀ ਅਗਵਾਈ 'ਚ ਕੀਤੇ ਅਧਿਐਨ 'ਚ 18 ਘੱਟ, ਦਰਮਿਆਨੀ ਅਤੇ ਉਚ ਆਮਦਨ ਵਾਲੇ ਦੇਸ਼ਾਂ ਦੇ 43 ਹਸਪਤਾਲਾਂ ਦੀਆਂ ਗਰਭਵਤੀ ਔਰਤਾਂ ਨੂੰ ਸ਼ਾਮਲ ਕੀਤਾ ਗਿਆ। 2020 ਦੇ ਅਪਰੈਲ ਅਤੇ ਅਗਸਤ ਦਰਮਿਆਨ ਕੀਤੇ ਗਏ ਅਧਿਐਨ 'ਚ ਕੋਵਿਡ-19 ਨਾਲ ਪ੍ਰਭਾਵਿਤ ਹਰੇਕ ਔਰਤ ਦੀ ਤੁਲਨਾ, ਦੋ ਬਿਨਾਂ ਲਾਗਗ੍ਰਸਤ ਔਰਤਾਂ ਨਾਲ ਕੀਤੀ ਗਈ, ਜਿਨ੍ਹਾਂ ਨੇ ਉਸੇ ਹਸਪਤਾਲ 'ਚ ਉਸ ਹੀ ਸਮੇਂ ਦੌਰਾਨ ਬੱਚੇ ਨੂੰ ਜਨਮ ਦਿੱਤਾ ਸੀ।

## ਸਿੱਖਾਂ ਖਿਲਾਫ ਵਧ ਰਹੇ ਹਮਲਿਆਂ ਸਬੰਧੀ ਬਾਇਡਨ ਨੂੰ ਪੱਤਰ

**ਵਾਸ਼ਿੰਗਟਨ:** ਕਾਂਗਰਸ ਦੇ ਸੀਨੀਅਰ ਆਗੂ ਅਤੇ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਪੱਤਰ ਲਿਖ ਕੇ ਅਮਰੀਕਾ 'ਚ ਸਿੱਖਾਂ ਖਿਲਾਫ ਵੱਧ ਰਹੇ ਨਫਰਤੀ ਅਪਰਾਧਾਂ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਇੰਡੀਆਨਾਪੋਲਿਸ 'ਚ ਪਿਛਲੇ ਹਫਤੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਗੋਲੀਆਂ ਮਾਰਨ 'ਤੇ ਭਾਰਤ ਅਤੇ ਹੋਰ ਥਾਵਾਂ 'ਤੇ ਵਸਦੇ ਸਿੱਖਾਂ 'ਚ ਰੋਹ ਹੈ। ਫੈੱਡਐਕਸ ਕੇਂਦਰ 'ਤੇ ਹੋਈ ਗੋਲੀਬਾਰੀ ਦੌਰਾਨ ਤਿੰਨ ਮਹਿਲਾਵਾਂ ਸਮੇਤ ਅੱਠ ਵਿਅਕਤੀ ਮਾਰੇ ਗਏ ਸਨ ਜਿਨ੍ਹਾਂ 'ਚੋਂ ਚਾਰ ਵਿਅਕਤੀ ਸਿੱਖ ਭਾਈਚਾਰੇ ਨਾਲ ਸਬੰਧਤ ਸਨ। ਵ੍ਹਾਈਟ ਹਾਊਸ ਨੂੰ ਭੇਜੇ ਪੱਤਰ 'ਚ ਤਿਵਾੜੀ ਨੇ ਲਿਖਿਆ ਹੈ,"ਅਸੀਂ ਜਦੋਂ 9/11 ਹਮਲੇ ਦੀ 20ਵੀਂ ਬਰਸੀ ਮਨਾਉਣ ਜਾ ਰਹੇ ਹਾਂ ਤਾਂ ਇਹ ਬੜੀ ਅਫਸੋਸਨਾਕ ਗੱਲ ਹੈ ਕਿ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਖਿਲਾਫ ਨਫਰਤੀ ਅਪਰਾਧਾਂ 'ਚ ਲਗਾਤਾਰ ਵਾਧਾ ਦੇਖਿਆ ਜਾ ਰਿਹਾ



ਹੈ।" ਤਿਵਾੜੀ ਨੇ ਕਿਹਾ ਕਿ ਇਹ ਮੰਦਭਾਗੀ ਘਟਨਾ ਉਨ੍ਹਾਂ ਲਈ ਨਿੱਜੀ ਤੌਰ 'ਤੇ ਵੀ ਦੁਖਦਾਈ ਹੈ ਕਿਉਂਕਿ ਜਿਹੜੀ ਲੋਕ ਸਭਾ ਸੀਟ ਆਨੰਦਪੁਰ ਸਾਹਿਬ ਤੋਂ ਉਹ ਚੁਣ ਕੇ ਆਉਂਦੇ ਹਨ, ਉਥੋਂ ਹੀ ਖਾਲਸਾ ਪੰਥ ਦੀ 13 ਅਪਰੈਲ, 1699 'ਚ ਸਥਾਪਨਾ ਹੋਈ ਸੀ। ਉਨ੍ਹਾਂ ਅਗਸਤ 2012 'ਚ ਵਿਸਕੌਨਸਿਨ ਦੇ ਓਕ ਕਰੀਕ ਦੇ ਗੁਰਦੁਆਰੇ 'ਚ ਹੋਏ ਹਮਲੇ ਦਾ ਵੀ ਜਿਕਰ ਕੀਤਾ ਹੈ ਜਿਸ 'ਚ ਸੱਤ ਵਿਅਕਤੀਆਂ ਦੀ ਜਾਨ ਗਈ ਸੀ।

## ਵ੍ਹਾਈਟ ਹਾਊਸ ਸਾਹਮਣੇ ਲੇਖਕਾਂ ਨੇ ਕਿਸਾਨਾਂ ਦੇ ਹੱਕ ਵਿਚ ਮੋਰਚਾ ਲਾਇਆ

**ਵਾਸ਼ਿੰਗਟਨ ਡੀ. ਸੀ. (ਬਿਊਰੋ):** ਭਾਰਤੀ ਕਿਸਾਨਾਂ ਦੀ ਹਮਾਇਤ ਵਿਚ ਪਰਵਾਸੀ ਕਿਸਾਨਾਂ ਦੀ ਹਮਾਇਤ ਵਿਚ ਕਰੀਬ ਸਵਾ ਮਹੀਨੇ ਤੋਂ ਚੱਲ ਰਹੇ ਅੰਦੋਲਨ ਦੀ ਅਗਵਾਈ ਉਘੇ ਕਵੀ




ਅਤੇ ਐਵਾਰਡੀ ਰਵਿੰਦਰ ਸਿੰਘ ਸਹਿਰਾਅ ਨੇ ਕੀਤੀ। ਉਨ੍ਹਾਂ ਦੀ ਟੀਮ ਵਿਚ ਹੋਰ ਕਵੀਆਂ ਅਤੇ ਕਿਸਾਨ ਹਮਾਇਤੀਆਂ ਨੇ ਵੀ ਹਿੱਸਾ ਲਿਆ। ਸ. ਸਹਿਰਾਅ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੇਸ਼ ਦੇ ਹਿੱਤਾਂ ਦਾ ਘਾਣ ਕਰ ਰਹੀ ਹੈ। ਕਿਸਾਨ ਹਿੰਦੋਸਤਾਨ ਦਾ ਅੰਨਦਾਤਾ ਹੈ, ਉਸ ਨੂੰ ਸੁੱਖ ਸਹੂਲਤਾਂ ਤਾਂ ਕੀ ਦੇਣੀਆਂ ਸਨ, ਸਗੋਂ ਕਿਸਾਨਾਂ ਨੂੰ ਸੜਕਾਂ 'ਤੇ ਰੋਲਿਆ ਜਾ ਰਿਹਾ ਹੈ, ਜਿਸ ਨੂੰ ਕੁਦਰਤ ਵੀ ਮੁਆਫ ਨਹੀਂ ਕਰੇਗੀ।

ਰਵਿੰਦਰ ਸਹਿਰਾਅ ਤੇ ਉਨ੍ਹਾਂ ਦੀ ਪੂਰੀ ਟੀਮ ਨੇ ਅਪੀਲ ਕੀਤੀ ਕਿ ਭਾਰਤ ਸਰਕਾਰ ਕਿਸਾਨਾਂ ਦੀਆਂ ਮੰਗਾਂ ਤੁਰੰਤ ਸੁਣੇ ਅਤੇ ਤਿੰਨ ਕਾਨੂੰਨਾਂ ਨੂੰ ਵਾਪਸ ਲਵੇ। ਉਨ੍ਹਾਂ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਸ਼ੱਰੇਆਮ ਭੰਡਿਆ ਅਤੇ ਕਿਹਾ ਕਿ ਜੋ ਚੀਜ਼ ਕਿਸਾਨ ਚਾਹੁੰਦੇ ਹੀ ਨਹੀਂ ਹਨ, ਫਿਰ ਉਨ੍ਹਾਂ 'ਤੇ ਥੋਪਣਾ ਸਿਆਣਪ ਨਹੀਂ ਹੈ। ਕਾਰਪੋਰੇਟ ਸੈਕਟਰ ਈਸਟ ਇੰਡੀਆ ਕੰਪਨੀ ਵਾਂਗ ਭਾਰਤ ਨੂੰ ਬਰਬਾਦ ਕਰ ਦੇਣਗੇ। ਸੋ ਤੁਰੰਤ ਕਿਸਾਨ ਵਿਰੋਧੀ ਤਿੰਨੋਂ ਕਾਨੂੰਨ ਖਤਮ ਕੀਤੇ ਜਾਣ। ਸ. ਸਹਿਰਾਅ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਤਿਹਾਸ 'ਤੇ ਨਜ਼ਰ ਮਾਰਨੀ ਚਾਹੀਦੀ ਹੈ, ਕਿਉਂਕਿ ਨਰਿੰਦਰ ਮੋਦੀ ਦੇ ਆਪਣੇ ਹੀ ਉਨ੍ਹਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਖੁਦ ਕਿਸਾਨਾਂ ਕੋਲ ਜਾਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਤੇ ਜਮੀਰ ਦੀ ਆਵਾਜ਼ ਸੁਣ ਕੇ ਫੈਸਲਾ ਲੈ ਕੇ ਕਿਸਾਨਾਂ ਨੂੰ ਖੁਸ਼ੀ ਖੁਸ਼ੀ ਕਰ ਭੇਜਣ ਬਾਰੇ ਵਿਚਾਰ ਕਰਨ।

ਇਸ ਮੌਕੇ ਚਤਰ ਸਿੰਘ ਸੈਣੀ ਨੇ ਕਿਹਾ ਕਿ ਕਿਸੇ ਸਮੇਂ ਅਸੀਂ ਨਰਿੰਦਰ ਮੋਦੀ ਦੇ ਉਪਾਸਕ ਸਾਂ, ਪਰ ਕਿਸਾਨਾਂ 'ਤੇ ਮਾੜੇ ਕਾਨੂੰਨ ਥੋਪਣ ਕਰ ਕੇ ਅਸੀਂ ਉਨ੍ਹਾਂ ਦੀ ਪਾਰਟੀ ਛੱਡ ਦਿੱਤੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਤਿੰਨੇ ਕਾਨੂੰਨਾਂ ਨੂੰ ਖਤਮ ਕਰਕੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ। ਨਾਲ ਹੀ ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਵੇ ਕਿ ਲੋਕ ਭਾਜਪਾ ਨੂੰ ਹੋਰ ਨਫਰਤ ਕਰਨ ਲੱਗ ਪੈਣ। ਉਨ੍ਹਾਂ ਆਪਣੇ ਸਾਥੀਆਂ ਸਮੇਤ ਹਰ ਪੱਖੋਂ ਕਿਸਾਨਾਂ ਦੀ ਹਮਾਇਤ ਵਿਚ ਡਟੇ ਰਹਿਣ ਦਾ ਐਲਾਨ ਕੀਤਾ।

ਇਸ ਮੌਕੇ ਨੀਲਮ ਕੌਰ, ਹਰਦੀਪ ਕੌਰ ਗਰੇਵਾਲ, ਕਰਨਬੀਰ ਸ਼ੇਖ, ਹਰਦੀਪ ਕੌਰ ਗੁਰਾਇਆ, ਦਵਿੰਦਰ ਗੁਰਾਇਆ ਤੇ ਹਰਜੀਤ ਸਿੰਘ ਹੁੰਦਲ ਬਤੌਰ ਕੋਆਰਡੀਨੇਟਰ ਸ਼ਾਮਲ ਹੋਏ।

## ਜਸਟਿਸ ਰਾਮੰਨਾ ਨੇ ਭਾਰਤ ਦੇ 48ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕੀ

**ਨਵੀਂ ਦਿੱਲੀ:** ਜਸਟਿਸ ਐਨ ਵੈਂਕਟ ਰਾਮੰਨਾ ਨੇ ਦੇਸ਼ ਦੇ 48ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕੀ। ਰਾਸ਼ਟਰਪਤੀ ਭਵਨ ਵਿਚ ਹੋਏ ਇਕ ਸੰਖੇਪ ਸਮਾਰੋਹ ਦੌਰਾਨ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਇਸ ਮੌਕੇ ਉਪ ਰਾਸ਼ਟਰਪਤੀ ਐੱਮ ਵੈਂਕੱਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਵੀ ਹਾਜਰ ਸਨ।

ਜਸਟਿਸ ਰਾਮੰਨਾ ਨੇ ਅੰਗਰੇਜ਼ੀ ਵਿਚ ਇਹ ਸਹੁੰ ਚੁੱਕੀ। ਸਹੁੰ ਚੁੱਕ ਸਮਾਰੋਹ ਤੋਂ ਬਾਅਦ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਜਸਟਿਸ ਰਾਮੰਨਾ ਨੂੰ ਮੁਬਾਰਕਬਾਦ ਦਿੱਤੀ ਅਤੇ ਇਕ ਸਫਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਵੀ ਭੇਟ ਕੀਤੀਆਂ।

ਜਸਟਿਸ ਰਾਮੰਨਾ ਨੂੰ 6 ਅਪਰੈਲ ਨੂੰ ਭਾਰਤ ਦਾ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਸੀ। ਜਸਟਿਸ ਰਾਮੰਨਾ ਦਾ ਜਨਮ 27 ਅਗਸਤ, 1957 ਨੂੰ ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜਿਲ੍ਹੇ ਦੇ ਪਿੰਡ ਪੂਨਾਵਰਮ ਵਿਚ ਹੋਇਆ। ਉਹ 10 ਫਰਵਰੀ 1983 ਨੂੰ ਇਕ ਵਕੀਲ ਵਜੋਂ ਰਜਿਸਟਰਡ ਹੋਏ। 27 ਜੂਨ 2000 ਨੂੰ ਉਹ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਸਥਾਈ ਜੱਜ ਨਿਯੁਕਤ ਹੋਏ ਅਤੇ ਉਨ੍ਹਾਂ 10 ਮਾਰਚ 2013



ਤੋਂ ਲੈ ਕੇ 20 ਮਈ 2013 ਤੱਕ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਐਕਟਿੰਗ ਚੀਫ ਜਸਟਿਸ ਵਜੋਂ ਕੰਮ ਕੀਤਾ।


2 ਸਤੰਬਰ 2013 ਨੂੰ ਜਸਟਿਸ ਰਾਮੰਨਾ ਨੂੰ ਦਿੱਲੀ ਹਾਈ ਕੋਰਟ ਦੇ ਮੁੱਖ ਜੱਜ ਵਜੋਂ ਤਰੱਕੀ ਦਿੱਤੀ ਗਈ ਅਤੇ 17 ਫਰਵਰੀ 2014 ਨੂੰ ਉਨ੍ਹਾਂ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ। ਭਾਰਤ ਦੇ ਚੀਫ ਜਸਟਿਸ ਵਜੋਂ ਉਨ੍ਹਾਂ ਦਾ ਕਾਰਜਕਾਲ 26 ਅਗਸਤ 2022 ਨੂੰ ਸਮਾਪਤ ਹੋਵੇਗਾ। ਜਸਟਿਸ ਐੱਸ.ਏ. ਬੋਬੜੇ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਜਸਟਿਸ ਰਾਮੰਨਾ ਨੇ ਭਾਰਤ ਦੇ ਚੀਫ ਜਸਟਿਸ ਵਜੋਂ ਅਹੁਦਾ ਸੰਭਾਲਿਆ ਹੈ।

## ਕਾਂਗਰਸ ਵੱਲੋਂ ਡਿਜੀਟਲ ਚੈਨਲ ਦਾ ਪ੍ਰਸਾਰਨ ਸ਼ੁਰੂ

**ਨਵੀਂ ਦਿੱਲੀ:** ਕਾਂਗਰਸ ਨੇ ਆਪਣੇ ਡਿਜੀਟਲ ਚੈਨਲ 'ਆਈ.ਐਨ.ਸੀ. ਟੀਵੀ' ਦਾ ਪ੍ਰਸਾਰਨ ਸ਼ੁਰੂ ਕਰ ਦਿੱਤਾ ਹੈ। ਕੌਮੀ ਪੰਚਾਇਤੀ ਰਾਜ ਦਿਵਸ ਮੌਕੇ ਪਾਰਟੀ ਦੇ ਡਿਜੀਟਲ ਪੱਤਰਕਾਰ ਸੰਮੇਲਨ ਮੌਕੇ ਇਸ ਚੈਨਲ ਦੇ ਪ੍ਰਸਾਰਨ ਦੀ ਸ਼ੁਰੂਆਤ ਕੀਤੀ ਗਈ। ਸੀਨੀਅਰ ਪੱਤਰਕਾਰ ਭੁਪੇਂਦਰ ਨਾਰਾਇਣ ਸਿੰਘ ਨੂੰ ਇਸ ਚੈਨਲ ਦਾ ਮੁਖੀ ਬਣਾਇਆ ਗਿਆ ਹੈ। ਪਾਰਟੀ ਦੇ ਸਕੱਤਰ ਪ੍ਰਣਵ ਝਾਅ ਨੇ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਸੰਸਥਾਵਾਂ 'ਤੇ ਸਰਕਾਰ ਹਮਲਾ ਕਰ ਰਹੀ ਹੈ ਅਤੇ ਮੀਡੀਆ ਵੱਲੋਂ ਇਹ ਸਭ ਨਹੀਂ ਦਿਖਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ 'ਆਈ.ਐਨ.ਸੀ. ਟੀਵੀ' ਉਹ ਖਬਰਾਂ ਦਿਖਾਏਗਾ ਜਿਨ੍ਹਾਂ ਨੂੰ ਸਰਕਾਰ ਸਾਹਮਣੇ ਨਹੀਂ ਆਉਣ ਦਿੰਦੀ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਦੇਸ਼ 'ਚ ਕੀ ਹੋ ਰਿਹਾ ਹੈ।

## ਚਾਰ ਸਾਲਾ ਬੱਚੀ ਨੇ ਮਾਈਕਰੋਸੌਫਟ ਪੇਸ਼ੇਵਰ ਬਣ ਕੇ ਰਚਿਆ ਇਤਿਹਾਸ

**ਕਰਾਚੀ:** ਕਰਾਚੀ ਦੀ ਰਹਿਣ ਵਾਲੀ 4 ਸਾਲਾ ਅਰੀਸ ਫਾਤਿਮਾ ਨੇ ਸਭ ਤੋਂ ਘੱਟ ਉਮਰ ਦੀ ਮਾਈਕਰੋਸੌਫਟ ਪੇਸ਼ੇਵਰ ਬਣ ਕੇ ਇਤਿਹਾਸ



ਰਚ ਦਿੱਤਾ ਹੈ। ਚਾਰ ਸਾਲ ਦੀ ਉਮਰ ਵਿਚ ਅਰੀਸ ਫਾਤਿਮਾ ਨੇ ਮਾਈਕ੍ਰੋਸੌਫਟ ਸਰਟੀਫਾਈਡ ਪ੍ਰੋਫੈਸ਼ਨਲ (ਐਮ.ਸੀ.ਪੀ.) ਦੀ ਪ੍ਰੀਖਿਆ ਵਿਚ 831 ਅੰਕ ਪ੍ਰਾਪਤ ਕਰਕੇ ਇਕ ਵਿਲੱਖਣ ਮਿਸਾਲ ਕਾਇਮ ਕੀਤੀ ਹੈ।

ਪਾਕਿਸਤਾਨ ਸਰਕਾਰ ਨੇ ਇਸ ਦਾ ਟਵਿੱਟਰ ਰਾਹੀਂ ਐਲਾਨ ਕੀਤਾ। ਜੀਓ ਟੀਵੀ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐਮ.ਸੀ.ਪੀ. ਦੀ ਪ੍ਰੀਖਿਆ ਪਾਸ ਕਰਨ ਲਈ ਘੱਟੋ ਘੱਟ ਸਕੋਰ 700 ਹੈ, ਜਦੋਂ ਕਿ ਅਰੀਸ ਨੇ ਵੱਡੀ ਸਫਲਤਾ ਹਾਸਲ ਕਰਨ ਲਈ ਵਿਸ਼ਵ ਰਿਕਾਰਡ ਤੋੜ ਦਿੱਤਾ ਅਤੇ ਪੂਰੀ ਦੁਨੀਆਂ ਵਿਚ ਪਾਕਿਸਤਾਨ ਨੂੰ ਮਾਣ ਦਿਵਾਇਆ। ਅਰੀਸ ਦੇ ਪਿਤਾ ਨੇ ਕਿਹਾ ਕਿ ਕਰੋਨਾ ਵਾਇਰਸ ਤਾਲਾਬੰਦੀ ਦੌਰਾਨ ਘਰ ਤੋਂ ਕੰਮ ਕਰਨ ਦੌਰਾਨ ਉਸ ਨੇ ਆਪਣੀ ਧੀ ਦੀ ਆਈ.ਟੀ. ਵਿਚ ਰੁਚੀ ਵੇਖੀ ਅਤੇ ਇਸ ਟੈਸਟ ਵਿਚ ਉਸ ਦੀ ਮਦਦ ਕੀਤੀ। ਅਰੀਸ ਦਾ ਪਿਤਾ ਓਸਾਮਾ ਵੀ ਆਈ.ਟੀ. ਮਾਹਿਰ ਹੈ।

# ਕਰੋਨਾ: ਸ਼੍ਰੋਮਣੀ ਕਮੇਟੀ ਨੇ ਸੰਖੇਪ ਕੀਤੇ 400 ਸਾਲਾ ਪ੍ਰਕਾਸ਼ ਪੁਰਬ ਸਮਾਗਮ

**ਅੰਮ੍ਰਿਤਸਰ:** ਕਰੋਨਾ ਦੇ ਮੁੜ ਵਧ ਰਹੇ ਪ੍ਰਭਾਵ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਸਮਾਗਮਾਂ ਨੂੰ ਸੰਖੇਪ ਕਰ ਦਿੱਤਾ ਹੈ। ਇਨ੍ਹਾਂ ਵਿਚ ਹੁਣ ਸੰਗਤ ਦੀ ਵੱਡੀ ਸ਼ਮੂਲੀਅਤ ਨਹੀਂ ਹੋਵੇਗੀ। ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ 400 ਸਾਲਾ ਪ੍ਰਕਾਸ਼ ਪੁਰਬ ਸਮਾਗਮ ਭਾਈ ਗੁਰਦਾਸ ਜੀ ਨਗਰ, ਨਿਊ ਅੰਮ੍ਰਿਤਸਰ ਵਿਚ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਪਰ ਕਰੋਨਾ ਦੇ ਮੁੜ ਵਧ ਰਹੇ ਪ੍ਰਭਾਵ ਕਾਰਨ ਸਮਾਗਮ ਹੁਣ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਹੀ ਕੀਤੇ ਜਾਣਗੇ।

ਇਹ ਫੈਸਲਾ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਮਗਰੋਂ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਪ੍ਰਤੀ ਸੰਗਤ ਵਿਚ ਭਾਰੀ ਉਤਸ਼ਾਹ ਸੀ ਪਰ ਕਰੋਨਾ ਕਾਰਨ ਸੰਗਤ ਦਾ ਵੱਡਾ ਇਕੱਠ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਪ੍ਰਕਾਸ਼



ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਇਸ ਸਬੰਧੀ ਸਮਾਗਮ ਨਿਰੰਤਰ ਜਾਰੀ ਹਨ।

ਇਸੇ ਦੌਰਾਨ ਉਨ੍ਹਾਂ ਮੁਕੇਰੀਆਂ ਦੇ ਪਿੰਡ ਪੰਡੋਰੀ ਵਿਚ ਭਗਤ ਰਵਿਦਾਸ ਜੀ ਦੇ ਅਸਥਾਨ 'ਚ ਵਾਪਰੀ ਘਟਨਾ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਉਥੇ ਸਥਾਪਿਤ ਫੋਟੋਆਂ ਅਤੇ ਹੋਰ ਸਾਮਾਨ ਧੱਕੇ ਨਾਲ ਚੁੱਕਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਨੇ ਚਾਟੀਵਿੰਡ ਗੇਟ ਸਥਿਤ ਗੁਰੂ ਰਾਮਦਾਸ ਹਸਪਤਾਲ ਕਰੋਨਾ ਮਰੀਜ਼ਾਂ ਲਈ ਸਮਰਪਿਤ ਕਰ ਦਿੱਤਾ ਹੈ। ਇਥੇ ਹੁਣ ਕਰੋਨਾ ਮਰੀਜ਼ਾਂ ਲਈ 40 ਦੀ ਥਾਂ 100 ਬੈੱਡਾਂ ਦਾ ਪ੍ਰਬੰਧ ਕੀਤਾ ਗਿਆ ਹੈ। ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲ੍ਹਾ, ਗੁਰੂ ਰਾਮਦਾਸ ਹਸਪਤਾਲ ਨੇੜੇ ਚਾਟੀਵਿੰਡ ਗੇਟ, ਬਾਬਾ ਬੁੱਢਾ ਜੀ ਹਸਪਤਾਲ ਬੀੜ ਸਾਹਿਬ ਅਤੇ ਫੁਹਾਰਾ ਚੌਕ ਅੰਮ੍ਰਿਤਸਰ ਵਿਚ ਟੀਕਾਕਰਨ ਦਾ ਮੁਫਤ ਪ੍ਰਬੰਧ ਕੀਤਾ ਗਿਆ ਹੈ।

## ਪੰਜਾਬ ਸਰਕਾਰ ਆਨਲਾਈਨ ਕਰਵਾਏਗੀ ਸਮਾਗਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ ਮਹਾਮਾਰੀ ਦੇ ਪਸਾਰ ਨੂੰ ਦੇਖਦਿਆਂ 28 ਅਪਰੈਲ ਤੋਂ ਸ਼ੁਰੂ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਦੇ ਇਤਿਹਾਸਕ 400ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਵਰਚੁਅਲ ਤਰੀਕੇ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਕੀਰਤਨ ਦੇ ਸਿੱਧੇ ਪ੍ਰਸਾਰਨ ਦਾ ਪ੍ਰਬੰਧ ਟੈਲੀਵੀਜ਼ਨ ਅਤੇ ਸੋਸ਼ਲ ਮੀਡੀਆ ਚੈਨਲਾਂ 'ਤੇ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਆਪਣੇ ਘਰਾਂ ਤੋਂ ਹੀ 'ਸਰਬੱਤ ਦੇ ਭਲੇ' ਲਈ ਅਰਦਾਸ ਕਰਨ ਦੀ ਅਪੀਲ ਵੀ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਗੱਲ ਕਰਨਗੇ ਕਿ ਸੰਕਟ ਦੀ ਸਥਿਤੀ ਨੂੰ ਦੇਖਦਿਆਂ ਸਾਰੇ ਸਮਾਗਮ ਵਰਚੁਅਲ ਤਰੀਕੇ ਵਿਚ ਬਦਲ ਦਿੱਤੇ ਜਾਣ। ਸਰਕਾਰੀ ਬੁਲਾਰੇ ਨੇ ਖੁਲਾਸਾ ਕੀਤਾ ਕਿ ਸਾਰੇ ਸਮਾਗਮ ਤੈਅਸ਼ੁਦਾ ਪ੍ਰੋਗਰਾਮ ਅਨੁਸਾਰ ਹੀ ਹੋਣਗੇ ਪਰ ਮਹਾਮਾਰੀ ਦੇ ਮੱਦੇਨਜਰ ਆਨਲਾਈਨ ਹੋਣਗੇ ਅਤੇ ਲੋਕ ਵਿਅਕਤੀਗਤ ਤੌਰ 'ਤੇ ਇਕੱਠੇ ਨਹੀਂ ਹੋਣਗੇ।

# ਗੀਤਕਾਰ ਗਿੱਲ ਸੁਰਜੀਤ ਦਾ ਦੇਹਾਂਤ

**ਪਟਿਆਲਾ:** ਉੱਘੇ ਗੀਤਕਾਰ ਗਿੱਲ ਸੁਰਜੀਤ (75) ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਨੇ ਅਨੇਕਾਂ ਗੀਤ ਲਿਖੇ ਪਰ ਗਾਇਕ ਹਰਦੀਪ ਵੱਲੋਂ ਗਾਇਆ ਗੀਤ 'ਸ਼ਹਿਰ ਪਟਿਆਲੇ ਦੇ, ਮੁੰਡੇ ਮੁੱਛ ਫੁੱਟ ਗੱਭਰੂ ਨੇ ਸੋਹਣੇ' ਸਭ ਤੋਂ ਵੱਧ ਮਕਬੂਲ ਹੋਇਆ।

4 ਅਗਸਤ, 1948 ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਲੁਹਾਰਾ ਵਿਚ ਪੈਦਾ ਹੋਏ ਗਿੱਲ ਸੁਰਜੀਤ ਨੇ ਪਟਿਆਲਾ ਸ਼ਹਿਰ ਨੂੰ ਰਿਹਾਇਸ਼ ਬਣਾ ਲਿਆ ਸੀ। ਉਸ ਵੱਲੋਂ ਲਿਖੇ ਗੀਤ ਸੁਰਿੰਦਰ ਕੌਰ, ਸੁਰਿੰਦਰ ਛਿੰਦਾ, ਜਸਪਿੰਦਰ ਨਰੂਲਾ, ਗੁਰਮੀਤ ਬਾਵਾ, ਅਮਰ ਨੂਰੀ, ਰੰਜਨਾ, ਮਹਿੰਦਰ ਕਪੂਰ, ਸੁਰੇਸ਼ ਵਾਡੇਕਰ ਅਤੇ ਪਰਮਜੀਤ ਸਿੰਘ 'ਪੰਮੀ ਬਾਈ' ਆਦਿ ਨੇ ਗਾਏ। 'ਮੇਲਾ ਮੁੰਡੇ ਕੁੜੀਆਂ ਦਾ', 'ਵੰਗਾਂ ਦੀ ਛਣਕਾਰ', 'ਝਾਂਜਰ ਦਾ ਛਣਕਾਟਾ', 'ਚੇਤੇ ਕਰ ਬਚਪਨ ਨੂੰ' ਉਨ੍ਹਾਂ ਦੀਆਂ ਪ੍ਰਸਿੱਧ ਗੀਤ ਪੁਸਤਕਾਂ ਹਨ। ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਗਿੱਲ ਸੁਰਜੀਤ ਨੇ ਪੰਜਾਬੀ ਗੀਤਾਂ ਨੂੰ



ਨਿਵੇਕਲੀ ਸੱਭਿਆਚਾਰਕ ਪਛਾਣ ਦਿੱਤੀ। ਉਨ੍ਹਾਂ ਦੇ ਦੇਹਾਂਤ 'ਤੇ ਗਾਇਕ ਹਰਭਜਨ ਮਾਨ, ਜੱਸੀ ਜਸਪਾਲ, ਗੁਰਸੇਵਕ ਮਾਨ ਤੇ ਸੰਗੀਤਕਾਰ ਹਰਜੀਤ ਗੁੱਡੂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਗਿੱਲ ਸੁਰਜੀਤ ਸਿਵਲ ਡਿਫੈਂਸ ਅਧਿਕਾਰੀ ਵਜੋਂ ਕਈ ਸਾਲ ਲੁਧਿਆਣਾ ਰਹੇ ਤੇ ਕਰੀਬ ਤੀਹ ਸਾਲ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਗਿੱਧਾ ਤੇ ਭੰਗੜਾ ਸਿਖਾਉਂਦੇ ਰਹੇ।

# ਗੁਰਸਿੱਖਾਂ ਲਈ ਮੁਫਤ ਕੋਚਿੰਗ ਅਕੈਡਮੀ ਖੋਲ੍ਹੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗੁਰਸਿੱਖ ਨੌਜਵਾਨਾਂ ਨੂੰ ਕੇਂਦਰੀ ਤੇ ਸੂਬਾਈ ਨੌਕਰੀਆਂ ਦੀ ਮੁਕਾਬਲਾ ਪ੍ਰੀਖਿਆ ਲਈ ਤਿਆਰ ਕਰਨ ਵਾਸਤੇ ਮੁਫਤ ਕੋਚਿੰਗ ਅਕੈਡਮੀ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪ੍ਰਵਾਨਗੀ ਦਿੱਤੀ ਗਈ।

ਇਹ ਮੀਟਿੰਗ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਹੇਠ ਹੋਈ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਮੁਫਤ ਕੋਚਿੰਗ ਅਕੈਡਮੀ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗੀ, ਜਿਸ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਸਿੱਖ ਨੌਜਵਾਨਾਂ ਨੂੰ ਵੱਖ-ਵੱਖ ਨੌਕਰੀਆਂ ਸਬੰਧੀ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਈ ਜਾਵੇਗੀ। ਇਸ ਅਕੈਡਮੀ ਦਾ ਨਾਂ 'ਸ੍ਰੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਕੰਪੀਟੀਟਿਵ ਸਟੱਡੀਜ਼' ਹੋਵੇਗਾ।

ਇਸ ਸਬੰਧੀ ਇਕ ਸਬ-ਕਮੇਟੀ ਬਣਾਈ ਗਈ ਸੀ, ਜਿਸ ਦੀ ਰਿਪੋਰਟ ਤੇ ਸਿਫਾਰਸ਼ ਅਨੁਸਾਰ ਇਹ ਅਕੈਡਮੀ ਪੰਥ ਰਤਨ ਜਥੇਦਾਰ



ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਵਿਚ ਸਥਾਪਤ ਹੋਵੇਗੀ। ਇਸ ਵਿਚ ਸਿਵਲ ਪ੍ਰੀਖਿਆਵਾਂ, ਜਿਨ੍ਹਾਂ ਵਿਚ ਆਈ.ਏ.ਐਸ., ਆਈ.ਪੀ.ਐਸ. ਤੋਂ ਇਲਾਵਾ ਐਨ.ਡੀ.ਏ., ਪੀ.ਸੀ.ਐਸ. ਅਤੇ ਏ-ਗਰੇਡ ਦੀਆਂ ਕੇਂਦਰੀ ਅਤੇ ਸਟੇਟ ਸਰਵਿਸਜ਼ ਲਈ ਤਿਆਰੀ ਕਰਵਾਈ ਜਾਵੇਗੀ। ਇਥੇ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਦਾ ਸਾਬਤ ਸੂਰਤ ਸਿੱਖ ਹੋਣਾ ਲਾਜ਼ਮੀ ਹੋਵੇਗਾ ਅਤੇ ਵਿਦਿਆਰਥੀ ਕੇਵਲ ਸਿੱਖ ਧਰਮ ਨਾਲ ਸਬੰਧਤ ਰੱਖੇ ਜਾਣਗੇ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਖੇਡ ਅਕੈਡਮੀ ਲਈ ਚੁਣੀਆਂ ਗਈਆਂ ਲੜਕੀਆਂ ਨੂੰ ਵਧੀਆ ਕੋਚ, ਖੇਡ ਕਿੱਟਾਂ ਅਤੇ ਭੋਜਨ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪੜ੍ਹਾਈ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਇਕ ਹੋਰ ਅਹਿਮ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਖੇ ਜਣੇਪਾ ਕੇਸ ਮੁਫਤ ਕੀਤੇ ਜਾਣਗੇ ਅਤੇ ਲੜਕੀ ਪੈਦਾ ਹੋਣ 'ਤੇ 1100 ਰੁਪਏ ਦਾ ਸ਼ਗਨ ਵੀ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਡਿਊਟੀ ਦੌਰਾਨ ਸਵਰਗਵਾਸ ਹੋਏ ਮੁਲਾਜ਼ਮਾਂ ਦੇ ਬੱਚਿਆਂ ਵਿਚੋਂ ਇਕ ਨੂੰ ਯੋਗਤਾ ਅਨੁਸਾਰ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦਾ ਫੈਸਲਾ ਕੀਤਾ ਹੈ।

## ਦਿੱਲੀ ਕਮੇਟੀ ਚੋਣਾਂ ਬਾਰੇ ਦੋਹਰੇ ਮਾਪਦੰਡ ਅਪਨਾ ਰਿਹੈ ਕੇਂਦਰ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਕਮੇਟੀ ਦੀਆਂ ਚੋਣਾਂ ਰੱਦ ਕਰਨ ਦੇ ਮਾਮਲੇ 'ਚ ਕੇਂਦਰ ਸਰਕਾਰ 'ਤੇ ਦੋਹਰੇ ਮਾਪਦੰਡ ਅਪਨਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਇਥੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਕਥਾ ਕੀਤੀ। ਗੁਰਦੁਆਰਾ ਸ਼ਹੀਦਾਂ ਵਿਚ ਇਕ ਸਮਾਗਮ ਵਿਚ ਸ਼ਾਮਲ ਹੋਣ ਮਗਰੋਂ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਇਕ ਪਾਸੇ ਬੰਗਾਲ ਤੇ ਹੋਰ ਸੂਬਿਆਂ ਵਿਚ ਚੋਣਾਂ ਚੱਲ ਰਹੀਆਂ ਹਨ ਪਰ ਦਿੱਲੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਕਰੋਨਾ ਕਾਰਨ ਰੱਦ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਿੱਖਾਂ ਦੇ ਮਾਮਲਿਆਂ ਵਿਚ ਕਰੋਨਾ ਸਬੰਧੀ ਕੇਂਦਰ ਸਰਕਾਰ ਦੋਹਰੇ ਮਾਪਦੰਡ ਅਪਨਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਨ ਬਾਰੇ ਵੀ ਕੇਂਦਰ ਸਰਕਾਰ ਸੁਹਿਰਦ ਨਹੀਂ ਹੈ।

# ਕੈਪਟਨ ਸਰਕਾਰ ਨਸ਼ਾ ਤਸਕਰ ਫੜਾਉਣ ਵਾਲੇ ਮੁਖਬਰਾਂ ਨੂੰ ਦੇਵੇਗੀ ਇਨਾਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਸੌਦਾਗਰਾਂ ਦੀ ਪੈੜ ਨੱਪਣ ਲਈ ਮੁਖਬਰਾਂ ਲਈ ਇਨਾਮ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਆਮ ਲੋਕਾਂ ਨੂੰ ਪੁਲਿਸ ਦੀ ਮਦਦ ਲਈ ਪ੍ਰੇਰਿਆ ਜਾ ਸਕੇ। ਨਵੀਂ ਇਨਾਮ ਨੀਤੀ ਨਸ਼ਾ ਤਸਕਰੀ ਨੂੰ ਠੱਲ੍ਹਣ ਅਤੇ ਨਸ਼ਿਆਂ ਦੀ ਬਰਾਮਦਗੀ 'ਚ ਸਹਾਈ ਹੋਵੇਗੀ। ਇਨਾਮ ਦਾ ਫੈਸਲਾ ਸਫਲ ਤਫਤੀਸ਼, ਮੁਕੱਦਮਾ ਚਲਾਉਣ ਅਤੇ ਗੈਰਕਾਨੂੰਨੀ ਤੌਰ 'ਤੇ ਬਣਾਈ ਗਈ ਸੰਪਤੀ ਜਬਤ ਕਰਨ ਆਦਿ ਸਬੰਧੀ ਕੇਸ ਦਰ ਕੇਸ ਦੇ ਆਧਾਰ 'ਤੇ ਲਿਆ ਜਾਵੇਗਾ।

ਮੁੱਖ ਮੰਤਰੀ ਨੂੰ 23 ਫਰਵਰੀ ਨੂੰ ਉੱਚ ਪੱਧਰੀ ਮੀਟਿੰਗ ਦੌਰਾਨ ਇਨਾਮ ਨੀਤੀ ਬਾਰੇ ਸੁਝਾਅ ਪ੍ਰਾਪਤ ਹੋਇਆ ਸੀ। ਇਸ ਨੀਤੀ ਤਹਿਤ ਯੋਗ ਵਿਅਕਤੀਆਂ ਦੀ ਸ਼੍ਰੇਣੀ ਵਿਚ ਮੁਖਬਰਾਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਇਸ ਵਿਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਾਮਲ ਹੋਣਗੇ। ਉਹ ਵੱਧ ਤੋਂ ਵੱਧ 50 ਫੀਸਦੀ ਇਨਾਮ ਦੇ ਯੋਗ ਹੋਣਗੇ।

ਇਹ ਇਨਾਮ ਪੂਰਨ ਤੌਰ ਉਤੇ ਐਕਸ-ਗ੍ਰੇਸ਼ੀਆ ਅਦਾਇਗੀ ਹੋਵੇਗੀ ਅਤੇ ਇਨਾਮ ਤੈਅ ਕਰਨ ਲਈ ਸਮਰੱਥ ਅਥਾਰਟੀ ਦਾ ਫੈਸਲਾ ਅੰਤਿਮ ਹੋਵੇਗਾ। ਮੁਖਬਰਾਂ ਨੂੰ ਇਨਾਮ ਵੱਖ-ਵੱਖ ਪੜਾਵਾਂ ਉਤੇ ਅਦਾ ਕੀਤਾ ਜਾਵੇਗਾ। ਜਬਤੀ ਦੇ ਕੇਸ ਵਿਚ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਨਾਮ ਗੈਰ-ਕਾਨੂੰਨੀ ਨਸ਼ਿਆਂ ਦੀ ਮੌਜੂਦਗੀ ਦੀ ਪੁਸ਼ਟੀ ਸਬੰਧੀ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਰਸੀਦ ਮਿਲਣ ਤੋਂ ਬਾਅਦ ਦਿੱਤਾ ਜਾਵੇਗਾ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਹਰੇਕ ਜਿਲ੍ਹਾ/ਯੂਨਿਟ/ਵਿਭਾਗ ਉਕਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੇਸਾਂ ਦੀ ਪੜਤਾਲ ਲਈ ਸਬੰਧਤ ਕਮਿਸ਼ਨਰ ਆਫ ਪੁਲਿਸ/ਐਸ.ਐਸ.ਪੀ/ਯੂਨਿਟ ਦੇ ਮੁਖੀ/ਦਫਤਰ ਦੇ ਮੁਖੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰੇਗਾ ਜੋ ਇਨਾਮ ਦੇਣ ਲਈ ਏ.ਡੀ.ਜੀ.ਪੀ/ਐਸ.ਟੀ.ਐਫ. ਨੂੰ ਸਿਫਾਰਸ਼ਾਂ ਕਰੇਗਾ। ਇਨ੍ਹਾਂ ਸਿਫਾਰਸ਼ਾਂ ਦੀ ਪੜਤਾਲ ਐਸ.ਟੀ.ਐਫ. ਹੈੱਡਕੁਆਰਟਰ ਵਿਖੇ ਅਧਿਕਾਰੀਆਂ ਦੀ ਕਮੇਟੀ ਕਰੇਗੀ। ਇਨਾਮ ਦੀ ਰਾਸ਼ੀ (ਪ੍ਰਤੀ ਕਿਲੋਗ੍ਰਾਮ) ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ, 1985 ਦੀਆਂ ਧਾਰਾਵਾਂ ਤਹਿਤ ਜਬਤ ਕੀਤੇ ਪਦਾਰਥਾਂ ਅਨੁਸਾਰ ਹੋਵੇਗੀ। ਅਫੀਮ ਦੇ ਮਾਮਲੇ ਵਿਚ 6000 ਰੁਪਏ, ਮੌਰਫੀਨ ਬੇਸ ਅਤੇ ਇਸ ਦੇ ਸਾਲਟ ਲਈ 20,000 ਰੁਪਏ, ਹੈਰੋਇਨ ਅਤੇ ਇਸ ਦੇ ਸਾਲਟ ਲਈ 1,20,000 ਰੁਪਏ, ਕੋਕੀਨ ਅਤੇ ਇਸ ਦੇ ਸਾਲਟ ਲਈ 2,40,000 ਰੁਪਏ, ਹਸੀਸ ਲਈ 2000 ਰੁਪਏ, ਹਸੀਸ ਤੇਲ ਲਈ 10,000 ਰੁਪਏ, ਗਾਂਜੇ ਲਈ 600 ਰੁਪਏ ਰੱਖੇ ਗਏ ਹਨ।

# ਪਾਕਿਸਤਾਨ ਤੋਂ ਵਿਸਾਖੀ ਮਨਾ ਕੇ ਪਰਤੇ ਸਿੱਖ ਜਥੇ 'ਤੇ ਕਰੋਨਾ ਦਾ ਕਹਿਰ

**ਅਟਾਰੀ:** ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ), ਪਾਕਿਸਤਾਨ ਵਿਖੇ ਵਿਸਾਖੀ ਪੁਰਬ ਮਨਾਉਣ ਅਤੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਉਪਰੰਤ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਵਾਹਗਾ-ਅਟਾਰੀ ਸਰਹੱਦ ਰਾਹੀਂ ਭਾਰਤ ਪਰਤਿਆ। ਸੰਗਠਿਤ ਚੈੱਕ ਪੋਸਟ ਅਟਾਰੀ ਵਿਖੇ ਪਾਕਿਸਤਾਨ ਤੋਂ ਪਰਤੇ ਜਥੇ ਵਿਚ ਸ਼ਾਮਲ ਭਾਰਤੀ ਸਿੱਖ ਸ਼ਰਧਾਲੂਆਂ ਦੇ ਕਰੋਨਾ ਰੈਪਿਡ ਟੈਸਟ ਕੀਤੇ ਗਏ ਤਾਂ 200 ਸ਼ਰਧਾਲੂਆਂ ਦੀ ਕਰੋਨਾ ਰਿਪੋਰਟ ਪਾਜੀਟਿਵ ਆਈ। ਇਸ ਗੱਲ ਦੀ ਪੁਸ਼ਟੀ ਅਟਾਰੀ ਵਿਚ ਤਾਇਨਾਤ ਸਿਹਤ ਵਿਭਾਗ ਦੇ ਡਾਕਟਰਾਂ ਦੀ ਟੀਮ ਦੇ ਮੈਂਬਰਾਂ ਨੇ ਕੀਤੀ।

ਸਿਹਤ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪਾਕਿਸਤਾਨ ਤੋਂ ਪਰਤੇ ਸ਼ਰਧਾਲੂਆਂ 'ਚੋਂ ਕਰੋਨਾ ਪਾਜੀਟਿਵ ਕੇਸਾਂ ਦੀ ਗਿਣਤੀ 200 ਨੂੰ ਟੱਪ ਗਈ ਹੈ। ਜਿਕਰਯੋਗ ਹੈ ਕਿ ਸਿੱਖ ਜਥੇ ਦੇ



ਭਾਰਤ ਤੋਂ ਪਾਕਿਸਤਾਨ ਜਾਣ ਵੇਲੇ ਸਮੂਹ ਸ਼ਰਧਾਲੂਆਂ ਦੀ ਕਰੋਨਾ ਟੈਸਟ ਰਿਪੋਰਟ ਨੈਗੇਟਿਵ ਆਈ ਸੀ। ਕੁਝ ਸਰਧਾਲੂਆਂ ਵੱਲੋਂ ਰੈਪਿਡ ਟੈਸਟ ਕਰਵਾਉਣ ਤੋਂ ਨਾਂਹ ਕੀਤੇ ਜਾਣ 'ਤੇ ਸਿਹਤ ਵਿਭਾਗ ਨਾਲ ਬਹਿਸ ਵੀ ਹੋਈ। ਵਤਨ ਵਾਪਸੀ ਮੌਕੇ ਅਟਾਰੀ ਸਰਹੱਦ ਵਿਖੇ ਗੱਲਬਾਤ ਦੌਰਾਨ ਜਥੇ ਦੇ ਮੁਖੀ ਹਰਪਾਲ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ 14 ਅਪਰੈਲ ਨੂੰ ਖਾਲਸਾ ਸਾਜਨਾ ਦਿਵਸ ਸਿੱਖ ਸੰਗਤ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਅਰਦਾਸ ਕੀਤੀ ਗਈ। ਕਰਨਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਵਿਸਾਖੀ ਪੁਰਬ ਮਨਾਉਣ ਉਪਰੰਤ ਭਾਰਤੀ ਸਿੱਖ ਸ਼ਰਧਾਲੂਆਂ ਨੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ ਕੀਤੇ। ਉਨ੍ਹਾਂ ਕਿਹਾ ਕਿ ਵਾਹਿਗੁਰੂ ਅੱਗੇ ਸਰਬੱਤ ਦੇ ਭਲੇ ਅਤੇ ਕਰੋਨਾ ਮਹਾਮਾਰੀ ਜਲਦੀ ਖਤਮ ਕਰਨ ਸਬੰਧੀ ਅਰਦਾਸ ਕੀਤੀ ਗਈ। ਜਗਜੀਤ ਸਿੰਘ ਨੇ ਕਿਹਾ ਕਿ ਬਚਪਨ ਤੋਂ ਹੀ ਪਾਕਿਸਤਾਨ ਸਥਿਤ ਗੁਰੂ ਨਾਨਕ ਦੇਵ ਦੀ ਜਨਮ ਭੂਮੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਦੀ ਖਾਹਿਸ਼ ਸੀ ਜੋ ਪੂਰੀ ਹੋ ਗਈ ਅਤੇ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਵੀ ਹੋ ਗਏ। ਉਨ੍ਹਾਂ ਕਿਹਾ ਕਿ ਭਾਰਤ ਤੋਂ ਜਾਣ ਵੇਲੇ ਸੁਰੱਖਿਆ ਕਾਰਨਾਂ ਕਰ ਕੇ ਸ਼ਰਧਾਲੂਆਂ ਨੂੰ ਰੁਕਣਾ ਪਿਆ ਸੀ ਜਿਸ ਕਰ ਕੇ ਜਥਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇਰੀ ਨਾਲ ਪੁੱਜਿਆ ਸੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਹੁੰਚ ਕੇ ਸਿੱਖ ਸੰਗਤ ਨੇ ਮੰਗ ਕੀਤੀ ਸੀ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਿਆ ਜਾਵੇ।

# ਕਣਕ ਦੀ ਖਰੀਦ: ਸਰਕਾਰ ਨੇ ਮੰਡੀਆਂ ਵਿਚ ਰੋਲਿਆ ਅੰਨਦਾਤਾ



**ਚੰਡੀਗੜ੍ਹ:** ਪੰਜਾਬ ਸਰਕਾਰ ਕਣਕ ਦੀ ਫਸਲ ਖਰੀਦ ਦੇ ਪ੍ਰਬੰਧਾਂ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਕਿਸਾਨ ਮੰਡੀਆਂ ਵਿਚ ਰੁਲ ਰਿਹਾ ਹੈ ਤੇ ਸੂਬਾ ਸਰਕਾਰ, ਕੇਂਦਰ ਸਰਕਾਰ ਅੱਗੇ ਤਰਲੇ ਮਾਰਨ ਦੇ ਸਿਵਾਏ ਕੁਝ ਨਹੀਂ ਕਰ ਸਕੀ। ਸਰਕਾਰ ਬਾਰਦਾਨੇ ਦਾ ਵਾਜਬ ਪ੍ਰਬੰਧ ਨਹੀਂ ਕਰ ਸਕੀ। ਕਿਸਾਨ ਬਹੁਤ ਸਾਰੀਆਂ ਮੰਡੀਆਂ ਦੇ ਸਾਹਮਣੇ ਸੜਕਾਂ ਉਤੇ ਜਾਮ ਲਗਾ ਕੇ ਰੋਸ ਪ੍ਰਗਟ ਕਰ ਰਹੇ ਹਨ। ਸਰਕਾਰ ਨੇ ਇਸ ਵਾਰ ਪਹਿਲੀ ਅਪਰੈਲ ਤੋਂ ਸ਼ੁਰੂ ਹੁੰਦੀ ਖਰੀਦ 10 ਅਪਰੈਲ ਤੱਕ ਅੱਗੇ ਪਾ ਦਿੱਤੀ ਸੀ। ਪੰਜਾਬ ਵਿਚ ਕੰਬਾਇਨਾਂ ਅਤੇ ਤੂੜੀ ਬਣਾਉਣ ਵਾਲੀਆਂ ਮਸ਼ੀਨਾਂ ਦੀ ਗਿਣਤੀ ਵੱਧ ਹੋਣ ਕਰਕੇ ਹੁਣ ਸੀਜ਼ਨ ਹਫਤੇ ਤੋਂ ਦਸ ਦਿਨਾਂ ਤੱਕ ਸਿਮਟ ਜਾਂਦਾ ਹੈ। ਇਸ ਕਰ ਕੇ ਖਰੀਦ ਦੇ ਪਹਿਲੇ ਹਫਤੇ ਹੀ ਵੱਡੀ ਮਾਤਰਾ ਵਿਚ ਕਣਕ ਮੰਡੀਆਂ ਵਿਚ ਆ ਗਈ ਹੈ। ਸਬੰਧਤ ਮਹਿਕਮਿਆਂ ਨੂੰ ਪਤਾ ਹੁੰਦਾ ਹੈ ਕਿ ਅਗਲੇ ਸੀਜ਼ਨ ਵਿਚ ਕਿੰਨੀਆਂ ਬੋਰੀਆਂ ਦੀ ਲੋੜ ਪਵੇਗੀ। ਜੇਕਰ ਫਿਰ ਵੀ ਸਮੇਂ ਸਿਰ ਬਾਰਦਾਨਾ ਮੌਜੂਦ ਨਾ ਹੋਵੇ ਤਾਂ ਇਸ ਨੂੰ ਪ੍ਰਸ਼ਾਸਨਿਕ ਲਾਪਰਵਾਹੀ ਹੀ ਕਿਹਾ ਜਾ ਸਕਦਾ ਹੈ।

ਹੁਣ ਪੰਜਾਬ ਸਰਕਾਰ ਨੇ ਆੜ੍ਹਤੀਆਂ ਕੋਲ ਪਏ ਪੁਰਾਣੇ ਬਾਰਦਾਨੇ ਨੂੰ ਵਰਤਣ ਦਾ ਫੈਸਲਾ ਕਰ ਲਿਆ ਹੈ। ਅਦਾਇਗੀ ਦੀ ਸਮੱਸਿਆ ਅਜੇ ਤੱਕ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਈ। ਕਿਸਾਨਾਂ ਨੂੰ ਸਿੱਧੀ ਅਦਾਇਗੀ ਦੇ ਮੁੱਦੇ ਉਤੇ ਕੇਂਦਰ, ਰਾਜ ਸਰਕਾਰ ਅਤੇ ਆੜ੍ਹਤੀਆਂ ਦਰਮਿਆਨ ਵਿਵਾਦ ਬਹੁਤ ਦੇਰ ਤੱਕ ਚੱਲਦਾ ਰਿਹਾ ਹੈ। ਸਾਫਟਵੇਅਰ ਦੀ ਸਮੱਸਿਆ ਕਾਰਨ ਅਜੇ ਤੱਕ ਵੀ ਕਿਸਾਨਾਂ ਦੇ ਖਾਤਿਆਂ ਵਿਚ ਅਦਾਇਗੀ ਦੀ ਰਕਮ ਪਹੁੰਚਣ ਵਿਚ ਦੇਰੀ ਹੋ ਰਹੀ ਹੈ। ਐਫ.ਸੀ.ਆਈ. 'ਤੇ ਵੀ ਦੋਸ਼ ਲੱਗ ਰਹੇ ਹਨ ਕਿ ਉਹ ਖਰੀਦ ਵਿਚ ਦਿਲਚਸਪੀ ਨਹੀਂ ਲੈ ਰਹੀ ਹਾਲਾਂਕਿ ਪੰਜਾਬ ਦੀਆਂ ਏਜੰਸੀਆਂ ਵੀ ਐਫ.ਸੀ.ਆਈ. ਲਈ ਹੀ ਖਰੀਦ ਕਰਦੀਆਂ ਹਨ। ਕਿਸਾਨਾਂ ਵਿਚ ਇਹ ਪ੍ਰਭਾਵ ਹੈ ਕਿ ਕੇਂਦਰ ਸਰਕਾਰ ਹੌਲੀ ਹੌਲੀ ਜਿਣਸ ਦੀ ਸਮੁੱਚੀ ਖਰੀਦ ਦੀ ਨੀਤੀ ਤੋਂ ਪਿਛਾਂਹ ਹਟਣ ਵਾਲੀ ਹੈ। ਇਹੀ ਕਾਰਨ ਹੈ ਕਿ ਕਿਸਾਨ ਕੇਵਲ ਘੱਟੋ-ਘੱਟ ਸਮਰਥਨ ਮੁੱਲ ਦੇ ਨਾਲ ਨਾਲ ਬਲਕਿ ਜਿਣਸ ਦੀ ਖਰੀਦ ਦੀ ਗਰੰਟੀ ਵੀ ਮੰਗ ਰਹੇ ਹਨ।

ਪੰਜਾਬ ਵਿਚ ਹਾਲਾਤ ਇਹ ਹਨ ਕਿ ਸੂਬੇ ਦੇ ਵਜ਼ੀਰਾਂ ਅਤੇ ਵਿਧਾਇਕਾਂ ਨੇ ਕਿਸਾਨਾਂ ਦੇ ਗੁੱਸੇ ਦੇ ਡਰੋਂ ਖਰੀਦ ਕੇਂਦਰਾਂ ਤੋਂ ਦੂਰੀ ਬਣਾ ਲਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਹਾਲੇ ਤੱਕ ਬਾਰਦਾਨੇ ਦੀ ਤੋਟ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। ਵਿਰੋਧੀ ਧਿਰਾਂ ਵੱਲੋਂ ਮੰਡੀਆਂ ਵਿਚ ਗੇੜੇ ਮਾਰੇ ਜਾ ਰਹੇ ਹਨ। ਜਦੋਂ ਪੰਜਾਬ ਵਿਚ 10 ਅਪਰੈਲ ਨੂੰ ਕਣਕ ਦੀ ਖਰੀਦ ਸ਼ੁਰੂ ਹੋਈ ਤਾਂ ਹਾਕਮ ਧਿਰ ਦੇ ਬਹੁਤੇ ਵਿਧਾਇਕਾਂ ਤੋਂ ਇਲਾਵਾ ਵਜ਼ੀਰਾਂ ਨੇ ਪਹਿਲੀ ਬੋਲੀ ਵੀ ਲਗਵਾਈ ਸੀ। ਪੰਜਾਬ 'ਚ ਮੰਡੀਆਂ ਹੁਣ ਨੱਕੋ-ਨੱਕ ਭਰ ਗਈਆਂ ਹਨ ਅਤੇ ਬਾਰਦਾਨੇ ਦੀ ਕਮੀ ਕਰਕੇ ਹਾਹਾਕਾਰ ਮੱਚੀ ਹੋਈ ਹੈ। ਕਣਕ ਦੀ ਤੇਜੀ ਨਾਲ ਹੋਈ ਵਾਢੀ ਨੇ ਪੰਜਾਬ ਸਰਕਾਰ ਦੀ ਗਿਣਤੀ ਮਿਣਤੀ ਫੇਲ੍ਹ ਕਰ ਦਿੱਤੀ ਹੈ ਅਤੇ ਬਾਰਦਾਨੇ ਦੇ ਢੁਕਵੇਂ ਪ੍ਰਬੰਧ ਕਰਨ ਵਿਚ ਪੰਜਾਬ ਸਰਕਾਰ ਫੇਲ੍ਹ ਹੋ ਗਈ ਹੈ।

ਬਹੁਤੇ ਜ਼ਿਲ੍ਹਿਆਂ ਵਿਚ ਤਾਂ ਡਿਪਟੀ ਕਮਿਸ਼ਨਰ ਵੀ ਕਿਸਾਨਾਂ ਦੇ ਘਿਰਾਓ ਦੇ ਡਰ ਕਰਕੇ ਮੰਡੀਆਂ ਤੋਂ ਦੂਰੀ ਬਣਾਈ ਬੈਠੇ ਹਨ। ਹਾਕਮ ਧਿਰ ਦਾ ਕੋਈ ਵੀ ਵਿਧਾਇਕ ਮੰਡੀਆਂ ਵਿਚ ਨਜ਼ਰ ਨਹੀਂ ਪੈ ਰਿਹਾ ਹੈ। ਦੂਸਰੀ ਤਰਫ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਠਿੰਡਾ ਜ਼ਿਲ੍ਹੇ ਦੇ ਖਰੀਦ ਕੇਂਦਰਾਂ ਵਿਚ ਦੌਰਾ ਕਰਕੇ ਪੰਜਾਬ ਸਰਕਾਰ 'ਤੇ ਨਿਸ਼ਾਨੇ ਸਾਧੇ।

ਪੰਜਾਬ ਦੇ ਕਿਸਾਨ ਕਣਕ ਦੀ ਖਰੀਦ ਦੇ ਸੰਕਟ ਨਾਲ ਜੂਝ ਰਹੇ ਹਨ। ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਅੰਦੋਲਨ ਕਾਰਨ ਕਿਸਾਨ ਲਗਭਗ ਪੌਣੇ ਪੰਜ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਹੋਏ ਹਨ। ਅਜਿਹੇ ਸਮੇਂ ਕਣਕ ਦੀ ਸੰਭਾਲ ਅਤੇ ਅੰਦੋਲਨ ਦੋਵਾਂ ਦੀ ਵਿਉਂਤਬੰਦੀ ਆਸਾਨ ਕੰਮ ਨਹੀਂ ਹੈ। ਮੀਡੀਆ ਦਾ ਧਿਆਨ ਵੀ ਕਰੋਨਾ ਉਤੇ ਕੇਂਦਰਿਤ ਹੋਣ ਕਰ ਕੇ ਕਣਕ ਦੀ ਖਰੀਦ ਦੀ ਸਮੱਸਿਆ ਉਭਰਵੇਂ ਰੂਪ ਵਿਚ ਸਾਹਮਣੇ ਨਹੀਂ ਆਈ। ਫਰਵਰੀ ਵਿਚ ਪਈ ਵੱਧ ਗਰਮੀ ਕਾਰਨ ਝਾੜ ਘਟਣ ਕਰ ਕੇ ਕਿਸਾਨਾਂ ਨੂੰ ਆਰਥਿਕ ਮਾਰ ਪਈ ਹੈ ਅਤੇ ਹੁਣ ਬੇਮੌਸਮੀ ਬਰਸਾਤ ਵਿਚ ਉਨ੍ਹਾਂ ਦੀ ਖੜ੍ਹੀ ਅਤੇ ਮੰਡੀਆਂ ਵਿਚ ਪਈ ਫਸਲ ਸਿੱਲੀ ਹੋ ਜਾਣ ਕਰ ਕੇ ਖਰੀਦ ਦਾ ਸੰਕਟ ਵਧ ਰਿਹਾ ਹੈ। ਕਿਸਾਨਾਂ ਨੂੰ ਲੰਮੇ ਸਮੇਂ ਲਈ ਮੰਡੀਆਂ ਵਿਚ ਬੈਠਣਾ ਪੈ ਰਿਹਾ ਹੈ।

## ਵਿਚੋਲਿਆਂ ਤੋਂ ਕਣਕ ਖਰੀਦ ਰਹੀ ਹੈ ਸਰਕਾਰ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਦੋਸ਼ ਲਾਇਆ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਕਰੋਨਾ ਵਾਇਰਸ ਮਹਾਮਾਰੀ ਦਾ ਬਹਾਨਾ ਬਣਾ ਕੇ ਕਿਸਾਨਾਂ ਤੋਂ ਕਣਕ ਖਰੀਦਣੀ ਬੰਦ ਕਰ ਦਿੱਤੀ ਹੈ ਅਤੇ ਕਿਸਾਨਾਂ ਦੀ ਥਾਂ ਹੁਣ ਵਿਚੋਲੀਆਂ ਤੋਂ ਕਣਕ ਖਰੀਦੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਫਾਇਦਾ ਪਹੁੰਚਾਇਆ ਜਾ ਸਕੇ। ਉਨ੍ਹਾਂ ਜ਼ਿਆਦਾਤਰ ਥਾਵਾਂ 'ਤੇ ਖਰੀਦ ਕੇਂਦਰ ਬੰਦ ਹੋਣ ਦੇ ਬਾਵਜੂਦ ਰਾਜ ਵਿਚ ਖਰੀਦ ਦਾ ਗ੍ਰਾਫ ਉੱਪਰ ਜਾਣ ਲਈ ਸਰਕਾਰ 'ਤੇ ਸਵਾਲ ਖੜ੍ਹਾ ਕੀਤਾ ਅਤੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ। ਸ੍ਰੀ ਯਾਦਵ ਨੇ ਕਿਹਾ, "ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਕਰੋਨਾ ਵਾਇਰਸ ਮਹਾਮਾਰੀ ਦਾ ਬਹਾਨਾ ਬਣਾ ਕੇ ਕਿਸਾਨਾਂ ਤੋਂ ਕਣਕ ਖਰੀਦਣੀ ਬੰਦ ਕਰ ਦਿੱਤੀ ਹੈ। ਸਰਕਾਰ ਵੱਲੋਂ ਖਰੀਦ ਸਬੰਧੀ ਗਲਤ ਅੰਕੜੇ ਪੇਸ਼ ਕੀਤੇ ਜਾ ਰਹੇ ਹਨ। ਅਜਿਹਾ ਜਾਪਦਾ ਹੈ ਕਿ ਵਿਚੋਲੀਆਂ ਨੂੰ ਫਾਇਦਾ ਪਹੁੰਚਾ ਕੇ ਖਰੀਦ ਦਾ ਟੀਚਾ ਪੂਰਾ ਕਰਨ ਦੀ ਸਾਜ਼ਸ਼ ਰਚੀ ਗਈ ਹੈ।"

# ਕਿਸਾਨ ਆਗੂ ਟਿਕੈਤ ਦੀ ਚੌਟਾਲਾ ਨਾਲ ਮੁਲਾਕਾਤ ਨੇ ਛੇੜੇ ਚਰਚੇ



**ਏਲਨਾਬਾਦ:** ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਸਿਰਸਾ ਜ਼ਿਲ੍ਹੇ ਦੇ ਆਪਣੇ ਦੌਰੇ ਦੌਰਾਨ ਟੌਲ ਪਲਾਜ਼ਿਆਂ 'ਤੇ ਜਾ ਕੇ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਹ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਸੁਪਰੀਮੋ ਓਮ ਪ੍ਰਕਾਸ਼ ਚੌਟਾਲਾ ਨੂੰ ਮਿਲਣ ਲਈ ਉਨ੍ਹਾਂ ਦੇ ਤੇਜਾਖੇੜਾ ਫਾਰਮ ਹਾਊਸ 'ਤੇ ਵੀ ਪੁੱਜੇ ਅਤੇ ਉਨ੍ਹਾਂ ਨਾਲ ਦੇਸ਼ ਦੇ ਮੌਜੂਦਾ ਹਾਲਾਤ ਬਾਰੇ ਚਰਚਾ ਕੀਤੀ।

ਓਮ ਪ੍ਰਕਾਸ਼ ਚੌਟਾਲਾ ਅਤੇ ਰਾਕੇਸ਼ ਟਿਕੈਤ ਦੀ ਇਸ ਮੁਲਾਕਾਤ ਨੂੰ ਸਿਆਸੀ ਹਲਕਿਆਂ ਵਿਚ ਆਗਾਮੀ ਏਲਨਾਬਾਦ ਜ਼ਿਮਨੀ ਚੋਣ ਦੇ ਮੱਦੇਨਜ਼ਰ ਦੇਖਿਆ ਜਾ ਰਿਹਾ ਸੀ ਪਰ ਸ੍ਰੀ ਟਿਕੈਤ ਨੇ ਸਪੱਸ਼ਟ ਆਖਿਆ ਕਿ ਚੌਟਾਲਾ ਪਰਿਵਾਰ ਨਾਲ ਉਨ੍ਹਾਂ ਦੇ ਸਬੰਧ ਬਹੁਤ ਪੁਰਾਣੇ ਹਨ। ਉਹ ਸਿਰਫ ਚੌਟਾਲਾ ਦਾ ਹਾਲ ਪੁੱਛਣ ਲਈ ਫਾਰਮ ਹਾਊਸ ਵਿਚ ਆਏ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਟਿਕੈਤ ਨੇ ਆਖਿਆ ਕਿ ਪਿਛਲੇ ਦੋ ਮਹੀਨਿਆਂ ਦੌਰਾਨ ਉਹ ਦੇਸ਼ ਦੇ 15-16 ਸੂਬਿਆਂ ਦਾ ਦੌਰਾ ਕਰ ਚੁੱਕੇ ਹਨ। ਦੇਸ਼ ਵਿਚ ਹਰ ਪਾਸੇ ਹਾਲਾਤ ਖਰਾਬ ਹਨ। ਸਭ ਦੀ ਇਕੋ ਮੰਗ ਹੈ ਕਿ ਕਿਸਾਨ ਜਿੱਤੇ ਬਿਨਾਂ ਵਾਪਸ ਨਾ ਆਉਣ। ਕਿਸਾਨ ਆਗੂ ਨੇ ਕਿਹਾ ਕਿ ਸਰਕਾਰ ਕਰੋਨਾ ਦੇ ਨਾਮ 'ਤੇ ਕਿਸਾਨ ਅੰਦੋਲਨ ਨੂੰ ਦਬਾਉਣਾ ਚਾਹੁੰਦੀ ਹੈ ਪਰ ਕਰੋਨਾ ਅਤੇ ਕਿਸਾਨ ਅੰਦੋਲਨ ਵੱਖ-ਵੱਖ ਮੁੱਦੇ ਹਨ। ਕਰੋਨਾ ਟੀਕਾਕਰਨ ਲਈ ਸਰਕਾਰ ਨੂੰ ਅਪੀਲ ਕਰ ਦਿੱਤੀ ਗਈ ਹੈ। ਜੇ ਧਰਨਾ ਸਥਾਨਾਂ 'ਤੇ ਜਾ ਕੇ ਟੀਕਾਕਰਨ ਕੀਤਾ ਜਾਵੇਗਾ ਤਾਂ ਕਿਸਾਨ ਸਰਕਾਰ ਦਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਸਰਕਾਰ ਅੰਦੋਲਨ ਵੱਲ ਧਿਆਨ ਦੇਣ ਦੀ ਥਾਂ ਹਸਪਤਾਲਾਂ ਦੀ ਸਥਿਤੀ ਠੀਕ ਕਰੇ। ਸ੍ਰੀ ਟਿਕੈਤ ਨੇ ਆਖਿਆ ਕਿ ਜਿੰਨਾ ਚਿਰ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੁੰਦੇ, ਅੰਦੋਲਨ ਜਾਰੀ ਰਹੇਗਾ। ਉਨ੍ਹਾਂ ਕਿਸਾਨਾਂ ਨੂੰ ਵਾਢੀ ਤੋਂ ਵਿਹਲੇ ਹੋ ਕੇ ਦਿੱਲੀ ਧਰਨੇ 'ਤੇ ਪੁੱਜਣ ਦੀ ਅਪੀਲ ਵੀ ਕੀਤੀ।

# ਕੇਂਦਰ ਸਰਕਾਰ ਨੇ ਕਣਕ ਦੀ ਖਰੀਦ 'ਚ ਹੱਥ ਘੁੱਟਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਮਗਰੋਂ ਕਣਕ ਦੀ ਸਰਕਾਰੀ ਖਰੀਦ ਤੋਂ ਹੱਥ ਘੁੱਟਣਾ ਸ਼ੁਰੂ ਕਰ ਦਿੱਤਾ ਹੈ ਜਦੋਂਕਿ ਪੰਜਾਬ ਨੇ ਕਣਕ ਦੀ ਖਰੀਦ 'ਚ ਸਮੁੱਚੇ ਦੇਸ਼ ਨੂੰ ਪਿਛਾਂਹ ਛੱਡ ਦਿੱਤਾ ਹੈ। ਬੇਸ਼ੱਕ ਮੱਧ ਪ੍ਰਦੇਸ਼ ਨੇ ਦੇਸ਼ ਭਰ 'ਚੋਂ ਸਭ ਤੋਂ ਜ਼ਿਆਦਾ 135 ਲੱਖ ਮੀਟਰਿਕ ਟਨ ਕਣਕ ਖਰੀਦ ਦਾ ਟੀਚਾ ਤੈਅ ਕੀਤਾ ਸੀ ਪਰ ਹਾਲੇ ਤੱਕ ਇਸ ਸੂਬੇ 'ਚੋਂ 44.86 ਲੱਖ ਮੀਟਰਿਕ ਟਨ ਕਣਕ ਹੀ ਖਰੀਦੀ ਗਈ ਹੈ। ਮੱਧ ਪ੍ਰਦੇਸ਼ ਵਿਚ ਕਣਕ ਦੀ ਸਰਕਾਰੀ ਖਰੀਦ 15 ਮਾਰਚ ਤੋਂ ਸ਼ੁਰੂ ਹੋ ਗਈ ਸੀ ਜਦੋਂਕਿ ਪੰਜਾਬ ਵਿਚ 10 ਅਪਰੈਲ ਤੋਂ ਖਰੀਦ ਦਾ ਕੰਮ ਚੱਲਿਆ ਸੀ।



ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਦੇਸ਼ ਦੇ ਦਰਜਨ ਸੂਬਿਆਂ ਵਿਚ ਕਣਕ ਖਰੀਦਣ ਦਾ ਐਕਸ਼ਨ ਪਲਾਨ ਤਿਆਰ ਕੀਤਾ ਸੀ। ਹੁਣ ਤੱਕ ਸਮੁੱਚੇ ਦੇਸ਼ ਵਿਚ 186.57 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ ਜਿਸ 'ਚੋਂ 36 ਫੀਸਦੀ ਇਕੱਲੇ ਪੰਜਾਬ 'ਚੋਂ ਖਰੀਦ ਹੋਈ ਹੈ। 23 ਅਪਰੈਲ ਤੱਕ ਪੰਜਾਬ 'ਚ 66.80 ਲੱਖ ਮੀਟਰਿਕ ਟਨ ਕਣਕ ਖਰੀਦੀ ਗਈ ਹੈ ਜਦੋਂਕਿ ਹਰਿਆਣਾ 'ਚੋਂ 64.23 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਹੋਈ ਹੈ। ਭਾਰਤੀ ਖੁਰਾਕ ਨਿਗਮ ਨੇ ਪੰਜਾਬ 'ਚੋਂ 5.15 ਲੱਖ ਅਤੇ ਹਰਿਆਣਾ ਚੋਂ 4.94 ਲੱਖ ਮੀਟਰਿਕ ਟਨ ਫਸਲ ਖਰੀਦ ਕੀਤੀ ਹੈ। ਪੰਜਾਬ ਵਿਚ ਵਾਢੀ ਦਾ ਕੰਮ ਤਕਰੀਬਨ ਮੁਕੰਮਲ ਹੋ ਗਿਆ ਹੈ ਜਦੋਂਕਿ ਫਸਲ ਦੀ ਆਮਦ ਮੰਡੀਆਂ ਵਿਚ ਜਾਰੀ ਹੈ। ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਮਗਰੋਂ ਐਤਕੀਂ ਗੁਜਰਾਤ 'ਚੋਂ ਸਿਰਫ 42 ਹਜ਼ਾਰ ਮੀਟਰਿਕ ਟਨ ਕਣਕ ਖਰੀਦੀ ਹੈ ਜਦੋਂਕਿ ਗੁਜਰਾਤ 'ਚ 16 ਮਾਰਚ ਤੋਂ ਖਰੀਦ ਸ਼ੁਰੂ ਹੋਈ ਹੈ। ਦਿੱਲੀ ਵਿਚ ਸਿਰਫ ਦੋ ਹਜ਼ਾਰ ਮੀਟਰਿਕ ਟਨ ਅਤੇ ਉੱਤਰਾਖੰਡ 'ਚੋਂ 41 ਹਜ਼ਾਰ ਮੀਟਰਿਕ ਟਨ ਕਣਕ ਖਰੀਦ ਕੀਤੀ ਹੈ। ਕੇਂਦਰ ਸਰਕਾਰ ਨੇ ਬਿਹਾਰ 'ਚੋਂ 1 ਲੱਖ ਮੀਟਰਿਕ ਟਨ ਦਾ ਟੀਚਾ ਰੱਖਿਆ ਹੈ। ਉੱਤਰ ਪ੍ਰਦੇਸ਼ 'ਚੋਂ 55 ਲੱਖ ਮੀਟਰਿਕ ਟਨ ਕਣਕ ਖਰੀਦਣ ਦਾ ਟੀਚਾ ਹੈ।

ਉੱਤਰ ਪ੍ਰਦੇਸ਼ 'ਚ 1 ਅਪਰੈਲ ਤੋਂ ਖਰੀਦ ਸ਼ੁਰੂ ਹੈ ਅਤੇ ਹੁਣ ਤੱਕ ਸਿਰਫ 5.31 ਲੱਖ ਮੀਟਰਿਕ ਟਨ ਖਰੀਦ ਕੀਤੀ ਗਈ ਹੈ। ਭਾਰਤੀ ਖੁਰਾਕ ਨਿਗਮ ਨੇ ਮੱਧ ਪ੍ਰਦੇਸ਼, ਬਿਹਾਰ, ਉੱਤਰਾਖੰਡ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ 'ਚੋਂ ਕਣਕ ਖਰੀਦਣ ਦਾ ਮਹੂਰਤ ਵੀ ਨਹੀਂ ਕੀਤਾ ਹੈ। ਰਾਜਸਥਾਨ 'ਚੋਂ 22 ਲੱਖ ਮੀਟਰਿਕ ਟਨ ਕਣਕ ਖਰੀਦਣ ਦਾ ਟੀਚਾ ਹੈ ਜਦੋਂਕਿ ਹੁਣ ਤੱਕ 4.39 ਲੱਖ ਮੀਟਰਿਕ ਟਨ ਕਣਕ ਹੀ ਖਰੀਦੀ ਗਈ ਹੈ। ਮੁੱਖ ਤੌਰ 'ਤੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ 'ਚੋਂ ਹੀ ਕਣਕ ਖਰੀਦ ਜਾਣੀ ਹੈ। ਮੱਧ ਪ੍ਰਦੇਸ਼ ਨੂੰ ਐਤਕੀਂ ਪੰਜਾਬ ਤੋਂ ਵੱਧ ਕਣਕ ਦੀ ਆਮਦ ਦਾ ਅਨੁਮਾਨ ਹੈ ਪਰ ਉਥੇ ਖਰੀਦ ਦਾ ਕੰਮ ਮੱਠਾ ਚੱਲ ਰਿਹਾ ਹੈ। ਪੰਜਾਬ ਵਿਚ ਵਾਢੀ ਦਾ ਕੰਮ ਤੇਜ਼ ਚੱਲਿਆ ਹੈ ਅਤੇ ਕਣਕ ਦਾ ਝਾੜ 10 ਤੋਂ 12 ਫੀਸਦੀ ਘਟਣ ਦੀ ਸੰਭਾਵਨਾ ਹੈ।

# ਕੇਂਦਰ ਤੋਂ ਬਾਅਦ ਕੈਪਟਨ ਸਰਕਾਰ ਦੀ ਵਾਰੀ, ਕਰਜ਼ਾ ਮੁਆਫੀ ਲਈ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਮੋਦੀ ਸਰਕਾਰ ਦੇ ਨਾਲ-ਨਾਲ ਕੈਪਟਨ ਸਰਕਾਰ ਨੂੰ ਵੀ ਕਰਜ਼ਾ ਮੁਆਫੀ ਦੀ ਵਾਅਦਾਖਿਲਾਫੀ ਦੇ ਮੁੱਦੇ 'ਤੇ ਘੇਰਨ ਦੀ ਰਣਨੀਤੀ ਉਲੀਕਣੀ ਸ਼ੁਰੂ ਕਰ ਦਿੱਤੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਖਿਲਾਫ ਵਿੱਢੀ ਲੜਾਈ ਜਿੱਤਣ ਤੋਂ ਬਾਅਦ ਕੈਪਟਨ ਨੂੰ ਵਾਅਦੇ ਯਾਦ ਕਰਾਏ ਜਾਣਗੇ ਅਤੇ ਜੇਕਰ ਲੋੜ ਪਈ ਤਾਂ ਸੰਘਰਸ਼ ਵੀ ਵਿੱਢਿਆ ਜਾਵੇਗਾ।



ਸੰਯੁਕਤ ਕਿਸਾਨ ਮੋਰਚਾ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ 2017 ਦੀਆਂ ਵਿਧਾਨ-ਸਭਾ ਚੋਣਾਂ ਵੇਲੇ ਕੀਤਾ ਮੁਕੰਮਲ ਕਿਸਾਨੀ ਕਰਜ਼ਾ ਮੁਆਫੀ ਦਾ ਵਾਅਦਾ ਪੂਰਾ ਕਰਨ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਦੇ ਘਰਾਂ ਅੱਗੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਇਲੋ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਹਨ। ਇਨ੍ਹਾਂ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕਾਂਗਰਸ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਪੰਜਾਬ ਦੇ ਕਿਸਾਨਾਂ ਨੂੰ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਹਰ ਕਿਸਾਨ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ ਪਰ ਹੁਣ 4 ਸਾਲ ਬੀਤਣ ਮਗਰੋਂ ਵੀ ਪੰਜਾਬ ਦੀ ਕਾਂਗਰਸ ਸਰਕਾਰ ਸੂਬੇ ਦੇ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਹਜ਼ਾਰਾਂ ਕਿਸਾਨ ਕਰਜ਼ਾ ਮੁਆਫੀ ਦੀ ਉਡੀਕ ਕਰ ਰਹੇ ਹਨ ਅਤੇ ਕਰਜ਼ੇ ਤੋਂ ਪਰੇਸ਼ਾਨ ਕਈ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ।

ਉਨ੍ਹਾਂ ਕਿਹਾ ਕਿ ਦੇਸ਼ ਦੇ ਸਭ ਤੋਂ ਵੱਧ ਪੇਂਡੂ ਲੋਕਾਂ ਦੇ ਸਿਰ ਕਰਜ਼ਾ ਹੋਣ ਕਰ ਕੇ ਕਰਜ਼ੇ ਦੀ ਮਾਰ ਥੱਲੇ ਆਏ ਸੂਬਿਆਂ ਵਿਚ ਪੰਜਾਬ ਵੀ ਸ਼ਾਮਲ ਹੈ। ਇਥੋਂ ਦੇ ਕਿਸਾਨਾਂ 'ਤੇ ਕਰੀਬ ਇਕ ਲੱਖ ਕਰੋੜ ਦਾ ਕਰਜ਼ਾ ਹੈ। ਇਨ੍ਹਾਂ ਵਿਚੋਂ ਸੰਗਠਿਤ ਕਰਜ਼ਾ 80,000 ਕਰੋੜ ਰੁਪਏ ਅਤੇ ਗੈਰ-ਸੰਗਠਿਤ ਕਰਜ਼ਾ 20,000 ਕਰੋੜ ਰੁਪਏ ਦਾ ਅੰਦਾਜ਼ਾ ਹੈ। ਇਹੀ ਵਜ੍ਹਾ ਹੈ ਕਿ ਇਥੇ ਕਿਸਾਨ ਆਤਮ-ਹੱਤਿਆ ਦਰ ਲਗਾਤਾਰ ਵਧ ਰਹੀ ਹੈ।

## 'ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ'

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਯੁੱਧਵੀਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵਿਰੁੱਧ ਉੱਠਣ ਵਾਲੀ ਆਵਾਜ਼ ਨੂੰ ਦਬਾਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਹ ਗੁਜਰਾਤ ਵਿਚ ਪ੍ਰੈੱਸ ਕਾਨਫਰੰਸ ਕਰ ਰਹੇ ਸਨ ਤਾਂ ਗੁਜਰਾਤ ਪੁਲਿਸ ਪੱਤਰਕਾਰਾਂ ਅੱਗੇ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਲੈ ਗਏ। ਉਨ੍ਹਾਂ ਕਿਹਾ ਕਿ ਕਿਸਾਨ ਪੌਣੇ ਪੰਜ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਇਸ ਦੌਰਾਨ 350 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਆਪਣੀ ਅੜੀ 'ਤੇ ਹੈ ਤਾਂ ਕਿਸਾਨ ਵੀ ਪਿੱਛੇ ਨਹੀਂ ਹਟੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ, ਇਹ ਸੰਘਰਸ਼ ਜਾਰੀ ਰਹੇਗਾ।

# ਅਮਰੀਕਾ ਦਾ ਕਿਸਾਨ ਅੰਦੋਲਨ

ਸਰਦੀਆਂ ਦੀ ਇਕ ਸਵੇਰ ਵਾਸ਼ਿੰਗਟਨ ਦੀਆਂ ਸੜਕਾਂ 'ਤੇ ਸੈਂਕੜਿਆਂ ਦੀ ਗਿਣਤੀ ਵਿਚ ਟਰੈਕਟਰ ਨਿਕਲ ਆਏ। ਤਾਰੀਕ ਸੀ 5 ਫਰਵਰੀ 1979 – ਜਦੋਂ 900 ਤੋਂ ਵੱਧ ਟਰੈਕਟਰ (ਕੁਝ ਲੋਕਾਂ ਦਾ ਅੰਦਾਜ਼ਾ 1500 ਤੋਂ ਜ਼ਿਆਦਾ) ਲੈ ਕੇ ਕਿਸਾਨ ਅਮਰੀਕੀ ਰਾਜਧਾਨੀ ਵਿਚ ਆ ਗਏ ਸਨ ਜਿਨ੍ਹਾਂ ਦਾ ਮਕਸਦ ਉਨ੍ਹਾਂ ਨੀਤੀਆਂ ਦਾ ਵਿਰੋਧ ਕਰਨਾ ਸੀ ਜੋ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਬੰਨ੍ਹ ਕੇ ਰੱਖਦੀਆਂ ਸਨ ਤੇ ਨਤੀਜੇ ਵਜੋਂ ਕਿਸਾਨਾਂ ਦੀ ਆਮਦਨ ਘਟ ਰਹੀ ਸੀ। ਕਿਸਾਨਾਂ ਦੀ ਮੰਗ ਸੀ ਕਿ ਉਨ੍ਹਾਂ ਨੂੰ ਖੇਤੀਬਾੜੀ ਲਈ ਨਿਸ਼ਚਿਤ ਆਮਦਨ ਦਿੱਤੀ ਜਾਵੇ।

ਤਕਰੀਬਨ 42 ਸਾਲਾਂ ਬਾਅਦ ਉਸੇ ਕਿਸਮ ਦੀ ਬੇਮਿਸਾਲ ਕਿਸਾਨ ਲਹਿਰ ਦਾ ਝਲਕਾਰਾ ਨਜ਼ਰ ਆ ਰਿਹਾ ਹੈ ਜਿਸ ਦੀਆਂ ਉਮੰਗਾਂ ਤੇ ਮੰਗਾਂ ਉਹੋ ਜਿਹੀਆਂ ਹਨ।

1977 ਦੇ ਅਮਰੀਕੀ ਖੇਤੀ ਬਿਲ ਤੋਂ ਬਾਅਦ ਇਹ ਅਮਰੀਕਨ ਖੇਤੀਬਾੜੀ ਲਹਿਰ ਉੱਠੀ ਸੀ

**ਦਵਿੰਦਰ ਸ਼ਰਮਾ**

ਕਿਉਂਕਿ ਅਨਾਜ ਦੀ ਵਾਧੂ ਪੈਦਾਵਾਰ ਦੇ ਸਮਿਆਂ ਵਿਚ ਇਹ ਬਿਲ ਖੇਤੀ ਜਿਣਸਾਂ ਦੀਆਂ ਕੀਮਤਾਂ ਦੀ ਰਾਖੀ ਕਰਨ ਵਿਚ ਨਾਕਾਮ ਸਿੱਧ ਹੋਇਆ ਸੀ। ਖੇਤੀ ਜਿਣਸਾਂ ਦੀਆਂ ਕੀਮਤਾਂ ਡਿੱਗਦੀਆਂ ਹੀ ਜਾ ਰਹੀਆਂ ਸਨ ਤੇ ਕਿਸਾਨਾਂ ਨੂੰ ਫਸਲੀ ਲਾਗਤ ਮੁੱਲ ਵੱਟਣਾ ਵੀ ਮੁਸ਼ਕਿਲ ਹੋ ਰਿਹਾ ਸੀ। ਸਿੱਟੇ ਵਜੋਂ ਛੋਟੇ ਕਿਸਾਨ ਖੇਤੀਬਾੜੀ ਛੱਡ ਰਹੇ ਸਨ ਅਤੇ ਖੇਤੀਯੋਗ ਜ਼ਮੀਨਾਂ ਦੀ ਨਿਲਾਮੀ ਦਾ ਅਮਲ ਤੇਜ਼ ਹੋਣ ਲੱਗ ਪਿਆ। ਕਿਸਾਨਾਂ ਦੀ ਦਲੀਲ ਸੀ ਕਿ ਸਰਕਾਰ ਦਾ ਸਾਰਾ ਫਿਕਰ ਖਪਤਕਾਰਾਂ ਲਈ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਕਾਬੂ ਹੇਠ ਰੱਖਣ 'ਤੇ ਕੇਂਦਰਤ ਸੀ ਤੇ ਉਸ ਨੂੰ ਕਿਸਾਨਾਂ ਦੀ ਕੋਈ ਪਰਵਾਹ ਨਹੀਂ ਸੀ। ਕੀ ਹੁਣ ਵੀ ਇਵੇਂ ਦਾ ਹੀ ਕੁਝ ਸੁਣਨ ਨੂੰ ਨਹੀਂ ਮਿਲ ਰਿਹਾ?

ਮਿਸਾਲ ਦੇ ਤੌਰ 'ਤੇ ਜੇ ਮਹਿੰਗਾਈ ਦਰ ਨਾਲ ਮਿਲਾਣ ਕਰ ਕੇ ਕਣਕ ਦੀ ਕੀਮਤ ਕੱਢੀ ਜਾਵੇ ਤਾਂ ਅਮਰੀਕੀ ਕਿਸਾਨ ਦੇ ਪੱਲੇ ਜੋ ਕੀਮਤ ਪਾਈ ਜਾ ਰਹੀ ਸੀ, ਉਹ ਦੂਜੀ ਆਲਮੀ ਜੰਗ ਵੇਲਿਆਂ ਦੀ ਕੀਮਤ ਨਾਲੋਂ ਵੀ ਘੱਟ ਸੀ। ਇਕ ਹੋਰ ਅਧਿਐਨ ਤੋਂ ਪਤਾ ਲੱਗਿਆ ਕਿ ਜੇ ਮਹਿੰਗਾਈ ਦਰ ਨਾਲ ਮਿਲਾਣ ਕੀਤਾ ਜਾਵੇ ਤਾਂ 1976 ਵਿਚ ਹੋ ਰਹੀ ਅਮਰੀਕੀ ਖੇਤੀ ਆਮਦਨ 1930ਵਿਆਂ ਵਿਚ ਮਹਾਂ ਮੰਦੀ ਦੇ ਸਾਲਾਂ ਦੌਰਾਨ ਹੋਣ ਵਾਲੀ ਸਾਲਾਨਾ ਖੇਤੀ ਆਮਦਨ ਨਾਲੋਂ ਵੀ ਘੱਟ ਸੀ।

ਤਦ ਕੋਲੋਰੈਡੋ ਦੇ ਕੈਂਪੋ ਵਿਖੇ ਕੁਝ ਕਿਸਾਨ ਇਕੱਤਰ ਹੋਏ ਅਤੇ ਉਨ੍ਹਾਂ ਨੇ ਸੂਬਾਈ ਰਾਜਧਾਨੀਆਂ ਵਿਚ ਲੜੀਵਾਰ ਹੜਤਾਲਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਤਾਂ ਕਿ ਸਰਕਾਰ ਤੇ ਦੇਸ਼ ਦੇ ਲੋਕਾਂ ਨੂੰ ਪੇਂਡੂ ਢਾਂਚੇ ਦੀ ਬਦਹਾਲੀ ਅਤੇ ਖੇਤੀਬਾੜੀ ਵਿਚ ਲੱਗੇ ਲੋਕਾਂ ਦੀ ਗਿਣਤੀ ਨਾਂ-ਮਾਤਰ ਰਹਿ ਜਾਣ ਦੀ ਹਕੀਕਤ ਦਿਖਾਈ ਜਾ ਸਕੇ। ਕਿਸਾਨੀ ਰੋਹ ਦੇ ਪ੍ਰਤੀਕ ਵਜੋਂ ਅਗਲੇ ਦੋ ਸਾਲਾਂ ਅੰਦਰ ਸੂਬਾਈ ਰਾਜਧਾਨੀਆਂ ਵਿਚ ਰੋਸ ਮੁਜ਼ਾਹਰਿਆਂ ਲਈ ਹਜ਼ਾਰਾਂ ਟਰੈਕਟਰਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ ਟਰੈਕਟਰ ਮੁਜ਼ਾਹਰਿਆਂ ਜਿਨ੍ਹਾਂ ਨੂੰ 'ਟਰੈਕਟਰਕੇਡ' ਕਿਹਾ ਜਾਣ ਲੱਗ ਪਿਆ ਸੀ, ਨੇ ਖੇਤੀਬਾੜੀ 'ਤੇ ਬਣੀ ਭੀੜ ਦਾ ਸੰਦੇਸ਼ ਉਨ੍ਹਾਂ ਸ਼ਹਿਰੀ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕੀਤੀ ਜੋ ਅਮਰੀਕਾ ਦੇ ਸ਼ਹਿਰੀ ਤੇ ਦਿਹਾਤੀ ਖੇਤਰਾਂ ਦਰਮਿਆਨ ਵਧ ਰਹੇ ਆਰਥਿਕ ਪਾੜੇ ਬਾਰੇ ਬਹੁਤਾ ਕੁਝ ਨਹੀਂ ਜਾਣਦੇ ਸਨ।

ਅਮਰੀਕੀ ਸੈਨੇਟ ਦੀ ਖੇਤੀਬਾੜੀ, ਪੋਸ਼ਣ ਅਤੇ ਜੰਗਲਾਤ ਬਾਰੇ ਕਮੇਟੀ ਮੁਤਾਬਿਕ ਕਿਸਾਨ ਇਹ ਚਾਹੁੰਦੇ ਹਨ ਕਿ ਘਰੋਗੀ ਤੇ ਬਰਾਮਦ ਕੀਤੀਆਂ ਜਾਂਦੀਆਂ ਖੇਤੀ ਜਿਣਸਾਂ 'ਤੇ ਸੌ ਫੀਸਦ ਪੈਰਿਟੀ ਜਾਂ ਸਮਾਨਤਾ, ਸਾਰੇ ਕਰਾਰਸ਼ੁਦਾ ਖੇਤੀ ਪਦਾਰਥਾਂ 'ਤੇ ਸੌ ਫੀਸਦ ਸਮਾਨਤਾ, ਖੁਰਾਕੀ ਵਸਤਾਂ ਦੀਆਂ ਦਰਾਮਦਾਂ 'ਤੇ ਉਦੋਂ ਤੱਕ ਰੋਕ ਰੱਖੀ ਜਾਵੇ ਜਦੋਂ ਤੱਕ ਘਰੋਗੀ ਮੰਗ ਦੀ ਪੂਰਤੀ ਲਈ ਘਰੋਗੀ ਜਿਣਸਾਂ ਵਰਤ ਨਾ ਲਈਆਂ ਜਾਣ, ਖੇਤੀ ਨੀਤੀ ਦਾ ਅਗਾਊਂ ਐਲਾਨ ਕੀਤਾ ਜਾਵੇ ਤਾਂ ਕਿ ਕਿਸਾਨਾਂ ਨੂੰ ਪੈਦਾਵਾਰ ਅਦਲ-ਬਦਲ ਕਰਨ ਦਾ ਸਮਾਂ ਮਿਲ ਸਕੇ ਅਤੇ ਨੀਤੀ ਮਾਮਲਿਆਂ ਵਿਚ ਕਿਸਾਨਾਂ ਦੀ ਸੱਦ-ਪੁੱਛ ਯਕੀਨੀ ਬਣਾਈ ਜਾਵੇ। ਦੂਜੇ ਸ਼ਬਦਾਂ ਵਿਚ ਅਮਰੀਕੀ ਕਿਸਾਨ ਫਸਲ ਦੀ ਕੀਮਤ ਦਾ ਭਰੋਸਾ ਚਾਹੁੰਦੇ ਸਨ ਤੇ ਨਾਲ ਹੀ ਵਪਾਰਕ ਉਥਲ-ਪੁਥਲ ਦੇ ਸਮਿਆਂ ਵਿਚ ਸੁਰੱਖਿਆ ਚਾਹੁੰਦੇ ਸਨ।

ਜਦੋਂ ਮੈਂ ਭਾਰਤ ਵਿਚ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਵੱਲ ਝਾਤ ਮਾਰਦਾ ਹਾਂ ਅਤੇ ਅਮਰੀਕੀ ਕਿਸਾਨਾਂ ਦੀਆਂ ਮੰਗਾਂ ਨਾਲ ਉਨ੍ਹਾਂ ਦੀ ਤੁਲਨਾ ਕਰਦਾ ਹਾਂ ਤਾਂ ਦੋਵਾਂ ਵਿਚ ਸਮਾਨਤਾ ਨਜ਼ਰ ਆਉਂਦੀ ਹੈ। ਹਾਲਾਂਕਿ ਭਾਰਤੀ ਕਿਸਾਨ ਸਮਾਨਤਾ ਜਿਹੇ ਸ਼ਬਦ ਦੀ ਵਰਤੋਂ ਨਹੀਂ ਕਰਦੇ ਪਰ ਉਹ ਨਿਰਧਾਰਤ ਕੀਮਤ ਜ਼ਰੀਏ ਨਿਸ਼ਚਿਤ ਆਮਦਨ ਦੀ ਹੀ ਮੰਗ ਕਰ ਰਹੇ ਹਨ। ਕਿਸਾਨ ਜਾਣਦੇ ਹਨ ਕਿ ਹਰ ਜਗ੍ਹਾ ਉਨ੍ਹਾਂ ਨੂੰ ਬਾਜ਼ਾਰਾਂ ਦੀ ਵਹਿਸ਼ਤ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ ਜਿਸ ਕਰ ਕੇ ਉਹ ਚਾਹੁੰਦੇ ਹਨ ਕਿ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਅਧਿਕਾਰ ਦੀ ਮਾਨਤਾ ਦਿੱਤੀ ਜਾਵੇ। ਇਸ ਨਾਲ ਯਕੀਨਨ ਵਪਾਰ ਨੀਤੀ ਪ੍ਰਭਾਵਤ ਹੋਵੇਗੀ ਪਰ ਸਾਲ ਦਰ ਸਾਲ ਲੱਖਾਂ ਕਿਸਾਨਾਂ ਦੀ ਰੋਜ਼ੀ ਰੋਟੀ ਦੇ ਨੁਕਸਾਨ ਦੇ ਮੁਕਾਬਲੇ ਇਹ ਇਕ ਮਾਮੂਲੀ ਕੀਮਤ ਹੈ। ਜਦੋਂ ਕਿਸਾਨ ਉਨ੍ਹਾਂ ਨਾਲ ਵਿਚਾਰ ਚਰਚਾ ਤੋਂ ਬਗੈਰ ਲਿਆਂਦੇ ਗਏ ਤਿੰਨ ਕੇਂਦਰੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹਨ ਤਾਂ ਅਸਲ ਵਿਚ ਉਹ ਭਵਿੱਖ ਦੀਆਂ ਖੇਤੀ ਨੀਤੀਆਂ ਘੜਨ ਵਿਚ ਆਪਣੀ ਭੂਮਿਕਾ ਨੂੰ ਹੀ ਦੇਖ ਰਹੇ ਹਨ।



1979 ਵਿਚ ਵਾਸ਼ਿੰਗਟਨ ਡੀ.ਸੀ. ਦੀਆਂ ਸੜਕਾਂ 'ਤੇ ਇਤਿਹਾਸਕ 'ਟਰੈਕਟਰਕੇਡ' ਵਿਚ ਦੇਸ਼ ਭਰ ਵਿਚੋਂ ਕਿਸਾਨਾਂ ਨੇ ਹਿੱਸਾ ਲਿਆ ਸੀ। ਬੈਵਰਲੀ ਐਂਡਰਸਨ ਸ਼ਾਇਦ ਇਕੋ-ਇਕ ਸੁਆਣੀ ਸੀ ਜੋ 1300 ਮੀਲ ਟਰੈਕਟਰ ਚਲਾ ਕੇ ਉਸ ਮੁਜ਼ਾਹਰੇ ਵਿਚ ਸ਼ਾਮਲ ਹੋਈ ਸੀ ਤੇ ਉਸ ਨੇ ਇਕ ਮੁਲਾਕਾਤ ਵਿਚ ਕਿਹਾ ਸੀ: "ਕਦੇ ਕਦਾਈਂ ਟਰੈਕਟਰ ਕੇਡਰਾਂ (ਸਵਾਰਾਂ) ਨੂੰ ਰਾਹ ਵਿਚ ਪੈਂਦੇ ਲੋਕਾਂ ਵੱਲੋਂ ਖਾਣਾ ਛਕਾਇਆ ਗਿਆ ਤੇ ਜਦੋਂ ਉਹ ਕੌਮੀ ਮਾਰਗਾਂ 'ਤੇ ਨਿਕਲਦੇ ਸਨ ਤਾਂ ਲੋਕ ਥਾਂ-ਥਾਂ ਖੜ੍ਹੇ ਹੋ ਕੇ ਉਨ੍ਹਾਂ ਨੂੰ ਨਿਹਾਰਦੇ ਸਨ। ਇਸ ਲਿਹਾਜ਼ ਤੋਂ ਉਨ੍ਹਾਂ ਦਾ ਮਕਸਦ ਪੂਰਾ ਹੋ ਗਿਆ ਸੀ – ਸੰਪਰਕਾਂ ਜ਼ਰੀਏ ਕਿਸਾਨਾਂ ਨੂੰ ਆਪਣੀਆਂ ਕਹਾਣੀਆਂ ਦੱਸਣ ਦਾ ਮੌਕਾ ਮਿਲ ਗਿਆ ਕਿ ਉਨ੍ਹਾਂ ਦੀ ਕਣਕ ਦਾ ਜੋ ਭਾਅ ਦਿੱਤਾ ਜਾ ਰਿਹਾ ਹੈ, ਉਹ ਦੂਜੀ ਆਲਮੀ ਜੰਗ ਖਤਮ ਹੋਣ ਵਕਤ ਮਿਲਣ ਵਾਲੇ ਕਣਕ ਦੇ ਭਾਅ ਦੇ ਬਰਾਬਰ ਸੀ ਹਾਲਾਂਕਿ ਪੈਦਾਵਾਰੀ ਲਾਗਤਾਂ ਵਧ ਗਈਆਂ ਹਨ, ਭਾਵ ਇਹ ਕਿ ਇਕ ਫਸਲ ਤਿਆਰ ਕਰਨ 'ਤੇ ਜੋ ਲਾਗਤ ਪੈਂਦੀ ਹੈ, ਉਸ ਦਾ ਮੁੱਲ ਵੀ ਨਹੀਂ ਵੱਟਿਆ ਜਾਂਦਾ ਅਤੇ ਇਹ ਕਿ ਪਰਿਵਾਰਕ ਖੇਤੀ ਵਿਵਸਥਾ ਢਹਿ ਢੇਰੀ ਹੋ ਜਾਣ ਨਾਲ ਮੁਲਕ ਨੂੰ ਖੁਰਾਕ ਦੀ ਦਰਾਮਦ 'ਤੇ ਨਿਰਭਰ ਕਰਨਾ ਪਵੇਗਾ।"

ਸ਼ੁਰੂ-ਸ਼ੁਰੂ ਵਿਚ ਲੋਕ ਨਾਖੁਸ਼ ਸਨ ਤੇ ਉਹ ਚਾਹੁੰਦੇ ਸਨ ਕਿ ਕਿਸਾਨਾਂ ਨੂੰ ਬਾਹਰ ਕੱਢ ਦਿੱਤਾ ਜਾਵੇ ਪਰ ਫਿਰ ਅਚਾਨਕ ਮੁਲਕ ਬਰਫਬਾਰੀ ਦੀ ਮਾਰ ਹੇਠ ਆ ਗਿਆ ਅਤੇ ਜਨ-ਜੀਵਨ ਠੱਪ ਹੋ ਕੇ ਰਹਿ ਗਿਆ। ਜਨਤਕ ਟਰਾਂਸਪੋਰਟ ਬੰਦ ਹੋ ਗਈ। ਉਸ ਵੇਲੇ ਕਿਸਾਨਾਂ ਨੇ ਉਨ੍ਹਾਂ ਟਰੈਕਟਰਾਂ ਦੀ ਮਦਦ ਨਾਲ ਬਰਫ ਹਟਾਈ ਅਤੇ ਡਾਕਟਰਾਂ ਤੇ ਨਰਸਾਂ ਨੂੰ ਟਰੈਕਟਰਾਂ 'ਤੇ ਬਿਠਾ ਕੇ ਹਸਪਤਾਲਾਂ ਵਿਚ ਪਹੁੰਚਾਇਆ। ਇਸ ਨਾਲ ਸ਼ਹਿਰੀ ਲੋਕਾਂ ਨਾਲ ਉਨ੍ਹਾਂ ਦੀ ਅਜਿਹੀ ਗੂੜ੍ਹੀ ਸਾਂਝ ਬਣ ਗਈ ਕਿ ਸ਼ਹਿਰੀਏ ਕਿਸਾਨਾਂ ਨੂੰ ਆਪਣੇ ਹਿਤੈਸ਼ੀ ਮੰਨਣ ਲੱਗ ਪਏ। ਕਈ ਹਫਤਿਆਂ ਤੱਕ ਕਿਸਾਨ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਅੰਦਰ ਹਰ ਰੋਜ਼ ਟਰੈਕਟਰ ਚਲਾਉਂਦੇ ਰਹੇ ਅਤੇ ਆਪਣੀ ਵਿਥਿਆ ਸੁਣਾਉਂਦੇ ਰਹੇ। ਕਈ ਕਿਸਾਨ ਤਾਂ ਮਹੀਨਿਆਂ ਬੱਧੀ ਉੱਥੇ ਹੀ ਰਹੇ।

ਫਿਰ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ ਜੋ ਖੁਦ ਵੀ ਕਿਸਾਨ ਸੀ, ਸਾਹਮਣੇ ਆਏ ਅਤੇ ਹਮਦਰਦੀ ਜਤਾਈ। ਉਨ੍ਹਾਂ ਕਿਹਾ ਸੀ: "ਮੈਂ ਨਹੀਂ ਜਾਣਦਾ ਕਿ ਕਿਸਾਨਾਂ ਤੋਂ ਬਿਨਾਂ ਹੋਰ ਅਜਿਹਾ ਕਿਹੜਾ ਤਬਕਾ ਹੈ ਜਿਸ ਨੇ ਮਹਿੰਗਾਈ ਦੀ ਇੰਨੀ ਮਾਰ ਹੰਢਾਈ ਹੋਵੇ।" ਬਿਨਾਂ ਸ਼ੱਕ, ਨੌਕਰਸ਼ਾਹੀ ਇਸ ਤੋਂ ਕਾਇਲ ਨਹੀਂ ਹੋਈ। ਉਸ ਦਾ ਬਾਜ਼ਾਰ 'ਤੇ ਅਟੁੱਟ ਵਿਸ਼ਵਾਸ ਜੁ ਸੀ।

ਜਿਵੇਂ ਬੀਬੀ ਐਂਡਰਸਨ ਨੇ ਚੇਤੇ ਕਰਾਇਆ ਸੀ: "ਅਸੀਂ ਅਮਰੀਕੀ ਕਿਸਾਨ ਦੀ ਬਦਹਾਲੀ ਦੀ ਦਾਸਤਾਂ ਦੱਸਣ ਵਿਚ ਕਾਮਯਾਬ ਹੋਏ ਹਾਂ ਪਰ ਜਿੱਥੋਂ ਤੱਕ ਕਿਸੇ ਮਦਦਗਾਰ ਕਾਨੂੰਨ ਦੀ ਗੱਲ ਹੈ ਤਾਂ ਉਹ ਵਾਕਈ ਨਹੀਂ ਹੋਈ।"

ਇਹ ਤਾਂ ਸੰਭਵ ਹੋਣਾ ਸੀ ਜੇ ਨੀਤੀ ਘਾੜਿਆਂ ਨੇ ਕਿਸਾਨਾਂ ਦੇ ਦੁੱਖ ਦਰਦ ਸੁਣੇ ਹੁੰਦੇ ਅਤੇ ਉਨ੍ਹਾਂ ਨੂੰ ਘੱਟੋ-ਘੱਟ ਗਾਰੰਟੀਸ਼ੁਦਾ ਕੀਮਤ ਮੁਹੱਈਆ ਕਰਵਾਈ ਹੁੰਦੀ ਤਾਂ ਅਮਰੀਕੀ ਕਿਸਾਨਾਂ ਦੀ ਇਹੋ ਜਿਹੀ ਦੁਰਦਸ਼ਾ ਹਰਗਿਜ਼ ਨਹੀਂ ਹੋਣੀ ਸੀ, ਉਨ੍ਹਾਂ ਦੀਆਂ ਜ਼ਮੀਨਾਂ ਇੰਜ ਨਹੀਂ ਹਥਿਆਈਆਂ ਜਾਣੀਆਂ ਸਨ ਤੇ ਛੋਟੇ ਕਿਸਾਨਾਂ ਨੂੰ ਖੇਤੀਬਾੜੀ ਛੱਡਣੀ ਨਹੀਂ ਪੈਣੀ ਸੀ। ਸੰਘਣੀ ਖੇਤੀ ਨੇ ਜ਼ਮੀਨੀ ਸਤਹ ਬਰਬਾਦ ਕਰ ਦਿੱਤੀ, ਜ਼ਮੀਨ ਹੇਠਲਾ ਪਾਣੀ ਪਲੀਤ ਕਰ ਕੇ ਰੱਖ ਦਿੱਤਾ ਅਤੇ ਰਸਾਇਣਕ ਖਾਦਾਂ ਤੇ ਨਦੀਨ ਨਾਸ਼ਕਾਂ ਨੇ ਖੁਰਾਕ ਲੜੀ ਨੂੰ ਹੀ ਜ਼ਹਿਰੀਲਾ ਬਣਾ ਦਿੱਤਾ। ਬਾਜ਼ਾਰ ਦੇ ਸਸਤੇ ਖਾਣਿਆਂ ਦੀ ਅਸਲ ਕੀਮਤ ਸਮਾਜ ਨੂੰ ਤਾਰਨੀ ਪੈ ਰਹੀ ਹੈ ਜਦੋਂਕਿ ਅਮਰੀਕੀ ਖੇਤੀਬਾੜੀ ਨਵੀਂ ਰੂਹ ਭਰਨ ਲਈ ਅਜੇ ਵੀ ਚੀਕ-ਪੁਕਾਰ ਕਰ ਰਹੀ ਹੈ। ਕੁਝ ਦਹਾਕੇ ਬਾਅਦ (27 ਨਵੰਬਰ 2019) ਟਾਈਮ ਮੈਗਜ਼ੀਨ ਦੀ ਕਵਰ ਸਟੋਰੀ 'ਉਹ ਸਾਨੂੰ ਨਕਸ਼ੇ ਤੋਂ ਮਿਟਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ' ਸਭ ਕੁਝ ਬਿਆਨ ਕਰ ਦਿੰਦੀ ਹੈ। ਛੋਟੇ ਅਮਰੀਕੀ ਕਿਸਾਨ ਲੋਪ ਹੋਣ ਕੰਢੇ ਆਣ ਪੁੱਜੇ ਹਨ।

ਸਾਡੇ ਲਈ ਇਸ ਦੇ ਕਈ ਸਬਕ ਹਨ। ਖੁੱਲ੍ਹੇ ਬਾਜ਼ਾਰ ਦੇ ਰੂੜੀਵਾਦ ਨੇ ਖੇਤੀ ਆਮਦਨਾਂ ਵਧਾਉਣ ਵਿਚ ਨਾ ਅਮਰੀਕਾ ਵਿਚ ਮਦਦ ਕੀਤੀ ਅਤੇ ਇਸ ਲਿਹਾਜ਼ ਤੋਂ ਦੁਨੀਆ ਵਿਚ ਕਿਸੇ ਵੀ ਜਗ੍ਹਾ ਵੀ ਮਦਦ ਨਹੀਂ ਕੀਤੀ। ਇਸ ਨੇ ਸਿਰਫ ਛੋਟੇ ਕਿਸਾਨਾਂ ਨੂੰ ਖੇਤੀਬਾੜੀ ਵਿਚੋਂ ਬਾਹਰ ਕੀਤਾ ਹੈ। ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਲਾਹੇਵੰਦ ਅਤੇ ਛੋਟੇ ਕਿਸਾਨਾਂ ਨੂੰ ਹੰਢਣਸਾਰ ਉੱਦਮ ਬਣਾਉਣ ਲਈ ਭਾਰਤ ਨੂੰ ਅੰਦੋਲਨਕਾਰੀ ਕਿਸਾਨਾਂ ਦੀ ਗੱਲ ਧਿਆਨ ਨਾਲ ਸੁਣਨ ਦੀ ਲੋੜ ਹੈ। ਇਹੋ ਜਿਹਾ ਮੌਕਾ ਸ਼ਾਇਦ ਦੁਬਾਰਾ ਨਾ ਮਿਲੇ।

# ਰੁਜ਼ਗਾਰ ਬਾਝੋਂ ਕਾਹਦਾ ਵਿਕਾਸ?

ਵਿਕਾਸ ਨੂੰ ਕੁੱਲ ਘਰੇਲੂ ਉਤਪਾਦਨ ਦੇ ਆਧਾਰ 'ਤੇ ਮਾਪਿਆ ਜਾਂਦਾ ਹੈ। ਇਕ ਸਾਲ ਵਿਚ ਵਸਤੂਆਂ ਅਤੇ ਸੇਵਾਵਾਂ ਦੇ ਕੁੱਲ ਮੁੱਲ ਵਿਚ ਜਿੰਨੇ ਫੀਸਦ ਵਾਧਾ ਹੋਵੇ, ਓਨੀ ਹੀ ਉਸ ਦੇਸ਼ ਦੀ ਵਿਕਾਸ ਦਰ ਹੈ। ਉਂਜ, ਇਹ ਵੀ ਹੋ ਸਕਦਾ ਹੈ ਅਤੇ ਹੋ ਰਿਹਾ ਹੈ ਕਿ ਵਿਕਾਸ ਦਰ ਤਾਂ ਵਧ ਰਹੀ ਹੈ ਜਾਂ ਵਿਕਾਸ ਤਾਂ ਹੋ ਰਿਹਾ ਹੈ ਪਰ ਰੁਜ਼ਗਾਰ ਲਗਾਤਾਰ ਘਟ ਰਿਹਾ ਹੈ। ਕਾਰਨ? ਕਾਰਨ ਇਹ ਕਿ ਉਤਪਾਦਨ ਵਧਾਉਣ ਲਈ ਜਿਸ ਤਰ੍ਹਾਂ ਆਟੋਮੇਸ਼ਨ, ਰਿਮੋਟ ਕੰਟਰੋਲ ਅਤੇ ਵਿਸ਼ੇਸ਼ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਉਨ੍ਹਾਂ ਸਭ ਦਾ ਮਕਸਦ ਕਿਰਤ ਦੀ ਜਗ੍ਹਾ ਪੂੰਜੀ ਵਰਤਣਾ ਹੈ। ਇਹੋ ਵਜ੍ਹਾ ਹੈ ਕਿ

**ਡਾ. ਐਸ. ਐਸ. ਛੀਨਾ**

ਪਿਛਲੇ ਸਾਲ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ ਕਈ ਦਹਾਕਿਆਂ ਤੋਂ ਸਭ ਤੋਂ ਵੱਧ 6 ਫੀਸਦੀ ਰਹੀ। ਮਨੁੱਖੀ ਸਾਧਨਾਂ ਦਾ ਨਾ ਵਰਤਿਆ ਜਾਣਾ, ਮੁਲਕ ਦੇ ਸਾਧਨਾਂ ਦਾ ਵੱਡਾ ਨੁਕਸਾਨ ਹੈ, ਕਿਉਂ ਜੋ ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ, ਉਹ ਜਾਇਆ ਜਾਂਦੀ ਹੈ। ਉਸ ਕਿਰਤ ਨੂੰ ਜਮ੍ਹਾਂ ਕਰ ਕੇ ਤਾਂ ਰੱਖਿਆ ਨਹੀਂ ਜਾ ਸਕਦਾ। ਇਉਂ, ਦੁਨੀਆ ਭਰ ਵਿਚ ਦੂਸਰੀ ਵੱਡੀ ਕਿਰਤ ਸ਼ਕਤੀ ਵਾਲੇ ਮੁਲਕ ਭਾਰਤ ਵਿਚ ਕਿਰਤ ਸ਼ਕਤੀ ਦੇ ਨਾ ਵਰਤਣ ਦਾ ਕਿੰਨਾ ਨੁਕਸਾਨ ਉਠਾਇਆ ਜਾ ਰਿਹਾ ਹੈ, ਇਸ ਦਾ ਕੋਈ ਹਿਸਾਬ ਹੀ ਨਹੀਂ। ਇਸ ਪ੍ਰਤੱਖ ਕਿਰਤ ਵਿਚ ਅਰਧ-ਬੇਰੁਜ਼ਗਾਰੀ ਅਤੇ ਲੁਕੀ ਛਿਪੀ ਬੇਰੁਜ਼ਗਾਰੀ ਨਹੀਂ ਗਿਣੀ ਜਾਂਦੀ, ਜਿਹੜੀ ਭਾਰਤ ਵਿਚ ਦੁਨੀਆ ਭਰ ਤੋਂ ਵੱਧ ਇਸ ਕਰ ਕੇ ਹੈ ਕਿ ਇੱਥੋਂ ਦੀ 60 ਫੀਸਦੀ ਵਸੋਂ ਖੇਤੀ ਤੇ ਨਿਰਭਰ ਕਰਦੀ ਹੈ। ਖੇਤੀ ਵਿਚ ਜ਼ਿਆਦਾਤਰ ਵਸੋਂ ਅਰਧ-ਬੇਰੁਜ਼ਗਾਰ ਅਤੇ ਲੁਕੀ ਛਿਪੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਲੋਕਾਂ ਕੋਲ ਕੰਮ ਦੀ ਘਾਟ ਹੈ, ਭਾਵੇਂ ਉਹ ਕੰਮ ਕਰ ਕੇ ਉਤਪਾਦਨ ਵਧਾਉਣਾ ਵੀ ਚਾਹੁੰਦੇ ਹਨ।

ਦੁਨੀਆ ਵਿਚ ਸੋਵੀਅਤ ਯੂਨੀਅਨ ਪਹਿਲਾ ਮੁਲਕ ਸੀ ਜਿਸ ਨੇ ਕੰਮ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਸੀ। ਜੇ ਕਿਸੇ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਸਰਕਾਰ ਖਿਲਾਫ ਮੁਕੱਦਮਾ ਕਰ ਸਕਦਾ ਹੈ। ਸੋਵੀਅਤ ਯੂਨੀਅਨ ਵਿਚ ਕੀਤੀ ਇਸ ਵਿਵਸਥਾ ਨੇ ਦੁਨੀਆ ਭਰ ਦੇ ਮਨੁੱਖੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤਾ। ਅਮਰੀਕਾ ਅਤੇ ਯੂਰੋਪ ਦੇ ਮੁਲਕਾਂ ਵਿਚ ਬੇਰੁਜ਼ਗਾਰੀ ਭੱਤੇ ਦੀ ਵਿਵਸਥਾ ਇਸ ਅਧਿਕਾਰ ਤੋਂ ਬਾਅਦ ਕੀਤੀ ਗਈ। ਬੇਰੁਜ਼ਗਾਰੀ ਭੱਤਾ ਦੇਣ ਨਾਲ ਜਿੱਥੇ ਇਕ ਜਣੇ ਦੀ ਆਮਦਨ ਬਣੀ ਰਹਿੰਦੀ ਹੈ, ਉੱਥੇ ਉਸ ਵੱਲੋਂ ਆਪਣੇ ਖਰਚ ਵਿਚ ਕਮੀ ਨਹੀਂ ਕੀਤੀ ਜਾਂਦੀ। ਉਹ ਬਾਜ਼ਾਰ ਵਿਚ ਆਈਆਂ ਵਸਤੂਆਂ ਤੇ ਸੇਵਾਵਾਂ ਖਰੀਦਦਾ ਰਹਿੰਦਾ ਅਤੇ ਉਨ੍ਹਾਂ ਵਸਤੂਆਂ ਉੱਤੇ ਉਨ੍ਹਾਂ ਵਸਤੂਆਂ ਤੇ ਸੇਵਾਵਾਂ ਦਾ ਬਣਨਾ ਜਾਰੀ ਰਹਿੰਦਾ ਹੈ। ਇਉਂ ਉਸ ਲਈ ਲੋੜੀਂਦੀ ਕਿਰਤ ਸ਼ਕਤੀ ਨੂੰ ਕੰਮ ਲਗਾਤਾਰ ਮਿਲਦਾ ਰਹਿੰਦਾ ਹੈ।

ਭਾਰਤੀ ਆਰਥਕਤਾ ਵਿਚ ਕੰਮ ਦਾ ਅਧਿਕਾਰ ਨਹੀਂ, ਮਾਮੂਲੀ ਜਿਹਾ ਬੇਰੁਜ਼ਗਾਰੀ ਭੱਤਾ ਕੁਝ ਵਰਗਾਂ ਨੂੰ ਮਿਲਦਾ ਹੈ। ਇਸ ਨਾਲ ਜਦੋਂ ਬੇਰੁਜ਼ਗਾਰ ਵਸੋਂ ਦੀ ਆਮਦਨ ਘਟਦੀ ਹੈ ਤਾਂ ਉਹ ਵਸਤੂਆਂ ਅਤੇ ਸੇਵਾਵਾਂ ਖਰੀਦਣ ਦੇ ਕਾਬਿਲ ਇਸ ਕਰ ਕੇ ਨਹੀਂ ਰਹਿੰਦੇ ਕਿ ਉਨ੍ਹਾਂ ਦੀ ਖਰੀਦ ਸ਼ਕਤੀ ਘਟ ਗਈ ਹੈ। ਬਾਜ਼ਾਰ ਵਿਚ ਆਈਆਂ ਵਸਤੂਆਂ ਅਤੇ ਸੇਵਾਵਾਂ ਵਿਕਦੀਆਂ ਨਹੀਂ, ਹੋਰ ਬਣਾਉਣ ਦੀ ਲੋੜ ਨਹੀਂ। ਜੇ ਹੋਰ ਵਸਤੂਆਂ ਜਾਂ ਸੇਵਾਵਾਂ ਨਹੀਂ ਬਣਨੀਆਂ ਤਾਂ ਕਿਰਤ ਦੀ ਜ਼ਰੂਰਤ ਨਹੀਂ। ਇਉਂ ਕਿਰਤ ਬੇਰੁਜ਼ਗਾਰ ਹੋ ਜਾਂਦੀ ਹੈ, ਉਨ੍ਹਾਂ ਦੀ ਆਮਦਨ ਹੋਰ ਘਟ ਜਾਂਦੀ ਹੈ ਅਤੇ ਇਸ ਤਰ੍ਹਾਂ ਬੇਰੁਜ਼ਗਾਰੀ, ਘੱਟ ਵਿਕਰੀ, ਘੱਟ ਉਤਪਾਦਨ ਤੇ ਫਿਰ ਘੱਟ ਰੁਜ਼ਗਾਰ ਦਾ ਬੁਰਾ ਚੱਕਰ ਚੱਲਦਾ ਰਹਿੰਦਾ ਹੈ। 1927 ਵਿਚ ਜਦੋਂ ਦੁਨੀਆ ਭਰ ਵਿਚ ਵੱਡੀ ਮੰਦੀ ਆਈ ਸੀ ਤਾਂ ਵਸਤੂਆਂ ਸਸਤੀਆਂ ਹੋ ਕੇ ਵੀ ਨਹੀਂ ਸਨ ਵਿਕਦੀਆਂ, ਕਿਉਂ ਜੋ ਲੋਕਾਂ ਕੋਲ ਖਰੀਦ ਸ਼ਕਤੀ ਨਹੀਂ ਸੀ ਅਤੇ ਇਹ ਮੰਦੀ ਜਿਹੜੀ ਦੁਨੀਆ ਭਰ ਵਿਚ ਫੈਲੀ ਹੋਈ ਸੀ, ਉਹ ਉਸ ਵਕਤ ਦੀ ਹਰ ਸਰਕਾਰ ਦੀ ਸਭ ਤੋਂ ਵੱਡੀ ਸਮੱਸਿਆ ਸੀ ਜਿਸ ਦਾ ਕੋਈ ਹੱਲ ਨਹੀਂ ਸੀ ਲੱਭਦਾ। ਉਸ ਵਕਤ ਇਹ ਸਮੱਸਿਆ ਸੋਵੀਅਤ ਯੂਨੀਅਨ ਵਿਚ ਨਹੀਂ ਸੀ ਆਈ, ਕਿਉਂ ਜੋ ਉੱਥੋਂ ਦੀ ਪ੍ਰਣਾਲੀ ਅਨੁਸਾਰ ਹਰ ਇਕ ਕੋਲ ਰੁਜ਼ਗਾਰ ਸੀ, ਹਰ ਇਕ ਕੋਲ ਆਮਦਨ ਸੀ, ਹਰ ਕੋਈ ਖਰਚ ਕਰਦਾ ਸੀ। ਪਹਿਲੀਆਂ ਵਸਤੂਆਂ ਵਿਕਦੀਆਂ ਸਨ, ਨਵੀਆਂ ਬਣਨ ਦੀ ਲੋੜ ਸੀ ਪਰ ਪੂੰਜੀਪਤੀ ਮੁਲਕਾਂ ਵਿਚ ਇਸ ਗੰਭੀਰ ਸਮੱਸਿਆ ਦਾ ਹੱਲ ਖਰੀਦ ਸ਼ਕਤੀ ਨੂੰ ਵਧਾਉਣਾ ਹੀ ਸਾਹਮਣੇ ਆਇਆ ਜਿਹੜਾ ਰੁਜ਼ਗਾਰ ਤੇ ਆਧਾਰਿਤ ਤਾਂ ਸੀ ਪਰ ਰੁਜ਼ਗਾਰ ਵਧਾਇਆ ਨਹੀਂ ਸੀ ਜਾ ਸਕਦਾ। ਇਸ ਕਰ ਕੇ ਹੀ ਉਸ ਵਕਤ ਇਸ ਸਮੱਸਿਆ ਦਾ ਹੱਲ ਦੇਣ ਵਾਲੇ ਪ੍ਰਸਿੱਧ ਅਰਥ ਸ਼ਾਸਤਰੀ ਕੇਅਨਜ਼ ਨੇ ਸਰਕਾਰੀ ਖਰਚ ਵਧਾਉਣ ਅਤੇ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਲਈ ਆਰਜ਼ੀ ਪ੍ਰਬੰਧ ਜਿਵੇਂ ਕਰਜ਼ਾ ਦੇਣਾ, ਕਿਸ਼ਤਾਂ ਤੇ ਵਸਤੂਆਂ ਵੇਚਣੀਆਂ ਅਤੇ ਸਰਕਾਰੀ ਕਾਰੋਬਾਰ ਵਿਚ ਰੁਜ਼ਗਾਰ ਵਧਾਉਣ ਨਾਲ ਉਸ ਸਮੱਸਿਆ ਦੇ ਹੱਲ ਵਜੋਂ ਸਾਹਮਣੇ ਲਿਆਂਦਾ। ਇਸ ਦਾ ਚੰਗਾ ਪ੍ਰਭਾਵ ਪਿਆ ਅਤੇ ਆਰਥਕਤਾ ਵਿਚ ਫਿਰ ਉਭਾਰ ਆਇਆ।

ਕਿਸੇ ਵੀ ਮੁਲਕ ਦੇ ਵਿਕਾਸ ਦਾ ਆਧਾਰ ਹੈ, ਉੱਥੇ ਲਗਾਤਾਰ ਖਪਤ ਜਾਰੀ ਰਹਿਣਾ, ਜਿਹੜਾ ਸਿੱਧੇ ਤੌਰ ਤੇ ਖਰੀਦ ਸ਼ਕਤੀ ਜਾਂ ਰੁਜ਼ਗਾਰ ਤੇ ਨਿਰਭਰ ਕਰਦਾ ਹੈ। ਭਾਰਤ ਵਿਚ ਗ਼ਰੀਬੀ ਦੀ ਪਰਿਭਾਸ਼ਾ ਇਹ ਦਿੱਤੀ ਗਈ ਹੈ ਕਿ ਜਿਸ ਸ਼ਖਸ ਦੀ ਪਿੰਡ ਵਿਚ ਰੋਜ਼ਾਨਾ ਆਮਦਨ 27 ਰੁਪਏ ਅਤੇ ਸ਼ਹਿਰ ਵਿਚ 32 ਰੁਪਏ ਤੋਂ ਘੱਟ ਹੈ, ਉਹ ਗਰੀਬੀ ਦੀ ਰੇਖਾ ਤੋਂ ਹੇਠਾਂ ਹੈ; ਭਾਵੇਂ ਇੰਨੀ ਆਮਦਨ ਨਾਲ ਦੋ ਵਕਤ ਦਾ ਖਾਣਾ ਵੀ ਸੰਭਵ ਨਹੀਂ। ਫਿਰ ਵੀ ਇਸ ਪਰਿਭਾਸ਼ਾ ਅਨੁਸਾਰ ਦੇਸ਼ ਦੇ 22 ਫੀਸਦੀ ਜਾਂ ਕਰੀਬ 30 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਅਤੇ ਉਨ੍ਹਾਂ ਦੀ ਗਰੀਬੀ ਦਾ ਮੁੱਖ ਕਾਰਨ ਉਨ੍ਹਾਂ ਦੀ ਬੇਰੁਜ਼ਗਾਰੀ ਹੈ।

1977 ਵਿਚ ਮੁਲਕ ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ। ਉਸ ਸਰਕਾਰ ਨੇ ਉਸ ਵਕਤ ਮੁਲਕ ਦੇ ਸਿਰਫ 5 ਕਰੋੜ ਲੋਕਾਂ ਦੀ ਬੇਰੁਜ਼ਗਾਰਾਂ ਵਜੋਂ ਪਛਾਣ ਕੀਤੀ ਸੀ ਅਤੇ ਆਮ ਯੋਜਨਾ ਦੇ ਨਾਲ ਨਾਲ ਰੁਜ਼ਗਾਰ ਯੋਜਨਾ ਬਣਾਈ ਸੀ। ਇਸ ਯੋਜਨਾ ਤਹਿਤ ਇਹ ਵਿਵਸਥਾ ਕੀਤੀ ਗਈ ਕਿ ਹਰ ਸਾਲ ਇਕ ਕਰੋੜ ਲੋਕਾਂ ਨੂੰ ਨਵੇਂ ਰੁਜ਼ਗਾਰ ਦਿੱਤੇ ਜਾਣਗੇ। ਉਸ ਉਦੇਸ਼ ਲਈ ਯੋਜਨਾਬੰਦ ਢੰਗ ਨਾਲ ਕਾਫੀ ਕੰਮ ਵੀ ਹੋਇਆ ਪਰ ਸਿਰਫ ਢਾਈ ਸਾਲ ਬਾਅਦ ਉਹ ਸਰਕਾਰ ਖਤਮ ਹੋ ਗਈ। 1980 ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਣੀ ਤਾਂ ਇਸ ਸਰਕਾਰ ਨੇ ਵੀ ਬੇਰੁਜ਼ਗਾਰੀ ਨੂੰ ਵਿਕਾਸ ਦੀ ਸਭ ਤੋਂ ਵੱਡੀ ਰੁਕਾਵਟ ਸਮਝਿਆ ਸੀ। ਕਾਂਗਰਸ ਪਾਰਟੀ ਨੇ ਭਾਵੇਂ ਜਨਤਾ ਪਾਰਟੀ ਵਾਲੀ ਰੁਜ਼ਗਾਰ ਯੋਜਨਾ ਤਾਂ ਨਾ ਅਪਣਾਈ ਪਰ ਰੁਜ਼ਗਾਰ ਵਧਾਉਣ ਲਈ ਸਵੈ-ਰੁਜ਼ਗਾਰ ਪੈਦਾ ਕਰਨ ਲਈ ਸਕੀਮ ਲਾਗੂ ਕੀਤੀ ਜਿਸ ਵਿਚ ਰੁਜ਼ਗਾਰ ਪ੍ਰਾਪਤ ਕਰਨ ਵਾਲਿਆਂ ਲਈ ਕੁਝ ਸਕੀਮਾਂ ਅਧੀਨ ਪਹਿਲਾਂ ਸਿਖਲਾਈ ਤੇ ਫਿਰ ਉਹ ਕੰਮ ਸ਼ੁਰੂ ਕਰਨ ਲਈ ਕਰਜ਼ਾ ਤੇ ਫਿਰ ਉਸ ਕਰਜ਼ੇ ਵਿਚ ਸਬਸਿਡੀ ਦੀ ਵਿਵਸਥਾ ਕੀਤੀ ਗਈ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਉਤਸ਼ਾਹਿਤ ਕਰ ਕੇ ਰੁਜ਼ਗਾਰ ਵਧਾਇਆ ਜਾਵੇ। ਇਸ ਨੀਤੀ ਦੇ ਚੰਗੇ ਪ੍ਰਭਾਵ ਪਏ। ਇਸ ਵਿਚ ਬਹੁਤ ਸਾਰੀਆਂ ਉਹ ਸਕੀਮਾਂ ਸਨ ਜੋ ਖੇਤੀ ਆਧਾਰਿਤ ਸਨ ਅਤੇ ਉਨ੍ਹਾਂ ਨਾਲ ਖੇਤੀ ਵਿਚੋਂ ਅਰਧ-ਬੇਰੁਜ਼ਗਾਰੀ ਵੀ ਦੂਰ ਹੋਈ ਸੀ।

ਉਂਜ ਇਨ੍ਹਾਂ ਦੋ ਵੱਡੇ ਯਤਨਾਂ ਤੋਂ ਬਾਅਦ ਰੁਜ਼ਗਾਰ ਵਧਾਉਣ ਦੇ ਫਰੰਟ ਤੇ ਕੋਈ ਗੰਭੀਰ ਯੋਜਨਾ ਨਹੀਂ ਅਪਣਾਈ ਗਈ ਸਗੋਂ 1991 ਵਿਚ ਕੌਮਾਂਤਰੀ ਪ੍ਰਭਾਵ ਅਧੀਨ ਭਾਰਤ ਵਿਚ ਵੀ ਨਿਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀ ਨੀਤੀ ਅਪਣਾਈ ਗਈ। ਸੰਸਾਰ ਵਪਾਰ ਸੰਸਥਾ ਅਧੀਨ ਵਿਦੇਸ਼ਾਂ ਦੀਆਂ ਵਸਤੂਆਂ ਦੀ ਦਰਾਮਦ ਵਿਚ ਬਹੁਤ ਵੱਡਾ ਵਾਧਾ ਹੋਇਆ ਜਿਨ੍ਹਾਂ ਨੇ ਭਾਰਤ ਵਿਚ ਬਣਦੀਆਂ ਵਸਤੂਆਂ ਦੀ ਜਗ੍ਹਾ ਲੈ ਲਈ। ਨਤੀਜੇ ਵਜੋਂ ਭਾਰਤੀ ਵਸਤੂਆਂ ਨਾ ਵਿਕੀਆਂ, ਇਸ ਲਈ ਪਹਿਲਾਂ ਤਾਂ ਭਾਰਤੀ ਉਦਯੋਗਾਂ ਦਾ ਕੰਮ ਘਟਿਆ, ਫਿਰ ਉਹ ਬੰਦ ਹੋਣ ਲੱਗ ਪਿਆ। ਅੱਜ ਕਰੋੜਾਂ ਲੋਕ ਸਿਰਫ ਇਸ ਕਰ ਕੇ ਬੇਰੁਜ਼ਗਾਰ ਹਨ ਕਿ ਭਾਰਤੀ ਮੰਡੀਆਂ ਵਿਚ ਵਿਦੇਸ਼ੀ ਵਸਤੂਆਂ ਦੀ ਭਰਮਾਰ ਹੈ।

ਹੁਣ ਭਾਰਤੀ ਆਰਥਕਤਾ ਦੀ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਹੈ ਜਿਸ ਨਾਲ ਵੱਡੀ ਗਿਣਤੀ ਵਿਚ ਭਾਰਤੀ ਪ੍ਰਭਾਵਿਤ ਹਨ। ਭਾਰਤ ਦੇ ਨੌਜਵਾਨ ਜਿਹੜੇ ਮੁਲਕ ਦਾ ਧਨ ਹਨ, ਉਹ ਜ਼ਮੀਨਾਂ-ਜਾਇਦਾਦਾਂ ਵੇਚ ਕੇ ਬਾਹਰਲੇ ਮੁਲਕਾਂ ਵੱਲ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਉਨ੍ਹਾਂ ਮੁਲਕਾਂ ਵਿਚ ਮਿਲਦਾ ਰੁਜ਼ਗਾਰ ਅਤੇ ਉੱਚੀਆਂ ਉਜਰਤਾਂ ਹਨ ਜਿਹੜੀਆਂ ਉਨ੍ਹਾਂ ਨੂੰ ਆਪਣੀ ਧਰਤੀ ਅਤੇ ਆਪਣੇ ਲੋਕਾਂ ਤੋਂ ਤੋੜ ਕੇ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਕਰ ਰਹੀ ਹੈ।

# ਪੱਤਰਕਾਰ ਹਰਤੋਸ਼ ਬੱਲ ਦਾ ਕਸੂਰ ਕੀ ਸੀ?

## ਆਖਿਰ ਉਹ ਕਹਿ ਕੀ ਰਿਹਾ ਹੈ?

***ਕੈਨੇਡਾ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਉਘੇ ਪੱਤਰਕਾਰ ਹਰਤੋਸ਼ ਬੱਲ ਦਾ ਪ੍ਰੋਗਰਾਮ ਰੱਦ ਹੋਣ ਤੋਂ ਬਾਅਦ ਬੋਲਣ ਦੀ ਆਜ਼ਾਦੀ ਦੇ ਪ੍ਰਸੰਗ ਵਿਚ ਵੱਖ-ਵੱਖ ਮੰਚਾਂ ਉਤੇ ਬੜੀ ਗਹਿਰ-ਗੰਭੀਰ ਚਰਚਾ ਚੱਲੀ ਹੈ। ਹਰਚਰਨ ਸਿੰਘ ਪਰਹਾਰ ਨੇ ਆਪਣੇ ਇਸ ਲੇਖ ਵਿਚ ਇਸ ਮੁੱਦੇ ਦੀਆਂ ਵੱਖ-ਵੱਖ ਪਰਤਾਂ ਫਰੋਲੀਆਂ ਹਨ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ***

7 ਅਪਰੈਲ 2021 ਨੂੰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਸਟੱਡੀ ਡਿਪਾਰਟਮੈਂਟ ਦੇ ਪੰਜਾਬੀ ਸਟੱਡੀਜ਼ ਪ੍ਰੋਗਰਾਮ ਵਲੋਂ ਹਰਜੀਤ ਕੌਰ ਸਿੱਧੂ ਮੈਮੋਰੀਅਲ ਸਾਲਾਨਾ ਸਮਾਗਮ ਵਿਚ ਇੰਡੀਆ ਵਿਚ ਚੱਲ ਰਹੇ ਕਿਸਾਨ ਸੰਘਰਸ਼ ਬਾਰੇ ਬੋਲਣ ਲਈ ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੂੰ ਸੱਦਾ ਦਿੱਤਾ ਗਿਆ ਸੀ। ਹਰਤੋਸ਼ ਸਿੰਘ ਬੱਲ ਨੇ ਪਿਛਲੇ ਸਮੇਂ ਦੌਰਾਨ ਬਹੁਤ ਵਿਸਥਾਰ ਤੇ ਬਰੀਕੀ ਨਾਲ ਨਵੇਂ ਖੇਤੀ ਕਨੂੰਨਾਂ ਬਾਰੇ ਲੇਖ ਲਿਖੇ ਕਿ ਕਿਵੇਂ ਇਨ੍ਹਾਂ ਦੇ ਲਾਗੂ ਹੋਣ ਨਾਲ ਖੇਤੀ ਸੈਕਟਰ 'ਤੇ ਪ੍ਰਭਾਵ ਪਵੇਗਾ ਅਤੇ ਵੱਡੇ ਕਾਰਪੋਰੇਟ ਘਰਾਣੇ ਖੇਤੀ ਦਾ ਉਦਯੋਗੀਕਰਨ ਕਰ ਕੇ ਕਾਬਿਜ਼ ਹੋਣਗੇ; ਇਸ ਨਾਲ ਖੇਤੀਬਾੜੀ ਦੇ ਪਿਤਾ ਪੁਰਖੀ ਧੰਦੇ ਨਾਲ ਜੁੜੇ ਹੋਏ ਲੱਖਾਂ ਲੋਕ ਕਿਵੇਂ ਖੇਤੀ ਤੋਂ ਬਾਹਰ ਹੋ ਜਾਣਗੇ। ਪਰ ਅਚਾਨਕ ਹੀ ਇਹ ਸਮਾਗਮ ਰੱਦ ਕਰ ਦਿੱਤਾ ਗਿਆ ਜਿਸ ਬਾਰੇ ਬੱਲ ਨੂੰ ਸਹੀ ਢੰਗ ਨਾਲ ਸੂਚਿਤ ਵੀ ਨਹੀਂ ਕੀਤਾ ਗਿਆ। ਇਹ ਇੱਕ ਨਾਮੀ ਪੱਤਰਕਾਰ ਦੇ ਵਕਾਰ ਨੂੰ ਸੱਟ ਮਾਰਨ ਵਾਲੀ ਗੱਲ ਸੀ।

**ਹਰਚਰਨ ਸਿੰਘ ਪਰਹਾਰ, ਕੈਨੇਡਾ**
**ਫੋਨ: 403-681-8689**

ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਹਰਤੋਸ਼ ਸਿੰਘ ਬੱਲ ਭਾਰਤ ਵਿਚ ਉਘੇ ਪੱਤਰਕਾਰ ਹਨ ਜੋ 'ਆਊਟਲੁੱਕ', 'ਦਿ ਓਪਨ' ਵਰਗੇ ਅਦਾਰਿਆਂ ਨਾਲ ਕੰਮ ਕਰ ਚੁੱਕੇ ਹਨ ਅਤੇ ਹੁਣ ਮਸ਼ਹੂਰ ਮੈਗਜ਼ੀਨ 'ਕਾਰਵਾਂ' ਦੇ ਸਿਆਸੀ ਐਡੀਟਰ ਹਨ। ਉਹ 2 ਕਿਤਾਬਾਂ ਦੇ ਲੇਖਕ ਹੋਣ ਦੇ ਨਾਲ-ਨਾਲ ਆਪਣੀਆਂ ਬੇਬਾਕ ਲਿਖਤਾਂ ਲਈ ਮਸ਼ਹੂਰ ਹਨ। ਮੌਜੂਦਾ ਮੋਦੀ ਦੌਰ ਵਿਚ ਜਦੋਂ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਤੇ ਹਮਲੇ ਹੋ ਰਹੇ ਹਨ, ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ ਤਾਂ ਅਜਿਹੇ ਮਾਹੌਲ ਵਿਚ ਹਰਤੋਸ਼ ਸਿੰਘ ਬੱਲ, ਉਨ੍ਹਾਂ ਗਿਣਤੀ ਦੇ ਸਿਰੜੀ ਪੱਤਰਕਾਰਾਂ ਤੇ ਲੇਖਕਾਂ ਵਿਚੋਂ ਇੱਕ ਹਨ ਜੋ ਨਿਰਪੱਖ ਪੱਤਰਕਾਰੀ ਤੇ ਬੁਲੰਦ ਆਵਾਜ਼ ਵਿਚ ਲਿਖਣ ਲਈ ਜਾਣੇ ਜਾਂਦੇ ਹਨ ਜਿਨ੍ਹਾਂ ਵਿਚ ਰਵੀਸ਼ ਕੁਮਾਰ, ਪੁਨਿਆ ਪ੍ਰਸੂਨ ਬਾਜਪਾਈ, ਸਿਧਾਰਥ ਭਾਟੀਆ, ਅਰੁੰਧਿਤੀ ਰਾਏ ਆਦਿ ਦੇ ਨਾਮ ਵਰਨਣਯੋਗ ਹਨ।

ਪ੍ਰੋਗਰਾਮ ਕੈਂਸਲ ਹੋਣ ਤੋਂ ਬਾਅਦ ਬੀ ਸੀ ਦੇ ਸਾਬਕਾ ਪ੍ਰੀਮੀਅਰ ਤੇ ਕੈਨੇਡਾ ਦੇ ਸਾਬਕਾ ਸਿਹਤ ਮੰਤਰੀ ਉਜਲ ਦੋਸਾਂਝ ਨੇ ਯੂਨੀਵਰਸਿਟੀ ਨੂੰ ਰੋਸ ਚਿੱਠੀ ਲਿਖੀ ਤੇ ਨਾਲ ਹੀ ਆਪਣੀ 'ਲਾਅ' ਦੀ ਡਿਗਰੀ 'ਕੂੜੇਦਾਨ' ਵਿਚ ਸੁੱਟ ਦਿੱਤੀ। ਇਸੇ ਤਰ੍ਹਾਂ ਉਘੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਲੇਖ ਲਿਖ ਕੇ ਯੂਨੀਵਰਸਿਟੀ ਦੇ ਫੈਸਲੇ 'ਤੇ ਇਤਰਾਜ਼ ਜਿਤਾਇਆ ਹੈ। ਕੈਨੇਡਾ ਤੋਂ ਸਾਊਥ ਏਸ਼ੀਆ ਦੇ ਮਸਲਿਆਂ ਤੇ ਲਿਖਣ ਵਾਲੇ ਉਘੇ ਕਾਲਮਨਵੀਸ ਆਦਿਲ ਬਰਾੜ ਨੇ ਵੀ ਯੂਨੀਵਰਸਿਟੀ ਨੂੰ ਚਿੱਠੀ ਲਿਖੀ ਹੈ। ਮੀਡੀਆ ਦੇ ਵੱਖ-ਵੱਖ ਹਲਕਿਆਂ ਵਿਚ ਯੂਨੀਵਰਸਿਟੀ ਦੇ ਇਸ ਫੈਸਲੇ ਦੀ ਸਖਤ ਅਲੋਚਨਾ ਹੋ ਰਹੀ ਹੈ ਕਿਉਂਕਿ ਅਜਿਹਾ ਕਦਮ ਕੈਨੇਡਾ ਵਰਗੇ, ਬੋਲਣ ਦੀ ਅਜ਼ਾਦੀ ਦੇ ਚੈਂਪੀਅਨ ਮੰਨੇ ਜਾਂਦੇ ਦੇਸ਼ ਵਿਚ ਪਿਛਾਂਹਖਿਚੂ ਅਤੇ ਦਬਾਅ ਹੇਠ ਕੀਤਾ ਫੈਸਲਾ ਹੈ।

ਯਾਦ ਰਹੇ ਕਿ ਇਹ ਸੈਮੀਨਾਰ ਸਾਈਮਨ ਫਰੇਜ਼ਰ ਯੂਨੀਵਰਸਿਟੀ ਬੀ ਸੀ ਦੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਵਲੋਂ ਯੂਨੀਵਰਸਿਟੀ ਨੂੰ ਲਿਖੀ ਚਿੱਠੀ ਤੋਂ ਬਾਅਦ ਕੈਂਸਲ ਕੀਤਾ ਗਿਆ ਜਿਸ ਵਿਚ ਉਨ੍ਹਾਂ ਸੈਮੀਨਾਰ ਦੇ ਮੁੱਖ ਬੁਲਾਰੇ ਹਰਤੋਸ਼ ਸਿੰਘ ਬੱਲ 'ਤੇ ਇਤਰਾਜ਼ ਜਿਤਾਇਆ ਸੀ ਕਿ ਹਰਤੋਸ਼ ਨੇ 2017 ਵਿਚ ਇੱਕ ਲੇਖ ਵਿਚ ਆਪਣੇ ਰਿਸ਼ਤੇ ਵਿਚ ਮਾਮੇ ਅਤੇ ਪੰਜਾਬ ਪੁਲਿਸ ਦੇ ਸਾਬਕਾ ਡੀ. ਜੀ. ਪੀ. ਕੇ. ਪੀ. ਐਸ. ਗਿੱਲ ਵਲੋਂ 1990 ਦੇ ਦਹਾਕੇ ਵਿਚ ਸਿੱਖ ਖਾੜਕੂ ਮੂਵਮੈਂਟ ਨੂੰ ਦਬਾਉਣ ਲਈ ਜੋ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਕੀਤੀਆਂ ਸਨ, ਉਸ ਦੀ ਹਮਾਇਤ ਕੀਤੀ ਸੀ। ਯਾਦ ਰਹੇ ਕਿ ਜੂਨ, 1984 ਵਿਚ ਭਾਰਤੀ ਫੌਜ ਵਲੋਂ ਦਰਬਾਰ ਸਾਹਿਬ ਵਿਚ ਕੀਤੇ ਫੌਜੀ ਬਲੂ ਸਟਾਰ ਉਪਰੇਸ਼ਨ ਤੋਂ ਬਾਅਦ ਖੜ੍ਹੀ ਹੋਈ ਖਾੜਕੂ ਮੂਵਮੈਂਟ ਨੂੰ ਦਬਾਉਣ ਲਈ ਭਾਰਤ ਸਰਕਾਰ ਵਲੋਂ ਕੀ. ਪੀ. ਐਸ. ਗਿੱਲ ਨੂੰ ਪੰਜਾਬ ਪੁਲਿਸ ਦਾ ਮੁਖੀ ਬਣਾਇਆ ਗਿਆ ਸੀ ਜਿਸ ਦੇ ਕਾਰਜਕਾਲ ਦੌਰਾਨ ਪੁਲਿਸ ਤੇ ਜ਼ਿਆਦਤੀਆਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਇਲਜ਼ਾਮ ਲਗਦੇ ਰਹੇ ਹਨ ਪਰ ਹਰਤੋਸ਼ ਬੱਲ ਦਾ ਕਹਿਣਾ ਹੈ ਕਿ ਉਹ ਹਮੇਸ਼ਾਂ ਮਨੁੱਖੀ ਹੱਕਾਂ ਲਈ ਲਗਾਤਾਰ ਲਿਖਦਾ ਰਿਹਾ ਹੈ ਅਤੇ ਅੱਜ ਵੀ ਭਾਰਤ ਵਿਚ ਕੱਟੜਪੰਥੀ ਹਿੰਦੂਤਵੀ ਤਾਕਤਾਂ ਵਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਤਹਿਤ ਜੋ ਨਫਰਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਦਾ ਵਿਰੋਧ ਕਰਦਾ ਹੈ। ਇਸੇ ਤਰ੍ਹਾਂ ਉਸ ਨੇ ਆਪਣੀਆਂ ਕਈ ਲਿਖਤਾਂ ਵਿਚ ਪੰਜਾਬ ਵਿਚ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਤੇ 1984 ਵਿਚ ਸਿੱਖਾਂ ਤੇ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਬਾਰੇ ਆਵਾਜ਼ ਉਠਾਈ ਹੈ ਪਰ ਉਸ ਦਾ ਮੰਨਣਾ ਹੈ ਕਿ ਸਾਨੂੰ ਭਾਰਤ ਵਿਚ ਪੁਲਿਸ ਦੇ ਰੋਲ ਨੂੰ ਸਮੁੱਚਤਾ ਵਿਚ ਦੇਖਣਾ ਚਾਹੀਦਾ ਹੈ, ਪੁਲਿਸ ਵਲੋਂ ਝੂਠੇ ਮੁਕਾਬਲੇ ਸਿਰਫ ਪੰਜਾਬ ਵਿਚ ਹੀ ਨਹੀਂ ਬਣਾਏ ਗਏ ਸਗੋਂ ਭਾਰਤ ਸਮੇਤ ਕਈ ਦੇਸ਼ਾਂ ਵਿਚ ਇਹ ਵਰਤਾਰਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਵਿਚ 1980-1995 ਤੱਕ ਅਨੇਕਾਂ ਪੁਲਿਸ ਅਫਸਰ ਦੇ ਕਾਰਜਕਾਲ ਦੌਰਾਨ ਅਜਿਹਾ ਕੁਝ ਵਾਪਰਦਾ ਰਿਹਾ ਹੈ ਤਾਂ ਫਿਰ ਸਿਰਫ ਕੇ. ਪੀ. ਐਸ. ਗਿੱਲ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ? ਉਸ ਅਨੁਸਾਰ ਜੇ ਫੈਸਲਾ ਸਿਰਫ ਝੂਠੇ ਮੁਕਾਬਲਿਆਂ ਆਧਾਰਿਤ ਹੀ ਕਰਨਾ ਹੈ ਤਾਂ ਡੀ. ਆਈ. ਜੀ. ਜੇ. ਐਫ. ਰਿਬੇਰੋ, ਡੀ. ਆਈ. ਜੀ. ਡੀ. ਐਸ. ਮਾਂਗਟ ਅਤੇ ਹੋਰ ਪੁਲਿਸ ਅਫਸਰਾਂ ਦੇ ਦੌਰ ਵਿਚ ਅਜਿਹੇ ਕੇਸ ਵੱਧ ਹੋ ਸਕਦੇ ਹਨ। ਅਜਿਹੇ ਵਿਚਾਰ ਹਰਤੋਸ਼ ਸਿੰਘ ਬੱਲ ਦੇ ਨਿੱਜੀ ਹੋ ਸਕਦੇ ਹਨ ਤੇ ਕਿਸੇ ਵਲੋਂ ਇਨ੍ਹਾਂ ਨਾਲ ਸਹਿਮਤ ਜਾਂ ਅਸਹਿਮਤ ਹੋਇਆ ਜਾ ਸਕਦਾ ਹੈ। ਇਸ ਬਾਰੇ ਉਘੇ ਪੱਤਰਕਾਰ ਤੇ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨੇ 'ਦਿ ਸਟਰੇਟ' ਵਿਚ ਛਪੇ ਆਪਣੇ ਲੇਖ ਵਿਚ ਕਿਹਾ ਹੈ: 'ਮੇਰੇ ਹਰਤੋਸ਼ ਬੱਲ ਨਾਲ ਕੇ. ਪੀ. ਐਸ. ਗਿੱਲ ਦੇ ਮਸਲੇ ਤੇ ਮੱਤਭੇਦ ਹਨ ਪਰ ਮੈਂ ਉਸ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਸਾਨੂੰ ਭਾਰਤ ਵਿਚ ਬਹੁ-ਗਿਣਤੀ ਦੇ ਪ੍ਰਭਾਵ ਵਾਲੇ ਲੋਕਤੰਤਰੀ ਸਿਸਟਮ 'ਤੇ ਸਵਾਲ ਉਠਾਉਣੇ ਚਾਹੀਦੇ ਹਨ, ਜਿਥੇ ਘੱਟ ਗਿਣਤੀ ਭਾਈਚਾਰਿਆਂ ਦੇ ਪੀੜਤ ਲੋਕ ਸਰਕਾਰ ਅਤੇ ਉਸ ਦੇ ਅਧੀਨ ਕੰਮ ਕਰਦੀ ਪੁਲਿਸ ਦੇ ਰਹਿਮ 'ਤੇ ਹੁੰਦੇ ਹਨ ਜਿਨ੍ਹਾਂ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ'।



ਸਾਡਾ ਵੀ ਇਹ ਮੰਨਣਾ ਹੈ ਕਿ ਕੋਈ ਵੀ ਸ਼ਖਸ ਕਿਸੇ ਵੀ ਜੁਰਮ ਲਈ ਜ਼ਿੰਮੇਵਾਰ ਹੈ ਤਾਂ ਉਸ ਨੂੰ ਕਾਨੂੰਨੀ ਤਰੀਕੇ ਨਾਲ ਸਜ਼ਾ ਮਿਲਣੀ ਚਾਹੀਦੀ ਹੈ ਪਰ ਹਰਤੋਸ਼ ਬੱਲ ਵਰਗੇ ਸੂਝਵਾਨ ਤੇ ਉਚ ਕੋਟੀ ਦੇ ਨਿਰਪੱਖ ਪੱਤਰਕਾਰ ਨੂੰ ਕਿਸਾਨ ਮੁੱਦੇ 'ਤੇ ਬੋਲਣੋਂ ਇਸ ਕਰ ਕੇ ਰੋਕਣਾ ਕਿ ਉਹ ਕੇ. ਪੀ. ਐਸ. ਗਿੱਲ ਦਾ ਭਾਣਜਾ ਹੈ ਤੇ ਉਸ ਦੇ ਵਿਚਾਰ ਕਿਸੇ ਸਿੱਖ ਸੰਸਥਾ ਦੀ ਸੋਚ ਅਨੁਸਾਰ ਨਹੀਂ ਹਨ ਤਾਂ ਇਹ ਬੇਹੱਦ ਅਫਸੋਸਨਾਕ ਹੈ। ਸਿੱਖ ਸਟੂਡੈਂਟਸ ਐਸੋਸੀਏਸ਼ਨ ਜਾਂ ਕਿਸੇ ਹੋਰ ਸੰਸਥਾ ਜਾਂ ਸ਼ਖਸ ਨੂੰ ਆਪਣਾ ਪੱਖ ਰੱਖਣ ਜਾਂ ਇਤਰਾਜ਼ ਦਰਜ ਕਰਾਉਣ ਦਾ ਪੂਰਾ ਹੱਕ ਹੈ ਪਰ ਨਾਮਵਰ ਯੂਨੀਵਰਸਿਟੀਆਂ ਵਲੋਂ ਕਿਸੇ ਛੋਟੇ ਜਿਹੇ ਗਰੁੱਪ ਦੇ ਇਤਰਾਜ਼ ਕਰਨ 'ਤੇ ਕਿਸੇ ਪੱਤਰਕਾਰ ਨੂੰ ਲੈਕਚਰ ਕਰਨ ਤੋਂ ਰੋਕਣਾ ਅਤੇ ਆਪਣਾ ਪ੍ਰੋਗਰਾਮ ਹੀ ਰੱਦ ਕਰਨਾ ਅਤਿ ਮੰਦਭਾਗਾ ਵਰਤਾਰਾ ਹੈ। ਇਸ ਬਾਰੇ ਇੱਕ ਰੇਡੀਓ 'ਤੇ ਹਰਤੋਸ਼ ਬੱਲ ਨੇ ਇਲਜ਼ਾਮ ਲਗਾਇਆ ਸੀ ਕਿ ਵੱਡੀਆਂ ਯੂਨੀਵਰਸਿਟੀਆਂ ਅੱਜਕੱਲ੍ਹ ਸਰਕਾਰਾਂ ਵਲੋਂ ਮਿਲਣ ਵਾਲੇ ਫੰਡਾਂ ਦੀ ਘਾਟ ਕਾਰਨ ਚੇਅਰਾਂ ਸਥਾਪਿਤ ਕਰਨ ਦੇ ਨਾਮ ਹੇਠ ਵੱਖ-ਵੱਖ ਕਮਿਉਨਿਟੀਆਂ ਜਾਂ ਵੱਡੀਆਂ ਕਾਰਪੋਰੇਸ਼ਨਾਂ ਤੋਂ ਦਾਨ ਲੈਂਦੀਆਂ ਹਨ ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਜਿਹੇ ਦਾਨੀ ਲੋਕ ਫਿਰ ਯੂਨੀਵਰਸਿਟੀਆਂ ਵਲੋਂ ਅਕਾਦਮਿਕ ਪੱਧਰ 'ਤੇ ਕੀਤੇ ਜਾਣ ਵਾਲੇ ਰਿਸਰਚ ਵਰਕ, ਸੈਮੀਨਾਰਾਂ ਆਦਿ ਨੂੰ ਆਪਣੇ ਸਿਆਸੀ ਜਾਂ ਧਾਰਮਿਕ ਹਿੱਤਾਂ ਲਈ ਵਰਤਦੀਆਂ ਹਨ। ਇਸ ਮਸਲੇ ਵਿਚ ਵੀ ਅਜਿਹਾ ਵਾਪਰਨ ਦੇ ਖਦਸ਼ੇ ਪ੍ਰਗਟ ਕੀਤੇ ਜਾ ਰਹੇ ਹਨ।

ਮਸਲਾ ਇਹ ਨਹੀਂ ਹੈ ਕਿ ਕਿਸੇ ਸੰਸਥਾ ਵਲੋਂ ਕੋਈ ਇਤਰਾਜ਼ ਉਠਾਇਆ ਗਿਆ ਹੈ ਤੇ ਦੂਸਰੀ ਸੰਸਥਾ ਨੇ ਉਨ੍ਹਾਂ ਦਾ ਇਤਰਾਜ਼ ਜਾਇਜ਼ ਮੰਨ ਲਿਆ; ਅਸਲ ਮਸਲਾ ਇਹ ਹੈ ਕਿ ਇਹ ਇਤਰਾਜ਼ ਕਿਸੇ ਦਬਾਅ ਜਾਂ ਪ੍ਰਭਾਵ ਅਧੀਨ ਮੰਨਿਆ ਗਿਆ ਹੈ। ਜਦੋਂ ਲੋਕ ਜਾਂ ਸੰਸਥਾਵਾਂ, ਦਬਾਅ ਜਾਂ ਡਰ ਅਧੀਨ ਕੰਮ ਕਰਨ ਲਗਦੀਆਂ ਹਨ ਤਾਂ ਕੱਟੜਵਾਦ ਸਿਰ ਚੁੱਕਣ ਲਗਦਾ ਹੈ। ਵੈਸੇ ਤਾਂ ਕੱਟੜਵਾਦ ਕਿਸੇ ਵੀ ਖੇਤਰ ਵਿਚ ਹੋਵੇ ਮਾੜਾ ਹੈ ਪਰ ਜਦੋਂ ਇਹ ਧਰਮ, ਨਸਲ, ਰਾਸ਼ਟਰਵਾਦ ਦੇ ਨਾਮ 'ਤੇ ਹੋਵੇ ਤਾਂ ਬਹੁਤ ਜਲਦ ਹਿੰਸਕ ਹੋ ਕੇ ਅਤਿਵਾਦ ਦਾ ਰੂਪ ਧਾਰ ਲੈਂਦਾ ਹੈ। ਪਿਛਲੀ ਸਦੀ ਵਿਚ ਰਾਸ਼ਟਰਵਾਦ ਦੇ ਨਾਮ 'ਤੇ ਨਾਜ਼ੀਆਂ ਦੇ ਪੈਦਾ ਕੀਤੇ ਕੱਟੜਵਾਦ ਨੇ 60 ਲੱਖ ਯਹੂਦੀਆਂ, ਕਮਿਊਨਿਸਟਾਂ, ਜਿਪਸੀਆਂ ਆਦਿ ਦੀ ਜਾਨ ਲਈ ਸੀ। ਇਸੇ ਤਰ੍ਹਾਂ ਪਿਛਲੇ ਕਈ ਦਹਾਕਿਆਂ ਤੋਂ ਦੁਨੀਆ ਭਰ ਵਿਚ ਇਸਲਾਮ ਦੇ ਨਾਮ 'ਤੇ ਚੱਲ ਰਹੇ ਕੱਟੜਵਾਦ ਨੇ ਅਫਗਾਨਿਸਤਾਨ, ਪਾਕਿਸਤਾਨ, ਸੀਰੀਆ, ਅਲਜੀਰੀਆ, ਕੌਂਗੋ, ਸੋਮਾਲੀਆ ਆਦਿ ਅਨੇਕਾਂ ਦੇਸ਼ਾਂ ਦੀ ਜੋ ਬਰਬਾਦੀ ਕੀਤੀ ਹੈ, ਉਹ ਕਿਸੇ ਤੋਂ ਲੁਕੀ ਹੋਈ ਨਹੀਂ। ਸ਼ਾਂਤੀ ਦਾ ਕਿਹਾ ਜਾਂਦਾ ਇਸਲਾਮ ਅੱਜ ਦੁਨੀਆ ਭਰ ਵਿਚ ਕੱਟੜਤਾ ਤੇ ਅਤਿਵਾਦ ਦਾ ਚਿਹਰਾ ਬਣ ਚੁੱਕਾ ਹੈ। ਇਸ ਦਾ ਮੁੱਖ ਕਾਰਨ ਇਹੀ ਹੈ ਕਿ ਮੁਸਲਮਾਨਾਂ ਦੀ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਨੇ ਡਰ ਤੇ ਦਬਾਅ ਅਧੀਨ ਲੰਮਾ ਸਮਾਂ ਅਜਿਹਾ ਹੋਣ ਦਿੱਤਾ ਅਤੇ ਹੁਣ ਧਾਰਮਿਕ ਅਤਿਵਾਦ ਤੇ ਕੱਟੜਵਾਦ ਉਨ੍ਹਾਂ ਤੋਂ ਬੇਕਾਬੂ ਹੋ ਚੁੱਕਾ ਹੈ। ਪਾਕਿਸਤਾਨ ਦੀ ਲੀਡਰਸ਼ਿਪ ਲਈ ਹੁਣ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੇ ਹਾਲਾਤ ਬਣ ਚੁੱਕੇ ਹਨ ਅਤੇ ਭਾਰਤ ਵਿਚ ਵੀ ਅਜਿਹੇ ਹਾਲਾਤ ਬਣ ਰਹੇ ਹਨ।

ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਪੰਜਾਬ ਅੰਦਰ ਕੁਝ ਧਾਰਮਿਕ ਅਤੇ ਸਿਆਸੀ ਮੰਗਾਂ ਨੂੰ ਲੈ ਕੇ ਸ਼ੁਰੂ ਹੋਏ ਸ਼ਾਂਤੀਪੂਰਵਕ ਧਰਮ ਯੁੱਧ ਮੋਰਚੇ ਵਿਚ ਦਾਖਿਲ ਹੋਈ ਹਿੰਸਾ ਨਾਲ ਦਰਬਾਰ ਸਾਹਿਬ 'ਤੇ ਜੂਨ 84 ਵਿਚ ਮੰਦਭਾਗੀ ਫੌਜੀ ਕਾਰਵਾਈ, ਫਿਰ ਨਵੰਬਰ 84 ਦਾ ਕਤਲੇਆਮ ਅਤੇ 1984-1994 ਦੇ ਦਹਾਕੇ ਦੀ ਕਤਲੋ-ਗਾਰਤ ਨੇ ਸਿੱਖਾਂ ਦਾ ਚਿਹਰਾ ਵੀ ਦੁਨੀਆ ਭਰ ਵਿਚ ਅਤਿਵਾਦ ਦੇ ਰੂਪ ਵਿਚ ਪੇਸ਼ ਕੀਤਾ। ਸਿੱਖ ਜਥੇਬੰਦੀਆਂ ਬੇਸ਼ਕ ਇਸ ਮਸਲੇ 'ਤੇ ਇਨਸਾਫ ਦੀ ਮੰਗ ਕਰ ਰਹੀਆਂ ਹਨ ਪਰ ਉਨ੍ਹਾਂ ਸਮਿਆਂ ਵਿਚ ਜੋ ਕੁਝ ਪੰਜਾਬ ਤੇ ਵਿਦੇਸ਼ਾਂ ਵਿਚ ਹੋਇਆ ਸੀ, ਉਸ ਬਾਰੇ ਇਨਸਾਫ ਮੰਗਣ ਵਾਲੀਆਂ ਧਿਰਾਂ ਦੀ ਨਿਰਪੱਖ ਤੇ ਮਨੁੱਖਤਾਵਾਦੀ ਪਹੁੰਚ ਨਾ ਹੋਣ ਕਾਰਨ ਬਾਹਰੋਂ ਤਾਂ ਦੂਰ, ਸਿੱਖਾਂ ਦੇ ਅੰਦਰੋਂ ਵੀ ਕੋਈ ਹਮਾਇਤ ਨਹੀਂ ਮਿਲ ਰਹੀ।

ਇਹ ਜਥੇਬੰਦੀਆਂ ਆਪਣੀਆਂ ਗਲਤੀਆਂ ਮੰਨਣ ਜਾਂ ਉਨ੍ਹਾਂ ਤੋਂ ਕੋਈ ਸਬਕ ਸਿੱਖਣ ਦੀ ਥਾਂ ਜਿਤਨਾ ਮਰਜ਼ੀ ਕਹੀ ਜਾਣ ਕਿ ਇਹ ਸਰਕਾਰੀ ਸਾਜ਼ਿਸ਼ ਸੀ, ਸਿੱਖਾਂ ਨੂੰ ਬਦਨਾਮ ਕਰਨ ਲਈ ਏਜੰਸੀਆਂ ਨੇ ਕਤਲ ਕਰਾਏ ਪਰ ਉਨ੍ਹਾਂ ਸਮਿਆਂ ਦੀਆਂ ਅਖਬਾਰਾਂ ਵਿਚ ਖਾੜਕੂ ਜਥੇਬੰਦੀਆਂ ਵਲੋਂ ਲਈਆਂ ਜ਼ਿੰਮੇਵਾਰੀਆਂ ਤੋਂ ਉਸ ਮੂਵਮੈਂਟ ਦੇ ਵਾਰਿਸ ਆਪਣਾ ਪੱਲਾ ਇਹ ਕਹਿ ਨਹੀਂ ਝਾੜ ਸਕਦੇ ਕਿ ਸਭ ਕੁਝ ਏਜੰਸੀਆਂ ਨੇ ਹੀ ਕਰਾਇਆ ਸੀ। ਜੇ ਉਨ੍ਹਾਂ ਦਾ ਇਹ ਤਰਕ ਮੰਨ ਵੀ ਲਿਆ ਜਾਵੇ ਤਾਂ ਕੀ ਕਦੇ ਉਹ ਕਦੇ ਨਿਰਪੱਖ ਜਾਂਚ ਕਰਵਾ ਕੇ ਦੁਨੀਆ ਨੂੰ ਇਹ ਦੱਸਣਗੇ ਕਿ ਖਾੜਕੂਆਂ ਦੀਆਂ ਕਾਰਵਾਈਆਂ ਕਿਹੜੀਆਂ ਸਨ ਤੇ ਏਜੰਸੀਆਂ ਨੇ ਉਨ੍ਹਾਂ ਦੇ ਨਾਮ 'ਤੇ ਬੇਗੁਨਾਹਾਂ ਦੇ ਕਿਹੜੇ ਕਤਲ ਕੀਤੇ ਸਨ?

ਆਪਣੇ ਵਿਚਾਰ ਪ੍ਰਗਟ ਕਰਨ ਜਾਂ ਵੱਖਰੇ ਵਿਚਾਰ ਰੱਖਣ ਕਾਰਨ 1980-1995 ਤੱਕ ਪੰਜਾਬ ਵਿਚ ਅਨੇਕਾਂ ਲੇਖਕਾਂ, ਪੱਤਰਕਾਰਾਂ ਤੇ ਖਾਸਕਰ ਕਮਿਉਨਿਸਟ ਪਾਰਟੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਗੋਲੀਆਂ ਨਾਲ ਉਡਾਇਆ ਗਿਆ ਜਿਨ੍ਹਾਂ ਵਿਚ ਦਰਸ਼ਨ ਸਿੰਘ ਕੈਨੇਡੀਅਨ ਵਰਗਾ ਦਾਨਿਸ਼ਵਰ ਸਮਾਜ ਸੇਵੀ ਵੀ ਸੀ ਜੋ 1947 ਵਿਚ 30 ਸਾਲ ਦੀ ਉਮਰ ਵਿਚ ਕੈਨੇਡਾ ਛੱਡ ਕੇ ਆਪਣੇ ਲੋਕਾਂ ਦੀ ਸੇਵਾ ਲਈ ਵਾਪਿਸ ਪੰਜਾਬ ਚਲਾ ਗਿਆ ਸੀ ਤੇ ਸਾਰੀ ਉਮਰ ਸਾਧਾਰਨ ਇਨਸਾਨ ਵਾਂਗ ਵਿਚਰਿਆ ਪਰ ਜਦੋਂ ਉਸ ਨੇ ਪੰਜਾਬ ਵਿਚ ਬੇਗੁਨਾਹਾਂ ਦੇ ਕਤਲਾਂ ਵਿਰੁੱਧ ਆਵਾਜ਼ ਉਠਾਈ ਤਾਂ 1986 ਵਿਚ 70 ਸਾਲ ਦੇ ਨਿਹੱਥੇ ਬਜ਼ੁਰਗ ਦਾ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਜ਼ੁਰਗ ਕਾਮਰੇਡ ਨਿਧਾਨ ਸਿੰਘ ਘੁਡਾਣੀ ਕਲਾਂ, ਬਲਦੇਵ ਸਿੰਘ ਮਾਨ, ਦੀਪਕ ਧਵਨ, ਸੁਖਰਾਜ ਖੱਦਰ, ਪ੍ਰੋ. ਰਵਿੰਦਰ ਰਵੀ, ਚੰਨਣ ਸਿੰਘ ਧੂਤ ਆਦਿ ਸੈਂਕੜੇ ਅਜਿਹੇ ਨਿਹੱਥੇ ਬੇਗੁਨਾਹ ਲੋਕ ਕਤਲ ਕੀਤੇ ਗਏ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਦਿਆਂ ਲਗਾਇਆ ਸੀ। ਉਨ੍ਹਾਂ ਦੇ ਕਤਲ ਸਿਰਫ ਇਸ ਕਰ ਕੇ ਕੀਤੇ ਗਏ ਕਿ ਉਹ ਵੱਖਰੀ ਰਾਜਸੀ ਵਿਚਾਰਧਾਰਾ ਰੱਖਦੇ ਸਨ।

ਪਿਛਲੇ ਸਾਲ ਕਾਮਰੇਡ ਬਲਵਿੰਦਰ ਸਿੰਘ ਸੰਧੂ ਦਾ ਉਸ ਦੇ ਘਰ ਹੀ ਕਤਲ ਕਰ ਦਿੱਤਾ ਗਿਆ ਸੀ ਜਿਸ ਉਪਰ ਪਹਿਲਾਂ ਵੀ 1990 ਤੇ 1991 ਵਿਚ ਦੋ ਵਾਰ ਜਾਨਲੇਵਾ ਹਮਲਾ ਕੀਤਾ ਗਿਆ ਸੀ। 'ਦਿ ਪਰਿੰਟ' ਵਿਚ ਛਪੀ ਸ਼ੇਖਰ ਗੁਪਤਾ ਦੀ ਰਿਪੋਰਟ ਅਨੁਸਾਰ 1991 ਵਿਚ ਉਸ ਦੇ ਪਰਿਵਾਰ 'ਤੇ ਕੀਤੇ ਗਏ ਹਮਲੇ ਵਿਚ 150 ਤੋਂ ਵੱਧ ਖਾੜਕੂਆਂ ਸ਼ਾਮਿਲ ਸਨ। ਉਸ ਦੀ ਮੌਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਖਾੜਕੂ ਧਿਰਾਂ ਦੇ ਵਾਰਿਸ ਅਜਿਹਾ ਪ੍ਰਚਾਰ ਕਰਦੇ ਸਨ ਕਿ ਉਹ ਪੁਲਿਸ ਦਾ ਟਾਊਟ ਸੀ, ਜਦਕਿ ਉਹ ਹਮੇਸ਼ਾਂ ਦਾਅਵਾ ਕਰਦਾ ਰਿਹਾ ਕਿ ਕੋਈ ਇੱਕ ਸਬੂਤ ਵੀ ਦੇਵੋ ਕਿ ਉਸ ਨੇ ਕਿਸੇ ਮੁੰਡੇ ਨੂੰ ਫੜਵਾਇਆ ਜਾਂ ਮਰਵਾਇਆ ਹੋਵੇ ਸਗੋਂ ਉਸ ਦਾ ਤਾਂ ਇਹ ਵੀ ਕਹਿਣਾ ਸੀ ਕਿ ਉਸ ਨੇ ਕਈ ਨੌਜਵਾਨ ਪੁਲਿਸ ਤੋਂ ਛੁਡਵਾਏ ਸਨ। ਇਨ੍ਹਾਂ ਸਾਰੇ ਲੋਕਾਂ ਦਾ ਪੰਜਾਬ ਲਈ ਵੱਖਰਾ ਸਿਆਸੀ ਨਜ਼ਰੀਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਪੰਜਾਬ ਦੇ ਗਦਾਰ ਹਨ ਤੇ ਉਨ੍ਹਾਂ ਨੂੰ ਖਤਮ ਕਰ ਦਿਉ। ਇਹ ਫੈਸਲੇ ਹੁਣ ਖਾੜਕੂ ਧਿਰਾਂ ਦੇ ਝੰਡੇ ਬਰਦਾਰਾਂ ਨੇ ਕਰਨਾ ਹੈ ਕਿ ਉਨ੍ਹਾਂ ਨੇ ਬੀਤੇ ਤੋਂ ਕੁਝ ਸਿੱਖ ਕੇ ਵੱਖਰੇ ਵਿਚਾਰ ਨੂੰ ਥਾਂ ਦੇਣੀ ਹੈ?

ਜੇ ਪੰਜਾਬ ਦੀ ਗੱਲ ਛੱਡ ਵੀ ਦੇਈਏ ਤਾਂ ਕੀ ਇਹ ਜਥੇਬੰਦੀਆਂ ਕਦੇ ਦੱਸਣਗੀਆਂ ਕਿ ਵਿਦੇਸ਼ਾਂ ਵਿਚ ਜੋ ਹਿੰਸਕ ਕਾਰਵਾਈਆਂ ਹੋਈਆਂ, ਉਨ੍ਹਾਂ ਪਿਛੇ ਕਿਸ ਦਾ ਹੱਥ ਸੀ? ਕਿਹੜੀਆਂ ਏਜੰਸੀਆਂ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਸਨ? ਜੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਨੂੰ ਹੀ ਦੇਖੀਏ ਤਾਂ ਗੁਰਦੁਆਰਿਆਂ ਵਿਚ ਡਾਂਗਾਂ, ਕਿਰਪਾਨਾਂ, ਬੰਦੂਕਾਂ ਰਾਹੀਂ ਆਪਸ ਵਿਚ ਕੀਤੀਆਂ ਲੜਾਈਆਂ ਨੂੰ ਕਿਹੜੀਆਂ ਏਜੰਸੀਆਂ ਦੇ ਖਾਤੇ ਪਾਉਗੇ? ਜੇ ਪਾਉਣਾ ਹੀ ਹੈ ਤਾਂ ਘੱਟੋ-ਘੱਟ ਇਹ ਹੀ ਦੱਸ ਦਿਉ ਕਿ ਤੁਹਾਡੇ ਵਿਚੋਂ ਕਿਹੜੇ ਸਰਕਾਰੀ ਏਜੰਸੀਆਂ ਲਈ ਕੰਮ ਕਰਦੇ ਹਨ ਤੇ ਕਿਹੜੇ ਪੰਥ ਦੀ ਸ਼ਾਨ ਲਈ ਲੜ ਰਹੇ ਹਨ? ਬੇਸ਼ਕ ਵਿਦੇਸ਼ਾਂ ਵਿਚਲੀਆਂ ਕਈ ਘਟਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਥੇ ਵਿਚਾਰਾਂ ਦੇ ਵਿਰੋਧ ਕਰ ਕੇ ਵਿਅਕਤੀਆਂ ਤੇ ਜਾਨਲੇਵਾ ਹਮਲੇ ਕੀਤੇ ਗਏ, ਕੁੱਟ-ਮਾਰ ਕੀਤੀ ਗਈ, ਉਨ੍ਹਾਂ ਦੀ ਕਿਰਦਾਰਕੁਸ਼ੀ ਕੀਤੀ ਗਈ, ਗੁਰਦੁਆਰਿਆਂ ਦੀ ਦੁਰਵਰਤੋਂ ਕਰ ਕੇ ਵਿਚਾਰਧਾਰਕ ਵਿਰੋਧੀਆਂ ਦੇ ਬਾਈਕਾਟ ਕੀਤੇ ਗਏ। ਸਿਰਫ ਵਿਚਾਰਾਂ ਦੇ ਵਿਰੋਧ ਕਰ ਕੇ ਬੀ. ਸੀ. ਦੇ ਸਾਬਕਾ ਪ੍ਰੀਮੀਅਰ ਤੇ ਸਾਬਕਾ ਫੈਡਰਲ ਹੈਲਥ ਮਨਿਸਟਰ ਉਜਲ ਦੋਸਾਂਝ 'ਤੇ 1985 ਵਿਚ ਵੈਨਕੂਵਰ ਉਸ ਦੇ ਦਫਤਰ ਕੋਲ ਜਾਨਲੇਵਾ ਹਮਲਾ ਕੀਤਾ ਗਿਆ, ਇੰਡੋ ਕੈਨੇਡੀਅਨ ਅਖ਼ਬਾਰ ਦੇ ਐਡੀਟਰ ਤਾਰਾ ਸਿੰਘ ਹੇਅਰ 'ਤੇ ਪਹਿਲਾਂ 1988 ਵਿਚ ਜਾਨਲੇਵਾ ਹਮਲਾ ਕੀਤਾ ਗਿਆ ਜਿਸ ਨਾਲ ਉਹ ਉਮਰ ਭਰ ਲਈ ਵ੍ਹੀਲ-ਚੇਅਰ 'ਤੇ ਚਲਾ ਗਿਆ ਅਤੇ ਫਿਰ ਦੂਜਾ ਹਮਲਾ 1998 ਵਿਚ ਹੋਇਆ ਜਿਸ ਨਾਲ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ ਟੋਰਾਂਟੋ ਵਿਚ 'ਖਬਰਨਾਮਾ' ਅਖਬਾਰ ਦੇ ਪੱਤਰਕਾਰ ਬਲਰਾਜ ਦਿਉਲ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਇੰਗਲੈਂਡ ਵਿਚ 'ਦੇਸ ਪਰਦੇਸ' ਅਖਬਾਰ ਦੇ ਐਡੀਟਰ ਤਰਸੇਮ ਸਿੰਘ ਪੁਰੇਵਾਲ਼ ਦਾ 1995 ਵਿਚ ਕਤਲ ਕੀਤਾ ਗਿਆ। ਇਸ ਤਰ੍ਹਾਂ ਦੀਆਂ ਸੈਂਕੜੇ ਘਟਨਾਵਾਂ ਵਰਨਣ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਖਾਲਿਸਤਾਨ ਦੇ ਵਿਰੋਧੀ ਵਿਚਾਰਾਂ ਵਾਲਿਆਂ 'ਤੇ ਹੀ ਹਮਲੇ ਨਹੀਂ ਹੋਏ ਸਗੋਂ ਸਿੱਖ ਧਰਮ ਅੰਦਰ ਹੀ ਵੱਖਰੇ ਵਿਚਾਰ ਰੱਖਣ ਵਾਲੇ ਪ੍ਰਚਾਰਕਾਂ, ਲੇਖਕਾਂ, ਬੁੱਧੀਜੀਵੀਆਂ 'ਤੇ ਵੀ ਹਮਲੇ ਹੋਏ ਹਨ ਤੇ ਹੋ ਰਹੇ ਹਨ ਜਿਨ੍ਹਾਂ ਵਿਚ ਅਕਾਲ ਤਕਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ, ਲੇਖਕ ਤੇ ਪ੍ਰਚਾਰਕ ਇੰਦਰ ਸਿੰਘ ਘੱਗਾ, ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਵਾਲਾ, ਪ੍ਰਚਾਰਕ ਪੰਥਪ੍ਰੀਤ ਸਿੰਘ ਆਦਿ ਦੇ ਨਾਮ ਵਰਨਣਯੋਗ ਹਨ। ਇਸ ਤੋਂ ਇਲਾਵਾ ਵੱਖਰੇ ਵਿਚਾਰ ਰੱਖਣ ਵਾਲੇ ਅਨੇਕਾਂ ਵਿਦਵਾਨਾਂ, ਪ੍ਰਚਾਰਕਾਂ, ਲੇਖਕਾਂ, ਬੁੱਧੀਜੀਵੀਆਂ ਨੂੰ ਗੁਰਦੁਆਰਿਆਂ ਤੋਂ ਇਲਾਵਾ ਹੋਰ ਵੱਖਰੇ ਪਲੈਟਫਾਰਮਾਂ ਅਤੇ ਸੋਸ਼ਲ ਮੀਡੀਆ ਤੇ ਵੀ ਬੋਲਣ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾਂਦੇ ਹਨ। ਉਨ੍ਹਾਂ ਦੀ ਟਰੌਲਿੰਗ ਕੀਤੀ ਜਾਦੀ ਹੈ, ਗਾਲੀ-ਗਲੋਚ ਕੀਤਾ ਜਾਂਦਾ ਹੈ ਜਿਸ ਦੀ ਤਾਜ਼ਾ ਮਿਸਾਲ ਹਰਤੋਸ਼ ਸਿੰਘ ਬੱਲ ਨੂੰ ਯੂਨੀਵਰਸਿਟੀ ਦੇ ਸੈਮੀਨਾਰ ਵਿਚ ਬੋਲਣ ਤੋਂ ਰੋਕਣਾ ਹੈ।

ਇੱਕ ਪਾਸੇ ਇਹ ਧਿਰਾਂ ਭਾਰਤ ਵਿਚ ਬਹੁ-ਗਿਣਤੀ ਸਮਾਜ ਦੀਆਂ ਵੋਟਾਂ ਦੀ ਰਾਜਨੀਤੀ ਤਹਿਤ ਮੌਜੂਦਾ ਜਾਂ ਪਹਿਲੀਆਂ ਸਰਕਾਰਾਂ ਵਲੋਂ ਸਿੱਖਾਂ ਸਮੇਤ ਹੋਰ ਘੱਟ ਗਿਣਤੀਆਂ, ਦਲਿਤਾਂ ਆਦਿ ਨਾਲ ਹੋ ਰਹੇ ਵਿਤਕਰਿਆਂ ਦੀ ਗੱਲ ਕਰਦੀਆਂ ਹਨ ਅਤੇ ਸਭ ਨੂੰ ਕਰਨੀ ਵੀ ਚਾਹੀਦੀ ਹੈ ਪਰ ਜਿਥੇ ਤੁਹਾਡੇ ਕੋਲ ਕੋਈ ਤਾਕਤ ਹੈ, ਉਥੇ ਤੁਹਾਡੇ ਵਲੋਂ ਕੀਤੇ ਜਾਂਦੇ ਧੱਕਿਆਂ ਤੇ ਜਾਨਲੇਵਾ ਹਮਲਿਆਂ ਨੂੰ ਤੁਸੀਂ ਕਿਹੜੀ ਪਰਿਭਾਸ਼ਾ ਦਿਉਗੇ ਤੇ ਕਿਸ

***(ਬਾਕੀ ਅਗਲੇ ਸਫੇ 'ਤੇ)***

# ਨੀਰੋ ਦੇ ਬੰਸੁਰੀ ਵਜਾਉਣ ਦੀ ਕਹਾਣੀ ਦੁਹਰਾਈ ਜਾ ਰਹੀ ਹੈ ਭਾਰਤ ਦੇ ਲੋਕਤੰਤਰ ਸਾਹਮਣੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮਹਾਮਾਰੀਆਂ ਨਾਲ ਮਨੁੱਖ ਦਾ ਮੱਥਾ ਬਹੁਤ ਵਾਰੀ ਲੱਗਦਾ ਹੈ। ਓਦੋਂ ਵੀ ਲੱਗਦਾ ਰਿਹਾ, ਜਦੋਂ ਹਾਲੇ ਅੱਜ ਵਾਲਾ ਕੈਲੰਡਰ ਸ਼ੁਰੂ ਨਹੀਂ ਸੀ ਹੋਇਆ। ਕੁਦਰਤ ਦੀਆਂ ਸ਼ਕਤੀਆਂ ਨਾਲ ਲੋਹਾ ਲੈਂਦਾ ਰਿਹਾ ਤੇ ਨੁਕਸਾਨ ਭਾਵੇਂ ਕਿੰਨਾ ਵੀ ਹੋ ਜਾਂਦਾ ਸੀ, ਅੰਤ ਨੂੰ ਮਨੁੱਖ ਜਿੱਤਦਾ ਅਤੇ ਅੱਗੇ ਵਧਦਾ ਰਿਹਾ। ਕਈ ਵਾਰੀ ਇਸ ਭੇੜ ਲਈ ਸਾਂਝੇ ਯਤਨ ਹੁੰਦੇ ਸਨ ਤੇ ਕਈ ਵਾਰ ਖਿੱਲਰੇ-ਪੁੱਲਰੇ ਵੀ ਕਰਨੇ ਪੈਂਦੇ ਸਨ, ਪਰ ਘੱਟ ਜਾਂ ਵੱਧ ਨੁਕਸਾਨ ਉਠਾਉਣ ਮਗਰੋਂ ਧਰਤੀ ਉੱਤੇ ਮਨੁੱਖੀ ਜੀਵਨ ਦੀ ਹੋਂਦ ਕਾਇਮ ਰਹਿੰਦੀ ਰਹੀ ਸੀ। ਕਰੋਨਾ ਵਾਇਰਸ ਦੇ ਕਾਰਨ ਸਿਰ ਪਿਆ ਅਜੋਕਾ ਸੰਕਟ ਵੀ ਮਨੁੱਖਤਾ ਦਾ ਨਾਸ ਕਰਨ ਵਾਲਾ ਸਾਬਤ ਨਹੀਂ ਹੋਣਾ, ਮਨੁੱਖੀ ਹੋਂਦ ਕਾਇਮ ਰਹੇਗੀ ਤੇ ਉਸ ਦੇ ਬਾਅਦ ਸ਼ਾਇਦ ਅਗਲੇ ਸੰਕਟਾਂ ਬਾਰੇ ਇਨਸਾਨ ਅਗੇਤਾ ਸੋਚਣਾ ਸ਼ੁਰੂ ਕਰੇਗਾ, ਪਰ ਇਹ ਗੱਲ ਯਾਦ ਰੱਖੇਗਾ ਕਿ ਸੰਸਾਰ ਪੱਧਰ ਦਾ ਇਸ ਤਰ੍ਹਾਂ ਦਾ ਸੰਕਟ ਵੀ ਆ ਸਕਦਾ ਹੈ, ਜਿਹੜਾ ਜ਼ਿੰਦਗੀ ਨੂੰ ਬਰੇਕਾਂ ਲਾ ਦੇਵੇ। ਅਸਮਾਨਾਂ ਵਿਚ ਉੱਡਦਾ ਤੇ ਖੰਭਾਂ ਦੇ ਬਿਨਾ ਪੁਲਾੜ ਵਿਚ ਤਰਨ ਵਾਂਗ ਉਡਾਰੀਆਂ ਲਾਉਂਦਾ ਮਨੁੱਖ ਅਜੋਕੇ ਸੰਕਟ ਨੇ ਏਨਾ ਬੇਵੱਸ ਕਰ ਛੱਡਿਆ ਕਿ ਉਸ ਨੂੰ ਇੱਕੋ ਵਕਤ ਸਾਰੇ ਸੰਸਾਰ ਵਿਚ ਰੇਲਾਂ ਅਤੇ ਬੱਸਾਂ ਕੀ, ਉੱਡਦੇ ਜਹਾਜ਼ ਵੀ ਰੋਕਣੇ ਪੈ ਗਏ ਸਨ। ਸਮੁੰਦਰਾਂ ਵਿਚ ਚੱਲਦੇ ਜਹਾਜ਼ਾਂ ਨੂੰ ਕੰਢਿਆਂ ਉੱਤੇ ਲੱਗਣ ਤੋਂ ਰੋਕਣਾ ਪੈ ਗਿਆ ਤੇ ਹਰ ਚੀਜ਼ ਬੇਜਾਨ ਜਾਪਣ ਲੱਗ ਪਈ ਸੀ। ਮਨੁੱਖ ਨੇ ਜੇ ਅਕਲ ਸਿੱਖਣੀ ਹੋਈ ਤਾਂ ਇਸ ਤਰ੍ਹਾਂ ਦੇ ਸੰਕਟ ਤੋਂ ਨਿਕਲੇ ਸਬਕ ਉਸ ਦੇ ਭਵਿੱਖ ਲਈ ਮਾਰਗ-ਦਰਸ਼ਕ ਬਣ ਸਕਦੇ ਹਨ।

ਕੱਲ੍ਹ ਦੀ ਕੱਲ੍ਹ ਆਏ ਤੋਂ ਵੇਖੀ ਜਾਊ, ਅੱਜ ਜਿਸ ਜਿੱਲ੍ਹਣ ਵਿਚ ਮਨੁੱਖਤਾ ਫਸ ਗਈ ਹੈ, ਉਸ ਦੀ ਕਹਾਣੀ ਸਾਰਾ ਸੰਸਾਰ ਜਾਣਦਾ ਹੈ, ਪਰ ਇਹ ਗੱਲ ਲੁਕ ਜਾਂਦੀ ਹੈ ਕਿ ਹਰ ਦੇਸ਼ ਦਾ ਇੱਕੋ ਜਿਹਾ ਹਾਲ ਨਹੀਂ। ਇਸ ਦਾ ਕਾਰਨ ਇਹ ਹੈ ਕਿ ਹਰ ਦੇਸ਼ ਦੀ ਵਾਗ ਸੰਭਾਲਣ ਵਾਲੇ ਆਗੂ ਇੱਕੋ ਜਿਹੇ ਨਹੀਂ। ਕੁਝ ਦੇਸ਼ਾਂ ਨੇ ਓਦੋਂ ਵੱਡੇ ਝਟਕੇ ਝੱਲੇ ਸਨ, ਜਦੋਂ ਇਸ ਬਿਮਾਰੀ ਦੀ ਸ਼ੁਰੂਆਤ ਵਿਚ ਅਜੇ ਸਿੱਝਣ ਦੀ ਸੂਝ ਨਹੀਂ ਸੀ, ਅਤੇ ਜਦੋਂ ਸੂਝ ਆਈ ਤਾਂ ਉਨ੍ਹਾਂ ਦੇਸ਼ਾਂ ਨੇ ਉਸ ਦੇ ਨਾਲ ਲੜਨ ਦਾ ਯੋਗ ਪ੍ਰਬੰਧ ਕਰ ਲਿਆ ਸੀ। ਭਾਰਤ ਦੇਸ਼ ਉਨ੍ਹਾਂ ਵਿਚੋਂ ਨਹੀਂ ਨਿਕਲਿਆ। ਇਸ ਦੀ ਕਮਾਂਡ ਜਿਨ੍ਹਾਂ ਹੱਥਾਂ ਵਿਚ ਫੜੀ ਸੀ, ਤੇ ਅਜੇ ਵੀ ਹੈ, ਉਹ ਚੰਦਰ ਗੁਪਤ ਮੌਰੀਆ ਵਰਗੇ ਵੱਡੇ ਹਿੰਦੁਸਤਾਨ ਉੱਤੇ ਰਾਜ ਕਰਨ ਦਾ ਏਦਾਂ ਦਾ ਸੁਫਨਾ ਅੱਖਾਂ ਵਿਚ ਵਸਾਈ ਫਿਰਦੇ ਹਨ ਕਿ ਹੋਰ ਕੁਝ ਸੁੱਝਦਾ ਹੀ ਨਹੀਂ। ਅੱਜ ਜਿਹੜੇ ਹਾਲਾਤ ਵਿਚ ਭਾਰਤ ਦੇਸ਼ ਫਸ ਗਿਆ ਹੈ, ਲੋਕ ਮਰਦੇ ਹਨ ਤੇ ਕੋਈ ਸੁਣਨ ਵਾਲਾ ਨਹੀਂ ਲੱਭਦਾ, ਉਸ ਦਾ ਅਸਲ ਕਾਰਨ ਇਹੋ ਹੈ।

ਜਦੋਂ ਕਰੋਨਾ ਦੀ ਬਿਮਾਰੀ ਸਿਰ ਚੁੱਕਦੀ ਪਈ ਸੀ ਤੇ ਅਮਰੀਕਾ ਅਤੇ ਭਾਰਤ-ਦੋਹਾਂ ਵਿਚ ਪਹੁੰਚ ਚੁੱਕੀ ਸੀ, ਉਸ ਵਕਤ ਭਾਰਤ ਦੇ ਪ੍ਰਧਾਨ ਮੰਤਰੀ ਨੇ ਸੰਸਾਰ ਮਹਾ-ਸ਼ਕਤੀ ਦੇ ਭਰਮ ਵਾਲੇ ਦੇਸ਼ ਦੇ ਮੁਖੀ ਡੋਨਾਲਡ ਟਰੰਪ ਨੂੰ ਲਿਆ ਕੇ ਇੱਕ ਲੱਖ ਤੋਂ ਵੱਧ ਲੋਕਾਂ ਦੀ ਭੀੜ ਜੋੜਨ ਦਾ ਤਮਾਸ਼ਾ ਰਚ ਲਿਆ ਸੀ। ਟਰੰਪ ਦੇ ਮੁੜਨ ਤੱਕ ਅਮਰੀਕਾ ਵੱਲ ਵੀ ਮੌਤਾਂ ਦੀ ਲੜੀ ਸ਼ੁਰੂ ਹੋ ਗਈ ਤੇ ਏਧਰ ਭਾਰਤ ਵਿਚ ਵੀ ਕੇਸ ਗਿਣੇ ਜਾਣ ਲੱਗ ਪਏ ਸਨ, ਪਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਮਰਜ਼ ਨਾਲ ਮੱਥਾ ਲਾਉਣ ਦੀ ਥਾਂ ਪਾਰਲੀਮੈਂਟ ਸੈਸ਼ਨ ਜਾਣ-ਬੁੱਝ ਕੇ ਇਸ ਲਈ ਚੱਲਦਾ ਰੱਖਿਆ ਕਿ ਮੱਧ ਪ੍ਰਦੇਸ਼ ਵਿਚ ਵਿਰੋਧੀ ਪਾਰਟੀ ਦੀ ਸਰਕਾਰ ਤੋੜ ਕੇ ਆਪਣੀ ਬਣਾਉਣੀ ਵੱਧ ਜ਼ਰੂਰੀ ਲੱਗਦੀ ਸੀ। ਉਧਰ ਦਾ ਕੰਮ ਮੁੱਕਦੇ ਸਾਰ ਇਸ ਦੇਸ਼ ਵਿਚ ਲਾਕਡਾਊਨ ਕਰਨ ਦਾ ਉਹ ਕੰਮ ਕਰ ਦਿੱਤਾ, ਜਿਸ ਦੀ ਤਿਆਰੀ ਨਹੀਂ ਸੀ ਤੇ ਨਤੀਜੇ ਵਜੋਂ ਨਾ ਬਿਮਾਰੀ ਨੂੰ ਰੋਕ ਪਾਈ ਜਾ ਸਕੀ, ਨਾ ਘਰਾਂ ਵਿਚ ਤੜੇ ਹੋਏ ਲੋਕਾਂ ਨੂੰ ਰਾਹਤ ਪੁਚਾਈ ਗਈ। ਕਰੋਨਾ ਦੇ ਮੁੱਢਲੇ ਹੱਲੇ ਮਗਰੋਂ ਜਦੋਂ ਨਵੰਬਰ ਵਿਚ ਕੁਝ ਮੋੜ ਪੈਣ ਲੱਗਾ, ਉਸ ਸਮੇਂ ਨੂੰ ਅਗਲੇ ਹੱਲੇ ਦੇ ਟਾਕਰੇ ਲਈ ਵਰਤਿਆ ਜਾ ਸਕਦਾ ਸੀ, ਪਰ ਇਸ ਦੀ ਥਾਂ ਪ੍ਰਧਾਨ ਮੰਤਰੀ ਨੇ ਪੰਜ ਹੋਰ ਰਾਜਾਂ ਵਿਚ ਆਪਣੀ ਧਾਂਕ ਜਮਾਉਣ ਦਾ ਰਸਤਾ ਫੜ ਲਿਆ ਤੇ ਉਹਦੀ ਇਹ ਚਾਲ ਵੀ ਭਾਰਤ ਦੇ ਲੋਕਾਂ ਨੂੰ ਭੁਗਤਣੀ ਪਈ। ਇਨ੍ਹਾਂ ਪੰਜਾਂ ਰਾਜਾਂ ਵਿਚ ਚੋਣ ਰੈਲੀਆਂ ਹੋਣ ਦੌਰਾਨ ਹੀ ਕਰੋਨਾ ਦੀ ਪਹਿਲਾਂ ਤੋਂ ਵੱਡੀ ਛੱਲ ਉੱਠ ਪਈ, ਪਰ ਵਿਗੜਦੇ ਹਾਲਾਤ ਵਿਚ ਰੈਲੀਆਂ ਰੋਕਣ ਦੀ ਥਾਂ ਬੰਗਾਲ ਦਾ ਕੰਡਾ ਕੱਢਣ ਲਈ ਸਾਰਾ ਜ਼ੋਰ ਲਾਈ ਰੱਖਿਆ। ਇਸ ਵੱਲੋਂ ਉਹ ਓਦੋਂ ਹੀ ਰੁਕਿਆ, ਜਦੋਂ ਕਰੋਨਾ ਵਾਲੇ ਕੇਸਾਂ ਦੀ ਗਿਣਤੀ ਪਹਿਲੀ ਵਾਰ ਰੋਜ਼ਾਨਾ ਇੱਕ ਲੱਖ ਟੱਪਣ ਪਿੱਛੋਂ ਰੋਜ਼ਾਨਾ ਦੋ ਲੱਖ ਤੋਂ ਟੱਪ ਕੇ ਰੋਜ਼ਾਨਾ ਤਿੰਨ ਲੱਖ ਨੂੰ ਜਾ ਪੁੱਜੀ ਤੇ ਹਸਪਤਾਲਾਂ ਵਿਚ ਮਰੀਜ਼ਾਂ ਲਈ ਨਾ ਬੈੱਡ ਲੱਭਦੇ ਸਨ ਤੇ ਨਾ ਮਰਨਾਊ ਪਏ ਮਰੀਜ਼ਾਂ ਨੂੰ ਬਚਾਉਣ ਦੇ ਲਈ ਆਕਸੀਜਨ ਮਿਲਦੀ ਸੀ। ਸਿਵਿਆਂ ਵਿਚ ਲਾਸ਼ਾਂ ਫੂਕਣ ਲਈ ਦੋ-ਦੋ ਦਿਨ ਉਡੀਕ ਕਰਨੀ ਪੈਂਦੀ ਸੀ ਅਤੇ ਕਬਰਾਂ ਵਿਚ ਥਾਂ ਨਾ ਹੋਣ ਕਾਰਨ ਸੜਕਾਂ ਕਿਨਾਰੇ ਮੁਰਦੇ ਦੱਬੇ ਜਾਣ ਲੱਗ ਪਏ ਸਨ। ਫਿਰ ਉਸ ਨੇ ਦਿੱਲੀ ਆ ਕੇ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਲਿਆ, ਪਰ ਇਸ ਦਾ ਫਾਇਦਾ ਕੀ? ਉਰਦੂ ਦਾ ਸ਼ੇਅਰ ਹੈ, 'ਸਬ ਕੁਛ ਲੁਟਾ ਕੇ ਹੋਸ਼ ਮੇਂ ਆਏ ਤੋ ਕਿਆ ਆਏ!'



ਭਾਰਤ ਦਾ ਪ੍ਰਧਾਨ ਮੰਤਰੀ ਇਸ ਮਰਜ਼ ਦੇ ਟਾਕਰੇ ਲਈ ਮੁੱਢਲੇ ਭਾਸ਼ਣਾਂ ਵਿਚ ਪਿਛਲੇ ਸਾਲ ਇਹ ਕਹਿੰਦਾ ਸੀ ਕਿ ਮਹਾਭਾਰਤ ਦੀ ਜੰਗ ਅਠਾਰਾਂ ਦਿਨਾਂ ਵਿਚ ਜਿੱਤ ਲਈ ਸੀ, ਕਰੋਨਾ ਵਿਰੁੱਧ ਤਿੰਨਾਂ ਹਫਤਿਆਂ ਵਿਚ ਜਿੱਤਾਂਗੇ। ਤਿੰਨ ਹਫਤੇ ਤਾਂ ਕੀ, ਉਸ ਮਗਰੋਂ ਸਤਵੰਜਾ ਹਫਤੇ ਲੰਘ ਗਏ, ਤਿੰਨਾਂ ਨਾਲੋਂ ਉੱਨੀ ਗੁਣਾਂ ਬਣਦੇ ਹਨ, ਪਰ ਜੰਗ ਜਿੱਤ ਲੈਣੀ ਕਹਿਣ ਤੇ ਲੋਕਾਂ ਨੂੰ ਫੋਕੇ ਦਿਲਾਸੇ ਦੇਣ ਵਾਲਾ ਪ੍ਰਧਾਨ ਮੰਤਰੀ ਅੱਜ ਉਨ੍ਹਾਂ ਭਾਸ਼ਣਾਂ ਦਾ ਚੇਤਾ ਵੀ ਨਹੀਂ ਕਰਦਾ। ਉਸ ਦੇ ਚਹੇਤਿਆਂ ਨਾਲ ਭਰੇ ਹੋਏ ਨੀਤੀ ਆਯੋਗ ਦਾ ਜਿਹੜਾ ਮੈਂਬਰ ਕਰੋਨਾ ਟਾਸਕ ਫੋਰਸ ਦਾ ਮੁਖੀ ਬਣਾਇਆ ਸੀ, ਪਿਛਲੇ ਸਾਲ ਬਾਈ ਅਪਰੈਲ ਨੂੰ ਉਹਨੇ ਕਿਹਾ ਸੀ ਕਿ ਸੋਲਾਂ ਮਈ ਤੋਂ ਬਾਅਦ ਭਾਰਤ ਵਿਚ ਕਰੋਨਾ ਦਾ ਇੱਕ ਵੀ ਕੇਸ ਨਹੀਂ ਉੱਠੇਗਾ, ਪਰ ਅੱਜ ਜਦੋਂ ਰੋਜ਼ ਸਾਢੇ ਤਿੰਨ ਲੱਖ ਕੇਸ ਮਿਲ ਰਹੇ ਹਨ ਤਾਂ ਉਹ ਵੀ ਆਪਣੇ ਲਫਜ਼ ਯਾਦ ਨਹੀਂ ਕਰਦਾ। ਜਿੰਦਾਂ ਦਾ ਆਗੂ ਹੈ, ਓਦਾਂ ਦੇ ਚੇਲੇ-ਬਾਲਕੇ ਜੋੜ ਕੇ ਇੱਕ ਏਦਾਂ ਦੀ ਟੀਮ ਬਣਾਈ ਹੈ, ਜਿਹੜੀ ਠੀਕ ਹੋਵੇ ਜਾਂ ਗਲਤ, ਆਗੂ ਦੀ ਜੈ-ਜੈਕਾਰ ਕਰਨ ਲੱਗੀ ਰਹਿੰਦੀ ਹੈ, ਆਪਣੇ ਫਰਜ਼ ਦਾ ਚੇਤਾ ਨਹੀਂ ਕਰਦੀ।

ਬਾਬੇ ਕਹਿੰਦੇ ਹੁੰਦੇ ਸਨ, 'ਅੱਗ ਲੱਗੀ ਤੋਂ ਖੂਹ ਨਹੀਂ ਪੁੱਟੇ ਜਾਂਦੇ', ਪਰ ਸਾਡਾ ਪ੍ਰਧਾਨ ਮੰਤਰੀ ਓਦੋਂ ਆਕਸੀਜਨ ਬਣਾਉਣ ਦੇ ਕਾਰਖਾਨੇ ਲਾਉਣ ਦੀਆਂ ਗੱਲ ਕਹਿ ਰਿਹਾ ਹੈ, ਜਦੋਂ ਲਗਭਗ ਹਰ ਰਾਜ ਦੇ ਹਸਪਤਾਲਾਂ ਵਿਚੋਂ ਆਕਸੀਜਨ ਸਪਲਾਈ ਨਾ ਹੋਣ ਕਾਰਨ ਮਰੀਜ਼ਾਂ ਦੇ ਮਰਨ ਦੀਆਂ ਖਬਰਾਂ ਆਈ ਜਾਂਦੀਆਂ ਹਨ। ਇਨ੍ਹਾਂ ਖਬਰਾਂ ਵਿਚ ਪ੍ਰਧਾਨ ਮੰਤਰੀ ਦੀ ਉਠਾਣ ਦਾ ਪੜੁੱਲ ਬਣੇ ਗੁਜਰਾਤ ਦੀਆਂ ਵੀ ਖਬਰਾਂ ਹਨ ਕਿ ਓਥੇ ਹਾਹਾਕਾਰ ਮੱਚੀ ਪਈ ਹੈ ਤੇ ਲੋਕ ਆਕਸੀਜਨ ਦੇ ਸਿਲੰਡਰਾਂ ਵਾਸਤੇ ਹੱਥੋ-ਪਾਈ ਹੁੰਦੇ ਸੁਣੇ ਜਾਣ ਲੱਗੇ ਹਨ। ਲੜਨਾ ਕਰੋਨਾ ਦੇ ਖਿਲਾਫ ਸੀ ਤੇ ਲੜਾਈ ਲੋਕਾਂ ਦੀ ਆਪੋ ਵਿਚ ਕਰਾਈ ਜਾ ਰਹੀ ਹੈ। ਜ਼ਿੰਦਗੀ ਦਾ ਮੋਹ ਹਰ ਮਨੁੱਖ ਨੂੰ ਹੁੰਦਾ ਹੈ, ਪਰ ਸਾਰਿਆਂ ਕੋਲ ਮੇਦਾਂਤਾ, ਮੈਕਸ ਤੇ ਹੋਰ ਮਹਿੰਗੇ ਇਲਾਜ ਵਾਲੇ ਫਾਈਵ ਸਟਾਰ ਹਸਪਤਾਲਾਂ ਵਿਚ ਜਾਣ ਦੀ ਹਿੰਮਤ ਨਹੀਂ ਹੁੰਦੀ। ਵੋਟ ਭਾਵੇਂ ਝੁੱਗੀ ਵਾਲੇ ਦੀ ਵੀ ਮਹਿਲ ਵਾਲੇ ਜਿੰਨੀ ਕੀਮਤੀ ਸਮਝੀ ਜਾਂਦੀ ਹੈ, ਪਰ ਜਾਨ ਝੁੱਗੀ ਵਾਲੇ ਦੀ ਸਸਤੀ ਸਮਝੀ ਜਾਂਦੀ ਹੈ ਤੇ ਮਹਿਲ ਵਾਲੇ ਦੀ ਮਹਿੰਗੀ। ਹਸਪਤਾਲਾਂ ਵਿਚ ਲੋਕਾਂ ਦੀ ਜਾਨ ਬਚਾਉਣ ਲਈ ਆਕਸੀਜਨ ਮਿਲੇ ਨਾ ਮਿਲੇ, ਸਟੀਲ ਮਿੱਲਾਂ ਏਸੇ ਗੈਸ ਨਾਲ ਚੱਲੀ ਜਾਂਦੀਆਂ ਹਨ ਤੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਇਹ ਹਦਾਇਤ ਕਰਨ ਲਈ ਮਜਬੂਰ ਹੈ ਕਿ ਮਿੱਲਾਂ ਦੀ ਗੈਸ ਸਪਲਾਈ ਰੋਕ ਕੇ ਹਸਪਤਾਲਾਂ ਲਈ ਪਹਿਲਾਂ ਜਾਰੀ ਕਰੋ। ਸਰਕਾਰਾਂ ਦੇ ਕੰਮ ਅਦਾਲਤਾਂ ਦੇ ਕੀਤਿਆਂ ਤਾਂ ਇਹ ਜੰਗ ਨਹੀਂ ਜਿੱਤੀ ਜਾ ਸਕਣੀ।

ਇਹ ਸਭ ਹੁੰਦਾ ਕਿਉਂ ਪਿਆ ਹੈ? ਸਮਝਣ ਲਈ ਉਹ ਕਿੱਸਾ ਚੇਤੇ ਕਰੀਏ ਕਿ ਜਦੋਂ ਰੋਮ ਸੜ ਰਿਹਾ ਸੀ, ਉਸ ਦਾ ਰਾਜਾ ਬੰਸੁਰੀ ਦੀਆਂ ਸੁਰਾਂ ਕੱਢ ਰਿਹਾ ਸੀ। ਭਾਰਤ ਇਸ ਹਾਲ ਨੂੰ ਇਸ ਲਈ ਪਹੁੰਚ ਗਿਆ ਕਿ ਕਰੋਨਾ ਦਾ ਟਾਕਰਾ ਕਰਨ ਲਈ ਰਾਜਧਾਨੀ ਵਿਚ ਬੈਠ ਕੇ ਪ੍ਰਬੰਧਾਂ ਦੀ ਅਗਵਾਈ ਕਰਨ ਦੀ ਥਾਂ ਲੋਕਾਂ ਵੱਲੋਂ ਚੁਣਿਆ ਰਾਜਾ ਪੰਜ ਰਾਜਾਂ ਵਿਚ ਲੋਕਾਂ ਨੂੰ ਚੋਣ-ਜੁਮਲੇ ਸੁਣਾਉਣ ਤੇ ਵੋਟਾਂ ਵਾਸਤੇ ਭਰਮਾਉਣ ਲੱਗਾ ਪਿਆ ਸੀ। ਸਾਨੂੰ ਅਜੇ ਵੀ ਯਕੀਨ ਹੈ ਕਿ ਮਨੁੱਖਤਾ ਇਸ ਮਰਜ਼ ਦੇ ਮਾਰਿਆਂ ਮਰਨ ਨਹੀਂ ਲੱਗੀ, ਦੁਨੀਆਂ ਵੱਸਦੀ ਹੀ ਰਹਿਣੀ ਹੈ, ਪਰ ਇੱਕ ਫਰਕ ਇਸ ਵਿਚ ਪੈ ਸਕਦਾ ਹੈ। ਉਹ ਇਹ ਕਿ ਜਿਹੜੇ ਤੁਰ ਗਏ, ਉਹ ਫਿਰ ਕਦੇ ਮੁੜ ਕੇ ਨਹੀਂ ਆਉਣੇ। ਰਾਜ ਵਿਚ ਕਿਸੇ ਇੱਕ ਨਾਗਰਿਕ ਦੀ ਅਣਿਆਈ ਮੌਤ ਵੀ ਹਾਕਮਾਂ ਦੀ ਨੀਂਦ ਉਡਾਉਣ ਲਈ ਕਾਫੀ ਹੋ ਸਕਦੀ ਹੈ ਅਤੇ ਲੋਕਤੰਤਰ ਵਿਚ ਹੋਣੀ ਵੀ ਚਾਹੀਦੀ ਹੈ, ਪਰ ਭਾਰਤ ਵਿਚ ਦੋ ਲੱਖ ਲੋਕ ਮਰਨ ਪਿੱਛੋਂ ਵੀ ਅਗਲਾ ਸਿਰਾ ਨਹੀਂ ਦਿੱਸ ਰਿਹਾ। ਅਫਸੋਸ ਹੈ!

# ਪੱਤਰਕਾਰ ਹਰਤੋਸ਼ ਬੱਲ ਦਾ ਕਸੂਰ ਕੀ ਸੀ?

(ਪਿਛਲੇ ਸਫੇ ਦੀ ਬਾਕੀ)

ਖਾਤੇ ਪਾਉਗੇ? ਅੱਜ ਦੇ ਮਾਡਰਨ ਵਰਲਡ ਵਿਚ ਹਰ ਵਿਅਕਤੀ ਕੋਲ ਕਾਨੂੰਨੀ ਤੌਰ 'ਤੇ ਅਧਿਕਾਰ ਹੈ ਕਿ ਕੋਈ ਵਿਅਕਤੀ ਜਾਂ ਸਮੂਹ ਆਪਣੀ ਮਰਜ਼ੀ ਅਨੁਸਾਰ ਜੀਅ ਸਕਦਾ ਹੈ, ਉਸ ਨੂੰ ਕਿਸੇ ਧਰਮ, ਰਾਜਸੀ ਵਿਚਾਰਧਾਰਾ, ਸਮਾਜਿਕ ਕਾਨੂੰਨਾਂ ਆਦਿ ਨੂੰ ਮੰਨਣ ਜਾਂ ਨਾ ਮੰਨਣ ਦਾ ਪੂਰਾ ਅਧਿਕਾਰ ਹੀ ਨਹੀਂ ਸਗੋਂ ਉਨ੍ਹਾਂ ਦੀ ਨੁਕਤਾਚੀਨੀ, ਵਿਰੋਧ ਜਾਂ ਨਿਖੇਧੀ ਕਰਨ ਦਾ ਵੀ ਪੂਰਾ ਅਧਿਕਾਰ ਹੈ। ਬੇਸ਼ਕ ਅਜਿਹੇ ਅਧਿਕਾਰ ਧਰਮ ਆਧਾਰਿਤ ਮੁਸਲਿਮ ਦੇਸ਼ਾਂ ਵਿਚ ਨਹੀਂ ਹਨ ਜਿਥੇ ਪਾਕਿਸਤਾਨ, ਅਫਗਾਨਿਸਤਾਨ ਜਾਂ ਹੋਰ ਅਨੇਕਾਂ ਇਸਲਾਮਿਕ ਦੇਸ਼ਾਂ ਵਿਚ ਇਸਲਾਮ ਜਾਂ ਪੈਗੰਬਰ ਦੀ ਨੁਕਤਾਚੀਨੀ ਜਾਂ ਨਿਖੇਧੀ ਕਰਨ ਕਰ ਕੇ ਮੌਤ ਵਰਗੀਆਂ ਸਖਤ ਸਜ਼ਾਵਾਂ ਹਨ, ਪਿਛਲੇ 4-5 ਦਹਾਕਿਆਂ ਵਿਚ ਇਨ੍ਹਾਂ ਦੇਸ਼ਾਂ ਵਿਚ ਵਿਚਾਰਾਂ ਦੀ ਆਜ਼ਾਦੀ ਦੇ ਮਸਲੇ 'ਤੇ ਹਜ਼ਾਰਾਂ ਲੋਕ ਕਤਲ ਕਰ ਦਿੱਤੇ ਗਏ ਹਨ। ਅੱਜ ਜਦੋਂ ਸਿੱਖਾਂ ਵਿਚਲੇ ਕੁਝ ਗਰਮ ਖਿਆਲ ਧੜੇ ਧਰਮ ਆਧਾਰਿਤ ਵੱਖਰੇ ਦੇਸ਼ ਦੀ ਗੱਲ ਕਰਦੇ ਹਨ ਤਾਂ ਉਹ ਦੱਸਣ ਕਿ ਜੇ ਤੁਸੀਂ ਗੁਰਦੁਆਰਿਆਂ ਜਾਂ ਛੋਟੀਆਂ ਮੋਟੀਆਂ ਜਥੇਬੰਦੀਆਂ ਦੀ ਤਾਕਤ ਨਾਲ ਹੀ ਕਿਸੇ ਨੂੰ ਬੋਲਣ ਦੀ ਆਜ਼ਾਦੀ ਨਹੀਂ ਦਿੰਦੇ, ਜਾਨਲੇਵਾ ਹਮਲੇ ਕਰਦੇ ਹੋ, ਸੋਸ਼ਲ ਮੀਡੀਆ ਤੇ ਗਾਲਾਂ ਕੱਢਦੇ ਹੋ, ਲੋਕਾਂ ਵਲੋਂ ਤੁਹਾਡੇ 'ਤੇ ਇਹ ਸ਼ੱਕ ਕਰਨਾ ਵਾਜਿਬ ਹੈ ਕਿ ਜੇ ਇਨ੍ਹਾਂ ਕੋਲ ਧਰਮ ਆਧਾਰਿਤ ਸਟੇਟ ਬਣ ਗਈ ਤਾਂ ਇਹ ਇਸਲਾਮਿਕ ਦੇਸ਼ਾਂ ਵਰਗੀ ਹੋਵੇਗੀ। ਇਹ ਸ਼ੱਕ ਹੋਰ ਵੀ ਵਾਜਿਬ ਬਣ ਜਾਂਦੇ ਹਨ, ਜਦੋਂ ਸਾਬਕਾ ਪੀ. ਸੀ. ਐਸ. ਤੇ ਬੁੱਧੀਜੀਵੀ ਪ੍ਰੀਤਮ ਸਿੰਘ ਕੁਮੇਦਾਨ ਵਰਗੇ ਵਿਅਕਤੀ, ਵੱਖਰੇ ਦੇਸ਼ ਲਈ ਸੰਘਰਸ਼ ਕਰ ਰਹੇ ਲੋਕਾਂ ਤੋਂ ਸਵਾਲ ਕਰਦੇ ਹਨ ਕਿ ਸਾਨੂੰ ਦੱਸੋ ਕਿ ਤੁਹਾਡਾ ਉਹ ਰਾਜ ਕਿਹੋ ਜਿਹਾ ਹੋਵੇਗਾ, ਉਥੇ ਸਿੱਖਾਂ ਤੋਂ ਇਲਾਵਾ ਹੋਰ ਘੱਟ ਗਿਣਤੀਆਂ ਦਾ ਕੀ ਸਟੇਟਸ ਹੋਵੇਗਾ, ਕੀ ਉਥੇ ਲੋਕਾਂ ਕੋਲ ਪੱਛਮੀ ਦੇਸ਼ਾਂ ਵਾਂਗ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੋਵੇਗੀ? ਕੀ ਉਥੇ ਪੱਛਮੀ ਦੇਸ਼ਾਂ ਵਾਂਗ ਫੈਡਰਲ ਢਾਂਚਾ ਤੇ ਬਹੁ-ਸਭਿਆਚਾਰਵਾਦ ਹੋਵੇਗਾ ਜਾਂ ਸਿਰਫ ਇੱਕ ਹੀ ਧਰਮ ਨੂੰ ਮੰਨਣ ਦੀ ਇਜ਼ਾਜਤ ਹੋਵੇਗੀ? ਜਾਂ ਇਸਲਾਮਿਕ ਦੇਸ਼ਾਂ ਵਾਂਗ 'ਪੈਗੰਬਰ ਜਾਂ ਰੱਬ ਦੀ ਨਿੰਦਾ' ਦੇ ਨਾਂ ਤੇ ਹੇਠ ਲੋਕ ਕਤਲ ਕੀਤੇ ਜਾਣਗੇ ਜਾਂ ਫਾਂਸੀਆਂ ਤੇ ਚਾੜ੍ਹੇ ਜਾਣਗੇ? ਕੀ ਉਥੇ ਲੋਕਤੰਤਰ ਹੋਵੇਗਾ ਜਾਂ ਧਾਰਮਿਕ ਡਿਕਟੇਟਰਸ਼ਿਪ ਹੋਵੇਗੀ?

ਕੀ ਸਿੱਖਾਂ ਲਈ ਆਜ਼ਾਦੀ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਕਦੇ ਆਪਣੀ ਮੂਵਮੈਂਟ ਅਤੇ ਸੁਹਿਰਦਤਾ ਨਾਲ ਵਿਚਾਰ ਕਰਨਗੀਆਂ? ਕੀ ਇਹ ਲੋਕ ਪਿਛਲੇ ਸਮੇਂ ਵਿਚ ਹੋਈਆਂ ਗਲਤੀਆਂ ਤੋਂ ਕੋਈ ਸਬਕ ਲੈਣਗੇ? ਕੀ ਉਨ੍ਹਾਂ ਦੀ ਮੂਵਮੈਂਟ ਨਾਲ ਪੰਜਾਬ ਦਾ ਕੋਈ ਭਲਾ ਹੋਇਆ? ਜਦੋਂ ਇਹ ਧਿਰਾਂ ਕਹਿੰਦੀਆਂ ਹਨ ਕਿ ਸਰਕਾਰੀ ਏਜੰਸੀਆਂ ਨੇ ਖਾੜਕੂਆਂ ਦੇ ਨਾਮ 'ਤੇ ਬੇਗੁਨਾਹਾਂ ਦੇ ਕਤਲ ਕਰ ਕੇ ਮੂਵਮੈਂਟ ਨੂੰ ਬਦਨਾਮ ਕੀਤਾ ਤਾਂ ਕੀ ਇਨ੍ਹਾਂ ਧਿਰਾਂ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਉਹ ਇਹ ਸੱਚ ਦੁਨੀਆ ਸਾਹਮਣੇ ਲਿਆਉਣ। ਜਦੋਂ ਇਹ ਧਿਰਾਂ ਧਰਮ ਦੇ ਨਾਮ 'ਤੇ ਹਥਿਆਰਾਂ ਰਾਹੀਂ ਵੱਖਰਾ ਸਿੱਖ ਰਾਜ ਬਣਾਉਣਾ ਚਾਹੁੰਦੀਆਂ ਹਨ ਤਾਂ ਉਹ ਸੋਚਣ ਕਿ ਇਸਲਾਮ ਦੇ ਨਾਮ 'ਤੇ ਜਹਾਦੀਆਂ ਦੇ ਕਾਰਨਾਮਿਆਂ ਨਾਲ ਪਾਕਿਸਤਾਨ, ਅਫਗਾਨਿਸਤਾਨ, ਇਰਾਕ, ਸੀਰੀਆ, ਸੋਮਾਲੀਆ, ਕੌਂਗੋ, ਨਾਈਜੀਰੀਆ, ਜਮਨ ਆਦਿ ਵਿਚ ਮੁਸਲਮਾਨਾਂ ਜਾਂ ਪੈਗੰਬਰ ਮੁਹੰਮਦ ਦਾ ਨਾਮ ਕਿਤਨਾ ਕੁ ਉਚਾ ਹੋਇਆ ਹੈ?

ਇਸ ਦੇ ਨਾਲ ਹੀ ਪਿਛਲੇ 60-70 ਸਾਲਾਂ ਵਿਚ ਅਰਜਨਟਾਈਨਾ, ਕੋਰੀਆ, ਇਰਾਨ, ਕੌਂਗੋ, ਸੂਡਾਨ, ਸੀਰੀਆ, ਯੋਗੋਸਲਾਵੀਆ, ਅਫਗਾਨਿਸਤਾਨ, ਰਵਾਂਡਾ ਆਦਿ ਅਨੇਕਾਂ ਦੇਸ਼ਾਂ ਹੋਏ ਹਿੰਸਕ ਘਰੇਲੂ ਯੁੱਧਾਂ ਵਿਚ ਮਰੇ ਲੱਖਾਂ ਲੋਕਾਂ ਦਾ ਇਤਿਹਾਸ ਵੀ ਪੜ੍ਹ ਲੈਣਾ ਚਾਹੀਦਾ ਹੈ ਕਿ ਅਸੀਂ ਅਜਿਹੀ ਤਬਾਹੀ ਲਈ ਤਿਆਰ ਹਾਂ? ਜਦੋਂ ਪੰਜਾਬ ਵਿਚ 1984-1994 ਤੱਕ ਹੋਏ ਪੁਲਿਸ ਮੁਕਾਬਲਿਆਂ ਦੀ ਗੱਲ ਹੁੰਦੀ ਹੈ ਤਾਂ ਪੁਲਿਸ ਮੁਕਾਬਲਿਆਂ ਬਾਰੇ ਕਸ਼ਮੀਰ, ਨਾਗਾਲੈਂਡ, ਮਨੀਪੁਰ, ਝਾਰਖੰਡ, ਯੂ.ਪੀ., ਮਹਾਂਰਾਸ਼ਟਰ, ਗੁਜਰਾਤ, ਸ੍ਰੀ ਲੰਕਾ, ਪਾਕਿਸਤਾਨ, ਅਫਗਾਨਿਸਤਾਨ ਆਦਿ ਦਾ ਇਤਿਹਾਸ ਵੀ ਪੜ੍ਹ ਲੈਣਾ ਚਾਹੀਦਾ ਹੈ ਕਿ ਜਦੋਂ ਹਥਿਆਰਬੰਦ ਮੂਵਮੈਂਟਾਂ ਚਲਦੀਆਂ ਹਨ ਤਾਂ ਝੂਠੇ ਪੁਲਿਸ ਮੁਕਾਬਲਿਆਂ ਵਰਗੇ ਵਰਤਾਰੇ ਕਿਉਂ ਵਾਪਰਦੇ ਹਨ? ਇਹ ਸਵਾਲ ਵੀ ਬੜੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ ਕਿ ਮਾਡਰਨ ਵਰਲਡ ਵਿਚ ਕਿਸੇ ਨੇਸ਼ਨ ਸਟੇਟ ਨਾਲ ਹਥਿਆਰਾਂ ਰਾਹੀਂ ਕੋਈ ਸੰਘਰਸ਼ ਜਿੱਤਿਆ ਜਾ ਸਕਦਾ ਹੈ? ਕੋਈ ਵੀ ਵਿਅਕਤੀ ਜਾਂ ਜਥੇਬੰਦੀ, ਆਪਣੀ ਧਾਰਮਿਕ ਜਾਂ ਰਾਜਨੀਤਕ ਵਿਚਾਰਧਾਰਾ ਲੋਕਾਂ ਸਾਹਮਣੇ ਰੱਖ ਸਕਦਾ ਹੈ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਪਰ ਕਿਸੇ ਨੂੰ ਆਪਣੀ ਵਿਚਾਰਧਾਰਾ ਦੂਜਿਆਂ 'ਤੇ ਠੋਸਣ, ਜਾਨਲੇਵਾ ਹਮਲੇ ਕਰਨ ਦਾ ਕੋਈ ਹੱਕ ਨਹੀਂ। ਸਿੱਖੀ ਵਰਗੇ ਧਰਮਾਂ ਵਿਚ ਸੰਵਾਦ ਤੇ ਵਿਰੋਧੀ ਵਿਚਾਰ ਨੂੰ ਬੜੀ ਅਹਿਮ ਥਾਂ ਦਿੱਤੀ ਗਈ ਹੈ। ਅਜਿਹੇ ਮਾਹੌਲ ਲਈ ਸਮਾਜ ਵਿਚ ਜਗ੍ਹਾ ਬਣਾਉਣ ਲਈ ਮਾਹੌਲ ਤਿਆਰ ਕਰਨਾ ਚਾਹੀਦਾ ਹੈ।

# ਫਰੀਦਕੋਟ ਜੇਲ੍ਹ 'ਚੋਂ ਪੈਰੋਲ 'ਤੇ ਆਏ 42 ਕੈਦੀ ਰੂਪੋਸ਼

**ਫਰੀਦਕੋਟ:** ਇਥੋਂ ਦੀ ਕੇਂਦਰੀ ਮਾਡਰਨ ਜੇਲ੍ਹ ਵੱਲੋਂ ਕਰੋਨਾ ਮਹਾਮਾਰੀ ਦੌਰਾਨ ਤਰਸ ਦੇ ਆਧਾਰ 'ਤੇ ਪੈਰੋਲ ਉਪਰ ਭੇਜੇ ਗਏ 42 ਕੈਦੀ ਰੂਪੋਸ਼ ਹੋ ਗਏ ਹਨ ਅਤੇ ਇਹ ਕੈਦੀ ਤੈਅ ਸਮਾਂ ਸੀਮਾ ਦੌਰਾਨ ਜੇਲ੍ਹ ਵਿਚ ਮੁੜ ਹਾਜਰ ਨਹੀਂ ਹੋਏ। ਸੂਚਨਾ ਅਨੁਸਾਰ ਅਪਰੈਲ 2020 'ਚ ਮਾਡਰਨ ਜੇਲ੍ਹ ਦੇ ਅਧਿਕਾਰੀਆਂ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 450 ਕੈਦੀਆਂ ਨੂੰ ਪੈਰੋਲ 'ਤੇ ਰਿਹਾਅ ਕੀਤਾ ਸੀ ਅਤੇ ਇਨ੍ਹਾਂ ਨੂੰ ਪੈਰੋਲ ਦਾ ਸਮਾਂ ਖਤਮ ਹੋਣ ਮਗਰੋਂ ਮੁੜ ਜੇਲ੍ਹ ਵਿਚ ਹਾਜਰ ਹੋਣ ਲਈ ਕਿਹਾ ਗਿਆ ਸੀ ਪਰ ਹੁਣ ਤੱਕ 42 ਕੈਦੀ ਰੂਪੋਸ਼ ਹੋ ਚੁੱਕੇ ਹਨ।

ਜੇਲ੍ਹ ਸੂਤਰਾਂ ਅਨੁਸਾਰ ਰੂਪੋਸ਼ ਹੋਣ ਵਾਲੇ ਕੈਦੀਆਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ ਕਿਉਂਕਿ ਕੁਝ ਕੈਦੀਆਂ ਦੀ ਪੈਰੋਲ ਪੂਰੀ ਹੋਣ 'ਚ ਅਜੇ ਕੁਝ ਦਿਨ ਬਾਕੀ ਹਨ। ਇਸੇ ਤਰ੍ਹਾਂ ਇਥੋਂ ਦੀਆਂ ਅਦਾਲਤਾਂ ਨੇ ਵੀ 250 ਹਵਾਲਾਤੀਆਂ ਨੂੰ ਕਰੋਨਾ ਮਹਾਮਾਰੀ ਦੌਰਾਨ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ ਅਤੇ ਇਨ੍ਹਾਂ ਵਿਚੋਂ 38 ਹਵਾਲਾਤੀ ਅਦਾਲਤ ਸਾਹਮਣੇ ਹਾਜਰ ਨਹੀਂ ਹੋਏ। ਅਦਾਲਤ ਨੇ ਹੁਣ ਇਨ੍ਹਾਂ ਹਵਾਲਾਤੀਆਂ ਦੀਆਂ ਜ਼ਮਾਨਤਾਂ ਦੇਣ ਵਾਲਿਆਂ ਨੂੰ ਨੋਟਿਸ ਜਾਰੀ ਕੀਤਾ ਹੈ। ਸਹਾਇਕ ਜੇਲ੍ਹ ਸੁਪਰਡੈਂਟ ਹਰਪ੍ਰੀਤ ਸਿੰਘ ਨੇ ਮੰਨਿਆ ਹੈ ਕਿ ਕੁਝ ਕੈਦੀ ਪੈਰੋਲ ਦਾ ਸਮਾਂ ਖਤਮ ਹੋਣ ਤੋਂ ਬਾਅਦ ਵਾਪਸ ਨਹੀਂ ਆਏ ਅਤੇ ਉਨ੍ਹਾਂ ਖਿਲਾਫ ਜੇਲ੍ਹ ਨੇ ਸਬੰਧਤ ਥਾਣਿਆਂ 'ਚ ਸ਼ਿਕਾਇਤ ਦਰਜ




ਕਰਵਾਈ ਹੈ ਅਤੇ ਪੰਜਾਬ ਗੁੱਡ ਕੰਡਕਟ ਪਰਿਜ਼ਨਰ ਐਕਟ 1962 ਤਹਿਤ ਮਾਮਲਾ ਦਰਜ ਕਰਵਾਇਆ ਗਿਆ ਹੈ। ਜਿਲ੍ਹਾ ਪੁਲਿਸ ਮੁਖੀ ਸਵਰਨਦੀਪ ਸਿੰਘ ਨੇ ਕਿਹਾ ਕਿ ਰੂਪੋਸ਼ ਹੋਣ ਵਾਲੇ ਕੈਦੀਆਂ ਤੇ ਹਵਾਲਾਤੀਆ ਦੀ ਭਾਲ ਕੀਤੀ ਜਾ ਰਹੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਮਈ 2021*

# ਅਲਵਿਦਾ ਤੋਂ ਬਾਅਦ...

ਦਿੱਲੀ ਦੇ ਉਘੇ ਸ਼ਾਇਰ ਤਾਰਾ ਸਿੰਘ ਕਾਮਿਲ ਦੀ ਇਕ ਕਵਿਤਾ ਦੀਆਂ ਦੋ ਸਤਰਾਂ ਹਨ: 'ਅਲਵਿਦਾ ਤਾਂ ਹੋ ਗਈ / ਅਲਵਿਦਾ ਤੋਂ ਬਾਅਦ ਮਿਲ'। 'ਪੰਜਾਬ ਟਾਈਮਜ਼' ਦੇ ਕਰਤਾ-ਧਰਤਾ ਅਤੇ ਇਸ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਾਲੀ ਸ਼ਖਸੀਅਤ ਅਮੋਲਕ ਸਿੰਘ ਦੀ ਸਰੀਰਕ ਅਲਵਿਦਾਈ ਤੋਂ ਬਾਅਦ ਇਹ ਅਗਲੀ ਮਿਲਣੀ ਹੈ ਜਿਸ ਵਿਚ ਅਸੀਂ ਸਾਰੇ, ਉਨ੍ਹਾਂ ਦੇ ਸਨੇਹੀ ਅਤੇ ਸੰਗੀ-ਸਾਥੀ, ਇਸ ਮਿਲਣੀ ਵਿਚ ਸ਼ਰੀਕ ਹਾਂ। ਇਸ ਮਿਲਣੀ ਦਾ ਸਬਬ ਉਹ ਲਗਾਤਾਰਤਾ ਹੈ ਜੋ ਅਮੋਲਕ ਸਿੰਘ ਹੁਰਾਂ ਪਿਛਲੇ 21 ਵਰ੍ਹਿਆਂ ਦੌਰਾਨ 'ਪੰਜਾਬ ਟਾਈਮਜ਼' ਦੇ ਰੂਪ ਵਿਚ ਸਾਡੇ ਨਾਲ ਸਾਂਝੀ ਕੀਤੀ। ਇਨ੍ਹਾਂ ਦੋ ਦਹਾਕਿਆਂ ਦੌਰਾਨ ਇਸ ਲਗਾਤਾਰਤਾ ਅੰਦਰ ਇੰਨਾ ਨਿੱਘ ਆਣ ਸਮੋਇਆ ਹੈ ਕਿ ਇਸ ਨਿੱਘ ਦੀ ਬਦੌਲਤ ਹੀ ਅਗਲੀਆਂ ਮਿਲਣੀਆਂ ਦਾ ਬੰਨ੍ਹ-ਸੁਬ੍ਹ ਕੀਤਾ ਜਾ ਰਿਹਾ ਹੈ। ਇਸ ਲਗਾਤਾਰਤਾ ਲਈ ਲਗਨ ਅਮੋਲਕ ਸਿੰਘ ਅੰਦਰ ਉਦੋਂ ਹੀ ਉਸਲਵੱਟੇ ਲੈਣ ਲੱਗ ਪਈ ਸੀ ਜਦੋਂ 'ਪੰਜਾਬ ਟਾਈਮਜ਼ ਦਾ ਮੂੰਹ-ਮੱਥਾ ਬਣਨਾ ਸ਼ੁਰੂ ਹੋਇਆ ਹੀ ਸੀ ਅਤੇ ਵੱਖ-ਵੱਖ ਹਲਕਿਆਂ ਅੰਦਰ 'ਪੰਜਾਬ ਟਾਈਮਜ਼' ਦਾ ਨੋਟਿਸ ਲੈਣਾ ਆਰੰਭ ਹੋ ਗਿਆ ਸੀ। ਇਹ ਉਹ ਦੌਰ ਸੀ ਜਦੋਂ 'ਪੰਜਾਬ ਟਾਈਮਜ਼' ਦੀ ਚੜ੍ਹਤ ਦੇ ਨਾਲ-ਨਾਲ ਉਨ੍ਹਾਂ ਦੇ ਸਰੀਰ ਅੰਦਰ ਪਲ ਰਹੀ ਮਰਜ਼ ਵੀ ਆਪਣਾ ਰੰਗ ਦਿਖਾਉਣ ਲੱਗ ਪਈ ਸੀ। ਇਹੀ ਉਹ ਦੌਰ ਸੀ ਜਦੋਂ ਅਮੋਲਕ ਸਿੰਘ ਹੁਰਾਂ ਆਪਣੇ ਪੱਤਰਕਾਰ ਮਿੱਤਰ ਨਰਿੰਦਰ ਭੁੱਲਰ ਨੂੰ 'ਪੰਜਾਬ ਟਾਈਮਜ਼' ਦੇ ਸੰਭਾਵੀ ਸਾਥੀ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਸ ਨੂੰ ਆਪਣੇ ਨਾਲ ਪੱਕੇ ਤੌਰ 'ਤੇ ਜੋੜਨ ਲਈ ਹੀਲੇ-ਵਸੀਲੇ ਵੀ ਆਰੰਭ ਕਰ ਦਿੱਤੇ ਸਨ ਪਰ ਦੋ ਮਿਸਾਲੀ ਮਿੱਤਰਾਂ ਦੀ ਇਹ ਲਗਨ ਅੱਧ ਵਿਚਾਲਿਓਂ ਟੁੱਟ ਗਈ ਅਤੇ ਨਰਿੰਦਰ ਭੁੱਲਰ 2007 ਵਿਚ ਚਾਣਚੱਕ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਿਆ। ਸ਼ਾਇਦ ਇਹੀ ਉਹ ਵਕਤ ਸੀ ਜਦੋਂ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਸਰੀਰਕ ਮਰਜ਼ ਨਾਲ ਲੜਾਈ ਦੇ ਨਾਲ-ਨਾਲ 'ਪੰਜਾਬ ਟਾਈਮਜ਼' ਦੀ ਮੁਕੰਮਲ ਅਗਵਾਈ ਉਨ੍ਹਾਂ ਦੇ ਹਿੱਸੇ ਹੀ ਆਉਣੀ ਹੈ। ਫਿਰ ਨਰਿੰਦਰ ਭੁੱਲਰ ਵਾਲੀ ਘਾਟ ਨੂੰ ਉਨ੍ਹਾਂ ਨੇ ਸੱਜਣਾਂ-ਸਨੇਹੀਆਂ ਦਾ ਦਾਇਰਾ ਹੋਰ ਵਸੀਹ ਕਰ ਕੇ ਪੂਰਾ ਕਰਨ ਦਾ ਯਤਨ ਕੀਤਾ ਅਤੇ ਅੱਜ 'ਪੰਜਾਬ ਟਾਈਮਜ਼' ਜਿਸ ਮੁਕਾਮ 'ਤੇ ਹੈ, ਉਹ ਇਸ ਗੱਲ ਦਾ ਗਵਾਹ ਹੈ ਕਿ ਉਨ੍ਹਾਂ ਦੇ ਯਤਨਾਂ ਨੇ ਕਿੰਨੀ ਉਚੀ ਉਡਾਣ ਭਰੀ ਹੈ।

ਅਮਰੀਕਾ ਦੀ ਧਰਤੀ ਉਤੇ ਪੰਜਾਬੀ ਪੱਤਰਕਾਰੀ ਦਾ ਸੂਹਾ ਸਫਾ ਪਿਛਲੀ ਸਦੀ ਦੇ ਦੂਜੇ ਦਹਾਕੇ ਦੌਰਾਨ ਗਦਰੀਆਂ ਨੇ ਲਿਖਣਾ ਆਰੰਭਿਆ ਸੀ। ਗਦਰੀਆਂ ਦਾ ਦਾਇਆ ਬਹੁਤ ਵੱਡਾ ਸੀ ਅਤੇ ਗਦਰੀਆਂ ਦਾ ਉਸ ਵਕਤ ਸੰਸਾਰ ਦੀ ਕਹਿੰਦੀ-ਕਹਾਉਂਦੀ ਸਥਾਪਤੀ ਨੂੰ ਖਦੇੜਨ ਦਾ ਸੁਪਨਾ ਲੈਣਾ ਬਿਨਾਂ ਸ਼ੱਕ ਕੋਈ ਸਾਧਾਰਨ ਗੱਲ ਨਹੀਂ ਸੀ। ਇਸ ਕਾਰਜ ਲਈ ਉਹ ਹਰ ਵਰਗ ਨੂੰ ਆਪਣੇ ਨਾਲ ਲੈ ਕੇ ਚੱਲ ਰਹੇ ਸਨ। ਉਨ੍ਹਾਂ ਦੀ ਲੜਾਈ ਦੀ ਵਡਿਆਈ ਇਸ ਤੱਥ ਅੰਦਰ ਵੀ ਲੁਕੀ ਹੋਈ ਹੈ ਕਿ ਉਨ੍ਹਾਂ ਜਿਊੜਿਆਂ ਨੇ ਆਪਣੀਆਂ ਸਿਆਸੀ ਸਰਗਰਮੀਆਂ ਦੇ ਪ੍ਰਚਾਰ ਲਈ ਅਖਬਾਰ ਸ਼ੁਰੂ ਕਰਨ ਦੀ ਪਹਿਲ ਕੀਤੀ। ਇਹ ਅਸਲ ਵਿਚ ਚੇਤਨਾ ਦੀ ਚਿਣਗ ਸੀ। 'ਪੰਜਾਬ ਟਾਈਮਜ਼' ਦਾ ਆਧਾਰ ਵੀ ਚੇਤਨਾ ਦੀ ਇਹ ਚਿਣਗ ਹੀ ਸੀ ਅਤੇ ਅਮੋਲਕ ਸਿੰਘ ਹੁਰਾਂ ਚੇਤਨਾ ਦੀ ਇਸ ਚਿਣਗ ਨੂੰ ਦੀਵੇ ਵਾਲੀ ਲਾਟ ਵਿਚ ਵਟਾਉਣ ਲਈ ਪੂਰੀ ਵਾਹ ਲਾ ਦਿੱਤੀ। ਫਿਰ ਇਸ ਦੀ ਅਗਲੀ ਕੜੀ ਵਜੋਂ ਹੀ 'ਪੰਜਾਬ ਟਾਈਮਜ਼ ਨਾਈਟ' ਨਮੂਦਾਰ ਹੋਈ ਜੋ ਪਿਛਲੇ ਕਈ ਸਾਲਾਂ ਤੋਂ 'ਪੰਜਾਬ ਟਾਈਮਜ਼' ਵਾਂਗ ਹੀ ਨਿਰਵਿਘਨ ਹਾਜ਼ਰੀ ਲੁਆਉਂਦੀ ਰਹੀ। ਸਾਲ 2020 ਵਿਚ ਕਰੋਨਾ ਦੀ ਮਾਰ ਕਾਰਨ ਇਹ ਨਾਈਟ ਅਚਾਨਕ ਰੱਦ ਕਰਨੀ ਪਈ ਸੀ ਅਤੇ ਐਤਕੀਂ ਵੀ ਇਸੇ ਮਾਰ ਕਾਰਨ ਇਹ 'ਨਾਈਟ' ਜਿਸ ਨੂੰ ਪਰਚੇ ਦੇ ਸਨੇਹੀ ਹੁਣ ਮੇਲਾ ਆਖਣ ਲੱਗ ਪਏ ਸਨ, ਸੰਭਵ ਨਹੀਂ ਹੋ ਸਕੀ। ਉਂਜ, ਜੋ ਕੁਝ ਸੰਭਵ ਹੋ ਸਕਿਆ, ਉਹ ਇਹ ਸੀ ਕਿ 'ਪੰਜਾਬ ਟਾਈਮਜ਼' ਕਰੋਨਾ ਦੇ ਔਖੇ ਵੇਲਿਆਂ ਅਤੇ ਲੱਖ ਦੁਸ਼ਵਾਰੀਆਂ ਦੇ ਬਾਵਜੂਦ ਸਨੇਹੀਆਂ ਦੇ ਦਰਾਂ 'ਤੇ ਲਗਾਤਾਰ ਦਸਤਕ ਦਿੰਦਾ ਰਿਹਾ ਹੈ। ਕਰੋਨਾ ਕਾਰਨ ਪਿਛਲੇ ਇਕ ਸਾਲ ਤੋਂ ਪਰਚੇ ਦੀ ਛਪਾਈ ਸੰਭਵ ਨਹੀਂ ਹੋ ਸਕੀ ਪਰ ਪਰਚੇ ਦੇ ਮੁਹੱਬਤੀਆਂ ਨੇ ਆਨਲਾਈਨ ਪੁੱਜਦੇ ਪਰਚੇ ਨੂੰ ਜੋ ਮਾਣ ਬਖਸ਼ਿਆ ਹੈ, ਉਹ ਅਸਲ ਵਿਚ ਅਮੋਲਕ ਸਿੰਘ ਦੀ ਸ਼ਖਸੀਅਤ ਦਾ ਹੀ ਕੋਈ ਜਲੌਅ ਹੈ।

ਸ਼ਖਸੀਅਤ ਦਾ ਇਹ ਜਲੌਅ ਪਿਛਲੇ ਦੋ ਦਹਾਕਿਆਂ ਦੌਰਾਨ ਬਹਿਸਾਂ ਦੇ ਰੂਪ ਵਿਚ ਪਰਚੇ ਦੇ ਪੰਨਿਆਂ ਉਤੇ ਲਗਾਤਾਰ ਉਤਰਦਾ ਰਿਹਾ ਹੈ। ਇਨ੍ਹਾਂ ਬਹਿਸਾਂ ਵਿਚ ਹਰ ਵੰਨਗੀ ਅਤੇ ਵਿਚਾਰਧਾਰਾ ਦੇ ਵਿਦਵਾਨ ਸ਼ਾਮਿਲ ਹੁੰਦੇ ਰਹੇ ਹਨ। ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇ ਕਥਨ 'ਕਿਛੁ ਸੁਣੀਐ ਕਿਛੁ ਕਹੀਐ' ਦੀ ਰੌਸ਼ਨੀ ਵਿਚ 'ਪੰਜਾਬ ਟਾਈਮਜ਼' ਅਜਿਹਾ ਮੰਚ ਹੋ ਨਿਬੜਿਆ ਜਿਥੇ ਖਲੋ ਕੇ ਹਰ ਕੋਈ ਆਪਣੀ ਗੱਲ ਕਹਿ ਸਕਦਾ ਸੀ ਅਤੇ ਦੂਜਿਆਂ ਦੀ ਸੁਣ ਸਕਦਾ ਸੀ। ਇਸ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਸੱਚਮੁੱਚ ਨਿਆਰਾ ਤੇ ਨਿਵੇਕਲਾ ਨਜ਼ਰੀਂ ਪੈਂਦਾ ਹੈ ਅਤੇ ਇਸ ਦੇ ਮੁਹੱਬਤੀਆਂ ਦਾ ਜਿਹੜਾ ਵਿਸ਼ਾਲ ਕਾਫਲਾ ਦਿਸਦਾ ਹੈ, ਉਸ ਦਾ ਮੁੱਖ ਆਧਾਰ ਵੀ ਇਹੀ ਪਹੁੰਚ ਹੈ। ਉਂਜ, ਅਜਿਹੀ ਪਹੁੰਚ ਦੀ ਪ੍ਰੀਖਿਆ ਬੇਹੱਦ ਸਖਤ ਸੀ। ਅਮੋਲਕ ਸਿੰਘ ਹੁਰਾਂ ਅਤੇ ਉਨ੍ਹਾਂ ਦੇ ਲਾਏ ਬੂਟੇ ਨੇ ਇਹ ਪ੍ਰੀਖਿਆ ਬਹੁਤ ਸਹਿਜ ਨਾਲ ਅਤੇ ਅਡੋਲ ਰਹਿ ਕੇ ਪਾਸ ਕੀਤੀ ਹੈ। ਹੁਣ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਇਹ ਪ੍ਰੀਖਿਆ ਸਾਡੇ ਸਭਨਾਂ ਲਈ ਚੁਣੌਤੀ ਦੇ ਰੂਪ ਵਿਚ ਸਾਹਮਣੇ ਖੜ੍ਹੀ ਹੈ। ਕਰੋਨਾ ਦਾ ਕਹਿਰ ਭਾਵੇਂ ਅਜੇ ਟੁੱਟਿਆ ਨਹੀਂ ਹੈ ਪਰ ਜ਼ਿੰਦਗੀ ਆਪਣੇ ਲਈ ਨਿੱਤ ਨਵੇਂ ਰਾਹ ਲੱਭ ਲੈਂਦੀ ਹੈ। ਇਹ ਰਾਹ ਤਲਾਸ਼ਦਿਆਂ 'ਪੰਜਾਬੀ ਟਾਈਮਜ਼' ਆਪਣੇ ਲਈ ਖਾਸ ਰਾਹ ਤਲਾਸ਼ ਕਰਨ ਵਿਚ ਕਾਮਯਾਬ ਹੋ ਸਕਿਆ ਹੈ ਅਤੇ ਇਹ ਇਸੇ ਧੜਕਦੀ ਜ਼ਿੰਦਗੀ ਦਾ ਕੋਈ ਅੰਸ਼ ਜਾਪਦਾ ਹੈ। ਅਗਲੇ ਰਾਹ ਪਹਿਲਾਂ ਵਾਲੇ ਰਾਹਾਂ ਵਾਂਗ, ਬਿਨਾਂ ਸ਼ੱਕ ਬਿਖੜੇ ਹੀ ਹੋਣਗੇ ਪਰ ਪੱਤਰਕਾਰੀ ਦੇ ਪਿੜ ਵਿਚ ਇਤਿਹਾਸਕ ਰੋਲ ਨਿਭਾਉਣ ਵਾਲੇ ਇਸ ਪਰਚੇ ਨੂੰ ਮਾਣ ਹੈ ਕਿ ਪਰਚੇ ਦਾ ਇਹ ਸਫਰ ਪੰਜਾਬੀ ਪਿਆਰਿਆਂ ਦੇ ਸਨੇਹ ਨੇ ਸੰਭਵ ਬਣਾਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿਟ ਸਿੱਟ ਕੇ ਹੋਰ ਸਿਟ?*

'ਬਖਸ਼ੇ ਜਾਣਗੇ ਦੋਸ਼ੀ' ਨਹੀਂ ਆਖ ਮੂੰਹੋਂ, ਅੰਦਰਖਾਤੇ ਪਰ 'ਯਾਰ' ਬਚਾਉਣਗੇ ਜੀ।
ਫੜਨੀ ਧੌਣ ਨਾ ਕਿਸੇ ਨੇ ਦੋਸ਼ੀਆਂ ਦੀ, ਵੋਟਾਂ ਵਾਸਤੇ ਮਸਲਾ ਲਮਕਾਉਣਗੇ ਜੀ।
'ਤਿਣਕਾ' ਚੋਰ ਦੀ ਦਾੜ੍ਹੀ ਵਿਚ ਸਾਫ ਦਿਸੇ, ਛਲ-ਕਪਟ ਦੇ ਨਾਲ ਛੁਪਾਉਣਗੇ ਜੀ।
'ਫਖਰੇ-ਕੌਮ' ਹੈ ਪੰਥ ਦਾ 'ਪਰਮ ਸੇਵਕ', 'ਹੁਕਮਨਾਮੇ' ਵੀ ਜਾਰੀ ਕਰਵਾਉਣਗੇ ਜੀ।
ਮੋਹਰੇ ਅਹਿਮ ਸਵਾਲ ਪੰਜਾਬੀਆਂ ਦੇ, ਧੋਖੇਬਾਜ਼ਾਂ ਨੂੰ ਸਬਕ ਸਿਖਾਉਣਗੇ ਜੀ।
ਪਹਿਲੀ 'ਸਿਟ' ਤਾਂ ਸਿੱਟ 'ਤੀ ਖੱਲ ਖੂੰਜੇ, ਨਵੀਂ 'ਸਿਟ' ਹੁਣ ਹੋਰ ਬਣਾਉਣਗੇ ਜੀ!

# ਇੱਕ ਸਾਲ ਦਾ ਸਫਰ ਅਤੇ ਸਬਕ

***ਸੱਤ ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੁੱਕੇ ਜਾਣ ਵਾਲੇ ਹਰ ਪ੍ਰਸ਼ਾਸਕੀ ਕਦਮ ਤੋਂ ਨਿੱਜੀ ਭੱਲ ਖੱਟਣ ਦੀ ਲਾਲਸਾ ਅਮੁੱਕ ਹੈ। ਗੈਸ ਸਿਲੰਡਰ ਵੰਡਣ ਦੀ ਯੋਜਨਾ ਹੋਵੇ ਜਾਂ ਕੋਵਿਡ-19 ਟੀਕਾ ਲੁਆਈ ਦੀ ਪ੍ਰਮਾਣ-ਪਰਚੀ, ਹਰ ਥਾਂ ਤਸਵੀਰ ਪ੍ਰਧਾਨ ਮੰਤਰੀ ਦੀ ਹੁੰਦੀ ਹੈ, ਸਾਰਾ ਕ੍ਰੈਡਿਟ ਵੀ ਉਸੇ ਦੇ ਖਾਤੇ ਪਾਇਆ ਜਾਂਦਾ ਹੈ। ਹੁਣ ਪ੍ਰਧਾਨ ਮੰਤਰੀ ਦਾ ਪ੍ਰਚਾਰ ਤੰਤਰ ਜੋ ਮਰਜ਼ੀ ਸਪਸ਼ਟੀਕਰਨ ਘੜਦਾ ਰਹੇ, ਇਸ ਕਿਸਮ ਦੀ ਘੋਰ ਅਤੇ ਮੁਜਰਮਾਨਾ ਅਣਗਹਿਲੀ ਲਈ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਹੀ ਜ਼ਿੰਮੇਵਾਰ ਹੈ।***

ਪਿਛਲੇ ਸਾਲ ਇਨ੍ਹੀਂ ਦਿਨੀਂ ਸਾਰਾ ਮੁਲਕ ਅਚਨਚੇਤ ਥੋਪੇ ਲੌਕਡਾਊਨ ਹੇਠ ਸੀ ਤੇ ਖਬਰਾਂ ਭੋਖੜੇ ਅਤੇ ਬੇਕਾਰੀ ਦੇ ਮਾਰੇ ਲੱਖਾਂ ਕਾਮਿਆਂ ਦੇ ਆਪੋ-ਆਪਣੇ ਪਿੰਡਾਂ ਵੱਲ ਪੈਦਲ ਮਾਰਚਾਂ ਅਤੇ ਰਾਹ ਵਿਚ ਹੀ ਸੈਂਕੜਿਆਂ ਦੇ ਦਮ ਤੋੜ ਜਾਣ ਦੀਆਂ ਦਰਦਨਾਕ ਕਹਾਣੀਆਂ ਨਾਲ ਭਰੀਆਂ ਹੋਈਆਂ ਸਨ। ਹੁਣ ਇਕ ਸਾਲ ਬਾਅਦ ਖਬਰਾਂ ਸ਼ਹਿਰ-ਦਰ-ਸ਼ਹਿਰ, ਸੂਬਾ-ਦਰ-ਸੂਬਾ ਤੇਜ਼ੀ ਨਾਲ ਲੱਖਾਂ ਲੋਕਾਂ ਵਿਚ ਫੈਲ ਰਹੀ ਬਿਮਾਰੀ, ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਮੌਤਾਂ ਅਤੇ ਹਸਪਤਾਲਾਂ ਵਿਚ ਆਕਸੀਜਨ ਦੀ ਘਾਟ ਕਾਰਨ ਸੈਂਕੜਿਆਂ ਦੇ ਦਮ ਤੋੜ ਜਾਣ ਦੀਆਂ ਹੌਲਨਾਕ ਕਹਾਣੀਆਂ ਨਾਲ ਭਰੀਆਂ ਹੋਈਆਂ ਹਨ।



**ਸੁਕੀਰਤ**
ਫੋਨ: +91-93162-02025

ਪਿਛਲੇ ਸਾਲ, ਇਨ੍ਹੀਂ ਦਿਨੀਂ ਸਾਰਾ ਮੁਲਕ ਆਪੋ-ਆਪਣੇ ਘਰੀਂ ਅੰਦਰ ਵੜ ਕੇ ਬੈਠਾ ਹੋਇਆ ਸੀ। ਹੁਣ ਇਕ ਸਾਲ ਬਾਅਦ ਸ਼ਹਿਰ-ਦਰ-ਸ਼ਹਿਰ ਲੋਕ ਆਪੋ-ਆਪਣੇ ਰੋਗੀਆਂ ਨੂੰ ਲੈ ਕੇ ਹਸਪਤਾਲਾਂ ਵਿਚ ਭਟਕ ਰਹੇ ਹਨ ਤੇ ਜਿਹੜੇ ਬਦਕਿਸਮਤ ਚੁਫੇਰੇ ਫੈਲੀ ਬਦਇੰਤਜ਼ਾਮੀ ਕਾਰਨ ਆਪਣੇ ਪਿਆਰਿਆਂ ਨੂੰ ਬਚਾ ਨਹੀਂ ਸਕੇ, ਉਨ੍ਹਾਂ ਦੀਆਂ ਲੋਥਾਂ ਚੁੱਕੀ ਤੁਰੇ ਪਏ ਸ਼ਮਸ਼ਾਨਾਂ ਵਿਚ ਸਿਵਿਆਂ ਲਈ ਥਾਂ ਭਾਲਦੇ ਖੱਜਲ ਹੋ ਰਹੇ ਹਨ।

ਪਿਛਲੇ ਸਾਲ, ਇਨ੍ਹੀਂ ਦਿਨੀਂ ਆਪਣੇ ਪ੍ਰਧਾਨ ਮੰਤਰੀ ਦੀ ਸਰਬਸ਼ਕਤੀਮਾਨਤਾ ਵਿਚ ਯਕੀਨ ਰੱਖਣ ਵਾਲੇ ਲੋਕ ਉਸ ਦੇ ਆਖੇ ਕਦੇ ਟੱਲੀਆਂ-ਭਾਂਡੇ ਖੜਕਾ ਤੇ ਕਦੇ ਮੋਮਬੱਤੀਆਂ ਬਾਲ ਕੇ 'ਭਾਰਤੀ' ਢੰਗ ਨਾਲ ਕਰੋਨਾ ਉਤੇ ਫਤਿਹ ਪਾ ਲੈਣ ਦਾ ਭਰਮ ਪਾਲ ਰਹੇ ਸਨ। ਹੁਣ ਸਾਲ ਬਾਅਦ ਉਹੀ ਲੋਕ ਵ੍ਹੱਟਸਐਪ ਰਾਹੀਂ ਇਕ ਦੂਜੇ ਨੂੰ ਘਰ ਬਹਿ ਕੇ ਈਸ਼ਵਰ ਦਾ ਸ਼ੁਕਰ ਮਨਾਉਣ ਦੀਆਂ ਨਸੀਹਤਾਂ ਦੇ ਰਹੇ ਹਨ ਕਿ ਸਾਡੇ ਸਿਰਾਂ ਤੇ ਛਤ ਹੈ, ਸਾਡੇ ਕੋਲ ਬੈਂਕਾਂ ਵਿਚ ਜਮ੍ਹਾਂ ਪੂੰਜੀ ਹੈ, ਸਾਡੇ ਫਰਿੱਜ ਖਾਣ-ਪਦਾਰਥਾਂ ਤੋਂ ਖਾਲੀ ਨਹੀਂ, ਕਿ ਸਾਡੀ ਹਾਲਤ ਬਾਕੀਆਂ ਨਾਲੋਂ ਬਿਹਤਰ ਹੈ।

ਪਿਛਲੇ ਸਾਲ, ਇਨ੍ਹੀਂ ਦਿਨੀਂ ਪ੍ਰਧਾਨ ਮੰਤਰੀ ਨੇ ਕਰੋਨਾ ਨਾਲ ਸਿੱਝਣ ਲਈ ਆਪਣੇ ਨਾਂ ਹੇਠ ਪੀ.ਐਮ. ਕੇਅਰਜ਼ (ਸ਼ਾਬਦਿਕ ਅਰਥ 'ਪ੍ਰਧਾਨ ਮੰਤਰੀ ਨੂੰ ਫਿਕਰ ਹੈ') ਫੰਡ ਸਿਰਜ ਕੇ ਕਰੋੜਾਂ ਰੁਪਏ ਇਕੱਤਰ ਕੀਤੇ ਸਨ; ਹੁਣ ਇਕ ਸਾਲ ਬਾਅਦ ਸਵਾਲ ਇਹ ਹੈ ਕਿ ਪ੍ਰਧਾਨ ਮੰਤਰੀ ਨੂੰ ਕੋਈ ਫਿਕਰ ਹੈ ਵੀ ਕਿ ਨਹੀਂ?

ਪਿਛਲੇ ਸਾਲ, ਇਨ੍ਹਾਂ ਦਿਨਾਂ ਤੋਂ ਇਕ ਮਹੀਨਾ ਪਹਿਲਾਂ ਪ੍ਰਧਾਨ ਮੰਤਰੀ ਨੇ ਉਸੇ ਦਿਨ ਰਾਤ ਦੇ 12 ਵਜੇ ਤੋਂ ਸਾਰੇ ਮੁਲਕ ਵਿਚ ਚਾਣਚੱਕ 21 ਦਿਨ ਦੀ ਤਾਲਾਬੰਦੀ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਕਰੋਨਾ ਵਾਇਰਸ ਨਾਲ ਜੰਗ ਫਤਿਹ ਕਰਨ ਲਈ ਇਹ ਕੁਰਬਾਨੀ ਜ਼ਰੂਰੀ ਹੈ। ਉਸ ਦਿਨ ਪ੍ਰਧਾਨ ਸੈਨਾਪਤੀ ਨੂੰ ਆਪਣੇ ਇਸ ਜੇਤੂ ਪੈਂਤੜੇ ਦੀ ਕਾਰਗਰਤਾ ਤੇ ਇੰਨਾ ਯਕੀਨ ਸੀ ਕਿ ਇਹੋ ਜਿਹਾ ਹੁਕਮ ਜਾਰੀ ਕਰ ਕੇ ਸਾਰੇ ਮੁਲਕ ਨੂੰ ਰਾਤੋ-ਰਾਤ ਥਾਏਂ ਜਕੜ ਦੇਣ ਦਾ ਫੈਸਲਾ ਕਰਨ ਤੋਂ ਪਹਿਲਾਂ ਸੂਬਿਆਂ ਦੇ ਮੁੱਖ ਮੰਤਰੀਆਂ ਦਾ ਮਸ਼ਵਰਾ ਤਕ ਲੈਣ ਦੀ ਲੋੜ ਨਾ ਸਮਝੀ ਗਈ। ਹੁਣ 13 ਮਹੀਨੇ ਬਾਅਦ ਜਦੋਂ ਸਾਰਾ ਮੁਲਕ ਕਰੋਨਾ ਵਾਇਰਸ ਦੀ ਦੂਜੀ ਤੇ ਪਹਿਲੀ ਨਾਲੋਂ ਕਿਤੇ ਵੱਧ ਭਿਆਨਕ ਲਹਿਰ ਦੀ ਮਾਰ ਹੇਠ ਹੈ, ਰੋਜ਼ਾਨਾ 3 ਲੱਖ ਤੋਂ ਵੱਧ ਨਵੇਂ ਕੇਸ ਤੇ 3 ਹਜ਼ਾਰ ਦੇ ਗੇੜ ਵਿਚ ਮੌਤਾਂ ਹੋ ਰਹੀਆਂ ਹਨ, ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਸੂਬਿਆਂ ਦੇ ਮੁੱਖ ਮੰਤਰੀ ਆਪਣੇ ਰਾਜਾਂ ਵਿਚ ਇੰਤਜ਼ਾਮ ਸੁਧਾਰਨ, ਲੌਕਡਾਊਨ ਨੂੰ ਆਖਰੀ ਹਥਿਆਰ ਵਜੋਂ ਹੀ ਵਰਤਣ। ਇਸ ਨਾਲ ਅਰਥਵਿਵਸਥਾ ਦਾ ਨੁਕਸਾਨ ਹੁੰਦਾ ਹੈ।

13 ਮਹੀਨੇ ਪਹਿਲਾਂ ਭਾਰਤ ਵਿਚ ਦੁਨੀਆ ਦਾ ਸਭ ਤੋਂ ਵੱਧ ਕਰੜਾ, ਤੇ ਸਭ ਤੋਂ ਲੰਮਾ ਸਮਾਂ ਚੱਲਣ ਵਾਲਾ ਲੌਕਡਾਊਨ ਲਾਇਆ ਗਿਆ ਸੀ ਤੇ ਅੱਜ ਭਾਰਤ ਵਿਚ ਰੋਜ਼ਾਨਾ ਇੰਨੇ ਨਵੇਂ ਰੋਗੀ ਕਰੋਨਾ ਦੀ ਮਾਰ ਹੇਠ ਆ ਰਹੇ ਹਨ ਜਿੰਨੇ ਦੁਨੀਆ ਦੇ ਕਿਸੇ ਮੁਲਕ ਵਿਚ ਨਹੀਂ ਆਏ। ਇਨ੍ਹਾਂ 13 ਮਹੀਨਿਆਂ ਵਿਚ ਹੋਇਆ ਕੀ?

ਮਈ 2020 ਵਿਚ ਹੀ ਸਾਨੂੰ ਦੱਸਿਆ ਗਿਆ ਕਿ ਭਾਰਤ ਹੁਣ ਆਤਮ-ਨਿਰਭਰਤਾ ਦੀ ਰਾਹ ਤੁਰ ਪਿਆ ਹੈ ਅਤੇ ਕੋਵਿਡ-19 ਦੀ ਵੈਕਸੀਨ ਆਪ ਤਿਆਰ ਕਰੇਗਾ। 15 ਅਗਸਤ ਤਕ ਵੈਕਸੀਨ ਦੇ ਆਮ ਜਨਤਾ ਦੀ ਵਰਤੋਂ ਲਈ ਤਿਆਰ ਹੋ ਜਾਣ ਦੀ ਤਰੀਕ ਵੀ ਐਲਾਨ ਦਿੱਤੀ ਗਈ। ਜਨਤਾ ਨੇ ਸੁੱਖ ਦਾ ਸਾਹ ਲਿਆ ਪਰ ਸਿਆਣੇ ਸਿਹਤ ਵਿਗਿਆਨੀਆਂ ਨੇ ਉਸੇ ਵੇਲੇ ਇਸ ਹਵਾਈ ਕਹਾਣੀ ਤੇ ਕਿੰਤੂ ਕੀਤਾ ਕਿਉਂਕਿ ਕਿਸੇ ਵੀ ਨਵੀਂ ਦਵਾਈ ਨੂੰ ਆਮ ਵਰਤੋਂ ਲਈ ਜਾਰੀ ਕਰਨ ਤੋਂ ਪਹਿਲਾਂ ਉਸ ਨੂੰ ਕਰੜੀ ਤੇ ਬਹੁਪੱਖੀ ਪੜਤਾਲ ਦੇ ਪੜਾਵਾਂ ਵਿਚੋਂ ਲੰਘਾਉਣਾ ਜ਼ਰੂਰੀ ਹੁੰਦਾ ਹੈ। 15 ਅਗਸਤ ਆਈ, ਏਡੀ ਛੇਤੀ ਕੋਈ ਵੈਕਸੀਨ ਤਿਆਰ ਨਹੀਂ ਸੀ ਹੋ ਸਕਣੀ ਪਰ ਲਾਲ ਕਿਲ੍ਹੇ ਦੀ ਫਸੀਲ ਤੋਂ ਆਪਣੇ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਭਾਰਤ ਦੇ ਵਿਗਿਆਨੀ ਇਕ ਨਹੀਂ, ਤਿੰਨ ਤਿੰਨ ਵੈਕਸੀਨ ਤਿਆਰ ਕਰ ਰਹੇ ਹਨ ਜੋ ਛੇਤੀ ਹੀ ਹਰ ਭਾਰਤੀ ਸ਼ਹਿਰੀ ਨੂੰ ਮੁਹੱਈਆ ਹੋਣਗੀਆਂ।

ਨਵੰਬਰ 2020 ਵਿਚ ਬਿਹਾਰ ਵਿਚ ਹੋਈਆਂ ਚੋਣਾਂ ਵੇਲੇ ਵੈਕਸੀਨ ਨੂੰ ਚੋਣ ਪ੍ਰਚਾਰ ਤਕ ਲਈ ਵਰਤਿਆ ਗਿਆ; ਅਖੇ, ਭਾਜਪਾ ਸਰਕਾਰ ਹਰ ਬਿਹਾਰੀ ਨੂੰ ਮੁਫਤ ਟੀਕਾ ਲਾਏਗੀ, ਹਾਲਾਂਕਿ ਉਦੋਂ ਤਕ ਕਿਸੇ ਵੈਕਸੀਨ ਨੂੰ ਮਨਜ਼ੂਰੀ ਨਹੀਂ ਸੀ ਮਿਲੀ। ਹਮੇਸ਼ਾ ਚੋਣ ਪ੍ਰਚਾਰ ਵਿਚ ਹੀ ਰੁੱਝੀ ਰਹਿਣ ਵਾਲੀ ਅਤੇ ਫੋਕੇ ਵਾਅਦੇ ਕਰਨਾ ਗਿੱਝੀ ਸਰਕਾਰ ਨੇ ਇਸ ਗੱਲ ਨੂੰ ਗੌਲਿਆ ਹੀ ਨਹੀਂ ਕਿ ਰੋਗ ਮਾਹਿਰਾਂ ਨੇ ਦੂਜੇ ਮੁਲਕਾਂ ਦੇ ਤਜਰਬੇ ਵੱਲ ਦੇਖਦਿਆਂ ਨਵੰਬਰ 2020 ਵਿਚ ਹੀ ਇਸ ਗੱਲ ਬਾਰੇ ਚਿਤਾਵਨੀ ਦੇਣੀ ਸ਼ੁਰੂ ਕਰ ਦਿੱਤੀ ਸੀ ਕਿ ਕੋਵਿਡ-19 ਦੀ ਵਧੇਰੇ ਖਤਰਨਾਕ ਦੂਜੀ ਲਹਿਰ ਲਈ ਤਿਆਰ ਰਹਿਣਾ ਪਵੇਗਾ ਅਤੇ ਹਸਪਤਾਲਾਂ ਲਈ ਆਕਸੀਜਨ ਸਪਲਾਈ ਦੀ ਸਮਰੱਥਾ ਨੂੰ ਫੌਰੀ ਤੌਰ ਤੇ ਵਧਾਉਣ ਦੀ ਲੋੜ ਹੈ।

ਉਧਰ ਕੋਵੀਸ਼ੀਲਡ ਵੈਕਸੀਨ ਬਣਾਉਣ ਵਾਲੇ ਸੀਰਮ ਇੰਸਟੀਚਿਊਟ ਦੀ ਇਸ ਬੇਨਤੀ ਨੂੰ ਵੀ ਨਾ ਗੌਲਿਆ ਗਿਆ ਕਿ 140 ਕਰੋੜ ਦੀ ਆਬਾਦੀ ਵਾਲੇ ਮੁਲਕ ਦੇ ਲੋਕਾਂ ਨੂੰ ਛੇਤੀ ਵੈਕਸੀਨ ਮੁਹੱਈਆ ਕਰਨ ਲਈ 3000 ਕਰੋੜ ਦੇ ਨਿਵੇਸ਼ ਦੀ ਫੌਰੀ ਲੋੜ ਹੈ ਤਾਂ ਜੋ ਟੀਕੇ ਬਣਾਉਣ ਦੀ ਸਮਰੱਥਾ ਨੂੰ ਵਧਾਇਆ ਜਾ ਸਕੇ, ਨਹੀਂ ਤਾਂ ਨਤੀਜੇ ਭਿਆਨਕ ਹੋਣਗੇ। ਇਨ੍ਹਾਂ ਚਿਤਾਵਨੀਆਂ ਨੂੰ ਗੌਲਣਾ ਤਾਂ ਕੀ ਸੀ, ਹਮੇਸ਼ਾ ਆਪਣੀ ਪਿੱਠ ਥਾਪੜਨ ਵਿਚ ਰੁੱਝੀ ਰਹਿਣ ਵਾਲੀ ਸਰਕਾਰ ਨੇ 2021 ਦੇ ਮੁੱਢ ਵਿਚ ਪਹਿਲੇ ਟੀਕਿਆਂ ਦੀ ਵਰਤੋਂ ਸ਼ੁਰੂ ਹੁੰਦੇ ਸਾਰ ਹੀ ਐਲਾਨ ਕਰ ਦਿੱਤਾ ਕਿ ਭਾਰਤ ਨੇ ਕੋਵਿਡ-19 ਨੂੰ ਪਛਾੜ ਦਿੱਤਾ ਹੈ, ਸਾਡਾ ਮੁਲਕ ਇਸ ਲੜਾਈ ਵਿਚ ਮੋਹਰੀ (ਵਿਸ਼ਵ ਗੁਰੂ) ਸਾਬਿਤ ਹੋਇਆ ਹੈ ਅਤੇ ਸਾਰੀ ਦੁਨੀਆ ਦੀਆਂ ਨਜ਼ਰਾਂ ਇਸ ਵੇਲੇ ਭਾਰਤ ਅਤੇ ਨਰਿੰਦਰ ਮੋਦੀ ਦੀ ਅਗਵਾਈ ਤੇ ਟਿਕੀਆਂ ਹੋਈਆਂ ਹਨ।

ਫਰਵਰੀ 2021 ਵਿਚ ਅਜੇ ਭਾਰਤੀ ਵਸੋਂ ਦੇ ਇੱਕ ਫੀਸਦੀ ਦਾ ਵੀ ਟੀਕਾਕਰਨ ਨਹੀਂ ਸੀ ਹੋਇਆ, ਜਦੋਂ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਦੁਨੀਆ ਦਾ ਦਵਾਈ-ਭੰਡਾਰ ਗਰਦਾਨਦਿਆਂ 'ਵੈਕਸੀਨ ਮੈਤਰੀ' ਪ੍ਰੋਗਰਾਮ ਤਹਿਤ ਲੋੜਵੰਦ ਮੁਲਕਾਂ ਦੀ ਮਦਦ ਕਰਨ ਲਈ ਮੈਦਾਨ ਵਿਚ ਨਿੱਤਰਨ ਦੇ ਵਾਅਦੇ ਕਰ ਦਿੱਤੇ। ਵੈਕਸੀਨ ਹੁਣ ਵਿਸ਼ਵ ਪੱਧਰ ਤੇ ਮੋਦੀ ਦੀ ਬਤੌਰ ਹੀਰੋ ਭੱਲ ਬਣਾਉਣ ਦੇ ਸੰਦ ਵਜੋਂ ਵਰਤੀ ਜਾਣ ਲੱਗੀ।

ਕੁੰਭ ਦਾ ਮੇਲਾ ਆਉਣ ਵਾਲਾ ਸੀ, ਰਵਾਇਤ ਮੁਤਾਬਿਕ ਲੱਖਾਂ ਲੋਕਾਂ ਦੀਆਂ ਭੀੜਾਂ ਜੁੜਨੀਆਂ ਸਨ ਪਰ ਹਿੰਦੂ ਵੋਟਰਾਂ ਦੀਆਂ ਭਾਵਨਾਵਾਂ ਨੂੰ ਤਰਜੀਹ ਦਿੰਦਿਆਂ ਸਰਕਾਰ ਵੱਲੋਂ ਇਸ ਨੂੰ ਰੋਕਣ ਦੇ ਕੋਈ ਦਿਸ਼ਾ ਨਿਰਦੇਸ਼ ਨਹੀਂ ਸਨ। ਉਹੋ ਸਰਕਾਰ ਜਿਸ ਨੇ ਪਿਛਲੇ ਸਾਲ ਸ਼ਾਹੀਨ ਬਾਗ, ਤਬਲੀਗੀ ਮਿਲਣੀਆਂ ਤੇ ਕਿਸਾਨ ਮੋਰਚਿਆਂ ਸਮੇਤ ਕਿਸੇ ਵੀ ਕਿਸਮ ਦੇ ਰੋਸ ਇਕੱਠ ਨੂੰ ਕਰੋਨਾ-ਫੈਲਾਊ ਭੀੜਾਂ ਸਾਬਤ ਕਰਨ ਲਈ ਹਰ ਪੈਂਤੜਾ ਵਰਤਿਆ ਸੀ, ਹੁਣ ਚੁੱਪ ਸਾਧ ਕੇ ਬੈਠੀ ਹੋਈ ਸੀ। ਜਦੋਂ ਮਾਰਚ ਮਹੀਨੇ ਸਪਸ਼ਟ ਦਿਸਣ ਲਗ ਪਿਆ ਕਿ ਮੁਲਕ ਕਰੋਨਾ ਦੇ ਦੂਜੇ ਦੌਰ ਵਿਚ ਦਾਖਲ ਹੋ ਚੁੱਕਾ ਹੈ ਤੇ ਇਸ ਦੋਗਲੇ ਵਤੀਰੇ ਦੀ ਆਲੋਚਨਾ ਸ਼ੁਰੂ ਹੋਈ ਤਾਂ ਉਤਰਾਖੰਡ ਦੇ ਮੁੱਖ ਮੰਤਰੀ ਨੇ ਕਿਹਾ, "ਕੁੰਭ ਦਾ ਮੇਲਾ ਗੰਗਾ ਕੰਢੇ ਹੁੰਦਾ ਹੈ। ਇਸ ਨੂੰ ਗੰਗਾ ਮਈਆ ਦਾ ਆਸ਼ੀਰਵਾਦ ਹੈ, ਇਸ ਲਈ ਇਸ ਉਤੇ ਕਰੋਨਾ ਦਾ ਪ੍ਰਕੋਪ ਹੋਵੇਗਾ ਹੀ ਨਹੀਂ।" ਦੂਜੇ ਪਾਸੇ, ਬੰਗਾਲ ਦੀਆਂ ਚੋਣਾਂ ਹਰ ਹੀਲੇ ਜਿੱਤਣ ਲਈ ਉਥੋਂ ਦੀ ਚੋਣ ਪ੍ਰਕਿਰਿਆ ਨੂੰ ਸਵਾ ਮਹੀਨੇ ਦੇ ਵਕਫੇ ਉਤੇ ਖਿਲਾਰ ਦਿੱਤਾ ਗਿਆ ਤਾਂ ਜੋ ਉਸ ਵਿਚ ਵੱਧ ਤੋਂ ਵੱਧ ਚੋਣ ਰੈਲੀਆਂ ਕੀਤੀਆਂ ਜਾ ਸਕਣ। ਟੀ.ਵੀ. ਰਾਹੀਂ 'ਦੋ ਗਜ਼ ਕੀ ਦੂਰੀ' ਅਤੇ 'ਮਾਸਕ ਪਾ ਕੇ ਰੱਖਣ' ਦੀਆਂ ਨਸੀਹਤਾਂ ਦੇਣ ਵਾਲੇ ਪ੍ਰਧਾਨ ਮੰਤਰੀ ਨੇ ਨਾ ਸਿਰਫ ਥਾਂ ਪੁਰ ਥਾਂ ਆਪ ਬਿਨਾਂ ਮਾਸਕ ਰੈਲੀਆਂ ਕੀਤੀਆਂ ਸਗੋਂ ਸਟੇਜ ਤੋਂ ਇਸ ਗੱਲ ਦੀ ਤਸੱਲੀ ਵੀ ਪ੍ਰਗਟਾਈ ਕਿ ਇੰਨੀਆਂ ਵੱਡੀਆਂ ਰੈਲੀਆਂ ਤਾਂ ਉਸ ਨੇ ਕਦੀ ਦੇਖੀਆਂ ਹੀ ਨਹੀਂ।

ਕਰੋਨਾ ਨੂੰ ਮਾਤ ਦੇ ਲੈਣ ਦੇ ਝੂਠੇ ਦਮਗਜਿਆਂ, ਤੱਥਹੀਣ ਦਾਅਵਿਆਂ, ਅੰਧਵਿਸ਼ਵਾਸ ਉਪਜਾਊ ਬਿਆਨਾਂ ਤੇ ਸਰਕਾਰ ਦੇ ਆਪਣੇ ਵਿਹਾਰ ਦਾ ਅਸਰ ਇਹ ਹੋਇਆ ਕਿ ਮੁਲਕ ਵਿਚ ਭੰਬਲਭੂਸੇ ਦਾ ਅਜੀਬ ਮਾਹੌਲ ਸਿਰਜਿਆ ਗਿਆ। ਕਈਆਂ ਨੂੰ ਕਰੋਨਾ ਦੀ ਸੱਚਮੁੱਚ ਹੋਂਦ ਤੇ ਹੀ ਸ਼ੱਕ ਸੀ ਤੇ ਕਈ ਹੋਰਨਾਂ ਨੂੰ ਸਰਕਾਰੀ ਦਾਅਵਿਆਂ ਕਾਰਨ ਲੱਗਣ ਲੱਗ ਪਿਆ ਕਿ ਕਰੋਨਾ ਨੂੰ ਹੁਣ ਕਾਬੂ ਕਰ ਲਿਆ ਗਿਆ ਹੈ। ਵੈਕਸੀਨ ਬਾਰੇ ਵਾਰ ਵਾਰ ਬਦਲਦੇ ਬਿਆਨਾਂ ਕਾਰਨ ਕਈਆਂ ਦਾ ਇਸ ਤੋਂ ਵਿਸ਼ਵਾਸ ਹੀ ਉਠ ਗਿਆ ਤੇ ਕਈਆਂ ਨੂੰ ਜਾਪਣ ਲੱਗ ਪਿਆ ਕਿ ਇਸ ਦੀ ਹੁਣ ਲੋੜ ਹੀ ਕੋਈ ਨਹੀਂ ਰਹੀ। ਉਧਰ ਸਿਹਤ ਸੇਵਾਵਾਂ ਨਾਲ ਜੁੜੇ ਮਾਹਿਰ, ਉਨ੍ਹਾਂ ਦੀਆਂ ਚਿਤਾਵਨੀਆਂ ਨੂੰ ਗੰਭੀਰਤਾ ਨਾਲ ਲੈ ਰਹੇ ਵੱਖ ਵੱਖ ਰਾਜਾਂ ਦੇ ਮੁੱਖ ਮੰਤਰੀ ਵਾਰ ਵਾਰ ਕੇਂਦਰ ਨਾਲ ਆਕਸੀਜਨ ਦੀ ਘਾਟ ਅਤੇ ਵੱਧ ਤੋਂ ਵੱਧ ਵਸੋਂ ਦੇ ਛੇਤੀ ਤੋਂ ਛੇਤੀ ਟੀਕਾਕਰਨ ਕਰਨ ਦੀ ਫੌਰੀ ਲੋੜ ਲਈ ਵੈਕਸੀਨ ਦੀ ਤੋਟ ਬਾਰੇ ਸਵਾਲ ਉਠਾ ਰਹੇ ਸਨ ਪਰ ਕੇਂਦਰ ਸਰਕਾਰ ਇਨ੍ਹਾਂ ਮੰਗਾਂ ਨੂੰ ਵਿਰੋਧੀ ਧਿਰ ਦੀ ਸਿਆਸੀ ਹਾਲ-ਪਾਹਰਿਆ ਗਰਦਾਨ ਕੇ ਹਉ-ਪਰੇ ਕਰ ਰਹੀ ਸੀ। ਹੋਰ ਤਾਂ ਹੋਰ, ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਅੱਜ ਦੇ ਪ੍ਰਧਾਨ ਮੰਤਰੀ ਨੂੰ ਕੋਵਿਡ-19 ਨਾਲ ਸਿੱਝਣ ਲਈ ਕੁਝ ਫੌਰੀ ਸੁਝਾਅ ਦਿੰਦਾ ਖਤ ਵੀ ਸਿਆਸੀ ਉਸ਼ਟੰਡਬਾਜ਼ੀ ਕਹਿ ਕੇ ਨਕਾਰ ਦਿੱਤਾ ਗਿਆ।

ਸਰਕਾਰ ਦੇ ਇਸ ਹਿਕਾਰਤੀ ਅਵੇਸਲੇਪਣ ਅਤੇ ਆਪਣੀ ਸਰਬਸ਼ਕਤੀਮਾਨਤਾ ਤੇ ਭਰੋਸੇ ਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ। ਸ਼ਹਿਰ ਦਰ ਸ਼ਹਿਰ, ਪਿੰਡ ਦਰ ਪਿੰਡ ਤੋਂ ਆਉਣ ਵਾਲੀਆਂ ਖਬਰਾਂ ਅਤੇ ਤਸਵੀਰਾਂ ਇੰਨੀਆਂ ਭਿਆਨਕ ਹਨ ਕਿ ਇਹ ਸੋਚ ਕੇ ਹੀ ਦਿਲ ਦਹਿਲਦਾ ਹੈ ਕਿ ਆਉਣ ਵਾਲੇ ਦਿਨ ਇਸ ਤੋਂ ਕਿਤੇ ਵਧ ਤਬਾਹਕੁਨ ਸਾਬਿਤ ਹੋ ਸਕਦੇ ਹਨ।

ਸੱਤ ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਪ੍ਰਧਾਨ ਮੰਤਰੀ ਨੂੰ ਚੁੱਕੇ ਜਾਣ ਵਾਲੇ ਹਰ ਪ੍ਰਸ਼ਾਸਕੀ ਕਦਮ ਤੋਂ ਨਿੱਜੀ ਭੱਲ ਖੱਟਣ ਦੀ ਲਾਲਸਾ ਅਮੁੱਕ ਹੈ। ਗੈਸ ਸਿਲੰਡਰ ਵੰਡਣ ਦੀ ਯੋਜਨਾ ਹੋਵੇ ਜਾਂ ਕੋਵਿਡ-19 ਟੀਕਾ ਲੁਆਈ ਦੀ ਪ੍ਰਮਾਣ-ਪਰਚੀ, ਹਰ ਥਾਂ ਤਸਵੀਰ ਪ੍ਰਧਾਨ ਮੰਤਰੀ ਦੀ ਹੁੰਦੀ ਹੈ, ਸਾਰਾ ਕ੍ਰੈਡਿਟ ਵੀ ਉਸੇ ਦੇ ਖਾਤੇ ਪਾਇਆ ਜਾਂਦਾ ਹੈ। ਹੁਣ ਪ੍ਰਧਾਨ ਮੰਤਰੀ ਦਾ ਪ੍ਰਚਾਰ ਤੰਤਰ ਜੋ ਮਰਜ਼ੀ ਸਪਸ਼ਟੀਕਰਨ ਘੜਦਾ ਰਹੇ, ਇਸ ਕਿਸਮ ਦੀ ਘੋਰ ਅਤੇ ਮੁਜਰਮਾਨਾ ਅਣਗਹਿਲੀ ਲਈ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਹੀ ਜ਼ਿੰਮੇਵਾਰ ਹੈ।

# ਮਹਾਮਾਰੀ ਅਤੇ ਸਵੈ-ਨਿਰਭਰਤਾ ਦਾ ਦੰਭ

ਪਿਛਲੇ ਹਫਤਿਆਂ ਤੋਂ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆ ਰਹੀਆਂ ਖਬਰਾਂ ਖੌਫਨਾਕ ਹਨ। ਇਕ ਵਾਰ ਫਿਰ ਹਸਪਤਾਲਾਂ 'ਚ ਆਪਾ-ਧਾਪਾ ਮੱਚੀ ਹੋਈ ਹੈ। ਪਰਵਾਸੀ ਮਜ਼ਦੂਰਾਂ ਅੰਦਰ ਡਰ ਅਤੇ ਕੰਮਕਾਜੀ ਲੋਕਾਂ 'ਚ ਚਿੰਤਾ ਦਾ ਆਲਮ ਹੈ। ਕਰੋਨਾ ਦੇ ਮਾਮਲੇ 'ਚ ਭਾਰਤ ਦੁਨੀਆ 'ਚ ਪਹਿਲੇ ਨੰਬਰ 'ਤੇ ਆ ਗਿਆ ਹੈ! ਕੋਵਿਡ-19 ਦੀ ਦੂਜੀ ਲਹਿਰ ਨਾਲ ਨਜਿੱਠਣ ਵਿਚ ਨਿਹਾਇਤ ਬਦਇੰਤਜ਼ਾਮੀ ਅਤੇ ਇਸ ਨਾਲ ਮੱਚੀ ਹਾਹਾਕਾਰ ਨੇ ਇਹ ਹਕੀਕਤ ਜੱਗ ਜ਼ਾਹਿਰ ਕਰ ਦਿੱਤੀ ਹੈ ਕਿ ਭਾਰਤ ਦਾ ਰਾਜ ਪ੍ਰਬੰਧ ਦੰਭ 'ਤੇ ਆਧਾਰਿਤ ਅਤੇ ਘੋਰ ਇਨਸਾਨ ਵਿਰੋਧੀ ਬਣ ਚੁੱਕਾ ਹੈ।

ਪਿਛਲੇ ਸਾਲ ਮਨਮਾਨੇ ਤਰੀਕੇ ਨਾਲ ਜੋ ਲੌਕਡਾਊਨ ਥੋਪਿਆ ਗਿਆ, ਉਸ ਦੀ ਕਰੋਨਾ ਮਹਾਮਾਰੀ ਉਪਰ ਕਾਬੂ ਪਾਉਣ 'ਚ ਤਾਂ ਕੋਈ ਭੂਮਿਕਾ ਨਹੀਂ ਸੀ, ਉਸ ਨੇ ਆਰਥਿਕਤਾ ਦਾ ਬੇੜਾ ਗਰਕ ਜ਼ਰੂਰ ਕਰ ਦਿੱਤਾ। ਵਾਰ-ਵਾਰ ਇਹ ਦਾਅਵੇ

**ਬੂਟਾ ਸਿੰਘ**
ਫੋਨ: +91-94634-74342

ਕੀਤੇ ਗਏ ਕਿ ਅਸੀਂ ਹੋਰ ਮੁਲਕਾਂ ਦੇ ਮੁਕਾਬਲੇ ਕਰੋਨਾ ਨਾਲ ਬਿਹਤਰ ਰੂਪ 'ਚ ਨਜਿੱਠ ਰਹੇ ਹਾਂ ਅਤੇ ਵੈਕਸੀਨ ਤਿਆਰ ਕਰ ਕੇ ਸਵੈ-ਨਿਰਭਰ ਬਣ ਰਹੇ ਹਾਂ। ਸਰਕਾਰੀ ਦਾਅਵਿਆਂ ਮੁਤਾਬਿਕ 2020 ਦੇ ਅਖੀਰ ਵਿਚ ਕਰੋਨਾ ਲਾਗ ਉਪਰ ਕਾਬੂ ਪਾ ਲਿਆ ਗਿਆ ਸੀ, ਹੁਣ ਸਿਰਫ ਲਾਗ ਦੇ ਅਗਲੇ ਫੈਲਾਅ ਨੂੰ ਰੋਕਣ ਦੀ ਚੁਣੌਤੀ ਸੀ। ਫਰਵਰੀ ਤੱਕ ਮੋਦੀ ਅਤੇ ਬੀ. ਜੇ. ਪੀ. ਕਰੋਨਾ 'ਸੁਨਾਮੀ' ਨੂੰ ਪਛਾੜ ਦੇਣ ਦੀ ਕਾਮਯਾਬੀ ਲਈ ਆਪਣੀ ਪਿੱਠ ਬੇਸ਼ਰਮੀ ਨਾਲ ਥਾਪੜ ਰਹੇ ਸਨ ਅਤੇ 'ਵੈਕਸੀਨ ਮੈਤਰੀ' ਦੇ ਨਾਂ ਹੇਠ ਹੋਰ ਮੁਲਕਾਂ ਦੀ ਮਦਦ ਕਰਨ ਦੇ ਦਮਗਜੇ ਮਾਰੇ ਜਾ ਰਹੇ ਸਨ। ਮਾਰਚ ਮਹੀਨੇ ਮੋਦੀ ਦੀ ਆਲਮੀ ਮਸ਼ਹੂਰੀ ਲਈ ਕੈਨੇਡਾ ਵਿਚ ਇਕ ਇੰਡੋ-ਕੈਨੇਡੀਅਨ ਗਰੁੱਪ ਦੀ ਸਰਪ੍ਰਸਤੀ ਵਾਲੇ ਬਿੱਲਬੋਰਡ ਲਗਾ ਕੇ ਭਾਰਤ ਦਾ ਬਣਾਇਆ ਵੈਕਸੀਨ ਵਿਦੇਸ਼ਾਂ ਨੂੰ ਭੇਜਣ ਦਾ ਪ੍ਰਚਾਰ ਕੀਤਾ ਗਿਆ ਜਦੋਂਕਿ ਖੁਦ ਭਾਰਤ ਅੰਦਰ ਇਸ ਦੀ ਭਰੋਸਯੋਗਤਾ ਤੇ ਵੈਕਸੀਨ ਦੀ ਅਸਰਕਾਰੀ ਦੇ ਸਰਕਾਰੀ ਦਾਅਵੇ ਸਵਾਲਾਂ ਦੇ ਘੇਰੇ ਵਿਚ ਹਨ। ਵੈਕਸੀਨ ਲਗਾ ਲੈਣ ਤੋਂ ਬਾਅਦ ਕਰੋਨਾ ਦੀ ਲਪੇਟ ਵਿਚ ਆਉਣ ਵਾਲਿਆਂ ਬਾਰੇ ਡੇਟਾ ਅਲੱਗ ਵਿਵਾਦਾਂ 'ਚ ਘਿਰਿਆ ਹੋਇਆ ਹੈ।

ਕਰੋਨਾ ਨਾਲ ਮੱਚੀ ਹਾਹਾਕਾਰ ਦੇ ਹਾਲਾਤ 'ਚ ਵੀ ਮੁਲਕ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ, ਦੋਵੇਂ ਬੰਗਾਲ ਦੀ ਚੋਣ ਮੁਹਿੰਮ ਵਿਚ ਐਨੇ ਮਸਰੂਫ ਰਹੇ ਕਿ ਕਰੋਨਾ ਦੇ ਮੁੜ ਫੈਲਣ ਦੀਆਂ ਮੀਡੀਆ ਰਿਪੋਰਟਾਂ ਦੇ ਬਾਵਜੂਦ ਮੋਦੀ ਨੇ 20 ਅਪਰੈਲ ਤੋਂ ਪਹਿਲਾਂ ਕਰੋਨਾ ਦੇ ਸਵਾਲ ਨੂੰ ਮੁਖਾਤਿਬ ਹੋਣ ਦੀ ਕੋਈ ਲੋੜ ਨਹੀਂ ਸਮਝੀ। ਬਹੁਤ ਲੋਕਾਂ ਨੂੰ 2020 ਦੇ ਤੱਥ ਚੇਤੇ ਹੋਣਗੇ ਕਿ ਦੁਨੀਆ ਭਰ 'ਚ ਕਰੋਨਾ ਮਹਾਮਾਰੀ ਦੇ ਬਾਵਜੂਦ ਆਰ. ਐਸ. ਐਸ.-ਭਾਜਪਾ ਸਰਕਾਰ 'ਨਮਸਤੇ ਟਰੰਪ' ਵਰਗੇ ਆਡੰਬਰਾਂ 'ਚ ਮਦਹੋਸ਼ ਸੀ ਅਤੇ ਇਸ ਨੇ ਆਪਣੀ ਮੁਜਰਮਾਨਾ ਕੋਤਾਹੀ ਨੂੰ ਮੰਨ ਕੇ ਢੁਕਵੀਂ ਵਿਉਂਤਬੰਦੀ ਕਰਨ ਦੀ ਬਜਾਏ ਮੁਲਕ ਨੂੰ ਅਣਮਿੱਥੇ ਲਾਕਡਾਊਨ ਦੇ ਹਵਾਲੇ ਕਰ ਦਿੱਤਾ ਸੀ। ਅਖੌਤੀ 'ਮਜ਼ਬੂਤ' ਤਾਨਾਸ਼ਾਹਾਂ ਦੀ ਇਹ ਵਿਲੱਖਣ ਖਾਸੀਅਤ ਹੁੰਦੀ ਹੈ ਕਿ ਉਹ ਆਪਣੀ ਗਲਤੀ ਕਦੇ ਨਹੀਂ ਮੰਨਦੇ। ਉਹ ਹਮੇਸ਼ਾ ਆਪਣੇ ਮਜ਼ਬੂਤ ਅਕਸ ਨੂੰ ਖੋਰਾ ਲੱਗਣ ਦੇ ਖੌਫ ਹੇਠ ਜਿਊਂਦੇ ਹਨ। ਮੋਦੀ ਜੁੰਡਲੀ ਵੀ ਆਪਣੀ ਮੁਜਰਮਾਨਾ ਲਾਪ੍ਰਵਾਹੀ ਕਦੇ ਨਹੀਂ ਮੰਨੇਗੀ ਅਤੇ ਆਪਣਾ 'ਅਜਿੱਤ' ਅਕਸ ਬਣਾਈ ਰੱਖਣ ਲਈ ਗੁੰਮਰਾਹਕੁਨ ਬਿਆਨਬਾਜ਼ੀ ਅਤੇ ਝੂਠੇ ਦਾਅਵਿਆਂ ਦਾ ਸਿਲਸਿਲਾ ਜਾਰੀ ਰੱਖੇਗੀ।

ਇਸ ਵਾਰ ਤਾਂ ਹਾਲਤ ਪਿਛਲੇ ਸਾਲ ਵਾਂਗ ਅੱਗ ਲੱਗੀ 'ਤੇ ਖੂਹ ਪੁੱਟਣ ਵਾਲੀ ਵੀ ਨਹੀਂ ਸੀ। ਹੁਕਮਰਾਨਾਂ ਕੋਲ ਅਗਲੇ ਸੰਕਟ ਦੇ ਟਾਕਰੇ ਲਈ ਤਿਆਰੀ ਅਤੇ ਲੋੜੀਂਦੇ ਇੰਤਜ਼ਾਮ ਕਰਨ ਦਾ ਖੁੱਲ੍ਹਾ ਸਮਾਂ ਸੀ; ਲੇਕਿਨ ਕਰੋਨਾ ਵਾਇਰਸ ਦੇ ਮੁੜ ਤੇਜ਼ੀ ਨਾਲ ਫੈਲਣ ਦੇ ਅੰਕੜਿਆਂ ਦੌਰਾਨ ਦਿੱਲੀ ਅਤੇ ਹੋਰ ਸ਼ਹਿਰਾਂ ਦੇ ਹਸਪਤਾਲਾਂ ਦੀ ਜੋ ਖੌਫਨਾਕ ਤਸਵੀਰ ਸਾਹਮਣੇ ਆ ਰਹੀ ਹੈ, ਉਹ ਮੁਜਰਮਾਨਾ ਬਦਇੰਤਜ਼ਾਮੀ ਦਾ ਮੂੰਹ ਬੋਲਦਾ ਸਬੂਤ ਹੈ। ਮੁਲਕ ਦੀ ਰਾਜਧਾਨੀ ਸਮੇਤ ਬਹੁਤ ਸਾਰੇ ਸ਼ਹਿਰਾਂ ਦੇ ਹਸਪਤਾਲ ਆਕਸੀਜਨ ਦੇ ਗੰਭੀਰ ਸੰਕਟ ਨਾਲ ਜੂਝ ਰਹੇ ਹਨ। ਹਸਪਤਾਲਾਂ ਦੇ ਪ੍ਰਬੰਧਕ ਮਰੀਜ਼ਾਂ ਦੇ ਵਾਰਿਸਾਂ ਨੂੰ ਆਕਸੀਜਨ ਦੇ ਇੰਤਜ਼ਾਮ ਕਰਨ ਲਈ ਕਹਿ ਰਹੇ ਹਨ। ਆਕਸੀਜਨ ਦੇ ਸਿਲੰਡਰ ਲੁੱਟਣ ਦੀਆਂ ਰਿਪੋਰਟਾਂ ਹਨ। ਵਿਸ਼ੇਸ਼ ਕੋਵਿਡ ਹਸਪਤਾਲਾਂ ਅਤੇ ਵਿਸ਼ੇਸ਼ ਕੋਵਿਡ ਵਾਰਡਾਂ 'ਚ ਮਰੀਜ਼ਾਂ ਨੂੰ ਸਾਂਭਣ ਦੇ ਇੰਤਜ਼ਾਮ ਨਹੀਂ। ਆਕਸੀਜਨ ਲੱਗੇ ਮਰੀਜ਼ ਹਸਪਤਾਲਾਂ ਦੇ ਵਾਰਡਾਂ ਤੋਂ ਬਾਹਰ ਰੁਲ ਰਹੇ ਹਨ। ਸੁਰੱਖਿਆ ਅਮਲਾ ਹੋਰ ਗੰਭੀਰ ਅਤੇ ਜਾਨਲੇਵਾ ਬਿਮਾਰੀਆਂ ਦੇ ਮਰੀਜ਼ਾਂ ਨੂੰ ਹਸਪਤਾਲਾਂ ਵਿਚ ਵੜਨ ਨਹੀਂ ਦੇ ਰਿਹਾ। ਪ੍ਰਾਈਵੇਟ ਹਸਪਤਾਲ ਮਰੀਜ਼ਾਂ ਦੀ ਇਸ ਬੇਵਸੀ ਅਤੇ ਖੌਫਜ਼ਦਾ ਹਾਲਤ ਦਾ ਲਾਹਾ ਲੈ ਰਹੇ ਹਨ। ਆਕਸੀਜਨ, ਕੋਵਿਡ ਨਾਲ ਸਬੰਧਤ ਦਵਾਈਆਂ ਅਤੇ ਹੋਰ ਲੋੜੀਂਦੇ ਸਮਾਨ ਦੀ ਸ਼ਰੇਆਮ ਕਾਲਾਬਜ਼ਾਰੀ ਹੋ ਰਹੀ ਹੈ।

ਜਦੋਂ 'ਨਾਸਾ' ਮੰਗਲ ਗ੍ਰਹਿ ਉਪਰ ਆਕਸੀਜਨ ਪੈਦਾ ਕਰ ਲੈਣ ਦੇ ਖੁਸ਼ਗਵਾਰ ਐਲਾਨ ਕਰ ਰਿਹਾ ਹੈ ਤਾਂ 'ਵਿਕਾਸ ਪੁਰਸ਼' ਦੀ ਅਗਵਾਈ ਹੇਠ 'ਵਿਸ਼ਵ ਗੁਰੂ' ਹੋਣ ਦਾ ਦਾਅਵੇਦਾਰ 136 ਕਰੋੜ ਲੋਕਾਂ ਦਾ ਮੁਲਕ ਆਕਸੀਜਨ ਦੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਹੈ। ਸਿਵਿਆਂ ਅਤੇ ਕਬਰਸਤਾਨਾਂ 'ਚ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਜਗ੍ਹਾ ਨਹੀਂ ਮਿਲ ਰਹੀ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ ਰੋਜ਼ਾਨਾ 2000 ਤੋਂ ਉਪਰ ਲੋਕ ਕਰੋਨਾ ਨਾਲ ਮਰ ਰਹੇ ਹਨ ਅਤੇ ਇਹ ਗਿਣਤੀ 2800 ਤੋਂ ਵਧ ਗਈ ਹੈ। ਦੈਨਿਕ ਭਾਸਕਰ ਨੇ ਨਿਊ ਯਾਰਕ ਟਾਈਮਜ਼ ਦੇ ਹਵਾਲੇ ਨਾਲ ਫਰੰਟ ਪੇਜ ਖਬਰ ਛਾਪੀ ਹੈ ਕਿ ਭਾਰਤ ਵਿਚ ਮੌਤਾਂ ਦੀ ਅਸਲ ਗਿਣਤੀ ਸਰਕਾਰੀ ਅੰਕੜਿਆਂ ਤੋਂ ਪੰਜ ਗੁਣਾਂ ਜ਼ਿਆਦਾ ਹੈ ਅਤੇ ਕੇਂਦਰ ਸਰਕਾਰ ਰਾਜਾਂ ਉਪਰ ਗਿਣਤੀ ਦਬਾਉਣ ਲਈ ਦਬਾਓ ਪਾ ਰਹੀ ਹੈ। ਸਰਕਾਰੀ ਅੰਕੜਿਆਂ ਦੀ ਬੇਭਰੋਸਗੀ ਦਾ ਸਬੂਤ ਇਹ ਹੈ ਕਿ ਗੁਜਰਾਤ ਹਾਈਕੋਰਟ ਨੇ ਸਰਕਾਰ ਨੂੰ ਕਰੋਨਾ ਦੇ ਮਰੀਜ਼ਾਂ ਅਤੇ ਮੌਤਾਂ ਦੇ ਸਹੀ ਅੰਕੜੇ ਦੱਸਣ ਲਈ ਕਿਹਾ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਦੀਆਂ ਰਿਪੋਰਟਾਂ ਹਨ ਕਿ ਭੋਪਾਲ ਵਿਚ 13 ਦਿਨ 'ਚ 1000 ਮੌਤਾਂ ਹੋਈਆਂ ਪਰ ਸਰਕਾਰੀ ਅੰਕੜਿਆਂ 'ਚ 41 ਦੱਸੀਆਂ ਗਈਆਂ। 1984 ਦੇ ਯੂਨੀਅਨ ਕਾਰਬਾਈਡ ਗੈਸ ਕਾਂਡ ਤੋਂ ਬਾਅਦ ਪਹਿਲੀ ਵਾਰ ਭੋਪਾਲ ਸ਼ਹਿਰ ਦੇ ਸ਼ਮਸ਼ਾਨਘਾਟਾਂ ਅਤੇ



ਕਬਰਸਤਾਨਾਂ 'ਚ ਉਸੇ ਪੈਮਾਨੇ 'ਤੇ ਲਾਸ਼ਾਂ ਦੀ ਆਮਦ ਹੋ ਰਹੀ ਹੈ। ਦਿੱਲੀ ਵਿਚ 22 ਅਪਰੈਲ ਨੂੰ ਕਰੋਨਾ ਵਾਇਰਸ ਨਾਲ ਸਬੰਧਤ 306 ਮੌਤਾਂ ਹੋਈਆਂ ਜੋ ਜਨਵਰੀ ਤੋਂ ਲੈ ਕੇ ਇਕ ਦਿਨ ਵਿਚ ਮੌਤਾਂ ਦੀ ਸਭ ਤੋਂ ਵੱਡੀ ਤਾਦਾਦ ਸੀ।

ਜਿਸ ਮੁਲਕ ਦੇ ਪ੍ਰਸ਼ਾਸਨ ਨੂੰ ਮਹਾਮਾਰੀ ਦੇ ਦੁਬਾਰਾ ਫੈਲਣ ਦੀ ਸੰਭਾਵਨਾ ਦੇ ਮੱਦੇਨਜ਼ਰ ਤਿਆਰੀ ਲਈ ਇਕ ਸਾਲ ਦਾ ਸਮਾਂ ਮਿਲਿਆ ਹੋਵੇ, ਉਸ ਦੇ ਪੱਧਰ 'ਤੇ ਇਸ ਤੋਂ ਵੱਧ ਮੁਜਰਮਾਨਾ ਲਾਪ੍ਰਵਾਹੀ ਕੀ ਹੋ ਸਕਦੀ ਹੈ। ਅਨੈਤਿਕਤਾ ਦੀ ਹੱਦ ਇਹ ਹੈ ਕਿ ਇਕ ਵਾਰ ਫਿਰ ਦੇਸ਼ ਅਤੇ ਦੁਨੀਆ ਨੂੰ ਮੂਰਖ ਬਣਾਉਣ ਲਈ 'ਐਮਰਜੈਂਸੀ' ਕਦਮ ਚੁੱਕਣ ਦੇ ਐਲਾਨ ਕੀਤੇ ਜਾ ਰਹੇ ਹਨ। 'ਸਵੈ-ਨਿਰਭਰਤਾ' ਦਾ ਹਾਲ ਇਹ ਹੈ ਕਿ ਹਸਪਤਾਲਾਂ ਲਈ ਪੂਰੀ ਆਕਸੀਜਨ ਵੀ ਨਹੀਂ ਹੈ।

ਹਾਲ ਹੀ ਵਿਚ ਪ੍ਰਧਾਨ ਮੰਤਰੀ ਨੇ ਪੀ. ਐਮ. ਕੇਅਰਜ਼ ਫੰਡ ਵਿਚੋਂ ਪੂਰੇ ਮੁਲਕ ਵਿਚ ਆਕਸੀਜਨ ਦੇ 551 ਐਮਰਜੈਂਸੀ ਪਲਾਂਟ ਲਗਾਉਣ ਨੂੰ ਮਨਜ਼ੂਰੀ ਦੇਣ ਦਾ ਐਲਾਨ ਕੀਤਾ ਹੈ। ਪੀ. ਐਮ. ਕੇਅਰ ਫੰਡ ਦੇ ਨਾਂ ਹੇਠ ਬਟੋਰਿਆ ਪੈਸਾ ਕਿੱਥੇ ਖਰਚ ਕੀਤਾ ਗਿਆ, ਉਸ ਦਾ ਕੋਈ ਹਿਸਾਬ ਨਹੀਂ ਹੈ। ਸਵਾਲ ਇਹ ਹੈ ਕਿ ਇਕ ਸਾਲ ਦੀ ਮੋਹਲਤ ਦੌਰਾਨ ਆਕਸੀਜਨ ਦੀ ਪੈਦਾਵਾਰ ਵਧਾਉਣ ਅਤੇ ਲੋੜੀਂਦੇ ਵੈਂਟੀਲੇਟਰ ਮੁਹੱਈਆ ਕਰਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ? ਤੱਥ ਦੱਸਦੇ ਹਨ ਕਿ ਪਿਛਲੇ ਸਾਲ ਅਕਤੂਬਰ ਵਿਚ ਕੇਂਦਰ ਸਰਕਾਰ ਵੱਲੋਂ 150 ਪੀ. ਐਸ. ਏ. (ਪ੍ਰੈਸ਼ਰ ਸਵਿੰਗ ਐਡਜ਼ੌਰਪਸ਼ਨ) ਪਲਾਂਟ ਲਗਾਉਣ ਲਈ ਟੈਂਡਰ ਮੰਗੇ ਗਏ ਜੋ ਹਸਪਤਾਲਾਂ ਦੇ ਅੰਦਰ ਬਣਾਏ ਜਾਂਦੇ ਹਨ ਅਤੇ ਇਹ ਸਿਲੰਡਰਾਂ ਉਪਰ ਨਿਰਭਰਤਾ ਘਟਾਉਂਦੇ ਹਨ। ਇਸ ਸਾਲ ਜਨਵਰੀ 'ਚ ਸਰਕਾਰ ਵੱਲੋਂ ਇਹ ਗਿਣਤੀ 162 ਕਰ ਕੇ ਪੀ. ਐਸ. ਏ. ਪਲਾਂਟਾਂ ਲਈ 201.58 ਕਰੋੜ ਰੁਪਏ ਜਾਰੀ ਕਰਨ ਦੀ ਗੱਲ ਕਹੀ ਗਈ। 18 ਅਪਰੈਲ ਨੂੰ ਕੇਂਦਰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਸਿਰਫ 33 ਪਲਾਂਟ ਹੀ ਲਗਾਏ ਜਾ ਸਕੇ ਹਨ ਅਤੇ ਬਾਕੀ ਮਈ ਦੇ ਅਖੀਰ ਤੱਕ ਲਗਾਏ ਜਾਣ ਦੀ ਉਮੀਦ ਹੈ।

ਇਕ ਪਾਸੇ, ਹਸਪਤਾਲਾਂ ਦੀ ਐਮਰਜੈਂਸੀ ਜ਼ਰੂਰਤ ਦੇ ਮਾਮਲੇ 'ਚ ਇਹ ਹਾਲ ਸੀ, ਦੂਜੇ ਪਾਸੇ ਆਪਣੇ ਬਹੁਗਿਣਤੀਵਾਦੀ ਰਾਸ਼ਟਰਵਾਦੀ/ਫਿਰਕੂ ਏਜੰਡਿਆਂ ਨੂੰ ਅੰਜਾਮ ਦੇਣ ਲਈ ਪੂਰੇ ਮੁਲਕ ਨੂੰ ਦਾਅ 'ਤੇ ਲਗਾ ਦੇਣ ਦੀ ਕਰੂਰਤਾ ਹੈ। 'ਸਵੈ-ਨਿਰਭਰਤਾ' ਦੀ ਦਾਅਵੇਦਾਰ ਹੁਕਮਰਾਨ ਧਿਰ ਸਭ ਤੋਂ ਉਚਾ ਬੁੱਤ ਲਗਾਉਣ, ਸਭ ਤੋਂ ਵੱਡਾ ਸਟੇਡੀਅਮ ਬਣਾਉਣ, 20000 ਕਰੋੜ ਰੁਪਏ ਦੀ ਲਾਗਤ ਵਾਲੀ ਨਵੀਂ ਪਾਰਲਮੈਂਟ ਇਮਾਰਤ ਬਣਾਉਣ, ਕੁੰਭ ਮੇਲਿਆਂ, ਹਿੰਦੂ ਤਿਓਹਾਰਾਂ ਅਤੇ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਦੀ ਸਰਕਾਰੀ ਪੁਸ਼ਤਪਨਾਹੀ ਕਰਨ ਤੋਂ ਲੈ ਕੇ, ਅਤੇ ਪਾਰਲੀਮੈਂਟਰੀ ਵਿਰੋਧੀ-ਧਿਰ ਨੂੰ ਖਤਮ ਕਰ ਕੇ ਵਾਹਦ ਫਾਸ਼ੀਵਾਦੀ ਤਾਕਤ ਵਜੋਂ ਸਥਾਪਤ ਹੋਣ ਦੀ ਮਨਸ਼ਾ ਨਾਲ ਸੂਬਾਈ ਵਿਧਾਨ ਸਭਾ ਚੋਣਾਂ 'ਚ ਪੈਸਾ ਪਾਣੀ ਵਾਂਗ ਰੋੜ੍ਹਨ ਅਤੇ ਇਕ ਖੇਤਰੀ ਆਗੂ ਨੂੰ ਹਰਾਉਣ 'ਚ ਮਸਰੂਫ ਹੈ।

ਜਿਸ ਸਰਕਾਰ ਨੇ ਆਪਣਾ ਸਾਰਾ ਧਿਆਨ ਅਤੇ ਵਸੀਲੇ ਅਵਾਮ ਦੀ ਜ਼ਿੰਦਗੀ ਨਾਲ ਜੁੜੇ ਬੇਹੱਦ ਮਹੱਤਵਪੂਰਨ ਸਰੋਕਾਰਾਂ ਤੋਂ ਅੱਖਾਂ ਮੀਟ ਕੇ ਆਪਣੀ ਸੱਤਾ ਪੱਕੀ ਕਰਨ ਉਪਰ ਝੋਕੇ ਹੋਏ ਹਨ, ਉਸ ਦੇ ਰਾਜ ਵਿਚ ਐਸੇ ਸੰਕਟਾਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ। ਇਸੇ ਬੀ. ਜੇ. ਪੀ. ਨੇ 2017 'ਚ ਗੋਰਖਪੁਰ (ਉਤਰ ਪ੍ਰਦੇਸ਼) ਦੇ ਸਰਕਾਰੀ ਮੈਡੀਕਲ ਕਾਲਜ ਵਿਚ ਆਕਸੀਜਨ ਦੀ ਕਮੀ ਕਾਰਨ 30 ਨਵ-ਜੰਮੇ ਬਾਲਾਂ ਦੀ ਮੌਤਾਂ ਲਈ ਜ਼ਿੰਮੇਵਾਰ (ਇਕ ਮਹੀਨੇ 296 ਬੱਚਿਆਂ ਦੀਆਂ ਮੌਤਾਂ) ਯੋਗੀ ਸਰਕਾਰ ਦੀ ਪੋਲ ਖੋਲ੍ਹਣ ਵਾਲੇ ਡਾ. ਕਫੀਲ ਖਾਨ ਉਪਰ ਨੈਸ਼ਨਲ ਸਕਿਉਰਿਟੀ ਐਕਟ ਲਗਾ ਕੇ ਉਸ ਨੂੰ ਸਾਲਾਂ ਬੱਧੀ ਜੇਲ੍ਹਬੰਦ ਰੱਖਿਆ ਗਿਆ। ਬੀ. ਜੇ. ਪੀ. ਵੱਲੋਂ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਨਾਲੋਂ ਐਮਰਜੈਂਸੀ ਹਸਪਤਾਲਾਂ ਦਾ ਉਦਘਾਟਨ ਖਾਸ ਆਗੂਆਂ ਤੋਂ ਕਰਵਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ। ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜੇਸ਼ਨ ਵੱਲੋਂ ਅਹਿਮਦਾਬਾਦ ਵਿਚ ਇਕ ਕਨਵੈਨਸ਼ਨ ਸੈਂਟਰ ਨੂੰ 900 ਬਿਸਤਰਿਆਂ ਦੇ ਵਿਸ਼ੇਸ਼ ਹਸਪਤਾਲ ਵਿਚ ਬਦਲ ਕੇ ਅੱਠ ਦਿਨਾਂ 'ਚ ਤਿਆਰ ਕਰ ਦਿੱਤਾ ਗਿਆ। 22 ਅਪਰੈਲ ਨੂੰ ਹਸਪਤਾਲ ਨੂੰ ਟੈਸਟ ਵੀ ਕਰ ਲਿਆ ਗਿਆ ਪਰ ਮਰੀਜ਼ ਇਸ ਕਰ ਕੇ ਦਾਖਲ ਨਹੀਂ ਕੀਤੇ ਗਏ ਕਿ ਅਮਿਤ ਸ਼ਾਹ ਨੇ ਖੁਦ ਆ ਕੇ ਤਿਆਰੀਆਂ ਦਾ ਜਾਇਜ਼ਾ ਲੈਣਾ ਸੀ। 24 ਅਪਰੈਲ ਤੱਕ ਵੀ ਹਸਪਤਾਲ ਚਾਲੂ ਨਹੀਂ ਕੀਤਾ ਗਿਆ। ਇਸੇ ਦੌਰਾਨ 23 ਅਪਰੈਲ ਨੂੰ ਸ਼ਹਿਰ ਵਿਚ ਕੋਵਿਡ-19 ਦੇ 22 ਮਰੀਜ਼ ਮੌਤ ਦੇ ਮੂੰਹ 'ਚ ਜਾ ਪਏ। ਇਹ ਉਹ ਗੁਜਰਾਤ ਹੈ ਜਿਸ ਨੂੰ ਮੋਦੀ ਮਾਰਕਾ ਵਿਕਾਸ ਮਾਡਲ ਦੇ ਨਮੂਨੇ ਵਜੋਂ ਵਡਿਆਇਆ ਜਾਂਦਾ ਹੈ। ਜ਼ਮੀਨੀ ਹਕੀਕਤ ਇਹ ਹੈ ਕਿ ਉਥੇ ਵੀ ਕਿਸੇ ਪੱਖੋਂ ਹਾਲਤ ਵੱਖਰੀ ਨਹੀਂ ਹੈ।

ਇਸ ਬਰਬਾਦੀ ਦੇ ਕੇਂਦਰ ਵਿਚ ਨਵਉਦਾਰਵਾਦੀ ਨੀਤੀਆਂ ਅਤੇ ਖੁੱਲ੍ਹੀ ਮੰਡੀ ਦਾ 'ਵਿਕਾਸ' ਮਾਡਲ ਹੈ ਜਿਸ ਦਾ ਮੁੱਢ ਮਨਮੋਹਨ ਸਿੰਘ ਦੀ ਰਹਿਨੁਮਾਈ ਹੇਠ ਨਰਸਿਮਹਾ ਰਾਓ ਸਰਕਾਰ ਨੇ ਬੰਨ੍ਹਿਆ ਸੀ ਅਤੇ ਪਿੱਛੋਂ ਬਣੀਆਂ ਸਾਰੀਆਂ ਸਰਕਾਰਾਂ ਨੇ ਇਸੇ ਮਾਡਲ ਨੂੰ ਅੱਗੇ ਵਧਾਇਆ। ਹੋਰ ਸਰਕਾਰੀ ਅਦਾਰਿਆਂ ਦੇ ਨਾਲ-ਨਾਲ ਸਰਕਾਰੀ ਸਿਹਤ ਸੇਵਾਵਾਂ ਦੇ ਢਾਂਚੇ ਨੂੰ ਇਸ ਹੱਦ ਤੱਕ ਤਹਿਸ-ਨਹਿਸ ਕਰ ਦਿੱਤਾ ਗਿਆ ਹੈ ਕਿ ਇਹ ਆਪਣੇ ਨਾਗਰਿਕਾਂ ਨੂੰ ਉਹ ਮੁੱਢਲੀਆਂ ਇਲਾਜ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾ ਸਕਦਾ ਜੋ ਸੰਕਟ ਦੀ ਹਾਲਤ 'ਚ ਲਾਜ਼ਮੀ ਸਮਝੀਆਂ ਜਾਂਦੀਆਂ ਹਨ, ਮਹਾਮਾਰੀ ਉਪਰ ਕਾਬੂ ਪਾਉਣ ਦੀ ਤਾਂ ਗੱਲ ਛੱਡੋ।

ਕਿਸੇ ਨੂੰ ਵੀ ਇਸ ਭਰਮ 'ਚ ਨਹੀਂ ਰਹਿਣਾ ਚਾਹੀਦਾ ਕਿ ਬੰਗਾਲ ਚੋਣਾਂ ਦਾ 2 ਮਈ ਨੂੰ ਆਉਣ ਵਾਲਾ ਨਤੀਜਾ ਅਵਾਮ ਲਈ ਕੁਝ ਚੰਗਾ ਲੈ ਕੇ ਆਵੇਗਾ। ਸੰਘ ਬ੍ਰਿਗੇਡ ਜਿੱਤਦਾ ਹੈ ਜਾਂ ਹਾਰਦਾ ਹੈ, ਦੋਨੋਂ ਹਾਲਾਤ 'ਚ ਇਸ ਦੇ ਹਮਲਾਵਰ ਰੁਖ 'ਚ ਇਜ਼ਾਫਾ ਹੋਵੇਗਾ। ਹਾਲਤ ਹੋਰ ਵਿਗੜੇਗੀ। ਹੁਣ ਵੇਲਾ ਆ ਗਿਆ ਹੈ ਕਿ ਮੁਲਕ ਦੇ ਅਵਾਮ ਜਾਅਲੀ ਲੋਕਤੰਤਰ ਦੇ ਭਰਮ 'ਚ ਜਿਊਣ ਦੇ ਨਸ਼ੇ 'ਚੋਂ ਬਾਹਰ ਨਿਕਲਣ। ਸੱਤਾ ਖਿਲਾਫ ਵਿਰੋਧੀ ਧਿਰ ਦੀ ਪਾਰਲੀਮੈਂਟਰੀ ਚਾਂਦਮਾਰੀ ਸੱਤਾ ਬਦਲੀ ਦਾ ਭਰਮ ਤਾਂ ਬਣਾਈ ਰੱਖ ਸਕਦੀ ਹੈ, ਇਸ ਦੀ ਮੁਲਕ ਨੂੰ ਸੰਕਟ 'ਚੋਂ ਕੱਢਣ ਵਿਚ ਕੋਈ ਭੂਮਿਕਾ ਨਹੀਂ ਹੈ। ਆਰ. ਐਸ. ਐਸ.-ਬੀ. ਜੇ. ਪੀ. ਦੇ ਵਿਕਾਸ ਦੇ ਦੰਭ ਤੋਂ ਨਿਜਾਤ ਹਾਸਲ ਕਰਨ ਦਾ ਇਕੋ-ਇਕ ਤਰੀਕਾ ਲੋਕਾਂ 'ਚ ਜ਼ਮੀਨੀ ਪੱਧਰ 'ਤੇ ਕੰਮ ਕਰ ਕੇ ਕਿਸਾਨ ਮਹਾਂ ਅੰਦੋਲਨ ਦੀ ਤਰਜ਼ 'ਤੇ ਖਰੀ ਲੋਕ ਨੁਮਾਇੰਦਗੀ ਕਰਦੀਆਂ ਸੰਘਰਸ਼ਸ਼ੀਲ ਤਾਕਤਾਂ ਦੀ ਅਗਵਾਈ ਹੇਠ ਲੰਮੇ ਸੰਘਰਸ਼ ਦਾ ਪਿੜ ਬੰਨ੍ਹਣਾ ਅਤੇ ਨਿਹਾਇਤ ਬੇਈਮਾਨ ਤੇ ਬੇਕਿਰਕ ਸੱਤਾ ਨੂੰ ਪਛਾੜਨਾ ਹੈ। ਐਸੇ ਸੰਘਰਸ਼ ਦੀ ਅਣਹੋਂਦ 'ਚ ਅਵਾਮ ਨੂੰ ਰੋਜ਼ਗਾਰ, ਪੜ੍ਹਾਈ, ਇਲਾਜ, ਮਹਾਮਾਰੀਆਂ ਨਾਲ ਨਜਿੱਠਣ, ਗੱਲ ਕੀ, ਹਰ ਖੇਤਰ 'ਚ ਐਸੇ ਸੰਕਟਾਂ ਦਾ ਵਾਰ-ਵਾਰ ਸਾਹਮਣਾ ਕਰਨਾ ਪਵੇਗਾ।

# ਆਕਸੀਜਨ ਤੇ ਵੈਕਸੀਨ ਦੀ ਕਮੀ ਲਈ ਜ਼ਿੰਮੇਵਾਰ ਕੌਣ?

ਅੰਕੜੇ ਦੱਸਦੇ ਹਨ ਕਿ ਜਿਨ੍ਹਾਂ ਵਿਅਕਤੀਆਂ ਨੇ ਵੈਕਸੀਨ ਦੀ ਪਹਿਲੀ ਜਾਂ ਦੂਜੀ ਖੁਰਾਕ ਲਈ ਹੈ, ਉਨ੍ਹਾਂ ਵਿਚੋਂ ਸਿਰਫ 0.02 ਤੋਂ 0.04 ਨੂੰ ਹੀ ਕਰੋਨਾ ਹੋਇਆ ਹੈ। ਇਸ ਦਾ ਅਰਥ ਇਹ ਹੈ ਕਿ ਜਿੰਨਾ ਸੰਭਵ ਹੋ ਸਕੇ, ਟੀਕਾਕਰਨ ਤੇਜ਼ ਕਰਵਾਉਣਾ

**ਸ਼ਾਹਿਦ ਚੌਧਰੀ**

ਚਾਹੀਦਾ ਹੈ। ਫਿਰ ਵੀ 22 ਅਪਰੈਲ ਨੂੰ 24 ਘੰਟੇ ਦੇ ਅੰਦਰ 3 ਲੱਖ ਤੋਂ ਉਪਰ ਨਵੇਂ ਕੇਸ ਆਏ ਹਨ। ਭਾਰਤ ਵਿਚ ਅਜੇ ਲਗਭਗ 8 ਫੀਸਦੀ ਲੋਕਾਂ ਨੂੰ ਹੀ ਵੈਕਸੀਨ ਦੀ ਪਹਿਲੀ ਖੁਰਾਕ ਮਿਲੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਕੋਵਿਡ ਨੂੰ ਰੋਕਣ ਲਈ ਸਿਰਫ ਇਕ ਹੀ ਉਪਾਅ ਹੈ- ਵੈਕਸੀਨ ਜਿਸ ਨਾਲ ਤੀਜੀ ਤੇ ਚੌਥੀ ਲਹਿਰ ਨੂੰ ਰੋਕਿਆ ਜਾ ਸਕਦਾ ਹੈ। ਇਸ ਲਈ ਜੰਗੀ ਪੱਧਰ ਤੇ ਟੀਕਾਕਰਨ ਦੀ ਜ਼ਰੂਰਤ ਹੈ ਪਰ ਭਾਰਤ ਵਿਚ ਵੈਕਸੀਨ ਦੀ ਕਮੀ ਚਿੰਤਾਜਨਕ ਹੈ।

ਜ਼ਿਕਰਯੋਗ ਹੈ ਕਿ ਜਿਨ੍ਹਾਂ ਦੇਸ਼ਾਂ ਨੇ ਆਪਣੀ ਜ਼ਿਆਦਾਤਰ ਜਨਤਾ ਦਾ ਟੀਕਾਕਰਨ ਕਰ ਦਿੱਤਾ ਹੈ, ਉਨ੍ਹਾਂ ਵਿਚ ਮਰੀਜ਼ਾਂ ਦੇ ਹਸਪਤਾਲਾਂ ਵਿਚ ਭਰਤੀ ਹੋਣ ਅਤੇ ਮੌਤਾਂ ਵਿਚ ਕਾਫੀ ਕਮੀ ਆਈ ਹੈ। ਇਜ਼ਰਾਈਲ ਵਿਚ ਤਾਂ ਹੁਣ ਜਨਤਕ ਥਾਵਾਂ ਤੇ ਮਾਸਕ ਲਾਉਣ ਦੀ ਜ਼ਰੂਰਤ ਵੀ ਨਹੀਂ ਹੈ। ਕੈਨੇਡਾ ਕੋਲ ਏਨੀ ਵੈਕਸੀਨ ਹੈ ਕਿ ਉਹ ਆਪਣੀ ਵਸੋਂ ਦਾ 10 ਵਾਰ ਟੀਕਾਕਰਨ ਕਰ ਸਕਦਾ ਹੈ ਅਤੇ ਅਮਰੀਕਾ 4 ਵਾਰ ਕਰ ਸਕਦਾ ਹੈ ਪਰ ਵੈਕਸੀਨ ਦਾ ਸਭ ਤੋਂ ਵੱਧ ਉਤਪਾਦਨ ਕਰਨ ਵਾਲੇ ਭਾਰਤ ਵਿਚ ਵੈਕਸੀਨ ਦੀ ਕਮੀ ਕਿਉਂ?

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤ ਨੇ ਵੈਕਸੀਨ ਨਿਰਮਾਤਾਵਾਂ ਨਾਲ ਖਰੀਦ ਸਮਝੌਤਾ ਬਹੁਤ ਦੇਰ ਨਾਲ ਕੀਤਾ। ਅਮਰੀਕਾ, ਯੂਰਪੀ ਯੂਨੀਅਨ ਆਦਿ ਨੇ ਮਈ 2020 ਵਿਚ ਹੀ ਆਪਰੇਸ਼ਨ ਵਾਰਪ ਸਪੀਡ ਤਹਿਤ ਖਰੀਦ ਸਮਝੌਤਾ ਕਰ ਲਿਆ ਸੀ। ਕੰਪਨੀਆਂ ਨੂੰ ਪੇਸ਼ਗੀ ਅਦਾਇਗੀ ਕਰ ਦਿੱਤੀ ਸੀ ਤਾਂ ਕਿ ਵੈਕਸੀਨ ਉਤਪਾਦਨ ਵਿਚ ਤੇਜ਼ੀ ਲਿਆਂਦੀ ਜਾ ਸਕੇ। ਅਮਰੀਕਾ ਨੇ 9 ਵੱਖ-ਵੱਖ ਕੰਪਨੀਆਂ ਨਾਲ ਇਕ ਅਰਬ ਖੁਰਾਕ ਤੋਂ ਜ਼ਿਆਦਾ ਦਾ ਸੌਦਾ ਪੱਕਾ ਕਰ ਲਿਆ ਸੀ। ਹਾਲਾਂਕਿ ਮੋਦੀ ਸਰਕਾਰ ਪਿਛਲੇ ਸਾਲ ਤੋਂ ਹੀ ਸੀਰਮ ਇੰਸਟੀਚਿਊਟ ਨਾਲ ਗੱਲ ਕਰ ਰਹੀ ਸੀ ਅਤੇ ਉਸ ਨੇ ਪਹਿਲੀਆਂ ਸੌ ਮਿਲੀਅਨ ਖੁਰਾਕਾਂ ਲਈ ਪ੍ਰਤੀ ਖੁਰਾਕ 200 ਰੁਪਏ ਵਿਚ ਦੇਣ ਦੀ ਹਾਮੀ ਭਰੀ ਸੀ ਪਰ ਸਮਝੌਤੇ ਤੇ ਜਨਵਰੀ 2021 ਤੱਕ ਦਸਤਖਤ ਨਹੀਂ ਕੀਤੇ ਜਿਸ ਨਾਲ ਉਹ ਵੈਕਸੀਨ ਉਪਲਬਧ ਕਰਵਾਉਣ ਦੇ ਮਾਮਲੇ ਵਿਚ ਬਹੁਤ ਪਛੜ ਗਈ।

ਇਸ ਤੋਂ ਵੀ ਮਹੱਤਵਪੂਰਨ ਤੱਥ ਇਹ ਹੈ ਕਿ ਸਰਕਾਰ ਸਮਾਜਕ ਅਤੇ ਰਾਜਸੀ ਸਨਮਾਨ ਤੇ ਪ੍ਰਸੰਸਾ ਹਾਸਲ ਕਰਨ ਲਈ ਪਾਕਿਸਤਾਨ ਸਣੇ 90 ਦੇਸ਼ਾਂ ਨੂੰ ਵੈਕਸੀਨ ਬਰਾਮਦ ਕਰਨ ਵਿਚ ਰੁੱਝੀ ਰਹੀ। ਇਨ੍ਹਾਂ ਵਿਚੋਂ ਕੁਝ ਦੇਸ਼ਾਂ ਨੂੰ ਤਾਂ ਮੁਫਤ ਵੈਕਸੀਨ ਵੰਡੀ ਗਈ ਅਤੇ ਇਸ ਤੱਥ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਕਿ ਦਵਾਈਆਂ ਅਤੇ ਸਿਹਤ ਖੇਤਰ ਵਿਚ ਭਾਰਤ ਨੂੰ ਵੈਕਸੀਨ ਦੀ ਵੱਡੀ ਜ਼ਰੂਰਤ ਹੈ, ਖਾਸ ਤੌਰ ਤੇ ਇਸ ਲਈ ਕਿ ਅਸੀਂ ਵਿਸ਼ਵ ਦੇ ਕਰੋਨਾ ਤੋਂ ਸਭ ਤੋਂ ਜ਼ਿਆਦਾ ਪੀੜਤ 10 ਦੇਸ਼ਾਂ ਵਿਚ ਸ਼ਾਮਿਲ ਸਾਂ। ਲਾਸੈਂਟ ਰਸਾਲੇ ਦੇ ਸਤੰਬਰ 2020 ਦੇ ਅਧਿਐਨ ਤੋਂ ਸਪੱਸ਼ਟ ਹੋ ਗਿਆ ਸੀ ਕਿ ਮਾਰਚ-ਅਪਰੈਲ 2021 ਤੋਂ ਭਾਰਤ ਵਿਚ ਕਰੋਨਾ ਦੀ ਦੂਜੀ ਲਹਿਰ ਆਏਗੀ ਜੋ ਪਹਿਲੀ ਤੋਂ ਖਤਰਨਾਕ ਹੋਵੇਗੀ ਅਤੇ ਇਸ ਵਿਚ ਆਕਸੀਜਨ ਦੀ ਜ਼ਿਆਦਾ ਲੋੜ ਪਵੇਗੀ ਪਰ ਦਸੰਬਰ 2020 ਵਿਚ ਜਦੋਂ ਕੇਸਾਂ ਵਿਚ ਕੁਝ ਕਮੀ ਆ ਰਹੀ ਸੀ ਤਾਂ ਸਮਝਿਆ ਜਾਣ ਲੱਗਾ ਕਿ ਕਰੋਨਾ ਆਪਣੇ-ਆਪ ਖਤਮ ਹੋ ਜਾਵੇਗਾ। ਧਾਰਮਿਕ ਪ੍ਰੋਗਰਾਮਾਂ ਤੋਂ ਲੈ ਕੇ ਚੋਣ ਰੈਲੀਆਂ ਕੀਤੀਆਂ ਜਾਣ ਲੱਗੀਆਂ। ਇਸ ਗੱਲ ਦੀ ਪਰਵਾਹ ਨਹੀਂ ਕੀਤੀ ਗਈ ਕਿ ਆਉਣ ਵਾਲੀਆਂ ਸਖਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਿਹਤ ਖੇਤਰ ਨੂੰ ਬਿਹਤਰ ਬਣਾਉਣ ਦੀ ਜ਼ਰੂਰਤ ਹੈ।

ਹੱਦ ਤਾਂ ਇਹ ਹੈ ਕਿ ਆਕਸੀਜਨ ਦੀ ਬਰਾਮਦ ਪਹਿਲਾਂ ਤੋਂ ਵਧੇਰੇ ਕਰ ਦਿੱਤੀ। ਬਿਜ਼ਨਸ ਟੂਡੇ ਦੀ ਰਿਪੋਰਟ ਅਨੁਸਾਰ ਅਪਰੈਲ 2020 ਤੋਂ ਜਨਵਰੀ 2021 ਦਰਮਿਆਨ ਭਾਰਤ ਨੇ 9301 ਮੀਟ੍ਰਿਕ ਟਨ ਮੈਡੀਕਲ ਆਕਸੀਜਨ ਬਰਾਮਦ ਕੀਤੀ ਅਤੇ ਇਸ ਵਪਾਰ ਤੋਂ 8.9 ਕਰੋੜ ਰੁਪਏ ਕਮਾਏ, ਜਦੋਂ ਕਿ ਵਿੱਤੀ ਸਾਲ 2019-20 ਵਿਚ ਉਸ ਨੇ 45.02 ਮੀਟ੍ਰਿਕ ਟਨ ਮੈਡੀਕਲ ਆਕਸੀਜਨ ਬਰਾਮਦ ਕਰਕੇ 5.5 ਕਰੋੜ ਰੁਪਏ ਕਮਾਏ ਸਨ।

ਜਦੋਂ ਖੁਦ ਮੈਡੀਕਲ ਆਕਸੀਜਨ ਦੀ ਜ਼ਰੂਰਤ ਸੀ ਤਾਂ ਬਰਾਮਦ ਦੁੱਗਣੀ ਕਿਉਂ ਕੀਤੀ ਗਈ? ਘਰ ਫੂਕ ਕੇ ਬਸਤੀ ਵਿਚ ਉਜਾਲਾ ਕਰਨਾ ਕਿੱਥੋਂ ਦੀ ਸਿਆਣਪ ਹੈ? ਆਕਸੀਜਨ ਦੀ ਕਮੀ ਸਿਰਫ ਵਧਦੇ ਮਰੀਜ਼ਾਂ ਦਾ ਕਾਰਨ ਨਹੀਂ ਹੈ। ਹੁਣ ਭਾਰਤ ਵਿਚ ਹਰ ਜਗ੍ਹਾ ਤੋਂ ਆਕਸੀਜਨ ਦੀ ਕਮੀ ਦੀਆਂ ਖਬਰਾਂ ਆ ਰਹੀਆਂ ਹਨ। ਇਸ ਚਿੰਤਾਜਨਕ ਹਾਲਤ ਦਾ ਆਪੇ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਇਸ ਨੂੰ ਕੌਮੀ ਸਿਹਤ ਐਮਰਜੈਂਸੀ ਕਿਹਾ ਹੈ। ਹੁਣ ਆਪਣੀਆਂ ਗਲਤ ਨੀਤੀਆਂ ਕਾਰਨ ਵਿਗੜੇ ਹਾਲਾਤ ਨੂੰ ਸੁਧਾਰਨ ਲਈ ਸਰਕਾਰ ਰੂਸ ਤੋਂ ਵੈਕਸੀਨ ਅਤੇ ਖਾੜੀ ਤੇ ਸਿੰਗਾਪੁਰ ਤੋਂ ਆਕਸੀਜਨ ਬਰਾਮਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਨਾਲ ਹੀ ਇਹ ਵੀ ਚਾਹੁੰਦੀ ਹੈ ਕਿ ਕੋਈ ਉਸ ਨੂੰ ਸਵਾਲ ਵੀ ਨਾ ਕਰੇ।

# ਸਬੱਬ ਨਾਲ ਹੱਥ ਲੱਗਿਆ 'ਅਮੋਲਕ ਹੀਰਾ'

***ਉਘੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਇਹ ਲੇਖ ਗੁਰਦਿਆਲ ਬੱਲ ਦੇ ਕਹਿਣ 'ਤੇ ਲਿਖਿਆ ਸੀ ਜਿਹੜਾ ਸ. ਅਮੋਲਕ ਸਿੰਘ ਜੰਮੂ ਦੀਆਂ ਲਿਖਤਾਂ ਅਤੇ ਉਨ੍ਹਾਂ ਵੱਲੋਂ 'ਪੰਜਾਬ ਟਾਈਮਜ਼' ਵਿਚ ਪਾਏ ਪੂਰਨਿਆਂ ਬਾਰੇ ਛਾਪੀ ਜਾ ਰਹੀ ਕਿਤਾਬ ਵਿਚ ਸ਼ਾਮਿਲ ਕੀਤਾ ਜਾਣਾ ਸੀ। ਵਰਿਆਮ ਸਿੰਘ ਸੰਧੂ ਹੁਰਾਂ ਲਿਖਿਆ ਹੈ: 'ਸਭ ਕੋਲ ਉਹ ਦੁੱਖ ਭਰੀ ਖਬਰ ਪਹੁੰਚ ਗਈ ਹੈ ਕਿ ਅਮਰੀਕਾ ਵਿਚ ਛਪਣ ਵਾਲੀ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਦਾ ਹੀਰਾ ਸੰਪਾਦਕ ਅਮੋਲਕ ਸਿੰਘ ਕਈ ਸਾਲ ਲੰਮੀ ਬਿਮਾਰੀ ਨਾਲ ਜੂਝਦਿਆਂ, ਪਰ ਪੂਰੇ ਸਿਦਕ ਤੇ ਸਿਰੜ ਨਾਲ ਪੱਤਰਕਾਰੀ ਵਿਚ ਨਵੇਂ ਮੀਲ-ਪੱਥਰ ਗੱਡਦਾ ਸਦੀਵੀ ਯਾਦਾਂ ਛੱਡ ਗਿਆ। ਉਹ ਨਿਕੋਲਾਈ ਆਸਤ੍ਰੋਵਸਕੀ ਦੇ ਨਾਵਲ 'ਸੂਰਮੇ ਦੀ ਸਿਰਜਣਾ' ਦੇ ਨਾਇਕ ਦਾ ਵਰਤਮਾਨ ਸਰੂਪ ਸੀ। ਗੁਰਦਿਆਲ ਬੱਲ ਨੇ ਮੈਨੂੰ ਅਮੋਲਕ ਬਾਰੇ, ਉਹਦੇ ਬਾਰੇ ਛਪ ਰਹੀ ਕਿਤਾਬ ਵਾਸਤੇ ਲੇਖ ਲਿਖਣ ਲਈ ਜ਼ੋਰ ਪਾਇਆ ਤਾਂ ਮੈਂ ਇਹ ਲੇਖ ਭੇਜ ਦਿੱਤਾ। ਹੁਣ ਅਮੋਲਕ ਦੇ ਤੁਰ ਜਾਣ 'ਤੇ ਸ਼ਰਧਾਂਜਲੀ ਵਜੋਂ ਇਹ ਲਿਖਤ ਤੁਹਾਡੇ ਸਭਨਾਂ ਨਾਲ ਸਾਂਝੀ ਕਰਦਾ ਹਾਂ'। ਇਸ ਲੇਖ ਵਿਚ ਅਮੋਲਕ ਸਿੰਘ ਜੰਮੂ ਦੀ ਜ਼ਿੰਦਗੀ ਪ੍ਰਤੀ ਮੁਹੱਬਤ ਅਤੇ ਜ਼ਿੰਦਾਦਿਲ ਸ਼ਖਸੀਅਤ ਦੇ ਦੀਦਾਰ ਹੁੰਦੇ ਹਨ।***

ਅਮੋਲਕ ਸਿੰਘ ਦਾ ਪਹਿਲਾ ਚਿਤਰ ਜੋ ਮੇਰੀਆਂ ਅੱਖਾਂ ਅੱਗੇ ਆਉਂਦਾ ਹੈ, ਉਹ ਸਮੱਧਰ ਜਿਹੇ ਖੂਬਸੂਰਤ ਗੱਭਰੂ ਦਾ ਹੈ, ਸਭ ਤੋਂ ਪਹਿਲਾਂ ਜਿਸ ਦੀਆਂ ਬਿੱਲੀਆਂ ਜਿਹੀਆਂ ਅੱਖਾਂ ਵੇਖਣ ਵਾਲੇ ਨੂੰ ਕਹਿੰਦੀਆਂ ਜਾਪਦੀਆਂ ਨੇ, "ਪਹਿਲਾਂ ਸਾਨੂੰ ਵੇਖ ਨੀਝ ਨਾਲ ਤੇ ਫਿਰ ਵੇਖ ਇਹਨਾਂ ਅੱਖਾਂ ਵਿਚਕਾਰ ਟਿਕੇ ਤਿੱਖੇ ਨੱਕ ਵੱਲ, ਉਸ ਤੋਂ ਬਾਅਦ ਵੇਖ ਇਹਦੀ ਬਣਾ-ਸੰਵਾਰ ਕੇ ਬੱਧੀ ਪੋਚਵੀਂ ਪੱਗ ਵੱਲ: ਫਿਰ ਇਹਦੀ ਲਾਪਰੀ ਦਾਹੜੀ ਵੱਲ ਤੇ ਇਹਦੇ ਜਚਵੇਂ ਕੱਦ ਬੁੱਤ ਵੱਲ।"

ਦਿੱਖ ਪੱਖੋਂ ਉਹ ਕੁੜੀਆਂ ਨੂੰ ਸਹਿਜੇ ਹੀ ਖਿੱਚ ਪਾਉਣ ਵਾਲਾ ਸੁਨੱਖਾ ਗੱਭਰੂ ਲੱਗ ਸਕਦਾ ਸੀ।

ਇਹ ਸ਼ਾਇਦ 1976 ਦੇ ਏੜ-ਗੇੜ ਦੀ ਗੱਲ ਹੈ। ਦੋ ਵਾਰ ਐਮਰਜੈਂਸੀ ਵਿਚ ਗ੍ਰਿਫ਼ਤਾਰੀ ਤੇ ਰਿਹਾਈ ਤੋਂ ਬਾਅਦ ਮੈਂ ਭੱਜ ਕੇ, ਪੰਜਾਬ ਯੂਨੀਵਰਸਿਟੀ ਵਿਚ, ਪਹਿਲੇ ਸਾਲ ਹੀ ਖੁੱਲ੍ਹੀ ਪੰਜਾਬੀ ਦੀ ਐਮ ਫਿਲ ਵਿਚ ਆਣ ਦਾਖ਼ਲ ਹੋਇਆ। ਗੁਪਤਵਾਸ ਦਿਨਾਂ ਦਾ ਮੇਰਾ ਬੇਲੀ

## ਵਰਿਆਮ ਸਿੰਘ ਸੰਧੂ

ਹਰਭਜਨ ਹਲਵਾਰਵੀ ਨਕਸਲੀ ਲਹਿਰ ਦੇ ਸਾਰੇ ਰੰਗ-ਢੰਗ ਵੇਖ-ਵਿਖਾ ਕੇ ਐਮ. ਏ. ਪੰਜਾਬੀ ਦੇ ਦੂਜੇ ਸਾਲ ਵਿਚ ਦਾਖ਼ਲ ਹੋ ਚੁੱਕਾ ਸੀ। ਪਹਿਲਾ ਭਾਗ ਉਹ ਪ੍ਰਾਈਵੇਟਲੀ ਕਰ ਚੁੱਕਾ ਸੀ। ਅਮੋਲਕ ਤੇ ਉਹ ਦੋਵੇਂ ਜਮਾਤੀ ਸਨ। ਅਮੋਲਕ ਮੈਨੂੰ ਪਹਿਲੀ ਵਾਰ ਹਲਵਾਰਵੀ ਨਾਲ ਹੀ ਪੰਜਾਬੀ ਵਿਭਾਗ ਵਿਚ ਮਿਲਿਆ ਸੀ ਪਰ ਇਸ ਮੁਢਲੀ ਜਾਣ-ਪਛਾਣ ਤੋਂ ਬਾਅਦ ਸਾਡੀ ਗੱਲ-ਬਾਤ ਅੱਗੇ ਨਾ ਵਧੀ। ਉਹਨਾਂ ਦੀ ਜਮਾਤ ਦੇ ਕਿਸੇ ਵਿਦਿਆਰਥੀ ਨਾਲ ਵੀ ਬਹੁਤੀ ਸਾਂਝ ਨਾ ਪਈ ਕਿਉਂਕਿ ਸਾਡਾ ਪੁਰਾਣੇ ਯਾਰਾਂ ਦਾ ਆਪਣਾ ਹੀ ਟੋਲਾ ਓਥੇ ਆਣ ਇਕੱਠਾ ਹੋਇਆ ਸੀ। ਹਲਵਾਰਵੀ ਤੋਂ ਇਲਾਵਾ, (ਅੱਜ ਵਾਲਾ ਪ੍ਰੋਫੈਸਰ) ਚਮਨ ਲਾਲ ਮੇਰਾ ਪੁਰਾਣਾ ਮਿੱਤਰ ਸੀ। ਉਹਨੇ ਪਹਿਲਾਂ ਹੀ ਕੀਤੀ ਹਿੰਦੀ ਦੀ ਐਮ. ਏ. ਨੂੰ ਸੋਧਣ ਲਈ ਹਿੰਦੀ ਵਿਭਾਗ ਨੂੰ ਆਣ ਚਾਰ ਚੰਨ ਲਾਏ ਸਨ। ਡਾ. ਰਘਬੀਰ ਸਿੰਘ ਸਿਰਜਣਾ ਤਾਂ ਪੰਜਾਬੀ ਵਿਭਾਗ ਦੀ ਵੱਖੀ ਨਾਲ ਲੱਗਦੇ ਡਿਕਸ਼ਨਰੀ ਵਿਭਾਗ ਵਿਚ ਓਥੇ ਹੀ ਸੀ। ਪੀ. ਏ. ਯੂ. ਵਾਲਾ ਡਾ. ਸਾਧੂ ਸਿੰਘ ਜਿਨ੍ਹਾਂ ਨੂੰ ਅਸੀਂ ਪਿਆਰ ਨਾਲ 'ਸਾਧੂ ਭਾ ਜੀ' ਆਖਦੇ ਸਾਂ, ਐਮ. ਫਿਲ. ਵਿਚ ਮੇਰੇ ਜਮਾਤੀ ਸਨ। ਕਦੀ ਕਦੀ ਭੂਸ਼ਨ ਵੀ ਯੂਨੀਵਰਸਿਟੀ ਆ ਧਮਕਦਾ। ਗੁਰਦੀਪ ਗਰੇਵਾਲ ਤੇ ਤ੍ਰਿਲੋਚਨ ਗਰੇਵਾਲ ਭਰਾਵਾਂ ਦੀ ਜੋੜੀ ਸੀ। ਅਮਰਜੀਤ ਕਾਂਗ ਜੋ ਡਾ. ਅਤਰ ਸਿੰਘ ਨਾਲ ਰਿਸਰਚ ਸਕਾਲਰ ਸੀ, ਆਪਣੇ ਵੱਡੇ ਭਰਾ ਕੁਲਬੀਰ ਸਿੰਘ ਕਾਂਗ ਨਾਲ ਪਹਿਲਾਂ ਹੀ ਮੇਰੀ ਸਾਂਝ ਕਾਰਨ ਤੇ ਦੂਜਾ ਮੇਰੇ ਨਾਲ 'ਮਝੈਲ' ਹੋਣ ਦਾ ਰਿਸ਼ਤਾ ਜੋੜ ਕੇ ਡਾਢਾ ਖੁਸ਼ ਸੀ। ਗੱਲ ਕੀ: ਅਸੀਂ ਏਨੇ ਕੁ ਜਣੇ ਸਾਂ ਕਿ ਸਾਨੂੰ ਨਵੇਂ ਯਾਰ-ਬੇਲੀ ਬਣਾਉਣ ਦੀ ਜ਼ਰੂਰਤ ਹੀ ਨਹੀਂ ਸੀ।

ਪੰਜਾਬੀ ਸ਼ਾਇਰ ਗੁਰਦੀਪ ਗਰੇਵਾਲ ਤੇ ਹਲਵਾਰਵੀ ਪੰਦਰਾਂ ਸੈਕਟਰ ਦੀ ਮਾਰਕੀਟ ਵਿਚ ਇਕ ਕਿਰਾਏ ਦੇ ਚੁਬਾਰੇ ਵਿਚ ਰਹਿੰਦੇ ਸਨ। ਦੁਪਹਿਰੇ ਉਹ ਅਕਸਰ ਮੇਰੇ ਹੋਸਟਲ ਆਉਂਦੇ। ਓਥੇ ਰੋਟੀ ਖਾਂਦੇ। ਚਮਨ ਲਾਲ ਤੇ ਅਮਰਜੀਤ ਕਾਂਗ ਵੀ ਛੇ ਨੰਬਰ ਹੋਸਟਲ ਵਿਚ ਰਹਿੰਦੇ ਸਨ। ਦੁਪਹਿਰ ਦੀ ਗੱਪ-ਗੋਸ਼ਟ ਚੱਲਦੀ ਰਹਿੰਦੀ। ਕਦੀ ਸਟੂਡੈਂਟ ਸੈਂਟਰ, ਕਦੀ ਗੁਲਾਟੀ ਦੀ ਕੰਟੀਨ ਤੇ ਕਦੀ 17 ਸੈਕਟਰ ਦਾ ਕਾਫ਼ੀ-ਹਾਊਸ ਸੰਗਤਾਂ ਜੁੜ ਬੈਠਦੀਆਂ। ਸ਼ਾਮ ਨੂੰ ਕਦੀ ਹਲਵਾਰਵੀ ਹੁਰਾਂ ਦੇ ਚੁਬਾਰੇ ਵਿਚ ਤੇ ਜਾਂ ਪੰਦਰਾਂ ਸੈਕਟਰ ਵਿਚ ਰਹਿੰਦੇ ਡਾ. ਰਘਬੀਰ ਸਿੰਘ ਸਿਰਜਣਾ ਦੇ ਘਰ ਵਿਚ ਵੀ ਮਹਿਫ਼ਿਲਾਂ ਜੰਮਦੀਆਂ। ਸਾਡੇ ਕੋਲ ਸਮੇਂ ਦੀ ਕੋਈ ਵਿਰਲ ਹੀ ਨਹੀਂ ਸੀ ਕਿ ਅਮੋਲਕ ਹੁਰਾਂ ਨਾਲ ਗੂੜ੍ਹੀ ਸਾਂਝ ਪੈ ਸਕਦੀ। ਉਂਜ ਵੀ ਅਮੋਲਕ ਹੁਰਾਂ ਦੀ ਜਮਾਤ ਨਾਲ ਸਾਡਾ ਉਮਰਾਂ ਦਾ ਵੀ ਕੁਝ ਫ਼ਰਕ ਸੀ। ਉਹਦੀ ਲਿਖਤ 'ਕਮਲਿਆ ਦਾ ਟੱਬਰ' ਦੀ ਨਾਇਕਾ ਮਨਿੰਦਰ ਤਿੰਨ ਕੁ ਸਾਲ ਪਹਿਲਾਂ ਜਦ 'ਪੰਜਾਬ ਟਾਈਮਜ਼' ਦੀ ਸਾਲਾਨਾ ਸ਼ਾਮ ਵੇਲੇ ਮਿਲੀ ਤਾਂ ਉਹਨੇ ਇਸ ਫ਼ਰਕ ਨੂੰ ਕੁਝ ਇਸ ਤਰ੍ਹਾਂ ਬਿਆਨ ਕੀਤਾ, "ਜਦੋਂ ਤੁਸੀਂ ਡੀਪਾਰਟਮੈਂਟ ਆਉਂਦੇ ਤਾਂ ਅਸੀਂ ਕੁੜੀਆਂ ਹੌਲੀ ਜਿਹੀ ਇਕ ਦੂਜੀ ਨੂੰ ਕਹਿੰਦੀਆਂ, "ਭਾਈਆਂ ਦੀਓ! ਚੁੱਪ ਕਰ ਜੋ ਨੀ, ਵਰਿਆਮ ਸੰਧੂ ਤੁਰਿਆ ਆਉਂਦਾ।"

ਫਿਰ ਅਮੋਲਕ ਪੰਜਾਬੀ ਟ੍ਰਿਬਿਊਨ ਵਿਚ ਭਰਤੀ ਹੋ ਗਿਆ। ਮੈਂ ਓਥੇ ਹਲਵਾਰਵੀ ਨੂੰ ਜਦ ਕਦੀ ਮਿਲਣ ਜਾਂਦਾ ਤਾਂ ਕਦੀ ਅਮੋਲਕ ਨਾਲ ਵੀ ਗਾਹੇ-ਬ-ਗਾਹੇ ਮੇਲ ਹੋ ਜਾਂਦਾ। ਪਹਿਲ ਪਲੱਕੜੀ ਵਾਰ ਜਦ ਮੈਂ ਹਲਵਾਰਵੀ ਨੂੰ ਮਿਲਣ ਗਿਆ ਤਾਂ ਅਮੋਲਕ ਕੋਈ ਕਾਗ਼ਜ਼ ਲੈ ਕੇ ਉਹਦੇ ਦਫ਼ਤਰ ਵਿਚ ਆਇਆ। ਹਲਵਾਰਵੀ ਨੇ ਮੇਰੇ ਖੱਬੇ ਹੱਥ ਆਣ ਖਲੋਤੇ ਅਮੋਲਕ ਵੱਲ ਇਸ਼ਾਰਾ ਕਰਦਿਆਂ ਕਿਹਾ,

"ਇਹ ਅਮੋਲਕ ਏ, ਮੇਰਾ ਐਮ. ਏ. ਦਾ ਜਮਾਤੀ। ਤੁਸੀਂ ਪਹਿਲਾਂ ਵੀ ਮਿਲੇ ਹੋਏ ਓ ਸ਼ਾਇਦ!"

"ਸ਼ਾਇਦ ਨਹੀਂ, ਯਕੀਨਨ!"

ਬੱਸ ਏਨੀ ਕੁ ਸਾਂਝ ਸੀ ਮੇਰੀ ਅਮੋਲਕ ਨਾਲ। ਇਹਨਾਂ ਸੰਖੇਪ ਜਿਹੀਆਂ ਮਿਲਣੀਆਂ ਵਿਚ, ਜਿਵੇਂ ਜ਼ਾਹਿਰ ਹੀ ਏ, ਉਸ ਨਾਲ ਸਾਧਾਰਨ ਜਿਹੀ 'ਫ਼ਤਹਿ-ਫ਼ਤੂਹੀ' ਤੋਂ ਗੱਲ ਅੱਗੇ ਨਹੀਂ ਸੀ ਵਧਣੀ ਤਾਂ ਇੱਕ ਦੂਜੇ ਨੂੰ ਜਾਨਣਾ-ਸਮਝਣਾ ਕਿੱਥੋਂ ਸੀ! ਹਾਂ, ਏਨਾ ਕੁ ਪ੍ਰਭਾਵ ਜ਼ਰੂਰ ਸੀ ਕਿ ਉਹ ਲਾਇਕ ਵਿਦਿਆਰਥੀਆਂ ਵਿਚੋਂ ਸੀ ਤੇ ਸ਼ਾਇਦ ਐਮ. ਏ. ਵਿਚੋਂ ਪਹਿਲੇ ਨੰਬਰ 'ਤੇ ਵੀ ਆਇਆ ਸੀ। ਇਸ ਤੋਂ ਵੱਧ ਮੈਂ ਉਸ ਬਾਰੇ ਕੁਝ ਨਾ ਜਾਣ ਸਕਿਆ। ਫਿਰ ਵਿੱਛੜ-ਵੁੱਛੜ ਗਏ। ਸਮੇਂ ਦੀਆਂ ਛੱਲਾਂ ਨੇ ਕੋਈ ਕਿਤੇ ਜਾ ਸੁੱਟਿਆ ਤੇ ਕੋਈ ਕਿਤੇ। ਮੈਂ ਪਿੰਡੋਂ ਜਲੰਧਰ ਆਣ ਵੱਸਿਆ ਤੇ ਫਿਰ ਕੈਨੇਡਾ ਵਿਚ ਆਉਣ ਜਾਣ ਦਾ ਸਿਲਸਿਲਾ ਚੱਲ ਨਿਕਲਿਆ। ਮੈਨੂੰ ਬਿਲਕੁਲ ਨਹੀਂ ਸੀ ਪਤਾ ਕਿ ਅਮੋਲਕ ਕਦੋਂ ਅਮਰੀਕਾ ਆਇਆ, ਕਦੋਂ ਉਹਨੇ ਅਖ਼ਬਾਰ ਕੱਢਿਆ। ਕਦੋਂ ਤੇ ਕਿਵੇਂ ਮੇਰਾ ਉਹਦੇ ਨਾਲ ਤੇ ਉਹਦੀ ਅਖ਼ਬਾਰ ਨਾਲ ਰਾਬਤਾ ਬਣਿਆਂ। ਹਾਂ, ਏਨਾ ਕੁ ਯਾਦ ਹੈ ਜਦ ਹਲਵਾਰਵੀ ਉਤਰੀ ਅਮਰੀਕਾ ਦੀ ਯਾਤਰਾ 'ਤੇ ਆਇਆ ਤਾਂ ਉਹ ਅਮੋਲਕ ਨੂੰ ਵੀ ਮਿਲਿਆ ਸੀ ਸ਼ਾਇਦ ਤੇ ਉਹਨੇ ਮੈਨੂੰ ਪੰਜਾਬ ਆ ਕੇ ਉਸ ਵੱਲੋਂ ਅਖ਼ਬਾਰ ਕੱਢੇ ਜਾਣ ਦਾ ਜ਼ਿਕਰ ਵੀ ਕੀਤਾ ਸੀ। ਅਸੀਂ ਵੀ ਕੈਨੇਡਾ ਤੋਂ ਮਾਸਿਕ ਪੱਤਰ 'ਸੀਰਤ' ਛਾਪਣਾ ਸ਼ੁਰੂ ਕੀਤਾ ਸੀ। ਇਹ ਪਰਚਾ ਨਿਰੋਲ ਸਾਹਿਤਕ ਸੀ ਤੇ ਇਸ ਵਿਚ ਪੰਜਾਬੀ ਦੇ ਵੱਡੇ ਨਾਮਵਰ ਲੇਖਕ ਛਪਦੇ ਸਨ। ਇਸ ਪਰਚੇ ਨੇ ਛੇਤੀ ਹੀ ਆਪਣੀ ਪੈਂਠ ਬਣਾ ਲਈ ਸੀ। ਜਿੱਥੋਂ ਤੱਕ ਮੈਨੂੰ ਧੁੰਦਲਾ ਜਿਹਾ ਯਾਦ ਹੈ ਕਿ ਅਮੋਲਕ ਨੇ 'ਸੀਰਤ' ਵਿਚੋਂ ਮੇਰੀ ਕੋਈ ਲਿਖਤ 'ਪੰਜਾਬ ਟਾਈਮਜ਼' ਵਿਚ ਛਾਪ ਕੇ ਮੈਨੂੰ ਇਸ ਬਾਰੇ ਜਾਣੂ ਕਰਵਾਇਆ ਤੇ ਆਪਣੇ ਤੇ ਆਪਣੀ ਅਖ਼ਬਾਰ ਵੀ ਬਾਰੇ ਵੀ ਦੱਸਿਆ ਸੀ ਪਰ ਏਨਾ ਯਾਦ ਹੈ ਤੇ ਪੱਕਾ ਯਾਦ ਹੈ ਕਿ 'ਪੰਜਾਬ ਟਾਈਮਜ਼' ਨੇ ਪੈਂਦੀ ਸੱਟੇ ਮੇਰੇ ਮਨ 'ਤੇ ਡੂੰਘੀ ਛਾਪ ਛੱਡੀ। ਮੈਨੂੰ ਏਨਾ ਜ਼ਰੂਰ ਪਤਾ ਲੱਗ ਗਿਆ ਕਿ 'ਪੰਜਾਬ ਟਾਈਮਜ਼' ਦਾ ਸੰਪਾਦਕ ਇਹ ਓਹੋ ਸੁਨੱਖਾ ਗੱਭਰੂ ਏ ਜਿਸ ਨੂੰ ਮੈਂ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੇ ਪੰਜਾਬੀ ਟ੍ਰਿਬਿਊਨ ਦੇ ਦਫ਼ਤਰ ਵਿਚ ਹਲਵਾਰਵੀ ਦੇ ਨਾਲ ਮਿਲਿਆ ਸਾਂ।

ਉਸ ਤੋਂ ਬਾਅਦ ਅਮੋਲਕ ਨਾਲ ਫ਼ੋਨ 'ਤੇ ਗੱਲ-ਬਾਤ ਹੋਣ ਲੱਗੀ। ਮੇਰੀਆਂ ਲਿਖਤਾਂ ਪੰਜਾਬ ਟਾਈਮਜ਼ ਵਿਚ ਛਪਣ ਲੱਗੀਆਂ। ਇਹ ਵੀ ਪਤਾ ਲੱਗਾ ਕਿ ਅੱਜ ਕੱਲ੍ਹ ਉਹ ਕੁਝ ਢਿੱਲਾ-ਮੱਠਾ ਰਹਿੰਦਾ ਹੈ। ਵ੍ਹੀਲ-ਚੇਅਰ 'ਤੇ ਹੈ। ਫ਼ੋਨ 'ਤੇ ਬੋਲਣ ਵਿਚ ਵੀ ਔਖ ਮਹਿਸੂਸ ਕਰਦਾ ਹੈ ਪਰ ਇਸ ਢਿੱਲ-ਮੱਠ ਦਾ ਅਖ਼ਬਾਰ 'ਤੇ ਕੋਈ ਅਸਰ ਨਹੀਂ। ਉਹ ਖ਼ੁਦ ਲੇਖਕਾਂ ਨੂੰ ਈ-ਮੇਲ ਤੇ ਫ਼ੋਨ 'ਤੇ ਸੁਨੇਹੇ ਛੱਡਦਾ ਏ। ਅਖ਼ਬਾਰ ਵਿਚ ਛਪੀਆਂ ਲਿਖਤਾਂ ਬਾਰੇ ਰਾਇ ਲੈਂਦਾ ਤੇ ਦਿੰਦਾ ਹੈ। ਸਾਰੀਆਂ ਲਿਖਤਾਂ ਨੂੰ ਖ਼ੁਦ ਪੜ੍ਹਦਾ ਹੈ। ਲਿਖਤ ਤੇ ਲੇਖਕ ਬਾਰੇ ਲਿਖੀ ਉਹਦੀ ਮੁਢਲੀ ਟਿੱਪਣੀ ਏਨੀ ਰੌਚਿਕ, ਸੁਗਠਿਤ ਤੇ ਭਾਵਪੂਰਤ ਹੁੰਦੀ ਹੈ ਕਿ ਪੜ੍ਹਨ ਵਾਲਾ ਤੇ ਖ਼ੁਦ ਲਿਖਤ ਦਾ ਲੇਖਕ ਵੀ 'ਧੰਨ' ਹੋ ਜਾਂਦਾ ਹੈ। ਇਹਨੂੰ ਕਹਿੰਦੇ ਨੇ ਸੰਪਾਦਕੀ ਸੂਝ।

ਅਸੀਂ ਉਹਦੀ ਸੰਪਾਦਕੀ ਸੂਝ ਦੀ ਗੱਲ ਥੋੜ੍ਹਾ ਕੁ ਅਟਕ ਕੇ ਕਰਦੇ ਹਾਂ। ਪਹਿਲਾਂ ਉਹਦੇ ਨਾਲ ਮੁੜ ਜੁੜੀ ਸਾਂਝ ਦਾ ਸੰਖੇਪ ਜਿਹਾ ਹਵਾਲਾ ਸਾਂਝਾ ਕਰਦੇ ਜਾਈਏ। ਇਸ ਬਿਰਤਾਂਤ ਵਿਚੋਂ ਅਮੋਲਕ ਦੇ ਖ਼ਲੂਸ, ਰਿਸ਼ਤਿਆਂ ਦੀ ਕਦਰਦਾਨੀ ਦੇ ਨਾਲ ਹੋਰ ਵੀ ਕਈ ਸ਼ਖ਼ਸੀ ਗੁਣ ਉਭਰ ਕੇ ਸਾਹਮਣੇ ਆਉਂਦੇ ਹਨ ਤੇ ਨਾਲ ਹੀ ਅਖ਼ਬਾਰ ਤੇ ਉਸ ਨਾਲ ਜੁੜੇ ਉਹਦੇ ਦਿਲਦਾਰਾਂ ਦੇ ਦਰਸ਼ਨ-ਦੀਦਾਰੇ ਵੀ ਹੁੰਦੇ ਹਨ।



*ਸਾਲ 2018 ਦੀ 'ਪੰਜਾਬ ਟਾਈਮਜ਼ ਨਾਈਟ' ਮੌਕੇ ਸ. ਜੰਮੂ ਨਾਲ ਕਹਾਣੀਕਾਰ ਵਰਿਆਮ ਸਿੰਘ ਸੰਧੂ, ਪ੍ਰਿੰ. ਸਰਵਣ ਸਿੰਘ, ਲੇਖਕ ਡਾ. ਗੁਰਬਖਸ਼ ਸਿੰਘ ਭੰਡਾਲ ਤੇ ਗੁਰਬਚਨ ਸਿੰਘ*

ਪਿਛਲੇ ਕਈ ਸਾਲਾਂ ਤੋਂ ਅਮੋਲਕ ਦੀ ਇੱਛਾ ਸੀ ਕਿ ਮੈਂ ਹਰ ਸਾਲ ਮਨਾਈ ਜਾਣ ਵਾਲੀ 'ਪੰਜਾਬ ਟਾਈਮਜ਼ ਨਾਈਟ' ਵਿਚ ਜ਼ਰੂਰ ਹਾਜ਼ਰ ਹੋਵਾਂ। ਅਸਲ ਵਿਚ ਜਿਨ੍ਹਾਂ ਦਿਨਾਂ ਵਿਚ ਉਹ ਆਪਣਾ ਇਹ ਜਸ਼ਨ ਕਰਦੇ ਨੇ, ਉਹਨਾਂ ਦਿਨਾਂ ਵਿਚ ਮੈਂ ਪੰਜਾਬ ਹੁੰਦਾਂ। ਇਹ ਅਕਸਰ ਮਾਰਚ ਦੇ ਅਖ਼ੀਰ ਜਾਂ ਅਪਰੈਲ ਦੇ ਸ਼ੁਰੂਆਤੀ ਦਿਨ ਹੁੰਦੇ। ਮੈਂ ਉਹਦੇ ਕੋਲੋਂ ਮੁਆਫ਼ੀ ਮੰਗ ਲੈਂਦਾ। ਦੋ ਕੁ ਸਾਲ ਪਹਿਲਾਂ ਉਹ ਜ਼ਿਦ ਕਰ ਬੈਠਾ ਕਿ ਭਾਵੇਂ ਕੁਝ ਹੋ ਜਾਵੇ, ਉਹ ਸਮਾਗਮ ਲੇਟ ਵੀ ਕਰ ਲੈਣਗੇ ਪਰ ਇਸ ਵਾਰ ਮੈਂ ਜ਼ਰੂਰ ਸ਼ਿਰਕਤ ਕਰਾਂ। ਮੇਰੀ ਸਹਿਮਤੀ ਨਾਲ ਉਸ ਵਾਰ ਸਮਾਗਮ ਦੀ ਤਰੀਕ 5 ਮਈ ਰੱਖੀ ਗਈ। ਉਹਨੇ ਲਿਖਿਆ:

ਸੰਧੂ ਸਾਹਿਬ,

ਕਈ ਚਿਰ ਤੋਂ ਤੁਹਾਨੂੰ ਫੋਨ ਕਰਨਾ ਚਾਹੁੰਦਾ ਸਾਂ ਪਰ ਫੋਨ 'ਤੇ ਨਾ ਬੋਲ ਸਕਣ ਦੀ ਮਜਬੂਰੀ ਕਾਰਨ ਕਰ ਨਹੀਂ ਸਕਿਆ। ਅਖੀਰ ਮਨ ਨੂੰ ਸਮਝਾਇਆ ਅਤੇ ਈਮੇਲ ਕਰਨਾ ਹੀ ਬਿਹਤਰ ਲੱਗਾ।

ਪੰਜਾਬ ਟਾਈਮਜ਼ ਦਾ ਸਾਲਾਨਾ ਪ੍ਰੋਗਰਾਮ ਤੁਹਾਡੀ ਪੰਜਾਬ ਤੋਂ ਵਾਪਸੀ ਦੇ ਹਿਸਾਬ ਨਾਲ 5 ਮਈ ਨੂੰ ਰਖਿਆ ਹੈ। ਤੁਸੀਂ ਹਰ ਹਾਲ ਪਹੁੰਚਣਾ ਹੈ। ਜਦੋਂ ਸ਼ਿਕਾਗੋ ਆਉਗੇ ਤਾਂ ਮੇਰੀ ਤੁਹਾਡੇ ਨਾਲ 24-25 ਸਾਲ ਬਾਅਦ ਮੁਲਾਕਾਤ ਹੋਵੇਗੀ।

ਵਿਚ ਵਿਚ ਉਹ ਪੁੱਛਦਾ ਰਿਹਾ, "ਸੰਧੂ ਸਾਹਿਬ, ਤੁਸੀਂ ਕੈਨੇਡਾ ਪਹੁੰਚ ਗਏ ਹੋ? ਜੇ ਨਹੀਂ ਪਹੁੰਚੇ ਤਾਂ ਜਲਦ ਪਹੁੰਚ ਜਾਓ। ਪੰਜਾਬ ਟਾਈਮਜ਼ ਨਾਈਟ 5 ਮਈ ਦੀ ਹੈ, ਇਸ ਸ਼ਾਮ ਪਾਠਕ ਤੁਹਾਡੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ।"

ਐਤਕੀਂ ਮੈਂ ਉਹਨੂੰ ਨਿਰਾਸ਼ ਨਹੀਂ ਸਾਂ ਕਰਨਾ ਚਾਹੁੰਦਾ। ਸਬੱਬੀਂ ਸਾਥ ਵੀ ਚੰਗਾ ਬਣ ਗਿਆ। ਟੋਰਾਂਟੋ ਤੋਂ ਮੇਰੇ ਨਾਲ ਪ੍ਰਿੰਸੀਪਲ ਸਰਵਣ ਸਿੰਘ ਨੇ ਵੀ ਜਾਣਾ ਸੀ। ਸੋ ਅਸੀਂ ਦੋਵੇਂ ਵਾਅਦੇ ਮੁਤਾਬਕ ਪਹੁੰਚ ਗਏ।

ਓਥੇ ਸਮਾਗਮ ਵਿਚ ਵੀ ਬਹੁਤ ਸਾਰੇ ਅਜਿਹੇ ਨਵੇਂ ਸੱਜਣ-ਸੱਜਣੀਆਂ ਬੜੀ ਚਾਹਤ ਨਾਲ ਮਿਲੇ ਜਿਨ੍ਹਾਂ ਨੇ ਮੈਨੂੰ ਸਿਰਫ਼ ਪੰਜਾਬ ਟਾਈਮਜ਼ ਵਿਚ ਹੀ ਪੜ੍ਹਿਆ ਹੋਇਆ ਸੀ। ਪੰਜਾਬ ਟਾਈਮਜ਼ ਦੇ ਪ੍ਰਸ਼ੰਸਕ ਤੇ ਸਰਪ੍ਰਸਤ ਅਮਰੀਕਾ ਵਿਚੋਂ ਦੂਰ ਦੁਰਾਡਿਓਂ ਪਹੁੰਚੇ ਹੋਏ ਸਨ। ਕੋਈ ਨਿਊ ਯਾਰਕ ਤੋਂ, ਕੋਈ ਵਾਸ਼ਿੰਗਟਨ ਤੋਂ, ਕੋਈ ਕੈਲੀਫ਼ੋਰਨੀਆਂ ਤੋਂ। ਇਹ ਪੰਜਾਬ ਟਾਈਮਜ਼ ਦੀ ਜਾਦੂਈ ਖਿੱਚ ਦਾ ਪ੍ਰਮਾਣ ਸੀ। ਜਿਵੇਂ ਅਮੋਲਕ ਨੂੰ ਚਾਅ ਸੀ ਕਿ ਉਹ ਮੈਨੂੰ 24-25 ਸਾਲ ਬਾਅਦ ਮਿਲੇਗਾ, ਉਂਜ ਹੀ ਮੇਰੇ ਮਨ ਵਿਚ ਵੀ ਏਨੇ ਸਿਰੜੀ, ਸਿਦਕੀ ਤੇ ਹਿੰਮਤੀ ਸੱਜਣ ਨੂੰ ਮਿਲਣ ਦੀ ਤਾਂਘ ਸੀ ਪਰ ਜਦ ਅਮੋਲਕ ਨੂੰ ਮਿਲਿਆ ਤਾਂ ਮੈਂ ਉਦਾਸ ਹੋ ਗਿਆ। ਉਹ ਬੋਲ ਨਹੀਂ ਸੀ ਸਕਦਾ। ਉਹਦੇ ਪ੍ਰਸ਼ੰਸਕਾਂ-ਪ੍ਰੇਮੀਆਂ ਦੀ ਭੀੜ ਉਹਦੀ ਵ੍ਹੀਲ-ਚੇਅਰ ਦੇ ਦੁਆਲੇ ਜੁੜੀ ਹੋਈ ਸੀ। ਉਹ ਸਭਨਾਂ ਨੂੰ ਸਿਰਫ਼ ਮੁਸਕਰਾ ਕੇ ਆਪਣੀ ਮੁਹੱਬਤ ਦਾ ਪ੍ਰਗਟਾਵਾ ਕਰ ਰਿਹਾ ਸੀ। ਕਦੀ ਕਦੀ ਉਹ ਫੁਸਫੁਸਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ ਪਰ ਮੇਲੇ ਦੇ ਸ਼ੋਰ ਵਿਚ ਗੱਲ ਪਿੜ-ਪੱਲੇ ਨਾ ਪੈਂਦੀ। ਮੇਰੇ ਨਾਲ ਵੀ ਇੰਜ ਹੀ ਹੋਇਆ। ਸਾਡੇ ਅੰਦਰ ਇੱਕ ਦੂਜੇ ਨਾਲ ਕਰਨ ਲਈ ਅਨੇਕਾਂ ਗੱਲਾਂ ਦੀ ਕੁਲਬੁਲਾਹਟ ਸੀ। ਮੈਂ ਇਕ ਅੱਧੀ ਗੱਲ ਕੀਤੀ ਤਾਂ ਅੱਗੋਂ ਉਹਦੀ ਮਾਹੌਲ ਦੇ ਰੌਲੇ ਵਿਚ ਗਵਾਚ ਗਈ ਫੁਸਫੁਸਾਹਟ ਤੇ ਬੇਵੱਸ ਮੁਸਕਰਾਹਟ ਨੇ ਮੈਨੂੰ ਵੀ ਚੁੱਪ ਕਰਾ ਦਿੱਤਾ। ਮੈਂ ਵ੍ਹੀਲ-ਚੇਅਰ 'ਤੇ ਥੋੜ੍ਹਾ ਝੁਕ ਕੇ ਉਸ ਨਾਲ ਆਪਣਾ ਪਿਆਰ ਸਾਂਝਾ ਕਰ ਕੇ ਅੱਗੇ ਤੁਰ ਪਿਆ ਕਿਉਂਕਿ ਮੇਰੇ ਪਿੱਛੇ ਹੋਰ ਵੀ ਅਨੇਕਾਂ ਲੋਕ ਉਹਨੂੰ ਮਿਲਣ ਤੇ ਫੋਟੋ ਖਿਚਵਾਉਣ ਲਈ ਕਤਾਰ ਬੰਨ੍ਹੀ ਖਲੋਤੇ ਸਨ। ਜਿੰਨੇ ਵੀ ਪਲ ਮੈਂ ਉਹਦੇ ਕੋਲ ਖਲੋਤਾ, ਉਹਦੀ ਚੁੱਪ ਵਿਚ ਆਪਣੇ ਸ਼ਬਦ ਘੋਲਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਜਿਹੜੇ ਰੰਗ ਇਸ ਚੁੱਪ ਦੇ ਟੁੱਟਣ ਨਾਲ ਅਮੋਲਕ ਦੇ ਬੋਲਾਂ ਵਿਚੋਂ ਫੁੱਟਣੇ ਸਨ, ਉਹ ਅਨਾਰ ਉਹਦੇ ਅੰਦਰ ਹੀ ਜਗ ਕੇ ਕਿਧਰੇ ਬੁਝ ਰਹੇ ਸਨ। ਉਹਨੂੰ ਮਿਲਣ ਦੀ ਖ਼ੁਸ਼ੀ ਵੀ ਸੀ ਪਰ ਉਦਾਸੀ ਵੀ ਡਾਢੀ ਸੀ ਕਿ ਕੁਦਰਤ ਨੇ ਉਹਦੇ ਨਾਲ ਇਨਸਾਫ਼ ਨਹੀਂ ਸੀ ਕੀਤਾ। ਮੈਂ ਉਹਦੀ ਅਜਿਹੀ ਬੇਵੱਸੀ ਹੋਰ ਨਹੀਂ ਸਾਂ ਵੇਖਣਾ ਚਾਹੁੰਦਾ। ਇਸ ਲਈ ਅਗਲੇ ਦਿਨ ਉਹਦੇ ਘਰ ਰੱਖੀ ਪਾਰਟੀ 'ਤੇ ਨਾ ਜਾ ਸਕਣ ਦਾ, ਜਾਣ-ਬੁੱਝ ਕੇ, ਬਹਾਨਾ ਮਾਰ ਗਿਆ।

ਉਸ ਸ਼ਾਮ ਨੂੰ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਟਾਈਮਜ਼ ਦੀ ਪ੍ਰਸ਼ੰਸਾ ਵੀ ਕੀਤੀ ਤੇ ਅਮੋਲਕ ਦੀ ਹਿੰਮਤ ਦੀ ਦਾਦ ਵੀ ਦਿੱਤੀ। ਅਖ਼ਬਾਰ ਦੀ ਪ੍ਰਸ਼ੰਸਾ ਕੀਤੀ। ਮੈਂ ਵੀ ਬੜਾ ਹੁੱਬ ਕੇ ਬੋਲਿਆ।

ਕੁਝ ਦਿਨਾਂ ਬਾਅਦ ਉਹਦਾ ਈ-ਮੇਲ ਸੁਨੇਹਾ ਮਿਲਿਆ। ਲਿਖਿਆ ਸੀ:

"ਮੁਆਫ ਕਰਨਾ ਪ੍ਰੋਗਰਾਮ ਹੋਏ ਨੂੰ ਇੰਨੇ ਦਿਨ ਹੋ ਗਏ, ਤੁਹਾਡੇ ਨਾਲ ਰਾਬਤਾ ਕਾਇਮ ਨਹੀਂ ਕਰ ਸਕਿਆ। ਤੁਸੀਂ ਠੁੱਕ ਹੀ ਇੰਨੀ ਬੰਨ੍ਹ ਦਿਤੀ ਕਿ ਮੈਂ ਫੁਲ ਕੇ ਕੁੱਪਾ ਹੋ ਗਿਆ।

ਦਰਅਸਲ, ਬੋਲਿਆ ਹੀ ਨਹੀਂ ਸੀ ਜਾ ਰਿਹਾ ਤੇ ਮੈਂ ਇਹੋ ਉਡੀਕਦਾ ਰਿਹਾ ਕਿ ਆਵਾਜ਼ ਜ਼ਰਾ ਕੁ ਠੀਕ ਹੋਵੇ ਤਾਂ ਫੋਨ 'ਤੇ ਤੁਹਾਡੇ ਨਾਲ ਗੱਲ ਕਰਾਂਗਾ ਪਰ...। ਅਖੀਰ ਖਤ ਲਿਖਣ ਦਾ ਹੀ ਰਾਹ ਫੜਨਾ ਪਿਆ।

ਜੇ ਕਿਹਾ ਜਾਵੇ ਕਿ ਉਸ ਪ੍ਰੋਗਰਾਮ ਦੇ ਅਸਲ ਕੇਂਦਰ ਬਿੰਦੂ ਤੁਸੀਂ ਹੀ ਸਉ ਤਾਂ ਇਸ ਵਿਚ ਜ਼ਰਾ ਵੀ ਅਤਿਕਥਨੀ ਨਹੀਂ ਹੋਵੇਗੀ। ਜਦੋਂ ਤੁਸੀਂ ਬੋਲ ਰਹੇ ਸੀ ਤਾਂ ਇਉਂ ਲਗਦਾ ਸੀ, ਜਿਵੇਂ ਤੁਸੀਂ ਸਰੋਤਿਆਂ ਨੂੰ ਮੰਤਰਮੁਗਧ ਕਰ ਲਿਆ ਹੋਵੇ। ਕਿਤੇ ਜ਼ਰਾ ਵੀ ਚੂੰ ਨਹੀਂ ਸੀ ਹੋ ਰਹੀ। ਮੇਰੇ ਦੋਸਤਾਂ-ਮਿੱਤਰਾਂ ਤੇ ਪੰਜਾਬ ਟਾਈਮਜ਼ ਦੇ ਪ੍ਰੇਮੀਆਂ ਦਾ ਇਸਰਾਰ ਹੈ ਕਿ ਤੁਹਾਨੂੰ ਬੇਨਤੀ ਕੀਤੀ ਜਾਵੇ ਕਿ ਅਗਲੇ ਸਾਲ ਵੀ ਤੁਸੀਂ ਜ਼ਰੂਰ-ਬਰ-ਜ਼ਰੂਰ ਆਓ। ਉਮੀਦ ਹੈ, ਤੁਸੀਂ ਇਹ ਬੇਨਤੀ ਪ੍ਰਵਾਨ ਕਰੋਗੇ। ਹਾਲਾਤ ਨਾਲ ਇਹ ਗਿਲਾ ਜ਼ਰੂਰ ਹੈ ਕਿ ਆਪਾਂ ਪ੍ਰੋਗਰਾਮ ਤੋਂ ਪਹਿਲਾਂ ਜਾਂ ਬਾਅਦ ਵਿਚ ਨਿਵੇਕਲੇ ਨਹੀਂ ਮਿਲ ਸਕੇ। ਜੀਅ ਕਰਦਾ ਸੀ ਕਿ ਯੂਨੀਵਰਸਿਟੀ ਵੇਲੇ ਦੀਆਂ ਕੁਝ ਗੱਲਾਂ-ਬਾਤਾਂ ਕਰਦੇ ਪਰ ਇੰਜ ਹੋ ਨਹੀਂ ਸਕਿਆ। ਉਮੀਦ ਹੈ ਫਿਰ ਜਲਦੀ ਹੀ ਕਦੀ ਮੌਕਾ ਬਣ ਜਾਵੇਗਾ।

ਤੁਹਾਡਾ ਬਹੁਤ ਬਹੁਤ ਧੰਨਵਾਦ।"

ਅਗਲੇ ਸਾਲ ਉਹਨੇ ਫਿਰ ਇਸਰਾਰ ਕੀਤਾ ਕਿ ਮੈਂ 4 ਮਈ ਨੂੰ ਮਨਾਈ ਜਾ ਰਹੀ ਪੰਜਾਬ ਟਾਈਮਜ਼ ਦੇ ਪ੍ਰਕਾਸ਼ਨ ਦੀ 19ਵੀਂ ਵਰ੍ਹੇਗੰਢ ਮੌਕੇ ਮੁੜ ਹਾਜ਼ਰ ਹੋਵਾਂ। ਉਹਨੇ ਲਿਖਿਆ, "ਤੁਹਾਡੇ ਨਾਲ ਫੋਨ 'ਤੇ ਗੱਲ ਕਰਨਾ ਚਾਹੁੰਦਾ ਸਾਂ ਪਰ ਮੈਂ ਚਾਹ ਕੇ ਵੀ ਗੱਲ ਨਹੀਂ ਕਰ ਸਕਦਾ। ਅਸਲ ਵਿਚ ਮੇਰਾ ਰੋਗ ਮੈਨੂੰ ਉਸ ਥਾਂ ਲੈ ਆਇਆ ਹੈ, ਜਿਥੇ ਮੇਰੇ ਲਈ, ਖਾਸ ਕਰ ਟੈਲੀਫੋਨ 'ਤੇ ਬੋਲਣਾ ਔਖਾ ਹੁੰਦਾ ਜਾ ਰਿਹਾ ਹੈ। ਜੇ ਫੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕਰਾਂ ਵੀ, ਤਾਂ ਦੂਜੇ ਦੇ ਸਮਝ ਨਹੀਂ ਆਉਂਦੀ। ਉਮੀਦ ਹੈ, ਤੁਸੀਂ ਮੇਰੀ ਮੁਸ਼ਕਿਲ ਸਮਝੋਗੇ। ਪਹੁੰਚ ਸਕੋ ਤਾਂ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ। ਪਿਛਲੇ ਸਾਲ ਦੇ ਤੁਹਾਡੇ ਸਰੋਤੇ ਅੱਜ ਵੀ ਤੁਹਾਨੂੰ ਯਾਦ ਕਰਦੇ ਹਨ।"

ਮੈਂ ਚਾਰ ਮਈ ਨੂੰ ਬਾਲਟੀਮੋਰ ਵਿਚ ਜਲ੍ਹਿਆਂਵਾਲੇ ਬਾਗ ਬਾਰੇ ਬੋਲਣ ਜਾਣਾ ਸੀ। ਇਸ ਲਈ ਸਮਾਗਮ 'ਤੇ ਜਾ ਸਕਣਾ ਸੰਭਵ ਨਹੀਂ ਸੀ। ਉਂਜ ਵੀ ਮੈਂ ਉਹਦੀ ਨਾ ਬੋਲ ਸਕਣ ਦੀ ਬੇਵੱਸੀ ਨੂੰ ਵੇਖ ਕੇ ਉਦਾਸ ਨਹੀਂ ਸਾਂ ਹੋਣਾ ਚਾਹੁੰਦਾ।

ਉਦਾਸ ਤਾਂ ਉਹ ਵੀ ਹੁੰਦਾ ਹੋਵੇਗਾ ਪਰ ਮੈਨੂੰ ਲੱਗਦਾ ਹੈ ਕਿ ਉਹਨੇ 'ਬੇਵੱਸੀ' ਨੂੰ ਵੀ ਆਪਣੇ ਵੱਸ ਵਿਚ ਕਰ ਕੇ ਸਰੀਰਕ, ਸਮਾਜਿਕ ਤੇ ਰਚਨਾਤਮਕ ਲੜਾਈ ਨੂੰ ਜਾਰੀ ਰੱਖਿਆ ਹੈ। ਜਦੋਂ ਕੋਈ ਉਹਦੀ ਇਸ ਸੂਰਮਗਤੀ ਨੂੰ, ਉਹਦੇ ਹਿਸਾਬ ਨਾਲ, ਸਟੀਫ਼ਨ ਹਾਕਿੰਗ ਆਖ ਕੇ 'ਲੋੜੋਂ ਵੱਧ' ਵਡਿਆਉਂਦਾ ਹੈ ਤਾਂ ਉਹ ਸੰਗ ਜਾਂਦਾ ਹੈ। ਉਹਦੀ ਬਿਮਾਰੀ, ਉਹਦੀ ਲੜਾਈ ਤੇ ਉਹਦਾ ਮੈਦਾਨ ਆਪਣਾ ਹੈ। ਉਹ ਇਸ ਮੈਦਾਨ ਵਿਚ ਪੂਰੇ ਤਾਣ ਨਾਲ ਜੂਝ ਰਿਹਾ ਹੈ ਪਰ ਕਿਸੇ ਨਾਲ ਮੁਕਾਬਲਾ ਕਰਨਾ ਜਾਂ ਕਿਸੇ ਵਰਗਾ ਹੋਣਾ ਜਾਂ ਦਿਸਣਾ ਉਹਦੀ ਲਲਕ ਨਹੀਂ। ਉਹ ਅਮੋਲਕ ਸਿੰਘ ਹੀ ਰਹਿਣਾ ਚਾਹੁੰਦਾ ਹੈ। ਮਾਪਿਆਂ ਨੇ ਉਹਦਾ ਨਾਂ 'ਅਮੋਲਕ' ਰੱਖਿਆ ਸੀ। ਢਾਡੀ-ਕਵੀਸ਼ਰ ਗਾਇਆ ਕਰਦੇ ਸਨ:

ਇਹ ਜਨਮ ਅਮੋਲਕ ਹੀਰਾ, ਸਬੱਬ ਨਾਲ ਹੱਥ ਲੱਗਿਆ।

ਮਾਪਿਆਂ ਦਾ ਅਮੋਲਕ ਪੁੱਤ, ਸਬੱਬ ਨਾਲ ਹੀ, ਪੰਜਾਬੀ ਪੱਤਰਕਾਰੀ ਦਾ ਬੇਸ਼ਕੀਮਤੀ ਹੀਰਾ ਹੋ ਨਿੱਬੜਿਆ ਹੈ। ਅਮੋਲਕ!

ਇਹ ਉਹਦੀ ਬਹਾਦਰੀ ਤੇ ਜਵਾਂ-ਮਰਦੀ ਹੀ ਏ ਕਿ ਏਨੀ ਵੱਡੀ ਸਰੀਰਕ ਤਕਲੀਫ਼ ਦੇ ਹੁੰਦਿਆਂ ਵੀ ਉਹਨੇ ਕਿਵੇਂ ਅਖ਼ਬਾਰ ਨੂੰ ਆਪਣਾ ਆਪ ਸਮਰਪਿਤ ਕਰ ਦਿੱਤਾ। 'ਪੰਜਾਬ-ਟਾਈਮਜ਼' ਉਹਦਾ 'ਓੜ੍ਹਣਾ-ਵਿਛੌਣਾ' ਬਣ ਗਿਆ। ਉਹਨੇ ਹਰ ਸਾਹ ਅਖ਼ਬਾਰ ਨੂੰ ਅਰਪਤਿ ਕਰ ਦਿੱਤਾ।

(ਬਾਕੀ ਅਗਲੇ ਸਫੇ 'ਤੇ)

# ਸਬੱਬ ਨਾਲ ਹੱਥ ਲੱਗਿਆ 'ਅਮੋਲਕ ਹੀਰਾ'

*(ਪਿਛਲੇ ਸਫੇ ਦੀ ਬਾਕੀ)*

ਅੱਠੋ-ਪਹਿਰ ਅਖ਼ਬਾਰ ਬਾਰੇ ਸੋਚਣਾ, ਅਖ਼ਬਾਰ ਬਾਰੇ ਲਿਖਣਾ-ਲਿਖਵਾਉਣਾ, ਅਖ਼ਬਾਰ ਚਲਦਾ ਰੱਖਣ ਲਈ ਆਰਥਿਕ ਮੁਹਾਜ਼ 'ਤੇ ਵੀ ਸੰਘਰਸ਼ ਕਰਨਾ। ਉਹ ਕਹਿੰਦਾ ਹੈ ਕਿ ਆਪਣੀ ਬਿਮਾਰੀ ਤੋਂ ਮਨ ਨੂੰ ਓਹਲਾ ਦੇਣ ਲਈ ਉਹਨੇ ਆਪਣੇ ਆਪ ਨੂੰ ਅਖ਼ਬਾਰ ਦੇ ਕੰਮਾਂ ਵਿਚ ਰੁਝਾ ਲਿਆ, ਇਹ ਵੀ ਠੀਕ ਹੋ ਸਕਦਾ ਹੈ ਤੇ ਹੈ ਵੀ ਪਰ ਅਜਿਹੀ ਬਿਮਾਰੀ ਵਿਚ ਸਾਧਾਰਨ ਬੰਦਾ ਤਾਂ ਅਸਲੋਂ ਢੇਰੀ ਢਾਹ ਬਹਿੰਦਾ ਹੈ। ਸਰੀਰ ਡੋਲ ਜਾਵੇ ਤਾਂ ਮਨ ਵੀ ਡੋਲਣਾ ਹੋਇਆ ਪਰ ਉਹ 'ਸਾਧਾਰਨ ਬੰਦਾ' ਨਹੀਂ ਏ। ਉਹ ਤਾਂ ਖ਼ਾਸ ਬੰਦਾ ਹੈ। ਨਿਕਲੋਲਾਈ ਆਸਤ੍ਰੋਵਰਕੀ ਦੇ ਨਾਵਲ ਦੇ ਜੁਝਾਰੂ ਪਾਤਰ ਵਰਗਾ। ਸ਼ਬਦ ਦੇ ਸਹੀ ਅਰਥਾਂ ਵਿਚ 'ਸੂਰਮਾ'।

ਹੁਣ ਸਵਾਲ ਉਠਦਾ ਹੈ ਕਿ ਬਿਮਾਰੀ ਦੀ ਹਾਲਤ ਵਿਚ ਅਖ਼ਬਾਰ ਕੱਢ ਲੈਣਾ ਹੀ ਸੂਰਮਗਤੀ ਹੁੰਦੀ ਹੈ? ਹਾਂ, ਇਹ ਵੀ ਹੁੰਦੀ ਹੈ ਪਰ ਗੱਲ ਏਨੀ ਹੀ ਨਹੀਂ। ਵੱਡੀ ਗੱਲ ਤਾਂ ਇਹ ਹੈ ਕਿ ਅਖ਼ਬਾਰ ਕਿਹੋ ਜਿਹੀ ਕੱਢਣੀ ਏਂ। ਕਿਸ ਨਜ਼ਰੀਏ ਤੋਂ ਕੱਢਣੀ ਏਂ। ਏਥੇ ਆ ਕੇ ਗੱਲ ਉਸ ਨੁਕਤੇ 'ਤੇ ਅੱਪੜਦੀ ਹੈ ਕਿ 'ਸ਼ਬਦ' ਦੀ ਜਿਹੜੀ ਅਜ਼ਮਤ ਸਾਡੇ ਵਡੇਰਿਆਂ ਨੇ ਕਾਇਮ ਰੱਖੀ ਸੀ, ਕੀ ਇਹ ਅਖ਼ਬਾਰ ਉਸ ਅਜ਼ਮਤ ਦਾ ਰਖਵਾਲਾ ਹੈ ਜਾਂ ਕੇਵਲ ਚਲਾਵੀਆਂ ਗੱਲਾਂ ਕਰ ਕੇ, ਚਾਪਲੂਸੀਆਂ ਤੇ ਤਿਕੜਮਬਾਜ਼ੀਆਂ ਕਰ ਕੇ ਅਖ਼ਬਾਰ ਨੂੰ ਡਾਲਰ ਕਮਾਉਣ ਦਾ ਵਸੀਲਾ ਹੀ ਬਣਾਉਂਦਾ ਹੈ। ਰੋਜ਼ੀ ਰੋਟੀ ਲਈ ਡਾਲਰਾਂ ਦਾ ਹੋਣਾ ਵੀ ਜ਼ਰੂਰੀ ਹੈ ਪਰ ਡਾਲਰਾਂ ਵਾਸਤੇ ਜ਼ਮੀਰ ਵੇਚਣ ਵਾਲਾ ਪੱਤਰਕਾਰ ਜਿਊਂਦਾ ਹੋਇਆ ਵੀ ਮਰਿਆਂ-ਮੋਇਆਂ ਜਿਹਾ ਭੈੜਾ! ਪੱਤਰਕਾਰ ਓਹੋ ਜਿਸ ਦੀ ਜ਼ਮੀਰ ਜਿਊਂਦੀ ਹੋਵੇ। ਅਮੋਲਕ ਸਿੰਘ ਜਿਉਂਦੀ ਤੇ ਜਗਦੀ-ਜਾਗਦੀ ਜ਼ਮੀਰ ਵਾਲਾ ਸੰਪਾਦਕ, ਪੱਤਰਕਾਰ ਤੇ ਲੇਖਕ ਹੈ। 'ਪੰਜਾਬ ਟਾਈਮਜ਼' ਦੀ ਵਿਚਾਰਧਾਰਕ ਜਾਂ ਨਜ਼ਰਿਆਤੀ ਪਹੁੰਚ ਤੋਂ ਹੀ ਅਮੋਲਕ ਸਿੰਘ ਵੱਲੋਂ 'ਸ਼ਬਦ' ਦੀ ਅਜ਼ਮਤ ਨੂੰ ਕਾਇਮ ਅਤੇ ਬੁਲੰਦ ਰੱਖਣ ਦੀ ਗਵਾਹੀ ਮਿਲਦੀ ਹੈ। ਬੇਸ਼ੱਕ ਉਹ ਆਪਣੀ ਵਿਚਾਰਧਾਰਾ ਦਾ ਐਲਾਨਨਾਮਾ ਨਹੀਂ ਛਾਪਦਾ। ਤਰਦੀ ਨਜ਼ਰ ਨਾਲ ਵੇਖਣ ਵਾਲਿਆਂ ਨੂੰ ਉਹ ਕਦੀ ਖ਼ਾਲਿਸਤਾਨ ਦਾ ਹਮਾਇਤੀ, ਕਦੀ ਵਿਰੋਧੀ, ਕਦੀ ਕੱਟੜ ਸਿੱਖ, ਕਦੀ ਪੂਰਾ ਆਸਤਿਕ, ਕਦੀ ਨਾਸਤਿਕ, ਕਦੀ ਖੁੱਲ੍ਹ-ਦਿਲਾ ਸੈਕੂਲਰ, ਮਾਨਵਵਾਦੀ, ਸਰਬ-ਧਰਮ ਪ੍ਰੇਮੀ ਤੇ ਹੋਰ ਵੀ ਕਿੰਨਾ ਕੁਝ ਲੱਗਣ ਲੱਗ ਜਾਂਦਾ ਹੈ। ਉਹ ਪਰਚੇ ਵਿਚ ਛਪੀ ਕਿਸੇ ਵਿਸ਼ੇਸ਼ ਲਿਖਤ ਵਿਚਲੇ ਲੇਖਕ ਦੇ ਸਿਧਾਂਤਕ ਪੈਂਤੜੇ ਨੂੰ ਹੀ ਅਮੋਲਕ ਦਾ ਨਜ਼ਰੀਆ ਸਮਝਣ ਦੀ ਉਕਾਈ ਕਰ ਜਾਂਦਾ ਹੈ। ਏਸੇ ਕਰ ਕੇ ਕਈ ਅਖ਼ਬਾਰਾਂ ਵਾਲੇ ਸ਼ੁਰੂ ਵਿਚ ਲਿਖ ਦਿੰਦੇ ਨੇ, "ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।" ਸੋ ਲੇਖਕ ਦੇ ਵਿਚਾਰ ਅਮੋਲਕ ਦੇ ਨਹੀਂ ਹੋ ਸਕਦੇ ਪਰ ਉਸ ਵਿਸ਼ੇਸ਼ ਲੇਖਕ ਦੀ ਲਿਖਤ ਨੂੰ ਛਾਪਣ ਦੀ ਚੋਣ ਤਾਂ ਸੰਪਾਦਕ ਦੀ ਹੀ ਹੈ। ਇਸ ਚੋਣ ਪਿੱਛੇ ਨਿਸਚੈ ਹੀ ਕੋਈ ਵਿਚਾਰਧਾਰਕ ਪੈਂਤੜਾ ਸੰਪਾਦਕ ਦਾ ਵੀ ਹੁੰਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸੰਪਾਦਕ ਵੱਖ-ਵੱਖ ਲੇਖਕਾਂ ਦੇ ਵੱਖੋ-ਵੱਖ ਸਿਧਾਂਤਕ ਪੈਂਤੜਿਆਂ ਨੂੰ ਇਕ ਦੂਜੇ ਨਾਲ ਭਿੜਨ ਦਾ ਮੌਕਾ ਦਿੰਦਾ ਹੈ। ਸੌ ਫੁੱਲ ਖਿੜਨ ਦਿੰਦਾ ਹੈ। ਸੰਵਾਦੀ ਮੈਦਾਨ ਮੁਹੱਈਆ ਕਰਵਾਉਂਦਾ ਹੈ। ਏਸੇ ਸੰਵਾਦੀ ਮੈਦਾਨ ਦੇ ਧੁਰ ਹੇਠਾਂ ਕਿਧਰੇ ਅਮੋਲਕ ਦੀ ਵਿਚਾਰਧਾਰਾ ਵੀ ਅੰਤਰਧਾਰਾ ਬਣ ਕੇ ਵਹਿ ਰਹੀ ਹੁੰਦੀ ਹੈ। ਬਾਰੀਕ ਨਜ਼ਰ ਵਾਲਾ ਪਾਠਕ ਉਸ ਵਿਚਾਰਧਾਰਾ ਨੂੰ ਪਛਾਣ ਲੈਂਦਾ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਅਖ਼ਬਾਰ ਦੀ ਵਿਚਾਰਧਾਰਕ ਪਹੁੰਚ ਚੁਪਕੇ ਜਿਹੇ ਕਈ ਝਰੋਖਿਆਂ ਵਿਚੋਂ ਝਾਤੀ ਮਾਰਦੀ ਨਜ਼ਰ ਆਉਂਦੀ ਹੈ।

ਅਖ਼ਬਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਾ ਕਿਸੇ ਇੱਕ ਰਾਜਨੀਤਕ ਪਾਰਟੀ ਦੀ ਹੈ, ਨਾ ਕਿਸੇ ਪੈਸੇ ਵਾਲੇ ਵੱਡੇ ਬੰਦੇ ਦੀ। ਨਾ ਕਿਸੇ ਖ਼ਾਸ ਧਾਰਮਿਕ ਵਿਸ਼ਵਾਸ ਵਾਲੇ ਲੋਕਾਂ ਦੀ। ਨਾ ਕਿਸੇ ਆਸਤਕ ਦੀ ਨਾ ਕਿਸੇ ਨਾਸਤਿਕ ਦੀ। ਨਾ ਕਿਸੇ ਸੱਜੇ-ਪੱਖੀ ਦੀ, ਨਾ ਕਿਸੇ ਖੱਬੇ-ਪੱਖੀ ਦੀ। ਨਾ ਹਿੰਸਾ ਤੇ ਵਿਸ਼ਵਾਸੀ ਦੀ ਤੇ ਨਾ ਕਿਸੇ ਅਹਿੰਸਾ ਦੇ ਪੁਜਾਰੀ ਦੀ। ਅਸਲ ਵਿਚ ਇਹ ਲੋਕਾਂ ਦੀ ਅਖ਼ਬਾਰ ਹੈ। ਸਭਨਾਂ ਦੀ ਆਪਣੀ। ਸਭਨਾਂ ਦੀ ਆਵਾਜ਼। ਜਿਵੇਂ ਅਸੀਂ ਹੁਣੇ ਕਹਿ ਹਟੇ ਹਾਂ ਕਿ ਇਹਦਾ ਇਹ ਮਤਲਬ ਨਹੀਂ ਕਿ 'ਪੰਜਾਬ ਟਾਈਮਜ਼' ਦੀ ਆਪਣੀ ਕੋਈ ਆਵਾਜ਼ ਨਹੀਂ। ਆਵਾਜ਼ ਤਾਂ ਹੈ, ਨਿਸਚੈ ਹੀ ਹੈ ਪਰ ਇਹ ਆਵਾਜ਼ ਉਹਨਾਂ ਨਚਾਰਾਂ ਦੀ ਆਵਾਜ਼ ਨਹੀਂ ਜੋ ਕਿਸੇ ਪਿੱਛੇ ਬੈਠੀ ਤੇ ਕਠਪੁਤਲੀਆਂ ਦੀਆਂ ਤਾਰਾਂ ਹਿਲਾ ਰਹੀ ਸੱਤਾ ਦੇ ਇਸ਼ਾਰੇ 'ਤੇ ਨੱਚਦੇ ਤੇ ਗਾਉਂਦੇ ਨੇ। ਕਿਸੇ ਨੂੰ ਕੋਈ ਭੁਲੇਖਾ ਨਹੀਂ ਕਿ ਅੱਜ ਸਾਰਾ ਬਿਜਲਈ ਤੇ ਪ੍ਰਿੰਟ ਮੀਡੀਆ ਵਿਕਿਆ ਪਿਆ ਹੈ, ਪੱਤਰਕਾਰ ਦੀ ਆਪਣੀ ਆਵਾਜ਼ ਕੋਈ ਨਹੀਂ, ਉਹ ਤਾਂ ਧੂਤੂ ਨੇ, ਉਹ ਤਾਂ ਉਹ ਕੁਝ ਬੋਲਦੇ ਨੇ ਜੋ ਉਨ੍ਹਾਂ ਦੇ ਪਿਛੇ ਬੈਠੇ ਉਨ੍ਹਾਂ ਦੇ ਆਕਾ, ਉਹਨਾਂ ਨੂੰ ਪੈਸੇ ਦੇਣ ਵਾਲੇ ਉਹਨਾਂ ਦੇ ਮਾਲਕ ਤੇ ਉਹਨਾਂ ਦੇ ਹਿਤ ਕਹਿੰਦੇ ਨੇ। ਮੂੰਹ ਖਾਵੇ ਤੇ ਅੱਖਾਂ ਸ਼ਰਮਾਉਣ। ਸੱਚ ਬੋਲਣ ਵਾਲਾ ਤਾਂ ਹੁਣ ਕੋਈ-ਕੋਈ ਬਚਿਆ ਹੈ। ਕੋਈ ਹਰਿਆ ਬੂਟ ਰਹੀਓ ਰੀ! ਸ਼ੁਕਰ ਹੈ, 'ਪੰਜਾਬ ਟਾਈਮਜ਼' ਜਿਊਂਦਾ ਹੈ। ਅਮੋਲਕ 'ਜਿਉਂਦਾ' ਹੈ। ਦੋਵੇਂ ਪਤਝੜੀ ਮਾਹੌਲ ਵਿਚ ਵੀ ਹਰੇ ਭਰੇ ਹਨ। ਅਮੋਲਕ ਦੀ ਸੱਤਾ ਦੇ ਗਲਿਆਰਿਆਂ ਵਿਚ ਵਿਚਰਦੇ ਵੱਡੇ ਬੰਦਿਆਂ 'ਤੇ ਕੋਈ ਟੇਕ ਨਹੀਂ, ਉਹਦੀ ਟੇਕ ਤਾਂ ਹੈ, ਆਪਣੇ ਲੋਕਾਂ 'ਤੇ, ਆਪਣੇ ਭਾਈਚਾਰੇ 'ਤੇ। ਇਸੇ ਕਰ ਕੇ ਅਖ਼ਬਾਰ ਲੋਕਾਂ ਦੀ ਆਵਾਜ਼ ਹੈ। ਪੂਰੇ ਭਾਈਚਾਰੇ ਦੀ ਆਵਾਜ਼ ਹੈ।

ਚੱਲਦੇ ਚੱਲਦੇ ਗੱਲ ਯਾਦ ਆ ਗਈ। ਗੱਲ ਚਾਲੀ ਪੰਜਾਹ ਸਾਲ ਪਹਿਲਾਂ ਦੀ ਹੈ। ਅੰਬਰਸਰ ਵਿਚ ਵਿਸਾਖੀ ਦਾ ਦੀਵਾਨ ਸੀ ਮੰਜੀ ਸਾਹਿਬ ਵਿਖੇ। ਅਸੀਂ ਓਥੇ ਸੋਹਣ ਸਿੰਘ ਸੀਤਲ ਹੁਰਾਂ ਨੂੰ ਸੁਣਨ ਜਾਂਦੇ। ਰਾਤ ਦੇ ਦੀਵਾਨ ਵਿਚ ਸੁਣ ਲਿਆ। ਅਗਲੇ ਦਿਨ ਅਸੀਂ ਵਾਪਸ ਘਰ ਮੁੜਨ ਤੋਂ ਪਹਿਲਾਂ ਵੀ ਸੀਤਲ ਜੀ ਨੂੰ ਸੁਣ ਕੇ ਜਾਣਾ ਚਾਹੁੰਦੇ ਸਾਂ। ਸਵੇਰ ਤੋਂ ਦੀਵਾਨ ਵਿਚ ਬੈਠੇ ਉਹਨਾਂ ਦੀ ਵਾਰੀ ਦੀ ਉਡੀਕ ਕਰ ਰਹੇ ਸਾਂ। ਸੀਤਲ ਜੀ ਬਾਰਾਂ ਕੁ ਵਜੇ ਸਟੇਜ 'ਤੇ ਤਾਂ ਪਹੁੰਚ ਗਏ ਸਨ ਪਰ ਸਟੇਜ ਦੀਆਂ ਆਪਣੀਆਂ ਲੋੜਾਂ। ਆਮ ਜਿਹੇ ਕਵੀਸ਼ਰਾਂ ਤੇ ਢਾਡੀਆਂ ਨੂੰ ਸਮਾਂ ਦਿੱਤਾ ਜਾ ਰਿਹਾ ਸੀ। ਸਾਨੂੰ ਪਤਾ ਸੀ ਕਿ ਉਹਨਾਂ ਨੂੰ ਮਘੇ ਤੇ ਭਰੇ ਦੀਵਾਨ ਵਿਚ ਸਿਖ਼ਰਲੇ ਸਮੇਂ 'ਤੇ ਹੀ ਬੋਲਣ ਦਾ ਸਮਾਂ ਮਿਲੇਗਾ। ਸਾਨੂੰ ਸੀਤਲ ਹੁਰਾਂ ਨੂੰ ਸੁਣਨ ਤੇ ਘਰ ਮੁੜਨ ਦੀ ਕਾਹਲ ਵੀ ਸੀ। ਮੈਂ ਇਕ ਪਰਚੀ ਲਿਖੀ ਤੇ ਆਪਣੇ ਸਾਥੀ ਦੇ ਹੱਥ ਸਟੇਜ ਸਕੱਤਰ ਤੱਕ ਪਹੁੰਚਾ ਦਿੱਤੀ। ਪਰਚੀ ਵਿਚ ਕੁਝ ਇਸ ਤਰ੍ਹਾਂ ਦੇ ਭਾਵ ਸਨ, "ਸੰਗਤ ਸਵੇਰ ਤੋਂ ਸੀਤਲ ਜੀ ਨੂੰ ਸੁਣਨ ਲਈ ਉਤਾਵਲੀ ਹੈ। ਹੁਣ ਜਦ ਉਹ ਸਟੇਜ 'ਤੇ ਆਏ ਬੈਠੇ ਨੇ ਤਾਂ ਅਜੇ ਵੀ ਅਜਿਹੇ ਕਵੀਸ਼ਰਾਂ ਢਾਡੀਆਂ ਨੂੰ ਸਮਾਂ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਕੋਲ ਇਤਿਹਾਸ ਦੀ ਕੋਈ ਲੰਮੀ ਚੌੜੀ ਜਾਣਕਾਰੀ ਤਾਂ ਹੈ ਨਹੀਂ, ਬੱਸ ਉਚੀ ਉਚੀ ਟਾਹਰਾਂ ਲਾ ਕੇ ਸੰਗਤ ਤੋਂ ਪੈਸੇ ਲੈਣੇ ਜਿਨ੍ਹਾਂ ਦਾ ਮਕਸਦ ਹੈ। ਸਾਡੀ ਬੇਨਤੀ ਸਵੀਕਾਰ ਕਰ ਕੇ ਸੀਤਲ ਜੀ ਨੂੰ ਸਮਾਂ ਦੇ ਕੇ ਧੰਨਵਾਦੀ ਬਣਾਇਆ ਜਾਵੇ।"

ਸਾਡੀ ਬੇਨਤੀ ਦਾ ਅਸਰ ਹੋਇਆ। ਸਟੇਜ ਸਕੱਤਰ ਨੇ ਪਰਚੀ ਸਟੇਜ 'ਤੇ ਪੜ੍ਹ ਕੇ ਸੁਣਾ ਦਿੱਤੀ ਤੇ ਸੀਤਲ ਜੀ ਨੂੰ ਬੋਲਣ ਦਾ ਸਮਾਂ ਵੀ ਦੇ ਦਿੱਤਾ। ਸੀਤਲ ਜੀ ਨੇ ਮਾਈਕ ਅੱਗੇ ਆਉਂਦਿਆਂ ਹੀ ਪਰਚੀ ਭੇਜਣ ਵਾਲੇ 'ਮਿਹਰਬਾਨਾਂ ਦਾ ਧੰਨਵਾਦ' ਕਰਦਿਆਂ ਕਿਹਾ, "ਤੁਹਾਡਾ ਸ਼ੁਕਰਗੁਜ਼ਾਰ ਹਾਂ ਜੋ ਤੁਸੀਂ ਮੈਨੂੰ ਏਨਾ ਪਿਆਰ ਤੇ ਆਦਰ ਦਿੰਦੇ ਓ ਪਰ ਜਿਨ੍ਹਾਂ ਨੂੰ ਤੁਸੀਂ ਪੈਸੇ ਪਿੱਛੇ ਟਾਹਰਾਂ ਮਾਰਨ ਵਾਲੇ ਕਿਹਾ ਹੈ, ਉਹਨਾਂ ਦੀ ਵਡਿਆਈ ਏਸੇ ਵਿਚ ਹੈ ਕਿ ਉਹ ਕਿਸੇ ਵੱਡੇ ਬੰਦੇ ਜਾਂ ਕਿਸੇ ਪਾਰਟੀ ਤੋਂ ਪੈਸੇ ਨਹੀਂ ਲੈਂਦੇ ਸਗੋਂ ਸੰਗਤ ਤੋਂ ਪੈਸੇ ਲੈਂਦੇ ਨੇ। ਜੇ ਕਿਸੇ ਪਾਰਟੀ ਜਾਂ ਬੰਦੇ ਤੋਂ ਪੈਸੇ ਲੈਂਦੇ ਤਾਂ ਟਾਹਰਾਂ ਵੀ ਉਹਦੇ ਕਹਿਣ 'ਤੇ ਉਹਦੇ ਹੀ ਹੱਕ 'ਚ ਮਾਰਦੇ ਪਰ ਇਹ ਸੰਗਤ ਦੇ ਸੇਵਕ ਪੈਸੇ ਵੀ ਸੰਗਤ ਤੋਂ ਲੈਂਦੇ ਨੇ ਤਾਂ ਟਾਹਰਾਂ ਵੀ ਸੰਗਤ ਦੇ ਹੱਕ ਵਿਚ ਹੀ ਮਾਰਦੇ ਨੇ।"

'ਪੰਜਾਬ ਟਾਈਮਜ਼' ਸੰਗਤ ਦੇ ਪੈਸੇ ਨਾਲ ਚੱਲਣ ਵਾਲਾ ਅਖ਼ਬਾਰ ਹੋਣ ਕਰ ਕੇ ਟਾਹਰਾਂ ਵੀ ਸੰਗਤ ਦੇ ਹੱਕ ਵਿਚ ਹੀ ਮਾਰਦਾ ਹੈ। ਪੰਜਾਬ ਟਾਈਮਜ਼ ਦੀ ਆਵਾਜ਼ 'ਸੰਗਤ ਦੀ ਆਵਾਜ਼' ਹੈ।

ਇਹ ਆਵਾਜ਼ ਉਚੀ ਰੌਲਾ ਪਾਉਣ ਵਾਲੇ ਤੇ ਆਪਣੀ ਗੱਲ ਧੱਕੇ ਨਾਲ ਮਨਵਾਉਣ ਵਾਲੇ ਅੰਦਾਜ਼ ਵਿਚ ਪ੍ਰਗਟ ਨਹੀਂ ਹੁੰਦੀ ਸਗੋਂ ਇਹ ਆਵਾਜ਼ ਅਖ਼ਬਾਰ ਦੇ ਸੰਵਾਦੀ ਅੰਦਾਜ਼ ਵਿਚੋਂ, ਕਿਸੇ ਵੀ ਮਸਲੇ ਤੇ ਵਰਤਾਰੇ ਦੇ ਸਾਰੇ ਵਿਚਾਰਧਾਰਕ ਪੱਖਾਂ ਨੂੰ ਰਿੜਕਣ ਤੋਂ ਬਾਅਦ ਸਹਿਜ ਧੁਨੀ ਵਾਂਗ ਉਦੈ ਹੁੰਦੀ ਹੈ। ਇਹ ਆਵਾਜ਼ ਮਾਨਵਤਾ ਦੀ ਆਵਾਜ਼ ਹੈ। ਲੁੱਟੀ-ਕੁੱਟੀ ਲੋਕਾਈ ਦੀ ਆਵਾਜ਼ ਹੈ। ਰਾਜਨੀਤਕ, ਧਾਰਮਿਕ ਤੇ ਸਮਾਜਿਕ ਸੱਤਾ 'ਤੇ ਕਾਬਜ਼ ਧਿਰ ਦੇ ਧੱਕਿਆਂ, ਧੋਖਿਆਂ ਨੂੰ ਜੱਗ-ਜ਼ਾਹਿਰ ਕਰਦੀ, ਜ਼ਾਲਮ ਨੂੰ ਲਲਕਾਰਦੀ, ਦੁਖਿਆਰੀਆਂ ਤੇ ਦਲੀਆਂ ਮਲੀਆਂ ਧਿਰਾਂ ਨੂੰ ਹੱਕ ਸੱਚ ਦੀ ਲੜਾਈ ਲਈ ਲਲਕਾਰਦੀ-ਵੰਗਾਰਦੀ ਆਵਾਜ਼ ਹੈ। ਇਹ ਮਾਨਵਤਾ ਦੀ ਆਵਾਜ਼ ਹੈ। ਇਹ ਤਾਂ ਹੀ ਸੰਭਵ ਹੋ ਸਕਿਆ ਹੈ ਕਿਉਂਕਿ 'ਪੰਜਾਬ ਟਾਈਮਜ਼' ਨੇ ਬਾਬਾ ਨਾਨਕ ਜੀ ਦੀ 'ਕਿਛੁ ਸੁਣੀਐ ਕਿਛੁ ਕਹੀਐ ਨਾਨਕ॥' ਦੀ ਪਰੰਪਰਾ ਨੂੰ ਜਾਰੀ ਰੱਖਿਆ ਹੈ। ਅੱਜ ਅਸੀਂ ਉਸ ਮਹਾਨ ਪਰੰਪਰਾ ਤੋਂ ਵਿਜੋਗੇ ਤੇ ਵਿਛੁੰਨੇ ਜਾ ਚੁੱਕੇ ਹਾਂ। ਅਸੀਂ ਉਸ ਪਰੰਪਰਾ ਨੂੰ ਭੁੱਲਦੇ ਜਾ ਰਹੇ ਹਾਂ। 'ਪੰਜਾਬ ਟਾਈਮਜ਼' ਉਸ ਸੰਵਾਦ ਦੀ ਪਰੰਪਰਾ ਨੂੰ ਸਾਡੇ ਸਾਹਮਣੇ ਰੱਖ ਕੇ ਵਿਰੋਧੀ ਵਿਚਾਰਾਂ ਨੂੰ, ਇਕ ਦੂਜੇ ਤੋਂ ਵੱਖਰੇ ਵਿਚਾਰਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਬਣਦੀ ਥਾਂ ਦਿੰਦਾ ਹੋਇਆ ਕਹਿੰਦਾ ਹੈ, "ਆਓ, ਇਕ ਦੂਜੇ ਦੇ ਗਲ ਨਾ ਪਈਏ, ਇਕ ਦੂਜੇ ਦੀਆਂ ਪੱਗਾਂ ਨਾ ਲਾਹੀਏ ਸਗੋਂ ਇਕ ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਵਿਰੋਧੀ ਵਿਚਾਰ ਦੀ ਧਾਰ ਨੂੰ ਦਲੀਲ ਨਾਲ ਕੱਟੀਏ, ਤੇ ਆਪਣੇ ਵਿਚਾਰ ਨੂੰ ਸਥਾਪਤ ਕਰਨ ਦਾ ਚਾਰਾ ਕਰੀਏ।"

'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਪਿਛਲੇ ਸਾਲਾਂ ਵਿਚ ਅਜਿਹੇ ਟਕਰਾਉਂਦੇ ਵਿਚਾਰਾਂ ਨੂੰ ਸੰਵਾਦ ਦੀ ਵਿਧੀ ਰਾਹੀਂ ਪਰਗਟ ਹੁੰਦਿਆਂ ਵੀ ਵੇਖਿਆ ਹੈ ਤੇ ਟਕਰਾਵੀਆਂ ਬਹਿਸਾਂ ਵਿਚੋਂ ਆਪਣੇ ਤਰਕ ਨਾਲ ਸੱਚ ਨਿਤਾਰਨ ਤੇ ਨਿਚੋੜਨ ਦੀ ਜੁਗਤ ਵੀ ਜਾਣੀ ਹੈ। ਇਸੇ ਸੰਵਾਦੀ ਬਿਰਤੀ ਦੀ ਪ੍ਰਮਾਣਿਕ ਮਿਸਾਲ ਅਮੋਲਕ ਤੇ ਗੁਰਦਿਆਲ ਬੱਲ ਵੱਲੋਂ 'ਪੰਜਾਬ ਟਾਈਮਜ਼' ਵਿਚ ਹੋਈ ਟਕਰਾਉਂਦੀ ਚਰਚਾ ਦੀ ਸੰਪਾਦਤ ਕੀਤੀ ਵੱਡ-ਆਕਾਰੀ ਕਿਤਾਬ 'ਸਿੱਖ ਕੌਮ: ਹਸਤੀ ਅਤੇ ਹੋਣੀ' ਹੈ।

ਪੰਜਾਬ ਟਾਈਮਜ਼ ਦੇ ਇਕ ਸਾਲਾਨਾ ਜਸ਼ਨ ਵਿਚ ਮੈਂ ਇਹ ਵੀ ਕਿਹਾ ਸੀ, "ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾਂ ਕਿ ਗਦਰੀ ਬਾਬਿਆਂ ਨੇ ਏਸੇ ਅਮਰੀਕਾ ਦੀ ਧਰਤ ਤੋਂ 'ਗਦਰ' ਅਖ਼ਬਾਰ ਸ਼ੁਰੂ ਕਰ ਕੇ ਜਿਹੜੀ ਵੱਡੀ ਜੰਗ ਦਾ ਆਰੰਭ ਕੀਤਾ ਸੀ, 'ਪੰਜਾਬ ਟਾਈਮਜ਼' ਉਸੇ ਜੰਗ ਨੂੰ ਲੜਨ ਵਾਲਾ ਉਹਦਾ ਸੱਚਾ ਸੁੱਚਾ ਵਾਰਸ ਹੈ ਅਤੇ 'ਗਦਰ' ਤੋਂ ਬਾਅਦ ਇਹ ਪੰਜਾਬੀ ਦਾ ਉਹ ਅਖ਼ਬਾਰ ਹੈ ਜਿਹੜਾ ਪੂਰੇ ਮਾਣ ਨਾਲ ਸਿਰ ਚੁੱਕ ਕੇ ਇਹ ਕਹਿ ਸਕਦਾ ਹੈ, 'ਅਸੀਂ ਗਦਰੀ ਬਾਬਿਆਂ ਦੇ ਸੁਨੇਹੇ ਦੇ ਸੱਚੇ ਸੁੱਚੇ ਵਾਰਸ ਆਂ। ਗਦਰੀ ਬਾਬਿਆਂ ਨੇ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਨੂੰ ਇਕ ਮੰਚ 'ਤੇ ਲਿਆ ਕੇ ਆਜ਼ਾਦੀ ਦੀ ਲੜਾਈ ਲੜੀ। 'ਪੰਜਾਬ ਟਾਈਮਜ਼' ਉਸੇ ਸਿਧਾਂਤ ਨੂੰ ਲੈ ਕੇ ਅੱਗੇ ਵਧ ਰਿਹਾ ਹੈ। ਅੱਜ ਜਦੋਂ ਅਸੀਂ ਹਿੰਦੂ ਬਣ ਰਹੇ ਹਾਂ, ਅਸੀਂ ਸਿੱਖ ਬਣ ਰਹੇ ਹਾਂ, ਅਸੀਂ ਮੁਸਲਮਾਨ ਬਣ ਰਹੇ ਹਾਂ, 'ਪੰਜਾਬ ਟਾਈਮਜ਼' ਉਹਨਾਂ ਗਦਰੀ ਬਾਬਿਆਂ ਦਾ ਹੀ ਇਨਸਾਨੀ ਹੋਕਾ ਦੇ ਰਿਹਾ ਹੈ, ਹੱਕ ਸੱਚ ਲਈ ਲੜਨ ਦਾ ਹੋਕਾ ਦੇ ਰਿਹਾ ਹੈ। ਅੱਜ ਅਸੀਂ ਪਹਿਲਾਂ ਨਾਲੋਂ ਵੀ ਕਿਤੇ ਵੱਧ ਤੰਗ-ਦਿਲ, ਤੰਗ ਜ਼ਿਹਨ ਤੇ ਤੰਗ ਨਜ਼ਰ ਹੋ ਗਏ ਹਾਂ। ਅੱਜ ਤਥਾਕਥਿਤ ਭਗਵੀਆਂ ਧਾਰਮਿਕ ਭੀੜਾਂ ਦੇਸ਼ ਵਿਚ ਦਨਦਨਾਉਂਦੀਆਂ ਫਿਰਦੀਆਂ ਹਨ ਤੇ ਵੱਖਰੀ ਦਿੱਖ ਵੇਖ ਕੇ ਕਿਸੇ ਬੇਦੋਸ਼ੇ 'ਤੇ ਬਘਿਆੜਾਂ ਵਾਂਗ ਟੁੱਟ ਪੈਂਦੀਆਂ ਤੇ ਉਸ ਨੂੰ ਨੋਚ ਖਾਂਦੀਆਂ ਹਨ; ਦੂਜੇ ਪਾਸੇ ਅਜੇ ਦੂਰ ਦੀ ਗੱਲ ਨਹੀਂ ਜਦੋਂ ਦਿੱਲੀ ਵਿਚ ਸਿੱਖਾਂ ਦੇ ਗਲਾਂ ਵਿਚ ਬਲਦੇ ਟਾਇਰ ਪਾ ਕੇ ਉਹਨਾਂ ਨੂੰ ਲੂਹਿਆ ਗਿਆ; ਗੁਜਰਾਤ ਵਿਚ ਮੁਸਲਮਾਨਾਂ ਦਾ ਸਮੂਹਕ ਕਤਲੇਆਮ ਹੋਇਆ ਜਾਂ ਚੁਰਾਸੀ ਵੇਲੇ ਬੱਸਾਂ ਵਿਚੋਂ ਕੱਢ ਕੇ ਹਿੰਦੂਆਂ ਨੂੰ ਮਾਰਿਆ ਗਿਆ। ਅਜਿਹਾ ਰਾਜ ਗ਼ਦਰੀ ਬਾਬਿਆਂ ਦਾ ਸੁਪਨਾ ਨਹੀਂ ਸੀ। ਉਹਨਾਂ ਤਾਂ, ਜਦੋਂ ਦੇਸ਼ ਵਿਚ 'ਸਿੱਖ ਹਿੰਦੂ ਹਨ', ਜਾਂ 'ਹਮ ਹਿੰਦੂ ਨਹੀਂ' ਦਾ ਵਿਵਾਦ, ਸੰਵਾਦ ਚੱਲ ਰਿਹਾ ਸੀ ਤਾਂ ਉੱਤਰੀ ਅਮਰੀਕਾ ਵਿਚ ਰਹਿੰਦੇ ਵਿਭਿੰਨ ਮਜ਼ਬ੍ਹਾਂ ਦੇ ਲੋਕਾਂ ਨੂੰ ਮਜ਼ਬੀ ਵਿੱਥਾਂ ਨੂੰ ਭੁਲਾ ਕੇ ਏਕੇ ਦੀ ਗਲਵੱਕੜੀ ਵਿਚ ਕੱਸ ਦਿੱਤਾ ਸੀ। ਜਦੋਂ ਦੇਸ਼ ਵਿਚ ਕਾਂਗਰਸ ਅਜੇ ਛੋਟੀਆਂ ਮੋਟੀਆਂ ਰਿਆਇਤਾਂ ਮੰਗ ਰਹੀ ਸੀ ਤਾਂ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਨੇ ਆਪਸ ਵਿਚ ਦਿਲ ਅਤੇ ਸਿਰ ਜੋੜ ਕੇ ਹਥਿਆਰਬੰਦ ਸੰਘਰਸ਼ ਰਾਹੀਂ ਮੁਕੰਮਲ ਰਾਜਸੀ ਆਜ਼ਾਦੀ ਪ੍ਰਾਪਤ ਕਰਨ ਅਤੇ ਜਮਹੂਰੀ ਤਰਜ਼ ਦਾ ਗ਼ੈਰਫ਼ਿਰਕੂ ਰਾਜ ਸਥਾਪਤ ਕਰਨ ਦਾ ਸੁਪਨਾ ਸਿਰਜ ਲਿਆ ਸੀ। ਉਹਨਾਂ ਦਾ ਇਹ ਸੁਪਨਾ 'ਹਿੰਦੂ ਰਾਜ' ਜਾਂ ਗਵਾਚਿਆ ਹੋਇਆ 'ਸਿੱਖ ਰਾਜ' ਸਥਾਪਤ ਕਰਨ ਦਾ ਨਹੀਂ ਸੀ। ਨਾ ਹੀ ਅਜੇ ਕਿਸੇ 'ਪਾਕਿਸਤਾਨ' ਪ੍ਰਾਪਤ ਕਰਨ ਦੀ ਕਿਧਰੇ ਮੰਗ ਸੀ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਆਪਣੀ ਜੀਵਨ ਕਹਾਣੀ ਵਿਚ ਪਾਰਟੀ ਦੀ ਕਾਇਮੀ ਵੇਲੇ ਨਿਰਧਾਰਤ ਕੀਤੇ ਨਿਯਮਾਂ ਨੂੰ ਆਪਣੀ ਯਾਦਾਸ਼ਤ ਵਿਚੋਂ ਲਿਖਦੇ ਹਨ:

'ਗ਼ਦਰ ਪਾਰਟੀ ਦੇ ਹਰ ਇਕ ਸਿਪਾਹੀ ਦਾ ਆਪੋ ਵਿਚ ਕੌਮੀ ਨਾਤਾ ਹੋਵੇਗਾ ਨਾ ਕਿ ਮਜ਼ਬੀ ਅਤੇ ਨਾ ਹੀ ਪਾਰਟੀ ਵਿਚ ਕਦੀ ਮਜ਼ਬੀ ਚਰਚਾਵਾਦ ਕੀਤੀ ਜਾਵੇਗੀ। ਆਸਤਕ (ਰੱਬ ਨੂੰ ਮੰਨਣ ਵਾਲੇ), ਨਾਸਤਕ (ਰੱਬ ਤੋਂ ਬੇਮੁੱਖ) ਹਿੰਦੂ, ਮੁਸਲਮਾਨ, ਸਿੱਖ, ਇਸਾਈ ਆਦਿਕ ਮਜ਼ਬੀ ਖ਼ਿਆਲਾਂ ਨੂੰ ਲੈ ਕੇ, ਕੋਈ ਆਦਮੀ ਗ਼ਦਰ ਪਾਰਟੀ ਵਿਚ ਸ਼ਾਮਲ ਨਹੀਂ ਹੋ ਸਕੇਗਾ। ਹਰ ਇਕ ਹਿੰਦੁਸਤਾਨੀ, ਹਿੰਦੁਸਤਾਨੀ ਹੁੰਦਾ ਹੋਇਆ ਤੇ ਹਰ ਇਕ ਮਨੁੱਖ, ਮਨੁੱਖ ਹੁੰਦਾ ਹੋਇਆ, ਇਸ ਦਾ ਮੈਂਬਰ ਬਣ ਸਕੇਗਾ।'

ਇਹ ਵਿਸਥਾਰ ਦੇਣ ਦੀ ਲੋੜ ਇਸ ਕਰ ਕੇ ਪਈ ਤਾਕਿ ਜਾਣਿਆ ਜਾ ਸਕੇ ਕਿ ਜਿਹੜੇ ਇਨਸਾਨੀ ਮੁੱਲਾਂ ਨੂੰ ਲੈ ਕੇ ਗ਼ਦਰੀ ਬਾਬੇ ਲੜੇ ਸਨ, 'ਪੰਜਾਬ ਟਾਈਮਜ਼' ਉਹਨਾਂ ਪੈੜਾਂ 'ਤੇ ਹੀ ਤੁਰ ਰਿਹਾ ਹੈ।

'ਗ਼ਦਰ' ਦੇ ਪਹਿਲੇ ਪਰਚੇ ਦੀਆਂ ਪਹਿਲੀਆਂ ਸਤਰਾਂ ਵਿਚ ਹੀ 'ਵਿਦੇਸ਼ੀ ਧਰਤੀ ਤੋਂ ਦੇਸੀ ਜ਼ਬਾਨਾਂ ਵਿਚ' ਅੰਗਰੇਜ਼ ਸਾਮਰਾਜ ਵਿਰੁੱਧ ਜੰਗ ਦਾ ਐਲਾਨ ਕੀਤਾ ਗਿਆ। ਹੇਠ ਲਿਖੀਆਂ ਸਤਰਾਂ ਵਿਚ ਕੀਤਾ ਇਹ 'ਐਲਾਨ' ਕੇਵਲ ਦੇਸੀ ਜ਼ਬਾਨਾਂ, ਭਾਵ ਮਾਂ-ਬੋਲੀ ਦੇ ਮਹੱਤਵ ਨੂੰ ਤਾਂ ਦ੍ਰਿੜਾਉਂਦਾ ਹੀ ਹੈ ਸਗੋਂ ਜ਼ਬਾਨ ਨੂੰ ਦੁਸ਼ਮਣ ਖ਼ਿਲਾਫ਼ ਲੜੀ ਜਾ ਰਹੀ ਜੰਗ ਵਿਚ ਵਰਤੇ ਜਾਣ ਵਾਲਾ ਸ਼ਕਤੀਸ਼ਾਲੀ ਹਥਿਆਰ ਵੀ ਮੰਨਦਾ ਹੈ।

'ਅੱਜ ਪਹਿਲੀ ਨਵੰਬਰ, 1913 ਨੂੰ ਭਾਰਤ ਦੀ ਤਵਾਰੀਖ਼ ਵਿਚ ਇੱਕ ਨਵਾਂ ਸਮੱਤ ਚਲਦਾ ਹੈ, ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦਾ ਹੈ। ਅੱਜ ਦਾ ਦਿਨ ਸ਼ੁਭ ਹੈ ਅੰਗਰੇਜ਼ ਰਾਜ ਦੀ ਜੜ੍ਹ ਉਖਾੜਨ ਵਾਲਾ ਅਖ਼ਰ 'ਗ਼ਦਰ' ਉਰਦੂ ਤੇ ਗੁਰਮੁਖੀ ਅਖ਼ਬਾਰ ਤੋਂ ਜ਼ਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿਚ ਇਸ ਅਖ਼ਬਾਰ ਦਾ ਛਪਣਾ ਇਕ ਅਜਿਹਾ ਕੰਮ ਹੈ, ਜਿਸ ਉੱਤੇ ਨਿਗਾਹ ਮਾਰਨ ਤੇ ਖ਼ੁਸ਼ੀ ਭਰੀ ਨਹੀਂ ਸਮੋਂਦੀ।'

ਗ਼ਦਰੀ ਜਾਣਦੇ ਸਨ ਕਿ ਹਾਕਮ ਧਿਰ ਕਿਸੇ ਵੀ ਕੌਮ ਨੂੰ ਉਹਦੀ ਵਿਰਾਸਤ, ਇਤਿਹਾਸ ਤੇ ਸਭਿਆਚਾਰ ਤੋਂ ਬੇਮੁੱਖ ਕਰਨ ਲਈ ਉਹਨਾਂ ਦੀ ਆਪਣੀ ਜ਼ਬਾਨ ਉਹਨਾਂ ਤੋਂ ਖੋਹ ਲੈਂਦੀ ਹੈ। ਅੱਜ 'ਪੰਜਾਬ ਟਾਈਮਜ਼' ਵਿਦੇਸ਼ਾਂ ਵਿਚ ਰਹਿੰਦੇ ਲੋਕਾਂ ਨੂੰ ਇਸ ਆਪਣੀ ਅਮੀਰ ਵਿਰਾਸਤ ਨਾਲ ਜੋੜ ਰਿਹਾ ਹੈ। ਪੰਜਾਬੀ ਜ਼ੁਬਾਨ ਦੀ ਅਮੀਰੀ, ਨਫ਼ਾਸਤ, ਸੁੱਚੀ ਰਾਜਨੀਤੀ ਤੇ ਸੁੱਚੇ ਸਭਿਆਚਾਰ ਦੀ ਸਥਾਪਤੀ ਦੀ ਲੜਾਈ ਲੜ ਰਿਹਾ ਹੈ। ਇਹ ਜੰਗ ਭਾਵੇਂ ਗ਼ਦਰੀਆਂ ਦੀ ਜੰਗ ਤੋਂ ਬਹੁਤ ਛੋਟੀ ਹੈ ਪਰ 'ਪੰਜਾਬ ਟਾਈਮਜ਼', ਦੂਜੇ ਸ਼ਬਦਾਂ ਵਿਚ ਅਮੋਲਕ ਸਿੰਘ ਉਹ ਚਿਰਾਗ ਹੈ ਜੋ ਆਪਣਾ ਆਪਾ ਬਾਲ ਕੇ ਆਪਣੇ ਵਿਤ ਮੁਤਾਬਕ ਅੰਨ੍ਹੇ ਹਨੇਰੇ ਨੂੰ ਕੱਟਣ ਦਾ ਯਤਨ ਕਰ ਰਿਹਾ ਹੈ। ਅਮੋਲਕ ਅੱਜ ਭਾਵੇਂ ਸਰੀਰਕ ਤੌਰ 'ਤੇ ਬੋਲਣ ਵਿਚ ਡਾਢੀ ਔਖ ਮਹਿਸੂਸ ਕਰ ਰਿਹਾ ਹੈ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਤਰੀ ਅਮਰੀਕਾ ਵਿਚ ਇਸ ਪਰਚੇ ਦੀ ਆਵਾਜ਼ ਗੂੰਜ ਰਹੀ ਹੈ। ਇਹ ਸਾਰਾ ਕੁਝ ਅਮੋਲਕ ਸਿੰਘ ਜੰਮੂ ਵਰਗੀ ਸ਼ਖ਼ਸੀਅਤ, ਉਹਦੇ ਸਿਰੜ, ਸਿਦਕ ਅਤੇ ਬੇਮਿਸਾਲ ਲੜਾਕੂ ਜਜ਼ਬੇ ਕਰ ਕੇ ਹੀ ਸੰਭਵ ਹੋ ਸਕਿਆ ਹੈ। ਸਭ ਤੋਂ ਵੱਡੀ ਗੱਲ 'ਪੰਜਾਬ ਟਾਈਮਜ਼' ਨੇ ਪੱਤਰਕਾਰੀ ਦੇ ਅਸੂਲਾਂ ਉਤੇ ਸਦਾ ਹੀ ਪਹਿਰਾ ਦਿੱਤਾ ਹੈ। ਅਮੋਲਕ ਸਿੰਘ ਪੂਰੀ ਤਰ੍ਹਾਂ ਸਿਹਤਯਾਬ ਨਾ ਹੋਣ ਦੇ ਬਾਵਜੂਦ ਮਿੱਤਰਾਂ-ਪਿਆਰਿਆਂ ਅਤੇ ਹਮ-ਖ਼ਿਆਲੀਆਂ ਦੇ ਸਾਥ ਨਾਲ ਪੱਤਰਕਾਰੀ ਦੇ ਰਣ-ਤੱਤੇ ਵਿਚ ਜੂਝ ਰਿਹਾ ਸੂਰਮਾ ਹੈ।

ਅਜ ਇਹ ਪਰਚਾ ਸ਼ਿਕਾਗੋ, ਨਿਊਯਾਰਕ ਤੇ ਕੈਲੀਫੋਰਨੀਆ ਤੋਂ ਤਿੰਨ ਐਡੀਸ਼ਨਾਂ ਵਿਚ ਛਪਦਾ ਹੈ ਤੇ ਸਭ ਤੋਂ ਵੱਧ ਪੜ੍ਹਿਆ ਜਾਂਦਾ ਹੈ। ਸੰਸਾਰ ਭਰ ਵਿਚ ਵੱਸਦੇ ਪੰਜਾਬੀ ਇਹਨੂੰ ਨੈੱਟ ਤੋਂ ਪੜ੍ਹਦੇ ਨੇ। ਮੈਂ ਖ਼ੁਦ ਕੋਸ਼ਿਸ਼ ਕਰਦਾ ਹਾਂ ਕਿ ਇਹਦਾ ਨਵਾਂ ਪਰਚਾ ਵੇਖਣਾ ਭੁੱਲ ਨਾ ਜਾਵਾਂ।

ਅਮੋਲਕ ਸਿੰਘ ਦੀ ਸੰਪਾਦਕੀ ਸੂਝ ਅਖ਼ਬਾਰ ਵਿਚ ਛਪਣ ਵਾਲੇ ਮਸਾਲੇ ਅਤੇ ਸਬੰਧਿਤ ਰਚਨਾਵਾਂ ਬਾਰੇ ਮੁਲਵਾਨ ਟਿੱਪਣੀਆਂ ਵਿਚੋਂ ਹੀ ਨਜ਼ਰ ਨਹੀਂ ਆਉਂਦੀ, ਅਸਲ ਵਿਚ ਪੂਰੇ ਦਾ ਪੂਰਾ ਅਖ਼ਬਾਰ ਉਹਦੀ ਉਤਮ ਸੰਪਾਦਕੀ ਸੂਝ ਦਾ ਨਮੂਨਾ ਹੈ।

ਉਹਨੇ ਅਖ਼ਬਾਰ ਨੂੰ ਮੈਟਰ ਪੱਖੋਂ ਏਨਾ ਬਹੁਰੰਗਾ ਬਣਾ ਧਰਿਆ ਹੈ ਕਿ ਇਸ ਨੂੰ ਪੜ੍ਹ ਕੇ ਹਰੇਕ ਰੁਚੀ ਦੇ ਪਾਠਕ ਨੂੰ ਤਸੱਲੀ ਦਾ ਅਹਿਸਾਸ ਹੁੰਦਾ ਹੈ। ਤਾਜ਼ੀਆਂ ਖ਼ਬਰਾਂ ਪੜ੍ਹਨ ਵਾਲਿਆਂ ਤੇ ਸਿਆਸਤ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਨੂੰ ਦੇਸ਼ ਵਿਦੇਸ਼ ਵਿਚ ਵੱਸਦੇ ਪੰਜਾਬੀਆਂ ਬਾਰੇ ਹਰੇਕ ਵੰਨਗੀ ਦੀ ਖ਼ਬਰ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ ਤੇ ਵਰਤਮਾਨ ਪੰਜਾਬ ਤੇ ਸੰਸਾਰ ਸਿਆਸਤ ਬਾਰੇ ਬਹੁਮੁੱਲੇ ਲੇਖ ਵੀ ਪੜ੍ਹਨ ਨੂੰ ਮਿਲ ਜਾਂਦੇ ਨੇ। ਇਹਨਾਂ ਸਿਆਸੀ ਲਿਖ਼ਤਾਂ ਵਿਚ ਸਿਆਸਤ ਦਾ ਸੰਤੁਲਿਤ ਨਜ਼ਰੀਆ ਦ੍ਰਿਸ਼ਟੀਗੋਚਰ ਹੁੰਦਾ ਹੈ।

ਇਸਤੋਂ ਇਲਾਵਾ ਅਖ਼ਬਾਰ ਦਾ ਸੰਪਾਦਕੀ ਤੇ ਛਪਣ ਵਾਲੇ ਹੋਰ ਸੰਪਾਦਕੀ ਲੇਖ ਵਰਤਮਾਨ ਸਿਆਸਤ ਤੇ ਭਖ਼ਦੇ ਮਸਲਿਆਂ ਬਾਰੇ ਸਹਿਜ, ਸੰਤੁਲਿਤ, ਸੁਦ੍ਰਿੜ ਤੇ ਭਰਪੂਰ ਵਿਸ਼ਲੇਸ਼ਣੀ ਟਿੱਪਣੀ ਹੁੰਦੇ ਹਨ। ਨਿਰਸੰਦੇਹ ਅਖ਼ਬਾਰ ਦਾ ਮੁੱਲ ਉਸ ਵਿਚ ਛਪਣ ਵਾਲੇ ਲੇਖਕਾਂ ਤੇ ਉਹਨਾਂ ਦੀਆਂ ਲਿਖਤਾਂ ਨਾਲ ਬਣਦਾ ਹੈ। ਇਹ ਸੰਪਾਦਕ ਦੀ ਜੌਹਰੀ ਨਜ਼ਰ ਦਾ ਕਮਾਲ ਹੈ ਕਿ ਉਹਨੇ ਆਪਣੇ ਨਾਲ ਪ੍ਰਬੁੱਧ ਚਿੰਤਕ, ਵਿਦਵਾਨ ਤੇ ਲੇਖਕ ਜੋੜ ਲਏ ਹਨ, ਜਿਨ੍ਹਾਂ ਵਿਚੋਂ ਕੁਝ ਤਾਂ ਹਰੇਕ ਹਫ਼ਤੇ ਆਪਣੀਆਂ ਕੀਮਤੀ ਰਚਨਾਵਾਂ ਨਾਲ ਹਾਜ਼ਰ ਹੁੰਦੇ ਰਹਿੰਦੇ ਹਨ।

ਅਖ਼ਬਾਰ ਦਾ ਪਹਿਲਾਂ ਅੱਧ ਸਿਆਸਤ ਬਾਰੇ ਸੂਝਵੀ ਤੇ ਰੱਜਵੀਂ ਜਾਣਕਾਰੀ ਦੇ ਕੇ ਪਾਠਕ ਦੀ ਸੋਚ ਵਿਚ ਨਵੇਂ ਝਰੋਖੇ ਖੋਲ੍ਹਦਾ ਹੈ। ਇਹ ਝਰੋਖੇ ਹੋਰ ਵੀ ਵਿਸ਼ਾਲ ਹੋ ਜਾਂਦੇ ਹਨ ਜਦ ਵਿਰੋਧੀ ਤੇ ਟਕਰਾਵੇਂ ਵਿਚਾਰਾਂ ਵਾਲਾ ਸੰਵਾਦ ਪਾਠਕਾਂ ਨੂੰ ਪੜ੍ਹਨ ਨੂੰ ਮਿਲਦਾ ਹੈ। ਪਰਚੇ ਦੀ ਏਸੇ ਸੰਵਾਦੀ ਬਿਰਤੀ ਦਾ ਜ਼ਿਕਰ ਹੀ ਅਸੀਂ ਪਹਿਲਾਂ ਕਰ ਆਏ ਹਾਂ।

*(ਬਾਕੀ ਅਗਲੇ ਸਫੇ 'ਤੇ)*



ਸਾਲ 2015 ਦੀ 'ਪੰਜਾਬ ਟਾਈਮਜ਼ ਨਾਈਟ' ਮੌਕੇ ਕੇਕ ਕੱਟਣ ਸਮੇਂ

# ਸਬੱਬ ਨਾਲ ਹੱਥ ਲੱਗਿਆ 'ਅਮੋਲਕ ਹੀਰਾ'

*(ਪਿਛਲੇ ਸਫੇ ਦੀ ਬਾਕੀ)*

ਇਹ ਸੰਵਾਦ ਕੇਵਲ ਸਿਆਸੀ ਹੀ ਨਹੀਂ ਹੁੰਦੇ ਸਗੋਂ ਧਾਰਮਿਕ, ਸਮਾਜਿਕ ਤੇ ਸਭਿਆਚਾਰ ਨਾਲ ਜੁੜੇ ਬਲਦੇ ਮੁੱਦਿਆਂ ਬਾਰੇ ਵੀ ਹੁੰਦੇ ਹਨ। ਕਿਹਾ ਜਾ ਸਕਦਾ ਹੈ ਕਿ 'ਪੰਜਾਬ ਟਾਈਮਜ਼' ਕੇਵਲ ਖ਼ਬਰਾਂ ਅਤੇ ਸਿਆਸਤ ਨੂੰ ਸਮਰਪਿਤ ਅਖ਼ਬਾਰ ਨਹੀਂ ਸਗੋਂ ਇਸ ਦੇ ਵਿਚ ਸਾਹਿਤ, ਸਭਿਆਚਾਰ, ਇਤਿਹਾਸ, ਫ਼ਿਲਮਾਂ, ਭਾਸ਼ਾ, ਖੇਡਾਂ ਬਾਰੇ ਵੀ ਬਹੁਤ ਮੁੱਲਵਾਨ ਸਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਇਹ ਬਹੁ-ਰੰਗੀ ਸਮੱਗਰੀ ਪਾਠਕਾਂ ਦੇ ਇਕ ਵੱਡੇ ਵਰਗ ਦੀ ਸਾਹਿਤਕ, ਸੁਹਜਾਤਮਕ ਤੇ ਗਿਆਨਾਤਮਕ ਭੁੱਖ ਨੂੰ ਤਾਂ ਸੰਤੁਸ਼ਟ ਕਰਦੀ ਹੀ ਹੈ, ਨਾਲ ਦੇ ਨਾਲ ਉਹਨਾਂ ਹਜ਼ਾਰਾਂ ਸਾਧਾਰਨ ਪਾਠਕਾਂ ਦੇ ਮਨਾਂ ਵਿਚ, ਜਿਨ੍ਹਾਂ ਦਾ ਪਹਿਲਾਂ ਕਦੀ ਇਹਨਾਂ ਕੋਮਲ ਕਲਾਵਾਂ ਨਾਲ ਬਹੁਤਾ ਵਾਹ-ਵਾਸਤਾ ਨਹੀਂ ਰਿਹਾ ਹੁੰਦਾ, ਵੀ ਬਹੁਤ ਕੁਝ ਨਵਾਂ ਜੋੜ ਦਿੰਦੀ ਹੈ। ਉਹਨਾਂ ਅੰਦਰ ਸੁਹਜ ਤੇ ਸੰਵੇਦਨਾ ਦੇ ਨਵੇਂ ਫੁੱਲ ਖਿੜ ਉਠਦੇ ਨੇ ਤੇ ਉਹ ਪਹਿਲਾਂ ਨਾਲੋਂ ਆਪਣੇ ਆਪ ਨੂੰ ਬਦਲਿਆ ਤੇ ਰੂਹ ਪੱਖੋਂ ਰੱਜਿਆ ਬੰਦਾ ਸਮਝਣ ਲੱਗਦੇ ਨੇ। ਅਖਬਾਰ ਕੁਝ ਅਜਿਹੀਆਂ ਪੁਰਾਣੀਆਂ 'ਮਾਖਿਓ-ਮਿੱਠੀਆਂ' ਸਾਹਿਤਕ ਰਚਨਾਵਾਂ ਵੀ ਖੋਜ-ਭਾਲ ਕੇ ਛਾਪਦਾ ਰਹਿੰਦਾ ਹੈ ਜਿਸ ਤੋਂ ਅਖ਼ਬਾਰ ਦੀ ਨਵੀਂ ਪਾਠਕ-ਪੀੜ੍ਹੀ ਜਾਣੂ ਵੀ ਹੁੰਦੀ ਹੈ ਤੇ ਧੰਨ ਧੰਨ ਵੀ।

ਅਖ਼ਬਾਰ ਵਿਚਲੀ ਵੱਥ ਤਾਂ ਸਭ ਤੋਂ ਵੱਧ ਮਹੱਤਵਪੂਰਨ ਹੁੰਦੀ ਹੀ ਹੈ ਪਰ ਦੂਜੀ ਵੱਡੀ ਗੱਲ ਇਹ ਵੀ ਹੁੰਦੀ ਹੈ ਕਿ ਉਸ ਵੱਥ ਨੂੰ ਪੇਸ਼ ਕਿਵੇਂ ਕੀਤਾ ਜਾਂਦਾ ਹੈ। ਅਖ਼ਬਾਰ ਦੀ ਦਿੱਖ ਅਤੇ ਪੇਸ਼ਕਾਰੀ ਵਿਚ ਅਮੋਲਕ ਦਾ ਸੁਹਜ ਵੀ ਖਿੜਿਆ ਨਜ਼ਰ ਆਉਂਦਾ ਹੈ। ਉਹ ਸਬੰਧਿਤ ਮੈਟਰ ਨਾਲ ਜੁੜਵੀਆਂ ਦੁਰਲੱਭ ਤਸਵੀਰਾਂ ਲਿਖਤ ਨਾਲ ਲਾ ਕੇ, ਲਿਖਤ ਨੂੰ ਪੜ੍ਹਨ-ਯੋਗ ਤੇ ਵੇਖਣ-ਯੋਗ ਬਣਾ ਦਿੰਦਾ ਹੈ। ਜਦ ਉਹਨੇ ਮੇਰੀ ਸਵੈਜੀਵਨੀ ਛਾਪਣੀ ਸੀ ਤਾਂ ਉਹਦਾ ਇਸਰਾਰ ਸੀ ਕਿ ਮੈਂ ਆਪਣੇ ਜੀਵਨ-ਵੇਰਵਿਆਂ ਨਾਲ ਜੁੜੀਆਂ ਤਸਵੀਰਾਂ ਜ਼ਰੂਰ ਲੱਭ ਕੇ ਭੇਜਾਂ, ਬੇਸ਼ੱਕ ਸਵੈਜੀਵਨੀ ਕੁਝ ਪਛੜ ਕੇ ਹੀ ਛਪੇ ਪਰ ਤਸਵੀਰਾਂ ਜ਼ਰੂਰ ਹੋਣ। ਸੋ ਉਹ ਇਹ ਤਸਵੀਰਾਂ ਲੇਖਕ ਕੋਲੋਂ ਤਾਂ ਮੰਗਦਾ ਹੀ ਹੈ ਪਰ ਆਪਣੀ ਖੋਜ ਨਾਲ ਵੀ ਕਈ ਅਜਿਹੀਆਂ ਤਸਵੀਰਾਂ, ਨੈੱਟ ਤੋਂ ਜਾਂ ਆਪਣੀ ਟੀਮ ਦੀ ਮਦਦ ਨਾਲ ਲੱਭ ਲਿਆਉਂਦਾ ਹੈ ਜਿਨ੍ਹਾਂ ਦਾ ਖ਼ੁਦ ਲੇਖਕ ਨੂੰ ਵੀ ਕਈ ਵਾਰ ਪਤਾ ਨਹੀਂ ਹੁੰਦਾ। ਜਸਵੰਤ ਸਿੰਘ ਕੰਵਲ ਬਾਰੇ ਛਪੇ ਇਕ ਲੇਖ ਵਿਚ ਉਹਨੇ ਜਸਵੰਤ ਸਿੰਘ ਕੰਵਲ ਦੀ ਅਜਿਹੀ ਤਸਵੀਰ ਛਾਪੀ ਜਿਸ ਵਿਚ ਕੰਵਲ ਮੇਰੀ ਕਹਾਣੀਆਂ ਦੀ ਕਿਤਾਬ 'ਤਿਲ਼-ਫੁੱਲ' ਪੜ੍ਹ ਰਿਹਾ ਦਿਖਾਈ ਦਿੰਦਾ ਹੈ। ਮੇਰੇ ਲਈ ਇਹ ਅਚੰਭੇ ਵਾਲੀ ਲੱਭਤ ਸੀ। ਨਿਸਚੈ ਹੀ ਕਿਸੇ ਨੇ ਫੋਟੋ ਖਿੱਚਣ ਵੇਲੇ ਕੰਵਲ ਨੂੰ ਕਿਹਾ ਹੋਵੇਗਾ ਕਿ ਉਹ ਆਪਣੇ ਹੱਥ ਵਿਚ ਕੋਈ ਕਿਤਾਬ ਫੜ ਕੇ ਪੜ੍ਹਦੇ ਹੋਣ ਦਾ 'ਸਵਾਂਗ' ਰਚੇ। ਉਹਨੇ ਮੇਰੀ ਕਿਤਾਬ ਫੜ ਲਈ ਹੋਵੇਗੀ। ਮੈਂ ਜਦ ਪ੍ਰਿੰਸੀਪਲ ਸਰਵਣ ਸਿੰਘ ਨਾਲ ਇਸ ਤਸਵੀਰ ਬਾਰੇ ਗੱਲ ਕੀਤੀ ਤਾਂ ਉਹਨੇ ਦੱਸਿਆ ਕਿ ਪਿਛਲੇ ਸਾਲ ਜਦ ਉਹ ਕੰਵਲ ਨੂੰ ਮਿਲਣ ਗਿਆ ਸੀ ਤਾਂ ਇਹ ਕਿਤਾਬ ਉਹਨਾਂ ਦੇ ਪੜ੍ਹਨ ਮੇਜ਼ 'ਤੇ ਪਈ ਹੋਈ ਸੀ। ਮੈਨੂੰ ਆਪਣੇ ਆਪ 'ਤੇ ਲਾਡ ਆਇਆ ਕਿ ਕੰਵਲ ਮੈਨੂੰ ਅਜਿਹਾ ਲੇਖਕ ਗਿਣਦਾ ਹੈ ਜਿਸ ਦੀ ਕਿਤਾਬ ਉਹਦੇ ਪੜ੍ਹਨ-ਮੇਜ਼ 'ਤੇ ਰੱਖੀ ਜਾ ਸਕਦੀ ਹੈ। ਮੈਂ ਉਸ ਤਸਵੀਰ ਦੀ ਕਾਪੀ ਅਮੋਲਕ ਕੋਲੋਂ ਮੰਗਵਾਈ। ਪਤਾ ਨਹੀਂ, ਉਹਨੂੰ ਇਹ ਤਸਵੀਰ ਕਿੱਥੋਂ ਮਿਲੀ ਪਰ ਇਕ ਗੱਲ ਤਾਂ ਤੈਅ ਹੈ ਕਿ ਲਿਖਤਾਂ ਨਾਲ ਛਾਪਣ ਵਾਲੀਆਂ ਤਸਵੀਰਾਂ ਲੱਭਣ ਲਈ ਵੀ ਉਹ ਡਾਢੀ ਖੇਚਲ ਕਰਦਾ ਹੈ। ਸੁਹਜਾਤਮਕ ਬਿਰਤੀ ਤੋਂ ਬਿਨਾਂ ਅਜਿਹਾ ਉਦਮ ਹੋ ਹੀ ਨਹੀਂ ਸਕਦਾ। ਤਸਵੀਰਾਂ ਸਿਆਸਤਦਾਨਾਂ ਦੀ ਹੋਣ, ਲੇਖਕਾਂ, ਖਿਡਾਰੀਆਂ ਜਾਂ ਕਲਾਕਾਰਾਂ ਦੀਆਂ ਹੋਣ, ਇਹਨਾਂ ਦਾ ਹੋਣਾਂ ਅਖ਼ਬਾਰ ਵਿਚ ਵੱਖਰਾ ਰੰਗ ਭਰ ਦਿੰਦਾ ਹੈ ਤੇ ਬਹੁਤੀਆਂ ਤਸਵੀਰਾਂ ਹੁੰਦੀਆਂ ਵੀ ਰੰਗਦਾਰ ਹੀ ਨੇ।

ਪੰਜਾਬੀ ਜਗਤ ਦੇ ਬਹੁਤੇ ਅਖ਼ਬਾਰਾਂ ਦਾ ਤੋਰੀ ਫੁਲਕਾ ਸਿਆਸਤ ਦੀ ਪੱਤਰਕਾਰੀ ਦੇ ਸਿਰ 'ਤੇ ਚੱਲਦਾ ਹੈ। ਕੁਝ ਪਰਚੇ ਨਿਰੋਲ ਸਾਹਿਤ ਨੂੰ ਸਮਰਪਤਿ ਹੁੰਦੇ ਨੇ। ਕੁਝ ਗਿਆਨ-ਵਿਗਿਆਨ ਨਾਲ ਜੁੜੇ ਹੁੰਦੇ ਨੇ। ਕੁਝ ਫ਼ਿਲਮਾਂ ਨਾਲ, ਕੁਝ ਇਤਿਹਾਸ ਨਾਲ ਤੇ ਕੁਝ ਕਿਸੇ ਹੋਰ ਇਕੱਲ੍ਹੇ-ਇਕਹਿਰੇ ਪੱਖ ਨਾਲ। ਪਰ ਪੰਜਾਬ ਟਾਈਮਜ਼ ਇਹਨਾਂ ਸਾਰੇ ਬਹੁਰੰਗੇ ਫੁੱਲਾਂ ਦੇ ਰਸ ਨੂੰ ਕਸ਼ੀਦ ਕਰ ਕੇ ਪਾਠਕਾਂ ਨੂੰ ਚਖਾਉਂਦਾ ਹੈ। ਕਿਹਾ ਜਾ ਸਕਦਾ ਹੈ ਕਿ ਪੰਜਾਬ ਟਾਈਮਜ਼, ਸ਼ਾਇਦ ਦੁਨੀਆਂ ਭਰ ਵਿਚ ਪੰਜਾਬੀ ਦਾ ਇੱਕੋ ਇਕ ਅਖ਼ਬਾਰ ਹੈ, ਜਿਸ ਵਿਚ ਜ਼ਿੰਦਗੀ, ਸਿਆਸਤ, ਇਤਿਹਾਸ, ਭਾਸ਼ਾ, ਕਲਾ ਤੇ ਸਾਹਿਤ ਦੇ ਏਨੇ ਰੰਗ ਹੁੰਦੇ ਨੇ ਕਿ ਹਰ ਵੰਨਗੀ ਦਾ ਪਾਠਕ ਇਸਨੂੰ ਪੜ੍ਹ ਕੇ ਤਰੋਤਾਜ਼ਾ ਤੇ ਹਫ਼ਤੇ ਭਰ ਲਈ ਰੱਜਿਆ-ਰੱਜਿਆ ਮਹਿਸੂਸ ਕਰਦਾ ਹੈ। ਹਥਲਾ ਅੰਕ ਮੁੱਕਦਿਆਂ ਹੀ ਅਗਲੇ ਅੰਕ ਦੀ ਉਡੀਕ ਲੱਗ ਜਾਂਦੀ ਹੈ। ਇਸਤਰ੍ਹਾਂ ਦੀ ਉਡੀਕ ਕਦੀ ਲੋਕ 'ਪ੍ਰੀਤ-ਲੜੀ' ਦੀ ਕਰਿਆ ਕਰਦੇ ਸਨ।

ਗੱਲ ਸਿਰਫ਼ ਏਨੀ ਕੁ ਨਹੀਂ ਕਿ ਇਹਨੂੰ ਹਰ ਕਿਸਮ ਦਾ ਪਾਠਕ ਪੜ੍ਹਨ ਲਈ ਉਡੀਕਦਾ ਰਹਿੰਦਾ ਹੈ ਸਗੋਂ ਇਸ ਅਖ਼ਬਾਰ ਦੀ ਵੱਡੀ ਖ਼ੂਬੀ ਇਹ ਵੀ ਹੈ ਕਿ ਇਸ ਵਿਚ ਕਹਿੰਦਾ-ਕਹਾਉਂਦਾ, ਵੱਡੇ ਤੋਂ ਵੱਡਾ ਲੇਖਕ ਤੇ ਦਾਨਿਸ਼ਵਰ ਵੀ ਛਪਣਾ ਚਾਹੁੰਦਾ ਏ। ਮੈਨੂੰ ਉਹ ਸਾਰੇ ਨਾਂ ਗਿਨਾਉਣ ਦੀ ਲੋੜ ਨਹੀਂ, ਜਿਨ੍ਹਾਂ ਦੀਆਂ ਲਿਖਤਾਂ ਤੁਸੀਂ ਪੰਜਾਬ ਟਾਈਮਜ਼ ਵਿਚ ਪੜ੍ਹਦੇ ਰਹਿੰਦੇ ਹੋ। ਨਿਰਸੰਦੇਹ ਇਹਨੂੰ ਦੁਨੀਆਂ ਦੇ ਹਰੇਕ ਖਿੱਤੇ ਵਿਚ ਵੱਸਦੇ ਪੰਜਾਬੀ ਪਾਠਕ ਬੜੇ ਉਤਸ਼ਾਹ ਨਾਲ ਪੜ੍ਹਦੇ ਨੇ। ਇਹਦੀ ਛਪੀ ਹੋਈ ਕਾਪੀ ਨੂੰ ਨਿਊਯਾਰਕ, ਸ਼ਿਕਾਗੋ ਤੇ ਕੈਲੇਫ਼ੋਰਨੀਆਂ ਵਿਚ ਹਰੇਕ ਸੂਝਵਾਨ ਪਾਠਕ ਤਾਂ ਪੜ੍ਹਦਾ ਹੀ ਹੈ ਤੇ ਇਹ ਉਹਨਾਂ ਦੀ ਪੜ੍ਹਨ-ਮੇਜ ਦਾ ਸ਼ਿੰਗਾਰ ਬਣਿਆਂ ਮੈਂ ਖ਼ੁਦ ਵੇਖਿਆ ਹੈ।

ਅਸੀਂ ਅਮੋਲਕ ਸਿੰਘ ਦੀ ਅਖ਼ਬਾਰ ਦੇ ਸੰਪਾਦਕ ਤੇ ਮਾਲਕ ਵਜੋਂ ਵਿਲੱਖਣ ਹਸਤੀ ਦਾ ਜ਼ਕਿਰ ਕੀਤਾ ਹੈ। ਅਮੋਲਕ ਸਿੰਘ ਦਾ ਇੱਕ ਹੋਰ ਚਰਚਾ-ਜੋਗ ਪਹਿਲੂ ਉਹਦੀ ਸੰਵੇਦਨਸ਼ੀਲ ਸ਼ਖ਼ਸੀਅਤ ਹੈ। ਮੈਂ ਭਾਵੇਂ, ਜਿਵੇਂ ਦੱਸ ਚੁੱਕਾ ਹਾਂ, ਉਸ ਨਾਲ ਬਹੁਤੇ ਨੇੜ ਦਾ ਦਾਅਵਾ ਨਹੀਂ ਕਰ ਸਕਦਾ, ਤਦ ਵੀ ਉਹਦੀਆਂ ਲਿਖਤਾਂ ਵਿਚੋਂ ਇਹ ਪਤਾ ਸਹਿਜੇ ਹੀ ਲੱਗ ਜਾਂਦਾ ਹੈ ਕਿ ਉਹ ਯਾਰਾਂ ਦਾ ਯਾਰ ਹੈ। ਪੁਰਾਣੀਆਂ ਦੋਸਤੀਆਂ ਦਾ ਕਦਰਦਾਨ ਹੈ। ਗੁਰਦਿਅਲ ਬੱਲ, ਨਰਿੰਦਰ ਭੁੱਲਰ, ਕਰਮਜੀਤ ਸਿੰਘ ਤੇ ਹਰਭਜਨ ਹਲਵਾਰਵੀ ਜਿਹੇ ਹੋਰ ਕਈ ਸਹਿਕਰਮੀਆਂ ਅਤੇ ਹੋਰ ਪੁਰਾਣੇ ਦੋਸਤਾਂ-ਮਿੱਤਰਾਂ ਬਾਰੇ ਉਸ ਵੱਲੋਂ ਕੀਤਾ ਜ਼ਕਿਰ ਰਿਸ਼ਤਿਆਂ ਦੀ ਰੰਗੋਲੀ ਵਾਂਗ ਉਭਰਦਾ ਤੇ ਖਿੜਿਆ ਨਜ਼ਰ ਆਉਂਦਾ ਹੈ। ਉਹ ਇਹਨਾਂ ਰਿਸ਼ਤਿਆਂ ਦਾ ਜ਼ਕਿਰ ਰੂਹ ਤੱਕ ਭਿੱਜ ਕੇ ਕਰਦਾ ਹੈ। ਅਸਲ ਵਿਚ ਉਹ ਹਰੇਕ ਕੰਮ ਰੂਹ ਤੱਕ ਭਿੱਜ ਕੇ ਕਰਦਾ ਹੈ। ਇਹੋ ਕਾਰਨ ਹੈ ਕਿ ਅਮਰੀਕਾ ਵਿਚ ਉਹਦੇ ਪਾਠਕਾਂ ਪ੍ਰਸ਼ੰਸਕਾਂ ਦੀ ਵੱਡੀ ਧਿਰ ਉਹਦੀ ਤਾਕਤ ਬਣ ਕੇ ਕੰਧ ਵਾਂਗ ਉਹਦੇ ਨਾਲ ਖਲੋਤੀ ਹੈ ਤੇ ਇਸ ਧਿਰ ਦਾ ਅਜ਼ਮ ਹੈ ਕਿ ਉਹ ਹਰ ਹਾਲਤ ਵਿਚ ਅਖ਼ਬਾਰ ਚੱਲਦਾ ਵੇਖਣਾ ਚਾਹੁੰਦੇ ਹਨ, ਭਾਵੇਂ ਉਹਨਾਂ ਨੂੰ ਇਹਦੇ ਖ਼ਰਚਿਆਂ ਦਾ ਸਾਰਾ ਭਾਰ ਆਪਣੇ ਮੋਢਿਆਂ 'ਤੇ ਕਿਉਂ ਨਾ ਚੁੱਕਣਾ ਪੈ ਜਾਵੇ! ਅੱਜ ਦੇ ਦੌਰ ਵਿਚ ਜਦ ਰਿਸ਼ਤੇ ਰੇਤੀਲੇ ਤੇ ਭੁਰਭੁਰੇ ਹੁੰਦੇ ਜਾ ਰਹੇ ਨੇ, ਅਮੋਲਕ ਤੇ ਉਹਦੇ ਸਹਿਯੋਗੀਆਂ ਨੇ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਤਰੋਤਾਜ਼ਗੀ ਦਾ ਇਕ ਜ਼ਕਿਰਜੋਗ ਸਿਖ਼ਰ ਸਿਰਜਿਆ ਹੈ।

ਇਕ ਹੋਰ ਗੱਲ ਅਮੋਲਕ ਬਾਰੇ ਕਰਨੀ ਬਹੁਤ ਜ਼ਰੂਰੀ ਹੈ। ਇਹ ਗੱਲ ਕਰਨ ਸਮੇਂ ਅਮੋਲਕ ਨਾਲ ਨਰਾਜ਼ਗੀ ਵੀ ਹੈ ਤੇ ਖ਼ੁਸ਼ੀ ਵੀ। ਖ਼ੁਸ਼ੀ ਇਸ ਗੱਲ ਦੀ ਕਿ ਉਹਨੇ ਆਪਣੀ ਸਵੈਜੀਵਨੀ 'ਕਮਲਿਆਂ ਦਾ ਟੱਬਰ' ਲਿਖ ਕੇ ਜਿੱਥੇ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਸਿੱਕਾ ਜਮਾਇਆ ਹੈ, ਓਥੇ ਨਰਾਜ਼ਗੀ ਇਸ ਗੱਲ ਦੀ ਹੈ ਕਿ ਉਹਨੇ ਆਪਣੇ ਆਪ ਨੂੰ ਸਿਰਜਣਾਤਮਕ ਲੇਖਕ ਵਜੋਂ ਉਭਾਰਨ ਦਾ ਕਦੀ ਬਹੁਤਾ ਚਾਰਾ ਕੀਤਾ ਹੀ ਨਹੀਂ ਲੱਗਦਾ। ਉਹਨੂੰ ਗੱਲ ਬਨਾਉਣ ਤੇ ਸੁਨਾਉਣ ਦਾ ਹੁਨਰ ਆਉਂਦਾ ਹੈ। ਉਹਨੂੰ ਫ਼ਕਿਰਾ ਜੋੜਨ ਦੀ ਜਾਚ ਹੈ। ਉਸ ਕੋਲ ਜੀਵਨ ਦਾ ਬਰੀਕ ਮੁਸ਼ਾਹਦਾ ਕਰ ਸਕਣ ਵਾਲੀ ਪੈਨੀ ਨਜ਼ਰ ਹੈ, ਜਿਸ ਨਾਲ ਉਹ ਬੰਦਿਆਂ ਦੇ ਅੰਦਰ ਬਾਹਰ ਝਾਕ ਸਕਦਾ ਹੈ; ਉਹਨਾਂ ਨੂੰ ਸਮਝ ਸਕਦਾ ਹੈ ਤੇ ਡੂੰਘੀ ਸੰਵੇਦਨਾ ਵਿਚ ਭਿੱਜ ਕੇ ਕਾਲੇ ਅੱਖਰਾਂ ਵਿਚੋਂ ਜੀਵਨ ਦੇ ਬਹੁਪਰਤੀ ਦੇ ਝਲਕਾਰੇ ਵਿਖਾ ਸਕਦਾ ਹੈ।

ਅਮੋਲਕ ਦੀ ਪਰਸ਼ੰਸਾ ਕਰਦਿਆਂ, ਉਹਦੇ ਲੁਕੇ ਰਹੇ ਜਾਂ ਲੁਕਾਈ ਰੱਖੇ ਸਿਰਜਣਾਤਮਕ ਆਪੇ ਬਾਰੇ ਅਸੀਂ ਨਰਾਜ਼ਗੀ ਵੀ ਪਰਗਟ ਕਰ ਦਿੱਤੀ, ਪਰ ਅਸੀਂ ਅਮੋਲਕ ਦੀ ਜਮਾਤਣ ਉਸ ਬੀਬੀ ਦਾ ਧੰਨਵਾਦ ਕੀਤੇ ਬਿਨਾਂ ਰਹਿ ਹੀ ਨਹੀਂ ਸਕਦੇ, ਜਿਸ ਨਾਲ ਦਹਾਕਿਆਂ ਬਾਅਦ ਹੋਏ ਟੈਲੀਫ਼ੋਨੀ ਮਿਲਾਪ ਨੇ ਅਮੋਲਕ ਅੰਦਰ ਲੁਕੀ ਹੋਈ ਲੇਖਕੀ ਪ੍ਰਤਿਭਾ ਨੂੰ ਹਲੂਣਾ ਮਾਰ ਕੇ ਜਗਾਇਆ, ਉਠਾਇਆ ਤੇ ਦੌੜਨ ਲਾ ਦਿੱਤਾ। ਜਦ ਉਹਦੀ 'ਕਮਲਿਆਂ ਦਾ ਟੱਬਰ' ਦੀ ਪਹਿਲੀ ਕਿਸ਼ਤ ਹੀ ਪੜ੍ਹੀ ਤਾਂ ਰੂਹ ਧੁਰ ਅੰਦਰ ਤੱਕ ਝੰਜੋੜੀ ਗਈ। ਪੰਜਾਬ ਟਾਈਮਜ਼ ਦੇ ਹਰੇਕ ਪਾਠਕ ਵਾਂਗ ਹੀ ਮੈਂ ਉਹਦੀ ਇਹ ਲਿਖਤ ਉੱਡ ਕੇ ਪੜ੍ਹਦਾ ਰਿਹਾ। ਇਕ ਤਾਂ 'ਦੋਵਾਂ ਪਾਤਰਾਂ' ਨਾਲ ਵਾਪਰੇ ਅਨੋਖੇ ਤੇ ਦੁਖਦਾਈ ਹਾਲਾਤ ਦੀ ਆਪਣੀ ਹੀ ਮਜ਼ਬੂਤ ਪਕੜ ਸੀ, ਦੂਜਾ ਤਨ-ਮਨ 'ਤੇ ਵਾਪਰੀ ਹੋਣੀ ਤੇ ਹਾਲਾਤ ਦੀ ਵਿਡੰਬਨਾਂ ਨੂੰ ਸ਼ਬਦਾਂ ਵਿਚ ਗੁੰਨ੍ਹ ਕੇ ਜਿਵੇਂ ਉਸ ਦਰਦ ਨੂੰ ਅਮੋਲਕ ਨੇ ਬਿਆਨ ਕੀਤਾ, ਉਸ ਨਾਲ ਉਹਦੀ ਸਿਰਜਣਾਤਮਕ ਪ੍ਰਤਿਭਾ ਦਾ ਜਲੌਅ ਜਲਵਾਗਰ ਹੋ ਉਠਿਆ। ਬੀਬੀ ਮਨਿੰਦਰ ਨੂੰ ਢੇਰ ਸਾਰਾ ਪਿਆਰ ਤੇ ਧੰਨਵਾਦ। ਜੇ ਉਹ ਅਮੋਲਕ ਦੇ ਧੁਰ ਅੰਦਰ ਲੁਕੀ ਸਿਰਜਣਾਤਮਕ ਚੰਗਿਆੜੀ ਤੋਂ ਦਹਾਕਿਆਂ ਤੋਂ ਜੰਮੀ ਸਵਾਹ ਪਾਸੇ ਕਰ ਕੇ ਫੂਕ ਨਾ ਮਾਰਦੀ ਤਾਂ ਸਾਨੂੰ ਅਮੋਲਕ ਵਰਗਾ ਦਮਕਦਾ ਹੀਰਾ ਪ੍ਰਾਪਤ ਨਹੀਂ ਸੀ ਹੋਣਾ।

ਫਿਰ ਮਨਿੰਦਰ ਦੇ ਹਵਾਲੇ ਨਾਲ ਤੁਰੀ ਗੱਲ ਨੇ ਪੰਜਾਬ ਯੂਨੀਵਰਸਿਟੀ ਦੇ ਉਸ ਵੇਲੇ ਦੇ ਮਾਹੌਲ ਨੂੰ ਅੱਖਾਂ ਅੱਗੇ ਸਜੀਵ ਬਣਾ ਧਰਿਆ। ਮੈਂ ਕਿਉਂਕਿ ਉਹਨਾਂ ਸਮਿਆਂ ਵਿਚ ਖ਼ੁਦ ਪੰਜਾਬੀ ਵਿਭਾਗ ਦਾ ਹਿੱਸਾ ਸਾਂ। ਇਸ ਬਿਰਤਾਂਤ ਨਾਲ ਜੁੜੇ ਬਹੁਤ ਸਾਰੇ ਪਾਤਰਾਂ ਦਾ ਜਾਣਕਾਰ ਵੀ ਸਾਂ। ਵਿਭਾਗ ਦਾ ਗਲਿਆਰਾ, ਉਸ ਵਿਚ ਫ਼ਰਿਦੇ ਵਿਦਿਆਰਥੀ ਤੇ ਅਧਿਆਪਕ, ਗੁਲਾਟੀ ਦੀ ਕੰਟੀਨ, ਸਟੂਡੈਂਟ ਸੈਂਟਰ ਦੀਆਂ ਰੌਣਕਾਂ, ਗਾਰਗੀ ਦਾ ਥੀਏਟਰ ਵਿਭਾਗ, ਹੋਸਟਲਾਂ ਵਿਚ ਮੁੰਡਿਆਂ ਦੀਆਂ ਖ਼ਰਮਸਤੀਆਂ, ਕੁੜੀਆਂ ਦੇ ਨਾਜ਼-ਨਖ਼ਰੇ, ਇਹ ਸਭ ਮੇਰੇ ਜਾਣੇ-ਪਛਾਣੇ ਮੰਜ਼ਰ ਸਨ। ਇਸ ਲਿਖਤ ਜਿਵੇਂ ਮੇਰੇ ਆਸ-ਪਾਸ ਵਾਪਰ ਰਹੀ ਸੀ। ਅਮੋਲਕ ਨੇ ਹੋਏ ਬੀਤੇ ਸਮਿਆਂ ਨੂੰ ਮੇਰੇ ਜ਼ਹਿਨ ਵਿਚ ਤਰੋਤਾਜ਼ਾ ਕਰ ਦਿੱਤਾ। ਮੈਨੂੰ ਇਸ ਨਾਲ ਮੋਹ ਹੋ ਗਿਆ। ਪਤਾ ਨਹੀਂ ਹੋਰ ਕਿੰਨਿਆਂ ਦੇ ਮਨਾਂ ਵਿਚ ਇਹ ਅਪਣੱਤ ਤੇ ਮੋਹ ਜਾਗਿਆ, ਜਿਹੜੇ ਉਹਨਾਂ ਦਿਨਾਂ ਵਿਚ ਜਾਂ ਕੁਝ ਅੱਗੋਂ ਪਿੱਛੋਂ ਯੂਨੀਵਰਸਿਟੀ ਨਾਲ ਜੁੜੇ ਰਹੇ ਸਨ। ਚੰਗੀ ਲਿਖਤ ਦੀ ਇਹੋ ਤਾਂ ਨਿਸ਼ਾਨੀ ਹੁੰਦੀ ਹੈ ਕਿ ਤੁਸੀਂ ਖ਼ੁਦ ਇਕ ਪਾਠਕ ਵਜੋਂ ਆਪਣੇ ਆਪ ਨੂੰ ਉਸ ਮਾਹੌਲ ਦਾ ਹਿੱਸਾ ਸਮਝਣ ਲੱਗ ਜਾਵੋ।

ਪੁਰਾਣੀਆਂ ਈ-ਮੇਲਾਂ ਫੋਲਦਿਆਂ ਮੇਰੇ ਤੇ ਅਮੋਲਕ ਵਿਚਕਾਰ ਹੋਏ ਸੁਨੇਹਿਆਂ ਦਾ ਵਟਾਂਦਰਾ ਪੜ੍ਹਿਆ ਤਾਂ ਜਾਣਿਆਂ ਕਿ ਅਮੋਲਕ ਨੇ 11 ਮਈ 1912 ਨੂੰ, ਲਗਭਗ ਅੱਠ ਕੁ ਸਾਲ ਪਹਿਲਾਂ ਆਪਣੀ ਲਿਖਤ 'ਕਮਲਿਆਂ ਦਾ ਟੱਬਰ' ਪੜ੍ਹਨ ਲਈ ਉਚੇਚਾ ਲਿੰਕ ਭੇਜ ਕੇ ਲਿਖਿਆ ਸੀ:

ਦੋ ਕੁ ਸਾਲ ਪਹਿਲਾਂ ਮੈਂ ਵੀ ਕੁਝ ਕਲਮ ਅਜ਼ਮਾਈ ਕੀਤੀ ਸੀ ਜਿਸ ਵਿਚ ਤੁਹਾਡੇ ਖਾਸ ਦੋਸਤ ਅਤੇ ਮੇਰੇ ਹਮਜਮਾਤੀ ਹਲਵਾਰਵੀ ਸਾਹਿਬ ਦਾ ਵੀ ਜ਼ਿਕਰ ਹੈ। ਇਹ ਤੁਹਾਡੀ ਨਜ਼ਰ ਕਰ ਰਿਹਾ ਹਾਂ। ਜਦੋਂ ਵੀ ਟੋਰਾਂਟੋ ਆਓ, ਦੱਸਣਾ ਅਤੇ ਮੈਨੂੰ ਮਿਲਣ ਜ਼ਰੂਰ ਆਉਣਾ।

ਤੁਹਾਡਾ ਛੋਟਾ ਵੀਰ

ਅਮੋਲਕ ਸਿੰਘ

ਪੜ੍ਹਨ ਲਈ ਇਸ ਲਿਖਤ ਵਿਚ ਮੇਰੇ 'ਖਾਸ ਦੋਸਤ' ਹਲਵਾਰਵੀ ਦਾ ਜ਼ਕਿਰ ਹੋਣ ਦਾ, ਦਿੱਤਾ ਮਾਸੂਮ ਜਿਹਾ 'ਲਾਲਚ' ਵੀ ਮੈਨੂੰ ਚੰਗਾ ਲੱਗਾ। ਮੈਂ ਉਹਦੇ ਇਸ ਸੁਨੇਹੇ ਦੇ ਜਵਾਬ ਵਿਚ ਜੋ ਲਿਖਿਆ, ਉਹ ਹੂਬਹੂ ਤੁਹਾਡੀ ਨਜ਼ਰ ਕਰਦਾ ਹਾਂ।

"ਹੁਣ ਤੁਹਾਡੇ 'ਕਮਲਿਆਂ ਦੇ ਟੱਬਰ' ਬਾਰੇ। ਇਹ ਲਿਖਤ ਪਹਿਲਾਂ ਵੀ ਪੜ੍ਹੀ ਸੀ। ਹੁਣ ਦੋਬਾਰਾ ਪੜ੍ਹੀ। ਤੁਸੀਂ ਏਨੀ ਕਮਾਲ ਦੀ ਹੁਨਰਮੰਦੀ ਨਾਲ ਪਹਿਲਾ ਚੈਪਟਰ ਉਲੀਕਿਆ ਹੈ ਕਿ ਪਹਿਲਾਂ ਮਨਿੰਦਰ ਦਾ ਤੁਹਾਡੇ ਬਾਰੇ ਤੇ ਫਿਰ ਉਸ ਕੋਲ ਤੁਹਾਡੇ ਵੱਲੋਂ ਕੀਤਾ, ਤੁਹਾਡੀ ਬਿਮਾਰੀ ਦਾ ਰਹੱਸ-ਉਦਘਾਟਨ ਨਿੱਕੀ ਹੁਨਰੀ ਕਹਾਣੀ ਦੀ ਕਲਾਸਿਕ ਮਿਸਾਲ ਬਣ ਗਿਆ। ਮਨ ਵੀ ਭਰ ਆਇਆ 'ਕੁਦਰਤ ਦੇ ਖੇਲ੍ਹ' ਵੇਖ ਕੇ। ਉਹਨਾਂ ਸਾਲਾਂ ਵਿਚ ਮੈਂ ਵੀ ਓਥੇ ਸਾਂ ਤੇ ਹਲਵਾਰਵੀ ਦਾ ਯਾਰ ਹੋਣ ਕਰਕੇ ਉਹਦਾ ਪਹਿਲਾ 'ਹੱਕ' ਬਣਾਈ ਰੱਖਣ ਲਈ ਵੀ ਤੇ ਉਂਜ ਵੀ ਨਵਾਂ-ਨਵਾਂ ਵਿਆਹਿਆ-ਵਰ੍ਹਿਆ ਹੋਣ ਕਰਕੇ ਤੁਹਾਡੀਆਂ ਜਮਾਤਾਂ ਦੀਆਂ ਕੁੜੀਆਂ ਨੂੰ ਵੇਖਣ-ਜਾਨਣ ਦੀ ਖਿੱਚ ਦਾ ਇਖ਼ਲਾਕੀ ਅਧਿਕਾਰ ਨਹੀਂ ਸਾਂ ਰੱਖਦਾ। ਹਾਂ; ਹਲਵਾਰਵੀ ਕਰਕੇ ਤਿੰਨ-ਚਾਰ ਕੁੜੀਆਂ ਦੇ ਨਾਵਾਂ ਤੇ ਸ਼ਕਲਾਂ ਦਾ ਚੇਤਾ ਜ਼ਰੂਰ ਆ ਰਿਹੈ। ਹੋ ਸਕਦੈ ਕਦੀ ਮਨਿੰਦਰ ਨੂੰ ਵੀ ਓਥੇ ਵੇਖਿਆ ਹੋਵੇ! ਪੜ੍ਹ ਕੇ ਲੱਗਾ ਕਿ ਜਦੋਂ ਇਹ ਸਾਰਾ ਕੁਝ ਵਾਪਰ ਰਿਹਾ ਸੀ ਤਾਂ ਮੈਂ ਵੀ ਓਥੇ-ਕਿਤੇ ਹੀ ਵਿਚਰ ਰਿਹਾ ਸਾਂ। ਲਾਅਨ ਦੀ ਇਕ ਨੁੱਕਰੇ ਬੈਠੇ ਕਿਤੇ ਤੁਸੀਂ ਟੋਲੇ ਸਮੇਤ ਗੁਲਾਟੀ ਦੀ ਚਾਹ ਪੀ ਰਹੇ ਹੋਵੋਗੇ ਤੇ ਦੂਜੀ ਨੁੱਕਰੇ ਮੈਂ ਵੀ ਕਿਧਰੇ ਸਾਥੀਆਂ ਨਾਲ ਬੈਠਾ ਚਾਹ ਦੀਆਂ ਚੁਸਕੀਆਂ ਲੈਂਦਾ ਹੋਵਾਂਗਾ। ਉਸ ਵੇਲੇ ਦੀਆਂ ਕਈ ਯਾਦਾਂ ਤਾਜ਼ੀਆਂ ਹੋ ਗਈਆਂ। ਜੀ ਕਰਦੈ ਮੈਂ ਵੀ ਲਿਖਾਂ! ਖ਼ੈਰ-ਹਲਵਾਰਵੀ ਬਾਰੇ ਮੈਂ ਇਕ ਆਰਟੀਕਲ ਲਿਖਿਆ ਹੋਇਆ ਹੈ। ਤੁਹਾਨੂੰ ਭੇਜਾਂਗਾ। ਉਸ ਵਿਚ ਉਸ ਸਮੇਂ ਦੀਆਂ ਕੁਝ ਝਲਕੀਆਂ ਵੀ ਦਰਜ ਹਨ। ਹਲਵਾਰਵੀ ਮੇਰੇ ਬਹੁਤ ਕਰੀਬੀ ਯਾਰਾਂ ਵਿਚੋਂ ਸੀ। ਤੁਸੀਂ ਉਸਨੂੰ ਮੁਹੱਬਤ ਨਾਲ ਯਾਦ ਕੀਤਾ। ਬੜਾ ਚੰਗਾ ਲੱਗਾ।

ਆਖ਼ਰੀ ਗੱਲ: ਹੋਰ ਵੀ ਲਿਖਣਾ ਸ਼ੁਰੂ ਕਰੋ। ਤੁਹਾਡੇ ਕੋਲ ਬੰਦਿਆਂ ਨੂੰ ਜਾਨਣ-ਸਮਝਣ ਦੀ ਯੋਗਤਾ ਵੀ ਹੈ ਅਤੇ ਉਹਨਾਂ ਨੂੰ ਉਹਨਾਂ ਦੇ ਚੌਗ਼ਿਰਦੇ ਵਿਚ ਪਰਖਣ ਤੇ ਢੁਕਵੀਂ ਭਾਸ਼ਾ ਸਹਿਤ ਪੇਸ਼ ਕਰਨ ਦਾ ਹੁਨਰ ਵੀ। ਹਰੇਕ ਬੰਦੇ ਕੋਲ ਬੜਾ ਕੁਝ ਦੱਸਣ ਵਾਲਾ ਪਿਆ ਹੁੰਦਾ ਹੈ; ਭਾਵੇਂ ਉਹ ਕਿਡਾ ਵੀ ਸਾਧਾਰਨ ਕਿਉਂ ਨਾ ਹੋਵੇ। ਤੁਸੀਂ ਤਾਂ ਬੜਾ ਕੁਝ ਤਨ-ਮਨ ਤੇ ਹੰਡਾਇਆ ਹੈ। ਤੁਹਾਡੀ ਬੌਧਿਕ ਸਮਰੱਥਾ ਤੇ ਸੰਵੇਦਨਸ਼ੀਲਤਾ ਤੁਹਾਡੇ ਤੋਂ ਮੇਰੇ ਵਰਗੇ ਅਨੇਕਾਂ ਪਾਠਕਾਂ ਸਹਿਤ ਸ਼ਾਬਦਿਕ ਹੁੰਗਾਰਾ ਮੰਗਦੀ ਹੈ।

ਇਹ ਬੀਬੀ ਮਨਿੰਦਰ ਹੁਣ ਕਿਉਂ ਨਹੀਂ ਟਰਾਂਟੋ ਦੀਆਂ ਸਾਹਿਤਕ ਮੀਟਿੰਗਾਂ ਵਿਚ ਆਉਂਦੀ? ਤੁਸੀਂ ਉਹਦਾ ਏਨਾ ਜਾਨਦਾਰ ਕਿਰਦਾਰ ਪੇਸ਼ ਕੀਤਾ ਹੈ ਕਿ ਉਸ ਵਿਚੋਂ ਸੁੱਚੀ ਤੇ ਜੀਅਦਾਰ ਪੰਜਾਬਣ ਦੀ ਰੂਹ ਬੋਲਦੀ ਸੁਣਦੀ ਹੈ। ਲੋਕਾਂ ਨੂੰ ਖ਼ੁਸ਼ੀਆਂ ਵੰਡਣ ਵਾਲੀਆਂ ਇਹੋ ਜਿਹੀਆਂ ਨੇਕ ਰੂਹਾਂ ਨੂੰ ਪਤਾ ਨਹੀਂ 'ਰੱਬ' ਏਨਾ ਦੁੱਖ ਕਿਉਂ ਦਿੰਦਾ ਹੈ। ਮੇਰਾ ਉਹਨੂੰ ਮਿਲਣ ਨੂੰ ਵੀ ਦਿਲ ਕਰਦਾ ਏ। ਉਹ ਤੇ ਤੁਸੀਂ ਸਾਰੇ ਆਪਣੇ ਪਰਿਵਾਰਾਂ ਸਮੇਤ ਖ਼ੁਸ਼ ਰਹੋ।

ਤੁਹਾਡਾ-ਵਰਿਆਮ ਸਿੰਘ ਸੰਧੂ

ਇਸ ਆਪ-ਬੀਤੀ ਵਿਚ ਮਨਿੰਦਰ ਤੇ ਅਮੋਲਕ ਦੇ ਹਵਾਲੇ ਨਾਲ ਯੂਨੀਵਰਸਿਟੀ ਤੋਂ ਤੁਰੀ ਗੱਲ ਬਾਅਦ ਵਿਚ ਅਮੋਲਕ ਦੇ ਬਚਪਨ ਵੱਲ ਹੋ ਤੁਰੀ ਤੇ ਫਿਰ ਉਹਦੀ ਜ਼ਿੰਦਗੀ ਦਾ ਲਿਖਤੀ ਸਫ਼ਰ ਸਾਨੂੰ ਪੜ੍ਹਨ ਨੂੰ ਮਿਲਿਆ। ਪਿੰਡ ਵਿਚੋਂ ਨਿਕਲ ਕੇ ਅੱਗੇ ਤੁਰਨ 'ਤੇ ਵਧਣ ਵਾਲੀ ਇਕ ਹੋਣਹਾਰ ਪੀੜ੍ਹੀ ਦੀ ਗਾਥਾ ਦਾ ਇਹ ਪ੍ਰਮਾਣਿਕ ਬਿਰਤਾਂਤ ਹੋਰ ਬਹੁਤ ਸਾਰੇ ਲੋਕਾਂ ਦਾ ਬਿਰਤਾਂਤ ਹੈ, ਜਿਹੜੇ ਅਮੋਲਕ ਵਾਂਗ ਸੰਘਰਸ਼ ਕਰ ਕੇ ਅੱਗੇ ਵਧੇ ਤੇ ਸਮਾਜ ਵਿਚ ਆਪਣਾ ਮਾਣਯੋਗ ਥਾਂ ਬਣਾਇਆ। ਏਨਾ ਹੀ ਨਹੀਂ, ਇਸ ਲਿਖਤ ਵਿਚ ਪੰਜਾਬ ਦਾ ਪੁਰਾਣਾ ਪਿੰਡ, ਉਹਨਾਂ ਵੇਲਿਆਂ ਦੀ ਆਪਸੀ ਰਿਸ਼ਤਗੀ, ਦੋਸਤੀਆਂ-ਦੁਸ਼ਮਣੀਆਂ ਤੇ ਕਤਲਾਂ ਦੀ ਕਹਾਣੀ ਤੋਂ ਤੁਰ ਕੇ ਗੱਲ ਅੱਗੇ ਵਧਦੀ ਹੈ ਤੇ ਪਿੰਡ ਹੌਲੀ ਹੌਲੀ ਕਿਵੇਂ ਬਦਲਦਾ ਹੈ, ਕਿਵੇਂ ਜ਼ਿੰਦਗੀ ਬਦਲਦੀ ਹੈ, ਕਿਵੇਂ ਸਮਾਂ ਬਦਲਦਾ ਹੈ, ਇਸਦਾ ਜੀਵੰਤ ਬਿੰਬ ਵੀ ਇਸ ਸਵੈਜੀਵਨੀ ਵਿਚੋਂ ਉਭਰਦਾ ਹੈ। ਇਹ ਕਹਾਣੀ ਇਕੱਲੇ-ਇਕਹਿਰੇ ਅਮੋਲਕ ਦੀ ਕਹਾਣੀ ਨਹੀਂ ਸਗੋਂ ਬਦਲਦੇ ਹੋਏ ਪੰਜਾਬ ਦੀ ਕਹਾਣੀ ਹੈ। ਸਾਡੇ ਵਰਗੇ ਬਹੁਤ ਸਾਰੇ ਉਹਨਾਂ ਨੌਜਵਾਨਾਂ ਦੀ ਕਹਾਣੀ ਹੈ ਜੋ ਕਦੀ ਪਿੰਡਾਂ ਵਿਚੋਂ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਨਿਕਲ ਤੁਰੇ ਸਨ।

ਕਾਸ਼! ਅਮੋਲਕ ਆਪਣੀ ਸਿਰਜਣਾਤਕ ਸਮਰੱਥਾ ਦਾ ਪ੍ਰਗਟਾਵਾ ਕਰਨ ਲਈ ਇਕ ਨਾਵਲ ਤਾਂ ਲਿਖ ਹੀ ਦਿੰਦਾ ਜਾਂ ਹੁਣ ਹੀ ਲਿਖਵਾ ਦੇਵੇ!

ਅਮੋਲਕ ਮੇਰੀ ਲਿਖਤ ਦਾ ਵੀ ਕਦਰਦਾਨ ਹੈ। ਇਹੋ ਕਾਰਨ ਸੀ ਕਿ ਉਹਨੇ ਬੜੇ ਚਾਅ ਨਾਲ ਮੇਰੀਆਂ ਲਿਖਤਾਂ 'ਪੰਜਾਬ ਟਾਈਮਜ਼' ਵਿਚ ਛਾਪਣੀਆਂ ਸ਼ੁਰੂ ਕੀਤੀਆਂ। ਜਿਵੇਂ ਮੈਂ ਦੱਸ ਚੁੱਕਾ ਹਾਂ ਕਿ ਉਹਨੇ ਆਪ ਹੀ ਲੱਭ ਕੇ ਮੇਰੀਆਂ ਕੁਝ ਲਿਖਤਾਂ ਪੰਜਾਬ ਟਾਈਮਜ਼ ਵਿਚ ਛਾਪੀਆਂ ਸਨ। ਸਾਡੀ ਸਾਂਝ ਨੂੰ ਅੱਗੇ ਵਧਾਉਣ ਲਈ ਸਾਂਝੀ ਕੜੀ ਗੁਰਦਿਆਲ ਬੱਲ ਵੀ ਹੈ। ਉਹਨੇ ਹੀ ਮੇਰੀ ਸਵੈਜੀਵਨੀ ਅਖ਼ਬਾਰ ਵਿਚ ਛਾਪਣ ਲਈ ਅਮੋਲਕ ਨੂੰ ਸੁਝਾਅ ਦਿੱਤਾ ਸੀ। ਬੱਲ ਨੇ ਮੈਨੂੰ ਵੀ ਕਿਹਾ ਕਿ ਮੈਂ ਆਪਣੀ ਸਵੈਜੀਵਨੀ ਅਮੋਲਕ ਨੂੰ ਭੇਜਾਂ। ਜਦ ਮੈਂ ਅਮੋਲਕ ਨੂੰ ਪੁੱਛਿਆ ਤਾਂ ਉਹਨੇ ਕਿਹਾ,

" ਬਲ ਸਾਹਿਬ ਮੇਰੇ ਪਾਸ ਆਏ ਸਨ ਅਤੇ ਉਦੋਂ ਤੁਹਾਡੀ ਸਵੈਜੀਵਨੀ ਬਾਰੇ ਗੱਲ ਹੋਈ ਸੀ। ਪੰਜਾਬ ਟਾਈਮਜ਼ ਵਿਚ ਛਾਪਣ ਦੀ ਖੁਸ਼ੀ ਜਰੂਰ ਲਵਾਂਗੇ। ਆਪਣੇ ਇਸ ਛੋਟੇ ਭਰਾ ਨੂੰ ਕਦੀ ਕਦੀ ਯਾਦ ਕਰ ਲਿਆ ਕਰੋ। ਤੁਸੀਂ ਤਾਂ ਮੇਰੇ ਉਦੋਂ ਤੋਂ ਹੀ ਆਦਰਸ਼ ਹੋ ਜਦੋਂ 1977 ਵਿਚ ਮੈਂ ਤੁਹਾਡੀ ਪਹਿਲੀ ਕਹਾਣੀ 'ਡੁੰਮ' ਹਰਭਜਨ ਹਲਵਾਰਵੀ ਦੇ ਕਹਿਣ ਤੇ ਪੜ੍ਹੀ ਸੀ।"

ਸਵੈਜੀਵਨੀ ਭੇਜਣ ਦਾ ਲਾਰਾ ਲਾ ਕੇ ਮੈਂ ਮਹੀਨਾ ਭਰ ਚੁੱਪ ਰਿਹਾ ਤਾਂ ਅਮੋਲਕ ਨੇ ਲਿਖਿਆ,"ਮੈਂ ਤੇ ਉਡੀਕ ਉਡੀਕ ਕੇ ਬੁੱਢਾ ਹੋ ਚੱਲਿਆਂ, ਭੇਜੋ ਵੀ ਨਾ।"

ਇਸਤੋਂ ਉਹਦਾ ਮੇਰੇ ਤੇ ਮੇਰੀ ਲਿਖਤ ਨਾਲ ਮੋਹ ਦਾ ਰਿਸ਼ਤਾ ਪਰਗਟ ਹੁੰਦਾ ਹੈ। ਇੰਜ ਹੀ ਇਕ ਵਾਰ ਉਹਨੇ ਲਿਖਿਆ,"ਅਜੇ ਦੋ ਦਿਨ ਪਹਿਲਾਂ ਹੀ ਬੇਕਰਜ਼ਫੀਲਡ ਤੋਂ ਤੁਹਾਡੇ ਕਿਸੇ ਪੁਰਾਣੇ ਦੋਸਤ ਨੇ ਮੇਰੇ ਪਾਸੋਂ ਤੁਹਾਡਾ ਫੋਨ ਪੁਛਿਆ ਸੀ। ਜਦੋਂ ਵੀ ਟਾਈਮ ਲਗਿਆ, ਮੈਨੂੰ ਫੋਨ ਜਰੂਰ ਕਰਿਓ। ਮੇਰਾ ਤੁਹਾਨੂੰ ਮਿਲਣ ਨੂੰ ਬਹੁਤ ਚਿਤ ਕਰਦਾ ਹੈ।"

ਇਹ ਆਖਣ-ਮੰਨਣ ਵਿਚ ਉਹਦੀ ਵਡਿਆਈ ਵੀ ਸੀ ਤੇ ਉਹਦੇ ਮੁਹੱਬਤੀ ਦਿਲ ਦਾ ਸੁਨਹਿਰੀ ਝਲਕਾਰਾ ਵੀ। ਇੰਜ ਹੀ ਸ਼ਾਇਦ ਉਹ ਹੋਰਨਾਂ ਨੂੰ ਵੀ ਆਪਣੀ ਮੁਹੱਬਤੀ ਕੱਸ ਵਿਚ ਕੱਸ ਲੈਂਦਾ ਹੋਵੇਗਾ।

ਜਦ ਪੰਜਾਬ ਟਾਈਮਜ਼ ਵਿਚ ਮੇਰੀ 'ਸਾਹਿਤਕ ਸਵੈ-ਜੀਵਨੀ', ਸਵੈ-ਜੀਵਨੀ 'ਗੁਫ਼ਾ ਵਿਚਲੀ ਉਡਾਣ', ਕੁਝ ਕਹਾਣੀਆਂ, ਕੁਝ ਵਾਰਤਕ ਟੋਟੇ ਛਪੇ ਤਾਂ ਅਮਰੀਕਾ ਵਿਚ ਮੇਰਾ ਨਵਾਂ ਪਾਠਕ-ਵਰਗ ਪੈਦਾ ਹੋ ਗਿਆ। ਮੈਨੂੰ ਪਾਠਕਾਂ ਦੇ ਫ਼ੋਨ ਆਉਂਦੇ। ਅੱਠ-ਨੌਂ ਸਾਲ ਪਹਿਲਾਂ ਜਦ ਮੈਂ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੇਫ਼ੋਰਨੀਆਂ' ਦੀ ਕਾਨਫ਼ਰੰਸ ਉੱਤੇ ਗਿਆ ਤਾਂ ਬਹੁਤ ਸਾਰੇ ਅਜਿਹੇ ਸੱਜਣ ਬੜੇ ਉਤਸ਼ਾਹ ਨਾਲ ਮਿਲੇ ਜਿਨ੍ਹਾਂ ਨੇ ਮੈਨੂੰ 'ਪੰਜਾਬ ਟਾਈਮਜ਼' ਵਿਚ ਪੜ੍ਹਿਆ ਹੋਇਆ ਸੀ। ਓਥੇ ਹੀ ਮੈਂ ਅਖ਼ਬਾਰ ਦਾ ਪ੍ਰਿੰਟ ਐਡੀਸ਼ਨ ਪਹਿਲੀ ਵਾਰ ਵੇਖਿਆ। ਦਰਸ਼ਕਾਂ ਸਰੋਤਿਆਂ ਵਿਚ ਪੰਜਾਬ ਟਾਈਮਜ਼ ਨੇ ਮੇਰੀ ਪਹਿਲਾਂ ਈ 'ਬੱਲੇ!ਬੱਲੇ!' ਕਰਵਾਈ ਹੋਈ ਸੀ। ਜ਼ਾਹਿਰ ਹੈ ਇਹਨਾਂ ਵਿਚ ਬਹੁਤੇ ਉਹ ਲੋਕ ਸਨ ਜਿਨ੍ਹਾਂ ਦੀ ਸਾਹਿਤ ਨਾਲ ਮਾੜੀ ਮੋਟੀ ਰਿਸ਼ਤਗੀ ਸੀ ਤੇ ਉਹਨਾਂ ਵਿਚੋਂ ਬਹੁਤ ਸਾਰੇ ਮੈਨੂੰ ਪਹਿਲਾਂ ਵੀ ਜਾਣਦੇ ਸਨ। ਕਈ ਮੇਰੇ ਨਾਲ ਪੰਜਾਬ ਟਾਈਮਜ਼ ਵਿਚ ਛਪੀਆਂ ਮੇਰੀਆਂ ਲਿਖਤਾਂ ਦਾ ਜ਼ਕਿਰ ਵੀ ਬੜੇ ਉਤਸ਼ਾਹ ਨਾਲ ਕਰ ਰਹੇ ਸਨ।

ਅਗਲੇ ਸਾਲ ਮੈਂ ਆਪਣੇ ਪਿੰਡ ਵਾਸੀਆਂ ਦੇ ਸੱਦੇ 'ਤੇ ਮੁੜ ਸਾਨ-ਫ਼ਰਾਂਸਿਸਕੋ ਗਿਆ। ਉਹਨਾਂ ਨੇ ਫ਼ਰੀਮੌਂਟ ਦੇ ਗੁਰਦੁਆਰੇ ਵਿਚ ਪਿੰਡ ਵੱਲੋਂ ਆਖੰਡ ਪਾਠ ਰਖਵਾਇਆ ਸੀ। ਮੈਂ ਆਪਣੇ ਗਿਰਾਈਂ ਗੁਰਬਚਨ ਨਾਲ ਜਦ ਗੁਰਦਵਾਰੇ ਮੱਥਾ ਟੇਕਣ ਗਿਆ ਤਾਂ ਗੁਰਦਵਾਰੇ ਦੇ ਬਾਹਰ ਬੈਂਚਾਂ ਉੱਤੇ ਦਸ-ਪੰਦਰਾਂ ਬੰਦੇ ਬੈਠੇ ਸਨ। ਜਦ ਮੈਂ ਤੇ ਗੁਰਬਚਨ ਉਹਨਾਂ ਕੋਲੋਂ 'ਫ਼ਤਹਿ' ਬੁਲਾ ਕੇ ਗੁਜ਼ਰੇ ਤਾਂ ਮੈਂ ਮਹਿਸੂਸ ਕੀਤਾ ਕਿ ਉਹਨਾਂ ਵਿਚੋਂ ਦੋ ਕੁ ਜਣੇ ਮੈਨੂੰ ਬੜੇ ਧਿਆਨ ਨਾਲ ਵੇਖ ਰਹੇ ਸਨ। ਜਦ ਅਸੀਂ ਅਗਲੇਰੇ ਬੈਂਚਾਂ 'ਤੇ ਬੈਠ ਕੇ ਜੋੜੇ ਉਤਾਰ ਰਹੇ ਸਨ ਤਾਂ ਪੰਜ ਸੱਤ ਬੰਦੇ ਉਠ ਕੇ ਸਾਡੇ ਸਾਹਮਣੇ ਆਣ ਖਲੋਤੇ ਤੇ ਪੁੱਛਣ ਲੱਗੇ, "ਤੁਹਾਡਾ ਨਾਂ ਵਰਿਆਮ ਸਿੰਘ ਸੰਧੂ ਹੀ ਏ ਨਾ!"

'ਜੀ, ਤੁਸੀਂ ਕਿਵੇਂ ਪਛਾਣਿਆਂ?"

ਉਹਨਾਂ ਦਾ ਆਗੂ ਕਹਿੰਦਾ, " ਜੀ ਅਸੀਂ ਪੰਜਾਬ ਟਾਈਮਜ਼ ਵਿਚ ਤੁਹਾਡੀ ਲਿਖਤਾਂ ਪੜ੍ਹਦੇ ਰਹਿੰਦੇ ਆਂ। ਤੁਹਾਡੀ ਫੋਟੋ ਵੀ ਹੁੰਦੀ ਐ ਨਾਲ। ਅਸੀਂ ਪਛਾਣਦੇ ਸਾਂ ਕਿ ਲੱਗਦੇ ਤਾਂ ਸੰਧੂ ਸਾਹਿਬ ਹੀ ਨੇ।"

ਇਹ ਬਿਰਤਾਂਤ ਆਪਣੀ ਵਡਿਆਈ ਲਈ ਨਹੀਂ ਲਿਖ ਰਿਹਾ, ਸਿਰਫ਼ ਇਹ ਦੱਸਣ ਲਈ ਲਿਖ ਰਿਹਾਂ ਕਿ ਅਖਬਾਰ ਨੂੰ ਕਿੰਨੇ ਲੋਕ, ਕਿੰਨੀ ਗੰਭੀਰਤਾ ਨਾਲ ਪੜ੍ਹਦੇ ਨੇ।

ਅਖ਼ਬਾਰ ਦਾ ਘੇਰਾ ਏਨਾ ਵਿਆਪਕ ਹੈ ਕਿ ਇਹਨੂੰ ਵਿਦਵਾਨ ਵੀ ਪੜ੍ਹਦੇ ਨੇ, ਲੇਖਕ ਤੇ ਬੁੱਧੀਜੀਵੀ ਵੀ ਤੇ ਆਮ 'ਸਾਧਾਰਨ' ਆਖੇ ਜਾਣ ਵਾਲੇ ਲੋਕ ਵੀ। ਮੈਨੂੰ ਹਰ ਤਰ੍ਹਾਂ ਦੇ ਪਾਠਕਾਂ ਦੇ ਫ਼ੋਨ ਆਉਂਦੇ। ਲਿਖਤ ਦੀ ਅਜਿਹੀ ਕਦਰਦਾਨੀ ਕਮਾਲ ਸੀ। ਮੈਂ ਅਕਸਰ 'ਅਖ਼ਬਾਰਾਂ ਵਿਚ ਛਪਣ ਵਾਲਾ ਲੇਖਕ ਨਹੀਂ ਹਾਂ। ਪਿਛਲੇ ਦਸ-ਬਾਰਾਂ ਸਾਲ ਤੋਂ ਮੈਂ ਆਪਣੀ ਕੋਈ ਲਿਖਤ ਪੰਜਾਬ ਦੇ ਕਿਸੇ ਅਖ਼ਬਾਰ ਵਿਚ ਛਪਵਾਉਣ ਨਾਲੋਂ 'ਪੰਜਾਬ ਟਾਈਮਜ਼' ਵਿਚ ਛਪਵਾਉਣੀ ਬਿਹਤਰ ਸਮਝਦਾਂ। ਇਸਤੋਂ ਅਨੁਮਾਨ ਲਾਇਆ ਜਾ ਸਕਦਾ ਏ ਕਿ ਇਸ ਅਖ਼ਬਾਰ ਦਾ ਦਰਜਾ ਮੇਰੀ ਨਜ਼ਰ ਵਿਚ ਕਿੰਨਾਂ ਉਚਾ ਹੈ। ਇਹ ਦਰਜਾ ਸਿਰਫ਼ ਇਸ ਕਰ ਕੇ ਉਚਾ ਨਹੀਂ ਕਿ ਇਸ ਵਿਚ ਮੈਨੂੰ ਆਪਣੀ ਲਿਖਤ ਛਪੀ ਵੇਖਣੀ ਚੰਗੀ ਲੱਗਦੀ ਏ, ਸਗੋਂ ਇਸ ਕਰ ਕੇ ਵੀ ਹੈ ਕਿ ਇਸ ਵਿਚ ਜਿਸ ਤਰ੍ਹਾਂ ਦੇ ਨਾਮਵਰ ਵਿਦਵਾਨ ਛਪਦੇ ਨੇ, ਉਹਨਾਂ ਨਾਲ ਛਪਣਾ ਵੀ ਮੈਨੂੰ ਚੰਗਾ ਲੱਗਦਾ ਏ।

ਤੇ ਏਨੇ ਸਾਰੇ ਚੰਗੇ ਲੇਖਕਾਂ ਨੂੰ ਲੱਭ ਕੇ, ਪਛਾਣ ਕੇ ਅਮੋਲਕ ਨੇ ਪੰਜਾਬ ਟਾਈਮਜ਼ ਦਾ ਹਿੱਸਾ ਬਣਾ ਲਿਆ ਹੈ, ਇਹ ਕੋਈ ਛੋਟੀ ਗੱਲ ਨਹੀਂ।

ਸਾਡੀ ਅਰਦਾਸ ਹੈ ਕਿ ਅਮੋਲਕ ਸਿਹਤਮੰਦ ਹੋਵੇ ਤੇ ਉਹ ਅਤੇ ਪੰਜਾਬ ਟਾਈਮਜ਼ ਲੰਮਾਂ ਸਮਾਂ ਸਾਡੇ ਦਰਮਿਆਨ ਰੌਸ਼ਨੀ ਵੰਡਦੇ ਰਹਿਣ।

*–0–*

ਅਫਸੋਸ ਹੈ ਕਿ ਸਾਡੀ ਅਰਦਾਸ ਸੁਣੀ ਨਹੀਂ ਗਈ ਪਰ ਇਹ ਵੀ ਸੱਚ ਹੈ ਕਿ ਅਮੋਲਕ ਚਾਨਣ ਦੀ ਲੰਮੀ ਲੀਕ ਪਿੱਛੇ ਛੱਡ ਗਿਆ ਹੈ!

# ਤੁਰ ਗਿਆ ਹੈ ਅਮੋਲਕ ਵੀਰ



ਜ਼ਿੰਦਗੀ ਤੇ ਮੌਤ ਦੀ ਜੰਗ ਵਿਚ ਅੰਤਮ ਜਿੱਤ ਭਾਵੇਂ ਮੌਤ ਦੀ ਹੀ ਹੁੰਦੀ ਹੈ ਪਰ ਮੌਤ ਨੂੰ ਲਗਾਤਾਰ ਵੰਗਾਰਨਾ ਅਤੇ ਵੰਗਾਰ ਸਕਣ ਦੀ ਹਿੰਮਤ, ਹੌਸਲਾ ਤੇ ਜੁਰਅਤ ਰੱਖਣ ਵਾਲੇ ਵਿਰਲਿਆਂ ਵਿਚੋਂ ਵਿਰਲੇ ਇਨਸਾਨ ਸਨ ਮੇਰੇ ਛੋਟੇ ਵੀਰ, ਨਿੱਘੇ ਤੇ ਦਿਲਾਂ ਦੇ ਯਾਰ, ਹਾਣੀਆਂ



**ਕਰਮਜੀਤ ਸਿੰਘ**
ਫੋਨ: 91-99150-1063

ਦੇ ਹਾਣੀ ਅਮੋਲਕ ਸਿੰਘ ਜੋ ਹੁਣ ਸਾਡੇ ਵਿਚ ਨਹੀਂ ਰਹੇ।

ਬਹੁਤ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਸ਼ਿਕਾਗੋ ਵਿਚ 'ਪੰਜਾਬ ਟਾਈਮਜ਼' ਦੇ ਸਾਲਾਨਾ ਸਮਾਗਮ ਵਿਚ ਮੈਨੂੰ ਬੋਲਣ ਦਾ ਮੌਕਾ ਮਿਲਿਆ। ਮੈਨੂੰ ਉਹ ਪੰਜਾਬੀ ਜਗਤ ਦਾ ਸਟੀਫਨ ਹਾਈਕਿੰਗ ਨਜ਼ਰ ਆਇਆ ਜੋ ਕਈ ਵਰ੍ਹਿਆਂ ਤੋਂ ਕੁਰਸੀ 'ਤੇ ਬੈਠਾ ਹੀ ਸਾਇੰਸ ਦੀਆਂ ਵੱਡੀਆਂ ਵੱਡੀਆਂ ਗੱਲਾਂ ਦੱਸਦਾ ਰਹਿੰਦਾ ਅਤੇ ਦੱਸਦਾ ਵੀ ਟੈਕਨਾਲੋਜੀ ਦੇ ਯੰਤਰਾਂ ਦਾ ਓਟ ਆਸਰਾ ਲੈ ਕੇ ਹੀ। ਗਲ ਤੋਂ ਹੇਠਾਂ ਉਸ ਦਾ ਸਾਰਾ ਜਿਸਮ ਉਸ ਦੇ ਨਾਲ ਨਹੀਂ ਸੀ, ਸਦੀਵੀ ਨੀਂਦ ਵਿਚ ਸੀ, ਫਿਰ ਵੀ ਇਕ ਤਾਜ਼ਗੀ ਉਸ ਦੇ ਚਿਹਰੇ 'ਤੇ ਹਰ ਦਮ ਰਹਿੰਦੀ ਸੀ।

ਕਈ ਵਰ੍ਹਿਆਂ ਤੋਂ ਦੋਸਤਾਂ ਦੀ ਮਹਿਫਲ ਵਿਚ ਇਹ ਸਵਾਲ ਉੱਠਦੇ ਰਹਿੰਦੇ: ਅਮੋਲਕ ਜਿਊਂਦਾ ਕਿਸ ਤਾਕਤ ਕਰ ਕੇ ਹੈ? ਉਹ ਕਿਹੜੀ ਇੱਛਾ ਸ਼ਕਤੀ ਹੈ ਜਿਸ ਕਾਰਨ ਮੌਤ ਉਸ ਨੂੰ ਦੂਰ ਤੋਂ ਹੀ ਵੇਖ ਸਕਦੀ ਹੈ? ਉਹ ਕਿਹੜਾ ਜਜ਼ਬਾ ਹੈ ਜੋ ਉਸ ਨੂੰ ਹਾਰ ਨਹੀਂ ਮੰਨਣ ਦਿੰਦਾ? ਹਾਰ ਕੇ ਵੀ ਹਾਰ ਨਹੀਂ ਮੰਨਦਾ ਉਹ।

ਕਈ ਸਾਲਾਂ ਤੋਂ ਉਸ ਦਾ ਹਰ ਸਾਹ ਤਿਲ ਤਿਲ ਵਿੰਨ੍ਹਿਆ ਹੋਇਆ ਸੀ ਪਰ ਉਸ ਦੀ ਆਵਾਜ਼ ਵਿਚ ਗਰਜ ਤੇ ਗੜ੍ਹਕ ਦਾ ਸਰਸਬਜ਼ ਚਸ਼ਮਾ ਕਿੱਥੇ ਸੀ? ਕਿਸੇ ਕੋਲ ਵੀ ਇਨ੍ਹਾਂ ਸਵਾਲਾਂ ਦੇ ਢੁੱਕਵੇਂ ਤੇ ਮੰਨਣਯੋਗ ਜੁਆਬ ਨਹੀਂ ਸਨ। ਆਪਣੇ ਸੁਭਾਅ ਅਤੇ ਜਗਿਆਸਾ ਮੁਤਾਬਕ ਇਹੋ ਜਿਹੇ ਸਵਾਲ ਮੈਂ ਵੀ ਉਸ ਨੂੰ ਪੁੱਛਣ ਦਾ ਹੌਸਲਾ ਕਰਦਾ ਰਿਹਾ ਸੀ ਪਰ ਜੋ ਵੀ ਜੁਆਬ ਮਿਲਿਆ, ਉਹ ਤਸੱਲੀ ਨਹੀਂ ਸੀ ਦਿੰਦਾ। ਸ਼ਾਇਦ ਜ਼ਿੰਦਗੀ ਦੇ ਕੁਝ ਦਰਦ ਕਬਰਾਂ ਤਕ ਸਾਡੇ ਨਾਲ ਜਾਂਦੇ ਹਨ।

ਅਸਾਂ ਭਾਵੇਂ ਸਾਰਿਆਂ ਨੇ ਇੱਕ ਦਿਨ ਸਦਾ ਲਈ ਡੰਡੀਓਂ ਟੁੱਟ ਜਾਣਾ ਹੈ ਪਰ ਅਮੋਲਕ ਜਾਣ ਪਿੱਛੋਂ ਬਹੁਤ ਸਾਰੀਆਂ ਯਾਦਾਂ ਸਾਡੇ ਲਈ ਛੱਡ ਗਿਆ ਹੈ; ਭਾਵੇਂ ਉਹ ਯਾਦਾਂ 'ਪੰਜਾਬੀ ਟ੍ਰਿਬਿਊਨ' ਵਿਚ ਗੁਜ਼ਾਰੇ ਪਲਾਂ ਨਾਲ ਜੁੜੀਆਂ ਹੋਣ, ਭਾਵੇਂ 'ਪੰਜਾਬ ਟਾਈਮਜ਼' ਦੀ ਸਿਰਜਣਾ ਅਤੇ ਪ੍ਰਸਾਰ ਦਾ ਹਿੱਸਾ ਹੋਣ, ਭਾਵੇਂ ਜੁਝਾਰੂ ਲਹਿਰ ਦਾ ਅਟੁੱਟ ਹਿੱਸਾ ਹੋਣ, ਭਾਵੇਂ ਅਮਰੀਕਾ ਦੀ ਧਰਤੀ ਤੇ ਪੱਕੇ ਪੈਰੀਂ ਟਿਕਣ ਲਈ ਹੰਢਾਏ ਸੰਕਟਾਂ ਨਾਲ ਸਬੰਧ ਰੱਖਦੀਆਂ ਹੋਣ ਅਤੇ ਭਾਵੇਂ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਬਿਤਾਈਆਂ ਹੁਸੀਨ ਯਾਦਾਂ ਨਾਲ ਡੂੰਘਾ ਰਿਸ਼ਤਾ ਰੱਖਦੀਆਂ ਹੋਣ ਜਿੱਥੇ ਪੜ੍ਹਦਿਆਂ ਜਸਪ੍ਰੀਤ ਉਨ੍ਹਾਂ ਦੀ ਹਮਸਫਰ ਬਣੀ ਅਤੇ ਆਖਰੀ ਸਾਹਾਂ ਤਕ ਅੰਗ ਸੰਗ ਰਹੀ।

ਗੱਲ ਜਸਪ੍ਰੀਤ ਭਾਬੀ ਦੀ ਛਿੜ ਗਈ ਹੈ ਜਿਸ ਦੇ ਸਿਦਕ, ਸੇਵਾ, ਸਿਰੜ ਦੀ ਦਾਸਤਾਨ ਸ਼ਬਦਾਂ ਤੋਂ ਉੱਪਰ ਉੱਠ ਕੇ ਹੀ ਦੱਸੀ ਜਾ ਸਕਦੀ ਹੈ। ਇਸ ਘੜੀ ਜਿਥੇ ਅਰਦਾਸ ਹੈ ਕਿ ਵਾਹਿਗੁਰੂ ਸਾਡੇ ਵੀਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਉੱਥੇ ਦੁਆ ਵੀ ਹੈ ਕਿ ਅਮੋਲਕ ਦੀ ਸਿਰਜਣਾ 'ਪੰਜਾਬ ਟਾਈਮਜ਼' ਅਮੋਲਕ ਵਾਂਗ ਹੀ ਚੜ੍ਹਦੀ ਕਲਾ ਦਾ ਪ੍ਰਤੀਕ ਬਣੀ ਰਹੇ।

# ਡੂੰਘੇ ਬੌਧਿਕ ਸਰੋਕਾਰ ਰੱਖਣ ਵਾਲੇ ਪੱਤਰਕਾਰ ਸਨ ਅਮੋਲਕ ਸਿੰਘ

ਸ. ਅਮੋਲਕ ਸਿੰਘ ਦੇ ਚਲਾਣੇ ਨਾਲ ਪੰਜਾਬੀ ਪੱਤਰਕਾਰੀ ਨੂੰ ਵਾਕਈ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। 'ਪੰਜਾਬ ਟਾਈਮਜ਼' ਦੁਨੀਆਂ ਦਾ ਸਭ ਤੋਂ ਵਧੀਆ ਪੰਜਾਬੀ ਅਖਬਾਰ ਹੈ; ਕੋਈ ਹੋਰ ਅਖਬਾਰ ਇਸ ਦੇ ਨੇੜੇ-ਤੇੜੇ ਵੀ ਨਹੀਂ। ਅਜਿਹਾ ਅਖਬਾਰ ਸ. ਅਮੋਲਕ ਸਿੰਘ ਵਰਗੀ ਸ਼ਖਸੀਅਤ



**ਪ੍ਰਭਸ਼ਰਨਦੀਪ ਸਿੰਘ**

ਹੀ ਖੜ੍ਹੀ ਕਰ ਸਕਦੀ ਸੀ, ਕਿਉਂਕਿ ਉਨ੍ਹਾਂ ਵਿਚ ਲੋੜੀਂਦੀ ਕਾਬਲੀਅਤ ਵੀ ਸੀ ਅਤੇ ਆਪਣੇ ਕੰਮ ਨਾਲ ਪ੍ਰਤੀਬੱਧਤਾ ਵੀ। ਅੱਜ ਕੱਲ੍ਹ ਉਨ੍ਹਾਂ ਦੇ ਪੱਧਰ ਦਾ ਭਾਸ਼ਾ ਦਾ ਗਿਆਨ ਰੱਖਣ ਵਾਲੇ ਪੱਤਰਕਾਰ ਘੱਟ ਹੀ ਮਿਲ਼ਦੇ ਹਨ। ਭਾਸ਼ਾ 'ਤੇ ਅਜਿਹੀ ਪ੍ਰਬੀਨਤਾ ਦੇ ਨਾਲ-ਨਾਲ ਉਨ੍ਹਾਂ ਦੀ ਆਪਣੇ ਕਿੱਤੇ ਨਾਲ ਲਗਨ ਵੀ ਲਾਸਾਨੀ ਸੀ। ਉਹ ਸਾਰੇ ਦਾ ਸਾਰਾ ਅਖਬਾਰ ਖੁਦ ਪੜ੍ਹ ਕੇ, ਉਸ ਦੀ ਵਾਕ-ਬਣਤਰ ਅਤੇ ਸ਼ਬਦਾਵਲੀ ਦੀ ਪੂਰੀ ਤਸਦੀਕ ਕਰ ਕੇ, ਲੋੜੀਂਦੀਆਂ ਸੋਧਾਂ ਤੋਂ ਬਾਅਦ ਹੀ ਛਪਣ ਲਈ ਭੇਜਦੇ ਸਨ। ਇੱਕ ਡੂੰਘੇ ਬੌਧਿਕ ਸਰੋਕਾਰ ਰੱਖਣ ਵਾਲੇ ਪੱਤਰਕਾਰ ਹੋਣ ਕਾਰਨ ਉਨ੍ਹਾਂ ਨੇ ਸਮੇਂ-ਸਮੇਂ 'ਤੇ 'ਪੰਜਾਬ ਟਾਈਮਜ਼' ਵਿਚ ਬਹੁਤ ਉਸਾਰੂ ਬਹਿਸਾਂ ਚਲਾਈਆਂ। ਵਿਚਾਰਧਾਰਕ ਮੱਤਭੇਦਾਂ ਕਾਰਨ ਕਿਸੇ ਵੀ ਧਿਰ ਦਾ ਪੱਖ ਛਾਪਣ ਵਿਚ ਕੋਈ ਝਿਜਕ ਨਹੀਂ ਵਿਖਾਈ।

ਸਖਤ ਬਿਮਾਰੀ ਦੀ ਹਾਲਤ ਵਿਚ ਵੀ ਉਨ੍ਹਾਂ ਨੇ ਆਪਣੀ ਚੜ੍ਹਦੀ ਕਲਾ ਬਰਕਰਾਰ ਰੱਖੀ। ਜਦੋਂ ਤੱਕ ਸ. ਅਮੋਲਕ ਸਿੰਘ ਬੋਲਣ ਦੇ ਸਮਰੱਥ ਰਹੇ, ਮੇਰੀ ਉਨ੍ਹਾਂ ਨਾਲ ਗੱਲ ਹੁੰਦੀ ਰਹੀ। ਹਰ ਵਾਰ ਹਾਲ-ਚਾਲ ਪੁੱਛਣ 'ਤੇ ਜੁਆਬ ਹੁੰਦਾ, "ਚੜ੍ਹਦੀ ਕਲਾ!" ਅਜਿਹੀ ਅਡੋਲ 'ਤੇ ਮਨੋਹਰ ਸ਼ਖਸੀਅਤ ਵਾਲੇ ਬੰਦਿਆਂ ਦਾ ਚਲੇ ਜਾਣਾ ਸੱਚ-ਮੁੱਚ ਦੁਖਦਾਈ ਹੈ। ਆਸ ਕਰਦੇ ਹਾਂ ਉਨ੍ਹਾਂ ਦਾ ਸ਼ੁਰੂ ਕੀਤਾ 'ਪੰਜਾਬ ਟਾਈਮਜ਼' ਉਸੇ ਤਰ੍ਹਾਂ ਚਲਦਾ ਰਹੇ।

# ਅਮੋਲਕ ਸਿੰਘ ਜੰਮੂ ਨੂੰ ਸ਼ਰਧਾਂਜਲੀ!

ਮੈਂ ਅਮੋਲਕ ਸਿੰਘ ਜੰਮੂ ਹੋਰਾਂ ਨੂੰ ਨਾ ਕਦੇ ਮਿਲਿਆ ਸੀ ਤੇ ਨਾ ਹੀ ਕਦੇ ਨਿਜੀ ਤੌਰ 'ਤੇ ਉਨ੍ਹਾਂ ਨਾਲ ਫੋਨ 'ਤੇ ਹੀ ਗੱਲ ਹੋਈ, ਪਰ ਉਨ੍ਹਾਂ ਵਲੋਂ ਕੱਢੇ ਜਾਂਦੇ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਨੂੰ ਆਨਲਾਈਨ ਪੜ੍ਹਨ ਦਾ ਅਕਸਾਰ ਮੌਕਾ ਮਿਲਦਾ ਰਿਹਾ ਅਤੇ ਪਿਛਲੇ ਸਮੇਂ ਤੋਂ ਗੁਰਦਿਆਲ ਸਿੰਘ ਬੱਲ ਹੋਰਾਂ ਦੀ ਪ੍ਰੇਰਨਾ



**ਹਰਚਰਨ ਸਿੰਘ ਪਰਹਾਰ**
ਸੰਪਾਦਕ, 'ਸਿੱਖ ਵਿਰਸਾ'
ਮਾਸਿਕ ਮੈਗਜ਼ੀਨ।

ਨਾਲ ਅਖਬਾਰ ਵਿਚ ਵੱਖ-ਵੱਖ ਵਿਸ਼ਿਆਂ 'ਤੇ ਆਰਟੀਕਲ ਲਿਖਣ ਦਾ ਮੌਕਾ ਵੀ ਮਿਲਦਾ ਰਿਹਾ।

ਬੇਸ਼ਕ ਵਿਦੇਸ਼ਾਂ ਵਿਚ ਅਨੇਕਾਂ ਹਫਤਾਵਾਰੀ ਜਾਂ ਮਾਸਿਕ ਅਖਬਾਰਾਂ, ਮੈਗਜ਼ੀਨ ਛਪਦੇ ਹਨ, ਪਰ 'ਪੰਜਾਬ ਟਾਈਮਜ਼' ਦੀ ਮੈਨੂੰ ਇੱਕ ਖਾਸੀਅਤ ਹਮੇਸ਼ਾ ਇਹ ਲਗਦੀ ਹੈ ਕਿ ਉਨ੍ਹਾਂ ਨੇ ਸੰਵਾਦ ਨੂੰ ਬਹੁਤ ਅਹਿਮੀਅਤ ਦਿੱਤੀ। ਇਸ ਲਈ ਮੇਰੇ ਖਿਆਲ ਵਿਚ ਅਮੋਲਕ ਸਿੰਘ ਹੋਰਾਂ ਦੀ ਪੰਜਾਬੀ ਪੱਤਰਕਾਰੀ ਨੂੰ ਇਹ ਵੱਡੀ ਦੇਣ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਸਮਾਜ ਵਿਚੋਂ ਸੰਵਾਦ ਖਤਮ ਹੋ ਰਿਹਾ ਹੈ।

ਹਰ ਅਖਬਾਰ-ਮੈਗਜ਼ੀਨ ਆਪਣੀ-ਆਪਣੀ ਸੋਚ ਅਨੁਸਾਰ ਚੱਲ ਰਿਹਾ ਹੈ ਤੇ ਪਾਠਕ ਵਿਚ ਵੱਖਰੀ-ਵੱਖਰੀ ਸੋਚ ਨਾਲ ਬੱਝੇ ਹੋਏ ਹਨ, ਪਰ ਅਮੋਲਕ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਇਹ ਮਿਥ ਤੋੜ ਕੇ ਬਿਲਕੁਲ ਵਿਰੋਧੀ ਵਿਚਾਰਾਂ ਵਾਲੇ ਲੇਖਕਾਂ, ਬੁੱਧੀਜੀਵੀਆਂ ਦੀਆਂ ਲਿਖਤਾਂ ਨੂੰ ਵੀ ਹਮੇਸ਼ਾਂ ਪਰਚੇ ਵਿਚ ਥਾਂ ਦਿੱਤੀ, ਜਿਸ ਨਾਲ ਕਈ ਅਜਿਹੇ ਵਿਸ਼ੇ, ਜਿਨ੍ਹਾਂ ਬਾਰੇ ਸਾਡੇ ਸਮਾਜ ਵਿਚ ਗੱਲ ਨਹੀਂ ਕੀਤੀ ਜਾ ਰਹੀ, ਬਾਰੇ ਅਖਬਾਰ ਵਿਚ ਅਕਸਰ ਖੁੱਲ੍ਹੀ ਚਰਚਾ ਹੁੰਦੀ ਰਹਿੰਦੀ ਹੈ। ਇਸ ਪਰਚੇ ਵਿਚ ਜਿੱਥੇ ਇੱਕ ਸੋਚ ਦੀ ਥਾਂ ਵੰਨ ਸੁਵੰਨਤਾ ਤੁਹਾਨੂੰ ਸਪੱਸ਼ਟ ਦਿਸਦੀ ਹੈ, ਉਥੇ ਇੱਕ ਖਾਸ ਗੱਲ ਮੈਂ ਆਮ ਨੋਟ ਕੀਤੀ ਹੈ ਕਿ ਕੋਈ ਵੀ ਲੇਖ ਹੋਵੇ, ਉਸ 'ਤੇ ਤੁਹਾਨੂੰ ਸੰਪਾਦਕੀ ਟਿੱਪਣੀ ਜਰੂਰ ਮਿਲੇਗੀ, ਜੋ ਕਿਸੇ ਹੋਰ ਅਖਬਾਰ ਜਾਂ ਰਸਾਲੇ ਵਿਚ ਨਹੀਂ ਦੇਖੀ। ਬਹੁਤ ਵਾਰ ਸਿਰਫ ਸੰਪਾਦਕੀ ਟਿੱਪਣੀ ਪੜ੍ਹ ਕੇ ਹੀ ਤੁਹਾਡਾ ਮਨ ਲੇਖ ਪੜ੍ਹਨ ਲਈ ਤਿਆਰ ਹੋ ਜਾਂਦਾ ਹੈ।

ਮੈਂ ਸਮਝਦਾ ਹਾਂ ਕਿ ਅਮੋਲਕ ਸਿੰਘ ਦੇ ਤੁਰ ਜਾਣ ਨਾਲ ਪੰਜਾਬੀ ਪੱਤਰਕਾਰੀ ਨੂੰ ਵੱਡਾ ਘਾਟਾ ਪਵੇਗਾ, ਪਰ ਇਸ ਗੱਲ ਦੀ ਤਸੱਲੀ ਵੀ ਹੈ ਅਤੇ ਆਸ ਵੀ ਹੈ ਕਿ ਉਨ੍ਹਾਂ ਦਾ ਪਰਿਵਾਰ ਤੇ ਸਹਿਯੋਗੀ, ਇਸ ਪਰਚੇ ਨੂੰ ਉਸੇ ਲਗਨ ਤੇ ਉਤਸ਼ਾਹ ਨਾਲ ਜਾਰੀ ਰੱਖਣਗੇ, ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਵਿਚਾਰਕ ਵਖਰੇਵਿਆਂ ਦਾ ਕਦਰਦਾਨ

'ਪੰਜਾਬ ਟਾਈਮਜ਼' ਵਰਗਾ ਆਦਾਰਾ ਖੜ੍ਹਾ ਕਰਨ ਵਾਲਾ ਅਮੋਲਕ ਸਿੰਘ ਮੈਨੂੰ ਇੰਟਰਨੈਟ 'ਤੇ ਖੋਜ ਕਰਦਿਆਂ ਕੋਈ ਛੇ ਕੁ ਵਰ੍ਹੇ ਪਹਿਲਾਂ ਲੱਭਿਆ ਸੀ। ਅਖਬਾਰ ਦੇ ਈਮੇਲ 'ਤੇ ਮੈ ਆਪਣਾ ਇੱਕ ਲੇਖ ਭੇਜ ਦਿੱਤਾ। ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਅਖਬਾਰ ਦਾ ਸੰਪਾਦਕ ਜਾਂ ਮਾਲਕ ਕੌਣ ਹੈ। ਥੋੜ੍ਹੇ ਚਿਰ ਬਾਅਦ ਮੈਨੂੰ ਅਮਲੋਕ ਸਿੰਘ ਦਾ

**ਹਜ਼ਾਰਾ ਸਿੰਘ**
ਮਿਸੀਸਾਗਾ, ਕੈਨੇਡਾ।

ਫੋਨ ਆਇਆ ਅਤੇ ਉਨ੍ਹਾਂ ਨੇ ਮੇਰੇ ਲੇਖ ਦੀ ਸਰਾਹਨਾ ਕੀਤੀ ਤੇ ਅੱਗੇ ਤੋਂ ਹੋਰ ਵਿਸ਼ਿਆਂ 'ਤੇ ਵੀ ਲਿਖਦੇ ਰਹਿਣ ਦੀ ਪ੍ਰੇਰਨਾ ਕੀਤੀ।

ਲੇਖ ਵਿਵਾਦਤ ਮੁੱਦੇ 'ਧਾਰਾ 25' ਬਾਰੇ ਸੀ। ਆਮ ਤੌਰ 'ਤੇ ਵਿਦੇਸ਼ੀ ਅਖਬਾਰਾਂ ਵਾਲੇ ਜਾਂ ਤਾਂ ਵਿਵਾਦਤ ਮੁੱਦਿਆਂ ਤੋਂ ਦੂਰ ਰਹਿੰਦੇ ਹਨ ਜਾਂ ਆਪਣੇ ਵਿਚਾਰਾਂ ਨਾਲ ਮਿਲਦੇ-ਜੁਲਦੇ ਵਿਚਾਰਾਂ ਨੂੰ ਹੀ ਥਾਂ ਦਿੰਦੇ ਹਨ। ਸ. ਅਮੋਲਕ ਸਿੰਘ ਦੀ ਵਿਲੱਖਣ ਗੱਲ ਇਹ ਸੀ ਕਿ ਉਨ੍ਹਾਂ ਪੰਜਾਬ ਟਾਈਮਜ਼ ਵਿਚ ਹਰ ਪੱਖ ਦੇ ਵਿਚਾਰ ਨੂੰ ਸ਼ਾਮਿਲ ਕਰਨ ਦੀ ਪਿਰਤ ਪਾਈ। ਇਸ ਸਿਹਤਮੰਦ ਪਿਰਤ ਨਾਲ ਪੰਜਾਬ ਟਾਈਮਜ਼ ਵਿਚ ਲਿਖਣ ਵਾਲਿਆਂ ਦਾ ਅਤੇ ਅਖਬਾਰ ਪੜ੍ਹਨ ਵਾਲਿਆਂ ਦਾ ਇੱਕ ਵੱਡਾ ਘੇਰਾ ਬਣ ਗਿਆ। ਉਨ੍ਹਾਂ ਲਿਆਕਤ ਅਤੇ ਮਿਹਨਤ ਸਦਕਾ 'ਪੰਜਾਬ ਟਾਈਮਜ਼' ਇੱਕ ਸੰਸਥਾ ਵਰਗਾ ਆਦਾਰਾ ਬਣ ਗਿਆ।

ਮੇਰੇ ਪਹਿਲੇ ਲੇਖ ਬਾਰੇ ਗੱਲ ਕਰਦਿਆਂ ਹੀ ਉਨ੍ਹਾਂ ਵੱਖਰੇ ਵਿਚਾਰਾਂ ਦੀ ਅਹਿਮੀਅਤ ਬਾਰੇ ਜੋ ਗੱਲਾਂ ਕੀਤੀਆਂ, ਉਸ ਤੋਂ ਮੈਨੂੰ ਉਹ ਅਖਬਾਰ ਚਲਾਉਣ ਵਾਲਾ ਕਾਰੋਬਾਰੀ ਘੱਟ ਅਤੇ ਵੱਖਰੇ ਵਿਚਾਰਾਂ ਦੀ ਕਦਰ ਕਰਨ ਵਾਲਾ ਵੱਧ ਜਾਪਿਆ। ਅਮੋਲਕ ਹੁਰਾਂ ਨਾਲ ਮੇਰੀ ਇਹ ਮੇਰੀ ਪਹਿਲੀ ਗੱਲਬਾਤ ਸੀ, ਪਰ ਗੱਲਬਾਤ ਵਿਚਲੀ ਅਪਣੱਤ ਇੰਜ ਸੀ, ਜਿਵੇਂ ਅਸੀ ਇੱਕ ਦੂਸਰੇ ਨੂੰ ਚਿਰਾਂ ਤੋਂ ਜਾਣਦੇ ਹੋਈਏ। ਗੱਲਬਾਤ ਦਿਲਚਸਪ ਸੀ, ਪਰ ਅਮੋਲਕ ਹੁਰਾਂ ਦੀ ਸਿਹਤ ਬਹੁਤਾ ਬੋਲਣ ਦੀ ਇਜਾਜ਼ਤ ਨਹੀ ਸੀ ਦਿੰਦੀ। ਗੱਲਬਾਤ ਜਾਰੀ ਰੱਖਣ ਵਿਚ ਉਨ੍ਹਾਂ ਦੀ ਪਤਨੀ ਜਸਪ੍ਰੀਤ ਨੇ ਮਦਦ ਕੀਤੀ। ਇਸ ਤੋਂ ਬਾਅਦ ਮੇਰੇ ਹੋਰ ਲੇਖ ਵੀ ਛਪੇ ਅਤੇ ਅਮੋਲਕ ਹੁਰੀਂ ਸੁਨੇਹੇ ਰਾਹੀਂ ਆਪਣਾ ਪਿਆਰ ਪ੍ਰਗਟਾਉਂਦੇ ਰਹੇ। ਸੁਨੇਹੇ ਦਾ ਆਦਾਨ-ਪ੍ਰਦਾਨ ਉਨ੍ਹਾਂ ਦੇ ਪੁਰਾਣੇ ਸਾਥੀ ਗੁਰਦਿਆਲ ਬੱਲ ਰਾਹੀਂ ਹੁੰਦਾ ਰਿਹਾ। ਅਮੋਲਕ ਦੇ ਤੁਰ ਜਾਣ ਦਾ ਉਦਾਸ ਕਰਨ ਵਾਲਾ ਸੁਨੇਹਾ ਵੀ ਬੱਲ ਸਾਹਿਬ ਤੋਂ ਹੀ ਮਿਲਿਆ, ਜਿਸ ਨਾਲ ਮੇਰੇ ਮਨ ਵਿਚ ਉਨ੍ਹਾਂ ਦੀ ਉਤਸ਼ਾਹ ਦੇਣ ਵਾਲੀ ਗੱਲਬਾਤ ਦੀ ਯਾਦ ਆਈ ਅਤੇ ਖਿਆਲ ਉੱਭਰਿਆ ਕਿ ਵਿਚਾਰਾਂ ਦੇ ਵਖਰੇਂਵਿਆਂ ਦਾ ਕਦਰਦਾਨ ਅਲਵਿਦਾ ਕਹਿ ਗਿਆ ਹੈ।

# ਜਿਊਣ ਦੀ ਪ੍ਰੇਰਨਾ ਦੇਣ ਵਾਲਾ ਅਮੋਲਕ ਤੁਰ ਗਿਆ

ਆਖਰ ਹਜ਼ਾਰਾਂ ਨੂੰ ਜਿਊਣ ਦੀ ਪ੍ਰੇਰਨਾ ਦੇਣ ਵਾਲਾ ਅਮੋਲਕ ਤੁਰ ਗਿਆ! ਚੜ੍ਹਦੀ ਕਲਾ 'ਚ ਰਹਿਣਾ ਕੀ ਹੁੰਦਾ ਹੈ, ਉਸ ਦੀ ਮਿਸਾਲ ਬਣ ਕੇ।



ਕਈ ਵਰ੍ਹੇ ਪਹਿਲਾਂ ਜਦੋਂ ਮੈਂ ਉਸ 'ਤੇ ਟੀ. ਵੀ. ਪ੍ਰੋਗਰਾਮ ਬਣਾਉਣ ਗਿਆ ਸੀ ਤਾਂ

**ਸਿੱਧੂ ਦਮਦਮੀ**
ਸਾਬਕਾ ਸੰਪਾਦਕ, ਪੰਜਾਬੀ ਟ੍ਰਿਬਿਊਨ

ਪਾਇਆ ਸੀ ਕਿ ਸਰੀਰ ਦੇ ਪੌਣੇ ਹਿੱਸੇ ਦੇ ਹਰਕਤ ਰਹਿਤ ਹੋਣ ਦੇ ਬਾਵਜੂਦ ਉਹ ਜ਼ਿੰਦਗੀ ਨਾਲ ਇੰਜ ਲਬਰੇਜ ਸੀ, ਜਿਵੇਂ ਜਸ਼ਨ ਮਨਾਉਣ ਆਇਆ ਹੋਵੇ।

ਸਾਡੇ ਆਉਣ ਦੀ ਖੁਸ਼ੀ ਵਿਚ ਸਰੀਰ ਦੇ ਦੁੱਖ ਨੂੰ ਇਕ ਪਾਸੇ ਕਰਕੇ ਕੁਲਜੀਤ ਦਿਆਲਪੁਰੀ ਦੀ ਮਦਦ ਨਾਲ ਪਾਈਪ ਰਾਹੀਂ ਵਿਸਕੀ ਪੀਂਦਾ ਰਿਹਾ। ਪਿਛਲੇ ਤਿੰਨ ਸਾਲਾਂ ਤੋਂ ਉਸ ਦੇ ਅਖਬਾਰ ਦੇ ਸਾਲਾਨਾ ਜਸ਼ਨਾਂ ਵਿਚ ਸ਼ਾਮਲ ਨਾ ਹੋ ਸਕਣ ਦਾ ਦੁੱਖ ਰਹੇਗਾ।

# ਅਮੋਲਕ ਤੇ ਜਸਪ੍ਰੀਤ ਦੇ ਜਜ਼ਬੇ ਨੂੰ ਸਿਜਦਾ

ਜਸਪ੍ਰੀਤ ਜੀ ਦੇ ਜਜ਼ਬੇ ਤੇ ਹੌਸਲੇ ਨੂੰ ਸਿਜਦਾ ਕਰਨਾ ਬਣਦਾ ਹੈ। ਸਾਲਾਂ ਬੱਧੀ ਅਣਥੱਕ ਸੰਭਾਲ ਵੀ ਤੇ ਅਮੋਲਕ ਦੇ ਹੌਸਲੇ ਨਾਲ ਮੋਢਾ ਜੋੜੀ ਰੱਖਣਾ ਵੀ ਕਿਸੇ ਘਾਲਣਾ ਤੋਂ ਘੱਟ ਨਹੀਂ। ਜਦੋਂ ਹਲਾਤ ਦੇ ਮੋੜੇ ਦੀ ਉਮੀਦ ਹੀ ਨਾ ਹੋਵੇ, ਵੱਡੇ ਵੱਡੇ ਟੁੱਟ ਜਾਂਦੇ ਹਨ। ਉਸ ਦੀ ਬਿਮਾਰੀ ਦੀ ਹਾਲਤ ਵੇਖ ਕੇ ਦਿਲ ਘਬਰਾਉਂਦਾ ਸੀ, ਜਦੋਂ ਮੈਂ ਦੂਜੀ ਵਾਰ ਅਮੋਲਕ ਨੂੰ ਮਿਲਣ ਗਿਆ ਤਾਂ ਉਸ ਦੀ ਗੱਲ ਵੀ ਮੈਨੂੰ ਸਮਝ ਨਹੀਂ ਸੀ ਆਉਂਦੀ। ਬੜਾ ਚਿੱਤ ਉਦਾਸ ਹੋਇਆ, ਸੋਚਣ ਲਈ




ਮਜਬੂਰ ਹੋ ਜਾਈਦਾ ਹੈ ਕਿ ਐਸੀ ਵੀ ਕਿਸ ਕਸੂਰ ਦੀ ਸਜਾ ਭੁਗਤੀ ਹੈ ਉਸ ਨੇ। ਬਸ ਇਹੀ ਅਰਦਾਸ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਅਮੋਲਕ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

*-ਅੰਮ੍ਰਿਤਪਾਲ ਸਿੰਘ*

# ਬੁਲੰਦ ਹੌਸਲੇ ਵਾਲਾ ਤੇ ਬੇਹੱਦ ਸਿਰੜੀ ਸ਼ਖਸ

ਬੜੇ ਬੁਲੰਦ ਹੌਸਲੇ ਵਾਲੇ ਤੇ ਬੇਹੱਦ ਸਿਰੜੀ ਸ਼ਖਸ, 'ਪੰਜਾਬੀ ਟ੍ਰਿਬਿਊਨ' ਚੰਡੀਗੜ੍ਹ ਦੀ ਸੰਪਾਦਕੀ ਟੀਮ ਵਾਲੇ ਸਾਬਕਾ ਸਹਿਯੋਗੀ ਤੇ ਦੋਸਤ ਦਾ ਤੁਰ ਜਾਣਾ ਦੁਖਦਾਈ ਵੀ ਹੈ ਤੇ ਨਿੱਜੀ ਤੌਰ 'ਤੇ ਬਹੁਤ ਉਦਾਸ ਕਰਨ ਵਾਲੀ ਖਬਰ। ਉਹ ਜਿਸ ਕਦਰ ਜੀਵਿਆ ਤੇ ਜੂਝਿਆ...ਬੜੀ ਵਿਲੱਖਣ ਕਹਾਣੀ ਤੇ



**ਦਲਜੀਤ ਸਿੰਘ ਸਰਾਂ**
ਸਾਬਕਾ ਸੰਪਾਦਕ, ਅੰਮ੍ਰਿਤਸਰ ਟਾਈਮਜ਼

ਬੇਮਿਸਾਲ ਵਰਤਾਰਾ ਹੈ...ਸਰੀਰਕ ਤੌਰ 'ਤੇ ਬਹੁਤ ਹੀ ਵੱਡੀ ਮੁਸ਼ਕਿਲ ਦੇ ਬਾਵਜੂਦ ਅਮਰੀਕਾ ਪੁੱਜ ਕੇ 'ਪੰਜਾਬ ਟਾਈਮਜ਼' ਸ਼ੁਰੂ ਕਰਨ ਬਾਅਦ ਆਰਥਿਕ ਔਕੜਾਂ ਦਾ ਡਟ ਕੇ ਟਾਕਰਾ ਕਰਦਿਆਂ ਅਮੋਲਕ ਸਿੰਘ ਨੇ ਪਰਵਾਸੀ ਪੰਜਾਬੀ ਮੀਡੀਏ 'ਚ ਮਿਆਰੀ ਅਖਬਾਰ ਦੀ ਮਿਸਾਲ ਕਾਇਮ ਕੀਤੀ। ਆਖਰੀ ਦਮ ਤੱਕ ਆਪਣੇ ਸਿਧਾਂਤਾਂ ਤੇ ਸਮਾਜਿਕ ਸਰੋਕਾਰਾਂ ਨਾਲ ਪ੍ਰਤੀਬੱਧਤਾ ਨਿਭਾਉਣੀ... ਇਹ ਕਰਮ ਉਸ ਵਰਗਾ ਚੜ੍ਹਦੀ ਕਲਾ ਵਾਲਾ ਹੀ ਕਰ ਸਕਦਾ ਸੀ...।

# ਚੜ੍ਹਦੀ ਕਲਾ 'ਚ ਰਹਿਣ ਵਾਲੇ ਇਨਸਾਨ ਸਨ

ਵੀਰ ਅਮੋਲਕ ਸਿੰਘ ਦੇ ਜਾਣ ਦਾ ਬਹੁਤ ਦੁੱਖ ਹੋਇਆ। ਮੈਂ ਪੰਜ ਕੁ ਸਾਲ ਪਹਿਲਾਂ ਪੰਜਾਬ ਤੋਂ ਸ਼ਿਕਾਗੋ ਰਹਿਣ ਲਈ ਆਈ ਤਾਂ ਵੀਰ ਅਮੋਲਕ ਸਿੰਘ ਨੂੰ ਮਿਲਣ ਦਾ ਸਬੱਬ ਬਣਿਆ। ਉਨ੍ਹਾਂ ਨੇ ਮੇਰੀ ਪੁਸਤਕ 'ਭੂਤਵਾੜੇ ਦੇ ਭੂਤਾਂ ਦੀ ਕਥਾ' ਵੀ ਪੰਜਾਬ ਟਾਈਮਜ਼ ਦੇ ਇਕ ਸਮਾਰੋਹ ਦੌਰਾਨ ਰਿਲੀਜ਼ ਕੀਤੀ।

ਉਸ ਪਿਛੋਂ ਮੈਂ ਵੀਰ ਨੂੰ ਕਈ ਵਾਰ ਮਿਲੀ ਤੇ ਉਨ੍ਹਾਂ ਨਾਲ ਮੋਹ ਦੀਆਂ ਤੰਦਾਂ ਜੁੜ ਗਈਆਂ। ਇੰਨੇ ਸਾਲਾਂ ਤੋਂ ਭਿਆਨਕ ਬਿਮਾਰੀ ਨਾਲ ਜੂਝਣ ਦੇ ਬਾਵਜੂਦ ਵੀਰ ਬਹੁਤ ਹੀ ਚੜ੍ਹਦੀ ਕਲਾ 'ਚ ਰਹਿਣ ਵਾਲੇ ਇਨਸਾਨ ਸਨ।

ਅਜੇ ਪਿਛਲੇ ਹਫਤੇ ਹੀ ਭੈਣ ਜੀ ਮੈਨੂੰ ਮਿਲੇ ਸਨ ਤੇ ਵੀਰ ਦਾ ਹਾਲ-ਚਾਲ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਠੀਕ ਹਨ। ਹੁਣ ਇਹ ਖਬਰ ਪੜ੍ਹ ਕੇ ਯਕੀਨ ਨਹੀਂ ਆ ਰਿਹਾ। ਪੰਜਾਬੀ ਪੱਤਰਕਾਰੀ ਨੂੰ ਪੈਣ ਵਾਲਾ ਇਹ ਘਾਟਾ ਕਦੇ ਵੀ ਪੂਰਿਆ ਨਹੀਂ ਜਾਣਾ।

*-ਡਾ. ਤਰਸ਼ਿੰਦਰ ਕੌਰ*

# ਪੱਤਰਕਾਰੀ ਦਾ ਕੋਹੇਨੂਰ ਸੀ ਅਮੋਲਕ ਸਿੰਘ ਜੰਮੂ

ਅਮੋਲਕ ਸਿੰਘ ਦਾ ਨਾਂ ਹੀ ਅਮੋਲਕ ਨਹੀਂ, ਉਹ ਸੀ ਹੀ ਅਨਮੋਲ ਹੀਰਾ। ਪੱਤਰਕਾਰੀ ਦਾ ਕੋਹੇਨੂਰ। ਉਸ ਨੇ ਮਾਪਿਆਂ ਦੇ ਰੱਖੇ ਨਾਂ ਦੀ ਲੱਜ ਪਾਲੀ ਤੇ ਸਿਰੜ ਨਾਲ ਜੀਵਿਆ। ਉਹ ਪੱਤਰਕਾਰੀ ਦਾ ਜੁਝਾਰੂ ਜੋਧਾ ਸੀ। ਉਸ ਨੇ ਪੰਜਾਬੀ ਪੱਤਰਕਾਰੀ ਨੂੰ ਜਿਸ ਮੁਕਾਮ 'ਤੇ ਪੁਚਾਇਆ, ਆਉਂਦੀਆਂ ਪੀੜ੍ਹੀਆਂ ਉਹਦੇ 'ਤੇ ਨਾਜ਼ ਕਰਨਗੀਆਂ। ਸੰਨ 2000 ਤੋਂ ਨਿਕਲ ਰਿਹਾ ਉਹਦਾ ਅਖਬਾਰ 'ਪੰਜਾਬ ਟਾਈਮਜ਼' ਇਸ ਵੇਲੇ ਪੰਜਾਬੀ ਦਾ ਸਿਰਮੌਰ ਸਪਤਾਹਿਕ ਮੰਨਿਆ ਜਾ ਰਿਹੈ। ਉਹਦੇ ਸ਼ਿਕਾਗੋ, ਕੈਲੀਫੋਰਨੀਆ ਤੇ ਨਿਊ ਯਾਰਕ ਅੰਕ ਅਮਰੀਕਾ ਦੀਆਂ 26 ਸਟੇਟਾਂ ਵਿਚ ਲੱਖਾਂ ਪੰਜਾਬੀਆਂ ਵੱਲੋਂ ਪੜ੍ਹੇ ਜਾਂਦੇ ਤੇ ਇੰਟਰਨੈੱਟ ਅੰਕ ਵਿਸ਼ਵ ਦੇ ਕਰੋੜਾਂ ਪਾਠਕਾਂ ਦੀ ਨਜ਼ਰੋਂ ਲੰਘਦੇ ਹਨ। ਉਨ੍ਹਾਂ ਵਿਚ ਹਰ ਹਫਤੇ ਆਲ੍ਹਾ ਦਰਜੇ ਦਾ ਵੰਨ-ਸੁਵੰਨਾ ਮੈਟਰ ਪਰੋਸਿਆ ਹੁੰਦੈ, ਜੋ ਪੜ੍ਹਨ ਪਿੱਛੋਂ ਵੀ ਸਾਂਭ-ਸਾਂਭ ਰੱਖਿਆ ਜਾਂਦੈ।

'ਪੰਜਾਬ ਟਾਈਮਜ਼' ਲਈ ਉੱਚ ਪਾਏ ਦੀ

**ਪ੍ਰਿੰ. ਸਰਵਣ ਸਿੰਘ**

ਸਿਆਸੀ, ਸਾਹਿਤਕ, ਸਭਿਆਚਾਰਕ ਤੇ ਧਾਰਮਿਕ ਸਮੱਗਰੀ ਪਰੋਸਣ ਦੇ ਆਹਰ ਵਿਚ ਲੱਗੇ, ਵੀਲ੍ਹ ਚੇਅਰ ਨਾਲ ਬੱਝੇ, ਮੈਡੀਕਲ ਉਪਕਰਣਾਂ ਨਾਲ ਲੈਸ ਸਾਡੇ ਸਿਦਕੀ ਪੱਤਰਕਾਰ ਅਮੋਲਕ ਸਿੰਘ ਦੀ ਅਣਥੱਕ ਮਿਹਨਤ ਹੁੰਦੀ ਸੀ। ਉਸ ਨੇ ਬਿਮਾਰ ਹੋਣ ਦੇ ਬਾਵਜੂਦ ਨਾ ਹਿੰਮਤ ਹਾਰੀ, ਨਾ ਹਾਰ ਮੰਨੀ। ਉਸ ਨੇ ਬੇਬਾਕ, ਬੇਲਾਗ ਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁਦੱਈ ਬਣ ਕੇ ਸੈਕੂਲਰ ਧਰਮ ਨਿਭਾਇਆ। ਲੰਮੇ ਸਮੇਂ ਤੋਂ ਸਿਰ ਤਲੀ 'ਤੇ ਧਰ ਕੇ ਜੂਝਦਾ ਰਿਹਾ ਤੇ ਮੌਤ ਨੂੰ ਵੰਗਾਰਦਾ ਰਿਹਾ: ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ!

ਉਸ ਨੂੰ ਪੰਜਾਬੀ ਦੇ ਨਾਮਵਰ ਲੇਖਕਾਂ ਤੇ ਪ੍ਰੋਮੋਟਰਾਂ ਦਾ ਸਹਿਯੋਗ ਪ੍ਰਾਪਤ ਸੀ। ਆਸ ਹੈ ਇਹ ਸਹਿਯੋਗ 'ਪੰਜਾਬ ਟਾਈਮਜ਼' ਨੂੰ ਭਵਿੱਖ ਵਿਚ ਵੀ ਮਿਲਦਾ ਰਹੇਗਾ। ਪੰਜਾਬੀ ਦੇ ਨਵੇਂ ਪੁਰਾਣੇ ਸਭ ਲੇਖਕ 'ਪੰਜਾਬ ਟਾਈਮਜ਼' ਵਿਚ ਛਪਣਾ ਮਾਣ ਸਮਝਦੇ ਰਹੇ ਨੇ। ਉਨ੍ਹਾਂ ਵਿਚ ਭਾਰਤੀ ਸਾਹਿਤ ਅਕਾਡਮੀ ਦੇ ਅਵਾਰਡ ਜੇਤੂ ਬਲਵੰਤ ਗਾਰਗੀ, ਡਾ. ਹਰਿਭਜਨ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ, ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ ਸੜਕਨਾਮਾ, ਮਨਮੋਹਨ, ਗੁਰਦੇਵ ਰੁਪਾਣਾ, ਸਤਿੰਦਰ ਨੂਰ ਅਤੇ ਆਤਮਜੀਤ ਆਦਿ ਤੋਂ ਲੈ ਕੇ ਸਭ ਨਾਮੀ ਲੇਖਕ ਸ਼ਾਮਲ ਹਨ। ਜਤਿੰਦਰ ਪੰਨੂੰ, ਗੁਰਬਚਨ, ਦਲਬੀਰ, ਹਰਪਾਲ ਸਿੰਘ ਪੰਨੂੰ, ਡਾ. ਗੁਰਨਾਮ ਕੌਰ, ਕਰਮਜੀਤ, ਗੁਰਦਿਆਲ ਬੱਲ, ਐਸ. ਅਸ਼ੋਕ ਭੌਰਾ, ਡਾ. ਗੁਰਬਖਸ਼ ਸਿੰਘ ਭੰਡਾਲ, ਡਾ. ਗੋਬਿੰਦਰ ਸਿੰਘ ਸਮਰਾਓ, ਦਲਜੀਤ ਅਮੀ, ਹਰਮਹਿੰਦਰ ਚਹਿਲ, ਬਲਜੀਤ ਬਾਸੀ, ਸੁਖਦੇਵ ਮਾਦਪੁਰੀ, ਕਾਨਾ ਸਿੰਘ, ਐੱਸ. ਬਲਵੰਤ, ਪ੍ਰੋ. ਬਲਕਾਰ ਸਿੰਘ, ਤਰਲੋਚਨ ਸਿੰਘ ਦੁਪਾਲਪੁਰ, ਮੇਜਰ ਕੁਲਾਰ, ਕਿਰਪਾਲ ਸਿੰਘ ਪੰਨੂੰ, ਪੂਰਨ ਸਿੰਘ ਪਾਂਧੀ, ਬੂਟਾ ਸਿੰਘ ਤੇ ਮੇਰੇ ਵਰਗੇ ਗਾਹੇ ਬਗਾਹੇ ਛਪਦੇ ਰਹਿੰਦੇ ਹਨ। ਦਰਜਨਾਂ ਨਹੀਂ ਸੈਂਕੜੇ ਕਲਮਕਾਰ ਹਨ, 'ਪੰਜਾਬ ਟਾਈਮਜ਼' ਵਿਚ ਛਪਣ ਵਾਲੇ। ਅਮੋਲਕ ਸਿੰਘ ਦੇ ਦੇਹਾਂਤ ਨਾਲ ਇਕ ਵਾਰ ਤਾਂ ਸਾਰੇ ਹੀ ਅਫਸੋਸੇ ਗਏ ਹਨ। ਸਭਨਾਂ ਦੀ ਹਮਦਰਦੀ ਉਸ ਦੀ ਪਤਨੀ ਜਸਪ੍ਰੀਤ ਕੌਰ, ਪੁੱਤਰ ਤੇ ਨੂੰਹ ਨਾਲ ਹੈ। ਉਹ ਡੋਲਣ ਨਾ।

'ਪੰਜਾਬ ਟਾਈਮਜ਼' ਦੀ ਵੈਬਸਾਈਟ ਵਿਚ ਨਵੇਂ ਅੰਕ ਤੋਂ ਲੈ ਕੇ ਵੀਹ ਸਾਲ ਪੁਰਾਣੇ ਸੈਂਕੜੇ ਅੰਕ ਸੰਭਾਲੇ ਪਏ ਹਨ, ਜਿਨ੍ਹਾਂ ਵਿਚ ਹਜ਼ਾਰਾਂ ਪੰਨਿਆਂ ਦੀ ਪੜ੍ਹਨਯੋਗ ਸਮੱਗਰੀ ਹੈ, ਜੋ ਸਾਲਾਂ ਬੱਧੀ ਪੜ੍ਹੀ ਜਾ ਸਕਦੀ ਹੈ। ਇਹ ਆਰਥਕ, ਸਿਆਸੀ, ਸਮਾਜੀ, ਧਾਰਮਕ, ਸਭਿਆਚਾਰਕ ਤੇ ਸਾਹਿਤਕ ਰਚਨਾਵਾਂ ਦੀ ਖਾਣ ਹੈ। ਮੈਂ ਹਰ ਬੁੱਧਵਾਰ ਇਸ ਦੇ ਨਵੇਂ ਅੰਕ ਖੋਲ੍ਹ ਕੇ ਪੜ੍ਹਦਾ ਆ ਰਿਹਾਂ। ਇਸ ਨਾਲ ਮੈਨੂੰ ਪੰਜਾਬ, ਭਾਰਤ, ਅਮਰੀਕਾ, ਕੈਨੇਡਾ ਤੇ ਵਿਸ਼ਵ ਭਰ ਦੀਆਂ ਘਟਨਾਵਾਂ ਦੀ ਅਹਿਮ ਜਾਣਕਾਰੀ ਮਿਲਦੀ ਹੈ ਅਤੇ ਸਾਹਿਤਕ ਮੱਸ ਵੀ ਪੂਰਾ ਹੁੰਦਾ ਰਹਿੰਦੈ। ਇਸ ਵਿਚ ਏਨਾ ਮੈਟਰ ਹੁੰਦੈ, ਜੋ ਆਮ ਪਾਠਕ ਦਾ ਪੂਰਾ ਹਫਤਾ ਲੰਘਾ ਦਿੰਦੈ। ਦੁਰਲੱਭ ਤਸਵੀਰਾਂ ਸਮੇਤ ਕਲਾਸੀਕਲ ਰਚਨਾਵਾਂ ਵੀ ਪੜ੍ਹਨ ਵਿਚਾਰਨ ਨੂੰ ਮਿਲ ਜਾਂਦੀਆਂ। ਹੈਰਾਨ ਹੋਈਦੈ ਕਿ ਏਨੇ ਮੈਟਰ ਦਾ ਇਕ ਇਕ ਲਫਜ਼ ਉਹ ਆਪਣੀ ਨਜ਼ਰੋਂ ਕਿਵੇਂ ਲੰਘਾ ਲੈਂਦਾ ਸੀ? ਢੁਕਵੇਂ ਸਿਰਲੇਖ ਤੇ ਵਾਕ ਕਿਵੇਂ ਤਰਾਸ਼ ਦਿੰਦਾ ਸੀ? ਤੇ ਰਚਨਾਵਾਂ ਨਾਲ ਢੁਕਵੀਆਂ ਟਿੱਪਣੀਆਂ, ਗਰਾਫ ਤੇ ਤਸਵੀਰਾਂ ਕਿਵੇਂ ਜੋੜ ਦਿੰਦਾ ਸੀ?

ਉਸ ਦਾ ਜਨਮ 19 ਜੁਲਾਈ 1955 ਨੂੰ ਜ਼ਿਲਾ ਹਿਸਾਰ ਦੇ ਪਿੰਡ ਕੁੱਤੇਵੱਢ ਵਿਚ ਹੋਇਆ ਸੀ। ਉਸ ਨੇ ਲਿਖਿਆ ਕਿ 1969 'ਚ ਮੈਂ ਅਠਵੀਂ ਜਮਾਤ ਮੌਜਦੀਨ ਤੋਂ ਪਾਸ ਕਰਕੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਸਿਰਸਾ ਵਿਚ ਨੌਂਵੀਂ 'ਚ ਦਾਖਲਾ ਲੈ ਲਿਆ। ਉਥੇ ਮੇਰੇ ਵਰਗਾ ਹੀ ਪੇਂਡੂ ਮੁੰਡਾ ਭੁਪਿੰਦਰ ਮਿਲ ਪਿਆ। ਅਸੀਂ ਦੋਵੇਂ ਰਲ-ਮਿਲ ਕੇ ਨੌਂਵੀਂ-ਦਸਵੀਂ 'ਚੋਂ ਮੈਡੀਕਲ ਨਾਲ ਧੂਹ-ਘੜੀਸ ਕੇ ਪਾਸ ਹੋ ਗਏ। ਫਿਰ ਮੈਂ ਨੈਸ਼ਨਲ ਕਾਲਜ ਸਿਰਸਾ ਵਿਚ ਦਾਖਲਾ ਲੈ ਲਿਆ।

ਸੰਨ 1974 ਵਿਚ ਹਰਿਆਣਾ ਸਰਕਾਰ ਨੇ ਇਕ ਕਾਨੂੰਨ ਪਾਸ ਕਰ ਕੇ ਹਰਿਆਣੇ ਦੇ ਸਾਰੇ ਕਾਲਜ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਜੋੜ ਦਿੱਤੇ। ਮੇਰੇ ਚਾਚੇ, ਵਕੀਲ ਜਗੀਰ ਸਿੰਘ ਦੀ ਸਲਾਹ ਸੀ ਕਿ ਮੈਂ ਬੀ. ਏ. ਪੰਜਾਬ ਯੂਨੀਵਰਸਿਟੀ ਤੋਂ ਕਰਾਂ ਤੇ ਅੱਗੋਂ ਪੜ੍ਹਾਈ ਵੀ ਪੰਜਾਬ ਯੂਨੀਵਰਸਿਟੀ ਵਿਚ ਹੀ ਕਰਾਂ। ਸੋ ਉਨ੍ਹਾਂ ਦੀ ਸਲਾਹ ਨਾਲ ਮੈਂ ਗੌਰਮਿੰਟ ਕਾਲਜ ਚੰਡੀਗੜ੍ਹ ਵਿਚ ਦਾਖਲਾ ਲੈਣ ਦਾ ਫੈਸਲਾ ਕਰ ਲਿਆ। ਦਾਖਲੇ ਦੀਆਂ ਤਾਰੀਖਾਂ ਪਤਾ ਕਰਕੇ ਮੈਂ ਸਿਰਸੇ ਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਫੜ ਲਈ। ਚੰਡੀਗੜ੍ਹ ਦੇ 17 ਸੈਕਟਰ ਵਿਚਲੇ ਬਸ ਸਟੈਂਡ ਤੋਂ ਉਤਰ ਕੇ ਮੈਂ ਆਪਣੇ ਵਕੀਲ ਚਾਚੇ ਦੀ ਹਦਾਇਤ ਅਨੁਸਾਰ ਰਿਕਸ਼ਾ ਲੈ ਕੇ ਸੈਕਟਰ-18 ਦੇ ਪੰਚਾਇਤ ਭਵਨ ਨੂੰ ਰਵਾਨਾ ਹੋ ਪਿਆ। ਰਸਤੇ ਵਿਚ ਬਰਸਾਤਾਂ ਦੇ ਪਾਣੀ ਨਾਲ ਲਸ਼ ਲਸ਼ ਕਰਦੇ ਹਰੇ ਕਚੂਰ ਘਾਹ ਨੂੰ ਵੇਖ ਕੇ ਜਿਹੜਾ ਖਿਆਲ ਮੇਰੇ ਮਨ 'ਤੇ ਭਾਰੂ ਹੋਣ ਲੱਗਾ ਉਹ ਸੀ, ਇਥੇ ਮੱਝਾਂ ਚਰਾਉਣ ਦਾ ਸਵਾਦ ਆ ਜਾਵੇ।

ਚੰਡੀਗੜ੍ਹ ਦੀ ਪਹਿਲੀ ਰਾਤ ਸਚਮੁੱਚ ਹੀ ਮੈਂ ਸੁਪਨੇ ਵਿਚ ਇਸ ਘਾਹ ਉਤੇ ਮੱਝਾਂ ਚਰਾਉਂਦਾ ਰਿਹਾ। ਮੇਰੀ ਇਹ ਗੱਲ ਕਈ ਪਾਠਕਾਂ ਨੂੰ ਸ਼ਾਇਦ ਫਜ਼ੂਲ ਜਾਪੇ, ਪਰ ਜਿਹੜੇ ਪੇਂਡੂਆਂ ਨੇ ਕਦੀ ਖੇਤਾਂ ਵਿਚ ਮੱਝਾਂ ਚਰਾਈਆਂ ਹਨ, ਉਨ੍ਹਾਂ ਨੂੰ ਇਹ ਗੱਲ ਸਹਿਜੇ ਹੀ ਸਮਝ ਪੈ ਜਾਏਗੀ। ਮੈਂ ਬਥੇਰਾ ਚਿਰ ਮੱਝਾਂ ਚਰਾਈਆਂ ਸਨ। ਗਰਮੀਆਂ ਦੀਆਂ ਛੁਟੀਆਂ ਵਿਚ ਘਰਦਿਆਂ ਨਾਲ ਖੇਤੀ ਦਾ ਕੋਈ ਵੀ ਹੋਰ ਕੰਮ ਕਰਾਉਣ ਦੀ ਥਾਂ ਮੈਨੂੰ ਮੱਝਾਂ ਚਰਾਉਣੀਆਂ ਸੌਖਾ ਕੰਮ ਲਗਦਾ ਸੀ। ਸਾਡੇ ਸਾਂਝੇ ਘਰ ਦੇ ਮੱਝਾਂ-ਕੱਟੀਆਂ ਰਲਾ ਕੇ ਸੋਲਾਂ ਸਤਾਰਾਂ ਡੰਗਰ ਬਣਦੇ ਸਨ। ਕਈ ਵਾਰ ਮੱਝਾਂ ਨਹਿਰ ਵਿਚ ਨਹਾਉਣ ਲਈ ਛਡ ਕੇ ਆਪ ਮੁੰਡਿਆਂ ਨਾਲ ਤਾਰੀਆਂ ਲਾਉਣ ਲਗ ਜਾਣਾ। ਬਾਅਦ ਵਿਚ ਜਦੋਂ ਮੈਂ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਦੋ ਆਨੇ ਦਾ ਘਾਹ' ਪੜ੍ਹੀ ਤਾਂ ਮੈਨੂੰ ਇਕ ਦਮ ਸਮਝ ਆ ਗਈ ਕਿ ਕਹਾਣੀ ਵਿਚ ਘਾਹ ਸਿਰਫ 'ਦੋ ਆਨੇ' ਦਾ ਨਹੀਂ ਸੀ।

ਅਮੋਲਕ ਸਿੰਘ ਚੰਡੀਗੜ੍ਹ ਕਾਹਦਾ ਗਿਆ, ਬੱਸ ਚੰਡੀਗੜ੍ਹ ਦਾ ਹੀ ਹੋ ਕੇ ਰਹਿ ਗਿਆ। ਉਥੇ ਉਸ ਨੇ ਬੀ. ਏ. ਪਿੱਛੋਂ ਐੱਮ. ਏ. ਪੰਜਾਬੀ, ਐੱਮ. ਫਿੱਲ. ਲਾਅ ਤੇ ਜਰਨਲਿਜ਼ਮ ਦੀਆਂ ਡਿਗਰੀਆਂ ਅਤੇ ਟਰਾਂਸਲੇਸ਼ਨ ਦਾ ਡਿਪਲੋਮਾ ਹਾਸਲ ਕੀਤਾ। ਉਥੇ ਪੜ੍ਹਦਿਆਂ ਜਮਾਤਣ ਜਸਪ੍ਰੀਤ ਮਿਲੀ, ਜੋ ਉਸ ਦੀ ਜੀਵਨ ਸਾਥਣ ਬਣੀ। ਉਥੇ ਹੀ ਉਹ ਵੀਹ ਸਾਲ 'ਪੰਜਾਬੀ ਟ੍ਰਿਬਿਊਨ' ਦੇ ਸਟਾਫ 'ਚ ਰਿਹਾ।

ਮੈਂ ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਮਈ 2001 ਵਿਚ ਆਪਣੇ ਪੁੱਤਰ ਗੁਰਵਿੰਦਰ ਪਾਸ ਕੈਨੇਡਾ ਦੇ ਸ਼ਹਿਰ ਬਰੈਂਪਟਨ ਪਹੁੰਚ ਗਿਆ ਸਾਂ। ਉਥੇ ਕੰਪਿਊਟਰ ਦੇ ਭਾਈ ਕਨ੍ਹੱਈਏ ਕਿਰਪਾਲ ਸਿੰਘ ਪੰਨੂੰ ਨਾਲ ਮੇਰਾ ਬਹਿਣ ਉੱਠਣ ਹੋ ਗਿਆ ਸੀ। ਉਸ ਨੇ ਕੰਪਿਊਟਰ ਦਾ ਕਨਵਰਟਰ ਪ੍ਰੋਗਰਾਮ ਈਜਾਦ ਕਰ ਲਿਆ ਸੀ, ਜਿਸ ਨਾਲ ਗੁਰਮੁਖੀ ਅੱਖਰ ਸ਼ਾਹਮੁਖੀ ਤੇ ਸ਼ਾਹਮੁਖੀ ਅੱਖਰ ਗੁਰਮੁਖੀ ਵਿਚ ਤਬਦੀਲ ਕਰ ਲਏ ਜਾਂਦੇ ਸਨ। ਡੀਮਾਂਸਟ੍ਰੇਸ਼ਨ ਦੇਣ ਲਈ ਉਸ ਨੇ ਮੈਨੂੰ ਆਪਣੇ ਘਰ ਬੁਲਾਇਆ। ਮੈਂ ਬਾਬਾ ਫਰੀਦ ਦਾ ਸ਼ਲੋਕ, ਗਲੀਏਂ ਚਿੱਕੜ ਦੂਰ ਘਰ... ਲਿਖਾਇਆ ਜੋ ਉਸ ਨੇ ਟਾਈਪ ਕਰ ਕੇ ਗੁਰਮੁਖੀ ਤੋਂ ਸ਼ਾਹਮੁਖੀ ਤੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਕਰ ਵਿਖਾਇਆ। ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਦੋਹਾਂ ਪੰਜਾਬੀ ਲਿਪੀਆਂ ਵਿਚਕਾਰ ਬਣਾਏ, ਇਸ ਪੁਲ ਤੋਂ ਮੈਂ ਖੁਸ਼ ਵੀ ਹੋਇਆ ਤੇ ਹੈਰਾਨ ਵੀ!

ਪੰਨੂੰ ਦੀ ਸਿੱਖਿਆ ਨਾਲ ਮੈਂ ਵੀ ਕੰਪਿਊਟਰ 'ਤੇ ਟਾਈਪ ਕਰ ਲੱਗ ਪਿਆ। ਟਾਈਪ ਕੀਤੇ ਨੂੰ ਪੈੱਨ ਡਰਾਈਵ ਵਿਚ ਸਾਂਭਣ ਲੱਗ ਪਿਆ। ਮੇਰੇ ਲੇਖ ਪੰਜਾਬ ਤੇ ਟੋਰਾਂਟੋ ਦੇ ਅਖਬਾਰਾਂ, ਵੈਨਕੂਵਰ ਦੇ 'ਇੰਡੋ-ਕੈਨੇਡੀਅਨ ਟਾਇਮਜ਼' ਤੇ ਸਾਊਥਾਲ ਦੇ 'ਦੇਸ ਪ੍ਰਦੇਸ' ਬਗੈਰਾ ਵਿਚ ਛਪਦੇ ਸਨ। ਦਿੱਲੀ ਦੇ ਸਾਹਿਤਕ ਪਰਚੇ 'ਆਰਸੀ' ਵਿਚ 1965 ਤੋਂ, 'ਸਚਿੱਤਰ ਕੌਮੀ ਏਕਤਾ' ਮੈਗਜ਼ੀਨ ਵਿਚ 1975 ਤੋਂ ਤੇ ਰੋਜ਼ਾਨਾ ਅਖਬਾਰ 'ਪੰਜਾਬੀ ਟ੍ਰਿਬਿਊਨ' ਵਿਚ ਮੈਂ 1978 ਤੋਂ ਛਪਦਾ ਆ ਰਿਹਾ ਸਾਂ।



*ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨਾਲ ਸ. ਅਮੋਲਕ ਸਿੰਘ ਜੰਮੂ, ਉਨ੍ਹਾਂ ਦੀ ਪਤਨੀ ਬੀਬੀ ਜਸਪ੍ਰੀਤ ਕੌਰ ਜੰਮੂ, ਲੇਖਕ ਪ੍ਰਿੰ. ਸਰਵਣ ਸਿੰਘ, ਸਰਵਣ ਸਿੰਘ ਰਾਜੂ (ਸ਼ਿਕਾਗੋ) ਅਤੇ ਹੋਰ ਸੱਜਣ*

ਅਮੋਲਕ ਸਿੰਘ 'ਪੰਜਾਬੀ ਟ੍ਰਿਬਿਊਨ' 'ਚ ਪਹਿਲਾਂ ਪਰੂਫ ਰੀਡਰ ਤੇ ਫਿਰ ਸਬ ਐਡੀਟਰ ਸੀ।

2002 ਵਿਚ ਮੈਂ ਬਰੈਂਪਟਨ ਹੀ ਸਾਂ ਕਿ ਘਰਦਿਆਂ ਨੇ ਦੱਸਿਆ, "ਫੋਨ ਆਇਐ, ਸ਼ਿਕਾਗੋ ਤੋਂ ਅਮੋਲਕ ਸਿੰਘ ਜੰਮੂ ਮਿਲਣ ਆ ਰਿਹੈ। ਹੁਣ ਉਹ ਕਿਰਪਾਲ ਸਿੰਘ ਪੰਨੂੰ ਕੋਲ ਹੈ। ਅੱਧੇ ਕੁ ਘੰਟੇ ਤਕ ਆਪਣੇ ਵੱਲ ਆਵੇਗਾ।" ਉਨ੍ਹੀਂ ਦਿਨੀਂ ਮੈਨੂੰ ਕਬੱਡੀ ਟੂਰਨਾਮੈਂਟਾਂ 'ਚ ਕੁਮੈਂਟਰੀ ਕਰਨ ਦੇ ਸੱਦੇ ਆਉਣ ਲੱਗੇ ਸਨ। ਮੈਂ ਸੋਚਿਆ, ਸ਼ਿਕਾਗੋ ਕਬੱਡੀ ਟੂਰਨਾਮੈਂਟ ਕਰਾਉਣਾ ਹੋਊ ਤੇ ਇਹ ਬੰਦਾ ਤਰੀਕ ਪੱਕੀ ਕਰਨ ਆਇਆ ਹੋਊ।

ਮੈਂ ਅਜੇ ਲੱਖਣ ਲਾ ਰਿਹਾ ਸਾਂ ਕਿ ਬੈੱਲ ਵੱਜੀ। ਬੂਹਾ ਖੋਲ੍ਹਿਆ ਤਾਂ ਚਾਲੀ ਪੰਤਾਲੀ ਸਾਲਾਂ ਦਾ ਗੋਰਾ ਨਿਛੋਹ ਸੱਜਣ ਜੀਹਦੇ ਸੋਹਣੀ ਦਸਤਾਰ ਸਜਾਈ ਹੋਈ ਸੀ, ਮੁਸਕਰਾਉਂਦਾ ਹੋਇਆ ਬੜੇ ਤਪਾਕ ਨਾਲ ਮਿਲਿਆ। ਉਹਦੇ ਗੋਰੇ ਰੰਗ ਵਿਚ ਗੁਲਾਬ ਦੇ ਫੁੱਲਾਂ ਵਰਗੀ ਮਹਿਕ ਸੀ। ਖੇਡਾਂ ਬਾਰੇ ਲਿਖਦਾ ਤੇ ਖਿਡਾਰੀਆਂ ਨੂੰ ਮਿਲਦਾ ਗਿਲਦਾ ਹੋਣ ਕਰਕੇ ਮੇਰੀ ਪਹਿਲੀ ਨਜ਼ਰ ਅਗਲੇ ਦੇ ਕੱਦ ਕਾਠ ਵੱਲ ਜਾਂਦੀ ਹੈ। ਉਹਦਾ ਜੁੱਸਾ ਛਾਂਟਵਾ ਸੀ। ਵਜ਼ਨ ਉਦੋਂ ਸੱਠ ਪੈਂਠ ਕਿੱਲੋ ਹੋਵੇਗਾ। ਚਿੱਟੇ ਦੰਦ ਮੋਤੀਆਂ ਵਾਂਗ ਚਮਕਦੇ ਸਨ। ਅੱਖਾਂ 'ਚ ਅਪਣੱਤ ਸੀ। ਉਸ ਨੇ ਦੱਸਿਆ, ਆਪਾਂ ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਦੇ ਦਫਤਰ 'ਚ ਮਿਲੇ ਸਾਂ। ਤੁਸੀਂ ਉਥੇ ਸ਼ਮਸ਼ੇਰ ਸੰਧੂ ਨੂੰ ਮਿਲਣ ਆਉਂਦੇ ਸੀ। ਮੈਂ ਉਦੋਂ ਸਬ ਐਡੀਟਰ ਸਾਂ। ਮੇਰਾ 1978 ਤੋਂ 'ਪੰਜਾਬੀ ਟ੍ਰਿਬਿਊਨ' ਨਾਲ ਵਾਹ ਰਿਹੈ।

ਮੈਂ ਕਿਹਾ, "ਲਓ ਇਹ ਤਾਂ ਫੇਰ ਘਰ ਦੀ ਗੱਲ ਹੋਈ। ਆਪਣੀ ਤਾਂ ਸਾਂਢੂਆਂ ਵਾਲੀ ਸਕੀਰੀ ਨਿਕਲ ਆਈ। 'ਪੰਜਾਬੀ ਟ੍ਰਿਬਿਊਨ' ਦੇ ਸਾਂਢੂ!' ਮੈਂ ਪੁੱਛਿਆ, ਪੀਣਾ ਕੀ ਐ? ਠੰਢਾ ਜਾਂ ਤੱਤਾ? ਉਸ ਨੇ ਚਾਹ ਦਾ ਕੱਪ ਕਿਹਾ। ਚਾਹ ਪੀਂਦਿਆਂ ਅਸੀਂ 'ਪੰਜਾਬੀ ਟ੍ਰਿਬਿਊਨ' ਦੀਆਂ ਗੱਲਾਂ ਕਰਨ ਲੱਗੇ। ਪੁਰਾਣੀਆਂ ਦਿਲਚਸਪ ਗੱਲਾਂ। ਐਡੀਟਰ ਬਰਜਿੰਦਰ ਸਿੰਘ ਦੀਆਂ, ਗੁਲਜ਼ਾਰ ਸਿੰਘ ਸੰਧੂ ਦੀਆਂ, ਹਰਭਜਨ ਹਲਵਾਰਵੀ, ਸ਼ਿੰਗਾਰਾ ਸਿੰਘ ਭੁੱਲਰ ਤੇ ਗੁਰਬਚਨ ਸਿੰਘ ਭੁੱਲਰ ਦੀਆਂ। ਸਬ ਐਡੀਟਰ ਦਲਬੀਰ ਦੀਆਂ, ਦਲਜੀਤ ਦੀਆਂ ਤੇ ਕਰਮਜੀਤ ਦੀਆਂ। ਸ਼ਮਸ਼ੇਰ ਦੀ ਗੀਤਕਾਰੀ ਦੀਆਂ। ਫੱਕਰ ਗੁਰਦਿਆਲ ਬੱਲ ਦੀਆਂ ਗੱਲਾਂ ਤਾਂ ਹੋਣੀਆਂ ਹੀ ਸਨ।

ਗੱਲਾਂ ਗੱਲਾਂ 'ਚ ਮੈਂ ਦੱਸਿਆ, 1966 'ਚ ਜਦੋਂ ਮੈਂ ਖਾਲਸਾ ਕਾਲਜ ਦਿੱਲੀ ਪੜ੍ਹਾਉਂਦਾ ਸਾਂ ਤਾਂ ਬਰਜਿੰਦਰ ਸਿੰਘ ਹਮਦਰਦ ਮੈਨੂੰ ਪਹਿਲੀ ਵਾਰ ਮਿਲਿਆ ਸੀ। ਉਦੋਂ ਉਹ ਛੀਟਕਾ ਜਿਹਾ ਸੀ ਤੇ ਹਰ ਗੱਲ 'ਤੇ ਠਹਾਕਾ ਮਾਰ ਕੇ ਹੱਸਦਾ ਸੀ। 1978 ਵਿਚ ਉਹ 'ਪੰਜਾਬੀ ਟ੍ਰਿਬਿਊਨ' ਦਾ ਬਾਨੀ ਐਡੀਟਰ ਬਣਿਆ। ਉਸ ਨੇ ਮੈਥੋਂ ਖੇਡਾਂ-ਖਿਡਾਰੀਆਂ ਬਾਰੇ ਲਿਖਵਾਉਣਾ ਸ਼ੁਰੂ ਕੀਤਾ। 1981 'ਚ ਬੰਬਈ ਦਾ ਵਰਲਡ ਹਾਕੀ ਕੱਪ ਤੇ ਦਿੱਲੀ ਦੀਆਂ ਏਸ਼ਿਆਈ ਖੇਡਾਂ-82 ਵੀ ਮੈਥੋਂ ਕਵਰ ਕਰਵਾਈਆਂ। ਏਸ਼ੀਆਡ ਦੇ ਉਦਘਾਟਨ ਤੋਂ ਪਹਿਲਾਂ ਅਕਾਲੀਆਂ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਦਿੱਲੀ, ਇੰਟਰਨੈਸ਼ਨਲ ਮੀਡੀਏ ਸਾਹਮਣੇ ਆਪਣੀਆਂ ਮੰਗਾਂ ਦੇ ਹੱਕ ਵਿਚ ਵਿਖਾਵਾ ਕਰਨਗੇ। ਹਰਿਆਣੇ ਦੇ ਤੱਤਕਾਲੀ ਮੁੱਖ ਮੰਤਰੀ ਭਜਨ ਲਾਲ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਿੱਕ ਥਾਪੜ ਕੇ ਕਹਿ ਦਿੱਤਾ ਕਿ ਮੈਂ ਹਰਿਆਣੇ ਵਿਚ ਦੀ ਕਿਸੇ ਪੱਗ ਦਾੜ੍ਹੀ ਵਾਲੇ ਬੰਦੇ ਨੂੰ ਲੰਘਣ ਹੀ ਨਹੀਂ ਦੇਵਾਂਗਾ। ਏਸ਼ੀਆਡ ਕਵਰ ਕਰਨ ਲਈ ਮੈਂ ਟ੍ਰਿਬਿਊਨ ਦੇ ਦਫਤਰ ਤੋਂ ਆਪਣਾ ਐਕਰੀਡੇਸ਼ਨ ਕਾਰਡ ਲਿਆ ਤਾਂ ਬਰਜਿੰਦਰ ਸਿੰਘ ਨੇ ਮੈਨੂੰ ਵਿਦਾ ਕਰਦਿਆਂ ਕਿਹਾ, "ਬਚ ਕੇ ਜਾਣਾ, ਹੋਰ ਨਾ ਕਿਤੇ ਹਰਿਆਣੇ ਵਾਲੇ ਰਾਹ 'ਚ ਈ ਰੱਖ ਲੈਣ!"

ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੀ ਜਿਸ ਬੱਸ ਵਿਚ ਮੈਂ ਬੈਠਾ ਉਹਦੇ 'ਚ ਦੋ ਸਰਦਾਰ ਹੋਰ ਸਨ। ਹਰਿਆਣੇ ਦੀ ਹੱਦ ਆਈ ਤਾਂ ਚਾਲੀ ਪੰਜਾਹ ਸਿਪਾਹੀ ਪਹਿਰੇ 'ਤੇ ਖੜ੍ਹੇ ਤੇ ਬਾਕੀ ਤੰਬੂਆਂ 'ਚ ਪਏ ਸਨ। ਸੜਕ ਉਤੇ ਚਿੱਟੇ ਡਰੰਮਾਂ ਦੀ ਕਤਾਰ ਲਾ ਕੇ ਕੁਝ ਸਿਪਾਹੀ ਮੋਰਚੇ ਪੁੱਟੀ ਪੁਜ਼ੀਸ਼ਨਾਂ ਲਈ ਬੈਠੇ ਸਨ। ਮੈਂ 1965 ਤੇ 71 ਦੀਆਂ ਇੰਡੋ-ਪਾਕਿ ਲੜਾਈਆਂ ਸਰਹੱਦ ਨੇੜੇ ਰਹਿ ਕੇ ਵੇਖੀਆਂ ਸਨ। ਹਰਿਆਣੇ ਦੀ ਨਾਕਾਬੰਦੀ ਵੇਖ ਕੇ ਮੈਨੂੰ ਉਨ੍ਹਾਂ ਲੜਾਈਆਂ ਦੇ ਦ੍ਰਿਸ਼ ਚੇਤੇ ਆ ਗਏ। ਏਨੇ ਨੂੰ ਇਕ ਸਿਪਾਹੀ ਬੱਸ ਦੀ ਛੱਤ 'ਤੇ ਚੜ੍ਹ ਗਿਆ ਤੇ ਦੋ ਸਿਪਾਹੀ ਅੰਦਰ ਆ ਗਏ। ਉਨ੍ਹਾਂ ਨੇ ਵੱਖ ਵੱਖ ਸੀਟਾਂ 'ਤੇ ਬੈਠੇ ਸਰਦਾਰਾਂ ਦੀ ਪੂਰੀ ਪੁੱਛ ਗਿੱਛ ਕੀਤੀ। ਮੈਨੂੰ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਮਿਲਿਆ ਐਕਰੀਡੇਸ਼ਨ ਕਾਰਡ ਵਿਖਾਉਣਾ ਪਿਆ। ਹਰੇਕ ਪੁਲ ਉਤੇ ਕੌਮਾਂਤਰੀ ਸਰਹੱਦ ਵਰਗਾ ਦ੍ਰਿਸ਼ ਸੀ। ਸਾਨੂੰ ਬੱਸ ਤੋਂ ਉਤਾਰ ਲਿਆ ਜਾਂਦਾ ਤੇ ਪੂਰਾ ਪ੍ਰੇਸ਼ਾਨ ਕਰ ਕੇ ਮੁੜ ਬੱਸ 'ਤੇ ਚੜ੍ਹਨ ਦਿੱਤਾ ਜਾਂਦਾ। ਸਾਡਾ ਵੱਡਾ ਰੋਸ ਇਸ ਗੱਲ ਦਾ ਸੀ ਕਿ ਉਤਾਰਿਆ ਸਾਨੂੰ ਤਿੰਨਾਂ ਸਰਦਾਰਾਂ ਨੂੰ ਹੀ ਜਾਂਦਾ!

ਗੱਲਾਂ ਗੱਲਾਂ ਵਿਚ ਜੰਮੂ ਨੇ ਦੱਸਿਆ ਕਿ ਉਹ 'ਪੰਜਾਬੀ ਟ੍ਰਿਬਿਊਨ' ਦੀ ਸਬ ਐਡੀਟਰੀ ਛੱਡ ਆਇਐ ਤੇ ਸ਼ਿਕਾਗੋ ਤੋਂ ਆਪਣਾ ਸਪਤਾਹਿਕ 'ਪੰਜਾਬ ਟਾਈਮਜ਼' ਚਲਾਉਣ ਲੱਗ ਪਿਐ। ਇਹ ਵੀ ਦੱਸਿਆ ਕਿ ਕਿਰਪਾਲ ਸਿੰਘ ਪੰਨੂੰ ਨੇ ਪਰਚਾ ਧਨੀ ਰਾਮ ਚਾਤ੍ਰਿਕ ਫੌਂਟ ਵਿਚ ਛਾਪਣ ਦੀ ਸਲਾਹ ਦਿੱਤੀ ਹੈ, ਕਿਉਂਕਿ ਉੱਤਰੀ ਅਮਰੀਕਾ ਦੇ ਸਾਰੇ ਹੀ ਪੰਜਾਬੀ ਅਖਬਾਰ ਇਸੇ ਫੌਂਟ ਵਿਚ ਛਪਦੇ ਹਨ। ਅਮਰੀਕਾ/ਕੈਨੇਡਾ ਦੇ ਵਧੇਰੇ ਪੰਜਾਬੀ ਲੇਖਕ ਵੀ ਡੀਆਰਸੀ ਫੌਂਟ ਵਿਚ ਟਾਈਪ ਕਰਦੇ ਹਨ। ਪੰਨੂੰ ਨੇ ਅਮੋਲਕ ਸਿੰਘ ਨੂੰ ਸ਼ਾਹਮੁਖੀ-ਗੁਰਮੁਖੀ ਕਰਵਰਟਰ ਪ੍ਰੋਗਰਾਮ ਦੇ ਦਿੱਤਾ ਸੀ ਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਹਾਮੀ ਭਰ ਦਿੱਤੀ ਸੀ। ਜੰਮੂ ਨੇ ਮੈਥੋਂ ਆਪਣੇ ਅਖਬਾਰ ਲਈ ਰਚਨਾਵਾਂ ਭੇਜਣ ਦਾ ਸਹਿਯੋਗ ਮੰਗਿਆ। ਸਹਿਯੋਗ ਦਾ ਭਰੋਸਾ ਦਿੰਦਿਆਂ ਮੈਂ ਦੱਸਿਆ ਕਿ ਅੱਜ ਕੱਲ੍ਹ ਮੈਂ ਕੰਪਿਊਟਰ 'ਤੇ ਟਾਈਪ ਕਰਨ ਲੱਗ ਪਿਆਂ, ਜਿਸ ਕਰਕੇ ਲਿਖਤ ਈਮੇਲ ਨਾਲ ਤੁਰਤ ਪੁੱਜ ਜਾਇਆ ਕਰੇਗੀ। ਨਾ ਡਾਕ ਦਾ ਖਰਚਾ ਹੋਵੇਗਾ ਨਾ ਟਾਈਪ ਕਰਵਾਉਣ ਦਾ।

ਏਨਾ ਕਹਿਣ ਦੀ ਦੇਰ ਸੀ ਕਿ ਉਸ ਨੇ ਮੇਰਾ ਕੰਪਿਊਟਰ ਵੇਖਣਾ ਚਾਹਿਆ। ਮੈਂ ਬਿਜਲੀ ਦੀ ਸੁੱਚ ਦੱਬੀ ਤਾਂ ਉਸ ਨੇ ਖੁਦ ਕੰਪਿਊਟਰ ਚਾਲੂ ਕਰ ਲਿਆ ਤੇ ਮੇਰਾ ਟਾਈਪ ਕੀਤਾ ਮੈਟਰ ਵੇਖਣ ਲੱਗ ਪਿਆ। ਉਦੋਂ ਉਹਦੀਆਂ ਉਗਲਾਂ ਚਲਦੀਆਂ ਸਨ, ਪਰ ਪੂਰੀਆਂ ਨਹੀਂ। ਸਕਰੀਨ ਤੋਂ ਨਿਗ੍ਹਾ ਹਟਾ ਕੇ ਮੇਰੇ ਵੱਲ ਵੇਖਦਿਆਂ ਉਹ ਆਪਣੇ ਆਪ ਹੀ ਦੱਸਣ ਲੱਗਾ ਕਿ ਹੁਣ ਉਹਦੀਆਂ ਉਂਗਲਾਂ ਵਿਚ ਨੁਕਸ ਪੈਂਦਾ ਜਾ ਰਿਹੈ, ਜਿਨ੍ਹਾਂ ਦਾ ਸ਼ਿਕਾਗੋ ਵਿਚ ਇਲਾਜ ਚੱਲ ਰਿਹੈ। ਪੁੱਛਣ 'ਤੇ ਉਸ ਨੇ ਤਫਸੀਲ ਨਾਲ ਦੱਸਿਆ ਕਿ ਇਹ 'ਮਸਕੁਲਰ ਡਿਸਟਰਾਫੀ' ਦੀ ਬਿਮਾਰੀ ਹੈ। ਕਿਸੇ ਇਕ ਅੰਗ ਤੋਂ ਸ਼ੁਰੂ ਹੋ ਕੇ ਹੌਲੀ ਹੌਲੀ ਸਾਰੇ ਅੰਗਾਂ ਵੱਲ ਵਧਦੀ ਹੈ। ਮੈਨੂੰ ਇਹ ਕਸਰ ਚੀਚੀ ਤੋਂ ਸ਼ੁਰੂ ਹੋਈ ਸੀ, ਜੋ ਹੌਲੀ ਹੌਲੀ ਸਾਰੇ ਸਰੀਰ ਵੱਲ ਵਧ ਰਹੀ ਹੈ। ਇਸ ਦਾ ਪਤਾ ਤਦ ਲੱਗਾ, ਜਦ ਮੈਂ ਉੱਚੀ ਥਾਂ ਤੋਂ ਥੱਲੇ ਛਾਲ ਮਾਰੀ ਤਾਂ ਮੇਰੀਆਂ ਲੱਤਾਂ ਨੇ ਸਰੀਰ ਦਾ ਭਾਰ ਨਾ ਝੱਲਿਆ। ਮੈਂ ਮਸਾਂ ਖੜ੍ਹਾ ਹੋਇਆ। ਡਾਕਟਰ ਕੋਲ ਗਿਆ ਤਾਂ ਚੈੱਕ ਅੱਪ ਪਿੱਛੋਂ ਉਸ ਨੇ ਦੱਸਿਆ ਕਿ ਇਹ 'ਮਸਕੁਲਰ ਡਿਸਟਰਾਫੀ' ਦੀ ਬਿਮਾਰੀ ਹੈ। ਇੰਡੀਆ 'ਚ ਇਹਦਾ ਕੋਈ ਤਸੱਲੀਬਖਸ਼ ਇਲਾਜ ਨਹੀਂ। ਅਮਰੀਕਾ 'ਚ ਹੋ ਸਕਦੈ। ਇਸੇ ਕਰਕੇ ਮੈਂ ਇੰਡੀਆ ਦੀ ਚੰਗੀ ਭਲੀ ਨੌਕਰੀ ਛੱਡ ਕੇ ਅਮਰੀਕਾ ਆ ਗਿਆਂ ਤੇ ਇਥੇ ਇਹਦਾ ਇਲਾਜ ਕਰਵਾ ਰਿਹਾਂ। ਆਹਰ ਲਈ ਆਪਣੇ ਤਜਰਬੇ ਅਨੁਸਾਰ ਅਖਬਾਰ ਕੱਢਣਾ ਸ਼ੁਰੂ ਕਰ ਲਿਐ। ਵੀਕਲੀ ਦਾ ਨਾਂ 'ਪੰਜਾਬ ਟਾਈਮਜ਼' ਰੱਖਿਐ।

ਮੈਂ ਕਿਹਾ ਕਿ ਜੇ ਉਹ ਚਾਹਵੇ ਤਾਂ ਮੇਰੀਆਂ ਟਾਈਪ ਕੀਤੀਆਂ ਲਿਖਤਾਂ ਆਪਣੀ ਪੈੱਨ ਡਰਾਈਵ ਵਿਚ ਪਾ ਸਕਦੈ ਤੇ ਲੋੜ ਅਨੁਸਾਰ ਅਖਬਾਰ ਵਿਚ ਵਰਤ ਸਕਦੈ। ਮੈਂ ਨਵੀਆਂ ਟਾਈਪ ਕੀਤੀਆਂ ਰਚਨਾਵਾਂ ਵੀ ਗਾਹੇ-ਬਗਾਹੇ ਭੇਜਦਾ ਰਹਾਂਗਾ। ਪੰਨੂੰ ਤੇ ਮੈਨੂੰ ਮਿਲਣ ਵਾਂਗ ਉਸ ਨੇ ਟੋਰਾਂਟੋ ਦੇ ਕੁਝ ਹੋਰ ਸੱਜਣਾਂ ਮਿੱਤਰਾਂ ਨੂੰ ਵੀ ਮਿਲਣਾ ਸੀ। ਖਾਣਾ ਖਾਧੇ ਬਿਨਾ ਹੀ ਉਸ ਨੇ ਮੈਥੋਂ ਵਿਦਾ ਲੈ ਲਈ। ਜਿਵੇਂ ਉਹ ਹਸੂੰ-ਹਸੂੰ ਕਰਦਾ ਆਇਆ ਸੀ, ਉਵੇਂ ਆਪਣੀ ਮੁਸਕ੍ਰਾਉਂਦੀ ਮਹਿਕ ਬਿਖੇਰਦਾ 'ਅਹੁ ਗਿਆ, ਅਹੁ ਗਿਆ' ਹੋ ਗਿਆ।

ਫਿਰ ਜਦੋਂ ਵੀ ਮੈਂ ਸ਼ਿਕਾਗੋ ਦੇ ਕਬੱਡੀ ਕੱਪਾਂ 'ਤੇ ਕੁਮੈਂਟਰੀ ਕਰਨ ਜਾਂਦਾ ਤਾਂ ਅਮੋਲਕ ਸਿੰਘ ਨੂੰ ਵੀਲ੍ਹ ਚੇਅਰ 'ਤੇ ਆਉਂਦਾ ਵੇਖਦਾ। ਧੁੱਪ ਵਿਚ ਉਹਦਾ ਗੋਰਾ ਰੰਗ ਸੂਹੀ ਭਾਅ ਮਾਰਦਾ। ਉਹਦੀ ਪਤਨੀ ਜਸਪ੍ਰੀਤ ਕੌਰ ਵੀਲ੍ਹ ਚੇਅਰ ਨੂੰ ਸਹਾਰਾ ਦੇ ਰਹੀ ਹੁੰਦੀ। ਮਾਈਕ ਤੋਂ ਮੈਂ ਉਨ੍ਹਾਂ ਨੂੰ ਜੀ ਆਇਆਂ ਆਖਦਾ। ਉਹ ਕਬੱਡੀ ਦੇ ਦਾਇਰੇ ਕੋਲ ਹੱਥ ਹਿਲਾਉਂਦਾ ਮਿੰਨਾ ਮਿੰਨਾ ਮੁਸਕਰਾਉਂਦਾ। ਮੈਚ ਮੁੱਕੇ ਤੋਂ ਮੈਂ ਉਹਨੂੰ ਕੋਲ ਜਾ ਕੇ ਮਿਲਦਾ। ਜੱਫੀ ਪਾਉਂਦਿਆਂ ਸਾਡੀ ਰੂਹ ਖਿੜ ਜਾਂਦੀ। ਉਹ ਅਟਕ ਅਟਕ ਕੇ ਗੱਲਾਂ ਕਰਦਾ। ਬਿਮਾਰੀ ਆਏ ਸਾਲ ਵਧਦੀ ਜਾਂਦੀ। ਆਏ ਸਾਲ ਕਬੱਡੀ ਮੇਲਿਆਂ ਦੇ ਇਸ਼ਤਿਹਾਰ 'ਪੰਜਾਬ ਟਾਈਮਜ਼' ਵਿਚ ਛਪਦੇ ਤੇ ਮੈਂ ਉਹਦੇ ਅਖਬਾਰ ਲਈ ਖੇਡ ਲੇਖ ਲਿਖਦਾ।

ਟੈਲੀਫੋਨ 'ਤੇ ਗੱਲਬਾਤ ਹੁੰਦੀ ਤਾਂ ਕਦੇ ਆਵਾਜ਼ ਸਾਫ ਤੇ ਕਦੇ ਟੁੱਟਵੀਂ ਸੁਣਾਈ ਦਿੰਦੀ। ਇਹ ਤਾਂ ਬਾਅਦ 'ਚ ਪਤਾ ਲੱਗਾ ਕਿ ਉਹਦੇ ਗਲੇ ਵਿਚ ਛੇਕ ਕਰ ਕੇ, ਛੇਕ 'ਚ ਨਾਲੀ ਪਾ ਕੇ ਮਾਈਕ੍ਰੋਫੋਨ ਵਰਗਾ ਜੋ ਯੰਤਰ ਪਾਇਆ ਗਿਆ ਸੀ, ਆਵਾਜ਼ ਉਹਦੇ ਵਿਚੋਂ ਹੀ ਨਿਕਲਦੀ ਸੀ। ਉਂਜ ਉਸ ਦੇ ਬੁੱਲ੍ਹ ਜ਼ਰੂਰ ਹਿਲਦੇ ਸਨ। ਹਰ ਸਾਲ ਉਸ ਦੀ ਧੌਣ ਟੇਢੀ ਤੋਂ ਹੋਰ ਟੇਢੀ ਹੁੰਦੀ ਜਾਂਦੀ ਸੀ ਤੇ ਸਿਰ ਹੋਰ ਝੁਕੀ ਜਾਂਦਾ ਸੀ। ਜੇ ਕਿਸੇ ਅੰਗ ਵਿਚ ਫਰਕ ਨਹੀਂ ਸੀ ਪਿਆ ਤਾਂ ਉਹ ਉਸ ਦੀਆਂ ਅੱਖਾਂ ਸਨ। ਸੂਰਜ ਵਾਂਗ ਲਿਸ਼ਕਦੀਆਂ ਤਰਲ ਅੱਖਾਂ। ਨੀਝ ਲਾ ਕੇ ਵੇਖਦੀਆਂ ਅੱਖਾਂ। ਇਹ ਅੱਖਾਂ ਹੀ ਸਨ, ਜਿਨ੍ਹਾਂ ਨਾਲ ਉਹ ਬੱਤੀ ਛੱਤੀ ਪੰਨਿਆਂ ਦਾ ਅਖਬਾਰ ਐਡਿਟ ਕਰਦਾ ਸੀ। ਕਿਤੇ ਵੀ ਕੋਈ ਗਲਤੀ ਨਹੀਂ ਸੀ ਰਹਿਣ ਦਿੰਦਾ। ਧੰਨ ਸੀ ਉਸ ਦੀ ਘਾਲਣਾ!

2015 'ਚ ਹਾਕੀ ਦੇ ਯੁਗ ਪੁਰਸ਼ ਬਲਬੀਰ ਸਿੰਘ ਦਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਕਰਵਾਏ ਜਾ ਰਹੇ ਕਬੱਡੀ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬੀ ਦਾ ਸਟੀਫਨ ਹਾਕਿੰਗ-ਸ. ਅਮੋਲਕ ਸਿੰਘ ਜੰਮੂ

***ਇਹ ਲੇਖ ਮੈਂ ਮਈ 2018 ਵਿਚ 'ਪੰਜਾਬ ਟਾਈਮਜ਼' ਦੀ ਨਾਈਟ ਤੋਂ ਪਰਤ ਕੇ ਲਿਖਿਆ ਸੀ। ਜਦ ਮੈਂ ਇਸ ਨੂੰ 'ਪੰਜਾਬ ਟਾਈਮਜ਼' ਵਿਚ ਛਪਣ ਲਈ ਭੇਜਿਆ ਤਾਂ ਜੰਮੂ ਜੀ ਦੀ ਨਿਮਰਤਾ ਦੀ ਇੰਤਹਾ ਹੀ ਸੀ ਕਿ ਉਨ੍ਹਾਂ ਨੇ ਇਸ ਨੂੰ ਛਾਪਣ ਤੋਂ ਅਸਮਰਥਾ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਆਪਣੇ ਬਾਰੇ, ਆਪਣੇ ਹੀ ਅਖਬਾਰ ਵਿਚ ਕੁਝ ਨਹੀਂ ਛਾਪਣਗੇ। ਬਾਅਦ ਵਿਚ ਇਹ ਲੇਖ 'ਪੰਜਾਬੀ ਟ੍ਰਿਬਿਊਨ' ਅਤੇ ਉਤਰੀ ਅਮਰੀਕਾ ਦੀਆਂ ਬਹੁਤ ਸਾਰੀਆਂ ਅਖਬਾਰਾਂ ਵਿਚ ਛਪਿਆ ਸੀ। ਉਨ੍ਹਾਂ ਦੇ ਸਦੀਵੀ ਵਿਛੋੜੇ ਤੋਂ ਬਾਅਦ ਹਰਫਾਂ ਦੀ ਇਹ ਅਨਾਇਤ, ਉਨ੍ਹਾਂ ਦੀ ਨਿੱਘੀ ਯਾਦ ਨੂੰ ਅਰਪਿਤ ਹੈ।***

**ਡਾ. ਗੁਰਬਖਸ਼ ਸਿੰਘ ਭੰਡਾਲ**

ਪੰਜਾਬੀਆਂ ਦੇ ਹਰਮਨ ਪਿਆਰੇ, ਸ਼ਿਕਾਗੋ ਤੋਂ ਛਪਦੇ 'ਪੰਜਾਬ ਟਾਈਮਜ਼' ਵਾਲੇ ਸ. ਅਮੋਲਕ ਸਿੰਘ ਜੰਮੂ ਦੇ ਜੀਵਨ ਨੂੰ ਚਾਰ ਪੜਾਵਾਂ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਪਿੰਡ ਕੁੱਤੇਵੱਢ (ਸਿਰਸਾ, ਹਰਿਆਣਾ) ਤੋਂ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਵਿਚ ਉਚੇਰੀ ਸਿਖਿਆ ਲਈ ਆਉਣਾ ਅਤੇ ਇਸ ਦੀ ਆਬੋ-ਹਵਾ ਵਿਚ ਪੰਜਾਬੀ ਸਾਹਿਤ ਨੂੰ ਆਪਣਾ ਅਕੀਦਾ ਬਣਾਉਣਾ। ਇਹ ਸਫਰ ਜਿਥੇ ਅਕਾਦਮਿਕ ਪ੍ਰਾਪਤੀਆਂ ਦੀ ਸ਼ੁਰੂਆਤ ਤੇ ਸਿਖਰ ਸੀ, ਉਥੇ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨ ਅਤੇ ਇਸ ਵਿਚੋਂ ਉਭਰਨ ਦਾ ਹੱਠ ਤੇ ਹੌਂਸਲਾ ਸਨ ਜੰਮੂ ਸਾਹਿਬ। ਪਿੰਡ ਦੇ ਗਭਰੀਟ ਦਾ ਯੂਨੀਵਰਸਿਟੀ ਦੇ ਮਾਹੌਲ ਨੂੰ ਅਪਨਾਉਣਾ ਅਤੇ ਵਿਦਿਆਕ ਪ੍ਰਾਪਤ ਕਰਨਾ, ਸੁਪਨੇ ਦਾ ਪਹਿਲਾ ਪੜਾਅ ਸੀ।

ਉਨ੍ਹਾਂ ਦੀ ਜ਼ਿੰਦਗੀ ਦਾ ਦੂਸਰਾ ਪੜਾਅ ਸੀ, 1978 ਵਿਚ 'ਪੰਜਾਬੀ ਟ੍ਰਿਬਿਊਨ' ਵਿਚ ਨੌਕਰੀ ਸ਼ੁਰੂ ਕਰ ਕੇ ਪੰਜਾਬੀ ਪੱਤਰਕਾਰੀ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਇਸ ਖੇਤਰ ਵਿਚ ਕੁਝ ਨਰੋਆ ਅਤੇ ਵਿਲੱਖਣ ਕਰਨ ਦਾ ਦਮਖ਼ਮ ਪਰ 'ਪੰਜਾਬੀ ਟ੍ਰਿਬਿਊਨ' ਦਾ ਪਰਿਵਾਰਕ, ਖੁਸ਼ਨੁਮਾ ਤੇ ਕੰਮਕਾਜੀ ਮਾਹੌਲ ਛੇਤੀ ਹੀ ਆਪਸੀ ਈਰਖਾ, ਇਕ ਦੂਜੇ ਤੋਂ ਅੱਗੇ ਨਿਕਲਣ ਲਈ ਇਕ ਦੂਸਰੇ ਦੀਆਂ ਲੱਤਾਂ ਖਿਚਣ, ਸਿਫਾਰਸ਼ ਜਾਂ ਚਪਲੂਸੀ ਆਦਿ ਬਹੁਤ ਸਾਰੀਆਂ ਅਲਾਮਤਾਂ ਦੀ ਭੇਟਾ ਚੜ੍ਹ ਗਿਆ। ਜੰਮੂ ਜੀ ਲਈ ਅਖਬਾਰ ਦੀ ਸਬ-ਐਡੀਟਰੀ ਪ੍ਰਾਪਤੀ ਕਰਨੀ ਹੀ ਐਵਰੈਸਟ ਸਰ ਕਰਨ ਜਿਹੀ ਮੁਹਿੰਮ ਬਣ ਗਈ ਜਦਕਿ ਇਹ ਉਨ੍ਹਾਂ ਦਾ ਹੱਕ ਸੀ। ਇਸ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ 12 ਸਾਲ ਉਡੀਕ ਕਰਨੀ ਪਈ।

ਜੰਮੂ ਜੀ ਦੀ ਜ਼ਿੰਦਗੀ ਦਾ ਤੀਸਰਾ ਪੜਾਅ ਸੀ ਪੰਜਾਬ ਤੋਂ ਅਮਰੀਕਾ ਪਰਵਾਸ ਕਰਨਾ ਅਤੇ ਨਵੀਂ ਜ਼ਿੰਦਗੀ, ਨਵੀਆਂ ਚੁਣੌਤੀਆਂ, ਨਵਾਂ ਦੇਸ਼ ਅਤੇ ਨਵੀਂ ਧਰਾਤਲ ਵਿਚ ਆਪਣੀਆਂ ਜੜ੍ਹਾਂ ਲਾਉਣੀਆਂ ਅਤੇ ਇਨ੍ਹਾਂ ਨੂੰ ਫੈਲਾਉਣਾ। ਬਹੁਤ ਔਖਾ ਹੁੰਦਾ ਹੈ ਪਰਦੇਸ ਵਿਚ ਆਪਣੇ ਆਪ ਨੂੰ ਸਥਾਪਤ ਕਰਨਾ। ਸਥਾਪਤੀ ਲਈ ਉਨ੍ਹਾਂ ਨੇ ਅਜਿਹਾ ਮਾਰਗ ਚੁਣਿਆ ਜੋ ਬਹੁਤ ਹੀ ਮੁਸ਼ਕਿਲਾਂ ਭਰਿਆ ਅਤੇ ਆਰਥਿਕ ਔਖਿਆਈਆਂ ਵਾਲਾ ਸੀ; ਯਾਨੀ ਵੀਹ ਸਾਲ ਪਹਿਲਾਂ ਸ਼ਿਕਾਗੋ ਵਿਚ ਪੰਜਾਬੀ ਅਖਬਾਰ 'ਪੰਜਾਬ ਟਾਈਮਜ਼' ਦੀ ਸ਼ੁਰੂਆਤ ਕਰਨੀ। ਉਤਰੀ ਅਮਰੀਕਾ ਵਿਚ ਪੰਜਾਬੀ ਪੱਤਰਕਾਰੀ, ਅਖਬਾਰ ਨਵੀਸੀ, ਜਾਂ ਅਖਬਾਰ ਕੱਢਣਾ ਕੋਈ ਲਾਹੇਵੰਦਾ ਧੰਦਾ ਨਹੀਂ। ਜ਼ਿਆਦਾਤਰ ਪੰਜਾਬੀ ਅਖਬਾਰਾਂ ਉਨ੍ਹਾਂ ਲੋਕਾਂ ਵਲੋਂ ਹੀ ਕੱਢੀਆਂ ਜਾ ਰਹੀਆਂ ਨੇ ਜਿਨ੍ਹਾਂ ਦੀ ਪੰਜਾਬੀ ਪੱਤਰਕਾਰੀ, ਪੰਜਾਬੀ ਬੋਲੀ ਜਾਂ ਪੰਜਾਬੀਅਤ ਨਾਲ ਕੋਈ ਪ੍ਰਤੀਬੱਧਤਾ ਨਹੀਂ। ਉਹ ਤਾਂ ਸਿਰਫ ਬਿਜਨਸ ਲਈ ਹੀ ਅਖਬਾਰ ਕੱਢ ਰਹੇ ਨੇ ਪਰ ਸ. ਅਮੋਲਕ ਸਿੰਘ ਜੰਮੂ ਦੀ ਸੋਚ ਵਿਚ ਅਖਬਾਰ ਕੱਢਣਾ, ਪੰਜਾਬੀ ਕੌਮ, ਭਾਈਚਾਰੇ ਅਤੇ ਪੰਜਾਬੀ ਬੋਲੀ ਨੂੰ ਅਰਪਿਤ ਅਜਿਹਾ ਅਦਾਰਾ ਸਥਾਪਤ ਕਰਨਾ ਸੀ ਜੋ ਪੰਜਾਬੀ ਭਾਈਚਾਰੇ ਦੇ ਸਮੁੱਚ ਦੀ ਆਵਾਜ਼ ਬਣ ਸਕੇ ਅਤੇ ਇਸ ਦੇ ਸਰੋਕਾਰਾਂ, ਸੁਪਨਿਆਂ, ਸੰਭਾਵਨਾਵਾਂ ਅਤੇ ਸਫਲਤਾਵਾਂ ਨੂੰ ਜੱਗ-ਜ਼ਾਹਰ ਕਰ ਸਕੇ।

ਬਹੁਤ ਹੀ ਸੱਚੀ ਸੁੱਚੀ ਸੋਚ ਨੂੰ ਲੈ ਕੇ ਕੱਢੇ ਅਖਬਾਰ 'ਪੰਜਾਬ ਟਾਈਮਜ਼' ਨੇ ਮਿਆਰ ਦੀਆਂ ਨਵੀਆਂ ਬੁਲੰਦੀਆਂ ਸਥਾਪਤ ਕੀਤੀਆਂ। ਇਹ ਅਮੋਲਕ ਸਿੰਘ ਜੰਮੂ ਦਾ ਅਦਬੀ ਪ੍ਰਭਾਵ ਅਤੇ ਹਾਸਲ ਹੈ ਕਿ 'ਪੰਜਾਬ ਟਾਈਮਜ਼' ਨਾਲ ਪੰਜਾਬੀ ਦੇ ਕਹਿੰਦੇ-ਕਹਾਉਂਦੇ ਚਿੰਤਕ, ਵਿਦਵਾਨ, ਲੇਖਕ ਅਤੇ ਬੁੱਧੀਜੀਵੀ ਜੁੜੇ ਹੋਏ ਨੇ ਜੋ ਨਿਰੰਤਰ ਕਲਮੀ ਸਹਿਯੋਗ ਦੇ ਕੇ ਇਸ ਦੀ ਦਿੱਖ ਅਤੇ ਦਿਸ਼ਾ ਨੂੰ ਹੋਰ ਨਿਖਾਰਨ ਵਿਚ ਵੱਡਾ ਯੋਗਦਾਨ ਪਾ ਰਹੇ ਨੇ। ਅਖਬਾਰ ਵਿਚ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਥਾਂ ਦਿੱਤੀ ਜਾਂਦੀ ਹੈ, ਖਾਸ ਕਰ ਕੇ ਵਿਰੋਧੀ ਵਿਚਾਰਾਂ ਨੂੰ ਤਾਂ ਕਿ ਪਾਠਕ ਖੁਦ ਨਿਰੀਖਣ ਕਰ ਕੇ ਆਪਣੀ ਰਾਇ ਬਣਾਉਣਾ। ਉਚ ਕੋਟੀ ਦੇ ਚਿੰਤਕਾਂ ਦੀਆਂ ਅਨੁਵਾਦਤ ਲਿਖਤਾਂ 'ਪੰਜਾਬੀ ਟਾਈਮਜ਼' ਦੇ ਹਰ ਅੰਕ ਨੂੰ ਵੱਖਰੀ ਰੰਗਤ ਮੁਹੱਈਆ ਕਰਦੀਆਂ ਨੇ। ਇਨ੍ਹਾਂ ਵਿਚ ਪਰਦੇ ਓਹਲੇ ਵਾਪਰਨ ਵਾਲੀਆਂ ਉਨ੍ਹਾਂ ਘਟਨਾਵਾਂ/ਦੁਰਘਟਨਾਵਾਂ, ਚਾਲਾਂ/ਕੁਚਾਲਾਂ, ਜਬਰ/ਜ਼ੁਲਮ ਅਤੇ ਤਾਨਾਸ਼ਾਹੀ ਦੇ ਕਰੂਪ ਚਿਹਰਿਆਂ ਨੂੰ ਵੀ ਨੰਗਾ ਕੀਤਾ ਹੁੰਦਾ ਹੈ ਜਿਨ੍ਹਾਂ ਨੂੰ ਜ਼ਿਆਦਾਤਰ ਮੀਡੀਆ ਵਾਲੇ ਅੱਖੋਂ-ਪਰੋਖਾ ਕਰਦੇ ਨੇ। ਇਹੀ ਹੁੰਦੀ ਹੈ ਅਸਲ ਅਖਬਾਰ ਨਵੀਸੀ। ਲੋਕਾਂ ਨੂੰ ਉਸ ਸੱਚ ਦੇ ਰੂਬਰੂ ਕਰਨਾ ਜੋ ਸਾਹਮਣੇ ਨਜ਼ਰ ਨਹੀਂ ਆਉਂਦਾ। ਇਸ ਨੂੰ ਲਿਖਤ ਵਿਚੋਂ ਪੜ੍ਹਨ ਲਈ ਖੁਦ ਨਾਲ ਸੰਵਾਦ ਰਚਾਉਣਾ ਪੈਂਦਾ।



'ਪੰਜਾਬ ਟਾਈਮਜ਼' ਦਾ ਸਭ ਤੋਂ ਖੂਬਸੂਰਤ ਪਹਿਲੂ ਹੈ, ਹਰ ਲੇਖ ਤੋਂ ਪਹਿਲਾਂ ਜੰਮੂ ਜੀ ਵਲੋਂ ਲਿਖਿਆ ਇਕ ਪਹਿਰਾ ਜੋ ਲਿਖਤ ਦਾ ਨਚੋੜ ਹੁੰਦਾ ਹੈ। ਦਰਅਸਲ ਸ. ਅਮੋਲਕ ਸਿੰਘ ਜੰਮੂ ਖੁਦ ਹਰ ਲਿਖਤ ਨੂੰ ਪੜ੍ਹਦੇ, ਸੁਧਾਈ ਵੀ ਕਰਦੇ ਅਤੇ ਫਿਰ ਇਸ ਨੂੰ ਛਪਣ ਲਈ ਭੇਜਦੇ। ਅਜਿਹੀ ਨਿਸ਼ਠਾ, ਸਮਰਪਣ ਅਤੇ ਸੁਯੋਗ ਅਗਵਾਈ ਸਿਰਫ ਜੰਮੂ ਜੀ ਦਾ ਹੀ ਹਾਸਲ ਸੀ। ਵਪਾਰਕ ਪੱਖ ਨਾਲੋਂ ਮਿਆਰ ਦੀ ਮਰਿਆਦਾ ਨੂੰ ਬਰਕਰਾਰ ਰੱਖਣਾ ਤੇ ਪੰਜਾਬੀ ਪੱਤਰਕਾਰੀ ਦੇ ਬਿੰਬ ਨੂੰ ਰੁਸ਼ਨਾਉਣਾ ਉਨ੍ਹਾਂ ਤੋਂ ਸਿਖਿਆ ਜਾ ਸਕਦਾ।

'ਪੰਜਾਬ ਟਾਈਮਜ਼' ਵਿਚ ਗਾਹੇ-ਬਗਾਹੇ ਮੇਰੇ ਲੇਖ ਤਾਂ ਛਪਦੇ ਰਹਿੰਦੇ ਸਨ ਪਰ ਜਦ ਮੈਂ ਕੈਨੇਡਾ ਤੋਂ ਅਮਰੀਕਾ ਆਇਆ ਤਾਂ ਮੇਰਾ ਰਾਬਤਾ ਸ. ਅਮੋਲਕ ਸਿੰਘ ਜੰਮੂ ਨਾਲ ਅਜਿਹਾ ਹੋਇਆ ਜੋ ਅਖੀਰ ਤੱਕ ਨਿਭਿਆ। ਉਨ੍ਹਾਂ ਨੂੰ ਮਿਲਣ ਦਾ ਪਹਿਲਾ ਸਬੱਬ 'ਪੰਜਾਬ ਟਾਈਮਜ਼' ਦੀ ਨਾਈਟ ਵਿਚ ਮਿਲਿਆ ਜੋ 5 ਮਈ 2018 ਨੂੰ ਸੀ। ਇਉਂ ਜਾਪਦਾ ਸੀ ਕਿ ਇਹ ਨਾਈਟ ਪੰਜਾਬ ਟਾਈਮਜ਼ ਦੀ ਨਾ ਹੋ ਕੇ ਸਮੁੱਚੇ ਪੰਜਾਬੀ ਭਾਈਚਾਰੇ ਦੀ ਉਸ ਆਵਾਜ਼ ਦੀ ਏ ਜੋ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦਾ ਮੁੱਦਈ ਬਣ, ਜੀਵਨ-ਜਾਚ ਨੂੰ ਸੰਜੀਦਗੀ ਅਤੇ ਸਾਰਥਿਕਤਾ ਨਾਲ ਪੇਸ਼ ਕਰ ਰਿਹਾ ਏ, ਜਿਸ ਦੀਆਂ ਤਰਜੀਹਾਂ ਵਿਚ ਸਮਾਜ ਲਈ ਸੇਧ ਅਤੇ ਸੁਪਨਾ ਏ ਅਤੇ ਕੁਝ ਨਰੋਇਆ ਕਰਨ ਦੀ ਚਾਹਨਾ ਪੈਦਾ ਕਰਨਾ ਏ। ਮਾਇਕ ਲਾਭਾਂ ਤੋਂ ਉਪਰ ਉਠ ਕੇ ਉਤਰੀ ਅਮਰੀਕਾ ਦੀ ਪੰਜਾਬੀ ਪੱਤਰਕਾਰੀ ਵਿਚ ਨਵੇਂ ਮੀਲ-ਪੱਥਰ ਸਿਰਜਣ, ਵਿਲੱਖਣਤਾ ਪੈਦਾ ਕਰਨ ਅਤੇ ਸੰਜੀਦਾ ਪਾਠਕ ਵਰਗ ਪੈਦਾ ਕਰਨ ਵਿਚ 'ਪੰਜਾਬ ਟਾਈਮਜ਼' ਸਭ ਤੋਂ ਮੋਹਰੀ ਹੋ ਨਿਬੜਿਆ ਹੈ।

7 ਕੁ ਵਜੇ ਸ਼ਾਮੀਂ ਅਮੋਲਕ ਸਿੰਘ ਦਾ ਵ੍ਹੀਲ ਚੇਅਰ 'ਤੇ ਆਉਣਾ ਅਤੇ ਮੋਹਵੰਤੀ ਆਮਦ ਨੂੰ ਮਹਿਮਾਨਾਂ ਦੇ ਨਾਮ ਕਰਨਾ ਬੜਾ ਸੁਖਨ ਅਹਿਸਾਸ ਸੀ। ਸ਼ੁਕਰਗੁਜਾਰੀ ਭਰੀ ਮੁਸਕਾਨ ਵੰਡਣਾ, ਇਉਂ ਲੱਗਾ ਜੀਕੂੰ ਕੋਈ ਪਾਕ ਰੂਹ ਆਪਣੇ ਧੰਨਭਾਗ, ਜਸ਼ਨਾਂ ਦੇ ਨਾਮ ਕਰ ਰਹੀ ਹੋਵੇ। ਤੁਰਨ ਫਿਰਨ ਤੋਂ ਆਹਰੀ ਅਤੇ ਸਾਹ ਵਿਚ ਤਕਲੀਫ ਹੋਣ ਕਾਰਨ ਗੈਸ ਪਾਈਪ ਨੂੰ ਹਮੇਸ਼ਾ ਆਪਣੀ ਵੀਲ੍ਹ-ਚੇਅਰ ਨਾਲ ਲਾਈ ਰੱਖਣ ਵਾਲਾ ਅਮੋਲਕ ਸਿੰਘ ਜੰਮੂ ਚੜ੍ਹਦੀ ਕਲਾ ਦਾ ਮੁਜੱਸਮਾ ਸੀ। ਉਸ ਦੇ ਚਿਹਰੇ 'ਤੇ ਕੋਈ ਲਾਚਾਰਗੀ ਜਾਂ ਸ਼ਿਕਨ ਨਹੀਂ ਸੀ ਹੁੰਦਾ। ਬੋਲਣ ਵਿਚ ਔਖਿਆਈ ਦੇ ਬਾਵਜੂਦ ਉਹ ਆਪਣੀ ਗੱਲ ਕਹਿਣ ਅਤੇ ਹਰ ਪਤਵੰਤੇ ਨੂੰ ਹਾਰਦਿਕ ਜੀ ਆਇਆਂ ਕਹਿਣ ਲਈ ਉਤਾਵਲੇ ਸਨ। ਜ਼ਿੰਦਗੀ ਜਿਊਣ ਦਾ ਅੰਦਾਜ਼ ਅਤੇ ਜ਼ਿੰਦਗੀ ਨੂੰ ਨਵਾਂ ਸਿਰਲੇਖ ਦੇ, ਇਸ ਦੇ ਮੱਥੇ 'ਤੇ ਸਾਹ-ਸੁਯੋਗ ਦੀ ਨਿਰੰਤਰਤਾ ਧਰਨ ਦੀ ਆਰਟ, ਜੰਮੂ ਜੀ ਦਾ ਵੱਡਾ ਹਾਸਲ ਸੀ। ਹਾਲ ਦੇ ਇਕ ਪਾਸੇ ਪ੍ਰੋਗਰਾਮ ਦੇ ਹਰ ਪਹਿਲੂ ਅਤੇ ਹਰ ਪੜਾਅ ਨੂੰ ਨਿਹਾਰਦਾ, ਹੁਲਾਸ ਭਰੀ ਮੁਸਕਰਾਹਟ ਹਰ ਬੁਲਾਰੇ ਤੇ ਮਹਿਮਾਨ ਦੇ ਨਾਮ ਲਾਉਂਦਾ, ਉਹ ਆਪਣੀ ਮਿਕਨਾਤੀਸੀ ਖਿੱਚ ਨਾਲ ਹਰ ਇਕ ਨੂੰ ਪ੍ਰਭਾਵਤ ਕਰ ਰਿਹਾ ਸੀ।

ਜਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲਿਆ ਸਾਂ ਅਤੇ ਮੈਨੂੰ ਨਹੀਂ ਸੀ ਪਤਾ ਕਿ ਉਹ ਗੰਭੀਰ ਬਿਮਾਰੀ ਤੋਂ ਪੀੜਤ ਹਨ ਅਤੇ ਜ਼ਿੰਦਾਦਿਲੀ ਨਾਲ ਜਦੋ-ਜਹਿਦ ਕਰਦੇ, ਆਪਣੇ ਜੀਵਨ ਨੂੰ ਸੁਹੰਢਣਾ ਕਰ ਰਿਹਾ ਹੈ। ਹਰ ਈਮੇਲ ਦਾ ਮੋੜਵਾਂ ਜਵਾਬ ਦੇਣਾ, ਲੇਖ ਬਾਰੇ ਰਾਇ ਲਿਖਣਾ ਅਤੇ ਲੇਖ ਖਤਮ ਹੋਣ ਤੋਂ ਪਹਿਲਾਂ ਹੀ ਈਮੇਲ ਰਾਹੀਂ ਸੁਚੇਤ ਕਰਨਾ ਅਤੇ ਲੇਖ ਭੇਜਣ ਲਈ ਤਾਕੀਦ ਕਰਨਾ, ਉਨ੍ਹਾਂ ਦਾ ਨਿੱਤਨੇਮ ਵਰਗਾ ਕਰਮ ਮੇਰੇ ਚੇਤਿਆਂ ਵਿਚ ਤਰੋ-ਤਾਜ਼ਾ ਹੋ ਗਿਆ ਹੈ।

ਸ. ਅਮੋਲਕ ਸਿੰਘ ਜੰਮੂ ਦਾ ਆਪਣੀ ਸਿਹਤ ਬਾਰੇ ਫਿਕਰਮੰਦੀ ਨੂੰ ਵਾਸ਼ਪ ਕਰਦਿਆਂ, ਨਾਈਟ ਵਿਚ ਸੁਨੇਹਾ ਸੀ, "ਪੰਜਾਬ ਟਾਈਮਜ਼ ਨੇ ਮੈਨੂੰ ਜਿਊਣ ਦਾ ਆਹਰ ਦਿਤਾ ਹੈ। ਸਮੁੱਚੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਸਦਕਾ ਮੈਂ ਇਹ ਆਹਰ ਨਿਭਾਉਣ ਵਿਚ ਫਖਰ ਮਹਿਸੂਸ ਕਰਦਾ ਹਾਂ। ਆਸ ਹੈ ਕਿ ਤੁਹਾਡਾ ਸਾਰਥਿਕ ਹੁੰਗਾਰਾ, ਮੇਰੀ ਜ਼ਿੰਦਗੀ ਨੂੰ ਨਵਾਂ ਹੌਂਸਲਾ, ਹੱਲਾਸ਼ੇਰੀ ਅਤੇ ਇਸ ਬਿਮਾਰੀ 'ਤੇ ਜਿੱਤ ਪ੍ਰਾਪਤ ਕਰਨ ਲਈ ਲੋੜੀਂਦੀ ਹਿੰਮਤ ਦੇਵੇਗਾ।" ਉਨ੍ਹਾਂ ਦੀ ਜੀਵਨ ਸਾਥਣ ਜਸਪ੍ਰੀਤ ਕੌਰ, ਜੰਮੂ ਜੀ ਦਾ ਪ੍ਰਛਾਵਾਂ ਸਮਝੋ। ਹਰ ਲੋੜ ਤੇ ਥੋੜ੍ਹ ਦੀ ਪੂਰਤੀ ਦਾ ਖਿਆਲ ਅਤੇ ਸਮਰਪਣ ਦਾ ਜਲਾਲ।

ਦੂਸਰੇ ਦਿਨ ਜੰਮੂ ਜੀ ਨੇ ਆਪਣੇ ਘਰ ਵਿਚ ਨਿੱਜੀ-ਸੰਗਤ ਦੌਰਾਨ, ਜਸ਼ਨਾਂ ਦੀ ਕਾਮਯਾਬੀ 'ਤੇ ਸੰਤੁਸ਼ਟੀ ਜ਼ਾਹਿਰ ਕਰਦਿਆਂ ਕਿਹਾ ਕਿ ਪੰਜਾਬੀ ਭਾਈਚਾਰਾ ਬਹੁਤ ਮਾਣ ਦਿੰਦਾ ਹੈ ਅਤੇ ਮੈਂ ਕੋਸ਼ਿਸ਼ ਕਰਦਾ ਹਾਂ ਕਿ ਭਾਈਚਾਰੇ ਦਾ ਰਿਣ ਅਦਾ ਕਰਦਾ ਰਹਾਂ। ਉਨ੍ਹਾਂ ਦੱਸਿਆ ਸੀ ਕਿ ਜਦ ਉਨ੍ਹਾਂ ਦਾ ਬਾਪ ਮਿਲਣ ਆਇਆ ਸੀ ਤਾਂ ਮੱਥਾ ਚੁੰਮ ਕੇ ਕਹਿਣ ਲੱਗੇ ਕਿ ਤੂੰ ਹੌਂਸਲਾ ਨਹੀਂ ਹਾਰਨਾ, ਇਸ ਬਿਮਾਰੀ ਨਾਲ ਯੁੱਧ ਕਰਨਾ ਏ ਅਤੇ ਇਸ ਨੂੰ ਹਰਾਉਣਾ ਏ, ਸਿਰਫ ਤੇਰੇ ਵਰਗੇ ਮਰਦ ਹੀ ਭਿਆਨਕ ਬਿਮਾਰੀਆਂ ਨੂੰ ਹਰਾਉਂਦੇ ਅਤੇ ਜ਼ਿੰਦਗੀ ਦੇ ਹਰ ਪਲ ਨੂੰ ਹਰ ਇਕ ਰੰਗ ਵਿਚ ਮਾਣਦੇ ਆ।

ਲੰਮੇ ਸਫਰ ਕਾਰਨ ਜਲਦੀ ਤੁਰਨ ਦੀ ਮੇਰੀ ਕਾਹਲ ਨੂੰ ਜੰਮੂ ਜੀ ਨੇ ਬੜੇ ਸਹਿਜ ਨਾਲ ਲੈਂਦਿਆਂ ਕਿਹਾ ਕਿ ਚੰਗਾ, ਤੁਹਾਡੀ ਮਰਜ਼ੀ। ਹੋਰ ਠਹਿਰ ਜਾਂਦੇ ਤਾਂ ਚੰਗਾ ਸੀ। ਚੰਗਾ ਲੱਗਾ ਤੁਹਾਡਾ ਆਉਣਾ। ਅਗਲੇ ਸਾਲ ਫਿਰ ਮਿਲੇਗਾ ਮਿਲਣ ਦਾ ਸਬੱਬ। ਉਨ੍ਹਾਂ ਦੇ ਇਨ੍ਹਾਂ ਬੋਲਾਂ ਵਿਚ ਅਪਣੱਤ, ਮੋਹ ਤੇ ਮਾਣ ਦਾ ਗੂੜ੍ਹਾ ਰੰਗ ਸੀ।

ਸਰੀਰਕ ਦੁਸ਼ਵਾਰੀਆਂ ਨੂੰ ਠੁੱਠ ਦਿਖਾਉਣ ਵਾਲੇ ਅਤੇ ਆਪਣੀ ਮਟਕ ਨੂੰ ਬਰਕਰਾਰ ਰੱਖ, ਪੰਜਾਬੀ ਅਦਬ ਅਤੇ ਪੱਤਰਕਾਰੀ ਨੂੰ ਬੁਲੰਦੀਆਂ ਬਖ਼ਸ਼ਣ ਵਾਲੇ ਅਮੋਲਕ ਸਿੰਘ ਤੋਂ ਵਿਦਾ ਹੁੰਦਿਆਂ, ਮੈਨੂੰ ਪ੍ਰਸਿੱਧ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਯਾਦ ਆਇਆ ਜਿਸ ਨੇ ਸਰੀਰਕ ਅਪਾਹਜਤਾ ਨੂੰ ਟਿੱਚ ਜਾਣਦਿਆਂ, ਭੌਤਿਕ ਵਿਗਿਆਨ ਦੇ ਖੇਤਰ ਵਿਚ ਅਦਭੁੱਤ ਖੋਜਾਂ ਨਾਲ ਵਿਗਿਆਨ ਨੂੰ ਉਚੇ ਦਿਸਹੱਦਿਆਂ 'ਤੇ ਪਹੁੰਚਾਇਆ ਸੀ।

ਸ. ਅਮੋਲਕ ਸਿੰਘ ਜੰਮੂ ਪੰਜਾਬੀ ਦਾ ਸਟੀਫਨ ਹਾਕਿੰਗ ਹੀ ਤਾਂ ਹੈ।

# ਪੱਤਰਕਾਰੀ ਦਾ ਕੋਹੇਨੂਰ ਸੀ ਅਮੋਲਕ ਸਿੰਘ ਜੰਮੂ

*(ਪਿਛਲੇ ਸਫੇ ਦੀ ਬਾਕੀ)*

ਕੱਪ ਵਿਚ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਣਾ ਸੀ। ਬਲਬੀਰ ਸਿੰਘ ਨਾਲ ਅਸੀਂ ਸ਼ਿਕਾਗੋ ਪੁੱਜੇ ਤਾਂ ਅਮੋਲਕ ਸਿੰਘ ਦਾ ਹਾਲ ਚਾਲ ਪੁੱਛਣ ਵੀ ਗਏ। ਉਹ ਪਰਿਵਾਰ ਦੇ ਜੀਆਂ ਨਾਲ ਖੁੱਲ੍ਹੇ ਵਿਹੜੇ ਵਿਚ ਰੁੱਖ ਦੀ ਛਾਂਵੇਂ ਵੀਲ੍ਹ ਚੇਅਰ 'ਤੇ ਬੈਠਾ ਸੀ। ਮੁਸਕਰਾਉਂਦਾ ਹੋਇਆ ਚੜ੍ਹਦੀ ਕਲਾ ਵਿਚ ਮਿਲਿਆ ਜਿਸ ਨਾਲ ਤਸੱਲੀ ਹੋਈ ਕਿ 'ਪੰਜਾਬ ਟਾਈਮਜ਼' ਚੜ੍ਹਦੀਆਂ ਕਲਾਂ ਵਿਚ ਹੀ ਰਹੇਗਾ। ਚਾਹ ਪਾਣੀ ਪੀਂਦਿਆਂ ਖੁੱਲ੍ਹੀਆਂ ਗੱਲਾਂ ਬਾਤਾਂ ਹੋਈਆਂ। ਮੇਰੇ ਵੱਲੋਂ ਲਿਖੀ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਬਲਬੀਰ ਸਿੰਘ ਦੇ ਦਸਤਖਤਾਂ ਨਾਲ ਉਸ ਨੂੰ ਭੇਟ ਕੀਤੀ।

2017 ਦੀ 'ਪੰਜਾਬ ਟਾਈਮਜ਼ ਨਾਈਟ' ਵਿਚ ਮੈਨੂੰ ਤੇ ਵਰਿਆਮ ਸਿੰਘ ਸੰਧੂ ਨੂੰ ਸ਼ਾਮਲ ਹੋਣ ਦਾ ਸੱਦਾ ਮਿਲਿਆ, ਪਰ ਅਸੀਂ ਪੰਜਾਬ ਗਏ ਹੋਣ ਕਾਰਨ ਸ਼ਾਮਲ ਨਾ ਹੋ ਸਕੇ। 2018 ਵਿਚ ਫਿਰ ਸੱਦਾ ਮਿਲਿਆ। ਅਸੀਂ ਟੋਰਾਂਟੋ ਤੋਂ ਬੱਸ ਚੜ੍ਹੇ ਤੇ ਸ਼ਿਕਾਗੋ ਜਾ ਪੁੱਜੇ। ਨਿੱਕੀ ਸੇਖੋਂ ਬੱਸ ਅੱਡੇ ਤੋਂ ਸਾਨੂੰ ਆਪਣੇ ਘਰ ਲੈ ਗਈ। ਸ਼ਾਮੀਂ ਸਮਾਗਮ ਹਾਲ ਵਿਚ ਪਹੁੰਚੇ ਜਿਥੇ ਵੀਲ੍ਹ ਚੇਅਰ ਉਤੇ ਬੈਠਾ ਅਮੋਲਕ ਸਿੰਘ ਤੇ ਆਲੇ ਦੁਆਲੇ ਉਹਦਾ ਪਰਿਵਾਰ ਪ੍ਰਾਹੁਣਿਆਂ ਨੂੰ ਜੀ ਆਇਆਂ ਕਹਿ ਰਹੇ ਸਨ। ਅਸੀਂ ਅਮੋਲਕ ਨੂੰ ਗਲਵੱਕੜੀ ਪਾ ਕੇ ਮਿਲੇ। ਮਿਲਾਪ ਵਿਚ ਗੜੂੰਦ ਉਹਦੀਆਂ ਅੱਖਾਂ ਤਰ ਹੋ ਗਈਆਂ ਤੇ ਨਾਲ ਸਾਡੀਆਂ ਵੀ।

ਸਮਾਗਮ ਦੇ ਮੁੱਖ ਮਹਿਮਾਨ ਵਜੋਂ ਬੋਲਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ, "ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾਂ ਕਿ ਗਦਰੀ ਬਾਬਿਆਂ ਨੇ 'ਗਦਰ' ਅਖਬਾਰ ਸ਼ੁਰੂ ਕਰ ਕੇ ਜਿਹੜੀ ਵੱਡੀ ਜੰਗ ਦਾ ਅਰੰਭ ਕੀਤਾ ਸੀ, 'ਪੰਜਾਬ ਟਾਈਮਜ਼' ਉਸੇ ਜੰਗ ਨੂੰ ਲੜਨ ਵਾਲਾ ਉਹਦਾ ਸੱਚਾ ਸੁੱਚਾ ਵਾਰਸ ਹੈ। ਅਮੋਲਕ ਸਿੰਘ ਭਾਵੇਂ ਹੁਣ ਬੋਲ ਨਹੀਂ ਸਕਦਾ, ਪਰ ਅਖਬਾਰ ਰਾਹੀਂ ਪੂਰੇ ਉਤਰੀ ਅਮਰੀਕਾ ਵਿਚ ਇਹਦੀ ਆਵਾਜ਼ ਸ਼ੇਰ ਦੀ ਗਰਜ ਵਾਂਗ ਗੂੰਜਦੀ ਪਈ ਐ।"

ਸੰਧੂ ਨੇ ਅੱਗੇ ਕਿਹਾ, "ਅੱਜ ਬਹੁਤ ਸਾਰਾ ਮੀਡੀਆ ਵਿਕਿਆ ਪਿਆ ਹੈ। ਉਨ੍ਹਾਂ ਦੀ ਆਪਣੀ ਆਵਾਜ਼ ਕੋਈ ਨਹੀਂ, ਉਹ ਧੂਤੂ ਨੇ, ਉਹ ਉਹੀ ਕੁਝ ਬੋਲਦੇ ਨੇ ਜਿਹੜੇ ਉਨ੍ਹਾਂ ਦੇ ਪਿਛੇ ਉਨ੍ਹਾਂ ਦੇ ਆਕਾ, ਪੈਸੇ ਦੇਣ ਵਾਲੇ ਕਹਿੰਦੇ ਨੇ। ਸੱਚ ਬੋਲਣ ਵਾਲਾ ਕੋਈ ਕੋਈ ਬਚਿਆ ਹੈ। 'ਪੰਜਾਬ ਟਾਈਮਜ਼' ਦੀ ਟੇਕ ਵੱਡੇ ਬੰਦਿਆਂ 'ਤੇ ਨਹੀਂ, ਉਹਦੀ ਟੇਕ ਤਾਂ ਆਪਣੇ ਭਾਈਚਾਰੇ 'ਤੇ ਹੈ। ਅਮੋਲਕ ਤੇ ਉਹਦਾ 'ਪੰਜਾਬ ਟਾਈਮਜ਼' ਮੈਨੂੰ ਆਪਣੀ ਗੱਲ ਕੁਝ ਇੰਜ ਕਹਿੰਦੇ ਲਗਦੇ ਨੇ:

ਹਮ ਫਕੀਰੋਂ ਸੇ ਜੋ ਚਾਹੇ ਦੁਆ ਲੇ ਜਾਏ<br>
ਫਿਰ ਖ਼ੁਦਾ ਜਾਨੇ ਹਮ ਕੋ ਕਹਾਂ ਹਵਾ ਲੇ ਜਾਏ।<br>
ਹਮ ਤੋ ਸੱਰੇ ਰਾਹ ਲੀਏ ਬੈਠੇ ਹੈਂ ਚਿੰਗਾਰੀ<br>
ਜਿਸ ਕਾ ਜੀਅ ਚਾਹੇ ਚਿਰਾਗੋਂ ਕੋ ਜਲਾ ਲੇ ਜਾਏ।

ਤਦੇ ਮੈਂ ਮੁੱਢ ਵਿਚ ਲਿਖਿਆ ਹੈ, ਅਮੋਲਕ ਸਿੰਘ ਦਾ ਨਾਂ ਹੀ ਅਮੋਲਕ ਨਹੀਂ, ਉਹ ਸੀ ਹੀ ਅਨਮੋਲ ਹੀਰਾ। ਪੱਤਰਕਾਰੀ ਦਾ ਕੋਹੇਨੂਰ।

ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਉਹਦਾ ਨਾਂ ਸੁਨਹਿਰੀ ਅੱਖਰਾਂ ਵਿਚ ਜਗਮਗਾਉਂਦਾ ਰਹੇਗਾ!

## *Loss to a quality journalism*



Very sad to hear that Amolak Singh has left this world for heavenly abode. For years, he fought his ailment like a soldier on the war front. He was a man of never say die spirit. depsite health constraints, he produced excellent weekly paper rich with content accomodating almost all opinions. Loss to a quality journalism. RIP.

*-Sarbjit Dhaliwal*

Sad I remember Amolak stayed with me for three- four days when he had applied for visa in US Embassy in New Delhi. I was living alone in a flat(1990-91-92). Along with my job as reporter in UNI I was doing trade union and left activism . I use to come in flat only for sleeping. It was dirty and so was the kitchen. I wondered Amolak cleaned every nook and corner of the flat in my absence even I told him not to take any trouble. Perhaps he could not tolerate dirt as he was apt to his thinking as well as the society.



*-Jaspal Singh Sidhu*

# ਅਮੋਲਕ ਸਿੰਘ ਸਾਥੋਂ ਵਿਛੜ ਗਿਆ

ਅਮੋਲਕ ਸਿੰਘ, ਗੁਰਦਿਆਲ ਨਾਲ ਚੰਡੀਗੜ੍ਹ ਪੰਜਾਬੀ ਟ੍ਰਿਬਿਊਨ ਵਿਚ ਕੰਮ ਕਰਦਾ ਸੀ। ਉਸ ਦਾ ਸ਼ੁਮਾਰ ਬੱਲ ਦੇ ਬਹੁਤ ਕਰੀਬੀ ਦੋਸਤਾਂ ਵਿਚ ਰਿਹਾ ਹੈ, ਬਿਲਕੁਲ ਇੱਕ ਪਰਿਵਾਰਕ ਮੈਂਬਰ ਦੀ ਤਰ੍ਹਾਂ। ਇਸ ਲਈ ਜਾਣ-ਆਉਣ, ਮਿਲਣ-ਵਰਤਣ ਬਣਿਆ ਹੋਇਆ ਸੀ। ਫਿਰ ਅਚਾਨਕ ਹੀ ਉਸ ਦਾ ਪ੍ਰੋਗਰਾਮ ਅਮਰੀਕਾ ਆਉਣ ਦਾ ਬਣ ਗਿਆ ਤਾਂ ਸਿਰਫ ਇੱਕ ਵਾਰ ਮੁਲਾਕਾਤ ਹੋਈ, ਜਦੋਂ ਪੱਤਰਕਾਰ ਕਰਮਜੀਤ ਸਿੰਘ ਦੀ ਵੱਡੀ ਲੜਕੀ ਜੋਤੀ ਦਾ ਵਿਆਹ ਦੇਖਣ ਉਹ ਅਮਰੀਕਾ ਤੋਂ ਚੰਡੀਗੜ੍ਹ ਆਇਆ। ਉਦੋਂ ਉਸ ਦੀ ਬਿਮਾਰੀ ਦਾ ਥੋੜ੍ਹਾ ਥੋੜ੍ਹਾ ਅਸਰ ਉਸ ਦੇ ਸੋਹਣੇ-ਸੁਨੱਖੇ ਸਰੀਰ 'ਤੇ ਨਜ਼ਰ ਆਉਣ ਲੱਗ ਪਿਆ ਸੀ। ਬੱਲ ਦੇ ਦੋਸਤਾਂ ਵਿਚ ਕੋਈ ਵੀ ਹੋਰ ਏਨਾ ਉੱਚਾ-ਲੰਬਾ, ਸੁਨੱਖੀ ਦਿਖ ਵਾਲਾ ਜੁਆਨ ਮੈਂ ਨਹੀਂ ਦੇਖਿਆ ਅਤੇ ਉਸ ਦਾ ਵਤੀਰਾ ਵੀ ਹਮੇਸ਼ਾ ਬਹੁਤ ਹੀ ਹਲੀਮੀ ਅਤੇ ਸਤਿਕਾਰ ਭਰਿਆ ਰਿਹਾ ਹੈ। ਫਿਰ ਸਾਡੇ ਵੱਡੇ ਪੁੱਤਰ ਮਨਵੀਰ ਨੇ ਸਾਨੂੰ

**ਡਾ. ਗੁਰਨਾਮ ਕੌਰ, ਕੈਨੇਡਾ**

ਸਪਾਂਸਰ ਕੀਤਾ ਤਾਂ ਅਸੀਂ ਵੀ 2008 ਵਿਚ ਛੋਟੇ ਬੇਟੇ ਗੁਰਨੀਤ ਸਮੇਤ ਕੈਨੇਡਾ ਆ ਗਏ।

ਸਾਥੋਂ ਕੁਝ ਹੀ ਮਹੀਨੇ ਬਾਅਦ "ਦੇਸ਼ ਸੇਵਕ" ਦੇ ਸੰਪਾਦਕ ਰਹਿ ਚੁੱਕੇ ਜਸਵੀਰ ਸ਼ਮੀਲ ਹੋਰੀਂ ਵੀ ਸਾਡੇ ਗੁਆਂਢ ਵਿਚ ਹੀ ਕੈਨੇਡਾ ਆ ਕੇ ਰਹਿਣ ਲੱਗ ਪਏ। ਮੈਂ ਕਦੇ ਸੋਚਿਆ ਨਹੀਂ ਸੀ ਕਿ ਮੈਂ ਅਖਬਾਰ ਲਈ ਕਦੀ ਲਗਾਤਾਰ ਲਿਖਾਂਗੀ, ਕਿਉਂਕਿ ਕਿਸੇ ਅਖਬਾਰ ਲਈ ਲਿਖਣਾ ਮੇਰੇ ਸੁਭਾਅ ਦਾ ਹਿੱਸਾ ਨਹੀਂ ਸੀ। ਕੁਝ ਦੇਰ "ਪੰਜਾਬੀ ਟ੍ਰਿਬਿਊਨ" ਲਈ ਉਦੋਂ ਲਿਖਿਆ ਸੀ, ਜਦੋਂ ਪੰਜਾਬੀ ਦੇ ਸਿਰਮੌਰ ਸਾਹਿਤਕਾਰ ਸ. ਗੁਰਬਚਨ ਸਿੰਘ ਭੁੱਲਰ ਪੰਜਾਬੀ ਟ੍ਰਿਬਿਊਨ ਦੇ ਐਡੀਟਰ ਬਣੇ ਸਨ, ਕਿਉਂਕਿ ਅਚਾਨਕ ਇੱਕ ਦਿਨ ਫੋਨ ਕਰਕੇ ਭੁੱਲਰ ਸਾਹਿਬ ਨੇ ਕਿਹਾ ਸੀ, "ਬੀਬੀ ਗੁਰਨਾਮ ਤੁਸੀਂ ਸਾਡੇ ਅਖਬਾਰ ਲਈ ਕਿਉਂ ਨਹੀਂ ਲਿਖਦੇ?" ਮੈਂ ਅੱਗੋਂ ਕਿਹਾ ਸੀ, "ਭੁੱਲਰ ਸਾਹਿਬ, ਗੁਰਦਿਆਲ ਹੋਰੀਂ ਅਖਬਾਰ ਵਿਚ ਕੰਮ ਕਰਦੇ ਹਨ, ਚੰਗਾ ਨਹੀਂ ਲਗਦਾ ਕਿ ਕੋਈ ਕਿੰਤੂ ਪ੍ਰੰਤੂ ਕਰੇ।" ਉਨ੍ਹਾਂ ਨੇ ਮੁੜ ਕੇ ਕਿਹਾ, "ਬੀਬੀ! ਜਦੋਂ ਮੈਂ ਕਹਿ ਰਿਹਾਂ। ਅੱਜ ਤੋਂ ਹਰ ਹਫਤੇ ਸਿੱਖ ਧਰਮ 'ਤੇ ਇੱਕ ਲੇਖ ਤੁਹਾਡਾ ਆਉਣਾ ਚਾਹੀਦਾ ਹੈ।" ਖੈਰ! ਜਿੰਨਾ ਚਿਰ ਭੁੱਲਰ ਸਾਹਿਬ ਸੰਪਾਦਕ ਰਹੇ, ਮੈਂ ਟ੍ਰਿਬਿਊਨ ਲਈ ਲਿਖਦੀ ਰਹੀ।

ਸ਼ਮੀਲ ਹੋਰੀਂ ਉਦੋਂ ਟੋਰਾਂਟੋ ਤੋਂ ਨਿਕਲਦੀ ਪੰਜਾਬੀ ਅਖਬਾਰ "ਪਰਵਾਸੀ" ਦੇ ਸੰਪਾਦਕ ਦੀ ਸੇਵਾ ਨਿਭਾ ਰਹੇ ਸਨ। ਅਚਾਨਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ "ਮੂਲ ਨਾਨਕਸ਼ਾਹੀ ਕੈਲੰਡਰ" ਨੂੰ ਰੱਦ ਕਰ ਦਿੱਤਾ, ਜੋ ਪਿਛਲੇ 7 ਸਾਲ ਤੋਂ ਲਾਗੂ ਸੀ। ਮੈਂ ਸ਼ਮੀਲ ਨੂੰ ਕਿਹਾ ਕਿ ਮੈਂ ਇਸ ਸਬੰਧੀ ਲੇਖ ਲਿਖਣਾ ਹੈ, ਕਿਉਂਕਿ ਮੈਂ ਨਾਨਕਸ਼ਾਹੀ ਕੈਲੰਡਰ ਲਈ ਜਥੇਦਾਰ ਅਕਾਲ ਤਖਤ ਸਾਹਿਬ ਜੋਗਿੰਦਰ ਸਿੰਘ ਵੇਦਾਂਤੀ ਜੀ ਵੱਲੋਂ ਬਣਾਈ ਗਿਆਰਾਂ ਮੈਂਬਰੀ ਕਮੇਟੀ ਦੀ ਮੈਂਬਰ ਸੀ। ਸ਼ਮੀਲ ਨੇ ਮੇਰਾ ਲੇਖ "ਪਰਵਾਸੀ ਪੰਜਾਬੀ" ਵਿਚ ਲਾ ਦਿੱਤਾ ਅਤੇ ਨਾਲ ਹੀ ਮੈਨੂੰ ਕਿਹਾ ਕਿ ਮੈਂ ਹਰ ਹਫਤੇ ਪਰਵਾਸੀ ਲਈ ਲਿਖਾਂ। ਸ਼ਮੀਲ, ਅਮੋਲਕ ਸਿੰਘ ਦੇ ਲਗਾਤਾਰ ਸੰਪਰਕ ਵਿਚ ਸੀ। ਅਮੋਲਕ ਸਿੰਘ ਦੀ ਖਾਸੀਅਤ ਸੀ ਕਿ ਉਹ ਆਪਣੇ ਬਣਾਏ ਸੰਪਰਕ ਕਾਇਮ ਰੱਖਦਾ ਸੀ। ਗੁਰਦਿਆਲ ਹੋਰੀਂ ਭਾਵੇਂ ਕੈਨੇਡਾ ਵਿਚ ਛੇ ਮਹੀਨੇ ਲਾ ਕੇ ਵਾਪਸ ਪਟਿਆਲੇ ਚਲੇ ਗਏ ਸਨ, ਪਰ ਅਮੋਲਕ ਸਿੰਘ ਸਾਡੇ ਨਾਲ ਲਗਾਤਾਰ ਫੋਨ 'ਤੇ ਗੱਲਬਾਤ ਕਰਦਾ ਰਹਿੰਦਾ ਸੀ। ਇੱਕ ਦਿਨ ਅਮੋਲਕ ਸਿੰਘ ਦਾ ਅਚਾਨਕ ਫੋਨ ਆਇਆ ਅਤੇ ਬੋਲਿਆ, "ਭਾਬੀ ਜੀ! ਤੁਸੀਂ ਆਪਣੀ ਘਰ ਦੀ ਅਖਬਾਰ ਲਈ ਕਿਉਂ ਨਹੀਂ ਲਿਖਦੇ?" ਮੈਂ ਉਸ ਨੂੰ ਦੱਸਿਆ ਕਿ ਮੈਨੂੰ ਟਾਈਪ ਕਰਨੀ ਨਹੀਂ ਆਉਂਦੀ। ਉਸ ਨੇ ਕਿਹਾ ਕਿ ਮੈਂ ਤੁਹਾਨੂੰ ਲਿੰਕ ਭੇਜਦਾ ਹਾਂ, ਬੇਟੇ ਨੂੰ ਕਹੋ ਗੁਰਮੁਖੀ ਲਿਪੀ ਡਾਊਨ ਲੋਡ ਕਰ ਦੇਵੇ। ਇਸ ਤਰ੍ਹਾਂ ਅਮੋਲਕ ਨੇ ਮੈਨੂੰ ਟਾਈਪ ਕਰਨ ਵੀ ਲਾਇਆ ਅਤੇ ਅਖਬਾਰ ਵਿਚ ਲਿਖਣ ਵੀ। ਪਰਵਾਸੀ ਵਿਚ ਤਾਂ ਮੈਂ ਉਦੋਂ ਤੱਕ ਲਿਖਿਆ, ਜਦੋਂ ਤੱਕ ਸ਼ਮੀਲ ਨੇ ਉਥੇ ਕੰਮ ਕੀਤਾ, ਪਰ ਆਪਣੇ ਘਰ ਦੀ ਅਖਬਾਰ "ਪੰਜਾਬ ਟਾਈਮਜ਼" ਲਈ ਮੈਂ ਲਗਾਤਾਰ ਲਿਖਦੀ ਹਾਂ।



ਸ. ਜੰਮੂ ਨਾਲ ਗੁਰਦਿਆਲ ਸਿੰਘ ਬੱਲ, ਡਾ. ਗੁਰਨਾਮ ਕੌਰ ਅਤੇ ਪਰਿਵਾਰ

ਫਿਰ ਅਚਾਨਕ 2010 ਦੀਆਂ ਗਰਮੀਆਂ ਵਿਚ ਸਾਡੀ ਇੱਕ ਪਿਆਰੀ ਜਿਹੀ ਕੁੜੀ ਡਾ. ਮੋਹਣ ਵਿਰਕ ਵੱਲੋਂ ਸ਼ਿਕਾਗੋ ਤੋਂ ਸੱਦਾ ਆ ਗਿਆ ਕਿ ਮੈਂ ਹਰ ਹਾਲਤ ਵਿਚ ਉਸ ਦੇ ਬੇਟੇ ਨੀਲ ਦੀ "ਗਰੈਜੂਏਸ਼ਨ ਪਾਰਟੀ" ਵਿਚ ਸ਼ਾਮਲ ਹੋਵਾਂ। ਮੋਹਣ ਦੇ ਹੋਰ ਰਿਸ਼ਤੇਦਾਰ ਵੀ ਬਰੈਂਪਟਨ ਵਿਚ ਰਹਿੰਦੇ ਹਨ, ਜਿਨ੍ਹਾਂ ਨਾਲ ਸਾਡੀ ਵੀ ਰਿਸ਼ਤੇਦਾਰੀ ਹੈ। ਇਸ ਤਰ੍ਹਾਂ ਜਦੋਂ ਮੈਂ ਇੱਕ ਰਿਸ਼ਤੇਦਾਰ ਪਰਿਵਾਰ ਨਾਲ ਸ਼ਿਕਾਗੋ ਗਈ ਤਾਂ ਮੋਹਣ ਦੇ ਭਰਾ ਜਗਬੀਰ ਨੇ ਕਿਹਾ, "ਭਾਬੀ ਜੀ, ਅਮੋਲਕ ਭਾਅ ਜੀ ਨੂੰ ਮਿਲਣ ਚੱਲੀਏ?" "ਅੰਨ੍ਹਾ ਕੀ ਭਾਲੇ ਦੋ ਅੱਖਾਂ" ਮੈਂ ਖੁਸ਼ ਹੋ ਗਏ, ਕਿਉਂਕਿ ਇਨ੍ਹਾਂ ਮੁਲਕਾਂ ਵਿਚ ਕਿਸੇ ਨੂੰ ਆਪਣੇ ਵੱਲੋਂ ਕਹਿਣਾ ਕਿ ਤੁਹਾਨੂੰ ਕਿਸੇ ਨੂੰ ਮਿਲਣ ਲੈ ਜਾਵੇ, ਔਖਾ ਲੱਗਦਾ ਹੈ, ਕਿਸੇ ਕੋਲ ਜ਼ਿਆਦਾ ਵਿਹਲ ਹੀ ਨਹੀਂ ਹੁੰਦੀ। ਗੱਡੀ ਤੇ ਘੰਟੇ ਕੁ ਦੀ ਡਰਾਈਵ ਕਰਕੇ ਜਗਬੀਰ, ਉਸ ਦਾ ਦੋਸਤ ਅਤੇ ਮੈਂ ਅਮੋਲਕ ਕੋਲ ਪਹੁੰਚੇ। ਅਮੋਲਕ, ਜੋ ਇੱਕ ਸੁਨੱਖਾ-ਸੁਹਣਾ ਉੱਚਾ-ਲੰਬਾ ਤਿੱਖੀ ਨੋਕਦਾਰ ਪੱਗ ਬੰਨ੍ਹਣ ਵਾਲਾ ਜੁਆਨ ਸੀ, ਕਲੀਨ-ਸ਼ੇਵਡ ਸਰੂਪ ਵਿਚ ਸਾਹਮਣੇ, ਉਸ ਲਈ ਖਾਸ ਬਣੇ ਬੈੱਡ 'ਤੇ ਲੇਟਿਆ ਹੋਇਆ ਸੀ। ਉਸ ਨੂੰ ਦੇਖ ਕੇ ਮੈਂ ਧੁਰ ਅੰਦਰ ਤੱਕ ਕੰਬ ਗਈ। ਮੈਂ ਸੋਚਿਆ ਹੀ ਨਹੀਂ ਸੀ ਕਿ ਹਰ ਹਫਤੇ ਵੀਰਵਾਰ ਨੂੰ ਵਿਹਲਾ ਹੋ ਕੇ ਲੰਬਾ ਸਮਾਂ ਫੋਨ 'ਤੇ ਮੇਰੇ ਅਤੇ ਬੱਚਿਆ ਨਾਲ ਧੜੱਲੇਦਾਰ ਆਵਾਜ਼ ਵਿਚ ਗੱਲ ਕਰਨ ਵਾਲਾ ਅਮੋਲਕ ਮੰਜੇ 'ਤੇ ਇਸ ਹਾਲਤ ਵਿਚ ਮਿਲੇਗਾ। ਮੈਂ ਆਪਣੇ ਚਿਹਰੇ ਦੇ ਹਾਵ-ਭਾਵ ਅਤੇ ਹੰਝੂ-ਦੋਵੇਂ ਹੀ ਬਹੁਤ ਕੋਸ਼ਿਸ਼ ਨਾਲ ਰੋਕ ਕੇ ਰੱਖੇ। ਸਾਡੇ ਨਾਲ ਚਾਹ ਪੀਣ ਦਾ ਸਾਥ ਦੇਣ ਲਈ ਉਸ ਦੇ ਬੈੱਡ ਨੂੰ ਖਾਸ ਪੁਜੀਸ਼ਨ ਵਿਚ ਲਿਆ ਕੇ ਢੋਅ ਲੁਆਈ ਗਈ ਅਤੇ ਚਾਹ ਪਿਆਈ ਗਈ। ਉਹ ਆਪਣੇ ਆਪ ਉਂਗਲ ਤੱਕ ਨਹੀਂ ਸੀ ਹਿਲਾ ਸਕਦਾ, ਪਰ ਅਖਬਾਰ ਦਾ ਸਾਰਾ ਮੈਟਰ ਆਪ ਦੇਖਦਾ ਸੀ, ਜਿਸ ਲਈ ਵੱਡੀ ਸਕਰੀਨ ਦਾ ਇੰਤਜ਼ਾਮ ਕੀਤਾ ਹੋਇਆ ਸੀ।

ਵਾਪਸ ਆ ਕੇ ਮੈਂ ਅਮੋਲਕ ਲਈ ਕਾਫੀ ਫਿਕਰਮੰਦ ਹੋ ਗਈ ਅਤੇ ਕੋਸ਼ਿਸ਼ ਕਰਦੀ ਕਿ ਵੀਰਵਾਰ ਨੂੰ ਖੁਦ ਫੋਨ ਕਰਾਂ। ਦੂਸਰੀ ਵਾਰ ਉਸ ਨੂੰ ਮਿਲਣ ਦ ਮੌਕਾ ਉਸ ਦੇ ਇਕਲੌਤੇ ਪੁੱਤਰ ਮਨਦੀਪ ਦੇ ਵਿਆਹ 'ਤੇ ਜਾਣ ਦਾ ਬਣਿਆ। ਅਸੀਂ ਪਰਿਵਾਰ ਸਮੇਤ ਮਨਦੀਪ ਦਾ ਵਿਆਹ ਦੇਖਣ ਗਏ। ਅਮੋਲਕ ਨੇ ਸਾਰੀਆਂ ਰਸਮਾਂ ਵਿਚ ਵ੍ਹੀਲ ਚੇਅਰ 'ਤੇ ਬੈਠ ਕੇ ਸ਼ਮੂਲੀਅਤ ਕੀਤੀ। ਫਿਰ 2015 ਦੇ 31 ਮਾਰਚ ਦੀ "ਪੰਜਾਬ ਟਾਈਮਜ਼" ਦੀ ਵਰ੍ਹੇਗੰਢ ਵਿਚ ਸ਼ਾਮਲ ਹੋਣ ਲਈ ਅਮੋਲਕ ਨੇ ਇਸਰਾਰ ਕੀਤਾ ਤਾਂ ਅਸੀਂ ਸਾਰਾ ਪਰਿਵਾਰ ਫਿਰ ਸ਼ਿਕਾਗੋ ਗਏ। ਉਥੇ ਜਾ ਕੇ ਦੇਖਿਆ ਕਿ ਅਮੋਲਕ ਨੂੰ ਚਾਹੁਣ ਵਾਲੇ ਉਸ ਦੇ ਮਿੱਤਰ ਪਿਆਰੇ, ਸਨੇਹੀ ਅਤੇ ਸਹਿਯੋਗੀ ਕਿਵੇਂ ਉਸ ਤੋਂ ਵਾਰੇ ਵਾਰੇ ਜਾਂਦੇ ਹਨ ਅਤੇ ਸਾਰਾ ਪ੍ਰਬੰਧ ਕਰਦੇ ਹਨ। ਮੈਂ ਕੈਨੇਡਾ ਪੱਕੇ ਤੌਰ 'ਤੇ ਰਹਿਣ ਤੋਂ ਪਹਿਲਾਂ ਵੀ ਕੈਨੇਡਾ-ਅਮਰੀਕਾ ਕਾਨਫਰੰਸਾਂ-ਸੈਮੀਨਾਰਾਂ ਵਿਚ ਲਗਾਤਾਰ ਆਉਂਦੀ ਰਹੀ ਹਾਂ ਅਤੇ ਇਨ੍ਹਾਂ ਮੁਲਕਾਂ ਦਾ ਵੱਡਾ ਹਿੱਸਾ ਅਤੇ ਸ਼ਹਿਰ ਗਾਹੇ ਹਨ; ਪਰ ਅਮੋਲਕ ਸਦਕਾ ਪੰਜਾਬ ਟਾਈਮਜ਼ ਨੇ ਮੇਰੀ ਵੱਖਰੀ ਪਛਾਣ ਬਣਾਈ ਹੈ।

ਮੈਂ ਗਦਰ ਲਹਿਰ ਤੇ ਇੱਕ ਸੈਮੀਨਾਰ ਵਿਚ ਸ਼ਾਮਲ ਹੋਣ ਸਟਾਕਟਨ (ਅਮਰੀਕਾ) ਗਈ ਤਾਂ ਉਥੇ ਮੇਰੇ ਗੁਆਂਢੀ ਪਿੰਡ ਕੋਟਲਾ ਸ਼ਮਸ਼ਪੁਰ ਤੋਂ ਸਕੂਲ ਵਿਚ ਮੈਥੋਂ ਦੋ ਸਾਲ ਸੀਨੀਅਰ ਤ੍ਰਿਪਤ ਕੰਗ ਆਪਣੇ ਪਤੀ ਨਾਲ ਮਿਲਣ ਆਈ। ਉਸ ਦੇ ਪਤੀ ਨੇ ਪੰਜਾਬ ਟਾਈਮਜ਼ ਵਿਚ ਮੇਰੀ ਕਿਸੇ ਲੇਖ ਲੜੀ ਵਿਚ ਤ੍ਰਿਪਤ ਦਾ ਨਾਮ ਪੜ੍ਹਿਆ ਸੀ ਅਤੇ ਉਸ ਨੇ ਤ੍ਰਿਪਤ ਨੂੰ ਦੱਸਿਆ ਸੀ। ਮੈਨੂੰ ਹਿਊਸਟਨ-ਟੈਕਸਸ ਜਾਣ ਦਾ ਮੌਕਾ ਪੰਜਾਬ ਟਾਈਮਜ਼ ਕਰਕੇ ਮਿਲਿਆ। ਪੰਜਾਬ ਟਾਈਮਜ਼ ਅਮਰੀਕਾ ਵਿਚ ਏਨਾ ਜ਼ਿਆਦਾ ਹਰਮਨ ਪਿਆਰਾ ਅਖਬਾਰ ਹੋ ਗਿਆ ਹੈ, ਇਹ ਮੈਨੂੰ ਅਮਰੀਕਾ ਵਿਚ ਵੱਖ ਵੱਖ ਥਾਂਵਾਂ ਉਤੇ ਜਾਣ 'ਤੇ ਅਹਿਸਾਸ ਹੋਇਆ ਅਤੇ ਮੈਨੂੰ ਆਪ ਨੂੰ ਵੀ, ਭਾਵੇਂ ਮੈਂ ਲੇਖ ਭੇਜਿਆ ਹੋਵੇ ਜਾਂ ਨਾ, ਇਸ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਮੈਂ ਆਪਣੀ ਭਤੀਜੀ ਦੇ ਪੁੱਤਰ ਦਾ ਵਿਆਹ ਦੇਖਣ ਅਮਰੀਕਾ ਦੇ ਯੂਬਾ ਸਿਟੀ ਗਈ ਅਤੇ ਮੁੰਡੇ ਨੂੰ ਵਿਆਹੁਣ ਅਸੀਂ ਫਰਿਜ਼ਨੋ ਗਏ। ਉਥੇ ਜਦੋਂ ਸਾਡੀ ਵਹੁਟੀ ਦੀ ਦਾਦੀ ਨੂੰ ਪਤਾ ਲੱਗਾ ਕਿ ਮੈਂ ਵਿਆਹ ਵਿਚ ਆਈ ਹਾਂ ਤਾਂ ਉਸ ਦੀ ਪਹਿਲੀ ਇੱਛਾ ਇਹ ਸੀ ਕਿ ਉਸ ਨੂੰ ਮੇਰੇ ਨਾਲ ਜ਼ਰੂਰ ਮਿਲਾਇਆ ਜਾਵੇ। ਮੈਨੂੰ ਬਹੁਤ ਹੈਰਾਨੀ ਵੀ ਹੋਈ ਅਤੇ ਖੁਸ਼ੀ ਵੀ ਕਿ ਅਮੋਲਕ ਦੀ ਮਿਹਨਤ ਕਿਵੇਂ ਸਾਰੇ ਅਮਰੀਕਾ ਵਿਚ ਸਲਾਹੀ ਜਾਂਦੀ ਹੈ। ਮੈਨੂੰ ਆਪ ਨੂੰ ਵੀ ਬਹੁਤ ਸਾਰੇ ਲੇਖਕਾਂ ਨੂੰ ਉਨ੍ਹਾਂ ਦੀਆਂ ਲਿਖਤਾਂ ਰਾਹੀਂ ਜਾਣਨ ਦਾ ਸਬੱਬ ਪੰਜਾਬ ਟਾਈਮਜ਼ ਹੀ ਬਣਿਆ ਹੈ।

ਆਪਣੀ ਖਰਾਬ ਸਿਹਤ ਦੇ ਬਾਵਜੂਦ ਅਮੋਲਕ ਕਦੇ ਵੀ ਡੋਲਿਆ ਜਾਂ ਘਬਰਾਇਆ ਨਹੀਂ ਸੀ। ਜਿੰਨੀ ਦੇਰ ਜੀਵਿਆ, ਸਦਾ ਚੜ੍ਹਦੀ ਕਲਾ ਵਿਚ ਜੀਵਿਆ। ਭਾਵੇਂ ਆਪਣੇ ਆਪ ਉਂਗਲ ਤੱਕ ਨਹੀਂ ਸੀ ਹਿਲਾ ਸਕਦਾ, ਪਰ ਅਖਬਾਰ ਦਾ ਇੱਕ ਇੱਕ ਲੇਖ ਆਪਣੀ ਨਿਗਾਹ ਵਿਚੋਂ ਕੱਢਦਾ ਸੀ। ਪਿਛਲੇ ਇੱਕ ਸਾਲ ਤੋਂ ਉਤੇ ਸਮਾਂ ਹੋ ਗਿਆ ਸੀ ਕਿ ਉਹ ਬੋਲ ਕੇ ਆਪਣੀ ਗੱਲ ਦੱਸਣੋਂ ਵੀ ਰਹਿ ਗਿਆ ਸੀ, ਉਸ ਦੀ ਇਸ਼ਾਰਿਆਂ ਦੀ ਬੋਲੀ ਸਿਰਫ ਉਸ ਦੀ ਪਤਨੀ ਜਸਪ੍ਰੀਤ ਨੂੰ ਹੀ ਸਮਝ ਆਉਂਦੀ ਸੀ। ਜਦੋਂ ਕਦੀ ਜਸਪ੍ਰੀਤ ਉਦਾਸ ਹੋ ਜਾਂਦੀ ਸੀ ਤਾਂ ਹਮੇਸ਼ਾ ਫੋਨ ਕਰਕੇ ਸ਼ਿਕਾਇਤ ਕਰਦਾ ਹੁੰਦਾ ਸੀ, "ਭਾਬੀ ਜੀ! ਜਸਪ੍ਰੀਤ ਨੂੰ ਸਮਝਾਉ, ਚੜ੍ਹਦੀ ਕਲਾ ਵਿਚ ਰਿਹਾ ਕਰੇ। ਕਿਉਂ ਮਰੂੰ ਮਰੂੰ ਕਰਦੀ ਰਹਿੰਦੀ ਹੈ?"

ਮੈਂ ਆਪਣੇ ਆਲੇ-ਦੁਆਲੇ ਕਦੀ ਕਿਸੇ ਗੰਭੀਰ ਅਲਾਮਤ ਵਾਲੇ ਰਿਸ਼ਤੇਦਾਰ ਜਾਂ ਜਾਣੂੰ ਨੂੰ ਨਿਰਾਸ਼ਾ ਵਿਚ ਦੇਖਦੀ-ਸੁਣਦੀ ਹਾਂ ਤਾਂ ਹਮੇਸ਼ਾ ਅਮੋਲਕ ਦੀ ਚੜ੍ਹਦੀ ਕਲਾ ਦੀ ਮਿਸਾਲ ਦੇ ਕੇ ਸਮਝਾਉਂਦੀ ਹਾਂ। ਵਾਹਿਗੁਰੂ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਜਸਪ੍ਰੀਤ ਕੌਰ, ਪੁੱਤਰ ਮਨਦੀਪ ਸਿੰਘ ਤੇ ਨੂੰਹ ਰਾਣੀ ਸੰਦੀਪ ਕੌਰ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ। ਜਸਪ੍ਰੀਤ ਨੂੰ ਬੇਨਤੀ ਕਰਾਂਗੀ ਕਿ ਪੰਜਾਬ ਟਾਈਮਜ਼ ਨੂੰ ਅਮੋਲਕ ਵਾਂਗੂ ਹੀ ਪਿਆਰ ਅਤੇ ਸੋਝੀ ਨਾਲ ਜਾਰੀ ਰੱਖੇ, ਕਿਉਂਕਿ ਇਸ ਨਾਲ ਅਮੋਲਕ ਦਾ ਸੰਘਰਸ਼, ਉਸ ਦੀਆਂ ਯਾਦਾਂ ਜੁੜੀਆਂ ਹੋਈਆ ਹਨ। ਉਮੀਦ ਕਰਦੀ ਹਾਂ ਕਿ ਮਨਦੀਪ ਅਤੇ ਸੰਦੀਪ ਇਸ ਮਕਸਦ ਵਿਚ ਆਪਣੀ ਮਾਤਾ ਦਾ ਹੱਥ ਜ਼ਰੂਰ ਵਟਾਉਣਗੇ। ਇਹੀ ਉਨ੍ਹਾਂ ਵੱਲੋਂ ਆਪਣੇ ਪਿਤਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਅਮੋਲਕ ਨੂੰ ਚਾਹੁਣ ਵਾਲੇ ਸਨੇਹੀਆਂ ਨੂੰ ਵੀ ਮੇਰੀ ਅਪੀਲ ਹੈ ਕਿ ਪਹਿਲਾਂ ਵਾਂਗ ਹੀ ਅਮੋਲਕ ਸਿੰਘ ਦੇ ਸੁਪਨੇ "ਪੰਜਾਬ ਟਾਈਮਜ਼" ਨੂੰ ਜਿਉਂਦਾ ਰੱਖਣ ਲਈ ਜੁੜੇ ਰਹਿਣ। ਆਮੀਨ!

# ਮਿੱਤਰ ਅਮੋਲਕ ਸਿੰਘ ਦਾ ਦੁਖਦਾਈ ਵਿਛੋੜਾ!

ਅਮੋਲਕ ਸਿੰਘ ਚਲਿਆ ਗਿਆ। ਦੁੱਖ ਹੋਇਆ, ਦਿਲੀ ਦੁੱਖ। ਉਹ ਬਹਾਦਰ ਪੁਰਖ ਸੀ। ਮੌਤ ਨਾਲ ਲੜਦਾ ਹੋਇਆ ਤੇ ਨਿਰਭੈਤਾ ਦਾ ਪਰਚਮ ਲਹਿਰਾਉਂਦਾ ਹੋਇਆ ਗਿਆ, ਇਸ ਗੱਲ ਦੀ ਤਸੱਲੀ ਹੈ। ਕਹਾਣੀਆਂ-ਨਾਵਲਾਂ ਵਿਚ ਜਾਂ ਫਿਲਮਾਂ ਵਿਚ ਕਲਪਿਤ ਪਾਤਰ ਤਾਂ ਅਲੋਕਾਰ ਦਲੇਰ ਪੜ੍ਹੇ-ਦੇਖੇ ਹਨ, ਮੇਰਾ ਵਾਹ ਏਨੇ ਲੰਮੇ ਜੀਵਨ ਵਿਚ



**ਗੁਰਬਚਨ ਸਿੰਘ ਭੁੱਲਰ**
**ਫੋਨ: +91-80763-63058**

ਸਿਰਫ ਇਕੋ ਸੂਰਬੀਰ ਨਾਲ ਪਿਆ, ਉਹ ਸੀ ਅਮੋਲਕ ਸਿੰਘ। ਸਾਲਾਂ-ਬੱਧੀ ਮੌਤ ਨੂੰ ਬੇਵੱਸ ਕਰ ਕੇ ਦੇਹਲੀ ਤੋਂ ਬਾਹਰ ਖੜ੍ਹੀ ਰੱਖਣਾ ਉਹਦਾ ਹੀ ਕਾਰਨਾਮਾ ਸੀ। ਮੈਥੋਂ ਪੂਰੇ ਵੀਹ ਸਾਲ ਛੋਟਾ ਸੀ, ਪਰ ਰੱਜ ਕੇ ਭਰਪੂਰ ਜੀਵਨ ਜਿਉਂ ਕੇ ਗਿਆ। ਮੇਰਾ ਯਕੀਨ ਹੈ, ਜਾਣ ਵੇਲੇ ਉਹਨੂੰ ਬਹੁਤੇ ਲੋਕਾਂ ਵਾਲਾ ਇਹ ਝੋਰਾ ਬਿਲਕੁਲ ਨਹੀਂ ਹੋਇਆ ਹੋਵੇਗਾ ਕਿ ਮੈਂ ਜੋ ਕੁਝ ਕਰਨਾ ਸੋਚਿਆ ਸੀ ਜਾਂ ਜੋ ਕੁਝ ਕਰ ਸਕਦਾ ਸੀ, ਉਹ ਕੀਤਾ ਨਹੀਂ! ਉਹ ਤਾਂ ਸੰਭਾਵਨਾ ਤੇ ਸਮਰੱਥਾ ਤੋਂ ਬਹੁਤ ਵੱਧ ਕੰਮ ਕਰ ਕੇ ਗਿਆ।

ਉਹਨੂੰ ਮਿਲਣ ਦਾ ਸਬੱਬ ਸਿਰਫ ਇਕ ਵਾਰ ਬਣਿਆ। ਇਹ 1998-99 ਦੀ ਗੱਲ ਹੈ, ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ। ਉਥੇ ਹੀ ਕੰਮ ਕਰਦਾ ਨਰਿੰਦਰ ਭੁੱਲਰ ਮੇਰੇ ਨੇੜੇ ਸੀ। ਉਹ ਕਈ ਵਾਰ ਅਮੋਲਕ ਦੀਆਂ ਗੱਲਾਂ ਕਰਦਾ। ਇਕ ਦਿਨ ਉਹ ਦੇਸ ਆਏ ਹੋਏ ਅਮੋਲਕ ਨੂੰ ਲੈ ਕੇ ਮੇਰੇ ਕਮਰੇ 'ਚ ਆ ਗਿਆ। ਨਰਿੰਦਰ ਦੀਆਂ ਗੱਲਾਂ ਸਦਕਾ ਤੇ ਭਵਿੱਖ 'ਚ ਵਧਦੀ ਜਾਣੀ ਲਗਭਗ ਬੇਇਲਾਜ ਬੀਮਾਰੀ ਦੇ ਬਾਵਜੂਦ ਉਹਦੀ ਚੜ੍ਹਦੀ-ਕਲਾ ਸਦਕਾ ਮੈਨੂੰ ਇਉਂ ਨਾ ਲਗਿਆ ਕਿ ਅਸੀਂ ਪਹਿਲੀ ਵਾਰ ਮਿਲੇ ਹਾਂ। ਅਸੀਂ ਤਿੰਨੇ ਪੁਰਾਣੇ ਬੇਲੀਆਂ ਵਾਂਗ ਲੰਮਾ ਸਮਾਂ ਗੱਲਾਂ ਕਰਦੇ ਰਹੇ।

ਅੱਗੇ ਚੱਲ ਕੇ ਜਦੋਂ ਮੈਂ ਕੰਪਿਊਟਰ ਸਿੱਖ ਗਿਆ ਤਾਂ ਆਪਣੇ ਲੇਖ 'ਪੰਜਾਬ ਟਾਈਮਜ਼' ਨੂੰ ਭੇਜਣ ਲੱਗਿਆ। ਇਸ ਸਦਕਾ ਬੇਸ਼ੁਮਾਰ ਪੰਜਾਬੀ-ਅਮਰੀਕੀ ਲੋਕ ਮੇਰੇ ਪਾਠਕ ਬਣ ਗਏ। ਅਨੇਕ ਲੋਕਾਂ ਦੇ ਫੋਨ ਆਉਂਦੇ, ਜਿਸ ਸਦਕਾ ਮਨ ਵਿਚ 'ਪੰਜਾਬ ਟਾਈਮਜ਼' ਦਾ ਧੰਨਵਾਦ ਜਾਗਦਾ ਤੇ ਅਮੋਲਕ ਦਾ ਮੋਹ ਆਉਂਦਾ। ਭਾਵੇਂ ਹੁਣ ਲਿਖਤਾਂ ਮੰਗਾਉਣ-ਭੇਜਣ ਦਾ ਕੰਮ ਈਮੇਲ ਨੇ ਡਾਕ ਤੋਂ ਬਹੁਤ ਵੱਧ ਸੌਖਾ ਬਣਾ ਦਿੱਤਾ ਹੈ, ਤਦ ਵੀ ਪਰਦੇਸ ਬੈਠਿਆਂ ਬਿਲਕੁਲ ਸੱਜਰੀਆਂ ਖਬਰਾਂ ਤੋਂ ਇਲਾਵਾ ਸਾਹਿਤ ਤੇ ਸਭਿਆਚਾਰ ਦੇ ਏਨੇ ਨਿੱਗਰ ਲੇਖ ਲਗਾਤਾਰ ਜੁਟਾਉਣ ਦੀ ਸਮੱਸਿਆ ਨੂੰ ਕੋਈ ਅਖਬਾਰ ਕੱਢਣ ਵਾਲਾ ਹੀ ਸਮਝ ਸਕਦਾ ਹੈ। ਪਾਠਕਾਂ ਨਾਲ ਗੱਲ ਹੁੰਦੀ ਤਾਂ ਸਭ ਦਾ ਮੱਤ ਇਹੋ ਹੁੰਦਾ ਕਿ 'ਪੰਜਾਬ ਟਾਈਮਜ਼' ਪਰਦੇਸ ਛਪਦੇ ਅਖਬਾਰਾਂ ਵਿਚੋਂ ਸਭ ਤੋਂ ਵਧੀਆ ਹੈ, ਜੋ ਨਿਰੋਲ ਪੜ੍ਹਨਜੋਗ ਸਮੱਗਰੀ ਨਾਲ ਭਰਪੂਰ ਹੁੰਦਾ ਹੈ।


ਮੋਹਰੀ ਦੇ ਚਲੇ ਜਾਣ ਨਾਲ ਪਰਿਵਾਰ ਦੀ ਪੀੜ ਤੇ ਬੇਸਹਾਰਗੀ ਵਿਚ ਮੇਰੇ ਵਰਗੇ ਹਜ਼ਾਰਾਂ ਲੋਕ ਦਿਲੋਂ ਉਨ੍ਹਾਂ ਦੇ ਨਾਲ ਹਨ। ਉਮੀਦ ਹੈ, ਅਮੋਲਕ ਸਿੰਘ ਦੀ ਬਹਾਦਰ ਜ਼ਿੰਦਗੀ ਦੀਆਂ ਅਭੁੱਲ ਯਾਦਾਂ ਇਸ ਦੁਖਦਾਈ ਸਮੇਂ ਵਿਚ ਪਰਿਵਾਰ ਨੂੰ ਧਰਵਾਸ ਤੇ ਇਸ ਹੋਣੀ ਨੂੰ ਬਰਦਾਸ਼ਤ ਕਰਨ ਦਾ ਬਲ ਦੇਣਗੀਆਂ। ਅਗਲੀ ਦੁਨੀਆਂ ਵਿਚ, ਜੇ ਉਹ ਕਿਤੇ ਹੈ, ਮੈਨੂੰ ਉਹਦੇ ਲਈ ਸੁਖਦਾਈ ਨਿਵਾਸ ਦੀ ਅਰਦਾਸ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ, ਕਿਉਂਕਿ ਇਹ ਤਾਂ ਉਹਦਾ ਹੱਕ ਹੈ, ਜੋ ਉਹਨੂੰ ਮਿਲਣਾ ਹੀ ਮਿਲਣਾ ਹੈ!

# ਅਮੋਲਕ ਸਿੰਘ ਮੇਰਾ ਮਿੱਤਰ

ਬੀਤ ਗਿਆ ਸਮਾਂ ਏਸ ਤਰ੍ਹਾਂ
ਨਿਕਲ ਜਾਏ ਜਿਵੇਂ ਵਾੜ ਹੇਠੋਂ
ਅਛੋਪਲੇ ਜਿਹੇ ਕੋਈ ਚੂਹਾ
ਤੇ ਹਿੱਲਣ ਨਾ ਘਾਹ ਦੀਆਂ ਪੱਤੀਆਂ ਤੱਕ
ਵੀ...।

-ਐਜ਼ਰਾ ਪਾਊਂਡ

ਪਹਿਲੀ ਵਾਰ 1977 ਵਿਚ ਉਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਟੂਡੈਂਟ ਸੈਂਟਰ ਵਿਚ ਮਿਲਿਆ। ਮੈ ਉੱਥੇ ਰਿਸਰਚ ਸਕਾਲਰ ਸਾਂ। ਉਸ ਨੇ ਦੱਸਿਆ



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਕਿ 'ਪੰਜਾਬੀ ਟ੍ਰਿਬਿਊਨ' ਵਿਚ ਪਰੂਫ-ਰੀਡਰ ਦੀ ਨੌਕਰੀ ਮਿਲ ਗਈ ਹੈ। ਇਹ ਡੰਗ ਟਪਾਉਣ ਲਈ ਠੀਕ ਹੈ ਪਰ ਆਖਰ ਕਰਾਂਗਾ ਪ੍ਰੋਫੈਸਰੀ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਚ। ਜੇ ਯੂਨੀਵਰਸਿਟੀ ਵਿਚ ਨਾ ਮਿਲੀ, ਫਿਰ ਕਿਸੇ ਕਾਲਜ ਵਿਚ ਸਹੀ...। ਉਦੋਂ ਉਹ ਪੰਜਾਬ ਯੂਨਵਿਰਸਿਟੀ ਦੇ ਪੰਜਾਬੀ ਵਿਭਾਗ ਵਿਚ ਐਮ. ਫਿਲ ਕਰ ਰਿਹਾ ਸੀ।

ਟ੍ਰਿਬਿਊਨ ਦੀ ਨੌਕਰੀ ਛੱਡ ਕੇ ਉਹ ਅਚਾਨਕ ਅਮਰੀਕਾ ਚਲਾ ਗਿਆ। ਮੇਰੇ ਨਾਲ ਰਾਬਤਾ ਖਤਮ। ਅਮਰੀਕਾ ਚਲੇ ਜਾਣ ਦੀ ਖਬਰ ਵੀ ਮੈਨੂੰ ਗੁਰਦਿਆਲ ਬੱਲ ਨੇ ਦਿੱਤੀ। ਬੱਲ ਉਦੋਂ 'ਪੰਜਾਬੀ ਟ੍ਰਿਬਿਊਨ' ਵਿਚ ਨੌਕਰੀ ਕਰਦਾ ਸੀ। ਕੋਈ ਦਹਾਕਾ ਪਹਿਲਾਂ ਬੱਲ ਨੇ ਹੀ ਦੱਸਿਆ-ਅਮੋਲਕ ਨੇ 'ਪੰਜਾਬ ਟਾਈਮਜ਼' ਨਾਮ ਦਾ ਸ਼ਾਨਦਾਰ ਹਫਤਾਵਾਰ ਅਖਬਾਰ ਚਲਾ ਲਿਆ ਹੈ ਜੋ ਪੰਜਾਬੀ ਦੇ ਸਾਰੇ ਅਖਬਾਰਾਂ ਤੋਂ ਵਧੀਆ ਹੈ, ਉਸ ਨੂੰ ਆਪਣੀਆਂ ਲਿਖਤਾਂ ਭੇਜਿਆ ਕਰ। ਮੈਨੂ ਈਮੇਲ ਆਈ.ਡੀ. ਦੇ ਦਿਤੀ। ਮੇਰਾ ਅਮੋਲਕ ਨਾਲ ਰਾਬਤਾ ਫਿਰ ਕਾਇਮ ਹੋ ਗਿਆ। ਉਹ ਮੇਰੀ ਹਰ ਲਿਖਤ ਛਾਪਦਾ। ਛਾਪਦਾ ਵੀ ਪੂਰੇ ਸ਼ੌਕ ਨਾਲ, ਸਹੀ ਥਾਂ ਸਹੀ ਸਪੇਸ ਦੇ ਕੇ। ਸ੍ਰੀ ਦਸਮ ਗ੍ਰੰਥ ਦੇ ਹੱਕ ਅਤੇ ਵਿਰੋਧ ਵਿਚ ਚੱਲੇ ਵਿਵਾਦ ਦੌਰਾਨ ਉਸ ਨੇ ਮੇਰੀਆਂ ਦਲੀਲਾਂ ਲਗਾਤਾਰ ਛਾਪੀਆਂ। ਫਿਰ ਬੱਲ ਦੀ ਸਲਾਹ ਨਾਲ ਉਸ ਨੇ ਸਿੱਖ ਸਿਆਸਤ ਦੇ ਵਰਤਮਾਨ ਅਤੇ ਭਵਿੱਖ ਬਾਰੇ ਸੰਵਾਦ ਰਚਾਇਆ ਜੋ ਬਾਅਦ ਵਿਚ ਨਿੱਗਰ ਕਿਤਾਬ ਦੇ ਰੂਪ ਵਿਚ 'ਸਿੱਖ ਕੌਮ-ਹਸਤੀ ਤੇ ਹੋਣੀ' ਦੇ ਟਾਈਟਲ ਅਧੀਨ ਛਪਿਆ ਵੀ।

ਉਸ ਨੇ ਸਾਰੀ ਉਮਰ ਮੈਨੂੰ ਕਦੀ ਫੋਨ ਨਹੀਂ ਕੀਤਾ। ਜੋ ਗੱਲ ਕਰਨੀ ਹੁੰਦੀ, ਈਮੇਲ ਰਾਹੀਂ ਕਰਦਾ। ਪਤਾ ਲਗਦਾ ਰਹਿੰਦਾ, ਉਸ ਦੀ ਸਿਹਤ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ। ਫਿਰ ਪਤਾ ਲੱਗਾ, ਉਹ ਮੰਜੇ ਦਾ ਗੁਲਾਮ ਹੋ ਗਿਐ, ਉੱਠ ਨਹੀਂ ਸਕਦਾ। ਤਾਂ ਵੀ ਅਖਬਾਰ ਵਿਚ ਵਿਘਨ ਨਹੀਂ ਪੈਣ ਦਿੱਤਾ ਕਦੀ। ਆਖਰੀ ਵਾਰ ਪੰਚਕੂਲੇ ਦੇਖਿਆ ਸੀ। ਗੋਰਾ ਰੰਗ। ਗੌਤਮ ਬੁੱਧ ਵਾਂਗ ਹਮੇਸ਼ ਸ਼ਾਂਤ ਚਿਹਰਾ।

ਅਖਬਾਰ ਦੀ ਜ਼ਿੰਮੇਵਾਰੀ ਦਾ ਸਾਰਾ ਬੋਝ ਹੁਣ ਉਸ ਦੀ ਸਰਦਾਰਨੀ ਦੇ ਸਿਰ ਉਪਰ ਆ ਗਿਆ ਹੈ। ਉਹ ਇਹ ਬੋਝ ਚੁੱਕਣ ਦੇ ਸਮਰੱਥ ਹੋਵੇਗੀ, ਮੇਰਾ ਵਿਸ਼ਵਾਸ ਹੈ। ਮਹਾਰਾਜ ਪਰਿਵਾਰ ਨੂੰ ਸਲਾਮਤ ਰੱਖਣ, ਮੇਰੀ ਅਰਦਾਸ।

## ਜ਼ਿੰਦਗੀ ਨਾਲ ਭਰਪੂਰ ਸਨ ਅਮੋਲਕ ਸਿੰਘ ਜੰਮੂ

ਭਾਅ ਜੀ ਨੂੰ ਕੁਝ ਸਾਲ ਪਹਿਲਾਂ ਉਦੋਂ ਦੇਖਿਆ, ਜਦੋਂ ਉਹ ਵ੍ਹੀਲਚੇਅਰ 'ਤੇ ਜਾ ਚੁਕੇ ਸਨ। ਮੇਰੇ ਜ਼ਿਹਨ ਵਿਚ ਉਨ੍ਹਾਂ ਦਾ ਨਕਸ਼ਾ ਹੀ ਬਦਲ ਗਿਆ, ਜਦੋਂ ਮੈਂ ਫਿਊਨਰਲ ਹੋਮ ਵਿਚ 1981 ਤੋਂ 2021 ਤਕ ਦਿਖਾਈਆਂ ਜਾ ਰਹੀਆਂ ਉਨ੍ਹਾਂ ਦੀਆਂ ਲਾਈਵ



**ਦਰਸ਼ਨ ਸਿੰਘ ਗਰੇਵਾਲ ਮਿਸ਼ੀਗਨ**

ਫੋਟੋਆਂ ਦੇਖੀਆਂ ਕਿ ਉਹ ਜ਼ਿੰਦਗੀ ਨਾਲ ਕਿੰਨੇ ਭਰਪੂਰ ਇਨਸਾਨ ਸਨ।

# ਇਹ ਆਖਰੀ ਅਲਵਿਦਾ ਨਹੀਂ...

ਕੁਲਜੀਤ ਦਿਆਲਪੁਰੀ
ਫੋਨ: 224-386-4548



ਬੇਬਾਕ ਤੇ ਨਿਧੜਕ ਅਤੇ ਚੜ੍ਹਦੀ ਕਲਾ ਦੇ ਸੁਮੇਲ ਦੀ ਮਿਸਾਲ; ਤੇ ਦਿਲਾਂ ਦਾ ਜਾਨੀ, ਭਾਅ ਜੀ ਅਮੋਲਕ ਸਿੰਘ ਜੰਮੂ ਤੁਰ ਗਿਆ ਹੈ-ਸਰੀਰਕ ਔਕੜਾਂ ਨੂੰ ਦਲੇਰੀ ਨਾਲ ਛੰਡਦਾ ਤੇ ਦੁੱਖਾਂ ਦੀ ਗਲੀ ਵਿਚੋਂ ਹੱਸ ਹੱਸ ਲੰਘਦਾ...! ਉਹ ਅਮਰੀਕਾ ਵਿਚ ਪੰਜਾਬੀ ਪੱਤਰਕਾਰੀ ਦੇ ਨਵੇਂ ਦਿਸਹੱਦੇ ਸਿਰਜ ਕੇ ਹੁਣ ਉਸ ਥਾਂ ਲਈ ਪਰਵਾਜ਼ ਭਰ ਗਏ ਹਨ, ਜਿਥੇ ਗਿਆਂ ਦੀਆਂ ਬਸ ਯਾਦਾਂ ਹੀ ਆਉਂਦੀਆਂ ਹਨ।

ਯਾਰਾਂ ਦਾ ਯਾਰ, ਵੱਡਿਆਂ ਦਾ ਅਜ਼ੀਜ਼ ਤੇ ਛੋਟਿਆਂ ਦਾ ਮਾਰਗ ਦਰਸ਼ਕ ਬਣਨ ਦਾ ਮਾਣ ਹਾਸਲ ਕਰਨ ਵਾਲਾ ਅਨਮੋਲ ਸ਼ਖਸ ਅਮਲੋਕ ਸਿੰਘ ਸਭ ਨੂੰ ਵਾਰ ਵਾਰ ਯਾਦ ਆ ਰਿਹਾ ਹੈ। ਭੁੱਲੇ ਵੀ ਕਿਉਂ! ਉਹ ਰਿਸ਼ਤੇ ਹੀ ਅਜਿਹੇ ਸਿਰਜ ਗਿਆ ਹੈ, ਰੂਹਾਂ ਵਾਲੇ; ਤੇ ਜਿਹੜੇ ਰਿਸ਼ਤੇ ਹੁੰਦੇ ਹੀ ਰੂਹ ਵਾਲੇ ਹਨ, ਨਿੱਕੀਆਂ-ਮੋਟੀਆਂ ਨੋਕਾਂ-ਝੋਕਾਂ ਤੇ ਨਾਰਾਜ਼ਗੀਆਂ ਦੇ ਬਾਵਜੂਦ ਅਖੀਰ ਤੱਕ ਨਿਭਦੇ ਹਨ। ਉਨ੍ਹਾਂ ਦੀਆਂ ਦੋਸਤੀਆਂ, ਅਖਬਾਰੀ ਸਕੀਰੀਆਂ, ਲਿਹਾਜਦਾਰੀਆਂ, ਮੁਹੱਬਤਾਂ ਦੇ ਨਾਲ ਨਾਲ ਨਾਰਾਜ਼ਗੀਆਂ ਵੀ ਅਤੇ ਦੁੱਖਾਂ-ਸੁੱਖਾਂ ਦੀ ਸਾਂਝ ਦਾ ਦਾਇਰਾ ਇੰਨਾ ਵਸੀਹ ਸੀ/ਹੈ ਕਿ ਉਨ੍ਹਾਂ ਦੇ ਤੁਰ ਜਾਣ ਦੀ ਘਾਟ ਸਭ ਨੂੰ ਰੜਕ ਰਹੀ ਹੈ। ਅਖਬਾਰਾਂ, ਰਸਾਲਿਆਂ, ਰੇਡੀਓ, ਟੀ. ਵੀ., ਸੋਸ਼ਲ ਮੀਡੀਆ ਉਤੇ ਉਨ੍ਹਾਂ ਪ੍ਰਤੀ ਲਗਾਓ ਤੇ ਉਨ੍ਹਾਂ ਦੇ ਅਕਾਲ ਚਾਲਣੇ ਦਾ ਦਰਦ ਇਹ ਤਸਵੀਰ ਦਿਖਾ ਰਿਹਾ ਹੈ ਕਿ ਉਹ ਆਪਣੇ ਪਿਆਰ ਕਰਨ ਵਾਲਿਆਂ ਨਾਲ ਕਿਹੜੇ ਕਿਹੜੇ ਰੂਪ ਵਿਚ ਜੁੜੇ ਰਹੇ ਹਨ। ਉਹ ਜੂਝਦਿਆਂ ਜਿਸ ਹੌਸਲੇ ਨਾਲ ਜੀਵੇ, ਉਸ ਦੀ ਮਿਸਾਲ ਬਸ ਉਹ ਆਪ ਹੀ ਸਨ। ਉਨ੍ਹਾਂ ਦਾ ਵਿਛੋੜਾ ਅਸਹਿ ਹੈ, ਪਰ ਭਾਣਾ ਤਾਂ ਮੰਨਣਾ ਪੈਣਾ ਹੀ ਹੈ।

ਸਾਲ 2000 ਵਿਚ ਸ਼ਿਕਾਗੋ ਦੀ ਧਰਤੀ 'ਤੇ ਅਖਬਾਰ 'ਪੰਜਾਬ ਟਾਈਮਜ਼' ਦਾ ਬੂਟਾ ਲਾਉਣ ਵਾਲੇ ਅਤੇ ਇਸ ਨੂੰ ਸਿਰੜ ਤੇ ਘਾਲਣਾ ਦੇ ਮੁੜ੍ਹਕੇ ਨਾਲ ਸਿੰਜ ਕੇ ਭਰ ਜਵਾਨ ਕਰਨ ਵਾਲੇ ਇਸ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੇ ਪੰਜਾਬੀ ਪੱਤਰਕਾਰੀ ਪ੍ਰਤੀ ਇਸ਼ਕ ਦਾ ਵਿਖਿਆਨ ਕਰਨ ਲਈ ਮੈਨੂੰ ਸ਼ਬਦ ਨਹੀਂ ਅਹੁੜ ਰਹੇ। ਉਨ੍ਹਾਂ ਨਾਲ ਬਤੌਰ ਸਹਾਇਕ ਸੰਪਾਦਕ ਮੈਂ ਤੇਰਾਂ ਸਾਲ ਜੁੜਿਆ ਰਿਹਾ ਹਾਂ। ਸਿਰੜੀ ਮਟਕ ਤੇ ਚੜ੍ਹਦੀ ਕਲਾ ਦਾ ਮਾਣ ਵਿਰਲਿਆਂ ਦੇ ਹੀ ਹਿੱਸੇ ਆਉਂਦਾ ਹੈ, ਤੇ ਉਨ੍ਹਾਂ ਵਿਰਲਿਆਂ 'ਚੋਂ ਹੀ ਇਕ ਸੀ ਪੰਜਾਬੀ ਪੱਤਰਕਾਰੀ ਦਾ ਤਰਾਸ਼ਿਆ ਹੀਰਾ-ਅਮੋਲਕ ਸਿੰਘ ਜੰਮੂ। ਉਨ੍ਹਾਂ ਦੇ ਚਾਹੁਣ ਵਾਲੇ ਸੱਚ ਹੀ ਤਾਂ ਆਖ ਰਹੇ ਹਨ ਕਿ ਉਹ ਅਮਰੀਕਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਵਿਲੱਖਣ ਪੈੜਾਂ ਪਾ ਗਏ ਹਨ।

ਪੱਤਰਕਾਰੀ ਦੇ ਖੇਤਰ ਵਿਚ ਸ. ਅਮੋਲਕ ਸਿੰਘ ਜੰਮੂ ਹੀ ਸਨ, ਜਿਨ੍ਹਾਂ ਦੇ ਪਰਛਾਂਵੇਂ ਹੇਠ ਮੈਨੂੰ ਲੰਮਾ ਸਮਾਂ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਬੜਾ ਕੁਝ ਸਮਝਾਇਆ ਤੇ ਸਿਖਾਇਆ ਵੀ ਅਤੇ ਬਥੇਰਾ ਕੁਝ ਪਾਉਣ-ਛੱਡਣ ਦੀਆਂ ਨਸੀਹਤਾਂ ਵੀ ਦਿੱਤੀਆਂ। ਕੋਈ ਖਬਰ ਜਾਂ ਲੇਖ ਐਡਿਟ ਕਰਦਿਆਂ-ਕਰਵਾਉਂਦਿਆਂ ਉਨ੍ਹਾਂ ਦੀ ਨਜ਼ਰ ਇੰਨੀ ਸੂਖਮ ਹੁੰਦੀ ਸੀ ਕਿ ਮੁੜ ਲਿਖਤ ਪੜ੍ਹਨ 'ਤੇ ਦਾਲ ਇਕ ਪਾਸੇ ਤੇ ਕੋਕੜੂ ਇਕ ਪਾਸੇ ਪਏ ਪ੍ਰਤੱਖ ਨਜ਼ਰ ਆਉਣ ਲੱਗ ਪੈਂਦੇ ਸਨ। ਇਹੋ ਨਹੀਂ, ਇਸ਼ਤਿਹਾਰਾਂ ਦੀਆਂ ਇਬਾਰਤਾਂ ਘੜਦੇ ਸਮੇਂ ਵੀ ਉਹ ਉਚੇਚਾ ਖਿਆਲ ਰੱਖਦੇ ਸਨ ਕਿ ਕੋਈ ਸ਼ਬਦ ਏਧਰ ਦਾ ਓਧਰ ਨਾ ਹੋ ਜਾਵੇ। ਕੰਮ ਵਿਚ ਉਨ੍ਹਾਂ ਦਾ ਧਿਆਨ ਇਸ ਕਦਰ ਹੁੰਦਾ ਕਿ ਮਿਲਣ ਲਈ ਆਏ-ਗਏ ਦਾ ਖਿਆਲ ਵੀ ਭੁੱਲ ਜਾਂਦਾ। ਮੰਗਲਵਾਰ 'ਅਡੀਸ਼ਨ ਡੇਅ' ਹੋਣ ਕਾਰਨ ਕਈ ਵਾਰ ਤਾਂ ਉਹ ਸਪਸ਼ਟ ਆਖ ਦਿੰਦੇ, "ਅੱਜ ਕੰਮ ਨਿਬੇੜ ਲਈਏ, ਫਿਰ ਕਿਸੇ ਦਿਨ ਗੱਪਾਂ ਮਾਰਾਂਗੇ।" ਅਕਾਲ ਪੁਰਖ ਦਾ ਸੱਦਾ ਵੀ ਉਨ੍ਹਾਂ ਨੂੰ ਮੰਗਲਵਾਰ, ਯਾਨਿ ਅਖਬਾਰ ਤਿਆਰ ਕਰਨ ਵਾਲੇ ਦਿਨ ਨੂੰ ਹੀ ਆਇਆ, "ਚੱਲ ਭਾਈ! ਬਥੇਰਾ ਕੰਮ ਕਰ ਲਿਆ ਹੁਣ...!" ਖੈਰ! ਉਨ੍ਹਾਂ ਨਾਲ ਜੁੜੀਆਂ ਯਾਦਾਂ ਦੀ ਤੰਦ ਓਨੀ ਹੀ ਲੰਮੀ ਹੈ, ਜਿੰਨੀ ਪੁਰਾਣੀ ਉਨ੍ਹਾਂ ਨਾਲ ਸਾਂਝ।

ਇਹ ਵਕਤ ਦੀ ਹੀ ਸਿਤਮਜ਼ਰੀਫੀ ਸੀ ਕਿ ਪਿਛਲੇ ਕਰੀਬ ਸਾਲ ਭਰ ਤੋਂ ਫੋਨ 'ਤੇ ਗੱਲ ਕਰਨ ਦੀ ਸ. ਜੰਮੂ ਨੂੰ ਮੁਸ਼ਕਿਲ ਆ ਗਈ ਸੀ। ਸਮੱਸਿਆਵਾਂ ਤਾਂ ਹੋਰ ਵੀ ਬਥੇਰੀਆਂ ਸਨ, ਪਰ ਇਸ ਸਮੱਸਿਆ ਨੇ ਜਿਵੇਂ ਉਨ੍ਹਾਂ ਦੇ ਬੋਲਾਂ ਨੂੰ ਅੰਦਰ ਹੀ ਅੰਦਰ ਦਫਨ ਕਰ ਦਿੱਤਾ ਹੋਵੇ। ਕਿੰਨਾ ਤਕਲੀਫਦੇਹ ਹੁੰਦਾ ਹੈ, ਜਦੋਂ ਕੋਈ ਕੁਝ ਕਹਿਣਾ-ਦੱਸਣਾ ਚਾਹੁੰਦਾ ਹੋਵੇ ਪਰ ਬੋਲਿਆ ਨਾ ਜਾਵੇ! ਉਹ ਵਕਤ ਯਾਦ ਕਰ ਕੇ ਸੀਨੇ 'ਚੋਂ ਰੁੱਗ ਭਰਿਆ ਜਾਂਦਾ ਹੈ, ਜਦੋਂ ਉਹ 'ਪੰਜਾਬ ਟਾਈਮਜ਼' ਨੂੰ ਬੁਲੰਦੀਆਂ ਦੇ ਰਾਹ ਪਿਆ ਰੱਖਣ ਲਈ ਫੋਨ ਉਤੇ ਲੰਮੇ ਲੰਮੇ ਵਿਚਾਰ-ਵਟਾਂਦਰੇ ਕਰਿਆ ਕਰਦੇ ਸਨ; ਪਰ ਬਿਮਾਰੀ ਕਾਰਨ ਜਿਉਂ-ਜਿਉਂ ਉਨ੍ਹਾਂ ਦਾ ਬੋਲਣਾ ਘਟਦਾ ਗਿਆ, ਸੁਣ ਕੇ ਉਨ੍ਹਾਂ ਨਾਲ ਗੱਲ ਕਰਨ ਦੇ ਚਾਹਵਾਨਾਂ ਦੇ ਦਿਲ ਵੀ ਮਸੋਸੇ ਗਏ! ਜਿਨ੍ਹਾਂ ਸੁੱਖ-ਸਾਂਦ ਪੁੱਛਣੀ ਹੁੰਦੀ ਜਾਂ ਜਿਨ੍ਹਾਂ ਰੋਸੇ ਵੀ ਜਤਾਉਣੇ ਹੁੰਦੇ ਸਨ, ਅੱਗਿਓਂ ਸਪਸ਼ਟ ਹੁੰਗਾਰਾ ਨਾ ਮਿਲਣ 'ਤੇ ਉਨ੍ਹਾਂ ਨੂੰ ਵੀ ਸੰਵਾਦ ਰਚਾਉਣ ਤੋਂ ਵਾਂਝੇ ਰਹਿ ਜਾਣਾ ਅੱਜ ਰੜਕਦਾ ਤਾਂ ਜ਼ਰੂਰ ਹੋਵੇਗਾ; ਤੇ ਚਾਹੁੰਦਿਆਂ ਵੀ ਬਹੁਤਾ ਕੁਝ ਨਾ ਕਹਿ ਸਕਣ ਦੀ ਮਜਬੂਰੀ ਦਾ ਸੱਚ ਹੰਢਾਉਂਦਿਆਂ ਸੱਲ ਤਾਂ ਸ. ਜੰਮੂ ਦੇ ਕਲੇਜੇ ਵੀ ਪੈਂਦੇ ਹੋਣੇ ਹੀ ਸਨ! ਲਾਗੇ ਜਾਂ ਦੂਰ ਰਹਿੰਦੇ ਉਨ੍ਹਾਂ ਦੇ ਸਨੇਹੀਆਂ ਦੇ ਦਿਲ ਦੀਆਂ ਗੱਲਾਂ ਦਿਲ ਵਿਚ ਹੀ ਰਹਿ ਗਈਆਂ ਅਤੇ ਆਪਣੇ ਦਿਲ ਦੀਆਂ ਗੱਲਾਂ ਦਿਲ ਵਿਚ ਤੇ ਮਨ-ਮਸਤਕ ਵਿਚ ਸਜਾ ਕੇ ਸ. ਜੰਮੂ ਅਮੁੱਕ ਵਾਟਾਂ ਦੇ ਪਾਂਧੀ ਬਣ ਗਏ।

ਮੇਰੇ ਉਸਤਾਦ ਤੇ ਰੁਜ਼ਗਾਰਦਾਤੇ ਸ. ਅਮੋਲਕ ਸਿੰਘ ਜੰਮੂ ਨਾਲ ਮੇਰੀ ਪਹਿਲੀ, ਬਿਨ ਮਿਲਿਆਂ ਹੀ ਸਾਂਝ ਉਦੋਂ ਪੈ ਗਈ ਸੀ, ਜਦੋਂ ਉਨ੍ਹਾਂ ਦੇ ਛੋਟੇ ਭਰਾ ਬਲਵਿੰਦਰ ਸਿੰਘ ਜੰਮੂ ਨੇ ਸਾਲ 2002 ਵਿਚ ਮੈਨੂੰ ਇਹ ਆਖ ਕੇ ਖੁਸ਼ਖਬਰੀ ਦਿੱਤੀ ਕਿ 'ਕਾਕੇ! ਆਪਣੀ ਕਲਮ ਘੜ ਲੈ। ਭਾਅ ਜੀ (ਅਮੋਲਕ ਸਿੰਘ) ਨੇ ਹਲਵਾਰਵੀ ਸਾਬ੍ਹ ਕੋਲ ਤੇਰੀ ਸਿਫਾਰਸ਼ ਪਾ ਦਿੱਤੀ ਐ।' ਗੱਲ ਇਉਂ ਹੋਈ ਕਿ ਚੰਡੀਗੜ੍ਹ ਤੋਂ ਛਪਦੇ ਅਖਬਾਰ 'ਪੰਜਾਬੀ ਟ੍ਰਿਬਿਊਨ' ਦੀ ਜ਼ੀਰਕਪੁਰ ਏਰੀਏ ਦੀ ਪੱਤਰਕਾਰੀ ਲਈ ਬਲਵਿੰਦਰ ਹੋਰਾਂ ਮੈਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਲਿਆ ਤੇ ਮੈਨੂੰ ਟ੍ਰਿਬਿਊਨ ਦਫਤਰ ਵਿਖੇ ਦਰਖਾਸਤ ਦੇਣ ਲਈ ਮਨਾ ਵੀ ਲਿਆ। ਉਦੋਂ ਸ. ਹਰਭਜਨ ਹਲਵਾਰਵੀ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਨ। ਉਨ੍ਹਾਂ ਮੈਨੂੰ ਆਰਜ਼ੀ ਤੌਰ 'ਤੇ ਜ਼ੀਰਕਪੁਰ ਤੋਂ ਪੱਤਰਕਾਰੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਖਬਰਾਂ ਛਪਣ ਦੀ ਖੁਸ਼ੀ ਤਾਂ ਹੁੰਦੀ ਪਰ ਆਰਜ਼ੀ ਪੱਤਰਕਾਰ ਹੋਣ ਕਾਰਨ ਟ੍ਰਿਬਿਊਨ ਵਲੋਂ ਇਵਜ਼ਾਨੇ ਵਜੋਂ ਕੁਝ ਨਾ ਮਿਲਦਾ। ਪੱਤਰਕਾਰੀ ਵਲੋਂ ਮਨ ਕੁਝ ਕੁਝ ਉਚਾਟ ਹੋਣ ਲੱਗ ਪਿਆ ਸੀ। ਮਨ ਦੀ ਕਿਸੇ ਨੁੱਕਰੇ ਪਰਵਾਸ ਕਰ ਜਾਣ ਦਾ ਪਿਆ ਸੁਪਨਾ ਮੁੜ ਅੰਗੜਾਈਆਂ ਲੈਣ ਲੱਗਦਾ ਤੇ ਪਰਵਾਸ ਕਰ ਜਾਣ ਦੀ ਮੇਰੀ ਇੱਛਾ ਪਰਵਾਜ਼ ਭਰਦੀ ਰਹਿੰਦੀ।

ਸਾਲ 2006 ਵਿਚ ਜਦੋਂ ਅਮੋਲਕ ਸਿੰਘ ਜੰਮੂ ਇੰਡੀਆ ਗਏ ਤਾਂ ਉਨ੍ਹਾਂ ਨਾਲ ਮੇਰੀ ਪਹਿਲੀ ਰੂਬਰੂ ਮੁਲਾਕਾਤ ਬਲਵਿੰਦਰ ਸਿੰਘ ਜੰਮੂ ਦੇ ਪੰਚਕੂਲਾ ਵਿਚਲੇ ਫਲੈਟ ਵਿਚ ਹੋਈ। ਜਿੰਨਾ ਚਿਰ ਉਹ ਇੰਡੀਆ ਰਹੇ, ਉਥੋਂ ਹੀ 'ਪੰਜਾਬ ਟਾਈਮਜ਼' ਦਾ ਕੰਮ ਕਰਦੇ ਰਹੇ। ਬਲਵਿੰਦਰ ਹੋਰਾਂ ਵਾਂਗ ਮੈਂ ਵੀ ਅਮੋਲਕ ਸਿੰਘ ਜੰਮੂ ਨੂੰ 'ਭਾਅ ਜੀ' ਕਹਿ ਕੇ ਬੁਲਾਉਣ ਲੱਗ ਪਿਆ। ਮੇਰੇ ਤੇ 'ਪੰਜਾਬੀ ਟ੍ਰਿਬਿਊਨ' ਅਤੇ ਮੇਰੇ ਤੇ 'ਪੰਜਾਬ ਟਾਈਮਜ਼' ਜਾਂ ਭਾਅ ਜੀ ਦਰਮਿਆਨ ਰਿਸ਼ਤੇ ਦੀ ਅਹਿਮ ਕੜੀ ਬਲਵਿੰਦਰ ਸਿੰਘ ਜੰਮੂ ਹੀ ਹਨ।

ਇੰਡੀਆ ਰਹਿੰਦੇ ਜੰਮੂ ਪਰਿਵਾਰ ਨਾਲ ਮੇਰਾ ਮੋਹ ਪਹਿਲਾਂ ਹੀ ਹੋਣ ਕਾਰਨ ਉਦੋਂ ਭਾਅ ਜੀ ਨੇ ਮੈਨੂੰ ਅਸਿੱਧੇ ਤੌਰ 'ਤੇ 'ਪੰਜਾਬ ਟਾਈਮਜ਼' ਨਾਲ ਜੋੜ ਲਿਆ। ਮੇਰੇ ਕੋਲ 'ਪੰਜਾਬੀ ਟ੍ਰਿਬਿਊਨ' ਦੀ ਪੱਤਰਕਾਰੀ ਤੋਂ ਬਿਨਾ ਕੋਈ ਖਾਸ ਕੰਮ ਤਾਂ ਨਹੀਂ ਸੀ, ਸੋ ਮੈਂ ਭਾਅ ਜੀ ਨਾਲ ਕੰਮ ਕਰਨ ਲੱਗ ਪਿਆ ਤੇ ਉਹ ਮੈਨੂੰ ਅਖਬਾਰ ਤਿਆਰ ਕਰਨ ਵਗੈਰਾ ਦੀਆਂ ਬਾਰੀਕੀਆਂ ਦੱਸਣ ਲੱਗ ਪਏ। ਭਾਅ ਜੀ ਉਦੋਂ ਤੁਰ-ਫਿਰ ਤਾਂ ਲੈਂਦੇ ਸਨ, ਪਰ ਕਦੇ ਕਦੇ ਉਨ੍ਹਾਂ ਨੂੰ ਸਹਾਰਾ ਦੇ ਕੇ ਖੜ੍ਹਾ ਕਰਨਾ ਪੈਂਦਾ ਸੀ।




*'ਪੰਜਾਬ ਟਾਈਮਜ਼' ਦਾ ਪਹਿਲੀ ਜਨਵਰੀ 2000 ਨੂੰ ਪ੍ਰਕਾਸ਼ਿਤ ਹੋਇਆ ਪਹਿਲਾ ਅੰਕ*

ਖੈਰ! ਉਨ੍ਹਾਂ ਨਾਲ ਮੋਹ ਦੀਆਂ ਤਾਰਾਂ ਜੁੜ ਗਈਆਂ ਤੇ ਜਦੋਂ ਕਦੇ ਪੀ. ਜੀ. ਆਈ. ਕਿਸੇ ਥੈਰੇਪੀ ਲਈ ਜਾਂ ਕਿਸੇ ਦੋਸਤ-ਮਿੱਤਰ ਦੇ ਜਾਣਾ ਹੁੰਦਾ ਤਾਂ ਉਹ ਮੈਨੂੰ ਨਾਲ ਲੈ ਜਾਂਦੇ। ਮੇਰਾ 'ਪੰਜਾਬੀ ਟ੍ਰਿਬਿਊਨ' ਤੇ 'ਪੰਜਾਬ ਟਾਈਮਜ਼' ਨਾਲ ਕੰਮ ਕਰਨ ਦਾ ਤਜਰਬਾ ਨਾਲੋ ਨਾਲ ਚੱਲ ਰਿਹਾ ਸੀ, ਪਰ ਜਹਾਜ਼ੇ ਚੜ੍ਹਨ ਦੀ ਤਾਂਘ ਵੀ ਮੱਠੀ ਨਹੀਂ ਸੀ ਪਈ। ਇਕ ਦਿਨ ਜਦੋਂ ਮੈਂ ਬਲਵਿੰਦਰ ਭਾਅ ਜੀ ਨੂੰ ਮਿਲਿਆ ਤਾਂ ਟ੍ਰਿਬਿਊਨ ਤੋਂ ਮਿਲਦੇ ਬਹੁਤ ਥੋੜ੍ਹੇ ਇਵਜ਼ਾਨੇ ਤੋਂ ਅਸੰਤੁਸ਼ਟੀ ਅਤੇ ਵਿਦੇਸ਼ ਜਾ ਸੈਟਲ ਹੋਣ ਦੀ ਲਾਲਸਾ ਦੱਸੀ ਤਾਂ ਉਨ੍ਹਾਂ ਅਮੋਲਕ ਭਾਅ ਜੀ ਨਾਲ ਗੱਲ ਕਰਨ ਦਾ ਕਹਿ ਕੇ ਮੈਨੂੰ ਫਿਲਹਾਲ ਪਹਿਲਾਂ ਵਾਂਗ ਕੰਮ ਕਰਦੇ ਰਹਿਣ ਦੀ ਸਲਾਹ ਦਿੱਤੀ। ਫਿਰ ਇਕ ਦਿਨ ਉਨ੍ਹਾਂ ਮੈਨੂੰ ਕਿਹਾ, "ਜੇ ਤੇਰਾ ਅਮਰੀਕਾ ਜਾਣ ਦਾ ਕੰਮ ਬਣ ਜਾਵੇ, ਫਿਰ! ਭਾਅ ਜੀ ਨੂੰ ਵੀ ਅਖਬਾਰ ਦੇ ਕੰਮ ਲਈ ਬੰਦੇ ਦੀ ਲੋੜ ਹੈ।"

ਪਰਵਾਸ ਦੀ ਪਰਵਾਜ਼ ਦਾ ਸੁਪਨਾ ਮੇਰੀਆਂ ਜਾਗਦੀਆਂ ਅੱਖਾਂ ਵਿਚ ਆ ਗਿਆ। ਅਮੋਲਕ ਭਾਅ ਜੀ ਦੀ ਸਪਾਂਸਰਸ਼ਿਪ ਨਾਲ ਅਮਰੀਕਾ ਆ ਜਾਣ ਦੀ ਮੇਰੀ ਆਸ ਨੂੰ ਬੂਰ ਪੈਣ ਲਈ ਇਤਫਾਕਨ ਮੌਸਮ ਸਾਜ਼ਗਾਰ ਬਣ ਗਿਆ। ਖੈਰ! ਜਦੋਂ ਮੈਂ ਬਲਵਿੰਦਰ ਜੰਮੂ ਤੇ ਉਨ੍ਹਾਂ ਦੇ ਭਣੋਈਏ ਜਗਦੀਸ਼ ਸਿੰਘ ਹਾਂਡਾ ਨਾਲ ਅਮੋਲਕ ਭਾਅ ਜੀ ਨੂੰ ਛੱਡਣ ਦਿੱਲੀ ਏਅਰਪੋਰਟ ਜਾ ਰਿਹਾ ਸਾਂ ਤਾਂ ਅੰਦਰੋਂ ਗਦ ਗਦ ਹੋਏ ਮੈਨੂੰ ਸੱਚਮੁੱਚ ਇਉਂ ਜਾਪ ਰਿਹਾ ਸੀ, ਅਮਰੀਕਾ ਜਾਣ ਦੀ ਮੇਰੀ ਫਲਾਈਟ ਵੀ ਜਿਵੇਂ ਤਿਆਰ ਹੀ ਖੜ੍ਹੀ ਹੈ।

ਉਧਰ ਅਮਰੀਕਾ ਪਹੁੰਚਦਿਆਂ ਹੀ ਅਮੋਲਕ ਭਾਅ ਜੀ ਨੇ 'ਪੰਜਾਬ ਟਾਈਮਜ਼' ਦੀ ਤਰਫੋਂ ਮੈਨੂੰ ਸਪਾਂਸਰ ਕਰ ਲਿਆ। ਮੇਰੇ ਨਾਲ ਹੋਰ ਗੂੜ੍ਹਾ ਰਿਸ਼ਤਾ ਗੰਢਦਿਆਂ ਉਨ੍ਹਾਂ ਮੇਰੇ ਪਿਤਾ ਸ. ਨਰਿੰਦਰ ਸਿੰਘ ਨਾਲ ਗੱਲ ਕਰ ਕੇ ਆਪਣੇ ਸਾਂਢੂ ਸ. ਲਖਵਿੰਦਰ ਸਿੰਘ ਢਿੱਲੋਂ ਅਤੇ ਹਰਪ੍ਰੀਤ ਕੌਰ ਦੀ ਧੀ ਅਨੁਰੀਤ ਕੌਰ ਨਾਲ ਮੇਰੇ ਵਿਆਹ ਦੀ ਗੱਲ ਪੱਕੀ ਕਰਨ ਦੀ ਵਿਚੋਲਗੀ ਵੀ ਕਰ ਲਈ। ਰਿਸ਼ਤੇ ਵਜੋਂ ਉਹ ਮੇਰੇ ਮਾਸੜ ਜੀ ਬਣ ਗਏ, ਪਰ ਮੇਰੇ ਮਨ ਵਿਚ ਉਨ੍ਹਾਂ ਦਾ ਪਹਿਲਾ ਸਤਿਕਾਰ 'ਭਾਅ ਜੀ' ਕਰ ਕੇ ਹੀ ਬਣਿਆ ਰਿਹਾ। ਇਕ ਵਾਰ ਤਾਂ ਉਨ੍ਹਾਂ ਰੋਸ ਵੀ ਜਤਾਇਆ ਕਿ "ਕੁਲਜੀਤ ਸਿਆਂ...ਮਾਸੜ ਜੀ ਕਹਿੰਦਿਆਂ ਸੰਗ ਆਉਂਦੀ ਐ?" ਮੈਂ ਛਿੱਥਾ ਜਿਹਾ ਪੈ ਗਿਆ ਸਾਂ ਤੇ ਮੇਰੇ ਮੂੰਹੋਂ ਇੰਨਾ ਹੀ ਨਿਕਲਿਆ ਸੀ, "ਨਹੀਂ ਭਾਅ ਜੀ...! ਅਜਿਹੀ ਕੋਈ ਗੱਲ ਨਹੀਂ।" ਹੋਰਨਾਂ ਵਾਂਗ ਸ਼ਬਦ 'ਭਾਅ ਜੀ' ਮੇਰੇ ਵੀ ਮੂੰਹ ਚੜ੍ਹਿਆ ਹੋਇਐ!



*ਕੰਮ ਵਿਚ ਜੁਟੇ ਸ. ਅਮੋਲਕ ਸਿੰਘ ਜੰਮੂ। ਇਹ ਤਸਵੀਰ ਸਾਲ 2007 ਦੀ ਹੈ*

ਖੈਰ! ਇਸੇ ਦੌਰਾਨ ਮੀਡੀਆ ਸ਼ਖਸੀਅਤ ਸਿੱਧੂ ਦਮਦਮੀ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਬਣ ਗਏ ਅਤੇ ਸੁਰਿੰਦਰ ਸਿੰਘ ਤੇਜ ਦੇ ਸਮਾਚਾਰ ਸੰਪਾਦਕ ਬਣ ਜਾਣ ਕਰ ਕੇ ਮੇਰਾ ਉਨ੍ਹਾਂ ਨਾਲ ਰਿਸ਼ਤਾ ਹੋਰ ਅਪਣੱਤ ਵਾਲਾ ਹੋ ਗਿਆ ਸੀ। ਜਦੋਂ ਮੈਂ ਸ. ਤੇਜ ਅਤੇ ਸਿੱਧੂ ਦਮਦਮੀ ਨੂੰ ਅਮਰੀਕਾ ਜਾਣ ਲਈ ਤਜਰਬਾ ਸਰਟੀਫਿਕੇਟ ਜਾਰੀ ਕਰਨ ਦੀ ਬੇਨਤੀ ਕੀਤੀ ਤਾਂ ਸਿੱਧੂ ਦਮਦਮੀ ਬੋਲੇ, "ਅੱਛਾ! ਤਾਂ ਤੂੰ ਅਮੋਲਕ ਕੋਲ ਚੱਲਿਆ!" ਤੇ ਉਨ੍ਹਾਂ ਸ਼ੁਭ ਇੱਛਾਵਾਂ ਦਿੰਦਿਆਂ ਮੈਨੂੰ ਸਰਟੀਫਿਕੇਟ ਜਾਰੀ ਕਰ ਦਿੱਤਾ।... ਫਿਰ ਜਦੋਂ ਸ. ਦਮਦਮੀ ਅਮਰੀਕਾ ਭਾਅ ਜੀ ਨੂੰ ਮਿਲਣ 'ਪੰਜਾਬ ਟਾਈਮਜ਼' ਦੇ ਦਫਤਰ ਆਏ ਤਾਂ ਮੈਨੂੰ ਮਿਲ ਕੇ ਬੋਲੇ, "ਮੈਨੂੰ ਖੁਸ਼ੀ ਹੈ, ਤੂੰ ਸਹੀ ਥਾਂ ਪਹੁੰਚ ਗਿਆ।"

10 ਅਪਰੈਲ 2008 ਨੂੰ ਅਸੀਂ ਸ਼ਿਕਾਗੋ ਆ ਗਏ ਸਾਂ। ਉਦੋਂ ਨੂੰ ਭਾਅ ਜੀ ਦੀ ਤਬੀਅਤ ਪਹਿਲਾਂ ਨਾਲੋਂ ਥੋੜ੍ਹੀ ਹੋਰ ਵਿਗੜ ਚੁਕੀ ਸੀ, ਪਰ ਜਦ ਆਉਂਦਿਆਂ ਹੀ ਦੇਖਿਆ ਤਾਂ ਉਹ ਆਪਣੇ ਕੰਮ 'ਚ ਪੂਰੀ ਤਰ੍ਹਾਂ ਮਸਰੂਫ ਰਹਿੰਦੇ। ਉਹ ਮੈਨੂੰ ਵੀ ਘੰਟਿਆਂਬੱਧੀ ਕੰਮ 'ਤੇ ਲਾਈ ਰੱਖਦੇ ਤੇ ਆਪ ਵੀ ਸਿਰ ਸੁੱਟ ਕੇ ਖਬਰਾਂ-ਲੇਖਾਂ ਦੀ ਪੁਣ-ਛਾਣ ਕਰੀ ਜਾਂਦੇ। ਕਈ ਵਾਰ ਮੈਂ ਅੱਕ, ਥੱਕ ਤੇ ਖਿਝ ਵੀ ਜਾਂਦਾ, ਪਰ ਭਾਅ ਜੀ ਡਟੇ ਰਹਿੰਦੇ।

ਲੰਮੇ ਸਮੇਂ ਤੋਂ ਫੇਫੜਿਆਂ ਵਿਚ ਆ ਗਈ ਕਮਜ਼ੋਰੀ ਕਾਰਨ ਆਪਣੇ ਆਪ ਸਾਹ ਲੈਣ 'ਚ ਵੀ ਦਿੱਕਤ ਮਹਿਸੂਸ ਕਰਦੇ ਭਾਅ ਜੀ ਨੇ ਆਪਣੇ ਸਾਹਾਂ ਤੋਂ ਪਿਆਰੇ 'ਪੰਜਾਬ ਟਾਈਮਜ਼' ਨੂੰ ਸਾਹਾਂ ਸਿਰ ਕਰ ਕੇ ਉਸ ਮੁਕਾਮ 'ਤੇ ਪਹੁੰਚਾਇਆ, ਜੋ ਮੁਕਾਮ ਅਮਰੀਕਾ-ਕੈਨੇਡਾ ਵਿਚ ਪ੍ਰਕਾਸ਼ਿਤ ਹੁੰਦੇ ਕਿਸੇ ਹੋਰ ਪੰਜਾਬੀ ਅਖਬਾਰ/ਰਸਾਲੇ ਦੇ ਹਿੱਸੇ ਨਹੀਂ ਆਇਆ। ਉਨ੍ਹਾਂ ਦੇ ਹੱਥ-ਪੈਰ ਤਾਂ ਬੇਸ਼ੱਕ ਕਈ ਸਾਲ ਪਹਿਲਾਂ ਹੀ ਹਰਕਤਹੀਣ ਹੋ ਗਏ ਸਨ, ਪਰ ਉਨ੍ਹਾਂ ਦੇ ਕਮਜ਼ੋਰ ਪੈਂਦੇ ਜਾ ਰਹੇ ਪੱਠਿਆਂ ਵਿਚ ਛੁਪੀ 'ਚੜ੍ਹਦੀ ਕਲਾ ਦੀ ਗੈਬੀ ਤਾਕਤ' ਜਿਵੇਂ ਅਖਬਾਰ ਨੂੰ ਹੋਰ ਤਕੜਾ ਕਰਨ ਦੀ ਸਮਰੱਥਾ ਸਮੋਈ ਬੈਠੀ ਸੀ। ਅਸਲ ਵਿਚ ਸਿਹਤ ਦੀਆਂ ਬੇਵਫਾਈਆਂ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਨਾਲ ਮੱਥਾ ਲਾਉਂਦਿਆਂ ਉਨ੍ਹਾਂ ਨੇ ਸਿਦਕ-ਸਿਰੜ ਨਾਲ ਜ਼ਿੰਦਗੀ ਨੂੰ ਜਿਊਣ ਦਾ ਦ੍ਰਿੜ ਇਰਾਦਾ ਧਾਰੀ ਰੱਖਿਆ। ਬੇਪਨਾਹ ਮੁਹੱਬਤ ਦਾ ਪ੍ਰਮਾਣ ਮੈਂ 'ਪੰਜਾਬ ਟਾਈਮਜ਼' ਤੇ 'ਅਮੋਲਕ ਸਿੰਘ ਜੰਮੂ' ਵਿਚਾਲੇ ਪ੍ਰਤੱਖ-ਅਪ੍ਰਤੱਖ ਮਹਿਸੂਸ ਕੀਤਾ ਹੈ। ਮੇਰਾ ਯਕੀਨ ਹੈ, ਜਦੋਂ ਵੀ ਲੋਕ 'ਪੰਜਾਬ ਟਾਈਮਜ਼' ਪੜ੍ਹਦੇ ਹੋਣਗੇ ਜਾਂ ਨਾਂ ਹੀ ਲੈਂਦੇ ਹੋਣਗੇ, ਇਕ ਵਾਰ ਭਾਅ ਜੀ ਦਾ ਚਿਹਰਾ ਉਨ੍ਹਾਂ ਦੀਆਂ ਅੱਖਾਂ ਅੱਗਿਓਂ ਲੰਘ ਜਾਂਦਾ ਹੋਵੇਗਾ। 'ਪੰਜਾਬ ਟਾਈਮਜ਼' ਨੂੰ ਲੋਕ ਹੋਰ ਅਖਬਾਰਾਂ ਵਰਗਾ ਅਖਬਾਰ ਨਾ ਸਮਝ ਕੇ ਦਸਤਾਵੇਜ਼ ਮੰਨਦੇ ਹਨ। ਇਹ ਸਭ ਭਾਅ ਜੀ ਦੀ ਘਾਲਣਾ ਦਾ ਹੀ ਨਤੀਜਾ ਹੈ। ਅਖਬਾਰ ਛਪਣ ਵੇਲੇ ਜਦੋਂ ਤੱਕ 'ਕੱਲਾ-'ਕੱਲਾ ਲੇਖ ਜਾਂ ਖਬਰ ਉਨ੍ਹਾਂ ਦੀਆਂ ਅੱਖਾਂ ਵਿਚੋਂ ਨਾ ਨਿਕਲ ਜਾਵੇ, ਉਨ੍ਹਾਂ ਨੂੰ ਜਿਵੇਂ ਅੱਚਵੀਂ ਜਿਹੀ ਲੱਗੀ ਰਹਿੰਦੀ ਸੀ।

ਸਮੇਂ ਅਤੇ ਬਿਮਾਰੀ ਨੇ ਬੇਸ਼ੱਕ ਉਨ੍ਹਾਂ ਦੇ ਬੋਲਾਂ ਨੂੰ ਗੂੰਗਾ ਕਰਨ ਦੀ ਜ਼ਿਦ ਪਾਲੀ ਹੋਈ ਸੀ, ਪਰ ਉਨ੍ਹਾਂ ਦੀਆਂ ਬੋਲਦੀਆਂ ਅੱਖਾਂ ਅਤੇ ਤਕਲੀਫਾਂ ਦੇ ਬਾਵਜੂਦ ਬੱਲ੍ਹਾਂ 'ਤੇ ਖਿੜਿਆ ਹਾਸਾ ਜਿੰਦੜੀ ਨੂੰ ਆ ਪਈਆਂ ਮੁਸੀਬਤਾਂ ਨਾਲ ਆਢਾ ਲਾਉਣ ਦੀ ਦਲੇਰੀ ਰੱਖਦੇ ਸਨ। ਏਸੇ ਵਿਚੋਂ ਜ਼ਿੰਦਗੀ ਜਿਊਣ ਦਾ ਉਤਸ਼ਾਹ, ਭਰਪੂਰ ਹਾਮੀ ਭਰਦਾ ਰਿਹਾ। ਪਿਛਲੇ ਇਕ ਸਾਲ ਤੋਂ ਕਰੋਨਾ ਕਾਰਨ ਹਦਾਇਤਾਂ ਦੀ ਪਾਲਣਾ ਕਰਦਿਆਂ ਆ ਪਈ ਦੂਰੀ ਹੁਣ ਸਦੀਵੀ ਬਣ ਗਈ ਹੈ। ਪਿਛਲੇ ਇਕ ਸਾਲ ਦੇ ਵਕਫੇ ਵਿਚ ਭਾਵੇਂ ਉਨ੍ਹਾਂ ਨਾਲ ਮੁਲਾਕਾਤਾਂ ਸਿਰਫ ਗਿਣਤੀ ਦੀਆਂ ਹੀ ਹੋਈਆਂ, ਪਰ ਉਨ੍ਹਾਂ ਦੀ ਸਦੀਵੀ ਰੁਖਸਤਗੀ ਤੋਂ ਦਸ-ਬਾਰਾਂ ਦਿਨ ਪਹਿਲਾਂ ਜਦੋਂ ਮੈਂ ਉਨ੍ਹਾਂ ਨੂੰ ਜਾ ਸਤਿ ਸ੍ਰੀ ਅਕਾਲ ਬੁਲਾਈ ਤਾਂ ਪਹਿਲਾਂ ਵਾਂਗ ਉਨ੍ਹਾਂ ਅੱਖਾਂ ਝਪਕ ਕੇ ਜਾਂ ਥੋੜ੍ਹਾ ਜਿਹਾ ਸਿਰ ਹਿਲਾ ਕੇ ਜਵਾਬ ਦੇਣ ਦੀ ਥਾਂ 'ਬੇਗਾਨੀਆਂ ਨਜ਼ਰਾਂ' ਨਾਲ ਇੰਜ ਵੇਖਿਆ, ਜਿਵੇਂ ਪਛਾਣਿਆ ਹੀ ਨਾ ਹੋਵੇ। ਉਨ੍ਹਾਂ ਦੇ ਘਰੋਂ ਨਿਕਲ ਕੇ ਮੈਂ ਉਨ੍ਹਾਂ ਦੀ ਤੱਕਣੀ ਨੂੰ ਆਪਣੀਆਂ ਅੱਖਾਂ ਵਿਚ ਸਮੋ ਕੇ ਆਪਣੇ ਘਰ ਪਹੁੰਚ ਗਿਆ ਸਾਂ, ਪਰ ਉਸ ਦਿਨ ਤੋਂ ਕਈ ਵਾਰ ਇਹ ਮਹਿਸੂਸ ਹੋਇਆ ਕਿ ਉਨ੍ਹਾਂ ਦੀਆਂ ਉਹ ਖੁੱਲ੍ਹੀਆਂ ਤੇ ਹੈਰਾਨੀ ਨਾਲ ਤੱਕਦੀਆਂ ਅੱਖਾਂ ਮੇਰਾ ਪਿੱਛਾ ਕਰ ਰਹੀਆਂ ਹੋਣ।

ਹੁਣ ਤਾਂ ਉਹ ਦੌਰ ਵੀ ਮੇਰੀਆਂ ਅੱਖਾਂ ਸਾਹਮਣੇ ਆ ਖੜ੍ਹਾ ਹੋਇਆ ਹੈ, ਜਦੋਂ 'ਪੰਜਾਬ ਟਾਈਮਜ਼' ਦੇ ਵਿਹੜੇ ਵਿਚਾਰ-ਵਟਾਂਦਰੇ, ਸਲਾਹ-ਮਸ਼ਵਰੇ ਤੇ ਗੱਲਾਂ-ਬਾਤਾਂ ਦੇ ਮਜਮੇ ਲੱਗਦੇ ਰਹੇ। ਨਵੇਂ-ਪੁਰਾਣੇ ਲੇਖਕਾਂ, ਕਾਲਮਨਵੀਸਾਂ ਦੀਆਂ ਲਿਖਤਾਂ 'ਚੋਂ ਆਪਣੀ ਗੱਲ ਲੱਭ ਕੇ ਅਖਬਾਰ ਰਾਹੀਂ ਕਹਿਣ ਦੀ ਜੁਗਤ ਸ. ਜੰਮੂ ਨੇ ਆਖਰੀ ਪਲਾਂ ਤੱਕ ਪਾਲੀ। ਇਹ ਗੱਲ ਅਖਬਾਰੀ ਪੇਸ਼ੇ ਦੇ ਉਹ ਵਿਰੋਧੀ ਵੀ ਮੰਨਦੇ ਹਨ, ਜਿਨ੍ਹਾਂ ਨੂੰ ਇਸ ਜੁਗਤ ਦੀ ਸੋਝੀ ਹੈ।

ਬੇਬਾਕ ਸੰਪਾਦਕੀ ਕਰਦਿਆਂ ਉਹ ਸਹਿਜੇ ਹੀ ਤਿੱਖੀ ਚੋਭ ਲਾਉਣ ਤੋਂ ਵੀ ਪਿਛੇ ਨਹੀਂ ਸਨ ਹਟਦੇ। ਉਨ੍ਹਾਂ ਨਾਲ ਕੰਮ ਕਰਦਿਆਂ ਜਿਥੇ ਮੈਂ ਉਨ੍ਹਾਂ ਦਾ ਆਪਣੀ ਗੱਲ 'ਤੇ ਅਟੱਲ ਰਹਿਣ ਦਾ ਸੁਭਾਅ ਦੇਖਿਆ, ਉਥੇ ਉਨ੍ਹਾਂ ਅੰਦਰ ਕਿਸੇ ਵਲੋਂ ਆਪਣੀ ਗਲਤੀ ਮੰਨ ਲੈਣ 'ਤੇ ਉਸ ਨੂੰ ਮੁਆਫ ਕਰ ਦੇਣ ਦਾ ਵੱਡਾ ਜਿਗਰਾ ਵੀ ਸੀ; ਬਸ਼ਰਤੇ ਸਾਹਮਣੇ ਵਾਲਾ ਆਪਣੀ ਅੜੀ ਛੱਡੇ ਤੇ ਗਲਤੀ ਮੰਨੇ।

ਪੱਤਰਕਾਰੀ ਦੇ ਕਿੱਤੇ ਵਿਚ ਕਿਸੇ ਨਾ ਕਿਸੇ ਧਿਰ ਦੇ ਨਾਰਾਜ਼ ਹੋਣ ਦਾ ਖਦਸ਼ਾ ਹਮੇਸ਼ਾ ਹੀ ਰਹਿੰਦਾ ਹੈ, ਜਿਸ ਦਾ ਖਮਿਆਜ਼ਾ 'ਪੰਜਾਬ ਟਾਈਮਜ਼' ਨੂੰ ਵੀ ਗਾਹੇ-ਬਗਾਹੇ ਭੁਗਤਣਾ ਪਿਆ ਹੈ। ਭਾਅ ਜੀ ਦੇ ਮੱਦਾਹਾਂ, ਸਨੇਹੀਆਂ ਤੇ ਸਹਿਯੋਗੀਆਂ ਦੇ ਹਾਂਪੱਖੀ ਹੁੰਗਾਰੇ ਕਰ ਕੇ 'ਪੰਜਾਬ ਟਾਈਮਜ਼' ਅਮਰੀਕਾ-ਕੈਨੇਡਾ ਦੇ ਸਿਰਕੱਢ ਪੰਜਾਬੀ ਅਖਬਾਰ ਵਜੋਂ ਜਾਣਿਆ ਜਾਂਦਾ ਹੈ। ਇਹ ਕੋਈ ਹਉਮੈ ਨਹੀਂ, ਮਾਣ ਵਾਲੀ ਗੱਲ ਹੈ ਕਿ 'ਪੰਜਾਬ ਟਾਈਮਜ਼' ਨੇ ਸਫਰ ਦੇ ਇੱਕੀਵੇਂ ਸਾਲ 'ਤੇ ਨਿਰੰਤਰ ਤੁਰਦਿਆਂ ਦਿਨੋ ਦਿਨ ਆਪਣਾ ਮਿਆਰ ਉਚਾ ਹੀ ਕੀਤਾ ਹੈ। ਭਾਅ ਜੀ ਸ. ਜੰਮੂ ਸਰੀਰਕ ਤੌਰ 'ਤੇ ਭਾਵੇਂ ਅੱਜ ਸਾਡੇ ਵਿਚਕਾਰ ਨਹੀਂ ਹਨ, ਪਰ ਉਨ੍ਹਾਂ ਦੀ ਪੰਜਾਬੀ ਪੱਤਰਕਾਰੀ ਪ੍ਰਤੀ ਬੇਬਾਕ ਸੋਚ ਤੇ ਜ਼ਿੰਮੇਵਾਰੀ ਕਾਬਿਲ-ਏ-ਤਾਰੀਫ ਸੀ ਤੇ ਰਹੇਗੀ ਵੀ।

ਅਨੇਕਾਂ ਦਿਲਾਂ 'ਚ ਵੱਸਦਿਆ ਸੱਜਣਾ! ਇਹ ਕੋਈ ਆਖਰੀ ਅਲਵਿਦਾ ਨਹੀਂ। ਭਾਅ ਜੀ! ਤੁਹਾਨੂੰ ਚਾਹੁਣ ਵਾਲਿਆਂ ਨੇ ਤਾਂ ਯਾਦਾਂ ਦੇ ਜ਼ਰੀਏ ਤੁਹਾਡੇ ਨਾਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਰੱਖਣਾ ਹੈ।...

# ਅਲਵਿਦਾ ਭਾਅ ਜੀ, ਅਮੋਲਕ ਸਿੰਘ...



ਰਾਜਿੰਦਰ ਸਿੰਘ ਟਾਂਡਾ

ਸਾਲ 2004 ਵਿਚ ਪਹਿਲੀ ਵਾਰ ਮਿਲਿਆ ਮੈਂ ਭਾਅ ਜੀ ਅਮੋਲਕ ਸਿੰਘ ਨੂੰ। ਸੈਨ ਫਰਾਂਸਿਸਕੋ ਏਅਰਪੋਰਟ ਤੋਂ ਲੈਣ ਗਿਆ ਸਾਂ। ਰਸਤੇ ਵਿਚ ਸੈਂਟਾ ਕਲਾਰਾ, ਇਕ ਰੈਸਟੋਰੈਂਟ ਵਿਚ ਬੈਠ ਕੇ ਜਦੋਂ ਰੋਟੀ ਖਾਣ ਲੱਗੇ ਤਾਂ ਮੈਂ ਮਹਿਸੂਸ ਕੀਤਾ ਕਿ ਭਾਅ ਜੀ ਹੋਰਾਂ ਦੇ ਹੱਥ, ਬੁਰਕੀ ਤੋੜਨ ਲੱਗਿਆਂ, ਉਸ ਤਰ੍ਹਾਂ ਕੰਮ ਨਹੀਂ ਕਰ ਰਹੇ, ਜਿਸ ਤਰ੍ਹਾਂ ਕਰਨੇ ਚਾਹੀਦੇ ਹਨ। ਪੁੱਛਿਆ, ਤਾਂ ਉਨ੍ਹਾਂ ਆਪਣੀ ਬਿਮਾਰੀ ਬਾਰੇ ਦੱਸਿਆ, "ਆਉਣ ਵਾਲਾ ਸਮਾਂ ਮੇਰੇ ਉੱਤੇ ਕਾਫੀ ਮਾੜਾ ਹੋਵੇਗਾ, ਕੁਝ ਸਮੇਂ ਬਾਅਦ ਮੇਰੇ ਹੱਥ-ਪੈਰ ਚਲਣੇ ਬੰਦ ਹੋ ਜਾਣਗੇ।" ਬੜੇ ਆਰਾਮ ਨਾਲ ਉਨ੍ਹਾਂ ਇਹ ਗੱਲ ਦੱਸੀ। ਮੇਰਾ ਹੈਰਾਨ ਹੋਣਾ ਸੁਭਾਵਿਕ ਸੀ।

ਸਾਲ 2005 ਵਿਚ ਆਏ। ਮੈਂ ਕਿਹਾ, ਚਲੋ ਲੰਚ ਕਰਦੇ ਹਾਂ। ਆਖਣ ਲੱਗੇ, ਮੈਕਸੀਕਨ ਖਾਣਾ ਖਾਵਾਂਗੇ। ਅਸੀਂ ਸੈਨ ਹੋਜ਼ੇ ਡਾਊਨਟਾਊਨ ਵਿਚ ਬੈਠੇ ਖਾਣਾ ਖਾਧਾ। ਇਸ ਵਾਰ ਮੈਕਸੀਕਨ ਖਾਣ ਦਾ ਅਸਲ ਕਾਰਨ ਇਹ ਸੀ ਕਿ ਹੁਣ ਰੋਟੀ ਦੀ ਬੁਰਕੀ ਤੋੜਨੀ ਵੀ ਮੁਸ਼ਕਿਲ ਹੋ ਗਈ ਸੀ। ਅਗਲੇ ਸਾਲ ਫਿਰ ਭੈਣ ਜੀ (ਉਨ੍ਹਾਂ ਦੀ ਪਤਨੀ) ਹੋਰਾਂ ਨਾਲ ਆਏ, ਤੇ ਹਾਲਤ ਹੋਰ ਵੀ ਖਰਾਬ ਸੀ। ਫਿਰ ਕਦੇ ਕੈਲੀਫੋਰਨੀਆ ਨਹੀਂ ਆਏ।

ਇਸ ਦੌਰਾਨ ਜਦੋਂ ਵੀ ਗੱਲ ਹੋਣੀ, ਜਦੋਂ ਹਾਲ ਪੁੱਛਣਾ, ਉਨ੍ਹਾਂ ਆਖਣਾ, "ਕਾਇਮ ਆ?" "ਬਿਲਕੁਲ ਠੀਕ ਆ।" ਆਵਾਜ਼ ਵਿਚ, ਲਿਖਤ ਵਿਚ, ਅਖਬਾਰ ਦੇ ਮਿਆਰ ਵਿਚ ਕਦੇ ਕੋਈ ਕਮੀ ਨਹੀਂ।

2009 ਦੇ ਅਖੀਰ ਵਿਚ ਸ਼ਿਕਾਗੋ ਗਿਆ, ਮੈਂ ਕਾਲ ਕੀਤੀ, ਆਖਣ ਲੱਗੇ, "ਅੱਜ ਮੰਗਲਵਾਰ ਨਾ ਆਈਂ, ਅਖਬਾਰ ਪੂਰਾ ਕਰਨਾ ਹੁੰਦਾ। ਕੱਲ੍ਹ ਆਵੀਂ, ਦੁਪਹਿਰ ਦਾ ਖਾਣਾ, ਇਕੱਠੇ ਖਾਵਾਂਗੇ।"

ਮੈਂ ਅਗਲੇ ਦਿਨ ਸਵੇਰੇ ਕੋਈ ਗਿਆਰਾਂ ਕੁ ਵਜੇ ਉਨ੍ਹਾਂ ਦੇ ਘਰ ਪੁੱਜਾ ਤਾਂ, ਵਹੀਲ ਚੇਅਰ ਉੱਤੇ ਹੱਡੀਆਂ ਦੀ ਇੱਕ ਮੁੱਠ ਬੈਠੀ ਦੇਖ ਕੇ ਹੈਰਾਨ ਹੋ ਗਿਆ। ਮੈਂ ਹੱਥ, ਮਿਲਾਉਣ ਲਈ ਹੱਥ ਅੱਗੇ ਕੀਤਾ, ਤੇ ਸਿਰ ਮਾਰ ਕੇ ਇਸ਼ਾਰਾ ਕਰ ਦਿੱਤਾ। ਹੱਥ ਚੁੱਕੇ ਨਹੀਂ ਜਾਂਦੇ। ਪੂਰਾ ਸਰੀਰ, ਇੱਕ ਦਮ ਪੱਥਰ, ਬੇਜਾਨ, ਇੱਕ ਜਿੰਦਾ ਲਾਸ਼। ਗਲੇ ਤੋਂ ਥੱਲੇ ਸਰੀਰ ਵਿਚ ਕੋਈ ਹਰਕਤ ਨਹੀਂ। ਟਾਇਲਟ, ਨਹਾਉਣ, ਸੌਣ-ਹਰ ਕੰਮ ਲਈ ਇੱਕ ਸਹਾਰੇ ਦੀ ਲੋੜ।

ਆਕਸੀਜਨ ਸਿਲੰਡਰ ਦੀ ਨਾਲੀ ਨੱਕ ਵਿਚ। ਥੋੜ੍ਹਾ ਉੱਚੀ ਬੋਲਣ ਨਾਲ ਸਾਹ ਉਖੜਦਾ ਸੀ, ਪਰ ਆਵਾਜ਼, ਗੱਲਬਾਤ ਬਿਲਕੁਲ ਉਸੇ ਤਰ੍ਹਾਂ! ਅੱਖਾਂ ਮੀਟ ਕੇ ਗੱਲ ਕਰਦਿਆਂ ਯਕੀਨ ਨਹੀਂ ਸੀ ਆਉਂਦਾ ਕਿ ਇਸ ਆਵਾਜ਼ ਜਾਂ ਕਲਮ ਦਾ ਮਾਲਕ ਇਸ ਤਰ੍ਹਾਂ ਇੱਕ ਲਾਸ਼ ਵਰਗੀ ਜ਼ਿੰਦਗੀ ਜੀਓ ਰਿਹਾ ਹੋਵੇ। ਹੌਸਲਾ ਬਿਲਕੁਲ ਬੁਲੰਦ, ਕੋਈ ਗਿਲਾ ਨਹੀਂ, ਕੋਈ ਸ਼ਿਕਵਾ ਨਹੀਂ, ਕੋਈ ਹਾਏ ਹਾਏ ਨਹੀਂ, ਕੋਈ ਮਰੂੰ ਮਰੂੰ ਨਹੀਂ। ਇੰਜ ਲੱਗੇ, ਜਿਵੇਂ ਭਾਣੇ ਵਿਚ ਰਹਿਣ ਦਾ ਵੱਲ, ਬਸ ਇਸ ਇਨਸਾਨ ਨੂੰ ਹੀ ਆਉਂਦਾ ਹੋਵੇ। ਉਸੇ ਤਰ੍ਹਾਂ ਮਜ਼ਾਕ, ਫਰੀਮਾਂਟ ਦੇ ਗੁਰਦੁਆਰਾ ਸਾਹਿਬ ਦੀਆਂ ਗੱਲਾਂ ਕਰਦਿਆਂ, ਸ਼ੁਗਲ ਵੀ ਹੋਇਆ, ਪਰ ਕੋਈ 3-4 ਘੰਟੇ ਦੀ ਮੁਲਾਕਾਤ ਵਿਚ ਇੱਕ ਵਾਰ ਵੀ, ਉਸ ਇਨਸਾਨ ਨੇ ਕੋਈ ਨਿਹੋਰਾ ਜਾਂ ਹਾਏ ਲਫਜ਼ ਨਹੀਂ ਵਰਤਿਆ।

ਉਸ ਤੋਂ ਬਾਅਦ ਕੋਈ 2014-15 ਤੱਕ ਜਦ ਵੀ ਫੋਨ 'ਤੇ ਗੱਲ ਹੋਣੀ ਤਾਂ ਉਨ੍ਹਾਂ ਮਜ਼ਾਕ ਵਿਚ ਕਹਿਣਾ, "ਓਏ ਟਾਂਡੇ ਵਾਲਿਓ ਬਾਬਿਓ, ਕਿਵੇਂ ਆ ਤੁਹਾਡੇ ਫਰੀਮਾਂਟ ਦਾ ਹਾਲ?" ਫਿਰ ਗੱਲ ਕਰਦਿਆਂ ਬਹੁਤ ਸਾਹ ਚੜ੍ਹਨ ਲੱਗ ਪਿਆ। ਮੇਰੀ ਹਿੰਮਤ ਨਹੀਂ ਸੀ ਪੈਂਦੀ ਕਿ ਕਿਵੇਂ ਹਾਲ ਪੁਛੀਏ! ਮੇਰੀ ਇੱਕ ਵੱਡੀ ਕਮਜ਼ੋਰੀ ਹੈ ਕਿ ਮੈਥੋਂ ਬਹੁਤ ਤਕਲੀਫ ਵਿਚ ਇਨਸਾਨ ਦੇਖਿਆ ਨਹੀਂ ਜਾਂਦਾ, ਤੇ ਮੈਂ ਅਕਸਰ ਫਿਰ ਬਚਣ ਦੀ ਕੋਸ਼ਿਸ਼ ਕਰਦਾ ਹਾਂ। ਸੋ, ਪਿਛਲੇ ਕੋਈ ਚਾਰ ਕੁ ਸਾਲ ਤੋਂ ਮੇਰੀ ਹਿੰਮਤ ਨਹੀਂ ਪਈ ਗੱਲ ਕਰਨ ਦੀ।

ਪਿਛਲੇ ਕੋਈ ਦਸ ਸਾਲਾਂ ਵਿਚ, ਮੈਂ ਜਦੋਂ ਵੀ ਕਿਸੇ ਵੀ ਵੱਡੀ ਬਿਮਾਰੀ ਨਾਲ ਜੂਝਦੇ ਕਿਸੇ ਵੀ ਸੱਜਣ ਨੂੰ, ਹਿੰਮਤ ਦਿੱਤੀ ਹੈ ਤਾਂ ਮੇਰੀ ਉਦਾਹਰਣ ਹਮੇਸ਼ਾ ਭਾਅ ਜੀ ਅਮੋਲਕ ਸਿੰਘ ਦੇ ਘਰ ਦੀ, ਸ਼ਿਕਾਗੋ ਫੇਰੀ ਦਾ ਸੀਨ ਹੁੰਦਾ ਸੀ।

ਪਰ ਜਿਸ ਤਰੀਕੇ ਦੀ ਸੇਵਾ ਭੈਣ ਜੀ ਨੇ ਕੋਈ ਡੇਢ ਕੁ ਦਹਾਕਾ, ਭਾਅ ਜੀ ਅਮੋਲਕ ਸਿੰਘ ਦੀ ਕੀਤੀ ਹੈ, ਉਹ ਇੱਕ ਇਤਿਹਾਸ ਹੋ ਨਿਬੜਿਆ ਹੈ। ਉਨ੍ਹਾਂ ਦੇ ਚਿਹਰੇ 'ਤੇ ਪੁਰਾਤਨ ਬੀਬੀਆਂ ਵਰਗੀ ਸਾਦਗੀ, ਨਿਮਰਤਾ ਤੇ ਸੰਜਮ ਹਮੇਸ਼ਾ ਰਹਿੰਦੀ ਸੀ। ਪਰਮਾਤਮਾ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਅਲਵਿਦਾ ਭਾਅ ਜੀ ਅਮੋਲਕ ਸਿੰਘ ਜੀ, ਤੁਹਾਡੀ ਹਿੰਮਤ ਨੂੰ ਸਿਜਦਾ!

# ਅਜ਼ੀਜ਼ ਦੋਸਤ ਦਾ ਵਿਛੋੜਾ

ਜਸਵਿੰਦਰ ਸਿੰਘ (ਜੱਸੀ) ਗਿੱਲ

21 ਸਾਲ ਤੋਂ ਅਜ਼ੀਜ਼ ਦੋਸਤ ਆਪਾਂ ਸਭ ਨੂੰ ਛੱਡ ਗਿਆ। ਉਨ੍ਹਾਂ ਦੀ ਬਿਮਾਰੀ ਦੇ ਬਾਵਜੂਦ ਸਿਰੜ ਤੇ ਸਿਦਕ ਨੂੰ ਵੇਖ ਕੇ ਖੁਦ ਦੇ ਜ਼ਿੰਦਗੀ ਦੇ ਝੰਜਟ ਮਾਮੂਲੀ ਲੱਗਦੇ ਸਨ।

ਜਦ ਵੀ ਕਦੇ ਫੋਨ ਕਰਨਾ, ਜਾਣ-ਬੁੱਝ ਕੇ ਉੱਚੀ ਬੋਲਣਾ ਤਾਂ ਕਿ ਮੈਨੂੰ ਮਾਲੂਮ ਨਾ ਹੋਵੇ ਕਿ ਉਹ ਕਿੰਨੀ ਤਕਲੀਫ 'ਚ ਹਨ।

ਪੰਜਾਬ ਟਾਈਮਜ਼ ਯੂ. ਐਸ. ਏ. ਨਾਲ ਵਾਹ ਹਰ ਹਫਤੇ ਪੈ ਰਿਹਾ ਹੈ ਤੇ ਆਪਣਾ ਪਰਿਵਾਰ ਹੀ ਮਹਿਸੂਸ ਹੋਇਆ। ਭੈਣ ਜੀ ਜਸਪ੍ਰੀਤ ਨੇ 15 ਸਾਲ ਤੋਂ ਉਪਰ ਪੂਰੀ ਸੇਵਾ ਕੀਤੀ, ਨਾਲ ਹੀ ਵਾਪਿਸ ਨਹੀਂ ਆਵੇਗਾ।

ਭਾਅ ਜੀ ਨੇ ਦੇਸ਼-ਵਿਦੇਸ਼ 'ਚ ਨਮਾਣਾ ਖੱਟਣ ਦੇ ਨਾਲ ਨਾਲ ਪਾਠਕਾਂ ਤੋਂ ਪੂਰਾ ਪਿਆਰ ਲਿਆ। ਕਦੇ ਬਾਬਿਆਂ ਤੇ ਜੋਤਸ਼ੀਆਂ ਦੀ ਮਸ਼ਹੂਰੀ ਨਹੀਂ ਲਾਈ ਤੇ ਸੱਚੀ ਗੱਲ ਲਿਖਣ ਤੋਂ ਵੀ ਨਹੀਂ ਝਿਜਕੇ। ਜੇ ਕਦੇ ਕਹਿਣਾ, ਭਾਅ ਜੀ ਫਲਾਣੇ ਬਾਰੇ ਦੀ ਘਟਨਾ ਨਾ ਲਿਖਿਓ। ਉਨ੍ਹਾਂ ਕਹਿਣਾ, "ਲਿਖਾਂਗਾ ਤੇ ਸਹੀ! ਅਗਲੇ ਪੇਜ 'ਤੇ ਨਾ ਲਿਖ ਕੇ ਮਗਰ ਲਾ ਦੇਵਾਂਗਾ।" ਨਿਡਰ ਤੇ ਬੇਬਾਕ ਪੱਤਰਕਾਰੀ ਦੀ ਤਸਵੀਰ ਸਨ। ਜ਼ਿੰਦਗੀ ਦੇ ਅਸੂਲ ਕਿਸੇ ਕੀਮਤ 'ਤੇ ਵੀ ਨਹੀਂ ਬਦਲੇ।

ਹਰ ਹਫਤੇ ਆਪਣੀ ਨਿਜੀ ਜ਼ਿੰਦਗੀ ਦੀ ਵੀ ਹਰ ਗੱਲ ਹਮੇਸ਼ਾ ਉਨ੍ਹਾਂ ਨਾਲ ਸਾਂਝੀ ਕਰਨੀ ਤੇ ਉਸਾਰੂ ਬਹਿਸ ਵੀ ਕਰਨੀ। ਕੁਝ ਮਹੀਨਿਆਂ ਤੋਂ




*'ਪੰਜਾਬ ਟਾਈਮਜ਼ ਨਾਈਟ' ਮੌਕੇ ਸ. ਜੰਮੂ ਨਾਲ ਡਾ. ਦਲਬੀਰ ਸਿੰਘ ਪੰਨੂ, ਗੁਰਚਰਨ ਸਿੰਘ ਮਾਨ ਅਤੇ ਜਸਵਿੰਦਰ ਸਿੰਘ (ਜੱਸੀ) ਗਿੱਲ*

ਸ਼ਿਕਾਗੋ ਵਾਲੇ ਸਾਰੇ ਹੀ ਪੰਜਾਬ ਟਾਈਮਜ਼ ਨਾਲ ਜੁੜੇ ਪਰਿਵਾਰ ਦੇ ਮੈਂਬਰ ਵੀ ਆਪਣੇ ਹੀ ਲੱਗਦੇ ਹਨ, ਜੋ ਨੇੜੇ ਹੋਣ ਕਰਕੇ ਅਮੋਲਕ ਭਾਅ ਜੀ ਦੀਆਂ ਬਾਹਵਾਂ ਬਣੇ ਰਹੇ ਤੇ ਅੱਧੇ ਬੋਲ 'ਤੇ ਭਾਅ ਜੀ ਕੋਲ ਪਹੁੰਚ ਜਾਂਦੇ ਰਹੇ। ਅੱਜ ਇਸ ਤਰ੍ਹਾਂ ਲਗਦੈ, ਜਿਵੇਂ ਮੇਰਾ ਬਹੁਤ ਕੁਝ ਚਲਾ ਗਿਆ, ਜੋ ਮਗਰ ਵਿਹੜੇ 'ਚ ਬੈਠ ਕੇ ਮਨ ਵਿਚ ਹੀ ਉਨ੍ਹਾਂ ਨਾਲ ਗੱਲਾਂ ਕਰੀ ਜਾਣੀਆਂ, ਕਿਉਂਕਿ ਉਨ੍ਹਾਂ ਨੂੰ ਸੁਰਤ ਨਹੀਂ ਸੀ। ਸੋਚਣਾ ਉਨ੍ਹਾਂ ਦੇ ਜਿਉਂਦੇ ਜੀ ਅਖਬਾਰ 'ਚ ਆਰਟੀਕਲ ਲਿਖਾਂ ਕਿ ਅਸੀਂ ਤੁਹਾਨੂੰ ਕਿੰਨਾ ਪਿਆਰ ਕਰਦੇ ਹਾਂ, ਪਰ ਹਿੰਮਤ ਨਹੀਂ ਪਈ।

# ਮਿਲਣ ਦੀ ਤਾਂਘ ਦਿਲ ਵਿਚ ਹੀ ਰਹਿ ਗਈ



ਜਸਵੰਤ ਸਿੰਘ ਸ਼ਾਦ

ਅਮਰੀਕਾ ਤੋਂ ਛਪਦੀ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨਹੀਂ ਰਹੇ। ਪਰਦੇਸ ਵਿਚ ਪੰਜਾਬੀ ਅਖਬਾਰ ਨੂੰ ਮਣਾਂ ਮੂੰਹੀਂ ਪਿਆਰ ਤੇ ਸਤਿਕਾਰ ਦਿਵਾ ਕੇ, ਪੱਤਰਕਾਰਤਾ ਨੂੰ ਮਾਣਮੱਤਾ ਬਣਾ ਕੇ, ਪੰਜਾਬੀ ਮਾਂ ਬੋਲੀ ਦਾ ਸੱਚਾ ਸਪੂਤ ਆਪਣਾ ਦੁਨਿਆਵੀ ਪੰਧ ਮੁਕਾ ਕੇ ਜਾ ਚੁਕਾ ਹੈ। ਮੈਨੂੰ ਮਾਣ ਹੈ ਕਿ ਮੈਂ ਪੰਜਾਬ ਟਾਈਮਜ਼ ਅਖਬਾਰ ਦਾ ਹਿੱਸਾ ਰਿਹਾ ਹਾਂ। ਪੰਜਾਬ ਟਾਈਮਜ਼ ਨੇ ਪਰਵਾਸੀ ਪੱਤਰਕਾਰੀ ਦੇ ਖੇਤਰ ਵਿਚ ਮਿਆਰੀ ਮੀਲ ਪੱਥਰ ਗੱਡੇ ਹਨ। ਪੰਜਾਬ ਟਾਈਮਜ਼ ਹੀ ਇੱਕੋ ਇੱਕ ਅਜਿਹਾ ਮੰਚ ਹੋ ਨਿਬੜਿਆ ਹੈ, ਜਿਹੜਾ ਵਿਰੋਧੀ ਵਿਚਾਰਾਂ ਨੂੰ ਵੀ ਬਰਾਬਰ ਦੀ ਥਾਂ ਦਿੰਦਾ ਹੈ। ਕਿਸੇ ਪੱਖ ਵਿਚ ਆਏ ਵਿਚਾਰਾਂ ਦੇ ਕੱਟੜ ਵਿਰੋਧੀ ਨੂੰ ਵੀ ਬਣਦੀ ਥਾਂ ਦੇਣੀ ਸ਼ਾਇਦ ਸਿਰਫ ਪੰਜਾਬ ਟਾਈਮਜ਼ ਦੇ ਹਿੱਸੇ ਆਇਆ ਹੈ। ਸੌੜੀ ਰਾਜਨੀਤੀ ਤੋਂ ਉੱਪਰ ਉਠਿਆ ਬੰਦਾ ਹੀ ਐਸਾ ਮੰਚ ਮੁਹੱਈਆ ਕਰਵਾਉਣ ਦਾ ਹਿਆ ਕਰ ਸਕਦਾ ਹੈ।

ਅਮੋਲਕ ਭਾਅ ਜੀ ਨਾਲ ਮੇਰਾ ਨਾਤਾ 15 ਕੁ ਸਾਲ ਪੁਰਾਣਾ ਹੈ। ਕਿਤੇ ਕਿਤੇ ਕੋਈ ਲੇਖ ਲਿਖ ਕੇ ਭੇਜਣਾ ਤਾਂ ਭਾਅ ਜੀ ਦੀ ਐਡਿਟਰੀ ਵਾਲੀ ਕੈਂਚੀ ਨੇ ਕਾਫੀ ਕੁਝ ਕੱਟ ਦੇਣਾ, ਪਰ ਛਾਪ ਦੇਣਾ। ਪੁੱਛਣ 'ਤੇ ਜਵਾਬ ਮਿਲਣਾ ਕਿ ਜਿਹੜੀ ਗੱਲ ਥੋੜ੍ਹੇ ਲਫਜ਼ਾਂ ਵਿਚ ਲਿਖੀ ਜਾ ਸਕਦੀ ਹੈ, ਉਹਨੂੰ ਲੰਮੀ ਕਿਉਂ ਕਰਨਾ? ਭਾਅ ਜੀ ਨਾਲ ਜਦੋਂ ਵੀ ਗੱਲ ਹੋਣੀ, ਉਨ੍ਹਾਂ ਕਹਿਣਾ ਯਾਰ ਕੁਝ ਹਫਤਾਵਾਰੀ ਲਿਖ ਕੇ ਦਿਆ ਕਰ; ਪਰ ਮੈਂ ਕੰਮਾਂ ਕਾਰਾਂ ਦੇ ਝਮੇਲਿਆਂ ਵਿਚੋਂ ਕਦੇ ਹਫਤੇ ਦਾ ਇੱਕ ਲੇਖ ਲਿਖਣ ਦਾ ਹਿਆ ਨਾ ਕਰ ਸਕਿਆ। ਕੋਸ਼ਿਸ਼ ਕੀਤੀ, ਪਰ ਗੱਲ ਨਾ ਬਣੀ। ਫਿਰ ਸ਼ਾਇਦ 2012-13 ਵਿਚ ਮੈਂ ਜਦੋਂ 'ਤਿਰਛੀ ਨਜ਼ਰ' ਲਿਖਣ ਲੱਗਿਆ ਤਾਂ ਭਾਅ ਜੀ ਨੂੰ ਭੇਜੀ, ਤਾਂ ਕਹਿੰਦੇ, "ਹੁਣ ਇਹਨੂੰ ਤਾਂ ਹਫਤਾਵਾਰੀ ਕਰ ਈ ਸਕਦੈਂ ਕਿ ਨਹੀਂ? ਘੱਟੋ ਘੱਟ 7 ਖਬਰਾਂ ਦੀ 'ਤਿਰਛੀ ਨਜ਼ਰ' ਬਣਾ ਤੇ ਮੈਨੂੰ ਭੇਜਾ।" ਮੈਂ ਹਰ ਹਫਤੇ ਭੇਜਣ ਲੱਗ ਪਿਆ। ਭਾਅ ਜੀ ਨੇ ਛਾਪ ਦੇਣੀ, ਪਰ ਕਦੇ ਕੋਈ ਕੁਮੈਂਟ ਨਾ ਕਰਨਾ। ਮੈਂ ਇੱਕ ਵਾਰ ਪੁੱਛ ਲਿਆ, 'ਭਾਅ ਜੀ ਕਿੱਦਾਂ? ਕੋਈ ਗੱਲ ਬਣਦੀ ਵੀ ਹੈ ਕਿ ਨਹੀਂ?' ਕਹਿੰਦੇ, ਆਪਣੇ ਆਪ ਨੂੰ ਪੁੱਛ। ਮੈਂ ਕਿਹਾ ਮੈਨੂੰ ਤੇ ਠੀਕ ਲੱਗਦੀ ਆ, ਪਰ ਲੱਗਦਾ ਹਾਲੇ ਹੋਰ ਤਿੱਖਾਪਣ ਲਿਆਉਣਾ ਪਾਊਗਾ। ਕਹਿੰਦੇ, ਬਿਲਕੁਲ ਮੈਂ ਵੀ ਆਹੀ ਕਹਿਣ ਲੱਗਾ ਸੀ ਕਿ ਹੋਰ ਤਿੱਖੀ ਹੋ ਸਕਦੀ ਆ। ਫਿਰ ਕੁਛ ਮਹੀਨਿਆਂ ਬਾਅਦ ਮੈਂ ਔਨ ਲਾਈਨ ਚੈੱਕ ਕੀਤਾ ਤਾਂ ਨਿਊ ਯਾਰਕ ਤੇ ਸ਼ਿਕਾਗੋ ਵਾਲੇ ਐਡੀਸ਼ਨ ਵਿਚ ਵੀ ਛਾਪੀ ਹੋਈ ਸੀ। ਮੈਂ ਖੁਸ਼ੀ ਵਿਚ ਕਾਲ ਕੀਤੀ ਕਿ ਭਾਅ ਜੀ ਉਧਰ ਵੀ ਛਾਪਣ ਲੱਗ ਪਏ? ਕਹਿੰਦੇ, ਮੈਂ ਥੋੜ੍ਹੀ ਛਾਪੀ ਆ, ਤੇਰੀ ਮਿਹਨਤ ਨੇ ਛਪਵਾਈ ਆ...ਲੋਕ ਪਸੰਦ ਕਰਦੇ ਆ ਤੇ ਉਧਰ ਵੀ ਪੜ੍ਹਨਾ ਚਾਹੁੰਦੇ ਆ। ਕਹਿੰਦੇ, ਅਸੀਂ ਔਨਲਾਈਨ ਪੜ੍ਹਦੇ ਆਂ ਸਾਡੇ ਕਿਉਂ ਨਹੀਂ ਛਾਪਦੇ, ਸੋ ਭਾਊ ਆਪਾਂ ਉਧਰ ਵੀ ਛਾਪਣ ਲੱਗ ਪਏ।

ਅਮੋਲਕ ਭਾਅ ਜੀ ਸ਼ਾਇਦ ਅਮਰੀਕਾ-ਕੈਨੇਡਾ ਦਾ ਇੱਕੋ ਇੱਕ ਅਜਿਹਾ 'ਸੰਪਾਦਕ' (ਅਖੌਤੀ ਮੁੱਖ ਸੰਪਾਦਕ ਨਹੀਂ) ਸੀ, ਜਿਸ ਨੂੰ ਐਡੀਟਿੰਗ ਦਾ ਖਬਤ ਸੀ। ਹਰੇਕ ਖਬਰ ਤੇ ਲੇਖ ਨੂੰ ਆਪ ਐਡਿਟ ਕਰਦੇ। ਬਿੰਦੀਆਂ ਟਿੱਪੀਆਂ ਠੀਕ ਕਰਨੀਆਂ ਤੇ ਵਾਕ ਸਿੱਧੇ ਕਰਨ ਵਿਚ ਭਾਅ ਜੀ ਨੂੰ ਬੜਾ ਸੁਆਦ ਆਉਂਦਾ ਸੀ। ਮੇਰੇ ਕਈ ਲੇਖ ਛਪਣ ਤੋਂ ਬਾਅਦ ਮੈਂ ਕਿਹਾ, "ਭਾਅ ਜੀ, ਅੱਜ ਕੱਲ ਮੇਰੇ ਲੇਖਾਂ 'ਤੇ ਕੈਂਚੀ ਘੱਟ ਚਲਾਉਂਦੇ ਹੋ, ਕੀ ਗੱਲ ਤਰਸ ਕਰਨ ਲੱਗ ਪਏ?" ਕਹਿੰਦੇ, "ਨਹੀਂ, ਤੈਨੂੰ ਲਿਖਣਾ ਆਈ ਜਾਂਦਾ। ਮੇਰਾ ਕੰਮ ਸੌਖਾ ਹੋਈ ਜਾਂਦਾ।"

ਫਿਰ ਮੈਂ ਜਦੋਂ ਕੰਪਿਊਟਰ 'ਤੇ ਪੰਜਾਬੀ ਲਿਖਣ ਲੱਗਿਆ ਤਾਂ ਲਿਖੇ ਹੋਏ ਵਾਕਾਂ ਵਿਚ ਸੁਧਾਰ ਕਰਨਾ ਭਾਵ ਐਡਿਟ ਕਰਨਾ ਸੌਖਾ ਹੋ ਗਿਆ। ਫਿਰ ਮੈਂ ਕੋਸ਼ਿਸ਼ ਕਰਨੀ ਕਿ ਭਾਅ ਜੀ ਨੂੰ ਕੱਟ-ਵੱਢ ਕਰਨ ਦਾ ਮੌਕਾ ਨਹੀਂ ਦੇਣਾ। ਤਿੰਨ ਕੁ ਸਾਲ ਬਾਅਦ ਮੈਂ 'ਤਿਰਛੀ ਨਜ਼ਰ' ਲਿਖਣੀ ਬੰਦ ਕਰ ਦਿੱਤੀ ਤਾਂ ਮੈਂ ਇੱਕ ਅੱਧ ਲੇਖ ਲਿਖ ਭੇਜਣਾ। ਭਾਅ ਜੀ ਦੀ ਕੱਟ-ਵੱਢ ਘਟ ਗਈ। ਫਿਰ ਮੈਂ ਸਾਲ ਕੁ ਬਾਅਦ ਅਸ਼ੋਕ ਟਾਂਗੀ ਭਾਅ ਜੀ ਉੱਤੇ ਇੱਕ ਲੇਖ (ਰੇਖਾ ਚਿੱਤਰ) ਲਿਖਿਆ। ਚਾਰ ਸਫਿਆਂ ਦੇ ਲੇਖ ਨੂੰ ਮੈਂ ਆਪੇ ਈ ਕੱਟ ਕੱਟ (ਐਡਿਟ ਕਰਕੇ) ਢਾਈ ਸਫੇ ਦਾ ਬਣਾ ਦਿੱਤਾ। ਭਾਅ ਜੀ ਨੇ ਹੂਬਹੂ ਛਾਪਿਆ। ਕੋਈ ਕਟਾ-ਵੱਢੀ ਨਹੀਂ।

ਮੈਂ ਕਾਲ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ ਭਾਅ ਜੀ ਦੀ ਸ਼ਾਬਾਸ਼ੀ ਦੀ ਕਾਲ ਆਈ, ਕਹਿੰਦੇ, "ਭਾਊ, ਜੇ ਹੁਣ ਕਲਮ ਚੁੱਕੀ ਆ ਤਾਂ ਰੱਖੀਂ ਨਾ, ਮੈਨੂੰ ਤੇਰੇ ਤੋਂ ਹਫਤੇ ਦਾ ਇੱਕ ਨਹੀਂ ਤਾਂ ਦੋ ਹਫਤਿਆਂ ਪਿੱਛੋਂ ਇੱਕ ਲੇਖ ਚਾਹੀਦਾ।" ਮੈਂ ਕਿਹਾ, "ਭਾਅ ਜੀ, ਮੈਂ ਕੋਸ਼ਿਸ਼ ਕਰੂੰਗਾ।" ਸੁਣ ਕੇ ਹੱਸਣ ਲੱਗ ਪਏ, ਕਹਿੰਦੇ, "ਜਲੰਧਰੀਆ ਇਹ ਸਭ ਬਹਾਨੇ ਆ ਤੇਰੇ!" ਮੈਂ ਕਿਹਾ, "ਭਾਅ ਜੀ, ਇਸ ਲੇਖ ਉੱਤੇ ਕੈਂਚੀ ਨੀ ਚਲਾਈ, ਕੀ ਗੱਲ?" ਕਹਿੰਦੇ, "ਤੂੰ ਕੈਂਚੀ ਪਾਉਣ ਜੋਗੀ ਜਗ੍ਹਾ ਈ ਨਹੀਂ ਛੱਡੀ, ਕੱਟਦਾ ਕਿੱਦਾਂ?" ਭਾਅ ਜੀ ਦੇ ਮੂੰਹੋਂ ਇਹ ਸੁਣ ਕੇ ਮੇਰਾ ਮਨ ਬਾਗੋ ਬਾਗ ਹੋ ਗਿਆ। ਕਦੇ ਮੇਰਾ ਅੱਧਾ ਲੇਖ ਕੈਂਚੀ ਦੀ ਭੇਟ ਹੋ ਜਾਂਦਾ ਸੀ ਤੇ ਹੁਣ....ਭਾਜੀ ਦਾ ਇਹ ਕੁਮੈਂਟ ਮੇਰੇ ਲਈ ਬਹੁਤ ਵੱਡਾ ਸਨਮਾਨ ਸੀ। ਭਾਅ ਜੀ ਨੇ ਮੇਰੇ ਵਰਗੇ ਪਤਾ ਨਹੀਂ ਕਿੰਨਿਆਂ ਕੁ ਨੂੰ ਲਿਖਣ ਲਈ ਪ੍ਰੇਰਿਆ ਤੇ ਲਿਖਣ ਲਾਇਆ।

ਪਿਛਲੇ ਦਸ ਕੁ ਸਾਲ ਤੋਂ ਹਰੇਕ ਸਾਲ 'ਪੰਜਾਬ ਟਾਈਮਜ਼ ਨਾਈਟ' ਉੱਤੇ ਸ਼ਿਕਾਗੋ ਆਉਣ ਬਾਰੇ ਕਹਿਣਾ। ਕਦੇ ਵੀ ਜਾ ਨਾ ਹੋਇਆ। ਪਿਛਲੇ ਸਾਲ ਮਾਰਚ ਵਿਚ ਭੈਣ ਜੀ (ਜਸਪ੍ਰੀਤ ਕੌਰ ਜੰਮੂ) ਦੀ ਕਾਲ ਆਈ, ਕਹਿੰਦੇ ਸ਼ਾਦ ਤੈਨੂੰ ਇਹ ਯਾਦ ਕਰਦੇ ਆ ਪਈ ਪੰਜਾਬ ਟਾਈਮਜ਼ ਨਾਈਟ 'ਤੇ ਆ ਜਾ। ਮੈਂ ਸੋਚਿਆ, ਭਾਅ ਜੀ ਕੋਲੋਂ ਤੇ ਹੁਣ ਚੰਗੀ ਤਰ੍ਹਾਂ ਬੋਲ ਵੀ ਨਹੀਂ ਹੁੰਦਾ, ਫਿਰ ਵੀ ਮੈਨੂੰ ਯਾਦ ਕੀਤਾ, ਭੈਣ ਜੀ ਤੋਂ ਫੋਨ ਕਰਵਾਇਆ...! ਸੋਚ ਕੇ ਮੇਰੀਆਂ ਅੱਖਾਂ ਭਰ ਆਈਆਂ। ਮੈਂ ਕਿਹਾ, ਭੈਣ ਜੀ ਮੈਂ ਪੂਰੀ ਕੋਸ਼ਿਸ਼ ਕਰੂੰਗਾ। ਘਰਵਾਲੀ ਨੂੰ ਦੱਸਿਆ ਤਾਂ ਕਹਿੰਦੀ, ਜਦੋਂ ਉਹ ਇੰਨੇ ਮਾਣ ਨਾਲ ਕਹਿੰਦੇ ਆ ਤਾਂ ਜਾ ਆਓ।

ਮੈਂ ਜੱਸੀ ਗਿੱਲ ਭਾਅ ਜੀ ਨੂੰ ਕਾਲ ਕੀਤੀ ਕਿ ਜਾਣ ਦਾ ਵਿਚਾਰ ਹੈ? ਕਹਿੰਦੇ, ਵਿਚਾਰ ਤਾਂ ਕੋਈ ਨਹੀਂ, ਜੇ ਜਾਣਾ ਹੈ ਤਾਂ ਅਮੋਲਕ ਭਾਅ ਜੀ ਨੂੰ ਮਿਲ ਆਉਂਦੇ ਹਾਂ! ਮੈਂ ਕਿਹਾ, ਠੀਕ ਹੈ ਚੱਲਦੇ ਹਾਂ ਫਿਰ। ਜੱਸੀ ਭਾਅ ਜੀ ਕਹਿੰਦੇ, ਟਿਕਟ ਨਾ ਲਈਂ ਆਪਾਂ 'ਕੱਠੀਆਂ ਬੁੱਕ ਕਰਵਾ ਲਵਾਂਗੇ। ਮੈਂ ਕਿਹਾ, ਠੀਕ ਹੈ। ਪੰਜਾਬ ਨਾਈਟ ਦੀ ਤਰੀਕ ਸ਼ਾਇਦ ਮਈ ਮਹੀਨੇ ਦੀ ਸੀ, ਮਾਰਚ ਵਿਚ ਹੀ ਕਰੋਨਾ ਦਾ ਰੌਲਾ ਪੈਣ ਨਾਲ ਸਭ ਠੱਪ ਹੋ ਗਿਆ। ਪੰਜਾਬ ਟਾਈਮਜ਼ ਨਾਈਟ ਕੈਂਸਲ ਹੋ ਗਈ, ਜਾ ਨਾ ਸਕੇ, ਮਿਲਣ ਦੀ ਤਾਂਘ ਦਿਲ ਵਿਚ ਹੀ ਰਹਿ ਗਈ, ਪਰ ਭਾਅ ਜੀ ਹਮੇਸ਼ਾ ਸਾਡੀਆਂ ਯਾਦਾਂ ਵਿਚ ਵੱਸਦੇ ਰਹਿਣਗੇ। ਉਨ੍ਹਾਂ ਦੀ ਰੁਖਸਤੀ ਦੀ ਖਬਰ ਨੇ ਉਨ੍ਹਾਂ ਦੇ ਜਾਣਨ ਵਾਲਿਆਂ ਨੂੰ ਉਦਾਸ ਕਰ ਦਿੱਤਾ ਹੈ। ਨਾ-ਮੁਰਾਦ ਬਿਮਾਰੀ ਵੀ ਉਨ੍ਹਾਂ ਦਾ ਰਾਹ ਨਾ ਰੋਕ ਸਕੀ ਤੇ ਉਹ ਅਡੋਲ ਕੋਈ ਡੇਢ ਦਹਾਕਾ ਸੂਰਮਿਆਂ ਵਾਂਗ ਇਸ ਬਿਮਾਰੀ ਨਾਲ ਜੂਝਦੇ ਰਹੇ। ਅਮੋਲਕ ਸਿੰਘ ਇੱਕ ਸੰਜਮੀ, ਦ੍ਰਿੜ ਇਰਾਦੇ ਵਾਲਾ ਅਡੋਲ ਤੇ ਦਲੇਰ ਪੱਤਰਕਾਰ ਸੀ। ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਦੀਆਂ ਪਾਈਆਂ ਪੈੜਾਂ ਆਉਂਦੇ ਕਾਫਲਿਆਂ ਦਾ ਰਾਹ ਰੁਸ਼ਨਾਉਂਦੀਆਂ ਰਹਿਣਗੀਆਂ।

# ਪੱਤਰਕਾਰੀ ਵਿਚ ਮੇਰੇ ਉਸਤਾਦ ਸਨ ਅਮੋਲਕ ਸਿੰਘ ਜੰਮੂ

ਸਤਿਕਾਰਯੋਗ ਮੈਡਮ ਜਸਪ੍ਰੀਤ ਕੌਰ ਜੀ, ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ!

ਸ. ਅਮੋਲਕ ਸਿੰਘ ਜੀ ਦੇ ਅਕਾਲ ਚਲਾਣੇ ਦੀ ਖਬਰ ਮਿਲੀ, ਬਹੁਤ ਦੁੱਖ ਹੋਇਆ ਸੁਣ ਕੇ। ਮੈਂ 2009 ਵਿਚ ਸਖਤ ਬਿਮਾਰ ਹੋਣ ਕਾਰਨ ਪੰਜਾਬ ਟਾਈਮਜ਼ ਤੋਂ ਦੂਰ ਹੋ ਗਿਆ ਸਾਂ, ਪਰ ਫਿਰ ਵੀ ਮੈਨੂੰ ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਹੈ ਕਿ ਅਮੋਲਕ ਸਿੰਘ ਹੋਰੀਂ ਹੀ ਅਸਲ ਵਿਚ ਪੱਤਰਕਾਰੀ ਵਿਚ ਮੇਰੇ ਉਸਤਾਦ ਸਨ। ਜ਼ਿਹਨੀ ਤੌਰ 'ਤੇ ਮੈਂ ਸਦਾ ਇਸ ਸੱਚ ਤੋਂ ਸੁਚੇਤ ਰਿਹਾ ਹਾਂ। ਖਬਰਾਂ/ਇਸ਼ਤਿਹਾਰਾਂ, ਲੇਖਾਂ ਨੂੰ ਘੜਦਿਆਂ/ਵੇਖਦਿਆਂ ਉਹ ਬਹੁਤ ਬਾਰੀਕ ਚੀਜ਼ਾਂ ਉਪਰ ਨਜ਼ਰ ਰੱਖਦੇ ਸਨ। ਮੇਰੇ ਲਈ ਉਹ ਸੱਚ-ਮੁੱਚ ਉਸਤਾਦ ਵਾਂਗ ਸਨ ਅਤੇ ਰਹਿੰਦੀ ਉਮਰ ਤੱਕ ਰਹਿਣਗੇ। ਇਸ ਦੁੱਖ ਦੀ ਘੜੀ ਮੈਂ ਆਪ ਜੀ ਦੇ ਦਰਦ ਵਿਚ ਸ਼ਰੀਕ ਹੁੰਦਾ ਹਾਂ। ਪਰਮਾਤਮਾ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਪੰਜਾਬ ਟਾਈਮਜ਼ ਸਮੇਤ ਤੁਹਾਡੇ ਪਰਿਵਾਰ ਨੂੰ ਹੋਰ ਚੜ੍ਹਦੀ ਕਲਾ ਬਖਸ਼ੇ।

*-ਜਸਵੀਰ ਸਿੰਘ ਸ਼ੀਰੀ*

*13-ਬਸੰਤ ਵਿਹਾਰ, ਖਾਂਬੜਾ, ਜਲੰਧਰ। ਫੋਨ: +91-62805-74657*

# 'ਪੰਜਾਬ ਟਾਈਮਜ਼' ਦੀ ਜੋਤ

ਸ. ਅਮੋਲਕ ਸਿੰਘ ਜੰਮੂ ਜੀ ਦੇ ਅਕਾਲ ਚਲਾਣੇ ਦਾ ਪਤਾ ਲਗਿਆ, ਬਹੁਤ ਦੁਖਦਾਈ ਖਬਰ ਹੈ। ਉਨ੍ਹਾਂ ਨੂੰ ਮਿਲਣ ਦਾ ਸੁਭਾਗ ਤਾਂ ਪ੍ਰਾਪਤ ਨਹੀਂ ਸੀ ਹੋਇਆ, ਪਰ 'ਪੰਜਾਬ ਟਾਈਮਜ਼' ਪੜ੍ਹ ਕੇ ਪਤਾ ਲਗਦਾ ਹੈ ਕਿ ਕਿਵੇਂ ਉਨ੍ਹਾਂ ਆਪਣੀ ਅਣਥੱਕ ਮਿਹਨਤ ਨਾਲ ਇਸ ਪਰਚੇ ਨੂੰ ਏਨਾ ਹਰਮਨ ਪਿਆਰਾ ਬਣਾਇਆ। ਉਨ੍ਹਾਂ ਦੇ ਜਾਣ ਨਾਲ ਕਦੀ ਵੀ ਨਾ ਪੂਰਨ ਹੋਣ ਵਾਲਾ ਘਾਟਾ ਪਿਆ ਹੈ।

ਆਸ ਹੈ, ਉਨ੍ਹਾਂ ਵੱਲੋਂ ਜਗਾਈ ਪੇਪਰ ਦੀ ਜੋਤ ਨੂੰ ਆਪ ਜੀ ਦਾ ਸਾਰਾ ਪਰਿਵਾਰ ਜਗਦੀ ਰੱਖੇਗਾ।

*-ਰਵਿੰਦਰ ਸਿੰਘ ਸੋਢੀ, ਕੈਨੇਡਾ*

# ਸ਼ਲਾਘਾਯੋਗ ਪੈੜਾਂ ਪਾਈਆਂ

ਸਤਿਕਾਰਯੋਗ ਭੈਣ ਜਸਪ੍ਰੀਤ ਕੌਰ ਜੀ, ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ ਜੀ।

ਸ. ਅਮੋਲਕ ਸਿੰਘ ਜੰਮੂ ਜੀ ਦੇ ਅਕਾਲ-ਚਲਾਣੇ ਬਾਰੇ ਪੜ੍ਹ ਕੇ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਨੇ ਅਮਰੀਕਾ ਵਿਚ ਆ ਕੇ ਵੀ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਸ਼ਲਾਘਾਯੋਗ ਪੈੜਾਂ ਪਾਈਆਂ। 'ਪੰਜਾਬ ਟਾਈਮਜ਼' ਅਖਬਾਰ ਵਿਚ ਉਨ੍ਹਾਂ ਵੱਲੋਂ ਲਿਖੇ ਦਮਦਾਰ ਸੰਪਾਦਕੀ ਲੇਖ ਹਮੇਸ਼ਾ ਯਾਦ ਰੱਖੇ ਜਾਣਗੇ। ਵੱਖ-ਵੱਖ ਵਿਸ਼ਿਆਂ 'ਤੇ ਉਨ੍ਹਾਂ ਨੇ ਆਪਣੀ ਅਖਬਾਰ ਵਿਚ ਗੰਭੀਰ ਸੰਵਾਦ ਰਚਾਏ। ਰਚਨਾਵਾਂ ਛਾਪਦਿਆਂ ਉਨ੍ਹਾਂ ਵੱਲੋਂ ਅਕਸਰ ਕੀਤੀ ਗਈ ਗੰਭੀਰ ਟਿੱਪਣੀ ਪਾਠਕਾਂ ਨੂੰ ਰਚਨਾਵਾਂ ਦਿਲੋਂ ਪੜ੍ਹਨ ਲਈ ਪ੍ਰੇਰਦੀ ਸੀ।

*-ਸੁਖਦੇਵ ਸਿੰਘ ਸ਼ਾਂਤ*

*ਅਵੌਨ, ਇੰਡੀਆਨਾ।*

# ਭਾਈ ਮਰੇ ਤਾਂ ਬਾਂਹ ਭੱਜਦੀ ਐ...

**ਬਲਵਿੰਦਰ ਜੰਮੂ**

ਸਤਿਕਾਰਯੋਗ ਮੇਰੇ ਵੱਡੇ ਭਰਾ ਸ. ਅਮੋਲਕ ਸਿੰਘ ਨਹੀਂ ਰਹੇ। ਤਿੰਨ ਦਿਨ ਇਹ ਗੱਲ ਆਪਣੇ ਅੰਦਰ ਹੀ ਨੱਪ ਕੇ ਰੱਖੀ, ਪਰ ਬੁੱਧੀਜੀਵੀਆਂ ਵੱਲੋਂ ਸੋਸ਼ਲ ਮੀਡੀਆ ਉਤੇ ਸਭ ਜ਼ਾਹਿਰ ਸੀ। ਮੈਂ ਉਨ੍ਹਾਂ ਦਾ 'ਬਾਬੂ ਜੀ' ਸੀ। 1990 ਤੋਂ ਜਦੋਂ ਮੈਂ ਵਾਲ ਕਟਾ ਲਏ, ਉਹ ਮੈਨੂੰ 'ਬਾਬੂ ਜੀ' ਕਹਿੰਦੇ ਆ ਰਹੇ ਸਨ। ਇਹ ਨਾਂ ਜਦੋਂ ਵੀ ਉਹ ਪੁਕਾਰਦੇ, ਖੁਸ਼ੀ ਹੁੰਦੀ ਤੇ ਉਨ੍ਹਾਂ ਨੂੰ ਮੇਰਾ ਚਾਅ ਰਹਿੰਦਾ। 1995 ਵਿਚ ਉਹ ਯੂ. ਐਸ. ਚਲੇ ਗਏ। ਫੋਨ 'ਤੇ ਗੱਲ ਹੁੰਦੀ ਤਾਂ ਮੈਂ ਕਹਿੰਦਾ, ਬਾਬੂ ਬੋਲਦਾਂ ਜੀ...। "ਬੋਲੋ ਬਾਬੂ ਜੀ...ਪਤਾ ਮੈਨੂੰ ਬਾਬੂ ਬੋਲਦਾ...।" ਇਕ ਵੱਖਰਾ ਸਵਾਦ ਜਿਹਾ ਪਸਰ ਜਾਂਦਾ। ਇੰਜ ਬਾਬੂ ਕਹਿਣ ਦਾ ਹੱਕ ਸਿਰਫ ਮੇਰੇ ਵੱਡੇ ਭਾਈ ਸ. ਅਮੋਲਕ ਸਿੰਘ ਨੂੰ ਸੀ ਤੇ ਇਹ ਨਾਂ ਸਾਡੇ ਦੋਹਾਂ ਭਾਈਆਂ ਵਿਚ ਸੀਮਤ ਸੀ। ਜਦੋਂ ਵੀ ਮੈਂ ਸ਼ਿਕਾਗੋ ਆਉਣਾ, ਬਿਨ ਦੇਖਿਆਂ ਉਹ ਬਿੜਕ ਕਰ ਲੈਂਦੇ, 'ਬਾਬੂ ਜੀ ਆ ਗਿਆ' ਤੇ ਮੈਂ ਹੈਰਾਨ ਰਹਿ ਜਾਂਦਾ।

ਯੂ. ਐਸ. ਵਿਚ ਉਨ੍ਹਾਂ ਤੋਂ ਕਿਤੇ ਜ਼ਿਆਦਾ ਮੈਂ ਘੁੰਮਿਆ ਹੋਵਾਂਗਾ, ਪਰ ਦੇਸ਼ ਦੀ ਭੂਗੋਲਿਕ ਜਾਣਕਾਰੀ ਉਹ ਮੈਨੂੰ ਦੱਸਦੇ। ਬੈਡ ਉਤੇ ਉਹ ਆਪ ਪਏ ਸੀ ਤੇ ਫਿਕਰ ਮੇਰਾ ਕਰਿਆ ਕਰਦੇ ਕਿ ਬਾਬੂ ਨੂੰ ਅਮਰੀਕਾ ਵਿਚ ਕੋਈ ਮੁਸ਼ਕਿਲ ਨਾ ਆਵੇ। ਮੈਂ ਸ਼ਿਕਾਗੋ ਪਹੁੰਚ ਕੇ ਕੁੱਤੇਵੱਢ ਪਿੰਡ ਦੀ ਇਕ ਇਕ ਬੋਲੀ ਵਿਚ ਉਨ੍ਹਾਂ ਨਾਲ ਗੱਲਾਂ ਕਰਦਾ। ਠੀਕ ਨਾ ਹੋਣ ਕਾਰਨ ਉਹ ਖੁੱਲ੍ਹ ਕੇ ਹੱਸ ਨਹੀਂ ਸੀ ਸਕਦੇ, ਪਰ ਹਾਸੇ ਦਾ ਸੰਚਾਰ ਲਾਜਵਾਬ ਹੁੰਦਾ।

ਬੇਬੇ-ਬਾਪੂ ਦਾ ਤੁਰ ਜਾਣਾ ਤੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਨਾ ਹੋਣ ਦੀ ਬੇਵਸ ਪੀੜ ਉਨ੍ਹਾਂ ਅੰਦਰ ਨੱਪ ਲਈ ਸੀ। ਬਾਪੂ ਜੀ ਦੇ ਤੁਰ ਜਾਣ ਮਗਰੋਂ ਮੈਂ ਸ਼ਿਕਾਗੋ ਜਾ ਕੇ ਉਨ੍ਹਾਂ ਦੇ ਸਿਰ ਪਰਨਾ ਬੰਨ ਦਿੱਤਾ। ਖੁੱਲ੍ਹੇ-ਡੁੱਲੇ ਘਰ ਦੇ ਬਾਹਰਲੇ ਗੈਰਾਜ ਕੋਲ ਸਿਰਫ ਅਸੀਂ ਦੋਵੇਂ ਭਾਈ ਗੱਲਾਂ ਕਰ ਰਹੇ ਸਾਂ। ਮੈਂ ਉਨ੍ਹਾਂ ਦੇ ਕੇਸਰੀ ਪਰਨੇ ਵਿਚ ਫੋਟੋਆਂ ਖਿੱਚ ਉਨ੍ਹਾਂ ਨੂੰ ਦਿਖਾਈਆਂ। ਪਰਨਾ ਬੰਨੇ ਜਾਣ ਦੀ ਕੋਈ ਗੱਲ ਕਰਨ ਦਾ ਹੀਆ ਨਾ ਪਿਆ। ਬੇਬੇ ਮਗਰੋਂ ਬਾਪ ਦੇ ਵਿਛੋੜੇ ਦੀ ਵੇਦਨਾ, ਦਰਦ ਤੇ ਪੀੜ ਭਾਈ ਅਮੋਲਕ ਸਿੰਘ ਦੀ ਸਰੀਰਕ ਪੀੜ ਨਾਲੋਂ ਵੱਧ ਨਹੀਂ ਸੀ ਤੇ ਸਭ ਕੁਝ ਅੰਦਰੋ ਅੰਦਰੀ ਵਹਾ ਲੈਣਾ ਹੀ ਸੀ। ਅੰਦਰਲੀ ਤਾਕਤ ਜ਼ਰੀਏ ਹੀ ਭਾਅ ਜੀ ਲੰਮਾ ਘੋਲ ਕਰਦਿਆਂ ਆਪਣੇ ਅਖਬਾਰ 'ਪੰਜਾਬ ਟਾਈਮਜ਼' ਵਿਚ ਨਿਰਵਿਘਨ ਰਹੇ।

ਇਕ ਵਾਰ ਅਸੀਂ ਦੋਵੇਂ ਭਾਈ ਵਿਹੜੇ ਦੇ ਗੈਰਾਜ ਨਜ਼ਦੀਕ ਬੈਠੇ ਸਾਂ। ਕੂੰਜਾਂ ਲੰਘੀਆਂ, ਕੂੰਜਾਂ ਦੀ ਉਡਾਰੀ ਕਿਸ ਕਿਸ ਪਾਸੇ ਨੂੰ ਹੋਣ ਜਾ ਰਹੀ ਬਾਰੇ ਉਨ੍ਹਾਂ ਦੱਸਿਆ। ਮੈਂ ਹੈਰਾਨ ਸਾਂ, ਸਿਹਤ ਦੀ ਇਸ ਹਾਲਤ ਵਿਚ ਵੀ ਬੰਦੇ ਕੋਲ ਆਕਾਸ਼ ਦੀਆਂ ਚਹਿਲਕਦਮੀਆਂ ਦੀ ਸਾਰ ਹੈ। ਇਥੇ ਹੀ ਨਤਮਸਤਕ ਸੀ।

ਸਾਡੇ ਪਿੰਡ ਕੁੱਤੇਵੱਢ ਤੋਂ ਫਾਸਲੇ ਉਤੇ ਬੁੱਢੀਮਾੜੀ ਦੇ ਦਿੱਲੀ ਤੋਂ ਗੁਰਭੇਜ ਸਿੰਘ ਗੋਰਾਇਆ ਨੇ ਯਾਦ ਸਾਂਝੀ ਕੀਤੀ ਕਿ "ਉਹ 2018 ਵਿਚ ਭਾਅ ਜੀ ਅਮੋਲਕ ਸਿੰਘ ਦੇ ਘਰ ਸ਼ਿਕਾਗੋ ਮਿਲਿਆ। ਜਦੋਂ ਬੁੱਢੀਮਾੜੀ ਤੇ ਬਾਕੀ ਪਿੰਡਾਂ ਦੇ ਨਾਂ ਯਾਦ ਕਰਵਾਏ ਤਾਂ ਅਮੋਲਕ ਭਾਅ ਜੀ ਨੇ ਜਿਵੇਂ ਤਾਕਤ ਫੜ ਲਈ ਹੋਵੇ।

21 ਅਪਰੈਲ 2021 ਨੂੰ ਭਾਰਤੀ ਸਮੇਂ ਮੁਤਾਬਕ ਉਹ ਅੰਮ੍ਰਿਤ ਵੇਲੇ ਹਮੇਸ਼ਾ ਲਈ ਰੁਖਸਤ ਹੋ ਗਏ। ਯਾਦਾਂ ਹੀ ਰਹਿਣਗੀਆਂ। ਉਹ ਸਾਰੇ ਪਰਿਵਾਰ ਦੀ ਵੱਡੀ ਤਾਕਤ ਸਨ। ਸੋਮਿਆਂ ਨਾਲ ਭਰਪੂਰ ਤੇ ਸਵੈ-ਭਰੋਸੇ ਵਾਲੇ ਹੋਣ ਕਰਕੇ ਬਹੁਤ ਅੱਗੇ ਦੀ ਸੋਚਦੇ ਤੇ ਉਨ੍ਹਾਂ ਦੇ ਅਨੁਮਾਨ ਠੀਕ ਹੁੰਦੇ। ਉਹ ਆਪਣੀ ਤਾਕਤ ਆਪ ਬਣ ਕੇ ਰਹੇ।

25 ਅਪਰੈਲ, ਐਤਵਾਰ ਨੂੰ ਸ਼ਿਕਾਗੋ ਵਿਖੇ ਉਨ੍ਹਾਂ ਦੀ ਅੰਤਿਮ ਵਿਦਾਇਗੀ ਮੌਕੇ ਅਸੀਂ ਸ਼ਾਮਲ ਨਹੀਂ ਹੋ ਸਕੇ। ਕਰੋਨਾ ਕਾਰਨ 24 ਅਪਰੈਲ ਦੀ ਯੂਨਾਈਟਿਡ ਏਅਰ ਲਾਈਨ ਦੀ ਫਲਾਈਟ ਕੈਂਸਲ ਹੋ ਗਈ ਤੇ ਦਿੱਲੀ ਏਅਰਪੋਰਟੋਂ ਵਾਪਸ ਮੁੜੇ।

ਅਸੀਮ ਦਰਦ ਹੈ ਕਿ ਸ. ਅਮੋਲਕ ਸਿੰਘ ਦੇ ਛੋਟੇ ਭਾਈ ਨੂੰ ਕਿਸੇ ਬਾਬੂ ਨਹੀਂ ਕਹਿਣਾ, ਪਰ ਬਾਬੂ ਕਹਿਣ ਵਾਲੀ ਆਵਾਜ਼ ਹਵਾ ਵਿਚ ਹਮੇਸ਼ਾ ਮਹਿਸੂਸ ਰਹੂ। ਸਾਡੇ ਮਾਣ ਤੇ ਸ਼ਾਨ ਭਾਅ ਜੀ ਅਮੋਲਕ ਸਿੰਘ ਨਹੀਂਓਂ ਮੁੜਨੇ। ਉਹ ਅਲਵਿਦਾ ਹਨ।

ਭਾਈ ਮਰੇ ਤਾਂ ਬਾਂਹ ਭੱਜਦੀ ਹੈ...! ਇਹ ਇੱਕ ਸੱਚ ਹੈ।



ਜੰਮੂ ਭੈਣ-ਭਰਾ

# ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ

ਅੱਜ ਮੈਂ ਅਤੇ ਮੇਰੀ ਕਲਮ, ਦੋਵੇਂ ਹੀ ਉਦਾਸ ਹਾਂ ਅਤੇ ਧਾਹਾਂ ਮਾਰ-ਮਾਰ ਰੋ ਰਹੀਆਂ ਹਾਂ। ਮੈਨੂੰ ਅਤੇ ਮੇਰੀ ਕਲਮ ਨੂੰ ਸੁਰਜੀਤ ਬਣਾਉਣ ਵਾਲਾ ਵੀਰ ਸ. ਅਮੋਲਕ ਸਿੰਘ ਜੰਮੂ ਇਸ ਦੁਨੀਆਂ ਨੂੰ ਅਲਵਿਦਾ ਆਖ ਉਸ ਪਰਾਏ ਲੋਕ ਜਾ ਬੈਠਾ ਹੈ। ਅੱਜ ਮੇਰੇ ਸਾਰੇ ਸ਼ਬਦ ਗੁਆਚ ਗਏ ਜਾਪਦੇ ਹਨ। ਭਲਾ ਸ਼ਬਦਾਂ ਦੇ ਸਮੁੰਦਰ ਲਈ ਕੋਈ ਸ਼ਬਦ ਕਿੱਥੋਂ ਲਿਆਵੇ? ਅਮੋਲਕ ਸਿੰਘ ਜੰਮੂ ਸੱਚ ਦੇ ਰਾਹ 'ਤੇ ਤੁਰਨ ਵਾਲੇ ਨਿਧੜਕ ਜਰਨੈਲ ਸਨ। ਨਾ-ਮੁਰਾਦ ਬਿਮਾਰੀ ਨਾਲ ਉਨ੍ਹਾਂ ਨੇ ਬਹੁਤ ਲੰਮੀ ਜੰਗ ਲੜੀ ਅਤੇ ਡਟ ਕੇ ਮੁਕਾਬਲਾ ਕੀਤਾ। ਪੱਤਰਕਾਰੀ ਦੇ ਮੁਕਾਮ ਵਿਚ ਜੋ ਉਨ੍ਹਾਂ ਨੇ ਨਵੀਂਆਂ ਨਿਵੇਕਲੀਆਂ ਪੈੜਾਂ ਪਾਈਆਂ, ਉਹ ਉਨ੍ਹਾਂ ਦੇ ਨਾਮ ਨਾਲ ਸਦੀਵ ਜੁੜੀਆਂ ਰਹਿਣਗੀਆਂ।



ਅਮੋਲਕ ਸਿੰਘ ਜੰਮੂ ਅਤੇ ਬੀਬੀ ਸੁਰਜੀਤ ਕੌਰ

'ਪੰਜਾਬ ਟਾਈਮਜ਼' ਦੇ ਨਾਮ ਨਾਲ ਬੇ-ਲਾਗ, ਬੇ-ਦਾਗ, ਬੇ-ਖੌਫ ਅਤੇ ਬੇ-ਧੜਕ ਜੈਸੇ ਸ਼ਬਦ ਇੰਜ ਜੁੜ ਜਾਂਦੇ ਸਨ, ਜਿਵੇਂ ਉਹ 'ਪੰਜਾਬ ਟਾਈਮਜ਼' ਲਈ ਹੀ ਬਣੇ ਹੋਏ ਹੋਣ। ਅਣਖ ਅਤੇ ਗੈਰਤ ਨਾਲ ਲਬਾਲਬ ਭਰਪੂਰ ਇਸ ਇਨਸਾਨ ਨੇ ਆਪਣੀ ਬਿਮਾਰੀ ਜਾਂ ਤਕਲੀਫ ਨੂੰ ਸਾਹਮਣੇ ਰੱਖ ਕਦੀ ਕਿਸੇ ਅੱਗੇ ਝੋਲੀ ਨਹੀਂ ਫੈਲਾਈ। ਹਰ ਮੁਸ਼ਕਿਲ ਵਿਚੋਂ ਗੁਜ਼ਰਦਿਆਂ 'ਪੰਜਾਬ ਟਾਈਮਜ਼' ਨੂੰ ਅਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚਾਇਆ। 'ਪੰਜਾਬ ਟਾਈਮਜ਼' ਨੇ ਆਪਣੀ ਸਰਦਾਰੀ ਦੇ ਝੰਡੇ ਗੱਡੇ ਅਤੇ ਅਮਰੀਕਾ ਤੋਂ ਇਲਾਵਾ ਸਾਰੀ ਦੁਨੀਆਂ ਵਿਚ ਪੜ੍ਹਿਆ ਜਾਣ ਵਾਲਾ ਪਹਿਲਾ ਹਫਤਾਵਾਰੀ ਅਖਬਾਰ ਬਣਿਆ। ਇਹ ਸਭ ਸ. ਅਮੋਲਕ ਸਿੰਘ ਦੀ ਮਿਹਨਤ ਅਤੇ ਦ੍ਰਿੜ ਨਿਸ਼ਚੇ ਦਾ ਸਦਕਾ ਹੀ ਪਰਵਾਨ ਚੜ੍ਹਿਆ।

ਅੱਜ ਲੱਖਾਂ ਲੋਕ ਉਸ ਦੇ ਤੁਰ ਜਾਣ 'ਤੇ ਰੋ ਰਹੇ ਹਨ, ਉਦਾਸ ਹਨ। ਬਹੁਤ ਲੰਮੇ ਸਮੇਂ ਤੱਕ ਇਹ ਉਦਾਸੀ ਨਹੀਂ ਮੁੱਕੇਗੀ।

ਮੈਂ ਸ਼ਾਇਦ ਕਦੀ ਵੀ ਯਕੀਨ ਨਾ ਕਰ ਸਕਾਂ ਕਿ ਮੇਰਾ ਵੀਰ ਹੁਣ ਇਸ ਸੰਸਾਰ ਵਿਚ ਹੈ ਨਹੀਂ, ਪਰ ਸੱਚਾਈ ਹੈ ਕਿ ਵੀਰਾ ਬਹੁਤ ਦੂਰ ਤੁਰ ਗਿਆ ਹੈ। ਮੇਰੀ ਜ਼ਿੰਦਗੀ ਦਾ ਇਕ ਅਧਿਆਇ ਖਤਮ ਹੋ ਗਿਆ ਹੈ।

ਵੀਰੇ ਦੀ ਜੀਵਨ ਸਾਥਣ ਜਸਪ੍ਰੀਤ ਕੌਰ ਲਈ ਕਿਹੜੇ ਸ਼ਬਦ ਲਿਖਾਂ, ਉਸ ਨੇ ਵੀਰ ਦਾ ਸਾਥ ਜਿਸ ਸਿਦਕ ਅਤੇ ਸਿਰੜ ਨਾਲ ਦੇ ਕੇ ਸੇਵਾ ਕੀਤੀ ਹੈ, ਸ਼ਾਇਦ ਹੀ ਕਿਤੇ ਇਹ ਮਿਸਾਲ ਮਿਲ ਸਕੇ। ਪਰਮਾਤਮਾ ਉਸ ਨੂੰ ਇਹ ਵਿਛੋੜਾ ਸਹਿਣ ਦੀ ਹਿੰਮਤ ਅਤੇ ਤਾਕਤ ਦੇਵੇ। ਬੇਟਾ ਮਨਦੀਪ ਸਿੰਘ ਅਤੇ ਨੂੰਹ ਸੰਦੀਪ ਕੌਰ ਦੇ ਜੀਵਨ ਵਿਚ ਵੀ ਭੂਚਾਲ ਆਇਆ ਹੈ, ਵਾਹਿਗੁਰੂ ਬੱਚਿਆਂ ਦੀ ਬਾਂਹ ਫੜਨ ਅਤੇ ਦੁੱਖ ਸਹਿਣ ਦਾ ਬਲ ਦੇਣ। ਮੈਂ 'ਪੰਜਾਬ ਟਾਈਮਜ਼' ਲਈ ਅਰਦਾਸ ਕਰਦੀ ਹਾਂ ਕਿ ਇਹ ਸਦੀਵ ਅੱਗੇ ਵਧਦਾ ਰਹੇ, 'ਪੰਜਾਬ ਟਾਈਮਜ਼' ਦੇ ਚਾਹੁਣ ਵਾਲੇ ਸਦਾ ਇਸ ਦੇ ਨਾਲ ਤੁਰਨਗੇ ਅਤੇ ਵੀਰ ਅਮੋਲਕ ਦਾ ਲਾਇਆ ਹੋਇਆ ਇਹ ਬੂਟਾ ਸਦੀਵ ਅੱਗੇ ਵਧਦਾ ਜਾਵੇਗਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਅਮੋਲਕ ਸਿੰਘ ਨਾਲ ਰਿਸ਼ਤਾ ਭਰਾਵਾਂ ਵਰਗਾ ਸੀ



**ਅਮਰੀਕ ਸਿੰਘ ਸ਼ਿਕਾਗੋ**

ਭਾਅ ਜੀ ਦੇ ਅਕਾਲ ਚਲਾਣੇ ਦਾ ਸੁਨੇਹਾ ਮੈਂ ਵੱਟਸਐਪ 'ਤੇ ਕੁਲਜੀਤ ਸਿੰਘ ਵੱਲੋਂ ਭੇਜਿਆ ਦੇਖਿਆ ਤਾਂ ਦਿਲ 'ਚ ਧਾਹ ਨਿਕਲ ਗਈ। ਸ. ਅਮੋਲਕ ਸਿੰਘ ਜੰਮੂ ਬਹੁਤ ਨੇਕ ਦਿਲ ਇਨਸਾਨ, ਯਾਰਾਂ ਦੇ ਯਾਰ ਤੇ ਦੁੱਖ-ਸੁੱਖ ਵਿਚ ਨਾਲ ਖੜ੍ਹਨ ਵਾਲੇ ਇਨਸਾਨ ਸਨ, ਜਿਨ੍ਹਾਂ ਦਾ ਪਿਆ ਵਿਛੋੜਾ ਪਰਿਵਾਰ ਲਈ, ਯਾਰਾਂ-ਦੋਸਤਾਂ, ਪੰਜਾਬੀ ਭਾਈਚਾਰੇ ਤੇ ਪੰਜਾਬੀ ਪੱਤਰਕਾਰੀ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸ. ਅਮੋਲਕ ਸਿੰਘ ਦਾ ਰਿਸ਼ਤਾ ਭਰਾਵਾਂ ਨਾਲੋਂ ਵੱਧ ਸੀ, ਉਹ ਸਰੀਰ ਕਰਕੇ ਸਾਡੇ ਤੋਂ ਦੂਰ ਚਲੇ ਗਏ, ਪਰ ਉਨ੍ਹਾਂ ਦੀ ਵਿਚਾਰਧਾਰਾ ਤੇ ਸੋਚ ਸਾਡੇ ਨਾਲ ਰਹੇਗੀ।

ਯੱਗ 'ਜਿਊਂਦਿਆਂ ਦੇ ਮੇਲੇ' ਸੱਚ ਹੈ ਸਿਆਣਿਆਂ ਦੀ ਕਹੀ ਹੋਈ ਗੱਲ। ਸ. ਅਮੋਲਕ ਸਿੰਘ ਜੰਮੂ ਨੂੰ ਜਿਨ੍ਹਾਂ ਨੇ ਤੰਦਰੁਸਤ ਵੇਖਿਆ, ਉਨ੍ਹਾਂ ਨੂੰ ਇਸ ਹਕੀਕਤ ਦਾ ਪਤਾ ਲੱਗ ਗਿਆ ਹੈ। ਭਾਅ ਜੀ ਦੇ ਘਰ ਗਿਆ ਅਫਸੋਸ ਲਈ ਭੈਣ ਜੀ ਜਸਪ੍ਰੀਤ ਕੌਰ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਹ ਕੁਰਸੀ, ਜਿੱਥੇ ਭਾਅ ਜੀ ਨੇ ਜ਼ਿੰਦਗੀ ਦੇ 13 ਵਰ੍ਹੇ ਗੁਜ਼ਾਰੇ, ਖਾਲੀ ਪਈ ਆਪਣੇ ਮਾਲਕ ਨੂੰ ਆਵਾਜ਼ਾਂ ਮਾਰ ਰਹੀ ਸੀ, ਕਿੱਥੇ ਚਲਾ ਗਿਆ ਵੀਰੇ ਅਮੋਲਕ! ਦੁਨੀਆਂ ਆਪਣੇ ਰੰਗ ਵਿਚ ਚੱਲ ਰਹੀ ਹੈ, ਤੇਰੇ ਘਰ ਮਾਤਮ ਹੈ।

ਭਾਅ ਜੀ, ਯਾਰਾਂ ਦੋਸਤਾਂ ਨੂੰ ਤੁਹਾਡੀ ਬਹੁਤ ਕਮੀ ਮਹਿਸੂਸ ਹੋ ਰਹੀ ਹੈ। ਤੁਸੀਂ ਆਪ ਬਹੁਤ ਦੁੱਖ ਸਹੇ, ਪਰ ਕਿਸੇ ਨੂੰ ਆਪਣਾ ਦੁੱਖ ਕਦੇ ਜ਼ਾਹਿਰ ਨਹੀਂ ਸੀ ਕਰਦੇ। ਤੁਹਾਡੇ ਬੋਲ ਤੁਹਾਡੀ ਆਖਰੀ ਮੁਲਾਕਾਤ ਤੇ ਤੁਹਾਡਾ ਦਿੱਤਾ ਮੇਰੀ ਕੰਪਨੀ ਦਾ ਨਾਮ "ਅਮਰ ਕਾਰਪੇਟ" ਜਿੰਨਾ ਚਿਰ ਮੇਰੀ ਜ਼ਿੰਦਗੀ ਹੈ, ਕਦੇ ਨਹੀਂ ਭੁੱਲੇਗਾ। ਵਾਹਿਗੁਰੂ ਪਾਸ ਬੇਨਤੀ ਹੈ, ਤੁਹਾਡੀ ਆਤਮਾ ਨੂੰ ਸਦੀਵੀ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਉਹ ਪਿਛਲੇ ਕਾਫੀ ਸਾਲਾਂ ਤੋ ਬਿਮਾਰ ਚੱਲੇ ਆ ਰਹੇ ਸਨ, ਪਰ ਜਦੋਂ ਵੀ ਉਨ੍ਹਾਂ ਨੂੰ ਫੋਨ 'ਤੇ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਸਦਾ ਚੜ੍ਹਦੀ ਕਲਾ ਵਿਚ ਜੁਆਬ ਦਿੰਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਬਹੁਤ ਅਫਸੋਸ ਹੈ। ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਬੇਨਤੀ ਹੈ, ਉਨ੍ਹਾਂ ਦੀ ਰੂਹ ਨੂੰ ਅਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਣ ਅਤੇ ਭੈਣ ਜੀ ਜਸਪ੍ਰੀਤ ਕੌਰ, ਬੇਟੇ ਮਨਦੀਪ ਸਿੰਘ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਅਮੋਲਕ ਸਿੰਘ ਨੇ ਪੱਤਰਕਾਰੀ ਮਿਆਰ ਕਾਇਮ ਰਖਿਆ

ਸ਼ਿਕਾਗੋ ਤੋਂ ਪ੍ਰਕਾਸ਼ਿਤ ਹੋਣ ਵਾਲੇ ਪਤਰ 'ਪੰਜਾਬ ਟਾਈਮਜ਼' ਦੇ ਸੰਸਥਾਪਕ ਅਤੇ ਸੰਪਾਦਕ ਸ. ਅਮੋਲਕ ਸਿੰਘ 'ਜੰਮੂ' ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨੇ ਆਪਣੇ ਪਰਚੇ ਰਾਹੀਂ ਬਹੁਤ ਸਾਰੇ ਉਚ-ਪੱਧਰੀ ਅਤੇ ਨਿਰਪਖ ਸਾਹਿਤਕ, ਭਾਸ਼ਾਈ ਅਤੇ ਧਾਰਮਿਕ ਸੰਵਾਦ ਰਚਾਏ ਸਨ, ਜਿਨ੍ਹਾਂ ਵਿਚੋਂ ਸ਼੍ਰੀ ਦਸਮ ਗ੍ਰੰਥ ਸਾਹਿਬ ਦਾ ਮੁਦਾ ਵੀ ਸੀ। ਮੈਂ ਅਜਿਹਾ ਇਕ ਵੀ ਪੰਜਾਬੀ ਪਰਚਾ ਨਹੀਂ ਵੇਖਿਆ, ਜਿਸ ਨੇ 'ਪੰਜਾਬ ਟਾਈਮਜ਼' ਵਰਗਾ ਪੱਤਰਕਾਰੀ ਮਿਆਰ ਕਾਇਮ ਰਖਿਆ ਹੋਵੇ। ਉਨ੍ਹਾਂ ਦੀ ਅਕਾਲ-ਵਿਲੀਨਤਾ ਲਈ ਹਾਰਦਿਕ ਅਰਦਾਸ। ਸਤਿਗੁਰੂ ਇਹ ਪੰਥਕ ਅਤੇ ਪੰਜਾਬੀ ਪੱਤਰਕਾਰੀ ਦਾ ਘਾਟਾ ਪੂਰਨ ਹਿਤ ਕੋਈ ਹੋਰ ਅਮੋਲਕ ਸਿੰਘ ਪੰਥ ਦੀ ਝੋਲੀ ਪਾਉਣ।

*-ਡਾ. ਹਰਭਜਨ ਸਿੰਘ ਦੇਹਰਾਦੂਨ*

## 'ਪੰਜਾਬ ਟਾਈਮਜ਼' ਦੀ ਪਛਾਣ

'ਪੰਜਾਬ ਟਾਈਮਜ਼' ਦੇ ਪਾਠਕਾਂ ਅਤੇ ਪੰਜਾਬੀ ਬੋਲੀ ਦੇ ਸਨੇਹੀਆਂ ਲਈ ਅਮੋਲਕ ਹੀਰੇ ਅਮੋਲਕ ਸਿੰਘ ਜੰਮੂ ਜੀ ਦਾ ਅਕਾਲ ਚਲਾਣਾ ਅਸਹਿ ਹੈ। ਅਮਰੀਕਾ ਵਿਚ ਪੰਜਾਬੀ ਸੱਭਿਆਚਾਰ, ਬੋਲੀ ਅਤੇ ਲੋੜੀਂਦੇ ਪੰਜਾਬੀ ਅਖਬਾਰ ਦੀ ਲੋੜ ਨੂੰ ਭਾਂਪਦਿਆਂ ਹੋਇਆਂ 2000 ਵਿਚ ਭਾਈਚਾਰੇ ਦੇ ਸਹਿਯੋਗ ਨਾਲ ਇਹ ਅਖਬਾਰ ਸ਼ੁਰੂ ਕੀਤੀ। ਪੱਤਰਕਾਰੀ ਦੇ ਤਜਰਬੇ ਅਤੇ ਮਿਲਾਪੜੇ ਸੁਭਾਅ ਸਦਕਾ ਪਾਠਕਾਂ ਅਤੇ ਲੇਖਕਾਂ ਦੇ ਭਰੋਸੇ ਅਤੇ ਮਿਲਵਰਤਨ ਸਦਕਾ ਆਪਣੀ ਪਛਾਣ ਕਾਇਮ ਕੀਤੀ। ਕੁਝ ਸਮੇਂ ਵਿਚ ਹੀ ਪਾਠਕਾਂ, ਸੰਸਥਾਵਾਂ ਅਤੇ ਕਾਰੋਬਾਰੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਕੋ ਸਮੇਂ ਤਿੰਨਾਂ ਥਾਂਵਾਂ ਤੋਂ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਤੇ ਕਾਮਯਾਬੀ ਪ੍ਰਾਪਤ ਕੀਤੀ। ਕਾਫੀ ਦੇਰ ਤੋਂ ਸਿਹਤਮੰਦ ਨਾ ਹੁੰਦੇ ਹੋਏ ਵੀ ਬਾਖੂਬੀ ਨਾਲ ਪੰਜਾਬੀਅਤ ਨਾਲ ਮੋਹ ਸਾਂਝਾ ਕੀਤਾ। ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਸ਼ਕਤੀ ਦੇਣ। ਆਸ ਕਰਦਾ ਹਾਂ ਕਿ ਇਹ ਅਖਬਾਰ ਇਸੇ ਤਰ੍ਹਾਂ ਪੰਜਾਬੀਅਤ ਨੂੰ ਅੱਗੇ ਵਧਾਉਣ ਵਿਚ ਸਹਾਈ ਰਹੇਗੀ।

*-ਅਮਰਦੇਵ ਸਿੰਘ ਬੰਦੇਸ਼ਾ, ਸ਼ਿਕਾਗੋ*

## ਦੂਰਅੰਦੇਸ਼ ਪੱਤਰਕਾਰ

'ਪੰਜਾਬ ਟਾਈਮਜ਼' ਦੇ ਸੰਸਥਾਪਕ, ਸੰਚਾਲਕ ਤੇ ਰੂਹੇ-ਰਵਾਂ ਸ. ਅਮੋਲਕ ਸਿੰਘ ਜੰਮੂ ਦੇ ਅਕਾਲ ਚਲਾਣੇ ਦੀ ਖਬਰ ਪੜ੍ਹ ਕੇ ਮਨ ਦੁਖੀ ਹੋਇਆ ਹੈ। ਉਨ੍ਹਾਂ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ, ਸੱਭਿਆਚਾਰ, ਭਾਸ਼ਾ, ਵਿਦਵਤਾ ਅਤੇ ਪੰਜਾਬੀ ਦੀ ਸੰਤੁਲਿਤ ਤੇ ਉਸਾਰੂ ਪੱਤਰਕਾਰੀ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਇਕ ਬੇਬਾਕ ਤੇ ਸਪਸ਼ਟ ਲੇਖਕ ਵਜੋਂ ਪੰਜਾਬੀ ਪਾਠਕਾਂ ਦੇ ਦਿਲਾਂ ਵਿਚ ਉਹ ਸਨਮਾਨਯੋਗ ਸਥਾਨ ਰੱਖਦੇ ਹਨ। ਪੰਜਾਬੀ ਪੱਤਰਕਾਰੀ ਦੀਆਂ ਮਿਆਰੀ ਕਦਰਾਂ-ਕੀਮਤਾਂ ਨਾਲ ਜੁੜਦੇ ਅਨੁਸ਼ਾਸਨ ਦੀ ਕਦਰ ਕਰਦਿਆਂ, ਪੱਤਰਕਾਰੀ ਦੇ ਸੰਸਾਰ ਪੱਧਰੀ ਸਿਧਾਂਤਾਂ ਦੀ ਪਾਲਣਾ ਕਰਦਿਆਂ ਤੇ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਉਨ੍ਹਾਂ ਨੇ ਪੰਜਾਬੀ ਪੱਤਰਕਾਰੀ ਵਿਚ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਵੱਲੋਂ ਸਥਾਪਤ ਕੀਤੇ ਪ੍ਰਤੀਮਾਨ ਭਵਿੱਖ ਵਿਚ ਵੀ ਮੀਡੀਆ ਕਰਮੀਆਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ।

*-ਪ੍ਰਿਤਪਾਲ ਸਿੰਘ ਮਹਿਰੋਕ*
*ਹੁਸ਼ਿਆਰਪੁਰ।*

# ਨਿੱਘੇ ਸੁਭਾਅ ਦੇ ਮਿੱਤਰ ਦਾ ਵਿਛੋੜਾ

ਮੇਰੇ ਪਰਮ ਪਿਆਰੇ ਮਿੱਤਰ ਸ. ਅਮੋਲਕ ਸਿੰਘ ਜੰਮੂ ਬਹੁਤ ਹੀ ਅਮੋਲਕ ਹੀਰੇ ਸਨ। ਬੜੇ ਨਿੱਘੇ ਸੁਭਾਅ ਦੇ ਮਿੱਠ-ਬੋਲੜੇ ਤੇ ਸੇਵਾ-ਭਾਵ ਵਾਲੇ ਇਨਸਾਨ ਸਨ। ਹੁਣ ਤਾਂ ਸਿਰਫ ਯਾਦਾਂ ਹੀ ਰਹਿ ਗਈਆਂ ਹਨ।

ਮੇਰੀ ਪਹਿਲੀ ਮੁਲਾਕਤ 1981-82 ਦੇ ਆਸ-ਪਾਸ ਸਰਸੇ ਤੋਂ ਚੰਡੀਗੜ੍ਹ ਆ ਰਹੀ ਬੱਸ ਵਿਚ ਨਿਦਾਮਪੁਰ (ਭਵਾਨੀਗੜ੍ਹ ਕੋਲ) ਤੋਂ ਮੇਰੇ ਉਸ ਬੱਸ ਵਿਚ ਬੈਠਣ ਵੇਲੇ ਹੋਈ। ਮੈਨੂੰ ਆਪਣੇ ਪਿੰਡ ਕੁਲਬੁਰਛੇ ਤੋਂ ਨਿਦਾਮਪੁਰ ਆ ਕੇ ਬੱਸ ਲੈਣੀ ਪੈਂਦੀ ਸੀ। ਵਾਕਫੀਅਤ ਹੋ ਗਈ। ਉਸ ਤੋਂ ਬਾਅਦ ਕੁਝ ਕੁ ਮਹੀਨੇ ਸੈਕਟਰ-15, ਚੰਡੀਗੜ੍ਹ ਵਿਚ ਸਾਡੇ ਨੇੜੇ ਕਿਰਾਏ 'ਤੇ ਰਹੇ। ਉਦੋਂ ਉਨ੍ਹਾਂ ਦੀ ਸ਼ਾਦੀ ਨਵੀਂ ਨਵੀਂ ਹੋਈ ਸੀ। ਮਹੀਨੇ ਕੁ ਬਾਅਦ ਹੀ ਟ੍ਰਿਬਿਊਨ ਕਾਲੋਨੀ ਵਿਚ ਮਕਾਨ ਮਿਲ ਗਿਆ। 1981 ਦੀ ਜਨਗਣਨਾ ਵੇਲੇ ਨਿਗਰਾਨ ਦੇ ਤੌਰ 'ਤੇ ਮੇਰੀ ਡਿਊਟੀ ਉਸ ਵੇਲੇ ਦੀਆਂ ਹਿਸਾਰ ਜਿਲੇ ਦੇ ਸਿਰਸਾ ਅਤੇ ਫਤਿਹਾਬਾਦ ਵਿਚ ਲੱਗੀ।

ਉਨ੍ਹਾਂ ਦੇ ਇਸ ਜਹਾਨ ਤੋਂ ਚਲੇ ਜਾਣ ਦਾ ਮੈਨੂ ਬਹੁਤ ਹੀ ਦੁਖ ਹੋਇਆ। ਪਰਿਵਾਰ ਨੂੰ ਵੀ ਨਾ-ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਮੇਰੇ ਵਲੋਂ ਇਹੀ ਸ਼ਰਧਾਂਜਲੀ ਹੈ ਕਿ ਪਰਮਾਤਮਾ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂ ਭਾਣਾ ਮੰਨਣ ਦਾ ਬਲ ਬਖਸ਼ੇ।

*-ਅਮਰਜੀਤ ਸਿੰਘ ਤੂਰ ਤੇ ਪਰਿਵਾਰ*
*ਫੋਨ: 91-98784-69639*
*ਪਿੰਡ ਕੁਲਬੁਰਛਾ, ਪਟਿਆਲਾ।*

---

## ਚੜ੍ਹਦੀਕਲਾ ਵਿਚ ਰਹੇ

ਅਮੋਲਕ ਜੀ ਚਲੇ ਗਏ, ਬਹੁਤ ਦੁਖਦ ਖਬਰ। ਭਲੇ ਉਹ ਚਿਰ ਤੋਂ ਸਿਹਤਯਾਬ ਨਹੀਂ ਸਨ, ਪਰ ਚੜ੍ਹਦੀਕਲਾ ਵਾਲੀ ਕੈਫੀਅਤ ਵਿਚ ਰਹੇ। ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਸਾਂਤੀ ਬਖਸ਼ੇ।

*-ਗੱਜਣਵਾਲਾ ਸੁਖਮਿੰਦਰ, ਚੰਡੀਗੜ੍ਹ*

# ਬਸ! ਹੁਣ ਯਾਦਾਂ ਹੀ ਰਹਿ ਗਈਆਂ...

ਸ਼ਰਧਾਂਜਲੀ

ਸ. ਅਮੋਲਕ ਸਿੰਘ ਜੀ ਬਹੁਤ ਹੀ ਨਿਮਰ ਅਤੇ ਗੁਣਵੱਤਾ ਵਾਲੇ ਸੰਪਾਦਕ ਸਨ। ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਪੰਜਾਬ ਟਾਈਮਜ਼ ਨੂੰ ਇੱਕ ਵੱਕਾਰੀ ਅਖਬਾਰ ਬਣਨ ਦਾ ਮਾਣ ਹਾਸਲ ਹੋਇਆ। ਉਹ ਭਾਵੇਂ ਸਰੀਰਕ ਸਮੱਸਿਆ ਨਾਲ ਦੋ-ਚਾਰ ਵੀ ਹੋ ਰਹੇ ਸਨ, ਪਰ ਉਸ ਦਾ ਅਸਰ ਕਦੇ ਵੀ ਅਖਬਾਰ ਦੀ ਗੁਣਵੱਤਾ ਉਪਰ ਨਹੀਂ ਪਿਆ। ਮੈਂ ਪਿਛਲੇ ਵੀਹ ਸਾਲਾਂ ਤੋਂ ਇਸ ਅਖਬਾਰ ਨਾਲ ਇਕ ਸਰੋਤੇ ਵਾਂਗ ਜੁੜਿਆ ਰਿਹਾ ਹਾਂ। ਹਮੇਸ਼ਾ ਕੁਝ ਨਾ ਕੁਝ ਸਿੱਖਣ ਨੂੰ ਮਿਲਿਆ। ਉਨ੍ਹਾਂ ਦੇ ਸਿਰੜ ਅਤੇ ਉਨ੍ਹਾਂ ਦੇ ਕੰਮ ਅੱਗੇ ਸਿਰ ਝੁਕਦਾ ਹੈ। ਪਰਮਾਤਮਾ ਉਨ੍ਹਾਂ ਨੂੰ ਆਪਣੇ ਚਰਨੀਂ ਲਾਉਣ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਚਾਹੁਣ ਵਾਲਿਆਂ ਨੂੰ ਇਸ ਮੁਸ਼ਕਿਲ ਘੜੀ ਵਿਚੋਂ ਲੰਘਣ ਦਾ ਬਲ ਬੁੱਧੀ ਬਖਸ਼ਣ। ਉਨ੍ਹਾਂ ਦੇ ਤੁਰ ਜਾਣ ਕਾਰਨ ਇੱਕ ਬਹੁਤ ਵੱਡਾ ਖਲਾਅ ਪੈਦਾ ਹੋ ਗਿਆ ਹੈ।

*-ਸਾਬ ਸਿੰਘ*

---

ਬਹੁਤ ਹੀ ਉਦਾਸ ਕਰਨ ਵਾਲੀ ਖਬਰ ਹੈ, ਇਨ੍ਹਾਂ ਵਰਗੀ ਦਲੇਰੀ ਟਾਂਵੇਂ ਟਾਂਵੇਂ ਇਨਸਾਨਾਂ 'ਚ ਹੁੰਦੀ, ਮੈਨੂੰ ਪਹਿਲਾਂ ਪਹਿਲ ਪਤਾ ਨਹੀਂ ਸੀ ਕਿ ਅਮੋਲਕ ਸਿੰਘ ਜੀ ਦੀ ਸਿਹਤ ਐਨੀ ਖਰਾਬ ਰਹਿੰਦੀ ਆ, ਜਦੋਂ ਕਦੇ ਫੋਨ ਕਰਨਾ, ਸਦਾ ਇਹੋ ਕਹਿਣਾ, 'ਮੈਂ ਚੜ੍ਹਦੀ ਕਲਾ 'ਚ ਆਂ।' ਮੈਨੂੰ ਕਹਿਣਾ, ਛੇਤੀ ਛੇਤੀ ਲਿਖਿਆ ਕਰੋ, ਪੰਜਾਬ ਟਾਈਮਜ਼ ਦੇ ਪਾਠਕ ਪੁੱਛਦੇ ਰਹਿੰਦੇ ਆ।

2009 ਜਾਂ 2010 ਦੀ ਗੱਲ ਹੋਣੀ, ਪੰਜਾਬ ਟਾਈਮਜ਼ ਨਾਈਟ ਦਾ ਪ੍ਰੋਗਰਾਮ ਫਰੀਮੌਂਟ ਰਖਿਆ ਸੀ ਤੇ ਮੈਨੂੰ ਫੋਨ ਕਰਕੇ ਕਿਹਾ, ਤੁਸੀਂ ਜ਼ਰੂਰ ਜਾਇਓ। ਮੈਂ ਪੁੱਛਿਆ, ਤੁਸੀਂ ਵੀ ਆਉਣਾ ਈ ਹੋਣਾ, ਇਸੇ ਬਹਾਨੇ ਤੁਹਾਨੂੰ ਵੀ ਮਿਲ ਹੋ ਜਾਊਗਾ। ਅੱਗੋਂ ਕਹਿੰਦੇ, ਮੇਰੇ ਤੋਂ ਨਹੀਂ ਆ ਹੋਣਾ। ਮੈਂਖਿਆ ਅੱਛਾ! ਫਿਰ ਉਨ੍ਹਾਂ ਨੂੰ ਲੱਗਿਆ ਕਿ ਮੈਨੂੰ ਪਤਾ ਨਹੀਂ ਫਿਰ ਸਾਰਾ ਦੱਸਿਆ, ਪਰ ਮੈਂ ਐਨਾ ਹੈਰਾਨ ਸੀ ਕਿ ਆਵਾਜ਼ ਤੋਂ ਲਗਦਾ ਹੀ ਨਹੀਂ ਸੀ ਕਿ ਹਿੱਲਣ-ਜੁੱਲਣ ਤੋਂ ਵੀ ਆਹਰੀ ਸਨ, ਰੱਬ ਉਨ੍ਹਾਂ ਦੀ ਸੱਚੀ ਸੁੱਚੀ ਆਤਮਾ ਨੂੰ ਸ਼ਾਂਤੀ ਬਖਸ਼ੇ, ਇਹੋ ਦੁਆ ਹੈ।

*-ਮਝੈਲ ਸਿੰਘ ਸਰਾਂ*

---

ਬਹੁਤ ਲੰਮੇ ਸਿਰੜ ਤੇ ਸਿਦਕ ਦਾ ਅੰਤ ਹੋ ਗਿਆ! ਅਲਵਿਦਾ ਸੱਜਣਾ...ਮੈਨੂੰ ਕਾਲਮ ਨਵੀਸ ਬਣਾਉਣ ਵਾਲਿਆ ਵਾਹਿਗੁਰੂ ਤੇਰੀ ਆਤਮਾ ਨੂੰ ਚਰਨਾਂ ਵਿਚ ਸਦੀਵੀ ਨਿਵਾਸ ਦੇਵੇ! ਬਹੁਤ ਦੁਖਦਾਈ ਵਿਛੋੜਾ।

*-ਤਰਲੋਚਨ ਸਿੰਘ ਦੁਪਾਲਪੁਰ*

---

ਬਹੁਤ ਉਦਾਸ ਕਰਨ ਵਾਲੀ ਖਬਰ ਹੈ। ਪੰਜਾਬ ਟਾਈਮਜ਼ ਉਨ੍ਹਾਂ ਦੀ ਮਿਆਰੀ ਅਤੇ ਅਸੂਲੀ ਪੱਤਰਕਾਰੀ ਦੀ ਆਪਣੇ ਆਪ ਵਿਚ ਮਿਸਾਲ ਹੈ। ਅੱਜ ਸੱਚੀ ਪੱਤਰਕਾਰੀ ਨੂੰ ਜਿਸ ਕਦਰ ਬਹੁਤ ਹੀ ਖਤਰਨਾਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਐਸੇ ਹਾਲਾਤ 'ਚ ਇਸ ਨਿਧੜਕ ਕਲਮ ਦਾ ਹਮੇਸ਼ਾ ਲਈ ਤੁਰ ਜਾਣਾ ਬੇਹੱਦ ਦੁਖਦਾਈ ਹੈ। ਪੰਜਾਬ ਟਾਈਮਜ਼ ਪਰਿਵਾਰ ਦੇ ਦੁੱਖ 'ਚ ਸ਼ਰੀਕ ਹਾਂ।

*-ਬੂਟਾ ਸਿੰਘ ਨਵਾਂਸ਼ਹਿਰ*

---

ਸਾਡੇ ਨਾਲ ਜੰਮੂ ਭਾਅ ਜੀ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਨੇ। ਉਨ੍ਹਾਂ ਦੀ ਪੱਤਰਕਾਰੀ ਦਾ ਦੁਨੀਆਂ ਵਿਚ ਵਿਸ਼ਾਲ ਘੇਰਾ ਸੀ। ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ।

*-ਅਵਤਾਰ ਸਿੰਘ ਸਪਰਿੰਗਫੀਲਡ*

---

ਮੇਰੇ ਪਿਆਰੇ ਦੋਸਤ ਮੇਰੀ ਵਾਰਤਕ ਨੂੰ ਹੱਲਾਸ਼ੇਰੀ ਦੇਣ ਵਾਲੇ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨਹੀਂ ਰਹੇ। ਮੇਰਾ ਉਨ੍ਹਾਂ ਨਾਲ ਨਿਜੀ ਰਾਬਤਾ ਰਿਹਾ ਹੈ। ਸਿਰੜ ਅਤੇ ਚੜ੍ਹਦੀ ਕਲਾ ਦੇ ਪ੍ਰਤੀਕ ਪ੍ਰੇਰਨਮਈ ਸਰੋਤ ਸਨ। ਮਨ ਬਹੁਤ ਉਦਾਸ ਹੈ। ਇੱਕ ਚੰਗਾ ਸੰਪਾਦਕ ਖੁਸ ਗਿਆ।

*-ਸੰਤੋਖ ਮਿਨਹਾਸ*

---

ਪੰਜਾਬੀ ਅਖਬਾਰਾਂ ਦਾ ਬਾਦਸ਼ਾਹ ਤੇ ਪੱਤਰਕਾਰੀ 'ਚ ਯੋਧਾ ਸੀ ਅਮੋਲਕ ਜੰਮੂ। ਇਸ ਤਰ੍ਹਾਂ ਦੇ ਇਨਸਾਨ ਵੀ ਘੱਟ ਹੀ ਪੈਦਾ ਹੁੰਦੇ ਹਨ। ਜਿੱਥੇ ਉਨ੍ਹਾਂ ਦੇ ਜਾਣ ਦਾ ਦੁੱਖ ਹੈ, ਉੱਥੇ ਫਖਰ ਵੀ



ਹੈ ਕਿ ਐਨੇ ਵਧੀਆ ਇਨਸਾਨ ਦਾ ਸਾਥ ਤੇ ਪਿਆਰ ਭਰਿਆ ਹੱਥ ਮੇਰੇ ਵਰਗੇ ਨਿਮਾਣੇ ਦੇ ਸਰ 'ਤੇ ਵੀ ਰਿਹਾ ਹੈ।

*-ਬੌਬ ਖਹਿਰਾ, ਮਿਸ਼ੀਗਨ*

---

ਸ਼ਿਕਾਗੋ ਵਿਖੇ ਪੰਜਾਬੀ ਅਖਬਾਰ ਦੀ ਸਥਾਪਨਾ ਕਰਨਾ ਆਪਣੇ ਆਪ ਵਿਚ ਇੱਕ ਬਹੁਤ ਵੱਡਾ ਕਾਰਜ ਸੀ। ਅਮੋਲਕ ਸਿੰਘ ਜੰਮੂ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਪੰਜਾਬੀ ਭਾਈਚਾਰਾ ਇਸ ਅਖਬਾਰ ਨੂੰ ਕਾਇਮ ਰੱਖਣ ਲਈ ਗੰਭੀਰਤਾ ਨਾਲ ਵਿਚ ਕਰੇਗਾ।

ਕਹਿੰਦੇ ਹਨ, "ਵਿਦਾਈ ਤੋ ਦਸਤੂਰ ਹੈ ਜਮਾਨੇ ਕਾ ਪੁਰਾਨਾ, ਪਰ ਜਹਾਂ ਸੇ ਜਾਨਾ ਅਪਨੀ ਛਾਪ ਕੁਛ ਐਸੇ ਛੋੜ ਜਾਨਾ ਕਿ ਹਰ ਕੋਈ ਗੁਣ ਗੁਨਾਏ ਤੁਮ੍ਹਾਰਾ ਹੀ ਤਰਾਨਾ।"

ਅਮੋਲਕ ਸਿੰਘ ਜੀ ਨੂੰ ਪੰਜਾਬੀ ਅਖਬਾਰ ਲਈ ਹਮੇਸ਼ਾ ਯਾਦ ਰੱਖਿਆ ਜਾਏਗਾ।

*-ਰਣਜੀਤ ਸਿੰਘ ਸ਼ਿਕਾਗੋ*

---

ਅਮੋਲਕ ਜੰਮੂ ਬਾਈ ਜੀ ਬਹੁਤ ਵਧੀਆ, ਨੇਕ ਤੇ ਮਿਹਨਤੀ ਇਨਸਾਨ ਸਨ। ਉਨ੍ਹਾਂ ਨੇ 'ਪੰਜਾਬ ਟਾਈਮਜ਼' ਅਖਬਾਰ ਸ਼ੁਰੂ ਕੀਤਾ ਸੀ, ਜੋ ਮਿਡਵੈਸਟ ਵਿਚ ਪਹਿਲਾ ਪੰਜਾਬੀ ਅਖਬਾਰ ਸੀ। ਅਮੋਲਕ ਸਿੰਘ ਜੰਮੂ ਹੁਣ ਸਾਰੀ ਦੁਨੀਆਂ ਵਿਚ 'ਪੰਜਾਬ ਟਾਈਮਜ਼' ਨਾਲ ਜਾਣੇ ਜਾਂਦੇ ਹਨ। ਵਾਹਿਗੁਰੂ ਵਿਛੜੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਦੇਵੇ।

*-ਦਰਸ਼ਨ ਸਿੰਘ ਪੰਮਾ*

---

ਬੇਹਦ ਅਫਸੋਸ! 'ਸਿੱਖ ਕੌਮ: ਹਸਤੀ ਤੇ ਹੋਣੀ' ਕਿਤਾਬ ਦਾ ਸੰਪਾਦਨ ਕਰ ਪੰਜਾਬੀਆਂ ਤੇ ਵੱਡਾ ਅਹਿਸਾਨ ਕੀਤਾ ਸੀ ਉਨ੍ਹਾਂ ਨੇ।

*-ਸਤੀਸ਼ ਗੁਲਾਟੀ (ਪ੍ਰਕਾਸ਼ਕ)*

---

ਬਹੁਤ ਬਹੁਤ ਅਫਸੋਸ! ਅਮਰੀਕਾ ਦੀ ਧਰਤੀ ਉੱਤੇ ਪੰਜਾਬੀ ਪੱਤਰਕਾਰੀ ਵਿਚ ਇੱਕ ਨਵਾਂ ਮੀਲਪੱਥਰ ਸਥਾਪਿਤ ਕਰਨ ਵਾਲੇ ਪੰਜਾਬ ਟਾਈਮਜ਼ ਦੇ ਸੰਪਾਦਕ, ਨਿਧੜਕ ਪੱਤਰਕਾਰ ਤੇ ਬਹੁਤ ਹੀ ਸਿਰੜੀ ਇਨਸਾਨ ਸਨ ਸ. ਅਮੋਲਕ ਸਿੰਘ ਜੰਮੂ।

*-ਅਮੋਲਕ ਸਿੰਘ ਫਰਿਜ਼ਨੋ*

---

ਬਹੁਤ ਮਾੜਾ ਹੋਇਆ ਜੀ, ਬਹੁਤਿਆਂ ਦੇ ਗੱਦਾਰੀ ਕੀਤੀ ਏਸ ਸ਼ਖਸ ਨਾਲ, ਪਰ ਇਹ ਸੱਚ 'ਤੇ ਰਹੇ, ਸਿਜਦਾ ਇਨ੍ਹਾਂ ਨੂੰ।

*-ਰਾਜਾ ਨੂਰਪੁਰੀਆ*

---

ਬੇਹੱਦ ਅਫਸੋਸ! ਕਲਮ ਦੇ ਜੋਧੇ ਨੂੰ ਜਾਂਦੀ ਵਾਰ ਦੀ ਨਮਸਕਾਰ। ਸਾਡਾ ਭਰਾ ਜੁਝਾਰੂ ਜੋਧੇ ਵਾਂਗ ਮੌਤ ਨਾਲ ਲੜਿਆ। ਉਹਦੇ ਸਿਰੜ ਨੂੰ ਸਲਾਮ!

*-ਸਰਵਣ ਸਿੰਘ ਸੰਧੂ*

---

ਅਮੋਲਕ ਸਿੰਘ ਜੀ ਬਹੁਤ ਹੀ ਨੇਕ ਦਿਲ ਇਨਸਾਨ ਸਨ ਅਤੇ ਨਿਧੜਕ ਪੱਤਰਕਾਰ ਸਨ। ਉਨ੍ਹਾਂ ਨਾਲ ਜਦੋਂ ਵੀ ਵਾਰਤਾਲਾਪ ਹੋਈ, ਯਾਦਗਾਰ ਹੀ ਬਣ ਗਈ। ਬਹੁਤ ਘਾਟਾ ਪਿਆ ਪੰਜਾਬੀ ਪੱਤਰਕਾਰੀ ਨੂੰ। ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ।

*-ਲਖਵਿੰਦਰ ਸਿੰਘ ਬੱਗਾ*

---

ਅਮਰੀਕੀ ਪੰਜਾਬੀ ਪੱਤਰਕਾਰੀ ਨੂੰ ਨਵੇਂ ਦਿਸਹੱਦੇ ਦੇਣ ਵਾਲੇ ਵੱਡੇ ਵੀਰ ਅਮੋਲਕ ਸਿੰਘ ਜੰਮੂ ਨੇ ਆਖਰੀ ਸਾਹ ਤੱਕ ਆਪਣੇ ਸਿਧਾਂਤਾਂ ਤਹਿਤ ਕਾਫਲੇ ਨੂੰ ਚੱਲਦਾ ਰੱਖਿਆ ਤੇ ਸਿਹਤ ਦੀ ਕਮਜ਼ੋਰੀ ਨੂੰ ਵੀ ਤਾਕਤ ਬਣਾਇਆ। ਸਲੂਟ ਭਾਅਜੀ!!

*-ਹੁਸਨ ਲੜੋਆ ਬੰਗਾ*

---

ਬਹੁਤ ਵਧੀਆ ਤੇ ਧੜੱਲੇਦਾਰ ਪੱਤਰਕਾਰੀ ਕੀਤੀ ਜੰਮੂ ਸਰ ਨੇ।

*-ਨੀਟਾ ਮਾਛੀਕੇ*

---

ਦੁਖਦਾਈ ਖਬਰ ਪੜ੍ਹ ਕੇ ਮਨ ਉਦਾਸ ਹੋ ਗਿਆ। ਬਹੁਤ ਮਿਹਨਤੀ ਪੱਤਰਕਾਰ-ਸੰਪਾਦਕ ਸਨ।

*-ਕੁਲਜੀਤ ਸਿੰਘ ਦਿਲਬਰ*

---

ਇਨ੍ਹਾਂ ਨੇ ਮੇਰੀ ਲੰਮੀ ਇੰਟਰਵਿਊ ਕੀਤੀ ਸੀ-ਸ਼ਾਇਦ ਜ਼ਿੰਦਗੀ ਦੀ ਸਭ ਤੋਂ ਲੰਬੀ ਇੰਟਰਵਿਊ। ਮਾਲਕ ਆਪਣੇ ਚਰਨਾਂ ਵਿਚ ਨਿਵਾਸ ਦੇਵੇ।

*-ਭੁਪਿੰਦਰ ਬੱਬਲ*

---

ਸ. ਅਮੋਲਕ ਸਿੰਘ ਜੰਮੂ ਜੀ ਇੱਕ ਨਿਧੜਕ, ਜੁਝਾਰੂ ਅਤੇ ਸਿਰੜੀ ਪੱਤਰਕਾਰ ਸਨ।

*-ਕੁਲਦੀਪ ਢੀਂਡਸਾ*

---

ਅਜਿਹਾ ਸਿਰੜ ਮੈਂ ਆਪਣੀ ਜ਼ਿੰਦਗੀ ਵਿਚ ਕਿਸੇ ਵਿਚ ਨਹੀਂ ਦੇਖਿਆ। ਅਮੋਲਕ ਸਿੰਘ ਭਾਜੀ ਤੁਸੀਂ ਉਦਾਹਰਨ ਹੋ। ਸਿਰੜ ਦੀ ਮਿਸਾਲ ਸਨ ਜੰਮੂ ਸਾਹਿਬ।

*-ਗੁਰਮੁਖ ਸਿੰਘ ਭੁੱਲਰ*

---

ਬਹੁਤ ਦੁਖਦਾਈ ਸਮਾਚਾਰ, ਉਨ੍ਹਾਂ ਦੀ ਸੰਪਾਦਕੀ ਸੂਝ ਬਾ-ਕਮਾਲ ਸੀ।

*-ਨਿਰੰਜਨ ਬੋਹਾ*

---

ਬਹੁਤ ਅਫਸੋਸ...ਮੇਰੇ ਪਿੰਡੋਂ ਪੰਜ ਕੁ ਕਿਲੋਮੀਟਰ ਏ ਇਨ੍ਹਾਂ ਦਾ ਪਿੰਡ। 2018 'ਚ ਮੈਂ, ਮਨਦੀਪ ਭੂਰਾ ਭਾਅ ਜੀ ਤੇ ਦਲਜੀਤ ਸ਼ਾਹੀ ਮਿਲੇ ਸੀ ਇਨ੍ਹਾਂ ਦੇ ਘਰ ਸ਼ਿਕਾਗੋ। ਹੁਣ ਯਾਦਾਂ ਹੀ ਰਹਿ ਗਈਆਂ। ਸਤਿਕਾਰ...ਨਮਨ...!

*-ਗੁਰਭੇਜ ਸਿੰਘ ਗੋਰਾਇਆ*

---

ਬੇਹੱਦ ਅਫਸੋਸ, ਇੱਕ ਨਿਧੜਕ ਪੱਤਰਕਾਰ ਯੋਧਾ ਵਿਛੜ ਗਿਆ ਹੈ। ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ਣ। ਜਸਪ੍ਰੀਤ ਭੈਣ ਜੀ ਨੂੰ ਦਲੇਰੀ ਬਖਸ਼ਣ।

*-ਹਰਮਿੰਦਰ ਸਿੰਘ*

---

ਇਹ ਸਨ ਨੰਗੇ ਧੜ ਸਿਰੜ ਦੀ ਜੰਗ ਲੜਨ ਵਾਲੇ ਯੋਧੇ। ਅਲਵਿਦਾ। ਰੱਬ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਜਗ੍ਹਾ ਬਖਸ਼ੇ।

*-ਇੰਦਰਜੀਤ ਸਿੰਘ ਗਰੇਵਾਲ*

---

ਸੱਚੀ ਬਹੁਤ ਦੁੱਖ ਵਾਲੀ ਖਬਰ ਹੈ। ਸਮਾਜ, ਸਾਹਿਤ ਅਤੇ ਪੱਤਰਕਾਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਪਤਾ ਨਹੀਂ ਸੀ ਕਿ ਉਹ ਐਨੇ ਬੀਮਾਰ ਸਨ।

*-ਰਵਿੰਦਰ ਸਿੰਘ ਚੋਟ*

---

ਬਹੁਤ ਅਫਸੋਸ। ਇਕ ਭਿਆਨਕ ਨਾਮੁਰਾਦ ਲੰਮੀ ਬਿਮਾਰੀ ਨੇ ਉਨ੍ਹਾਂ ਦਾ ਖਹਿੜਾ ਨਹੀਂ ਛੱਡਿਆ। ਬਹੁਤ ਸਿਰੜੀ ਇਨਸਾਨ ਸਨ।

*-ਜਰਨੈਲ ਸਿੰਘ ਸੇਖਾ*

---

ਬੇਹੱਦ ਅਫਸੋਸਨਾਕ ਖਬਰ ਹੈ ਜੀ, ਦਲੇਰ ਕਲਮ ਦੇ ਤੁਰ ਜਾਣ 'ਤੇ ਬਹੁਤ ਅਫਸੋਸ ਹੈ ਜੀ।

*-ਮਨਜੀਤ ਸਿੰਘ ਬਿੰਦ*

---

ਬਹੁਤ ਦੁਖਦਾਈ ਖਬਰ ਹੈ ਸਾਡੇ ਸਾਰਿਆਂ ਲਈ। ਅਮੋਲਕ ਬਾਈ ਜੀ ਨੂੰ ਜਾਣਨ ਕਰ ਕੇ ਅਤੇ ਪੰਜਾਬ ਟਾਈਮਜ਼ ਵਿਚ ਛਪਣ ਕਰਕੇ ਮੇਰਾ ਕਈ ਲੋਕਾਂ ਨਾਲ ਪਰਿਵਾਰਕ ਰਿਸ਼ਤਾ ਬਣ ਗਿਆ।

*-ਮੇਜਰ ਸਿੰਘ ਕੁਲਾਰ*

---

ਬਹੁਤ ਅਫਸੋਸ! ਸੰਜੀਦਾ ਪੱਤਰਕਾਰ ਦੇ ਜਾਣ ਨਾਲ ਪਰਵਾਸੀ ਪੱਤਰਕਾਰੀ ਨੂੰ ਵੱਡਾ ਘਾਟਾ। ਗੱਲ ਹੁੰਦੀ ਰਹਿੰਦੀ ਸੀ, ਕਦਰਦਾਨ ਸਨ।

*-ਹਰਜਿੰਦਰ ਕੰਗ*

---

ਸਿਰੜੀ ਮਨੁੱਖ ਆਖਿਰ ਲੜਾਈ ਹਾਰ ਗਿਆ। ਮਾਰਚ ਦੇ ਦੂਜੇ ਹਫਤੇ ਹੀ ਉਨ੍ਹਾਂ ਨੂੰ ਮਿਲ ਕੇ ਆਏ ਸੀ।

*-ਰਵਿੰਦਰ ਸਹਿਰਾਅ*

---

ਸਲਾਮ ਹੈ ਜੰਮੂ ਸਾਹਿਬ ਨੂੰ, ਜੋ ਬਹੁਤ ਸਾਰੇ ਲੋਕਾਂ ਦੇ ਮਾਰਗ ਦਰਸ਼ਕ ਬਣੇ।

*-ਦਰਸ਼ਨ ਸਿੰਘ ਬਸਰਾਓਂ*

---

ਉਹ ਬਹੁਤ ਸੂਝਵਾਨ ਇਨਸਾਨ ਸਨ ਤੇ ਉਨ੍ਹਾਂ ਦੀ ਘਾਟ ਰੜਕਦੀ ਰਹੇਗੀ।

*-ਸਤਨਾਮ ਸਿੰਘ ਔਲਖ*

---

ਅਲਵਿਦਾ ਮੇਰੇ ਜਿਗਰੀ ਯਾਰ। ਬਹੁਤ ਹੀ ਉਦਾਸ ਕਰ ਗਿਆ।

*-ਜਗਰਾਜ ਅਟਵਾਲ*

---

ਸਿੱਦਕੀ ਪੱਤਰਕਾਰ...ਜੋ ਹਲਾਤਾਂ ਨਾਲ ਵੀ ਅਤੇ ਹਲਾਤ ਬਦਲਣ ਲਈ ਅੰਤ ਤੱਕ ਲੜਦਾ ਰਿਹਾ। ਉਸ ਸਿਰੜੀ ਯੋਧੇ ਨੂੰ ਅੰਤਿਮ ਸਲਾਮ!

*-ਸੁਖਪਾਲ ਸਿੰਘ ਧਨੋਆ*

---

ਉਨ੍ਹਾਂ ਦੇ ਜਾਣ ਦੇ ਦੁਖ ਦੀ ਪੀੜਾ ਐਨੀ ਹੈ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਕੁਲਜੀਤ, ਇਹ ਦੁਖ ਦੀ ਘੜੀ ਆਪਾਂ ਸਾਰਿਆਂ ਰਲ-ਮਿਲ ਕੇ ਵੰਡਾਉਣੀ ਹੈ।

*-ਇਕਬਾਲ ਸਿੰਘ ਜੱਬੋਵਾਲ*

---

ਪੱਤਰਕਾਰੀ ਦੀਆਂ ਸਫਾਂ 'ਚ ਸੁਨਹਿਰੀ ਅੱਖਰ-ਸ. ਅਮੋਲਕ ਸਿੰਘ ਜੰਮੂ। 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਕਿਸੇ ਵੱਟਸਐਪ ਸਮੂਹ 'ਚ ਸਾਂਝੀ ਕੀਤੀ ਮੇਰੀ ਲਿਖਤ 'ਮੈਨੂੰ ਵੋਟਾਂ ਨਾ ਪਾਇਓ' ਨੂੰ ਆਪਣੇ ਪਰਚੇ 'ਪੰਜਾਬ ਟਾਇਮਜ਼' 'ਚ ਅਹਿਮ ਥਾਂ ਦਿੱਤੀ। ਛਾਪਣ ਤੋਂ ਬਾਅਦ ਫੋਨ ਕਰਕੇ ਦੱਸਿਆ। ਹੋਰ ਲਿਖਤਾਂ ਵੀ ਭੇਜਣ ਲਈ ਕਿਹਾ। ਪਰਚਾ ਵੀ ਈਮੇਲ ਕੀਤਾ। ਖੁਸ਼ ਮਿਜਾਜ਼, ਦੂਰ ਅੰਦੇਸ਼ੀ ਸੋਚ ਤੇ ਸਵੱਛ ਹਿਰਦੇ ਦੇ ਧਾਰਨੀ ਸਵਰਗੀ ਜੰਮੂ ਸਦਾ ਚੇਤੇ ਰਹਿਣਗੇ।

*-ਹੈਪੀ ਪੰਡਵਾਲਾ*

---

ਔਕੜਾਂ ਅਤੇ ਕਠਿਨਾਈਆਂ ਦੇ ਬਾਵਜੂਦ 'ਪੰਜਾਬ ਟਾਈਮਜ਼' ਨੂੰ ਜਿਸ ਮਿਆਰ ਤੱਕ ਲਿਆ ਕੇ ਖੜ੍ਹਾ ਕੀਤਾ ਹੈ, ਇਹ ਉਨ੍ਹਾਂ ਦੀ ਕਾਬਲੀਅਤ ਦਾ ਜਿਉਂਦਾ ਜਾਗਦਾ ਸਬੂਤ ਹੈ, ਗੁਰੂ ਜੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ। ਪੱਤਰਕਾਰੀ ਦੀ ਪਛਾਣ ਦੀ ਪਗਡੰਡੀ ਦੇਰ ਤੱਕ ਅਮੋਲਕ ਸਿੰਘ ਜੰਮੂ ਦੀਆਂ ਪਾਈਆਂ ਪੈੜਾਂ ਦਾ ਚੇਤਾ ਕਰਵਾਉਂਦੀ ਰਹੇਗੀ।

*-ਗੁਰਬਚਨ ਮਾਨ*

---

ਬੇਲਾਗ, ਬੇਬਾਕ, ਜ਼ਿੰਦਾ-ਦਿਲ, ਮਿਆਰੀ ਪੱਤਰਕਾਰੀ ਦੇ ਨਿਧੱੜਕ ਮੁਦੱਈ ਸਨ ਭਾਅ ਜੀ ਅਮੋਲਕ ਸਿੰਘ ਜੰਮੂ।

*-ਪਲਵਿੰਦਰ ਸਿੰਘ*

---

ਪੰਜਾਬੀ ਪੱਤਰਕਾਰੀ 'ਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ। ਸੱਚੀ ਖਬਰ ਲਿਖਣ 'ਚ ਕਦੇ ਪਿੱਛੇ ਨਹੀਂ ਸੀ ਹਟਦਾ।

*-ਗੁਲਿੰਦਰ ਗਿੱਲ*

---

ਭੈਣ ਜਸਪ੍ਰੀਤ, ਬਹੁਤ ਹੀ ਦੁਖ ਹੋਇਆ, ਵੀਰ ਜੀ ਦੇ ਜਾਣ ਦਾ। ਪਰ ਕੀਤਾ ਵੀ ਕੁਝ ਨਹੀਂ ਜਾ ਸਕਦਾ। ਬੱਸ ਸਬਰ ਹੀ ਕੀਤਾ ਜਾ ਸਕਦਾ ਹੈ।

*-ਜਗਮੀਤ ਸਿੰਘ ਪੰਧੇਰ*

---

ਮੇਰੇ ਮਨ ਨੂੰ ਯਕੀਨ ਨਹੀਂ ਹੋ ਰਿਹਾ ਕਿ ਕੋਹੇਨੂਰ ਹੀਰੇ ਵਰਗਾ, ਬੇਬਾਕ, ਨਿਧੜਕ ਸੰਪਾਦਕ ਤੇ ਧਰੂ ਤਾਰੇ ਵਾਂਗ ਚਮਕਦੇ ਮੇਰੇ ਵੱਡੇ ਵੀਰ ਅਮੋਲਕ ਸਿੰਘ ਜੰਮੂ ਹੁਣ ਸਾਡੇ ਵਿਚ ਨਹੀਂ ਰਹੇ।

ਉਨ੍ਹਾਂ ਅੰਦਰਲਾ ਸੰਪਾਦਕ ਵੀ ਉਸ ਤਰ੍ਹਾਂ ਦਾ ਹੀਰਾ ਸੀ, ਜੋ ਹਰ ਜਗ੍ਹਾ ਤੇ ਹਰ ਕੋਲ ਨਹੀਂ ਹੁੰਦਾ। ਉਨ੍ਹਾਂ ਦੇ ਨਾਮ ਵਾਂਗ ਉਹ ਵਾਕਿਆ ਹੀ ਅ-ਮੋਲਕ ਸਨ, ਜਿਸ ਦਾ ਕੋਈ ਮੁੱਲ ਨਹੀਂ ਲਾ ਸਕਦਾ। ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*

## ਪੱਤਰਕਾਰੀ ਦਾ ਜਲਵਾ

ਸ. ਅਮੋਲਕ ਸਿੰਘ ਜੀ ਦਾ ਪੱਤਰਕਾਰੀ ਦੇ ਖੇਤਰ ਵਿਚ ਨਾਮ ਸੀ। ਉਨ੍ਹਾਂ ਨੇ ਪੰਜਾਬੀ ਮਾਂ ਬੋਲੀ ਦੀ ਆਪਣੇ ਦਿਲੋਂ ਸੇਵਾ ਕੀਤੀ। ਉਹ ਭਾਵੇਂ ਪਿਛਲੇ ਕਾਫੀ ਸਮੇਂ ਤੋਂ ਸਿਹਤਯਾਬ ਨਹੀਂ ਸਨ, ਫਿਰ ਵੀ ਪੂਰੇ ਸਿਰੜ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਡਟੇ ਹੋਏ ਸਨ। ਉਨ੍ਹਾਂ ਸਾਲ 2000 ਤੋਂ 'ਪੰਜਾਬ ਟਾਈਮਜ਼' ਸ਼ੁਰੂ ਕਰ ਕੇ ਅਹਿਮ ਸਥਾਨ 'ਤੇ ਪਹੁੰਚਾਇਆ।

ਉਨ੍ਹਾਂ ਨੇ ਮੇਰੇ ਵਰਗੇ ਨਵੇਂ ਲਿਖਾਰੀਆਂ ਨੂੰ ਆਪਣੇ ਅਖਬਾਰ ਵਿਚ ਸਥਾਨ ਦੇ ਕੇ ਹੌਸਲਾ ਵਧਾਇਆ ਅਤੇ ਸਮੇਂ-ਸਮੇਂ ਅਗਵਾਈ ਕੀਤੀ। ਪਾਠਕ ਉਨ੍ਹਾਂ ਵਲੋਂ ਸਾਂਝੇ ਕੀਤੇ ਲੇਖਾਂ ਤੋਂ ਸੇਧ ਲੈਂਦੇ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਅਖਬਾਰ ਦੇ ਸੁਹਿਰਦ ਪਾਠਕ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣਗੇ।

*-ਡਾ. ਅਜੀਤ ਸਿੰਘ ਕੋਟਕਪੂਰਾ*
*ਰੋਚੈਸਟਰ, ਨਿਊ ਯਾਰਕ।*

---

## ਪੂਰਾ ਨਾ ਹੋਣ ਵਾਲਾ ਘਾਟਾ

ਅਮੋਲਕ ਸਿੰਘ ਜੰਮੂ ਦੀ ਦੇ ਤੁਰ ਜਾਣ ਬਾਰੇ ਸੁਣ ਕੇ ਗਹਿਰਾ ਧੱਕਾ ਲੱਗਾ। ਨੇਕ ਦਿਲ, ਕਰਮਯੋਗੀ ਤੇ ਸੰਘਰਸ਼ਸ਼ੀਲ ਇਨਸਾਨ ਦਾ ਵਿਛੜ ਜਾਣਾ ਜਿੱਥੇ ਪਰਿਵਾਰ ਲਈ ਪੂਰਾ ਨਾ ਹੋਣ ਵਾਲਾ ਘਾਟਾ ਹੈ, ਉੱਥੇ ਪੰਜਾਬੀ ਮਾਂ ਬੋਲੀ ਨੇ ਵੀ ਆਪਣਾ ਸਰਵਣ ਪੁੱਤਰ ਗੁਆ ਲਿਆ ਹੈ। ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਸਾਹਿਤ ਦੇ ਮੁਦੱਈ, ਸੰਵੇਦਨਸ਼ੀਲ ਤੇ ਨਿਧੜਕ ਪੱਤਰਕਾਰ ਦਾ ਵਿਛੋੜਾ ਪੰਜਾਬੀ ਪ੍ਰੇਮੀਆਂ ਲਈ ਖਲਾਅ ਪੈਦਾ ਕਰ ਗਿਆ ਹੈ, ਜੋ ਸਿਰਫ ਸਮੇਂ ਨਾਲ ਹੀ ਭਰੇਗਾ। ਇਸ ਅਸਹਿ ਤੇ ਅਕਹਿ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਅਫਸੋਸ ਜਾਹਿਰ ਕਰਦਾ ਹਾਂ। ਪਰਮਾਤਮਾ ਪਰਿਵਾਰ ਨੂੰ ਇਸ ਸਦਮੇ ਨੂੰ ਸਹਿਣ ਦਾ ਬਲ ਬਖਸ਼ੇ।

*-ਸੇਵਾ ਸਿੰਘ ਨੂਰਪੁਰੀ*

---

## ਬਹੁਤ ਅਫਸੋਸ ਹੋਇਆ

ਸਤਿਕਾਰਯੋਗ ਭੈਣ ਜੀ ਅਤੇ ਸਮੂਹ ਪੰਜਾਬ ਟਾਈਮਜ਼ ਪਰਿਵਾਰ,

ਪਿਆਰ ਭਰੀ ਸਤਿ ਸ੍ਰੀ ਅਕਾਲ।

ਪਿਆਰੇ ਵੀਰ ਜੰਮੂ ਜੀ ਦੇ ਪਰਲੋਕ ਚਲਾਣੇ ਦੀ ਦੁਖਦਾਈ ਖਬਰ ਮਿਲੀ। ਜਸਵੰਤ ਸੰਧੂ (ਘਰਿੰਡਾ) ਨੂੰ ਫੋਨ ਲਾਇਆ। ਜਸਵੰਤ ਨੂੰ ਪਹਿਲਾਂ ਹੀ ਪਤਾ ਸੀ। ਉਨ੍ਹਾਂ ਨੇ ਵੀ ਬਹੁਤ ਦੁੱਖ ਪਰਗਟ ਕੀਤਾ। ਵੀਰ ਜੰਮੂ ਸਾਹਿਬ ਦੀਆਂ ਸਾਰੀਆਂ ਚੰਗਿਆਈਆਂ ਤੇ ਸਾਡੇ 'ਤੇ ਕੀਤੇ ਉਪਕਾਰ ਯਾਦ ਆਏ।

ਇਸ ਦੁੱਖ ਦੀ ਘੜੀ 'ਚ ਮੇਰਾ ਪਰਿਵਾਰ ਅਤੇ ਜਸਵੰਤ ਸੰਧੂ ਦਾ ਪਰਿਵਾਰ ਆਪ ਜੀ ਨਾਲ ਖੜ੍ਹੇ ਹਾਂ। ਵਾਹਿਗੁਰੂ ਜੀ ਆਪ ਜੀ ਨੂੰ ਉਨ੍ਹਾਂ ਦਾ ਵਿਛੋੜਾ (ਹੁਕਮ ਅੰਦਰ) ਮੰਨਣ ਲਈ ਬਲ ਬਖਸ਼ਣ ਅਤੇ ਵੀਰ ਜੰਮੂ ਸਾਹਿਬ ਨੂੰ ਆਤਮਿਕ ਸਥਾਈ ਸ਼ਾਂਤੀ ਦੇਣ, ਇਹੀ ਸਾਡੀ ਅਰਦਾਸ ਹੈ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ*

# ਦ੍ਰਿੜ ਇੱਛਾ ਸ਼ਕਤੀ ਤੇ ਸਿਧਾਂਤਾਂ ਦੇ ਪੱਕੇ ਸਨ ਅਮੋਲਕ ਸਿੰਘ ਜੰਮੂ

Pillar of strong Will power, Man of his own principles, Fighter to combat his ALS, Friend of friends, Editor in chief of Midwest only esteemed Punjabi newspaper PUNJAB TIMES, Great Father and husband, A great soul and a very dear person to me who I respected as a Big Big brother and a fatherly figure is gone forever.

If anyone needs to learn how to handle and tackle challenges - this one had the utmost Will power to do that.

You will be missed forever. May your soul rest in the lotus feet's of almighty

**-Dr. Harjinder Khaira**

***

Dear Sardarni Jaspreet Kaur jI:

Amolak Singh Jammu ji has left this perishable world. This is heart rending news for you and family. I wish the entire family a HEARTIEST condolence with a heavy and sorrowful heart. May God bless his soul with a kind and pleasant place in heavenly abode. He was a great man and his contributions to Punjabi journalism will be remembered for a long time.

Amolak Ji made Punjabi Pattarkari a useful and respectable profession and contributed immensely towards its development. Punjab Times is the most read paper in North America and Punjab. His zeal and courage and hard work will always be remembered. I will miss him.

**-Dr. Gurumel Sidhu**

***

Respected Jaspreet ji

It is a big loss for you, your family, Punjab times and Punjabi literature to everyone associated with him that S. Amolok Singh Jammu is no more with us. I wrote this article about Jammu ji in May 2018 after attending Punjab times night. Jammu ji was so humble that he refused to publish it in Punjab times as he did not want to publish any writing about him in his paper. Later on this article was published in Punjabi tribune and all papers in North America.

I am resending the same article to pay my tribute to great personality. May God help you and your family to overcome this grief.

**-Gurbax Singh Bhandal**

***

very sad day for Indian Punjabi Community living in Michigan, Chicago, Indiana, Ohio, and Milwaukee, and nearby States, that our very beloved friend, Amolak Singh Jammu bhaji, the Founder and Chief Editor of very successful and very famous weekly Punjabi Newspaper since 2000, The Punjab Times Newspaper from Chicago, is no more. Amolak Singh bhaji was actually not feeling well from the past about 15 years, and was often struggling with his health, but his vision and his dedication to serve our whole Midwest Punjabi community with his quality Newspaper made a huge positive impact on our social ways of living life.

His beautiful resourceful weekly newspaper became the most top major way of communication every week among most of the Punjabi community in Midwest especially. He was a great man, a man of his word, I also had the opportunity of dealing with him like a brother and good friend in the past 13 years, many times, every year, he would never let me down, he was a true friend, this friend and his contributions to Midwest Punjabi community will be missed for a very long time. May God bless his beautiful soul rest in eternal piece. Amolak bhaji we miss you.

**-Karn Gill, Michigan**



ਇਕ ਪੁਰਾਣੀ ਯਾਦ: ਸ. ਅਮੋਲਕ ਸਿੰਘ ਜੰਮੂ ਨਾਲ ਨਰਿੰਦਰ ਭੁੱਲਰ, ਜੈਰਾਮ ਸਿੰਘ ਕਾਹਲੋਂ, ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਇੰਦਰਮੋਹਨ ਸਿੰਘ ਛਾਬੜਾ

***

I am heart broken to hear that you are no longer with us. You will be greatly missed and your memories will live with us forever. I wish I was there one last time to hold your hand and see you smile through everything you were going through but I will not say goodbye because we will meet again. You were one of my favorite people and were full of so much life.

You were a great role model and always taught those around you to see all the positivity surrounding them. I will miss your smile. I will miss your jokes. I will miss your uplifting nature. It was truly an honor to have spent time and create lifelong memories with you. You will be missed my favorite uncle ji. Rest in paradise til we meet again. Love you always, yours truly Raman.

**-Raman**

***

We lost a man who will always be in our thoughts! A great man, such a true asset to our community, will be missed! Neurology field is working to find the cure for this terrible disease ALS! May waheguru bless his soul and gives strength to his whole family and friends!!

**-Dr. Jasvinder Chawla**

***

Big loss to Chicago community. May God give rest to his soul.

**-Dr. Gurbax Saini**

***

What a real life warrior he was. Those who knew him, will understand this. He will continue to live through Punjab Times. Will miss his smile and his enthusiasm for life.

**-Dr. Hargurmukh Pal Singh**

***

Very sad he will be missed highly intelligent with good personality

**-Pammi Gill**

***

Lost a great friend, motivator and a Pearson with great zeal. May Waheguruji bless the departed dear soul with peace. We will miss him.

**-Manjit Gill**

***

Punjab Times (Chicago) USA editor and fearless journalist S. Amolak Singh Jammu is no more.May his soul Rest In Peace! “Gone from our sight, but never from our hearts”

**-Rajinder Syan**

***

Very sad news, community lost great journalist.

**-Amritpal Gill**

***

Very sorry to hear that RIP. He was the best we all going to miss you a lot brother.

**-Parminder Walia**

***

Very sad news my self and Ravinder Singh Sahra and his wife we all went see Amolak Ji and there family in March.

**- Shawn Rana Virk**

***

Very sorry to hear this sad news. May Waheguru bless his soul. His loss is irreparable not only for the family but also to all readers of this newspaper. Pray this newspaper continues. May Waheguru bless the family with Bharosa Daan. We will miss him.

**- Balwant Singh Hansra**

***

Pha ji bauht cheati chala gaya. It's been almost two years since we last met. Your intelligence, kindness, and warmth has impacted so many including myself and my family. Rest in paradise.

**-Navdeep Gill Sandhu**

***

Very sad. I lost my childhood friend. Waheguru aapne charna vich nivas bakhshe.

**-Indermohan Singh Chhabra**

***

Very sad news . He was very strong will power man. God bless his soul.

**-Makhan Singh Bains**

***

May he RIP.. A true epitome of courage and dignity. A warrior. Reminicsing the moments spent with him at his house in Chicago in 2014. Such a lively man. Can never forget that beautiful smile he would carry. Salute your enthusiam and fight with the prolonged illness. You will be remembered always. Condolences to the family and friends.

**-Shakti Manak**

***

Amolak Singh Jammu was a highly committed journalist.

**-Harjap Singh Aujla**

***

Very very sorry. He was the iron man who fought an ominous disease for quite a long period. May He Rest in Peace.

**-Charanjit Pannu**

***

I am so sad to know about the death of S. Amolak Singh Ji Jammu. A very hard working and devoted Editor. May God bless him with eternal peace and family be learnt to bear the separation. Wahegur bhali kare

**-Dr. A. S. Ghuman**
**Nadala, Kapurthala**

***

So sad. irreparable loss' Sardar Amolak Singh Jammu will always in the hearts of readers,writers and people of all walks of life,I share sorrow with the family.May God grant peace to the departed soul'

**-Karam Singh Mann**

***

Dear Jaspreet Kaur Ji,

Please accept our heartfelt condolences on the sudden demise of Sh. Amolak Singh Jammu ji. I never had the chance to meet him in person but had spoken to him couple of times over the phone. I had very high respect and regard for him. May God rest his soul in peace and give you and the family members the strength to bear the loss. My office and family's prayers go out for you and the remaining family. Thank you.

**Sincerely,**

**-Vivek Malik (Attorney)**
**Saint Louis, Missouri**

***

I condole the untimely demise of S. Amolak Singh. Very sad news! RIP.

**-Avtar Sangha**
**Editor, The Punjab Herald**
**Sydney.**

***

I am heartbroken at the loss of a Great friend and superb Journalist, a community Oriented man, Sr. Amolak Singh Jammu Chief Editor of Punjab Times, left us forever. His comprehensive knowledge and distinct style of journalism made a difference in Punjabi community. He had an immense impact on Indian community. He was well known to our family in the last twenty five years . For sure he will be Missed. Waheguru bless his departed soul.

**-Manjit Nannan**

***

Dear Jaspreet and Family,

I was very saddened when I read the front page news in the Punjab Times today that our dear Amolak Singh Ji has left us. Though I was aware of his deteriorating health, I never imagined that he will leave us so soon.

My thoughts and prayers are with you and the family. He has left such a void which will be difficult to fill, but the huge circle of Punjab Times readers and writers will be a source of solace for you at this difficult time.

I pray that you get strength and energy and know that in spite of his declining health, he has accomplished a lot. He was a brave fighter.

Jaspreet, you continue his work, it will give you inner power and a sense of accomplishment. Punjab Times readers and contributing writers are your extended family - they will stand by you.

Sunken in grief,

**-Kalwant Singh Sahota**
**Canada**

***

Bhan Jee Sat Shri Akal,

Came to know about departing of our beloved veer Jee from all of us. As we all know one day we all have to go.

I have learned a lot from his dedication to PUNJAB TIMES. He has given all his life to educate others he found the best people and collectively share the knowledge thru PUNJAB TIMES. This was amazing.

One more thing that I admire from S Amalok Singh Jammu that he was fighter with his disease. He set up an example and during my life time I have not come across anyone who fought so well.

May Waheguru bless his soul and give all of us to bear the loss in our community. Guru Rakha,

**-Sarwan Singh Raju**

# ‘ਸੱਮਿਟ ਔਨ ਕਲਾਈਮੇਟ’ ਦਾ ਲੇਖਾ-ਜੋਖਾ

## ਭਖਦੇ ਮਸਲੇ

**ਡਾ. ਗੁਰਿੰਦਰ ਕੌਰ**


ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਆਯੋਜਿਤ ਕੀਤੀ ਗਈ ‘ਸੱਮਿਟ ਔਨ ਕਲਾਈਮੇਟ’ ਸਫਲਤਾਪੂਰਕ ਸਮਾਪਤ ਹੋ ਗਈ ਹੈ। ਇਸ ਵਿਚ 40 ਦੇਸਾਂ ਦੇ ਨੇਤਾਵਾਂ ਨੇ ਹਿੱਸਾ ਲਿਆ। ਸੱਮਿਟ ਦੇ ਸ਼ੁਰੂਆਤੀ ਭਾਸ਼ਨ ਵਿਚ ਜੋਅ ਬਾਇਡਨ ਨੇ ਕਿਹਾ ਕਿ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਉੱਤੇ ਕਾਬੂ ਪਾਉਣ ਲਈ ਹੁਣ ਸਾਡੇ ਕੋਲ ਬਹੁਤ ਹੀ ਘੱਟ ਸਮਾਂ ਬਚਿਆ ਹੈ। ਇਸ ਲਈ ਸਾਨੂੰ ਦੇਰੀ ਕੀਤੇ ਬਿਨਾ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ। ਇਸ ਸਮੱਸਿਆ ਨਾਲ ਜੂਝਣ ਲਈ ਜੋਅ ਬਾਇਡਨ ਨੇ ਪਹਿਲ ਕਰਦਿਆਂ ਅਮਰੀਕਾ ਦੇ ਪੈਰਿਸ ਮੌਸਮੀ ਸਮਝੌਤੇ ਵਿਚਲੇ ਕਾਰਬਨ ਨਿਕਾਸੀ ਦੀ ਕਟੌਤੀ ਦੇ ਟੀਚਿਆਂ (26-28 ਫੀਸਦੀ) ਨੂੰ ਵਧਾ ਕੇ ਲਗਭਗ ਦੋਗੁਣਾ ਕਰਨ ਦਾ ਐਲਾਨ ਕਰ ਦਿੱਤਾ ਹੈ। ਅਮਰੀਕਾ ਹੁਣ 2030 ਤੱਕ 2005 ਵਿਚ ਹੋਈ ਕਾਰਬਨ ਨਿਕਾਸੀ ਦੀ ਮਾਤਰਾ ਤੋਂ 50 ਤੋਂ 52 ਫੀਸਦੀ ਤੱਕ ਕਾਰਬਨ ਨਿਕਾਸੀ ਵਿਚ ਕਟੌਤੀ ਕਰੇਗਾ।

ਇਸ ਤੋਂ ਇਲਾਵਾ ਜੋਅ ਬਾਇਡਨ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਬਿਜਲੀ ਖੇਤਰ ਵਿਚੋਂ 2035 ਅਤੇ ਪੂਰੇ ਆਰਥਿਕ ਖੇਤਰ ਵਿਚੋਂ 2050 ਤੱਕ ਕਾਰਬਨ ਨਿਕਾਸੀ ਨੂੰ ਜ਼ੀਰੋ ਕਰਨ ਦੀ ਵਿਉਂਤਬੰਦੀ ਕਰ ਲਈ ਹੈ। ਅਮਰੀਕਾ ਵਿਚ ਬੁਨਿਆਦੀ ਢਾਂਚੇ ਨੂੰ ਬਦਲਣ ਲਈ 2 ਟ੍ਰਿਲੀਅਨ ਅਮਰੀਕੀ ਡਾਲਰਾਂ ਦੀ ਰਾਸ਼ੀ ਨਿਰਧਾਰਤ ਕੀਤੀ ਗਈ ਹੈ, ਜਿਸ ਵਿਚੋਂ 174 ਬਿਲੀਅਨ ਡਾਲਰ ਬਿਜਲੀ ਨਾਲ ਚਲਣ ਵਾਲੀਆਂ ਕਾਰਾਂ ਦੇ ਬੁਨਿਆਦੀ ਢਾਂਚੇ ਉੱਤੇ ਖਰਚੇ ਜਾਣਗੇ। ਉਨ੍ਹਾਂ ਨੇ ਆਪਣੇ ਭਾਸ਼ਨ ਵਿਚ ਕਿਹਾ ਹੈ ਕਿ ਭਾਵੇਂ ਹੁਣ ਅਸੀਂ ਸਾਰੇ ਇਕ ਮੁਸੀਬਤ ਦੀ ਘੜੀ ਵਿਚ ਹਾਂ, ਪਰ ਸਾਨੂੰ ਇਸ ਨੂੰ ਇਕ ਮੌਕੇ ਵਿਚ ਬਦਲਣਾ ਚਾਹੀਦਾ ਹੈ, ਕਿਉਂਕਿ ਸਾਡੇ ਕੋਲ ਹਾਲੇ ਸਮਾਂ ਹੈ ਕਿ ਅਸੀਂ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਨੂੰ ਰੋਕ ਸਕੀਏ। ਇਸ ਕੰਮ ਲਈ ਸਾਰੇ ਦੇਸਾਂ ਨੂੰ ਮਿਲ ਕੇ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਪੈਰਿਸ ਮੌਸਮੀ ਸਮਝੌਤੇ ਅਨੁਸਾਰ ਕਾਰਬਨ ਨਿਕਾਸੀ ਦੀ ਕਟੌਤੀ ਦੀ ਫੀਸਦੀ ਮਾਤਰਾ ਵਿਚ ਵਾਧਾ ਕਰਨ ਦੀ ਲੋੜ ਹੈ।

ਤਾਪਮਾਨ ਦੇ ਵਾਧੇ ਨਾਲ ਵਧ ਰਹੀਆਂ ਕੁਦਰਤੀ ਆਫਤਾਂ ਨੂੰ ਦੇਖਦਿਆਂ ਯੂਰਪੀਅਨ ਦੇਸਾਂ ਨੇ 2030 ਤੱਕ 1990 ਵਿਚ ਨਿਕਾਸ ਕੀਤੀ ਕਾਰਬਨ ਦੀ ਫੀਸਦੀ ਮਾਤਰਾ ਤੋਂ 55 ਫੀਸਦੀ ਘਟਾਉਣ ਦੀ ਯੋਜਨਾ ਦੀ ਵਿਉਂਤਬੰਦੀ ਕਰ ਲਈ ਹੈ। ਇਹ ਦੇਸ 1990 ਵਿਚ ਨਿਕਾਸ ਕੀਤੀ ਕਾਰਬਨ ਦੀ ਫੀਸਦੀ ਮਾਤਰਾ ਤੋਂ 1990 ਤੋਂ 2019 ਤੱਕ ਦੇ ਅਰਸੇ ਵਿਚ ਵੀ 24 ਫੀਸਦੀ ਮਾਤਰਾ ਘਟਾ ਚੁਕੇ ਹਨ। ਗ੍ਰੇਟ ਬ੍ਰਿਟੇਨ ਨੇ ਇਸ ਮਸਲੇ ਨੂੰ ਦੁਨੀਆਂ ਦੇ ਬਾਕੀ ਸਾਰੇ ਦੇਸਾਂ ਤੋਂ ਜ਼ਿਆਦਾ ਗੰਭੀਰਤਾ ਨਾਲ ਲੈਂਦਿਆਂ ਕਾਰਬਨ ਨਿਕਾਸੀ ਨੂੰ 1990 ਦੇ ਪੱਧਰ ਤੋਂ 2030 ਤੱਕ 68 ਫੀਸਦੀ ਅਤੇ 2035 ਤੱਕ 78 ਫੀਸਦੀ ਘਟਾਉਣ ਦਾ ਅਹਿਦ ਲਿਆ ਹੈ। ਕੈਨੇਡਾ ਨੇ ਵੀ ਪੈਰਿਸ ਮੌਸਮੀ ਸਮਝੌਤੇ ਦੇ ਟੀਚਿਆਂ ਵਿਚ ਵਾਧਾ ਕਰਦਿਆਂ 2005 ਨੂੰ ਆਧਾਰ ਮੰਨਦੇ ਹੋਏ ਕਾਰਬਨ ਨਿਕਾਸੀ ਦੀ ਕਟੌਤੀ ਦੀ ਫੀਸਦੀ ਮਾਤਰਾ 35 ਫੀਸਦੀ ਤੋਂ ਵਧਾ ਕੇ 40-45 ਫੀਸਦੀ ਕਰਨ ਦੀ ਹਾਮੀ ਭਰੀ ਹੈ।

ਜਾਪਾਨ ਦਰਜੇ ਮੁਤਾਬਕ ਕਾਰਬਨ ਨਿਕਾਸੀ ਕਰਨ ਵਾਲਾ ਦੁਨੀਆਂ ਦਾ ਪੰਜਵਾਂ ਦੇਸ ਹੈ। ਇਸ ਨੇ ਕਾਰਬਨ ਨਿਕਾਸੀ ਦੀ ਕਟੌਤੀ ਦਾ ਟੀਚਾ ਪੈਰਿਸ ਮੌਸਮੀ ਸਮਝੌਤੇ ਸਮੇਂ 2013 ਵਿਚ ਨਿਕਾਸੀਆਂ ਗਈਆਂ ਗੈਸਾਂ ਤੋਂ 2030 ਤੱਕ ਸਿਰਫ 26 ਫੀਸਦੀ ਘਟ ਕਰਨ ਦੀ ਵਿਉਂਤਬੰਦੀ ਕੀਤੀ ਸੀ, ਜਿਸ ਉੱਤੇ ਕਾਫੀ ਜ਼ਿਆਦਾ ਕਿੰਤੂ-ਪ੍ਰੰਤੂ ਸੀ। ਇਕ ਤਾਂ ਆਧਾਰ ਸਾਲ 2013, ਜਿਹੜਾ ਯੂਰਪੀਅਨ ਦੇਸਾਂ ਦਾ 1990 ਹੈ। ਦੂਜਾ ਇਹ ਇਸ ਦੀ ਫੀਸਦੀ ਮਾਤਰਾ ਸਿਰਫ 26 ਸੀ। ਇਸ ਸੱਮਿਟ ਵਿਚ ਜਾਪਾਨ ਨੇ ਆਪਣਾ ਆਧਾਰ ਸਾਲ ਭਾਵੇਂ 2013 ਹੀ ਰੱਖਿਆ ਹੈ, ਪਰ ਗੈਸਾਂ ਦੀ ਕਟੌਤੀ ਦੀ ਫੀਸਦੀ ਮਾਤਰਾ ਵਧਾ ਕੇ 46 ਫੀਸਦੀ ਕਰਨ ਦਾ ਦਾਅਵਾ ਕੀਤਾ ਹੈ। ਇਸ ਦੇ ਨਾਲ ਨਾਲ 2050 ਤੱਕ ਕਾਰਬਨ ਨਿਕਾਸੀ ਜ਼ੀਰੋ ਕਰਨ ਦਾ ਅਹਿਦ ਵੀ ਲਿਆ ਹੈ।

ਬਰਾਜ਼ੀਲ ਦੇ ਰਾਸ਼ਟਰਪਤੀ ਜੈਅਰ ਬੋਲਸੌਨਾਰੋ, ਜੋ ਸੱਮਿਟ ਔਨ ਕਲਾਈਮੇਟ ਤੋਂ ਪਹਿਲਾਂ ਬਰਾਜ਼ੀਲ ਦੇ ਜੰਗਲਾਂ ਨੂੰ ਕੱਟਣ ਅਤੇ ਅੱਗ ਤੋਂ ਬਚਾਉਣ ਲਈ ਅਮਰੀਕਾ ਦੇ ਰਾਸ਼ਟਰਪਤੀ ਤੋਂ ਇਕ ਬਿਲੀਅਨ ਡਾਲਰ ਦੀ ਮੰਗ ਰੱਖ ਅਤੇ ਪੈਰਿਸ ਮੌਸਮੀ ਸਮਝੌਤੇ ਤੋਂ ਬਾਹਰ ਨਿਕਲਣ ਦੀ ਧਮਕੀ ਦੇ ਰਿਹਾ ਸੀ, ਨੇ ਵੀ ਛੋਟੇ ਜਿਹੇ ਉਪਰਾਲੇ ਦੀ ਹਾਮੀ ਭਰੀ ਹੈ। ਉਸ ਨੇ 2030 ਤੱਕ ਦੇਸ ਵਿਚੋਂ ਗੈਰ-ਕਾਨੂੰਨੀ ਜੰਗਲਾਂ ਦੀ ਕਟਾਈ ਖਤਮ ਕਰਨ ਅਤੇ 2050 ਤੱਕ ਕਾਰਬਨ ਨਿਕਾਸੀ ਜ਼ੀਰੋ ਕਰਨ ਦਾ ਅਹਿਦ ਲਿਆ ਹੈ। ਦੱਖਣੀ ਕੋਰੀਆ ਨੇ ਕਿਹਾ ਹੈ ਕਿ ਉਹ ਕੋਲੇ ਨਾਲ ਚੱਲਣ ਵਾਲੇ ਪਲਾਂਟਾਂ ਨੂੰ ਮਦਦ ਦੇਣੀ ਬੰਦ ਕਰ ਦੇਵੇਗਾ।



‘ਸੱਮਿਟ ਔਨ ਕਲਾਈਮੇਟ’ ਦੌਰਾਨ ਸੰਬੋਧਨ ਕਰਦੇ ਹੋਏ ਜੋਅ ਬਾਇਡਨ

ਇਨ੍ਹਾਂ ਦੇਸਾਂ ਤੋਂ ਬਿਨਾ ਚੀਨ, ਭਾਰਤ, ਰਸ਼ੀਅਨ ਫੈਡਰੇਸ਼ਨ ਅਤੇ ਆਸਟਰੇਲੀਆ ਵਰਗੇ ਦੇਸ ਭਾਵੇਂ ਵਰਚੂਅਲ ਇੱਕਠ ਵਿਚ ਸ਼ਾਮਲ ਹੋਏ, ਪਰ ਉਨ੍ਹਾਂ ਨੇ ਸਮੇਂ ਦੀ ਨਾਜ਼ੁਕ ਸਥਿਤੀ ਨੂੰ ਜਾਣਦਿਆਂ ਤੇ ਸਮਝਦਿਆਂ ਵੀ ਕੋਈ ਕਾਰਬਨ ਦੀ ਨਿਕਾਸੀ ਵਿਚ ਵੱਧ ਕਟੌਤੀ ਵਾਲਾ ਅਤੇ ਠੋਸ ਅਹਿਦ ਨਹੀਂ ਲਿਆ। ਚੀਨ, ਜੋ 2006 ਤੋਂ ਵਾਤਾਵਰਨ ਵਿਚ ਦੁਨੀਆਂ ਦੇ ਸਭ ਦੇਸਾਂ ਨਾਲੋਂ ਵੱਧ ਨਿਕਾਸੀ, ਕੁੱਲ ਕਾਰਬਨ ਨਿਕਾਸੀ ਦਾ 28 ਫੀਸਦੀ, ਕਰ ਰਿਹਾ ਹੈ, ਉਸ ਨੇ ਆਪਣੇ ਪੈਰਿਸ ਮੌਸਮੀ ਸਮਝੌਤੇ ਵਾਲੇ ਟੀਚੇ ਨੂੰ ਦੁਹਰਾਇਆ ਕਿ ਉਹ 2030 ਤੋਂ ਬਾਅਦ ਆਰਥਿਕ ਵਿਕਾਸ ਦਾ ਟੀਚਾ ਪੂਰਾ ਕਰਨ ਤੋਂ ਬਾਅਦ ਹੀ ਕਾਰਬਨ ਨਿਕਾਸੀ ਵਿਚ ਕਟੌਤੀ ਕਰਨੀ ਸ਼ੁਰੂ ਕਰੇਗਾ ਅਤੇ ਕੋਲੇ ਦੀ ਵਰਤੋਂ ਵੀ ਉਹ ਅਗਲੀ ਪੰਜ ਸਾਲਾ ਯੋਜਨਾ 2026-2030 ਤੱਕ ਦੇ ਅਰਸੇ ਵਿਚ ਸੀਮਤ ਕਰ ਦੇਵੇਗਾ, ਜਿਸ ਦਾ ਮਤਲਬ ਹੈ ਕਿ ਉਹ ਹਾਲੇ 5 ਸਾਲ ਕੁਝ ਵੀ ਨਹੀਂ ਕਰੇਗਾ।

ਚੀਨ ਤੋਂ ਬਾਅਦ ਕੋਲੇ ਨਾਲ ਊਰਜਾ ਪੈਦਾ ਕਰਨ ਵਾਲਾ ਦੂਜਾ ਦੇਸ ਭਾਰਤ ਹੈ, ਜਿਸ ਨੇ ਵੀ ਪੈਰਿਸ ਕਾਰਬਨ ਨਿਕਾਸੀ ਦੇ ਟੀਚਿਆਂ ਵਿਚ ਕੋਈ ਵਾਧਾ ਨਾ ਕਰਦਿਆਂ ਉਨ੍ਹਾਂ ਟੀਚਿਆਂ ਨੂੰ ਹੀ 2030 ਤੱਕ ਪੂਰਾ ਕਰਨ ਦੀ ਹਾਮੀ ਭਰੀ ਹੈ। ਕਾਰਬਨ ਨਿਕਾਸੀ ਦੀ ਫੀਸਦੀ ਮਾਤਰਾ ਵਿਚ ਚੌਥੇ ਨੰਬਰ ਉੱਤੇ ਆਉਂਦੇ ਰਸ਼ੀਅਨ ਫੈਡਰੇਸ਼ਨ ਨੇ ਇਹ ਕਹਿ ਕੇ ਸਾਰ ਦਿੱਤਾ ਕਿ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਣ ਲਈ ਉਹ ਪ੍ਰਭਾਵਸ਼ਾਲੀ ਹੱਲ ਲੱਭਣ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਸਹਿਯੋਗ ਦੇਣ ਲਈ ਤਿਆਰ ਹੈ। ਪ੍ਰਤੀ ਵਿਅਕਤੀ ਕਾਰਬਨ ਨਿਕਾਸੀ ਲਈ ਆਸਟਰੇਲੀਆ ਦਾ ਦੁਨੀਆਂ ਵਿਚ ਸਾਊਦੀ ਅਰਬ ਅਤੇ ਕਜ਼ਾਖਿਸਤਾਨ ਤੋਂ ਬਾਅਦ ਤੀਜਾ ਸਥਾਨ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰਿਸਨ ਨੇ ਅਮਰੀਕਾ ਦੀ ਵਰਚੂਅਲ ਸੱਮਿਟ ਔਨ ਕਲਾਈਮੇਟ ਵਿਚ ਦਾਅਵਾ ਕੀਤਾ ਹੈ ਕਿ ਉਨ੍ਹਾਂ ਦਾ ਦੇਸ ਮੌਸਮੀ ਤਬਦੀਲੀਆਂ ਨਾਲ ਨਜਿਠਣ ਲਈ ਅਹਿਮ ਕਰਵਾਈ ਕਰ ਰਿਹਾ ਹੈ, ਜਿਸ ਨਾਲ 2030 ਤੱਕ ਕੁੱਲ ਕਾਰਬਨ ਨਿਕਾਸੀ ਵਿਚ 70 ਫੀਸਦੀ ਅਤੇ ਪ੍ਰਤੀ ਵਿਅਕਤੀ ਕਾਰਬਨ ਨਿਕਾਸੀ ਵਿਚ 50 ਫੀਸਦੀ ਕਟੌਤੀ ਹੋ ਜਾਵੇਗੀ। ਉਨ੍ਹਾਂ ਨੇ ਇਸ ਕਟੌਤੀ ਦੀ ਵਿਉਂਤਬੰਦੀ ਨਹੀਂ ਦਿੱਤੀ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ‘ਮੌਸਮੀ ਤਬਦੀਲੀ ਬਾਰੇ ਨਿਵੇਸ਼ਕ ਸਮੂਹ’ ਨੇ ਆਪਣੇ ਇਕ ਵਿਸ਼ਲੇਸ਼ਣ ਵਿਚ ਸਕਾਟ ਮੌਰਿਸਲ ਦੇ ਅਮਰੀਕਾ ਵਿਚ ਸੱਮਿਟ ਔਨ ਕਲਾਈਮੇਟ ਵਿਚ ਕੀਤੇ ਗਏ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਇਸ ਸਮੂਹ ਨੇ ਕਿਹਾ ਹੈ ਕਿ ਆਸਟਰੇਲੀਆ ਜੀ-20 ਦੇ ਦੇਸਾਂ ਵਿਚੋਂ ਜੀ. ਡੀ. ਪੀ. ਦੇ ਹਰ ਇਕ ਡਾਲਰ ਪਿੱਛੇ ਸਭ ਤੋਂ ਜ਼ਿਆਦਾ ਗਰੀਨਹਾਊਸ ਗੈਸਾਂ ਪੈਦਾ ਕਰ ਰਿਹਾ ਹੈ। ਆਸਟਰੇਲੀਆ ਦੇ ਪੈਰਿਸ ਮੌਸਮੀ ਸਮਝੌਤੇ ਵਿਚ ਕਾਰਬਨ ਨਿਕਾਸੀ ਦੀ ਕਟੌਤੀ ਦੇ ਟੀਚੇ 2005 ਦੇ ਨਿਕਾਸ ਦੇ ਪੱਧਰ ਤੋਂ 2030 ਤੱਕ ਸਿਰਫ 26-28 ਫੀਸਦੀ ਹਨ, ਜੋ ਦੂਜਿਆਂ ਦੇਸਾਂ ਦੇ ਮੁਕਾਬਲੇ ਬਹੁਤ ਹਨ।

ਇਸ ਸੱਮਿਟ ਵਿਚ ਅਮਰੀਕਾ, ਕੈਨੇਡਾ, ਯੂਰਪੀਅਨ ਦੇਸਾਂ ਅਤੇ ਗ੍ਰੇਟ ਬ੍ਰਿਟੇਨ ਦੇ ਵਾਅਦੇ ਤੇ ਵਿਉਂਤਬੰਦੀ ਸਲਾਹੁਣਯੋਗ ਹਨ। ਯੂਰਪੀਅਨ ਦੇਸਾਂ ਅਤੇ ਗ੍ਰੇਟ ਬ੍ਰਿਟੇਨ ਤੋਂ ਤਾਂ ਇਹ ਉਮੀਦ ਵੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਨਗੇ, ਕਿਉਂਕਿ ਯੂਰਪੀਅਨ ਦੇਸਾਂ ਨੇ ਤਾਂ ਪਹਿਲਾਂ ਵੀ 1990 ਤੋਂ 2019 ਤੱਕ ਦੇ ਅਰਸੇ ਵਿਚ 1990 ਦੇ ਪੱਧਰ ਤੋਂ ਕਾਰਬਨ ਨਿਕਾਸੀ ਵਿਚ 24 ਫੀਸਦੀ ਕਟੌਤੀ ਕਰ ਲਈ ਹੈ। ਹੁਣ ਅਮਰੀਕਾ ਆਪਣੇ ਵਾਅਦਿਆਂ ਉੱਤੇ ਪੂਰਾ ਉਤਰਦਾ ਹੈ ਜਾਂ ਨਹੀਂ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ, ਕਿਉਂਕਿ ਇਸ ਸਦੀ ਵਿਚ ਇਹ ਦੂਜੀ ਵਾਰ ਹੈ, ਜਦੋਂ ਅਮਰੀਕਾ ਦਾ ਰਾਸ਼ਟਰਪਤੀ ਗਲੋਬਲ ਮੌਸਮੀ ਸਮਝੌਤੇ ਵਿਚ ਪਰਤਿਆ ਹੈ, ਹਾਲ ਵਿਚ ਜੋਅ ਬਾਇਡਨ ਪੈਰਿਸ ਸਮਝੌਤੇ ਵਿਚ ਅਤੇ ਇਸ ਤੋਂ ਪਹਿਲਾ ਕਿਓਟੋ ਸੰਧੀ ਵਿਚ ਬਰਾਕ ਓਬਾਮਾ। ਇੱਥੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਅਮਰੀਕਾ 2006 ਤੱਕ ਵਾਤਾਵਰਨ ਵਿਚ ਗਰੀਨ ਹਾਊਸ ਗੈਸਾਂ ਛੱਡਣ ਵਿਚ ਦੁਨੀਆਂ ਵਿਚ ਪਹਿਲੇ ਦਰਜ਼ੇ ਉੱਤੇ ਰਿਹਾ ਹੈ ਅਤੇ ਹੁਣ ਦੂਜੇ ਦਰਜ਼ੇ ਉੱਤੇ ਹੈ, ਪਰ ਇਸ ਨੇ ਹਾਲੇ ਤੱਕ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਵਿਚ ਵਾਅਦੇ ਤਾਂ ਕੀਤੇ ਹਨ, ਪਰ ਉਨ੍ਹਾਂ ਨੂੰ ਪੂਰਾ ਤਾਂ ਕੀ ਕਰਨਾ ਸੀ, ਉਨ੍ਹਾਂ ਵਿਚ ਕਟੌਤੀ ਕਰਨ ਦੀ ਕੋਸ਼ਿਸ਼ ਵੀ ਨਹੀਂ ਕੀਤੀ।

ਚੀਨ, ਅਮਰੀਕਾ ਅਤੇ ਭਾਰਤ ਦੁਨੀਆਂ ਦੇ ਉਹ ਦੇਸ ਹਨ, ਜਿੱਥੇ ਤਾਪਮਾਨ ਵਿਚ ਵਾਧੇ ਨਾਲ ਆਈਆਂ ਕੁਦਰਤੀ ਆਫਤਾਂ ਨਾਲ ਸਭ ਤੋਂ ਵੱਧ ਨੁਕਸਾਨ ਹੋਇਆ ਹੈ। 2000 ਤੋਂ 2019 ਤੱਕ ਦੇ ਸਮੇਂ ਦੌਰਾਨ ਚੀਨ ਵਿਚ 577 ਕੁਦਰਤੀ ਆਫਤਾਂ ਆਈਆਂ, ਜਿਨ੍ਹਾਂ ਨੇ 173 ਕਰੋੜ ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ 1 ਲੱਖ 13 ਹਜ਼ਾਰ ਵਿਅਕਤੀ ਦੀ ਮੌਤ ਹੋਈ, ਜਦੋਂਕਿ ਭਾਰਤ ਵਿਚ 321 ਕੁਦਰਤੀ ਆਫਤਾਂ ਨੇ 108 ਕਰੋੜ ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ 80 ਹਜ਼ਾਰ ਲੋਕਾਂ ਦੀ ਜਾਨ ਹੀ ਚਲੀ ਗਈ। ਇੰਨਾ ਨੁਕਸਾਨ ਹੋ ਜਾਣ ਦੇ ਬਾਵਜੂਦ ਇਨ੍ਹਾਂ ਦੋਹਾਂ ਦੇਸਾਂ ਨੇ ਕਾਰਬਨ ਨਿਕਾਸੀ ਦੀ ਕਟੌਤੀ ਲਈ ਨਾ ਤਾਂ ਕੋਈ ਠੋਸ ਵਿਉਂਤਬੰਦੀ ਬਾਰੇ ਚਰਚਾ ਕੀਤੀ ਅਤੇ ਨਾ ਹੀ ਨੇੜਲੇ ਭਵਿੱਖ ਵਿਚ ਉਸ ਨੂੰ ਅਮਲ ਵਿਚ ਲਿਆਉਣ ਦਾ ਕੋਈ ਅਹਿਦ ਲਿਆ।

ਚੀਨ ਹਾਲੇ ਵੀ 2030 ਤੋਂ ਬਾਅਦ ਕਾਰਬਨ ਨਿਕਾਸੀ ਨੂੰ ਘਟਾਉਣ ਦੀ ਯੋਜਨਾ ਨੂੰ ਅਮਲ ਵਿਚ ਲਿਆਉਣ ਅਤੇ ਕੋਲੇ ਦੀ ਊਰਜਾ ਲਈ ਵਰਤੋਂ 2026 ਤੋਂ ਬਾਅਦ ਘਟਾਉਣੀ ਸ਼ੁਰੂ ਕਰਨ ਲਈ ਕਹਿ ਰਿਹਾ ਹੈ। ਦੇਸ ਅਤੇ ਆਪਣੇ ਵਾਸੀਆਂ ਨੂੰ ਬਚਾਉਣ ਦੇ ਉਪਰਾਲੇ ਕਰਨ ਦੀ ਥਾਂ ਭਾਰਤ ਆਰਥਿਕ ਵਿਕਾਸ ਦੀ ਉੱਚੀ ਦਰ ਦੇ ਦਾਅਵੇ ਕਰ ਰਿਹਾ ਹੈ, ਜਦੋਂਕਿ ਹਰ ਸਾਲ ਦੇਸ ਦਾ ਕੋਈ ਨਾ ਕੋਈ ਖੇਤਰ ਅਣਯੋਜਿਤ ਆਰਥਿਕ ਵਿਕਾਸ ਕਾਰਨ ਕਿਸੇ ਨਾ ਕਿਸੇ ਕੁਦਰਤੀ ਆਫਤ ਦੀ ਮਾਰ ਝੱਲ ਰਿਹਾ ਹੁੰਦਾ ਹੈ। ਰਸ਼ੀਅਨ ਫੈਡਰੇਸ਼ਨ ਦਾ ਠੰਡਾ ਜਾਣਿਆ ਜਾਂਦਾ ਸਾਇਬੇਰੀਆ ਖੇਤਰ ਤਾਪਮਾਨ ਦੇ ਵਾਧੇ ਕਾਰਨ ਗਰਮੀ ਅਤੇ ਜੰਗਲੀ ਅੱਗਾਂ ਦੀ ਮਾਰ ਨਾਲ ਪਿਛਲਾ ਸਾਰਾ ਸਾਲ ਹਾਲੋਂ-ਬੇਹਾਲ ਹੋਇਆ ਰਿਹਾ ਹੈ। ਆਸਟਰੇਲੀਆ ਨੇ ਵੀ 2020 ਵਿਚ ਪਹਿਲਾਂ ਭਿਆਨਕ ਜੰਗਲੀ ਅੱਗ ਦੀ ਤੇ ਫਿਰ ਸੋਕੇ ਦੀ ਮਾਰ ਸਹੀ ਅਤੇ ਇਸ ਸਾਲ (2021) ਦੇ ਸ਼ੁਰੂ ਵਿਚ ਹੀ ਭਿਆਨਕ ਹੜ੍ਹਾਂ ਦੀ ਲਪੇਟ ਵਿਚ ਆਇਆ ਰਿਹਾ ਹੈ।

ਹਰ ਇਕ ਦੇਸ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਆਪਣੇ ਦੇਸ ਅਤੇ ਦੇਸ ਦੇ ਲੋਕਾਂ ਦੀਆਂ ਕੀਮਤਾਂ ਜਾਨਾਂ ਨੂੰ ਕੁਦਰਤੀ ਆਫਤਾਂ ਤੋਂ ਬਚਾਉਣ ਲਈ ਕਾਰਬਨ ਨਿਕਾਸੀ ਵਿਚ ਕਟੌਤੀ ਸਥਾਨਕ ਪੱਧਰ ਤੋਂ ਹੀ ਕਰਨਾ ਸ਼ੁਰੂ ਕਰ ਦੇਵੇ। ਦੇਸ ਦੇ ਹਰ ਨਾਗਰਿਕ ਨੂੰ ਇਸ ਬਾਰੇ ਜਾਗਰੂਕ ਕਰੇ ਤਾਂਕਿ ਉਹ ਵੱਧ ਕਾਰਬਨ ਨਿਕਾਸੀ ਕਰਨ ਵਾਲੇ ਉਪਕਰਣਾਂ ਦੀ ਵਰਤੋਂ ਨਾ ਕਰਨ ਅਤੇ ਆਪਣੇ ਘਰ ਵਿਚੋਂ ਗੈਰ-ਜ਼ਰੂਰੀ ਬੱਤੀਆਂ ਬੁਝਾ ਕੇ, ਨਿੱਜੀ ਕਾਰ ਦੀ ਵਰਤੋਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰਕੇ, ਖਾਧ ਪਦਾਰਥਾਂ ਦੀ ਚੋਣ (ਮਾਸਾਹਾਰੀ ਤੋਂ ਸ਼ਾਕਾਹਾਰੀ) ਆਦਿ ਕਰਕੇ ਕਾਰਬਨ ਨਿਕਾਸੀ ਨੂੰ ਘਟਾ ਸਕਣ। ਗਰਮ ਖੇਤਰਾਂ ਦੇ ਜੰਗਲਾਂ ਦਾ ਰਕਬਾ 2019-2020 ਦੌਰਾਨ 12 ਫੀਸਦੀ ਘਟ ਗਿਆ ਹੈ, ਜੋ ਚਿੰਤਾ ਦੀ ਗੱਲ ਹੈ, ਕਿਉਂਕਿ ਇਨ੍ਹਾਂ ਖੇਤਰਾਂ ਦੇ ਸੰਘਣੇ ਜੰਗਲ ਬਾਕੀ ਖੇਤਰਾਂ ਦੇ ਦਰਖਤਾਂ ਨਾਲੋਂ ਜ਼ਿਆਦਾ ਕਾਰਬਨਡਾਇਆਕਸਾਈਡ ਸੋਖਦੇ ਹਨ, ਪਰ ਇਸ ਸਮੱਸਿਆ ਦਾ ਸੌਖਾ ਹੱਲ ਇਹ ਹੈ ਕਿ ਹਰ ਖੇਤਰ ਵਿਚ ਸਥਾਨਕ ਦਰਖਤ ਲਾਏ ਜਾਣ ਅਤੇ ਪੁਰਾਣੇ ਦਰਖਤਾਂ ਤੇ ਜੰਗਲਾਂ ਨੂੰ ਕੱਟਣ ਦੀ ਕਾਨੂੰਨੀ ਤੌਰ ਉੱਤੇ ਮਨਾਹੀ ਹੋਵੇ।

ਹਰ ਇਕ ਦੇਸ ਦੀ ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ-ਦਰੁਸਤ ਕਰੇ ਤਾਂਕਿ ਲੋਕ ਆਪਣੇ ਆਪ ਹੀ ਨਿੱਜੀ ਵਾਹਨਾਂ ਨੂੰ ਛੱਡ ਕੇ ਜਨਤਕ ਵਾਹਨਾਂ ਦੀ ਵਰਤੋਂ ਕਰਨ ਲੱਗ ਜਾਣ। ਅੰਤਰਰਾਸ਼ਟਰੀ ਪੱਧਰ ਉੱਤੇ ਹੋ ਰਹੇ ਕਾਰਬਨ ਨਿਕਾਸੀ ਦੀ ਕਟੌਤੀ ਦੇ ਉਪਰਾਲਿਆਂ ਵਿਚ ਹਰ ਇਕ ਦੇਸ ਨੂੰ ਯੂਰਪੀਅਨ ਦੇਸਾਂ ਵਾਂਗੂ ਪੂਰਨ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਵਾਂਗ ਹੀ ਅਮਲ ਵਿਚ ਲਿਆਉਣਾ ਚਾਹੀਦਾ ਹੈ। ਇਨ੍ਹਾਂ ਦੇਸਾਂ ਨੇ ਭਾਵੇਂ ਇਤਿਹਾਸਕ ਪਿਛੋਕੜ ਵਿਚ ਵਾਤਾਵਰਨ ਵਿਚ ਕਾਫੀ ਮਾਤਰਾ ਵਿਚ ਕਾਰਬਨ ਨਿਕਾਸੀ ਕੀਤੀ ਸੀ, ਪਰ ਹੁਣ ਉਹ ਆਪਣੀ ਜ਼ਿੰਮੇਵਾਰੀ ਸਮਝਦਿਆਂ ਤੇਜ਼ੀ ਨਾਲ ਇਸ ਵਿਚ ਕਟੌਤੀ ਕਰ ਰਹੇ ਹਨ।

ਅਮਰੀਕਾ ਜੇ ਹੁਣ ਜੋਅ ਬਾਇਡਨ ਦੀ ਉਲੀਕੀ ਹੋਈ ਕਾਰਬਨ ਨਿਕਾਸੀ ਦੀ ਕਟੌਤੀ ਦੀ ਵਿਉਂਤਬੰਦੀ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਸਫਲ ਹੋ ਜਾਂਦਾ ਹੈ ਤਾਂ ਸ਼ਾਇਦ ਸਮਾਂ ਰਹਿੰਦੇ ਬਾਕੀ ਦੇਸ, ਜੋ ਹਾਲੇ ਵੀ ਆਰਥਿਕ ਵਿਕਾਸ ਦੀ ਆੜ ਵਿਚ ਵਾਤਾਵਰਨ ਵਿਚ ਜ਼ਿਆਦਾ ਮਾਤਰਾ ਵਿਚ ਕਾਰਬਨ ਨਿਕਾਸੀ ਕਰ ਰਹੇ ਹਨ, ਸੰਭਲ ਜਾਣ ਅਤੇ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਲੱਗ ਜਾਣ। ਤਾਪਮਾਨ ਦੇ ਵਾਧੇ ਅਤੇ ਕੁਦਰਤੀ ਆਫਤਾਂ ਤੋਂ ਧਰਤੀ ਅਤੇ ਲੋਕਾਂ ਨੂੰ ਬਚਾਉਣ ਦਾ ਅਮਰੀਕਾ ਦਾ ਇਹ ਚੰਗਾ ਉਪਰਾਲਾ ਹੈ, ਪਰ ਇਸ ਨੂੰ ਸਾਰਥਕ ਬਣਾਉਣ ਲਈ ਇੱਥੋਂ ਦੇ ਪ੍ਰਸ਼ਾਸਨ ਨੂੰ ਦ੍ਰਿੜ ਯਤਨਾਂ ਦੀ ਲੋੜ ਹੈ।

ਚੀਨ ਅਤੇ ਭਾਰਤ ਨੂੰ ਵੀ ਚਾਹੀਦਾ ਹੈ ਕਿ ਇਸ ਕੰਮ ਵਿਚ ਆਪਣੇ ਸੌੜੇ ਹਿੱਤਾਂ ਨੂੰ ਲਾਂਭੇ ਰੱਖਦਿਆਂ ਕਾਰਬਨ ਨਿਕਾਸੀ ਨੂੰ ਘਟਾਉਣ ਦੇ ਉਪਰਾਲੇ ਕਰ ਰਹੇ ਦੇਸਾਂ ਦਾ ਸਾਥ ਦੇਣ ਤਾਂਕਿ ਧਰਤੀ ਅਤੇ ਲੋਕਾਂ ਨੂੰ ਵਧਦੇ ਤਾਪਮਾਨ ਦੀ ਮਾਰ ਤੋਂ ਬਚਾਇਆ ਜਾ ਸਕੇ। ਸਾਰੇ ਦੇਸਾਂ ਦੇ ਹੁਕਮਰਾਨਾਂ ਅਤੇ ਉੱਥੋਂ ਦੇ ਲੋਕਾਂ ਨੂੰ, ਇਸ ਤੱਥ ਨੂੰ ਸਮਝਦਿਆਂ ਕਿ ਹਵਾ ਦੇ ਪ੍ਰਦੂਸ਼ਣ ਨਾਲ ਹਰ ਸਾਲ 70 ਤੋਂ 80 ਲੱਖ ਦੇ ਵਿਚਕਾਰ ਲੋਕ ਮਰ ਜਾਂਦੇ ਹਨ, ਜਦੋਂਕਿ ਕਰੋਨਾ ਮਹਾਮਾਰੀ, ਜਿਸ ਤੋਂ ਸਾਰੀ ਦੁਨੀਆਂ ਦੇ ਦੇਸ ਅਤੇ ਲੋਕ ਡਰੇ ਹੋਏ ਹਨ, ਉਸ ਨਾਲ 25 ਅਪਰੈਲ 2021 ਤੱਕ 3,11,238 ਲੋਕਾਂ ਦੀ ਮੌਤ ਹੋਈ ਹੈ, ਇਸ ਗੰਭੀਰ ਸਮੱਸਿਆ ਹੱਲ ਲਈ ਤੇਜ਼ੀ ਨਾਲ ਅੱਗੇ ਆਉਣਾ ਚਾਹੀਦਾ ਹੈ।

# ਨਹੀਂ ਰਹੇ ਫੀਲਡ ਹਾਕੀ ਦੇ ਅੰਕੜਾਕਾਰ ਬੀ. ਜੀ. ਜੋਸ਼ੀ

**ਸੁਖਵੀਰ ਗਰੇਵਾਲ**

ਸਾਲ 2018 ਵਿਚ ਜਦੋਂ ਵਿਸ਼ਵ ਹਾਕੀ ਕੱਪ ਦੀ ਕਵਰੇਜ ਲਈ ਭੁਬਨੇਸ਼ਵਰ ਜਾਣਾ ਪਿਆ ਤਾਂ ਕਈ ਸਾਲਾਂ ਬਾਅਦ ਵਿਸ਼ਵ ਦੇ ਕਈ ਖੇਡ ਰਿਪੋਰਟਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਮੀਡੀਆ ਸੈਂਟਰ ਵਿਚ ਪੱਤਰਕਾਰਾਂ ਅਤੇ ਫੋਟੋਗਰਾਫਰਾਂ ਦੀ ਲੰਮੀ ਸੂਚੀ ਵਿਚ ਬੀ. ਜੀ. ਜੋਸ਼ੀ ਇੱਕੋ ਇੱਕ ਅਜਿਹਾ ਸ਼ਖਸ ਸੀ, ਜਿਸ ਕੋਲ ਹਾਕੀ ਦੇ ਅੰਕੜਿਆਂ ਦਾ ਚੋਖਾ ਭੰਡਾਰ ਸੀ। ਪੂਰੇ ਵਿਸ਼ਵ ਵਿਚ ਹਾਕੀ ਦੇ ਅੰਕੜੇ ਸਾਂਭਣ ਵਾਲਾ ਉਹ ਇੱਕੋ ਇੱਕ ਵਿਅਕਤੀ ਸੀ। ਭੋਪਾਲ ਵਾਸੀ ਜੋਸ਼ੀ ਕੋਲ ਹਾਕੀ ਦੇ ਅੰਕੜਿਆਂ ਦਾ ਅਜਿਹਾ ਭੰਡਾਰ ਸੀ ਕਿ ਵਿਸ਼ਵ ਦੇ ਚੋਟੀ ਦੇ ਖੇਡ ਪੱਤਰਕਾਰ, ਟੀ. ਵੀ. ਅਤੇ ਅਖਬਾਰ ਵਾਲੇ ਖਬਰਾਂ ਲਈ ਉਸ ਤੋਂ ਮਦਦ ਲੈਂਦੇ ਸਨ। ਹਾਕੀ ਲਈ ਵੱਖਰਾ ਤੇ ਮਹਾਨ ਕੰਮ ਕਰਨ ਵਾਲੇ ਬੀ. ਜੀ. ਜੋਸ਼ੀ ਪਿਛਲੇ ਦਿਨੀਂ ਦੁਨੀਆਂ ਤੋਂ ਰੁਖਸਤ ਹੋ ਗਏ।

ਉਸ ਸਮੇਂ ਬੀ. ਜੀ. ਜੋਸ਼ੀ ਨਾਲ ਹਾਕੀ ਦੇ ਅੰਕੜਿਆਂ ਬਾਰੇ ਬੜੀਆਂ ਦਿਲਚਸਪ ਗੱਲਾਂ ਹੋਈਆਂ। ਉਨ੍ਹਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਾਕੀ ਨਾਲ ਉਸ ਦੀ ਸਾਂਝ ਬਚਪਨ ਤੋਂ ਹੀ ਸੀ, ਜਦ ਉਹ ਆਪਣੇ ਪਿੰਡ ਵਿਚ ਦੜੀ (ਭੋਪਾਲ ਦੇ ਪੇਂਡੂ ਖੇਤਰ ਵਿਚ ਹਾਕੀ ਦਾ ਨਾਂ) ਖੇਡਿਆ ਕਰਦਾ ਸੀ। ਬਤੌਰ ਖਿਡਾਰੀ ਭਾਵੇਂ ਉਹ ਬਹੁਤਾ ਨਹੀਂ ਖੇਡ ਸਕਿਆ, ਪਰ ਹਾਕੀ ਨਾਲ ਉਸ ਦੀ ਸਾਂਝ ਕਦੇ ਵੀ ਨਹੀਂ ਟੁੱਟੀ। ਇੰਜੀਨੀਅਰਿੰਗ ਦੀ ਪੜ੍ਹਾਈ ਲਈ ਜਦੋਂ ਉਸ ਨੇ 1971 ਵਿਚ ਰਾਜਗੜ੍ਹ ਵਿਚ ਦਾਖਲਾ



ਲਿਆ ਤਾਂ ਉਹ ਬਾਬੂ ਲਾਲ ਦੀ ਚਾਹ ਦੀ ਦੁਕਾਨ ‘ਤੇ ਹਾਕੀ ਦੀ ਕੁਮੈਂਟਰੀ ਸੁਣਨ ਜਾਇਆ ਕਰਦਾ ਸੀ। ਇਸੇ ਦੁਕਾਨ ‘ਤੇ ਚਾਹ ਪੀਂਦਿਆਂ ਉਸ ਨੇ ਭਾਰਤੀ ਹਾਕੀ ਦਾ ਸੁਨਹਿਰੀ ਦੌਰ (1971-1975) ਰੇਡੀਓ ‘ਤੇ ਸੁਣਿਆ। ਜੋਸ਼ੀ ਨੇ ਇੱਥੇ ਹੀ ਮਹਿਸੂਸ ਕੀਤਾ ਕਿ ਕ੍ਰਿਕਟ ਵਾਂਗ ਹਾਕੀ ਵਿਚ ਅੰਕੜਿਆਂ ਦੀ ਘਾਟ ਹੈ ਤੇ ਉਸ ਹਾਕੀ ਬਾਰੇ ਅੰਕੜੇ ਇੱਕਤਰ ਕਰਨ ਦੀ ਘਾਲਣਾ ਸ਼ੁਰੂ ਕਰ ਦਿੱਤੀ।

1978 ਵਿਚ ਕੌਮਾਂਤਰੀ ਹਾਕੀ ਫੈਡਰੇਸ਼ਨ ਨੇ ਜੋਸ਼ੀ ਦੇ ਕੰਮ ਨੂੰ ਮਾਨਤਾ ਦਿੰਦਿਆਂ ਆਪਣੇ ਹਾਕੀ ਮੈਗਜ਼ੀਨ ‘ਵਰਲਡ ਹਾਕੀ’ ਵਿਚ ਜਗ੍ਹਾ ਦਿੱਤੀ। ਨੀਦਰਲੈਂਡ, ਆਸਟਰੇਲੀਆ, ਇੰਗਲੈਂਡ ਅਤੇ ਯੂਰਪ ਦੇ ਉਘੇ ਮੀਡੀਆ ਤੋਂ ਇਲਾਵਾ ਭਾਰਤ ਵਿਚ ਵੀ ਉਸ ਦੇ ਅੰਕੜਿਆਂ ਦੀ ਵਰਤੋਂ ਹੁੰਦੀ ਹੈ। ਹੁਣ ਤੱਕ ਵਿਸ਼ਵ ਭਰ ਵਿਚ ਉਸ ਦੇ ਅੰਕੜੇ 2033 ਵਾਰ ਛਪ ਚੁਕੇ ਹਨ। ਬੀ. ਜੀ. ਜੋਸ਼ੀ ਦੇ ਅੰਕੜਿਆਂ ਦੀ ਕਿਤਾਬ ਦੇ ਤਿੰਨ ਐਡੀਸ਼ਨ ਛਪ ਚੁਕੇ ਹਨ। ਉਸ ਦੇ ਖੋਜੀ ਕੰਮ ਨੂੰ ਮਾਨਤਾ ਦਿੰਦਿਆਂ ਸਾਲ 2010 ਵਿਚ ਖੇਡ ਚੈਨਲ ਟੈਨ ਸਪੋਰਟਸ ਨੇ ਉਸ ਦੀ ਮੁਲਾਕਾਤ ਵੀ ਪ੍ਰਸਾਰਿਤ ਕੀਤੀ। ਮੱਧ ਪ੍ਰਦੇਸ਼ ਨੇ ਜਲ ਵਿਭਾਗ ਤੋਂ ਸੇਵਾ ਮੁਕਤ ਬੀ. ਜੀ. ਜੋਸ਼ੀ ਨੇ ਇਸ ਸਮੇਂ ਆਪਣੇ ਨਿਵੇਕਲੇ ਸ਼ੌਕ ਨੂੰ ਜਾਰੀ ਰੱਖ ਕੇ ਹਾਕੀ ਜਗਤ ਵਿਚ ਆਪਣੀ ਪਛਾਣ ਨੂੰ ਹੋਰ ਨਿਖਾਰਿਆ। ਹਾਕੀ ਲਈ ਲਿਖਣ ਵਾਲੇ ਤੇ ਰਿਪੋਰਟਿੰਗ ਕਰਨ ਵਾਲੇ ਦੁਨੀਆਂ ਭਰ ਵਿਚ ਅਣਗਿਣਤ ਹਨ, ਪਰ ਬੀ. ਜੀ. ਜੋਸ਼ੀ ਨੇ ਹਾਕੀ ਦੇ ਅੰਕੜਿਆਂ ਨੂੰ ਇਕੱਠਾ ਕਰਨ ਦਾ ਜਿਹੜਾ ਕੰਮ ਕੀਤਾ, ਉਸ ਦਾ ਕੋਈ ਬਦਲ ਨਹੀਂ। ਬੀ. ਜੀ. ਜੋਸ਼ੀ ਦੇ ਇਸ ਨਿਵੇਕਲੇ ਕੰਮ ਲਈ ਉਨ੍ਹਾਂ ਨੂੰ ਖੇਡ ਜਗਤ ਹਮੇਸ਼ਾ ਯਾਦ ਰੱਖੇਗਾ।

# ਕਿਸਾਨ ਅੰਦੋਲਨ ਦੌਰਾਨ ਆਗੂਆਂ ਦੇ ਬਦਲਦੇ ਬਿਆਨਾਂ ਦਾ ਸਫਰ

ਦੇਸ਼ ਦੀ ਕੇਂਦਰ ਸਰਕਾਰ ਕਿਸਾਨਾਂ ਦੀਆਂ ਜਮੀਨਾਂ, ਖੇਤੀ ਅਤੇ ਉਪਜਾਂ ਦੀ ਮਾਲਕੀ ਹੌਲੀ ਹੌਲੀ ਕਰਕੇ ਨਿਜੀ ਕਾਰਪੋਰੇਟ ਘਰਾਣਿਆਂ ਦੇ ਕਾਬੂ ਵਿਚ ਲਿਆਉਣ ਲਈ ਤਾਂ ਕਈ ਸਾਲਾਂ ਤੋਂ ਸਰਗਰਮ ਸੀ ਅਤੇ ਇਸ ਲਈ ਗੁਪਤ ਯਤਨ ਵੀ ਹੋ ਰਹੇ ਸਨ, ਪਰ ਪਿਛਲੇ ਸਾਲ ਦੇ ਜੂਨ ਮਹੀਨੇ ਵਿਚ ਕਾਲੇ ਕਾਨੂੰਨਾਂ ਦੀ ਇਹ ਬਿੱਲੀ ਥੈਲਿਓਂ ਬਾਹਰ ਆਈ ਤਾਂ ਸਾਰੇ ਦੇਸ਼ ਦੇ ਕਿਸਾਨਾਂ ਅਤੇ ਚਿੰਤਕਾਂ ਵਿਚ ਹਲਚਲ ਸ਼ੁਰੂ ਹੋ ਗਈ। ਕਰੋਨਾ ਮਹਾਂਮਾਰੀ ਦੇ ਪ੍ਰਕੋਪ ਦੇ ਬਾਵਜੂਦ ਸਰਕਾਰ ਵਲੋਂ ਪਹਿਲਾਂ ਆਰਡੀਨੈਂਸ ਜਾਰੀ ਕੀਤਾ ਅਤੇ ਭਾਰੀ ਹੰਗਾਮੇ ਨੂੰ ਅਣਗੌਲਿਆਂ ਕਰਕੇ ਕਾਹਲੀ ਵਿਚ ਕਾਹਲੀ ਵਿਚ ਰਾਸ਼ਟਰਪਤੀ ਤੋਂ ਵੀ ਮੋਹਰ ਲਵਾ ਲਈ ਤਾਂ ਵਿਰੋਧ ਵਜੋਂ ਸਤੰਬਰ ਮਹੀਨੇ ਤੋਂ ਪੰਜਾਬ ਵਿਚ ਰੇਲਾਂ ਰੋਕੀਆਂ ਗਈਆਂ ਅਤੇ ਥਾਂ ਥਾਂ ਧਰਨੇ-



**ਸੁਖਵੀਰ ਸਿੰਘ ਕੰਗ**
ਕੋਟਲਾ ਸ਼ਮਸ਼ਪੁਰ, ਲੁਧਿਆਣਾ
ਫੋਨ: 91-85678-72291

ਮੁਜਾਹਰੇ ਹੋਣ ਲੱਗੇ। ਇਹ ਸਭ ਦੋ ਮਹੀਨੇ ਤੱਕ ਜਾਰੀ ਰਿਹਾ, ਪਰ ਕੇਂਦਰ ਸਰਕਾਰ ਉੱਪਰ ਕੋਈ ਅਸਰ ਨਾ ਪਿਆ। ਫਿਰ ਅੱਕ ਕੇ ਕਿਸਾਨਾਂ ਨੇ ਦੇਸ਼ ਦੀ ਰਾਜਧਾਨੀ ਦਿੱਲੀ ਵੱਲ ਕੂਚ ਕਰਨ ਦਾ ਫੈਸਲਾ ਲਿਆ ਤਾਂ ਕਿ ਸਰਕਾਰ ਖਿਲਾਫ ਆਵਾਜ਼ ਹੋਰ ਬੁਲੰਦ ਤਰੀਕੇ ਨਾਲ ਉਠਾਈ ਜਾ ਸਕੇ।

ਪੰਜਾਬ ਦੇ ਕਿਸਾਨਾਂ ਦੀਆਂ ਜਮੀਨਾਂ ਦੀ ਮਾਲਕੀ ਨੂੰ ਬਚਾਉਣ ਅਤੇ ਖੇਤੀ ਸਬੰਧੀ ਕੇਂਦਰ ਸਰਕਾਰ ਵਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾ ਕੇ ਦੇਸ਼ ਦੇ ਕਿਸਾਨਾਂ ਅਤੇ ਮਜਦੂਰਾਂ ਦੇ ਹੱਕਾਂ ਦੀ ਰਾਖੀ ਹਿਤ ਅਰੰਭੇ ਦੇਸ਼ ਵਿਆਪੀ ਅੰਦੋਲਨ ਦੌਰਾਨ ਸੰਘਰਸ਼ੀ ਜਥੇਬੰਦੀਆਂ ਦੇ 25 ਨਵੰਬਰ ਨੂੰ ਦਿੱਲੀ ਵੱਲ ਚਾਲੇ ਪਾਉਣਾ, ਹਰਿਆਣੇ ਸਮੇਤ ਕਈ ਰਾਜਾਂ ਦਾ ਡਟ ਕੇ ਸਾਥ ਦੇਣਾ, ਰਸਤੇ ਵਿਚ ਸਰਕਾਰ ਵਲੋਂ ਪਾਈਆਂ ਰੁਕਾਵਟਾਂ ਅਤੇ ਬੈਰੀਕੇਡਾਂ ਨੂੰ ਸਲੀਕੇ ਨਾਲ ਪਾਰ ਕਰਨਾ, 26 ਨਵੰਬਰ ਨੂੰ ਦਿੱਲੀ ਦੀਆਂ ਸਰਹੱਦਾਂ ਮੱਲ ਲੈਣਾ, ਦਿੱਲੀ ਦੀਆਂ ਬਰੂਹਾਂ 'ਤੇ ਮੋਰਚੇ ਕਾਇਮ ਕਰਨਾ, ਮੋਰਚਿਆਂ ਤੋਂ ਸਰਕਾਰ ਨੂੰ ਤਕੜੀ ਚੁਣੌਤੀ ਦੇਣਾ, ਵਿਦੇਸ਼ਾਂ ਤੋਂ ਸਿਆਸੀ ਅਤੇ ਵਿਚਾਰਧਾਰਕ ਹਮਾਇਤ ਮਿਲਣਾ, ਸਰਕਾਰ ਵਲੋਂ ਮੀਟਿੰਗਾਂ ਦੀ ਪੇਸ਼ਕਸ਼ ਆਉਣਾ, ਮੀਟਿੰਗਾਂ ਵਿਚ ਤਿੰਨੋਂ ਕਾਨੂੰਨਾਂ ਨੂੰ ਮਾਰੂ ਸਾਬਤ ਕਰ ਦੇਣਾ, ਇੱਕਜੁੱਟਤਾ ਅਤੇ ਤਕਨੀਕ ਨਾਲ ਸਰਕਾਰ ਦੇ ਨੈੱਟ ਹਮਲੇ ਦਾ ਭਾਂਡਾ ਭੰਨਣਾ ਅਤੇ ਇਸ ਨੂੰ ਟੱਕਰ ਦੇਣਾ, ਸਮੁੱਚੇ ਦੇਸ਼ ਦੀ ਅਨੇਕ ਰਾਜਾਂ ਅਤੇ ਵਰਗਾਂ ਦੇ ਨਾਲ ਖੜ੍ਹ ਜਾਣ ਨਾਲ ਅੰਦੋਲਨ ਦਾ ਖੱਦ ਬੁਲੰਦ ਹੋ ਜਾਣ ਦੇ ਬਾਵਜੂਦ ਸਫਾਈ ਤੇ ਅਨੁਸ਼ਾਸਨ ਦਾ ਕਾਇਮ ਰਹਿਣਾ ਇਸ ਅੰਦੋਲਨ ਦੀਆਂ ਮੁੱਖ ਪ੍ਰਾਪਤੀਆਂ ਸਨ। ਇਸ ਸਭ ਦੀ ਬਦੌਲਤ ਅੰਦੋਲਨ ਦੀ ਕੌਮਾਂਤਰੀ ਪਛਾਣ ਬਣ ਜਾਣਾ, 26 ਜਨਵਰੀ ਦੀ ਟਰੈਕਟਰ ਪਰੇਡ ਦੀ ਧੁੰਮ ਅਤੇ ਵਿਸ਼ਵ ਪ੍ਰਸਿੱਧ ਹਸਤੀਆਂ ਦਾ ਦੇਸ਼ ਦੇ ਕਿਸਾਨ ਅੰਦੋਲਨ ਦੇ ਪੱਖ ਵਿਚ ਟਵੀਟ ਕਰਨਾ ਆਦਿ ਇਸ ਕਿਸਾਨ ਅੰਦੋਲਨ ਦੀ ਸਿਖਰ ਮੰਨੇ ਜਾ ਸਕਦੇ ਹਨ। ਇਸ ਅੰਦੋਲਨ ਦੇ ਵਰਤਾਰਿਆਂ ਦੇ ਬਦਲਦੇ ਰੰਗ ਖਿੱਚ ਦਾ ਕੇਂਦਰ ਬਣੇ ਰਹੇ ਹਨ।

ਕਿਸਾਨ ਅੰਦੋਲਨ ਦੇ ਇਸ ਸਾਰੇ ਸਫਰ ਦੌਰਾਨ ਵਰਤੇ ਬਹੁਤ ਸਾਰੇ ਵਰਤਾਰਿਆਂ ਨੇ ਲੋਕਾਂ ਦਾ ਬਹੁਤ ਧਿਆਨ ਖਿੱਚਿਆ। ਇਨ੍ਹਾਂ ਵਰਤਾਰਿਆ ਵਿਚੋਂ ਸਭ ਤੋਂ ਅਹਿਮ ਵਰਤਾਰਾ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਹੈ ਕਿਸਾਨ ਅੰਦੋਲਨ ਦੇ ਆਗੂਆਂ ਦੇ ਬਿਆਨ। ਜਦੋਂ ਕਿਸਾਨ ਦੇ ਹੱਕਾਂ 'ਤੇ ਪੈਣ ਵਾਲੇ ਡਾਕੇ ਦਾ ਪਰਦਾ ਫਾਸ਼ ਹੋਇਆ ਤਾਂ ਆਮ ਦੀ ਤਰ੍ਹਾਂ ਕਿਸਾਨ ਜਥੇਬੰਦੀਆਂ ਆਪੋ ਆਪਣੇ ਵਰਕਰਾਂ ਅਤੇ ਝੰਡਿਆਂ ਸਮੇਤ ਧਰਨੇ-ਮੁਜਾਹਰੇ ਕਰਕੇ ਆਪਣੇ ਵੱਖ-ਵੱਖ ਜੱਦੀ ਜਾਂ ਪ੍ਰਭਾਵ ਵਾਲੇ ਹਲਕਿਆਂ ਵਿਚ ਲੋਕਾਂ ਨੂੰ ਲਾਮਬੰਦ ਕਰਨ ਲੱਗੀਆਂ। ਅਰੰਭ ਵਿਚ ਆਗੂਆਂ ਦੀ ਸਰਗਰਮੀ ਅਤੇ ਬਿਆਨ ਰਵਾਇਤੀ ਝੰਡਾਵਾਦੀ ਸੁਰ ਵਾਲੇ ਸਨ। ਇੱਕ ਹੀ ਧਰਨੇ-ਮੁਜਾਹਰੇ ਵਿਚ ਕਈ-ਕਈ ਜਥੇਬੰਦੀਆਂ ਦੇ ਝੰਡੇ ਦੇਖਣ ਨੂੰ ਮਿਲਦੇ ਸਨ। ਵੱਖ-ਵੱਖ ਇਲਾਕਿਆਂ ਵਿਚ ਹੋਂਦ ਰੱਖਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਬਿਆਨ ਨਿਜੀ ਵਿਚਾਰਧਾਰਾ ਉੱਪਰ ਆਧਾਰਿਤ ਸਨ ਅਤੇ ਇਨ੍ਹਾਂ ਦਾ ਵਿਸ਼ਾ ਖੇਤੀ ਸਬੰਧੀ ਮੁਸ਼ਕਿਲਾਂ ਤੱਕ ਹੀ ਸੀਮਤ ਹੁੰਦਾ ਸੀ। ਫਿਰ ਰੇਲ ਰੋਕੋ ਮੁਹਿੰਮ ਅਧੀਨ ਰੇਲਵੇ ਲਾਈਨਾਂ ਅਤੇ ਸਟੇਸ਼ਨਾਂ ਉੱਪਰ ਧਰਨੇ ਲਾਏ ਗਏ। ਨਾਲ ਹੀ ਰਾਜ ਅੰਦਰ ਚੱਲ ਰਹੇ ਟੌਲ-ਪਲਾਜ਼ਿਆਂ ਨੂੰ ਬੰਦ ਕਰਾਉਣ ਲਈ ਵੀ ਧਰਨੇ ਲਾਏ ਗਏ।

ਇਸ ਪੜਾਅ ਤੱਕ ਆਗੂਆਂ ਅਤੇ ਬੁਲਾਰਿਆਂ ਦੇ ਬਿਆਨ ਆਪਣੀ ਪੱਧਰ ਦੀ ਲਾਮਬੰਦੀ ਵਾਲੇ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੁਆਲੇ ਹੀ ਘੁੰਮਦੇ ਸਨ। ਇਨ੍ਹਾਂ ਧਰਨਿਆਂ ਉੱਪਰ ਵੱਖ-ਵੱਖ ਪਿੰਡਾਂ ਦੇ ਸਭ ਜਥੇਬੰਦੀਆਂ ਨਾਲ ਸਬੰਧਤ ਲੋਕ ਇੱਕੋ ਥਾਂ ਇਖੱਠੇ ਬੈਠਦੇ ਸਨ ਤਾਂ ਇਨ੍ਹਾਂ ਧਰਨਿਆਂ ਉੱਪਰ ਦਿਖਾਈ ਦਿੰਦੇ ਵੱਖੋ-ਵੱਖਰੇ ਝੰਡਿਆਂ ਦੀ ਮੌਜੂਦਗੀ ਆਮ ਲੋਕਾਂ ਨੂੰ ਚੁਭਣ ਲੱਗੀ ਅਤੇ ਵੱਖਰੇ ਝੰਡੇ ਲੈ ਕੇ ਇੱਕੋ ਧਰਨੇ 'ਤੇ ਬੈਠਣਾ ਉਨ੍ਹਾਂ ਦੀ ਸਾਂਝ ਨੂੰ ਠੇਸ ਪਹੁੰਚਾਉਂਦਾ ਸੀ। ਕਿਸਾਨਾਂ ਦੇ ਆਪਸੀ ਏਕੇ ਵਿਚ ਰੁਕਾਵਟ ਬਣ ਰਹੇ ਇਹ ਝੰਡੇ ਵੀ ਧਰਨਿਆਂ ਵਿਚ ਘੱਟ ਦਿਖਾਈ ਦੇਣ ਲੱਗੇ। ਇਸ ਨਾਲ ਕਿਸਾਨ ਆਗੂਆਂ ਦੇ ਬਿਆਨਾਂ ਨੂੰ ਵੀ ਸਾਂਝੇ ਯਤਨਾਂ ਲਈ ਪ੍ਰੇਰਿਤ ਕਰਨ ਦੀ ਪੁੱਠ ਚੜ੍ਹਨ ਲੱਗੀ, ਜੋ ਅੱਗੇ ਚੱਲ ਕੇ ਇੱਕ ਸਾਂਝਾ ਮੋਰਚਾ ਬਣਾਉਣ ਵਿਚ ਕਾਫੀ ਸਹਾਈ ਹੋਈ ਅਤੇ ਖਿਲਰੀ ਹੋਈ ਕਿਸਾਨ ਅਗਵਾਈ ਨੂੰ ਘੱਟੋ-ਘੱਟ ਇੱਕ ਸਾਂਝਾ ਝੰਡਾ ਨਸੀਬ ਹੋਇਆ। ਇਸ ਪੜਾਅ 'ਤੇ ਕਿਸਾਨ ਆਗੂਆਂ ਨੇ ਖੇਤੀ ਕਾਨੂੰਨਾਂ ਦੀਆਂ ਡੂੰਘੀਆਂ ਰਮਜਾਂ ਅਤੇ ਮਾਰਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਸੀ। ਹੁਣ ਉਨ੍ਹਾਂ ਦੇ ਬਿਆਨ ਲਾਮਬੰਦੀ, ਖੇਤੀ ਨੂੰ ਦਰਪੇਸ਼ ਚੁਣੌਤੀਆਂ ਵਿਚਾਰਨ ਦੇ ਨਾਲ ਨਾਲ ਨਵੇਂ ਆ ਰਹੇ ਖੇਤੀ ਕਾਨੂੰਨਾਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਦੁਆਲੇ ਕੇਂਦਰਤ ਹੋਣੇ ਸ਼ੁਰੂ ਹੋ ਗਏ।

ਕੁਝ ਆਗੂਆਂ ਨੇ ਪਹਿਲਾਂ ਹੀ ਅਤੇ ਕੁਝ ਨੇ ਇਕ ਦੂਸਰੇ ਦੇ ਸੰਪਰਕ ਨਾਲ ਖੇਤੀ ਕਾਨੂੰਨਾਂ ਨੂੰ ਘੋਖਣਾ ਅਤੇ ਵਿਚਾਰਨਾ ਸ਼ੁਰੂ ਕੀਤਾ ਤਾਂ ਕਿ ਆਮ ਕਿਸਾਨਾਂ ਨੂੰ ਇਨ੍ਹਾਂ ਦੀ ਗੰਭੀਰਤਾ ਬਾਰੇ ਸੁਚੇਤ ਕੀਤਾ ਜਾ ਸਕੇ। ਇਸ ਸਮੇਂ ਤੱਕ ਕਿਸਾਨ ਸੰਘਰਸ਼ ਪੰਜਾਬ ਦੇ ਸਭ ਜਿਲਿਆਂ ਤੋਂ ਵੱਖਰੇ-ਵੱਖਰੇ ਮੁਹਾਜਾਂ ਤੋਂ ਆਪੋ ਆਪਣੇ ਤਰੀਕੇ ਨਾਲ ਲੜਿਆ ਜਾ ਰਿਹਾ ਸੀ। ਮੁਹਾਜਾਂ ਦੀ ਆਪਸੀ ਦੂਰੀ ਅਤੇ ਵੱਖਰੀਆਂ ਵਿਚਾਰਧਾਰਾਵਾਂ ਹੋਣ ਦੇ ਬਾਵਜੂਦ ਸਭ ਦਾ ਮਕਸਦ ਸਾਂਝਾ ਸੀ, ਜਿਸ ਨਾਲ ਕਿਸਾਨ ਆਗੂਆਂ ਦੇ ਬਿਆਨਾਂ ਨੂੰ ਏਕਤਾ ਦੀ ਰੰਗਤ ਚੜ੍ਹਨ ਲੱਗੀ। ਪੂਰੇ ਪੰਜਾਬ ਅੰਦਰ ਚੱਲ ਰਹੇ ਪਰਸਪਰ ਮੁਕਾਬਲੇ ਦੇ ਮੋਰਚਿਆਂ ਦੀ ਹੀ ਦੇਣ ਸੀ ਕਿ ਕਿਸਾਨ ਆਗੂ ਬਹੁਤ ਸੋਚ ਸਮਝ ਕੇ ਬਿਆਨ ਦੇ ਰਹੇ ਸਨ। ਇਮਾਨਦਾਰ ਅਗਵਾਈ ਦੇ ਪਾਬੰਦ ਬਣੇ ਹੋਏ ਸਨ।

ਇਸ ਮੁਕਾਮ 'ਤੇ ਕਿਸਾਨ ਆਗੂਆਂ ਦੇ ਬਿਆਨ ਸੰਭਲੇ ਹੋਏ, ਜ਼ਿੰਮੇਵਾਰ, ਏਕੇ ਦੇ ਹਾਮੀ ਅਤੇ ਖੇਤੀ ਕਨੂੰਨਾਂ ਤੋਂ ਪੈਦਾ ਹੋਣ ਵਾਲੀਆਂ ਪ੍ਰਸਥਿਤੀਆਂ ਤੋਂ ਕਿਸਾਨਾਂ ਤੋਂ ਇਲਾਵਾ ਬਾਕੀ ਸਬੰਧਤ ਵਰਗਾਂ ਨੂੰ ਜਾਗ੍ਰਿਤ ਕਰਨ ਦੇ ਸਮਰੱਥ ਹੋ ਗਏ ਸਨ, ਪਰ ਆਪਸੀ ਦੂਰੀ ਕਾਰਨ ਹਾਲੇ ਜਥੇਬੰਦੀ ਅਤੇ ਵਿਚਾਰਧਾਰਾ ਦੇ ਅਸਰ ਨੇ ਪਿੱਛਾ ਨਹੀਂ ਸੀ ਛੱਡਿਆ। ਹੁਣ ਤੱਕ ਬਹੁਤ ਲਾਮਬੰਦੀ ਹੋ ਚੁਕੀ ਸੀ ਅਤੇ ਕਿਸਾਨਾਂ ਨਾਲ ਮਜ਼ਦੂਰ ਵਰਗ ਵੀ ਮਿਲ ਚੁਕਾ ਸੀ। ਧਰਨਿਆਂ ਅਤੇ ਮੋਰਚਿਆਂ ਉੱਪਰ ਕਿਸਾਨਾਂ ਦੇ ਨਾਲ ਨਾਲ ਹੋਰ ਵਰਗ ਵੀ ਵੱਡੀ ਗਿਣਤੀ ਵਿਚ ਜੁੜਨ ਲੱਗੇ। ਵੱਖ ਵੱਖ ਖੇਤਰਾਂ ਦੇ ਚਿੰਤਕਾਂ, ਬੁੱਧੀਜੀਵੀਆਂ, ਵਿਦਵਾਨਾਂ ਅਤੇ ਕਲਾਕਾਰ ਹਸਤੀਆਂ ਦੇ ਮੋਰਚਿਆਂ ਵਿਚ ਸ਼ਮੂਲੀਅਤ ਕਰਨ ਨਾਲ ਅੰਦੋਲਨ ਅਤੇ ਆਗੂਆਂ ਨੂੰ ਬਹੁਤ ਤਾਕਤ ਮਿਲੀ ਤੇ ਅੰਦੋਲਨ ਨੂੰ ਨਵੇਂ ਬੁਲਾਰੇ ਮਿਲੇ ਇਸ ਨਾਲ ਮੁਹਾਜਾਂ ਦੀ ਆਵਾਜ਼ ਹੋਰ ਵੀ ਪ੍ਰਚੰਡ ਹੋ ਗਈ। ਇਸ ਨਾਲ ਆਗੂਆਂ ਦੇ ਬਿਆਨ ਆਤਮ ਵਿਸ਼ਵਾਸ ਨਾਲ ਭਰ ਗਏ ਸਨ।

ਅੰਦੋਲਨ ਹੁਣ ਜਵਾਨ ਹੋ ਚੁਕਾ ਸੀ ਅਤੇ ਮੋਰਚਿਆਂ ਤੋਂ ਅੰਦੋਲਨ ਦੀ ਤੀਬਰਤਾ ਵਧਾਉਣ ਦੇ ਹੌਸਲੇ ਭਰਪੂਰ ਅਤੇ ਏਕੇ ਵਾਲੇ ਬਿਆਨ ਆਉਣੇ ਸ਼ੁਰੂ ਹੋਏ। ਸਾਂਝੇ ਲੋਕਾਂ ਅਤੇ ਸਾਂਝੇ ਚਿੰਤਕਾਂ ਦੀ ਮੌਜੂਦਗੀ ਸਦਕਾ ਕਿਸਾਨ ਜਥੇਬੰਦੀਆਂ ਦੀ ਨੇੜਤਾ ਵਧਣ ਲੱਗੀ, ਜਿਸ ਨਾਲ ਏਕਤਾ, ਸਾਂਝੀ ਨੀਤੀ ਅਤੇ ਸਾਂਝੇ ਪ੍ਰੋਗਰਾਮਾਂ ਦੀ ਲੋੜ ਮਹਿਸੂਸ ਹੋਈ ਅਤੇ ਖਿਲਰੇ ਹੋਏ ਸੰਘਰਸ਼ ਦਾ ਕੇਂਦਰ ਸਰਕਾਰ 'ਤੇ ਅਸਰ ਨਾ ਹੁੰਦਾ ਦੇਖ ਕੇ ਸਾਰੀਆਂ ਜਥੇਬੰਦੀਆਂ ਤੇ ਮੋਰਚਿਆਂ ਨੇ ਸਾਂਝੀ ਰਣਨੀਤੀ ਬਣਾਈ ਅਤੇ ਦਿੱਲੀ ਕੂਚ ਕਰਨ ਦਾ ਪ੍ਰੋਗਰਾਮ ਤੈਅ ਹੋਇਆ। ਹੁਣ ਆਗੂਆਂ ਦੇ ਬਿਆਨਾਂ ਨੂੰ ਭਰੋਸੇ ਤੇ ਏਕਤਾ ਦਾ ਬਲ ਮਿਲ ਚੁਕਾ ਸੀ ਅਤੇ ਉਹ ਉੱਪਰਲੀ ਸੁਰ ਵਿਚ ਹੋ ਚੁਕੇ ਸਨ। ਇਸ ਪੜਾਅ 'ਤੇ ਕਿਸਾਨ ਆਗੂਆਂ ਦੇ ਬਿਆਨ ਆਪਣੇ ਵਰਕਰਾਂ, ਕਿਸਾਨਾਂ ਅਤੇ ਹੋਰ ਲੋਕਾਂ ਨੂੰ ਉਤਸ਼ਾਹਿਤ ਕਰਕੇ ਵੱਡੀ ਗਿਣਤੀ ਵਿਚ ਨਾਲ ਤੋਰਨ, ਉਨ੍ਹਾਂ ਵਿਚ ਜੋਸ਼ ਭਰਨ ਅਤੇ ਹੱਲਾ ਬੋਲ ਤਿਆਰੀ ਕਰਨ ਲਈ ਪ੍ਰੇਰਨ ਵਾਲੇ ਸਨ।

ਪੰਜਾਬ ਦੇ ਕਿਸਾਨਾਂ ਦੇ ਦਿੱਲੀ ਕੂਚ ਦੌਰਾਨ ਸਰਕਾਰ ਵਲੋਂ ਪਈਆਂ ਭਾਰੀ ਰੁਕਾਵਟਾਂ ਨੂੰ ਪਾਰ ਕਰਨ ਵਿਚ ਪੰਜਾਬ ਦੇ ਨੌਜਵਾਨ ਵਰਗ ਨੇ ਲਾਸਾਨੀ ਹਿੰਮਤ ਦਿਖਾਈ ਅਤੇ ਆਪਣੇ ਉੱਪਰ ਲੰਬੇ ਸਮੇਂ ਤੋਂ ਲਗਦੇ ਆ ਰਹੇ ਦਾਗ ਧੋ ਦਿੱਤੇ। ਹਰਿਆਣੇ ਦੀ ਭਰਪੂਰ ਹਮਾਇਤ ਸਦਕਾ ਕਿਸਾਨਾਂ ਦੇ ਮੋਰਚੇ ਕੇਂਦਰ ਸਰਕਾਰ ਦੀ ਨੀਅਤ ਨੂੰ ਭਾਂਪਦਿਆਂ ਦਿੱਲੀ ਦੀਆਂ ਸਰਹੱਦਾਂ 'ਤੇ ਡਟ ਗਏ ਅਤੇ ਸਟੇਜਾਂ ਸਜਾ ਲਈਆਂ ਗਈਆਂ। ਇੱਥੇ ਟਿਕ ਜਾਣ 'ਤੇ ਕਿਸਾਨ ਆਗੂਆਂ ਦੇ ਬਿਆਨਾਂ ਵਿਚ ਬੁਲੰਦ ਹੌਸਲੇ ਅਤੇ ਆਤਮ ਵਿਸ਼ਵਾਸ ਹੋਰ ਵਧ ਗਿਆ। ਅੰਦੋਲਨ ਦੇ ਸ਼ਾਂਤਮਈ, ਅਨੁਸ਼ਾਸਿਤ ਅਤੇ ਹੱਕੀ ਹੋਣ ਕਾਰਨ ਇਸ ਨੂੰ ਦੇਸ਼ ਦੇ ਅੰਦਰੋਂ ਅਤੇ ਬਾਹਰੋਂ ਭਰਵੀਂ ਹਮਾਇਤ ਮਿਲਣੀ ਸ਼ੁਰੂ ਹੋ ਗਈ ਤਾਂ ਕਿਸਾਨ ਆਗੂਆਂ ਦੇ ਬਿਆਨ ਦੇਸ਼ ਦੀ ਮੁੱਖ ਵਿਰੋਧੀ ਧਿਰ ਦੇ ਹਾਣ ਦੇ ਹੋ ਗਏ, ਕਿਉਂਕਿ ਵਿਰੋਧੀ ਧਿਰ ਦੀ ਭੂਮਿਕਾ ਨਾਦਾਰਦ ਹੀ ਰਹੀ। ਇਸ ਪੜਾਅ 'ਤੇ ਪੂਰੇ ਦੇਸ਼ ਹੀ ਨਹੀਂ, ਸਗੋਂ ਦੁਨੀਆਂ ਦੇ ਕੰਨ ਕਿਸਾਨ ਆਗੂਆਂ ਦੇ ਬਿਆਨਾਂ ਵੱਲ ਲੱਗੇ ਹੋਏ ਸਨ। ਕਿਸਾਨ ਮੋਰਚੇ ਦੀ ਹਰ ਗੱਲ ਅਤੇ ਹਰ ਗਤੀਵਿਧੀ ਸੁਰਖੀ ਬਣਨ ਲੱਗੀ।

> ***ਅੱਜ ਕਿਸਾਨ ਆਗੂਆਂ ਦਾ ਲੋਕ ਸੰਪਰਕ ਖਤਮ ਦੇ ਬਰਾਬਰ ਹੈ, ਬਸ ਨਿਜੀ ਵਿਚਾਰਧਾਰਾ ਆਧਾਰਤ ਫੈਸਲੇ ਥੋਪਣ 'ਤੇ ਜੋਰ ਹੈ। ਕਿਸਾਨ ਆਗੂਆਂ ਦੇ ਬਿਆਨਾਂ ਵਿਚੋਂ ਲੋਕ ਤਰਜਮਾਨੀ, ਜੁਆਬਦੇਹੀ, ਵੇਦਨਾ ਅਤੇ ਮੁੱਖ ਮੁੱਦਿਆਂ ਪ੍ਰਤੀ ਅਸਲ ਗੰਭੀਰਤਾ ਕਰੀਬ ਗਾਇਬ ਹੈ ਅਤੇ ਸਿਆਸੀ ਰੰਗਤ ਦਾ ਬੋਲ ਬਾਲਾ ਹੈ। ਰੱਬ ਆਸਰੇ ਨਾਲ ਸ਼ੁਰੂ ਹੋਇਆ ਅੰਦੋਲਨ ਅੱਜ ਫਿਰ ਰੱਬ ਆਸਰੇ ਹੋ ਗਿਆ ਹੈ।***

ਕਿਸਾਨ ਅੰਦੋਲਨ ਦੇ ਇਸ ਹੱਦ ਤੱਕ ਪਹੁੰਚ ਜਾਣ ਅਤੇ ਇਸ ਦਾ ਖੱਦ ਵਿਸ਼ਵ ਪੱਧਰ ਤੱਕ ਉੱਚਾ ਹੋ ਜਾਣ ਦਾ ਕਿਆਸ ਤਾਂ ਆਗੂਆਂ ਨੇ ਵੀ ਨਹੀਂ ਲਾਇਆ ਸੀ। ਇਥੇ ਇੱਕ ਵਿਲੱਖਣ ਚੀਜ਼ ਵੀ ਦੇਖਣ ਨੂੰ ਮਿਲੀ ਕਿ ਅੰਦੋਲਨ ਦੇ ਅੰਦਰ ਹੀ ਇੱਕ ਮੁਕਾਬਲੇ ਦਾ ਦਬਾਓ ਸਮੂਹ ਪਰਗਟ ਹੋ ਚੁਕਾ ਸੀ, ਜੋ ਆਗੂਆਂ ਦੀ ਹਰ ਗਤੀਵਿਧੀ ਨੂੰ ਵਾਚ ਰਿਹਾ ਸੀ। ਇਸ ਸਦਕਾ ਆਗੂਆਂ ਦੇ ਯਤਨ, ਬਿਆਨ ਅਤੇ ਰਵੱਈਆ ਲੋਕ ਤਰਜਮਾਨੀ ਨਾਲ ਲਬਾਲਬ ਸੀ। ਫਿਰ ਸਰਕਾਰ ਵਲੋਂ ਗੱਲਬਾਤ ਦਾ ਸੱਦਾ ਆਇਆ ਅਤੇ ਮੀਟਿੰਗਾਂ ਦਾ ਦੌਰ ਕਾਫੀ ਸਮਾਂ ਚੱਲਿਆ ਤਾਂ ਹਰ ਮੀਟਿੰਗ ਤੋਂ ਬਾਅਦ ਦੇ ਆਗੂਆਂ ਦੇ ਬਿਆਨ ਕਾਫੀ ਖਿੱਚ ਦਾ ਕੇਂਦਰ ਰਹੇ। ਇੱਥੋਂ ਕਿਸਾਨ ਆਗੂਆਂ ਦੇ ਬਿਆਨਾਂ ਨੂੰ ਸ੍ਵੈ-ਸਿਫਤੀ ਅਤੇ ਸਿਆਸੀ ਵਲੇਵੇਂਦਾਰ ਪੁੱਠ ਚੜ੍ਹਨ ਲੱਗੀ। ਮੀਟਿੰਗਾਂ ਦੇ ਦੌਰ ਦੇ ਸ਼ੁਰੂ ਵਿਚ ਤਾਂ ਉਨ੍ਹਾਂ ਦੇ ਬਿਆਨਾਂ ਵਿਚ ਹੋਈ ਗੱਲਬਾਤ ਦਾ ਵੇਰਵਾ ਹੀ ਹੁੰਦਾ ਸੀ, ਪਰ ਹੌਲੀ ਹੌਲੀ ਰੁਤਬਾ ਵਧਣ ਨਾਲ ਪਹੁੰਚ ਦੀ ਹਉਮੈ ਭਾਰੂ ਹੋ ਗਈ। ਇਸ ਪੜਾਅ 'ਤੇ ਉਨ੍ਹਾਂ ਨੂੰ ਅੰਦੋਲਨ ਦੇ ਕੱਦ ਅਨੁਸਾਰ ਵਿਸ਼ਾਲ ਵਿਚਾਰਧਾਰਾ ਵਾਲੇ ਦਾਇਰੇ ਦੀ ਤਪੱਸਿਆ ਦੀ ਲੋੜ ਸੀ, ਪਰ ਉਹ ਆਪਣੇ ਬਿਆਨਾਂ ਨੂੰ ਨਿਜੀ ਵਿਚਾਰਧਾਰਾ ਦਾ ਰੰਗ ਦੇਣ ਵਿਚ ਰੁੱਝ ਗਏ, ਜਦੋਂ ਕਿ ਲੋੜ ਸਰਬ ਸਾਂਝੀ ਵਿਚਾਰਧਾਰਾ ਅਪਨਾਉਣ ਦੀ ਸੀ। ਇਸ ਪੜਾਅ 'ਤੇ ਕਿਸਾਨ ਆਗੂ ਕੋਈ ਵੀ ਦਖਲ ਜਾਂ ਮੁਕਾਬਲਾ ਬਰਦਾਸ਼ਤ ਕਰਨ ਦੇ ਰੌਂਅ ਵਿਚ ਦਿਖਾਈ ਨਹੀਂ ਦਿੰਦੇ ਸਨ, ਹੁਣ ਉਨ੍ਹਾਂ ਦੇ ਬਿਆਨਾਂ ਵਿਚ ਉੱਚਤਾ ਦੀ ਭਾਵਨਾ ਦਿਖਾਈ ਦੇਣ ਲੱਗੀ ਸੀ।

ਫਿਰ 26 ਜਨਵਰੀ ਦੀ ਟਰੈਕਟਰ ਪਰੇਡ ਦਾ ਪ੍ਰੋਗਰਾਮ ਬਣਿਆ, ਜਿਸ ਦੌਰਾਨ ਲਾਲ ਕਿਲ੍ਹੇ 'ਤੇ ਕਿਸਾਨੀ ਅਤੇ ਖਾਲਸਾਈ ਝੰਡੇ ਲਹਿਰਾਉਣ ਦੀ ਘਟਨਾ ਵੀ ਵਾਪਰੀ। ਇਸ ਘਟਨਾ ਨੇ ਵੀ ਕਿਸਾਨ ਅੰਦੋਲਨ ਅਤੇ ਕਿਸਾਨ ਆਗੂਆਂ ਦੇ ਬਿਆਨਾਂ ਵਿਚ ਇੱਕ ਨਵਾਂ ਮੋੜ ਲਿਆਂਦਾ। ਇਸ ਮੋੜ 'ਤੇ ਲਗਾਤਾਰ ਕਈ ਦਿਨ ਅੰਦੋਲਨ ਵਿਚ ਘਟਨਾਵਾਂ ਦੀ ਝੜੀ ਲੱਗੀ ਰਹੀ, ਜਿਨ੍ਹਾਂ ਨੇ ਅੰਦੋਲਨ ਅਤੇ ਆਗੂਆਂ ਦੇ ਬਿਆਨਾਂ ਨੂੰ ਇਕ ਦਮ ਬਦਲ ਕੇ ਰੱਖ ਦਿੱਤਾ। ਸਰਕਾਰ ਅਤੇ ਸਰਕਾਰੀ ਮੀਡੀਏ ਨੇ ਇਸ ਘਟਨਾ ਨੂੰ ਹਿੰਸਾ ਵਾਲੀ ਰੰਗਤ ਦੇ ਕੇ ਪ੍ਰਚਾਰਿਆ, ਜਿਸ ਦੇ ਪ੍ਰਭਾਵ ਅਧੀਨ ਕਿਸਾਨ ਆਗੂਆਂ ਦੇ ਬਿਆਨ ਡਰ, ਸਹਿਮ ਤੇ ਦਹਿਸ਼ਤ ਦੇ ਸਾਏ ਹੇਠ ਹੋ ਗਏ ਤੇ ਉਨ੍ਹਾਂ ਨੇ ਸਰਕਾਰ ਵਾਲੀ ਬੋਲੀ ਬੋਲਦਿਆਂ ਬਿਆਨਾਂ ਦਾ ਰੁਖ ਮੌਕਾਪ੍ਰਸਤੀ ਅਤੇ ਆਪਸੀ ਭੰਡੀ ਵੱਲ ਕਰ ਲਿਆ। ਨਤੀਜੇ ਵਜੋਂ ਕਿਸਾਨ ਆਗੂਆਂ ਨੂੰ ਟੱਕਰ ਤੇ ਦਖਲ ਦੇ ਕੇ ਟਿਕਾਣੇ ਰੱਖਣ ਵਾਲੀਆਂ ਧਿਰਾਂ ਸਰਕਾਰੀ ਤੇ ਸਿਆਸੀ ਦਮਨ ਦਾ ਸ਼ਿਕਾਰ ਹੋ ਗਈਆਂ।

ਇਸ ਨਵੇਂ ਦੌਰ ਦੌਰਾਨ ਕਿਸਾਨ ਆਗੂਆਂ ਦੇ ਬਿਆਨਾਂ ਦਾ ਰੁਖ ਸਰਕਾਰ ਵਲੋਂ ਭਟਕ ਕੇ ਆਪਣਿਆਂ ਵੱਲ ਹੋ ਗਿਆ, ਜੋ ਅੰਦੋਲਨ ਵਾਸਤੇ ਸਭ ਤੋਂ ਮਾੜਾ ਵਰਤਾਰਾ ਸਾਬਤ ਹੋਇਆ। ਇਸ ਘਟਨਾਕ੍ਰਮ ਦੌਰਾਨ ਕਿਸਾਨ ਆਗੂਆਂ ਦੇ ਬਿਆਨਾਂ ਉੱਪਰ ਆਪਸੀ ਖਿੱਚੋਤਾਣ, ਨਿਜੀ ਹੈਂਕੜ, ਗੁੰਮਰਾਹਕੁਨ ਬਿਰਤਾਂਤ ਅਤੇ ਨਾ-ਮਿਲਵਰਤਨ ਵਾਲੀ ਭਾਵਨਾ ਭਾਰੂ ਹੋ ਗਈ ਸੀ, ਜੋ ਹਾਲੇ ਤੱਕ ਵੀ ਜਾਰੀ ਹੈ। ਆਗੂਆਂ ਦੀ ਨੌਜਵਾਨਾਂ ਅਤੇ ਬਰਾਬਰ ਦੀਆਂ ਜਥੇਬੰਦੀਆਂ ਬਾਰੇ ਦਿੱਤੇ ਕੌੜੇ-ਕਸੈਲੇ ਬਿਆਨਾਂ ਨਾਲ ਅੰਦੋਲਨ ਵਿਚੋਂ ਨੌਜਵਾਨਾਂ ਦੀ ਗਿਣਤੀ ਘਟਣ ਲੱਗੀ ਸੀ, ਪਰ ਫਿਰ ਵੀ ਕਿਸਾਨ ਆਗੂਆਂ ਦੇ ਪਰਦਾ-ਪਾਊ ਬਿਆਨ ਆਉਂਦੇ ਰਹੇ। 26 ਜਨਵਰੀ ਦੀਆਂ ਘਟਨਾਵਾਂ ਅਤੇ ਸਰਕਾਰੀ ਤਸ਼ੱਦਦ ਦੇ ਸ਼ਿਕਾਰ ਬੇਕਸੂਰ ਨੌਜਵਾਨਾਂ ਪ੍ਰਤੀ ਕਿਸਾਨ ਆਗੂਆਂ ਦੇ ਬਿਆਨਾਂ ਅਤੇ ਯਤਨਾਂ ਵਿਚੋਂ ਹਮਦਰਦੀ ਦੀ ਅਣਹੋਂਦ ਵੀ ਸੰਘਰਸ਼ੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ। ਕਿਸਾਨ ਆਗੂ ਬਿਆਨਾਂ ਵਿਚ ਚਾਹੇ ਨਹੀਂ ਮੰਨੇ, ਪਰ ਇਸ ਵਰਤਾਰੇ ਤੋਂ ਬਾਅਦ ਇੱਕ ਵਾਰ ਨੌਜਵਾਨਾਂ ਦਾ ਮੋਰਚਿਆਂ ਤੋਂ ਮੋਹ ਵੀ ਭੰਗ ਹੋਇਆ। ਪਹਿਲਾਂ ਕਿਸਾਨ ਮੋਰਚਿਆਂ ਦੀ ਰੌਣਕ ਆਪ ਮੁਹਾਰੇ ਗਏ ਲੋਕ ਸਨ, ਪਰ ਹੁਣ ਆਗੂਆਂ ਨੂੰ ਕਿਸਾਨਾਂ ਅਤੇ ਆਮ ਲੋਕਾਂ ਨੂੰ ਆਵਾਜ਼ਾਂ ਮਾਰਨ ਵਾਲੇ ਬਿਆਨ ਦੇਣੇ ਪੈ ਰਹੇ ਸਨ।

ਕਿਸਾਨ ਆਗੂਆਂ ਵਲੋਂ ਨਾਦਾਰਦ ਅਤੇ ਤ੍ਰਿਸਕਾਰੇ ਹੋਣ ਦੇ ਬਾਵਜੂਦ ਮੁਕਾਬਲੇ ਦੀਆਂ ਧਿਰਾਂ ਨੇ ਫਿਰ ਵੀ ਲੋਕਾਂ ਨੂੰ ਆਗੂਆਂ ਦੇ ਨਾਲ ਖੜ੍ਹਨ ਲਈ ਪ੍ਰੇਰਨਾ ਜਾਰੀ ਰੱਖਿਆ, ਜਿਸ ਦੀ ਬਦੌਲਤ ਮੋਰਚਾ ਮੁੜ ਪੈਰਾਂ ਸਿਰ ਹੋ ਗਿਆ, ਪਰ ਪੰਜਾਬ ਦੇ ਕਿਸਾਨ ਆਗੂਆਂ ਦੇ ਬਿਆਨ ਅਤੇ ਰਵੱਈਆ ਹਾਲੇ ਵੀ ਨਾ-ਮਿਲਵਰਤਨ ਅਤੇ ਹੈਂਕੜ ਵਾਲਾ ਹੀ ਰਿਹਾ। ਆਗੂਆਂ ਦੇ ਆਮ ਲੋਕਾਂ ਵਿਚ ਵਿਚਰਨ ਅਤੇ ਸੰਪਰਕ ਦੀ ਘਾਟ ਹੋ ਗਈ, ਲੋਕਾਂ ਨੂੰ ਹੁਣ ਕਿਸਾਨ ਅੰਦੋਲਨ ਤੇ ਆਪਣਾ ਨਹੀਂ, ਸਗੋਂ ਬਿਗਾਨਾ ਕਬਜ਼ਾ ਹੋਣ ਦਾ ਅਹਿਸਾਸ ਹੋਣ ਲੱਗਾ ਹੈ, ਕਿਉਂਕਿ ਹੁਣ ਕਿਸਾਨ ਆਗੂਆਂ ਦੀਆਂ ਤਕਰੀਰਾਂ ਅਤੇ ਬਿਆਨਾਂ ਉੱਪਰ ਤੱਥਾਂ, ਹਾਲਾਤਾਂ, ਸਥਿਤੀਆਂ ਅਤੇ ਘਟਨਾਵਾਂ ਨੂੰ ਮੁਲੰਮਾ ਚੜ੍ਹਾਅ ਕੇ ਪੇਸ਼ ਕਰਨ ਦੇ ਸ਼ੱਕ ਪੈਦਾ ਹੋ ਗਏ ਹਨ। ਆਪਸੀ ਕਿੜਾਂ, ਮਨਮਰਜੀ ਅਤੇ ਕਬਜੇ ਦੀ ਬਿਆਨਬਾਜੀ ਵਿਚ ਉਲਝ ਕੇ ਕਿਸਾਨ ਅੰਦੋਲਨ ਨੂੰ ਮਿਲੇ ਅੰਦਰੂਨੀ ਅਤੇ ਵਿਦੇਸ਼ੀ ਸਮਰਥਨ ਨੂੰ ਸਾਂਭਣ ਬਾਰੇ ਵੀ ਆਗੂ ਬਣਦੀ ਸਕਾਰਾਤਮਕ ਭੂਮਿਕਾ ਨਿਭਾਉਣ ਤੋਂ ਖੁੰਝ ਗਏ।

ਅੱਜ ਕਿਸਾਨ ਆਗੂਆਂ ਦਾ ਲੋਕ ਸੰਪਰਕ ਖਤਮ ਦੇ ਬਰਾਬਰ ਹੈ, ਬਸ ਨਿਜੀ ਵਿਚਾਰਧਾਰਾ ਆਧਾਰਤ ਫੈਸਲੇ ਥੋਪਣ 'ਤੇ ਜੋਰ ਹੈ। ਕਿਸਾਨ ਆਗੂਆਂ ਦੇ ਬਿਆਨਾਂ ਵਿਚੋਂ ਲੋਕ ਤਰਜਮਾਨੀ, ਜੁਆਬਦੇਹੀ, ਵੇਦਨਾ ਅਤੇ ਮੁੱਖ ਮੁੱਦਿਆਂ ਪ੍ਰਤੀ ਅਸਲ ਗੰਭੀਰਤਾ ਕਰੀਬ ਗਾਇਬ ਹੈ ਅਤੇ ਸਿਆਸੀ ਰੰਗਤ ਦਾ ਬੋਲ ਬਾਲਾ ਹੈ। ਰੱਬ ਆਸਰੇ ਨਾਲ ਸ਼ੁਰੂ ਹੋਇਆ ਅੰਦੋਲਨ ਅੱਜ ਫਿਰ ਰੱਬ ਆਸਰੇ ਹੋ ਗਿਆ ਹੈ। ਜਿਸ ਅਣ-ਕਿਆਸੇ ਪੱਧਰ 'ਤੇ ਕਿਸਾਨ ਅੰਦੋਲਨ ਪਹੁੰਚ ਗਿਆ ਸੀ, ਸ਼ਾਇਦ ਆਗੂ ਉਸ ਪੱਧਰ ਦੀ ਆਪਣੀ ਸਰਬ ਸਾਂਝੀ ਵਿਚਾਰਧਾਰਾ ਨਹੀਂ ਬਣਾ ਸਕੇ। ਜੇ ਹਾਲੇ ਵੀ ਨਾ ਸੰਭਲੇ ਤਾਂ ਦੇਸ਼ ਦੀ ਜਨਤਾ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਵੇਗਾ।

## ਸੰਪਾਦਕ ਦੀ ਡਾਕ

### ਕਿਰਤ ਜੋਗੀ ਦੀ ਖਾਲੀ ਬਗਲੀ

ਸਨਮਾਨਯੋਗ ਡਾ. ਗੁਰਬਖਸ ਸਿੰਘ ਭੰਡਾਲ ਦੇ ਜਾਦੂਮਈ ਸ਼ਬਦਾਂ ਨਾਲ ਸਜੀ ਇੱਕ ਕਾਵਿਮਈ ਰਚਨਾ ਤਾਂ ਹੋ ਸਕਦੀ ਹੈ, ਪਰ ਯਥਾਰਥ ਤੋਂ ਅੱਖਾਂ ਚੁਰਾ ਕੇ ਇੱਕ ਖੁਸ਼ਬੂ ਦਾ ਛਿੱਟਾ ਦੇ ਲੰਘ ਜਾਂਦੀ ਹੈ। ਯਥਾਰਥ ਨਿਰਸੰਦੇਹ ਹਕੀਕਤ ਵਿਚ ਖਰ੍ਹਵਾ ਹੁੰਦਾ ਹੈ, ਇਸ ਲਈ ਅੰਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ ਵਾਂਗ ਤਲਖ ਸੱਚਾਈਆਂ ਨਾਲ ਰੂਬਰੂ ਹੋਣ ਤੋਂ ਸੰਕੋਚ ਕਰ ਜਾਂਦਾ ਹੈ। ਡਾ. ਸਾਹਿਬ ਦੀਆਂ ਰਚਨਾਵਾਂ ਜ਼ਿੰਦਗੀ ਦੀਆਂ ਖੂਬਸੂਰਤ ਧੜਕਨਾਂ ਨਾਲ ਲਬਰੇਜ਼ ਹੁੰਦੀਆਂ ਹਨ, ਸੰਵੇਦਨਾਵਾਂ ਨਾਲ ਸ਼ਿੰਗਾਰੀਆਂ ਹੁੰਦੀਆਂ ਹਨ, ਪਰ ਜ਼ਿੰਦਗੀ ਦੀਆਂ ਹਕੀਕੀ ਦੁਸ਼ਵਾਰੀਆਂ ਨਾਲ ਤਾਲਮੇਲ ਕੀਤੇ ਬਿਨਾ ਅੱਜ ਅਸੀਂ ਸੁਫਨੇ ਤਾਂ ਲੈ ਸਕਦੇ ਹਾਂ, ਕਿਸੇ ਸਮੱਸਿਆ ਦਾ ਹੱਲ ਨਹੀਂ ਲੱਭ ਸਕਦੇ। ਇਸ ਲੇਖ ਵਿਚ ਉਨ੍ਹਾਂ ਕਿਸਾਨ ਦੀ ਮੰਦਹਾਲੀ ਦਾ ਜੋ ਕਾਵਿਮਈ ਜ਼ਿਕਰ ਕੀਤਾ ਹੈ, ਅਸਲ ਵਿਚ ਉਹ ਬੀਤੇ ਜਮਾਨੇ ਦੀ ਤਸਵੀਰ ਪੇਸ਼ ਕਰਦਾ ਹੈ। ਅੱਜ ਦਾ ਕਿਸਾਨ ਬਲਦਾਂ ਤੋਂ ਟਰੈਕਟਰਾਂ ਤੱਕ ਅਪੜ ਗਿਆ ਹੈ, ਸਾਈਕਲਾਂ ਤੋਂ ਮੋਟਰਸਾਈਕਲਾਂ ਅਤੇ ਬਹੁਤੇ ਤਾਂ ਕਾਰਾਂ ਤੱਕ ਅਪੜ ਗਏ ਹਨ। ਕੱਚੇ ਘਰਾਂ ਦੀ ਥਾਂ ਕੋਠੀਆਂ ਵੀ ਹਨ। ਜੇ ਪਰਵਾਸੀ ਪੰਜਾਬੀਆਂ ਨੇ ਕੋਠੀਆਂ ਬਣਾ ਲਈਆਂ ਤਾਂ ਸਮਰੱਥ ਕਿਸਾਨ ਵੀ ਪਿੱਛੇ ਨਹੀਂ ਰਹੇ। ਜੇ ਥੋੜ੍ਹੀਆਂ ਜਮੀਨਾਂ ਵਾਲਿਆਂ ਦਾ ਜ਼ਿਕਰ ਕਰੀਏ ਤਾਂ ਮੇਰੀ ਜਾਣਕਾਰੀ ਵਿਚ ਇਹੋ ਜਿਹੇ ਕਿਸਾਨ ਹਨ, ਜੋ ਜਮੀਨ ਠੇਕੇ 'ਤੇ ਦੇ ਸਾਈਡ ਬਿਜਨਸ ਨਾਲ ਵੱਡੀਆਂ ਜਮੀਨਾਂ ਵਾਲਿਆਂ ਦਾ ਮੁਕਾਬਲਾ ਕਰ ਰਹੇ ਹਨ। ਕੀ ਭਾਰਤ ਵਿਚ ਕਿਸੇ ਕਿਸਾਨ ਦੇ ਸਾਈਡ ਬਿਜਨਸ ਕਰਨ 'ਤੇ ਪਾਬੰਦੀ ਹੈ?

ਨੌਕਰੀਆਂ ਦੀ ਗੱਲ ਕਰਦੇ ਹਾਂ। ਮੈਂ ਪ੍ਰਤੱਖ ਦੇਖਿਆ ਹੈ ਕਿ ਪੰਜਾਬ ਵਿਚ ਛੋਟੀ ਇੰਡਸਟਰੀ ਵਿਚ ਜ਼ਿਆਦਾਤਰ ਯੂ. ਪੀ., ਬਿਹਾਰ ਦੇ ਨੌਜਵਾਨ ਆ ਨੌਕਰੀਆਂ ਕਰ ਰਹੇ ਹਨ, ਜੋ 7-8 ਹਜਾਰ ਤੋਂ 12-15 ਹਜਾਰ ਤੱਕ ਤਨਖਾਹਾਂ ਲੈ ਰਹੇ ਹਨ। ਪਰ ਮਿੱਤਰਾਂ ਦੇ ਤਾਂ ਐਨੇ ਦੇ ਬੂਟ ਹੀ ਆਉਂਦੇ ਹਨ। ਵੱਡੀਆਂ ਤਨਖਾਹਾਂ ਲਈ ਅੱਜ ਦੀ ਮੰਗ ਅਨੁਸਾਰ ਪੜ੍ਹਾਈ ਚਾਹੀਦੀ ਹੈ। ਦਿੱਲੀ ਦੇ ਆਸ-ਪਾਸ ਦੇ ਨੌਜਵਾਨਾਂ ਨੇ ਕੰਪਿਊਟਰ ਟੈਕਨੋਲੌਜੀ ਦੇ ਹਾਈ ਫਾਈ ਕੋਰਸ ਕਰ ਸ਼ਾਨਦਾਰ ਨੌਕਰੀਆਂ ਵੀ ਹਾਸਲ ਕੀਤੀਆਂ ਹਨ। ਹੁਣ ਬੀ. ਏ., ਐਮ. ਏ. ਕਰ ਵਧੀਆ ਨੌਕਰੀਆਂ ਦਾ ਜਮਾਨਾ ਲਦ ਗਿਆ। ਮੈਂ ਬਿਜਨਸ ਵਿਚ ਯੂ. ਪੀ., ਬਿਹਾਰ ਤੋਂ ਆਏ ਬੰਦਿਆਂ ਨੂੰ 50-60 ਹਜਾਰ ਮਹੀਨੇ ਤੱਕ ਕਮਾਉਂਦੇ ਦੇਖਿਆ ਹੈ। ਸਾਡੇ ਨੌਜਵਾਨ ਵਿਦੇਸ਼ ਵਿਚ ਕੁਝ ਵੀ ਕਰ ਲੈਣਗੇ, ਪਰ ਆਪਣੇ ਮੁਲਕ ਵਿਚ ਛੋਟੇ ਕੰਮਾਂ ਤੋਂ ਸ਼ਰਮ ਆਉਂਦੀ ਹੈ।

ਰਹੀ ਖੁਦਕਸ਼ੀਆਂ ਦੀ ਗੱਲ! ਤਾਂ ਇਸ ਲਈ ਸਮਾਜਕ ਕੁਰੀਤੀਆਂ ਨਾਲ ਆਡਾ ਲਾਉਣਾ ਪੈਣਾ ਹੈ, ਜਿਸ ਨਾਲ ਚਾਦਰ ਦੇਖ ਪੈਰ ਪਸਾਰਨ ਦਾ ਵੱਲ ਸਿੱਖਿਆ ਜਾ ਸਕੇ। ਸਰਕਾਰ ਕੋਈ ਵੀ ਆ ਜਾਵੇ, ਕਿਸੇ ਗਿੱਦੜਸਿੰਗੀ ਨਾਲ ਸਭ ਕੁਝ ਮੁਫਤ ਨਹੀਂ ਕਰ ਸਕਦੀ; ਨਾ ਹਮੇਸ਼ਾ ਕਰਜੇ ਮਾਫ ਕਰ ਸਕਦੀ ਹੈ। ਨੌਜਵਾਨਾਂ ਨੂੰ ਫੁਕਰੇ ਦਮਗਜੇ ਮਾਰਨ ਨਾਲੋਂ ਕਿੱਤਾਮੁਖੀ ਰਾਹ ਅਪਨਾਉਣ ਵੱਲ ਪ੍ਰੇਰਨ ਦੀ ਲੋੜ ਹੈ। ਇਨ੍ਹਾਂ ਨੂੰ 'ਬਾਗੀ ਜਾਂ ਬਾਦਸ਼ਾਹ' ਵਾਲੇ ਭੁਲੇਖਿਆਂ ਵਿਚੋਂ ਕੱਢ ਅੱਜ ਦੇ ਸਮੇਂ ਅਨੁਸਾਰ ਢਾਲਣ ਦੀ ਲੋੜ ਹੈ।

ਇਹ ਗੱਲ ਨਹੀਂ ਹੈ ਕਿ ਡਾ. ਸਾਹਿਬ ਇਸ ਤੱਥ ਤੋਂ ਜਾਣੂ ਨਾ ਹੋਣ ਕਿ ਕਿਸਾਨ ਅੰਦੋਲਨ ਨੂੰ ਜਿਸ ਅਫਰਾ-ਤਫਰੀ ਅਤੇ ਅਰਾਜਕਤਾ ਦੀ ਕਾਕਟੇਲ ਬਣਾ ਦਿੱਤਾ ਗਿਆ, ਕੁਝ ਵੀ ਸਾਰਥਕ ਹਾਸਲ ਕਰਨਾ ਅਸੰਭਵ ਬਣ ਗਿਆ ਸੀ। ਡਾ. ਸਾਹਿਬ ਨੂੰ ਬੇਨਤੀ ਹੈ ਕਿ ਤਸਵੀਰ ਦਾ ਦੂਜਾ ਪਾਸਾ ਵੀ ਬਿਆਨਣ। ਭਾਵੇਂ ਪਾਣੀ ਦੇ ਵਹਾਅ ਦੇ ਉਲਟ ਤਰਨਾ ਮੁਸ਼ਕਿਲ ਹੁੰਦਾ ਹੈ, ਪਰ ਡਾ. ਸਾਹਿਬ ਦੀ ਜਾਦੂਮਈ ਸਮਰੱਥ ਲੇਖਣੀ ਲਈ ਉਹ ਵੀ ਅਸੰਭਵ ਨਹੀਂ।

***-ਹਰਜੀਤ ਦਿਉਲ, ਬਰੈਂਪਟਨ***

# ਪੇਂਡੂ ਵਿਰਸਾ ਅਤੇ ਸਾਂਝਾ ਪਰਿਵਾਰ

ਕਲਾ ਪਰਿਕਰਮਾ

*ਕਿਸਾਨ ਨੇ ਵਿਰਸੇ ਨੂੰ ਪੱਛਮੀਕਰਨ ਅਤੇ ਸਾਂਝੇ ਪਰਿਵਾਰਾਂ ਨੂੰ ਸਮੇਂ ਦੀ ਚਾਲ ਦੇ ਹਾਣੀ ਬਣਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਨਾ ਇੱਧਰ ਦੇ ਨਾ ਉਧਰ ਦੇ ਰਹੇ। ਲਾਲਚ, ਈਰਖਾ ਅਤੇ ਸਮਾਜੀਕਰਨ ਦੀ ਘਾਟ ਨੇ ਸਾਂਝੇ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ। ਚੋਰ ਸੁਭਾਅ ਨੇ ਸਾਂਝੇ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਇਸ ਨਾਲ ਵਿਰਸੇ ਅਤੇ ਸਭਿਆਚਾਰ ਨੂੰ ਗ੍ਰਹਿਣ ਲੱਗਣ ਦੇ ਨਾਲ ਕਿਸਾਨੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।*



**ਸੁਖਪਾਲ ਸਿੰਘ ਗਿੱਲ**

ਕਿਸਾਨ, ਪੇਂਡੂ ਵਿਰਸਾ ਅਤੇ ਸਾਂਝੇ ਪਰਿਵਾਰ ਇਕ ਦੂਜੇ ਦੇ ਪੂਰਕ ਹੁੰਦੇ ਹਨ, ਉਂਜ ਅੱਜ ਇਨ੍ਹਾਂ ਵਿਚੋਂ ਖੁਸ਼ਬੂ ਮੱਧਮ ਪੈ ਗਈ ਹੈ। ਵਿਰਸੇ ਨਾਲ ਸਾਡਾ ਪਿਛੋਕੜ ਜਿਊਂਦਾ-ਜਾਗਦਾ ਰਹਿੰਦਾ ਹੈ, ਪਰ ਅਫਸੋਸ ਸਾਡੇ ਵਿਰਸੇ ਦੀਆਂ ਬਹੁਤੀਆਂ ਚੀਜ਼ਾਂ ਬੀਤੇ ਦੀ ਕਹਾਣੀ ਬਣ ਗਈਆਂ ਹਨ। ਇਨ੍ਹਾਂ ਵਿਚੋਂ ਸਾਂਝਾ ਪਰਿਵਾਰ ਵੀ ਇਕ ਹੈ। ਸਾਂਝਾ ਪਰਿਵਾਰ ਨਰੋਏ ਸਮਾਜ ਦੀ ਬੁਨਿਆਦ ਸੀ। ਸਾਂਝੇ ਪਰਿਵਾਰ ਵਿਚ ਇਕ ਬਜ਼ੁਰਗ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਾਰੇ ਕੰਮ ਕਾਰ ਹੁੰਦੇ ਸਨ। ਸਾਂਝਾ ਪਰਿਵਾਰ ਸਮਾਜਿਕ ਸੁਰੱਖਿਆ, ਖੁਸ਼ਹਾਲੀ ਅਤੇ ਭਾਈਚਾਰਕ ਏਕਤਾ ਦੀ ਜਿਊਂਦੀ ਜਾਗਦੀ ਮਿਸਾਲ ਸੀ।

ਸਵੱਖਤੇ ਉੱਠ ਕੇ ਪਰਿਵਾਰ ਦੇ ਸਾਰੇ ਮੈਂਬਰ ਆਪਣੇ ਆਪਣੇ ਕੰਮਾਂ ਵਿਚ ਲੱਗ ਜਾਂਦੇ ਸਨ ਜੋ ਆਥਣੇ ਬਾਣ ਵਾਲੇ ਮੰਜੇ 'ਤੇ ਸੌਣ ਤਕ ਜਾਰੀ ਰਹਿੰਦੇ ਸਨ। ਸਾਂਝੇ ਪਰਿਵਾਰ ਵਿਚੋਂ ਸੰਸਕਾਰਾਂ, ਪਹਿਰਾਵੇ ਅਤੇ ਬੋਲ ਚਾਲ ਦਾ ਮੁੱਢ ਬੱਝਦਾ ਸੀ ਜਿਸ ਸਦਕੇ ਬੱਚਿਆਂ ਦੀ ਗੁਣਵੱਤਾ ਵਧਦੀ ਸੀ। ਸਾਂਝਾ ਪਰਿਵਾਰ ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ ਅਤੇ ਮਾਂ-ਪਿਉ ਤੋਂ ਮਿਲੀ ਗੁਣਾਂ ਦੀ ਗੁਥਲੀ ਧੀ ਨੂੰ ਸਹੁਰੇ ਘਰ ਵਿਚ ਵੀ ਮਾਣ ਦਿਵਾਉਂਦੀ ਸੀ।

ਘਰੋਂ ਮਿਲੇ ਵਿਰਸੇ ਦੇ ਨਿਯਮਾਂ ਦੀਆਂ ਉਦਾਹਰਨਾਂ ਜਿਵੇਂ ਖੇਤਾਂ ਵਿਚ ਭੱਤਾ ਲੈ ਕੇ ਜਾਣਾ, ਆਟਾ ਗੁੰਨ੍ਹ ਕੇ ਚੁੱਲ੍ਹੇ ਦਾ ਕੰਮ ਕਰਨਾ, ਰਾਤ ਨੂੰ ਚੁੱਲ੍ਹੇ ਵਿਚ ਦੱਬੀ ਅੱਗ ਸਵੇਰੇ ਬਾਲਣੀ ਵਗੈਰਾ ਘਰ ਦੀਆਂ ਔਰਤਾਂ ਦੇ ਹਿੱਸੇ ਸਨ। ਇਹ ਹੀ ਕੰਮ ਧੀ ਸਿੱਖਦੀ ਸੀ। ਇਸ ਨਾਲ ਉਸ ਦੇ ਸਮਾਜੀਕਰਨ ਦਾ ਮੁੱਢ ਬੱਝਦਾ ਸੀ। ਘਰ ਦੀਆਂ ਸੁਆਣੀਆਂ ਹਾਲੀ ਅਤੇ ਪਾਲੀ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਸਾਂਝੇ ਪਰਿਵਾਰ ਦੇ ਕੰਮਾਂ ਬਾਰੇ ਵਾਰਿਸ਼ ਸ਼ਾਹ ਨੇ ਇਹ ਨਜ਼ਾਰਾ ਇਉਂ ਪੇਸ਼ ਕੀਤਾ ਹੈ:

ਚਿੜੀ ਚੂਹਕਦੀ ਨਾਲ ਉਠ ਤੁਰੇ ਪਾਂਧੀ
ਪਾਈਆਂ ਦੁੱਧ ਵਿਚ ਮਧਾਣੀਆਂ ਨੀ।
ਸੁਬਾ ਸਾਦਕ ਹੋਈ ਜਦੋਂ ਆਣ ਰੋਸ਼ਨ
ਤਦੋਂ ਚਾਲੀਆਂ ਆਣ ਚਿਚਲਾਣੀਆਂ ਨੀ।
ਇਕਨਾਂ ਉਠ ਕੇ ਰਿੜਕਣਾ ਪਾ ਦਿੱਤਾ
ਕਿ ਇਕ ਧੋਂਦੀਆਂ ਫਿਰਨ ਮਧਾਣੀਆਂ ਨੀ।
ਇਕ ਉਠ ਕੇ ਹਲੀਂ ਤਿਆਰ ਹੋਏ
ਇਕ ਢੂੰਡਦੇ ਫਿਰਨ ਪਰਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ
ਸੀਆਂ ਭੋਇੰ ਨੂੰ ਜਿਹਨਾਂ ਨੇ ਲਾਣੀਆਂ ਨੀ।
ਘਰ ਬਾਰ ਨਾ ਚੱਕੀਆਂ ਝੋਤੀਆਂ ਨੇ
ਜਿਹਨਾਂ ਤੌਣਾਂ ਗੁਨ੍ਹੇ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ
ਸਾਰਾ ਚਰਖੇ ਡਾਹੁੰਦੀਆਂ ਉਠਣ ਸੁਆਣੀਆਂ ਨੀ।


ਮਿੱਤਰ ਨੂੰ ਆਸ ਅਤੇ ਦੁਸ਼ਮਣ ਨੂੰ ਭੈਅ ਵੀ ਸਾਂਝੇ ਪਰਿਵਾਰ ਵਿਚ ਸੀ। ਖੂੰਡੇ ਵਾਲਾ ਸਰਦਾਰ ਜਿਸ ਦਾ ਘਰ ਵਿਚ ਸਤਿਕਾਰ ਹੁੰਦਾ ਸੀ, ਉਸ ਤੋਂ ਸਾਰਾ ਪਰਿਵਾਰ ਡਰਦਾ ਸੀ। ਖੰਘੂਰਾ ਮਾਰ ਕੇ ਉਸ ਨੂੰ ਘਰ ਵੜਨਾ ਪੈਂਦਾ ਸੀ। ਬਜ਼ੁਰਗ ਮੁਖੀ ਘਰ ਦਾ ਸ਼ਿੰਗਾਰ ਅਤੇ ਜਿੰਦਰਾ ਸਮਝਿਆ ਜਾਂਦਾ ਸੀ। ਇਸ ਦੀ ਮਿਸਾਲ ਕਾਵਿ ਸਤਰਾਂ ਵਿਚ ਜਿਊਂਦੀ:

ਵਿਹੜੇ ਵੜਦਾ ਖਬਰ ਨਹੀਂ ਕਰਦਾ
ਬਾਪੂ ਗਲ ਟੱਲ ਪਾ ਦਿਉ।

ਪਰ ਅੱਜ ਛੋਟੇ ਪਰਿਵਾਰ ਹੋਣ ਕਰਕੇ ਕਿਸੇ ਕੋਲ ਸਮਾਂ ਨਹੀਂ ਹੈ। ਇਸ ਲਈ ਸਮਾਜਕ ਝੰਜਟ ਵੀ ਖੜ੍ਹੇ ਹੋਏ ਹਨ। ਸਾਂਝਾ ਪਰਿਵਾਰ ਸਮੁੱਚੀ ਏਕਤਾ ਵਿਚ ਬਲ ਦਾ ਪ੍ਰਤੀਕ ਹੈ। ਸਾਂਝੇ ਪਰਿਵਾਰ ਵਿਚ ਦੋ ਚਾਰ ਮੈਂਬਰ ਘਰ ਰਹਿੰਦੇ ਸਨ ਜਿਸ ਨਾਲ ਘਰ ਦੀ ਸੁਰੱਖਿਆ ਯਕੀਨੀ ਰਹਿੰਦੀ ਸੀ। ਘਰ ਦਾ ਇਕ ਮੈਂਬਰ ਬੱਚੇ ਸਾਂਭਦਾ, ਦੂਜੇ ਨੇ ਘਰ ਦੇ ਕੰਮ ਕਾਰ ਕਰ ਲੈਣੇ, ਤੀਜੇ ਨੇ ਪਸ਼ੂ ਸਾਂਭ ਲੈਣੇ। ਤਰਤੀਬ ਅਨੁਸਾਰ ਸਾਰਾ ਦਿਨ ਸੁੱਖੀਂ ਸਾਂਦੀ, ਖੁਸ਼ੀ-ਖੁਸ਼ੀ ਨਾਲ ਗੁਜ਼ਰ ਜਾਂਦਾ ਸੀ। ਘਰ ਵਿਚ ਬਰਕਤ ਹੁੰਦੀ ਰਹਿੰਦੀ ਸੀ। ਸਾਂਝੇ ਰੂਪ ਵਿਚ ਘਰ ਦੀ ਤਰੱਕੀ ਹੁੰਦੀ ਰਹਿੰਦੀ ਸੀ। ਕੋਈ ਵੀ ਕਿਸੇ ਤੇ ਬੋਝ ਨਹੀਂ ਬਣਦਾ ਸੀ। ਸਭ ਤੋਂ ਵੱਡਾ ਗੁਣ ਕਿਸੇ ਵਿਚ ਵੀ ਮੇਰ-ਤੇਰ ਦੀ ਭਾਵਨਾ ਨਹੀਂ ਹੁੰਦੀ ਸੀ।

ਕਿਸਾਨ ਨੇ ਵਿਰਸੇ ਨੂੰ ਪੱਛਮੀਕਰਨ ਅਤੇ ਸਾਂਝੇ ਪਰਿਵਾਰਾਂ ਨੂੰ ਸਮੇਂ ਦੀ ਚਾਲ ਦੇ ਹਾਣੀ ਬਣਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਨਾ ਇੱਧਰ ਦੇ ਨਾ ਉਧਰ ਦੇ ਰਹੇ। ਲਾਲਚ, ਈਰਖਾ ਅਤੇ ਸਮਾਜੀਕਰਨ ਦੀ ਘਾਟ ਨੇ ਸਾਂਝੇ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ। ਚੋਰ ਸੁਭਾਅ ਨੇ ਸਾਂਝੇ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਇਸ ਨਾਲ ਵਿਰਸੇ ਅਤੇ ਸੱਭਿਆਚਾਰ ਨੂੰ ਗ੍ਰਹਿਣ ਲੱਗਣ ਦੇ ਨਾਲ ਕਿਸਾਨੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਸੁਰੱਖਿਆ ਅਤੇ ਤਣਾਅ ਵਧਿਆ ਹੈ। ਮੁੱਕਦੀ ਗੱਲ ਇਹ ਹੈ ਕਿ ਸਾਡੇ ਵਿਰਸੇ ਵਿਚੋਂ ਟੁੱਟੇ ਸਾਂਝੇ ਪਰਿਵਾਰਾਂ ਨੇ ਸ਼ਾਨਾਂਮਈ ਵਿਰਸੇ, ਸਭਿਆਚਾਰ, ਖੁਸ਼ਹਾਲੀ ਅਤੇ ਕਿਸਾਨੀ ਨੂੰ ਮੈਲਾ ਕੀਤਾ ਹੈ। ਅਗਲੀ ਪੀੜ੍ਹੀ ਸਾਂਝੇ ਪਰਿਵਾਰਾਂ ਪ੍ਰਤੀ, ਕਿਸਾਨੀ ਪਿਛੋਕੜ ਪ੍ਰਤੀ ਅਤੇ ਵਿਰਸੇ ਬਾਰੇ ਹੈਰਾਨੀ ਪ੍ਰਗਟ ਕਰਦੀ ਹੋਈ, ਇਨ੍ਹਾਂ ਬਾਰੇ ਸਾਹਿਤ ਵਿਚ ਪੜ੍ਹਿਆ ਕਰੇਗੀ।





# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-480



**ਕੁਦਰਤ ਦੇ ਰੰਗ ਦੇਖੋ ਕਿੱਦਾਂ ਰੰਗ ਭਰੇ ਨੇ ਬਹਿ ਕੇ।**
**ਪੰਛੀ ਕਰਦੇ ਪਏ ਕਲੋਲਾਂ ਇਕ-ਦੂਜੇ ਸੰਗ ਖਹਿ ਕੇ।**
**ਦੂਜੇ ਪਾਸੇ ਬੰਦਾ ਆਪਣੇ ਰੰਗ ਉਡਾਈ ਜਾਵੇ,**
**ਦੂਰ-ਦੂਰ ਹੀ ਹੁੰਦਾ ਜਾਵੇ ਨੇੜੇ-ਨੇੜੇ ਰਹਿ ਕੇ।**

## ਕੈਪਸ਼ਨ ਮੁਕਾਬਲਾ-478



ਸਜੇ ਸਜਾਏ ਆ ਜਾਨੇ ਆਂ
ਦਿਨ ਖੁਸ਼ੀਆਂ ਦਾ ਜਦ ਵੀ ਆਵੇ।
ਸਾਡੇ ਆਇਆਂ ਰੌਣਕ ਲੱਗਦੀ
ਕੋਈ ਨੱਚੇ ਤੇ ਕੋਈ ਗਾਵੇ।
ਹੱਸਦੀ ਵੱਸਦੀ ਰਹੇ ਇਹ ਦੁਨੀਆਂ
ਨਜ਼ਰ ਨਾ ਕੋਈ ਇਹਨੂੰ ਲਾਵੇ।
*-ਜਗਮੀਤ ਸਿੰਘ ਪੰਧੇਰ*

---

ਕੋਵਿਡ-19 ਦੇ ਸਿਆਪੇ
ਨਾ ਬੈਂਡ ਵੱਜਣ ਨਾ ਵਾਜੇ
ਵਿਆਹਾਂ ਦਾ ਮੰਦਾ ਆਇਆ
ਬੰਦ ਹੋ ਗਏ ਸਭ ਦਰਵਾਜ਼ੇ
ਸਾਈ ਨਾ ਕੋਈ ਆਉਂਦੀ
ਨਾ ਹੋਵਣ ਰੰਗ ਤਮਾਸ਼ੇ
ਮੁੜ ਪੈਰੀਂ ਉਦੋਂ ਹੋਵਾਂਗੇ
ਜਦੋਂ ਖੜਕੇ ਢੋਲ ਢਮਾਕੇ।
*-ਕਲਵੰਤ ਸਿੰਘ ਸਹੋਤਾ, ਕੈਨੇਡਾ*

---

ਕਰੋਨੇ ਦਾ ਭੂਤ ਵਾਰ ਵਾਰ ਗੇੜਾ ਲਾਵੇ
ਕਮਜ਼ੋਰ ਦਿਲਾਂ ਨੂੰ ਖੂਬ ਡਰਾਉਂਦਾ।
ਵਿਆਹਾਂ 'ਤੇ ਜੋ ਡਾਰਾਂ ਬੰਨ ਬੰਨ ਸੀ ਆਉਂਦੇ
ਹੁਣ ਨਾ ਕੋਈ ਮੁਖੜਾ ਦਿਖਾਉਂਦਾ।
ਬੈਂਡ-ਵਾਜੇ ਦਾ ਦਲ ਬਰਾਤੋਂ ਹੁੰਦਾ ਸੀ ਵੱਡਾ
ਬੇਕਾਰ ਬੱਘੀ ਹੁਣ ਸਿਆਸੀ ਯਾਤਰਾ 'ਤੇ ਜਾਂਦੀ।
ਲਾੜੇ ਦਾ ਪਰਿਵਾਰ ਤੇ ਇਕ ਪੀਪਨੀ ਵਾਲਾ
ਸਾਈਕਲ 'ਤੇ ਬਿਠਾ ਕੇ ਲਾੜੀ ਲਿਆਂਦੀ।
*-ਅਮਜਰੀਤ ਸਿੰਘ ਤੂਰ*

---

ਜੇਬ ਖਾਲੀ, ਸੁਭਾਵਿਕ ਹੈ ਪੇਟ ਖਾਲੀ।
ਇੰਦਰਾ ਗਾਂਧੀ ਕਹਿੰਦੀ ਹੁੰਦੀ ਸੀ,
"ਕਰਨੀ ਜੀ ਤੁਸਾਂ ਕੀ ਰੋਟੀ
ਖਾਓ ਮਾਸ ਤੇ ਬੋਟੀ।"
ਬੋਲੋ ਜੈ ਸ੍ਰੀ ਰਾਮ, ਥਾਲੀਆਂ ਖੜਕਾਓ।
ਲੈ ਵਾਜੇ ਦੋਸਤਾਂ ਸੁਰ-ਤਾਲ ਮਿਲਾਈ।
ਸੰਗੀਤ ਰੂਹ ਦੀ ਖੁਰਾਕ ਹੁੰਦਾ
ਜੋ ਝੰਜੋੜ ਦਿੰਦਾ ਰਗਾਂ ਨੂੰ।
*-ਦਰਸ਼ਨਪਾਲ ਦੋਸਾਂਝ*

---

ਚੰਦਰੇ ਕਰੋਨਾ ਨੇ ਖੋਹ ਲਏ ਸਭ ਰੁਜ਼ਗਾਰ,
ਵਿਹਲੇ ਹੋਏ ਵਾਜੇ ਵਾਲੇ ਡੀ.ਜੇ. ਸਣੇ ਨਚਾਰ
ਪੈਲੇਸ ਭਾਂ ਭਾਂ ਕਰਦੇ ਖਾਲੀ ਤੇ ਖੁਆਰ,
ਵਾਧੂ ਖਰਚੇ ਸ਼ਾਨੋ ਸ਼ੌਕਤ ਐਵੇਂ ਸੀ ਬੇਸ਼ੁਮਾਰ
*-ਸੇਵਾ ਸਿੰਘ ਨੂਰਪੁਰੀ*

---

ਮੇਲ ਵਗੈਰ ਵਿਆਹ ਨਾ ਸੋਂਹਦੇ,
ਵਾਜੇ ਵਾਲਿਆਂ ਦੀ ਵੀ ਟੀਮ ਅਧੂਰੀ।
ਕਰੋਨਾ ਭੈੜਾ ਖਹਿੜੇ ਪੈ ਗਿਆ,
ਹੱਥ ਘੁੱਟਣ ਦੀ ਬਣੀ ਮਜਬੂਰੀ।
ਕਬੀਲਦਾਰੀ ਦੇ ਕੰਮ ਨਜਿੱਠਣੇ,
ਭਾਵੇਂ ਰੀਝ ਨਾ ਹੋਵੇ ਪੂਰੀ।
*-ਦਵਿੰਦਰ ਕੌਰ*

---

ਫੋਟੋ ਵਿਚ ਸਾਫ ਦੇਵੇ ਦਿਖਾਈ
ਕਰੋਨਾ ਨੇ ਇਨ੍ਹਾਂ ਦੀ ਵੀ ਭੂਤਨੀ ਭੁਲਾਈ।
ਖੁਸ਼ੀਆਂ ਗਈਆਂ ਖੰਭ ਲਾ ਕੇ ਉਡ
ਮੁੜ ਕਦੋਂ ਖੁਸ਼ੀਆਂ ਦਾ ਬੱਝੂ ਮੁੱਢ।
ਘਰ ਘਰ ਕਰੋਨਾ ਨੇ ਪਾਈ ਹਾਲ ਦੁਹਾਈ,
ਨਾ ਪਹਿਲਾਂ ਵਾਂਗ ਵਿਆਹ ਸ਼ਾਦੀਆਂ
ਨਾ ਹੁਣ ਹੋਵੇ ਉਵੇਂ ਕੁੜਮਾਈ।
ਸਾਦਾ ਕਰਦੇ ਵਿਆਹ ਸਾਰੇ
ਵਾਜੇ ਵਾਲੇ ਕੀ ਕਰਨ ਬੇਚਾਰੇ!
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਸਿੱਖੀ ਦੀ ਆਨ ਤੇ ਸ਼ਾਨ 'ਦਸਤਾਰ'

ਦਸਤਾਰ ਦੀ ਦਾਸਤਾਨ ਬਹੁਤ ਪੁਰਾਣੀ, ਪੇਚੀਦਾ ਅਤੇ ਗੌਰਵਮਈ ਵੀ ਹੈ। ਇਹ ਭੇਦ-ਭਰੀ ਤੇ ਨਿਵੇਕਲੀ ਵੀ ਹੈ। ਮਨੁੱਖੀ ਲਿਬਾਸ ਦਾ ਸ਼ਾਇਦ ਹੀ ਕੋਈ ਹੋਰ ਬਸਤਰ ਏਨੀ ਧਾਰਮਿਕ, ਇਤਿਹਾਸਕ, ਸਮਾਜਿਕ, ਮਨੋਵਿਗਿਆਨਕ ਮਹੱਤਤਾ ਰੱਖਦਾ ਹੋਵੇ! ਸ਼ਾਇਦ ਹੀ ਕਿਸੇ ਹੋਰ ਲਿਬਾਸ ਦੇ ਏਨੇ ਨਾਂ ਹੋਣ, ਏਨੇ ਪਹਿਨਣ ਦੇ ਢੰਗ ਹੋਣ, ਏਨੇ ਸੰਕੇਤਰ ਅਰਥ ਹੋਣ ਜਾਂ ਕਿਸੇ ਲਿਬਾਸ ਨੂੰ ਜਿੰਦਾ ਰਹਿਣ ਲਈ ਏਨਾ ਸੰਘਰਸ਼ ਕਰਨਾ ਪਿਆ ਹੋਵੇ!



'ਦਸਤਾਰ' ਫਾਰਸੀ ਦਾ ਲਫਜ਼ ਹੈ, ਜਿਸ ਦਾ ਭਾਵ ਹੈ-ਹੱਥਾਂ ਨਾਲ ਸੰਵਾਰ ਕੇ ਬੰਨ੍ਹਿਆ ਹੋਇਆ ਬਸਤਰ। ਇਸ ਨੂੰ ਅੰਗਰੇਜ਼ੀ

**ਜਸਕੀਰਤ ਸਿੰਘ ਮੰਡੀ ਗੋਬਿੰਦਗੜ੍ਹ**
**ਫੋਨ: 91-98889-49201**

ਜਾਂ ਜਰਮਨ ਵਿਚ 'ਟਰਬਨ', ਫਰੈਂਚ ਵਿਚ 'ਟਲਬੈਂਡ'; ਇਤਾਲਵੀ, ਸਪੇਨੀ ਤੇ ਪੁਰਤਗਾਲੀ ਵਿਚ 'ਟਰਬੈਂਟੇ'; ਡੈਚ ਵਿਚ 'ਟਲਬਰਜ਼', ਰੋਮਾਨੀ ਵਿਚ 'ਟੁਲੀਪਨ', ਲਾਤੀਨੀ ਵਿਚ 'ਮਾਈਟਰ' ਅਤੇ ਤੁਰਕੀ ਵਿਚ 'ਸਾਰੀਕ' ਕਿਹਾ ਜਾਂਦਾ ਹੈ। ਦਸਤਾਰ ਕਿਸੇ ਨਾ ਕਿਸੇ ਰੂਪ ਅਤੇ ਕਾਲ ਵਿਚ ਈਸਾਈਆਂ, ਯਹੂਦੀਆਂ, ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਸਿਰਾਂ ਦਾ ਸ਼ਿੰਗਾਰ ਰਹੀ ਹੈ ਅਤੇ ਅੱਜ ਵੀ ਹੈ।

ਦਸਤਾਰ ਕਦੋਂ ਤੇ ਕਿਵੇਂ ਸੰਸਾਰ ਵਿਚ ਸ਼ੁਰੂ ਹੋਈ, ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ? ਅਰਬ ਅਤੇ ਇਰਾਨ ਦੇਸ਼ਾਂ ਵਿਚ ਦਸਤਾਰ ਨੂੰ ਖਾਸ ਮੁਕਾਮ ਹਾਸਲ ਰਿਹਾ ਹੈ। ਦਸਤਾਰ ਸੰਸਾਰ ਦਾ ਪੁਰਾਤਨ ਇੱਜਤ ਆਬਰੂ ਪਹਿਰਾਵਾ ਹੁੰਦਾ ਹੋਵੇਗਾ, ਜੋ ਮਨੁੱਖ ਦੇ ਜਾਹੋ-ਜਲਾਲ ਦੇ ਚਿੰਨ੍ਹ ਵਜੋਂ ਪੀੜ੍ਹੀਆਂ-ਦਰ-ਪੀੜ੍ਹੀਆਂ ਸਾਡੇ ਤਕ ਪੁੱਜਾ ਹੈ।

ਕੇਸਾਧਾਰੀ ਰਹਿਣਾ ਪੁਰਾਤਨ ਕਾਲ ਤੋਂ ਨੇਕ ਅਤੇ ਮਹਾਨ ਵਿਅਕਤੀਆਂ ਦੀ ਮਰਿਆਦਾ ਰਹੀ ਹੈ। ਕੇਸਾਂ ਦੀ ਸੰਭਾਲ ਕਰਨ ਲਈ ਦਸਤਾਰਾਂ ਦੇ ਨਵੇਂ-ਨਵੇਂ ਰੂਪ ਧਾਰ ਕੇ, ਸਿਰ 'ਤੇ ਸਜਾ ਕੇ ਹਰ ਇਕ ਵਿਅਕਤੀ ਮਾਣ ਮਹਿਸੂਸ ਕਰਦਾ ਆਇਆ ਹੈ। ਪੁਰਾਤਨ ਸਮੇਂ ਵਿਚ ਜੇ ਕਿਸੇ ਵਿਅਕਤੀ ਨੂੰ ਨੀਵਾਂ ਕਰਨਾ ਹੋਵੇ ਜਾਂ ਕਿਸੇ ਨੂੰ ਡੂੰਘੀ ਸੱਟ ਮਾਰਨੀ ਹੁੰਦੀ ਸੀ ਤਾਂ ਰਾਜੇ-ਮਹਾਰਾਜੇ ਉਸ ਵਿਅਕਤੀ ਦੀ ਦਸਤਾਰ ਉਤਾਰ ਉਸ ਦੇ ਕੇਸ ਕਤਲ ਕਰ ਦਿੰਦੇ ਸਨ; ਕਿਉਂਕਿ ਕੇਸ ਕਤਲ ਕਰਨਾ ਗੁਲਾਮੀ ਦਾ ਚਿੰਨ੍ਹ ਹੈ।

ਇਕ ਨੰਦ ਰਾਜਾ ਉਘੇ ਪ੍ਰਤਾਪ ਦਾ ਮਾਲਕ ਸੀ। ਉਸ ਨੇ ਛੋਟੇ-ਮੋਟੇ ਰਾਜਿਆਂ ਨੂੰ ਜਿੱਤ ਕੇ ਉਨ੍ਹਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ, ਪਰ ਨੰਦ ਰਾਜਾ ਅੰਦਰੋਂ-ਅੰਦਰੀ ਬਹੁਤ ਡਰਦਾ ਸੀ ਕਿ ਕਿਤੇ ਇਹ ਸਾਰੇ ਰਾਜੇ ਮਿਲ ਕੇ ਉਸ ਦੇ ਖਿਲਾਫ ਬਗਾਵਤ ਨਾ ਕਰ ਦੇਣ। ਅੰਤ ਨੰਦ ਰਾਜੇ ਨੇ ਆਪਣੇ ਵਜ਼ੀਰਾਂ ਨਾਲ ਮਿਲ ਕੇ ਸਲਾਹ ਕੀਤੀ ਕਿ ਇਨ੍ਹਾਂ ਦੀ ਤਾਕਤ ਨੂੰ ਕਿਵੇਂ ਖਤਮ ਕੀਤਾ ਜਾਵੇ! ਆਖਿਰ ਸਾਰੇ ਵਜ਼ੀਰਾਂ ਨੇ ਇਹ ਸਲਾਹ ਕੀਤੀ ਕਿ ਉਨ੍ਹਾਂ ਰਾਜਿਆਂ ਦੇ ਕੇਸ ਕਤਲ ਕਰਕੇ ਉਨ੍ਹਾਂ ਨੂੰ ਗੁਲਾਮ ਬਣਾ ਲਿਆ ਜਾਵੇ।

ਸਿੱਖ ਧਰਮ ਵਿਚ ਦਸਤਾਰ ਦੇ ਸਤਿਕਾਰ ਦੀ ਕਹਾਣੀ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਕੇਸਾਂ ਦਾ ਸਤਿਕਾਰ ਕਰਦਿਆਂ ਸਿਰ 'ਤੇ ਦਸਤਾਰ ਸਜਾਉਂਦੇ ਸਨ।



ਕੁਝ ਲੋਕਾਂ ਦਾ ਇਹ ਮੱਤ ਵੀ ਠੀਕ ਜਾਪਦਾ ਹੈ ਕਿ 'ਪੱਗ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਪਕ' ਤੋਂ ਨਿਕਲਿਆ ਲੱਗਦਾ ਹੈ। 'ਪਕ' ਸ਼ਬਦ ਵਾਲਾਂ ਦੇ ਚਿੱਟੇ ਹੋਣ ਅਤੇ ਸਿਆਣੀ ਉਮਰ ਲਈ ਵਰਤਿਆ ਜਾਂਦਾ ਹੈ।

ਈਸਾਈ ਧਰਮ ਦੀ ਧਾਰਮਿਕ ਪੁਸਤਕ 'ਬਾਈਬਲ' ਵਿਚ ਪੱਗ ਬੰਨ੍ਹਣ ਦਾ ਜ਼ਿਕਰ ਅਨੇਕਾਂ ਵਾਰ ਆਉਂਦਾ ਹੈ। ਪੱਗ ਬਾਈਬਲ ਅਨੁਸਾਰ ਯਹੂਦੀ ਪਾਦਰੀਆਂ ਦੀ ਯੂਨੀਫਾਰਮ ਦਾ ਇਕ ਅਹਿਮ ਹਿੱਸਾ ਸੀ, ਜੋ ਰਾਜ ਗੱਦੀ ਅਤੇ ਹੋਰ ਅਜਿਹੀਆਂ ਰਸਮਾਂ ਸਮੇਂ ਬੰਨ੍ਹਣੀ ਲਾਜ਼ਮੀ ਸੀ। ਪੱਗ ਬਾਈਬਲ ਦੇ ਜ਼ਮਾਨੇ ਵਿਚ ਵੀ ਤਾਕਤ, ਜਵਾਨੀ, ਸ਼ੌਕੀਨੀ ਅਤੇ ਸੁੰਦਰਤਾ ਦਾ ਪ੍ਰਤੀਕ ਮੰਨੀ ਜਾਂਦੀ ਸੀ।

ਇਸਲਾਮ ਧਰਮ ਵਿਚ ਪੱਗ ਨੂੰ ਹੋਰ ਵੀ ਉਚੇਰਾ ਤੇ ਮਹੱਤਵਪੂਰਨ ਮੁਕਾਮ ਹਾਸਲ ਹੈ। ਪੈਗੰਬਰ ਮੁਹੰਮਦ ਸਾਹਿਬ ਦੇ ਆਪ ਪੱਗ ਬੰਨ੍ਹਣ ਬਾਰੇ ਕਈ ਹਦੀਸਾਂ ਵਿਚ ਜ਼ਿਕਰ ਹੈ। ਕਈ ਹਦੀਸਾਂ ਅਨੁਸਾਰ ਉਨ੍ਹਾਂ ਖੁਦ ਇਹ ਫੁਰਮਾਨ ਕੀਤਾ ਕਿ ਮੁਸਲਮਾਨ ਪੱਗ ਬੰਨ੍ਹਣ। ਉਨ੍ਹਾਂ ਕਿਹਾ ਕਿ ਫਰਿਸ਼ਤੇ ਵੀ ਪੱਗ ਬੰਨ੍ਹਦੇ ਹਨ। ਪੱਗ ਸਿਰ ਦਾ ਬਚਾਅ ਕਰਦੀ ਹੈ ਤੇ ਚਿਹਰੇ ਨੂੰ ਸੁੰਦਰਤਾ ਬਖਸ਼ਦੀ ਹੈ।

"ਪੱਗ ਬੰਨ੍ਹਣ ਦੀ ਆਦਤ ਬਣਾਓ, ਕਿਉਂਕਿ ਇਹ ਫਰਿਸ਼ਤਿਆਂ ਦੀ ਨਿਸ਼ਾਨੀ ਹੈ...।"

ਭਾਵੇਂ ਮੁਸਲਮਾਨਾਂ ਵਿਚ ਪੱਗ ਬੰਨ੍ਹਣ ਲਈ ਖੁਦ ਪੈਗੰਬਰ ਵਲੋਂ ਕਿਹਾ ਗਿਆ ਹੈ ਅਤੇ ਮੁਹੰਮਦ ਸਾਹਿਬ ਖੁਦ ਵੀ ਪੱਗ ਬੰਨ੍ਹਦੇ ਸਨ, ਪਰ ਪੱਗ ਬੰਨ੍ਹਣਾ ਇਕ ਲਾਜ਼ਮੀ ਫਰਜ਼ ਕਦੇ ਵੀ ਨਾ ਬਣ ਸਕਿਆ। ਸਿੱਖ ਧਰਮ ਵਿਚ ਕੁਦਰਤ ਵਲੋਂ ਬਖਸ਼ੇ ਵਾਲਾਂ ਨੂੰ ਹਮੇਸ਼ਾ ਸਾਬਤ-ਸੂਰਤ ਰੱਖਣ ਦੇ ਹੁਕਮ ਨੇ ਸਿੱਖਾਂ ਨੂੰ 'ਦਸਤਾਰ' ਸਿਰਾਂ 'ਤੇ ਬੰਨ੍ਹਣਾ ਲਾਜ਼ਮੀ ਕਰ ਦਿੱਤਾ। ਹਾਲਾਂਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਸਾਰੇ ਸਿੱਖ ਗੁਰੂ ਸਾਹਿਬਾਨ ਦਸਤਾਰ ਸਜਾਉਂਦੇ ਤੇ ਕੇਸ ਵੀ ਰੱਖਦੇ ਸਨ ਅਤੇ ਬਹੁਤ ਸਾਰੇ ਸਿੱਖ ਵੀ ਅਜਿਹਾ ਹੀ ਕਰਦੇ ਸਨ; ਪਰ 1699 ਦੀ ਵਿਸਾਖੀ ਨੂੰ ਹੋਏ ਫੁਰਮਾਨ ਨੇ ਕੇਸਾਂ ਅਤੇ ਦਸਤਾਰ ਨੂੰ ਸਿੱਖੀ ਸਰੂਪ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ।

ਪੱਗ ਨੂੰ ਫਾਰਸੀ ਵਿਚ "ਸਾਫਾ, ਪੱਗੜੀ ਅਤੇ ਦਸਤਾਰ' ਵੀ ਆਖਿਆ ਜਾਂਦਾ ਹੈ। ਫਾਰਸੀ ਵਿਚ 'ਦੁਲਬੰਦ', ਤੁਰਕੀ ਵਿਚ 'ਤਾਰਬੁਸ਼' ਆਖਿਆ ਜਾਂਦਾ ਹੈ। ਅਸਲ ਵਿਚ ਪੰਜਾਬੀ ਦਾ ਸ਼ਬਦ ਦਸਤਾਰ 'ਦੁਲਬੰਦ' ਤੋਂ ਅਤੇ ਦੁਲਬੰਦ 'ਤਾਰਬੁਸ਼' ਤੋਂ ਪੈਦਾ ਹੋਇਆ ਹੈ। ਪੁਰਾਣੇ ਸਮੇਂ ਵਿਚ ਨੰਗੇ ਸਿਰ ਵਾਲੇ ਨੂੰ ਮਾੜਾ ਸਮਝਿਆ ਜਾਂਦਾ ਸੀ, ਜਿਸ ਦਾ ਪ੍ਰਮਾਣ ਭਾਈ ਗੁਰਦਾਸ ਜੀ ਦੀ ਬੱਤੀਵੀਂ ਵਾਰ ਵਿਚੋਂ ਮਿਲਦਾ ਹੈ। ਸਾਡੇ ਦੇਸ਼ ਵਿਚ ਸਿਰ ਦੀ ਰਾਖੀ ਲਈ ਪੱਗ ਬੰਨ੍ਹੀ ਜਾਂਦੀ ਸੀ। ਟੋਪੀ ਦੀ ਵਰਤੋਂ ਵੀ ਸਿਰ ਢਕਣ ਲਈ ਕੀਤੀ ਜਾਂਦੀ ਸੀ। ਬਾਵਾ ਬੁੱਧ ਸਿੰਘ, ਜੋ ਪੰਜਾਬੀ ਦੇ ਪ੍ਰਸਿੱਧ ਲੇਖਕ ਸਨ, ਨੇ ਆਪਣੀ ਪੁਸਤਕ 'ਬੰਬੀਹਾ ਬੋਲ' ਵਿਚ ਟੋਪੀ ਨੂੰ ਗੁਲਾਮੀ ਦੀ ਨਿਸ਼ਾਨੀ ਦੱਸਿਆ ਹੈ।

ਸਿੱਖ ਧਰਮ ਵਿਚ ਦਸਤਾਰ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋ ਗਈ ਸੀ। ਪੁਰਾਤਨ ਸਾਹਿਤ ਇਸ ਦਾ ਪਤਾ ਦਿੰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਬਹੁਤ ਸੁੰਦਰ ਦਸਤਾਰ ਸਜਾਉਂਦੇ ਸਨ ਅਤੇ ਉਨ੍ਹਾਂ ਤੋਂ ਮਗਰੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਨੇ ਸ਼ਾਹੀ ਠਾਠ-ਬਾਠ ਵਾਲਾ ਪਹਿਰਾਵਾ ਧਾਰਨ ਕੀਤਾ ਤੇ ਦਸਤਾਰ ਵੀ ਸਜਾਈ, ਕਿਉਂਕਿ ਇਹ ਗੁਰੂ ਦੀ ਗੱਦੀ ਰੱਬੀ ਬਾਦਸ਼ਾਹਤ ਸੀ। ਦਸਮ ਪਾਤਸ਼ਾਹ ਨੇ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਖਾਲਸਾ ਬਣਾਇਆ ਤੇ ਕੇਸਾਂ ਦੀ ਸਾਂਭ-ਸੰਭਾਲ ਲਈ ਦਸਤਾਰ ਲਾਜ਼ਮੀ ਕਰ ਦਿੱਤੀ।

ਪੰਜਾਬੀ ਸਾਹਿਤ ਦੇ ਮਹਾਨ ਲੇਖਕ ਗਿਆਨੀ ਸੋਹਣ ਸਿੰਘ ਸੀਤਲ ਦੀ ਪੁਸਤਕ 'ਸਿੱਖ ਰਾਜ ਕਿਵੇਂ ਗਿਆ' ਵਿਚ ਸਾਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਾਰੇ ਬਹੁਤ ਕੁਝ ਪੜ੍ਹਨ ਨੂੰ ਮਿਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਵੀ 'ਪਗੜੀ ਸੰਭਾਲ' ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਸਨ। ਉਸ ਸਮੇਂ ਪਗੜੀ ਇੱਜਤ-ਆਬਰੂ ਦੀ ਨੁਹਾਰ ਹੁੰਦੀ ਸੀ। ਇਸ ਦਾ ਮਾਣ-ਸਤਿਕਾਰ ਸਰਕਾਰੇ-ਦਰਬਾਰੇ ਅਤੇ ਸਮਾਜ ਵਿਚ ਹਮੇਸ਼ਾ ਬਣਿਆ ਰਹਿੰਦਾ ਸੀ।

ਮਹਾਰਾਜਾ ਰਣਜੀਤ ਸਿੰਘ ਆਪ ਵੀ ਬਹੁਤ ਸੁੰਦਰ ਦਸਤਾਰ ਸਜਾਉਂਦੇ ਸਨ ਅਤੇ ਦਸਤਾਰ ਬੰਨ੍ਹਣ ਦੇ ਮੁਕਾਬਲੇ ਵੀ ਕਰਵਾਉਂਦੇ ਸਨ। ਸੋਹਣੀ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਵੀ ਦਸਤਾਰ ਦਾ ਉਚ ਸਨਮਾਨ ਕੀਤਾ ਅਤੇ ਇਸ ਨੂੰ ਸਿੱਖੀ ਦੀ ਆਨ-ਸ਼ਾਨ ਬਣਾਈ ਰੱਖਿਆ। ਗੁਰੂ ਗ੍ਰੰਥ ਸਾਹਿਬ ਵਿਚ ਦਸਤਾਰ ਦਾ ਜ਼ਿਕਰ ਇਉਂ ਕੀਤਾ ਮਿਲਦਾ ਹੈ,

ਕਾਇਆ ਕਿਰਦਾਰ ਅਉਰਤ ਯਕੀਨਾ॥
ਰੰਗ ਤਮਾਸੇ ਮਾਣਿ ਹਕੀਨਾ॥

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ॥

ਅੰਤ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਦਸਤਾਰ ਪੰਜਾਬੀਆਂ ਦੇ ਸਭਿਆਚਾਰ ਅਤੇ ਵਿਰਸੇ ਦਾ ਅੰਗ ਹੁੰਦੀ ਹੋਈ ਸ਼ਾਨ ਦਾ ਪ੍ਰਤੀਕ ਹੈ। ਇਹ ਸਿੱਖਾਂ ਲਈ ਜਿੱਥੇ ਖਾਸ ਮਹੱਤਵ ਰੱਖਦੀ ਹੈ, ਉਥੇ ਹੋਰਨਾਂ ਧਰਮਾਂ ਵਿਚ ਵੀ ਇਸ ਦਾ ਆਪਣਾ ਸਥਾਨ ਹੈ। ਅੱਜ ਦੁਨੀਆਂ ਭਰ ਅੰਦਰ ਦਸਤਾਰ ਸਜਾਉਣ ਦੀ ਕਲਾ ਵਿਚ ਸਭ ਤੋਂ ਨਿਪੁੰਨ ਸਿੱਖ ਨੌਜਵਾਨ ਇਸ ਨੂੰ ਬੰਨ੍ਹਦੇ ਹਨ, ਕਿਸੇ ਹੋਰ ਧਰਮਾਂ ਵਿਚ ਇਸ ਤਰ੍ਹਾਂ ਨਹੀਂ ਹੈ। ਸਾਡੀ ਦਸਤਾਰ ਸਾਡੀ ਸਰਦਾਰੀ ਅਤੇ ਸਿੱਖੀ ਦਾ ਪ੍ਰਤੀਕ ਹੈ।



## ਇਨਾਮ ਦੀ ਰਾਸ਼ੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1990 ਵਿਚ ਪ੍ਰੋ. ਹਰਬੰਸ ਸਿੰਘ ਨੂੰ ਸਨਮਾਨਿਤ ਕੀਤਾ। ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਤੇ ਪ੍ਰਕਾਸ਼ ਸਿੰਘ ਬਾਦਲ ਸਾਹਿਬ ਆਏ। ਮਾਣਪੱਤਰ, ਸ਼ਾਲ ਅਤੇ ਸਵਾ ਲੱਖ ਦਾ ਚੈਕ ਅਰਪਣ ਕੀਤਾ। ਪ੍ਰੋਫੈਸਰ ਸਾਹਿਬ ਪੈਸੇ ਨਹੀਂ ਲਿਆ ਕਰਦੇ ਸਨ। ਸਤਿਕਾਰ ਨਾਲ ਚੈਕ ਵਾਪਸ ਕਰ ਦਿੱਤਾ.

ਮੈਂ ਕਿਸੇ ਸੈਮੀਨਾਰ 'ਤੇ ਦਿੱਲੀ ਗਿਆ। ਕੌਮੀ ਏਕਤਾ ਰਿਸਾਲੇ ਵਾਲੇ ਰਾਜਿੰਦਰ ਸਿੰਘ ਭਾਟੀਆ ਮਿਲੇ। ਇਨਾਮ ਸਨਮਾਨ ਬਾਰੇ ਪੁੱਛਣ ਲੱਗੇ। ਮੈਂ ਦੱਸਿਆ ਸਭ ਜਾਣਦੇ ਨੇ ਪ੍ਰੋਫੈਸਰ ਸਾਹਿਬ ਪੈਸੇ ਨਹੀਂ ਲੈਂਦੇ। ਰਾਜਿੰਦਰ ਸਿੰਘ ਭਾਟੀਆ ਕਹਿੰਦੇ, ਤੁਸੀਂ ਸਾਰੇ ਸਿਰੇ ਦੇ ਮੂਰਖ ਹੋ! ਜੇ ਪੱਕਾ ਪਤਾ ਹੈ ਪੈਸੇ ਮੋੜ ਦੇਣਗੇ, ਫਿਰ ਸਵਾ ਕਰੋੜ ਨਾਲ ਸਨਮਾਨਿਤ ਕਰਦੇ।

ਇਹ ਗੱਲ ਤਾਂ ਯਾਦ ਆਈ ਕਿ ਪੰਜਾਬ ਸਰਕਾਰ ਨੇ ਜੋ ਸ਼੍ਰੋਮਣੀ ਸਾਹਿਤਕਾਰਾਂ ਨੂੰ ਪੈਸੇ ਦੇਣੇ ਹੀ ਨਹੀਂ ਸਨ ਤਾਂ ਪੰਜ ਪੰਜ ਲੱਖ ਦਾ ਐਲਾਨ ਕਰਨ ਦੀ ਥਾਂ ਪੰਜ ਪੰਜ ਕਰੋੜ ਦੇਣ ਦਾ ਐਲਾਨ ਕਰਦੀ।

*-ਡਾ. ਹਰਪਾਲ ਸਿੰਘ ਪੰਨੂੰ*
*ਬਠਿੰਡਾ।*

# ਪੰਜਾਬੀ ਯੂਨੀਵਰਸਿਟੀ ਨੂੰ 'ਵੀ. ਸੀ. ਵਰਦਾਨ' ਮੁਬਾਰਕ ਹੋਵੇ!

ਬੇਸ਼ੱਕ ਪੰਜਾਬੀ ਯੂਨੀਵਰਸਿਟੀ ਪਟਿਆਲੇ, ਮਾਲਵੇ ਜਾਂ ਪੰਜਾਬ ਤੱਕ ਸੀਮਤ ਨਹੀਂ ਹੈ, ਪਰ ਮਾਲਵੇ ਵਾਲੇ ਤੇ ਖਾਸ ਤੌਰ ਪਰ ਪਟਿਆਲੇ ਵਾਲਿਆਂ ਲਈ ਇਹ ਬੜੇ ਵੱਡੇ ਮਾਣ ਅਤੇ ਗੌਰਵ ਵਾਲੀ ਸੰਸਥਾ ਹੈ।



ਇਹ ਗੱਲ ਵੱਖਰੀ ਹੈ ਕਿ ਉਸ ਇਲਾਕੇ ਦੇ ਲੋਕ ਅਜਿਹਾ ਸਮਝਦੇ ਹਨ, ਪਰ ਜੇ ਯੂਨੀਵਰਸਿਟੀ ਆਪਣੇ ਆਪ ਨੂੰ ਕਿਸੇ ਸੂਹਿਰ,

**ਅਵਤਾਰ ਸਿੰਘ (ਪ੍ਰੋ.)**
**ਫੋਨ: 91-94175-18384**

ਹਲਕੇ ਜਾਂ ਸੂਬੇ ਤੱਕ ਸੀਮਤ ਕਰ ਲਵੇ ਤਾਂ ਉਹ ਕਦਾਚਿਤ ਯੂਨੀਵਰਸਿਟੀ ਨਹੀਂ ਰਹਿੰਦੀ, ਖੇਡਰਾਂਤ ਬਣ ਜਾਂਦੀ ਹੈ।

ਯੂਨੀਵਰਸਿਟੀ ਸ਼ਬਦ ਦਾ ਮੂਲ ਬੜਾ ਦਿਲਚਸਪ ਹੈ। ਯੂਨੀ ਦਾ ਅਰਥ ਹੈ, 'ਇੱਕ' ਅਤੇ ਵਰਸ ਦਾ ਅਰਥ ਹੈ, 'ਟਰਨ।' ਜਿਵੇਂ ਮਿਸਤਰੀ ਕਿਸੇ ਸਰੀਏ ਦੇ ਵਿੰਗ ਵਲ ਕੱਢ ਕੇ ਸਿੱਧੇ ਡੰਡੇ ਦੀ ਸ਼ਕਲ ਦੇ ਦਿੰਦੇ ਹਨ, ਇਵੇਂ ਯੂਨੀਵਰਸਿਟੀ ਵੀ ਵਿੰਗ ਵਲ ਰਹਿਤ ਇੱਕ ਹੁੰਦੀ ਹੈ। ਅੰਗਰੇਜ਼ੀ ਵਿਚ ਕਹਿੰਦੇ ਹਨ: which is turned into one.

ਯੂਨੀਵਰਸਿਟੀ ਦਾ ਕਾਰਜ ਵੀ ਇਹੀ ਹੈ ਕਿ ਜਿਹੜੀਆਂ ਅਸੀਂ ਗਿਆਨ ਦੇ ਖੇਤਰ ਵਿਚ ਵੰਡੀਆਂ ਪਾਈਆਂ ਹੋਈਆਂ ਹਨ, ਉਨ੍ਹਾਂ ਦੀ ਗਹਿਰਾਈ ਵਿਚ ਉਤਰ ਕੇ ਇੱਕ ਨੂੰ ਪਛਾਣਨਾ।

ਸਰੀਏ ਤੇ ਗਿਆਨ ਵਿਚ ਏਨਾ ਕੁ ਫਰਕ ਹੈ ਕਿ ਸਰੀਏ ਨੂੰ ਮਿਸਤਰੀ ਨੇ ਕੁੱਟ-ਕੱਟ ਕੇ ਇਕ ਕਰਨਾ ਹੁੰਦਾ ਹੈ, ਪਰ ਗਿਆਨ ਨੂੰ ਕੱਟਣਾ ਜਾਂ ਕੁੱਟਣਾ ਨਹੀਂ ਹੁੰਦਾ, ਸਗੋਂ ਉਹਦੇ ਵਿਚੋਂ ਸਿਰਫ ਇੱਕ ਪਛਾਣਨਾ ਹੁੰਦਾ ਹੈ। ਇਹ ਨਹੀਂ ਕਿ ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗ ਢਾਹ ਕੇ ਇੱਕ ਕਰਨੇ ਹੁੰਦੇ ਹਨ, ਸਗੋਂ ਉਨ੍ਹਾਂ ਵਿਭਾਗਾਂ ਦੀ ਅਨੇਕਤਾ ਵਿਚ ਏਕਤਾ ਦੀ ਤਲਾਸ਼ ਜਾਂ ਸ਼ਨਾਖਤ ਕਰਨਾ ਹੀ ਯੂਨੀਵਰਸਿਟੀ ਦਾ ਅਸਲ ਮਕਸਦ ਹੁੰਦਾ ਅਤੇ ਹੈ, ਜਿਹਨੂੰ ਜਪਾਨੀ ਦਰਸ਼ਨਵੇਤਾ ਨੇ ਕਿਹਾ ਹੈ। ਕਹਿਣ ਨੂੰ ਜੀ ਕਰਦਾ ਹੈ ਕਿ ੴ ਦਾ ਵੀ ਇਹੀ ਅਰਥ ਅਤੇ ਮਨੋਰਥ ਹੈ।

ਪੰਜਾਬੀ ਯੂਨੀਵਰਸਿਟੀ ਦੀ ਪਿਛਲੇ ਸਮੇਂ ਦੀ ਕਾਰਕਰਦਗੀ ਨੇ ਪੰਜਾਬ ਅਤੇ ਪੰਜਾਬੀਆਂ ਨੂੰ ਬੜੀ ਵੱਡੀ ਅਤੇ ਭਾਰੀ ਨਮੋਸ਼ੀ ਦਿੱਤੀ ਹੈ। ਜਿੱਥੇ ਵੀ. ਸੀ. ਲੱਗਣ ਲਈ ਲੋਕ ਲੇਲ੍ਹੜੀਆਂ ਕੱਢਦੇ ਹੋਣ, ਉੱਥੇ ਲੋਕ ਵੀ. ਸੀ. ਲੱਗਣ ਤੋਂ ਟਿੱਭਣ ਲੱਗ ਜਾਣ ਤਾਂ ਇਹਤੋਂ ਵੱਧ ਸ਼ਰਮਿੰਦੀ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਹੈ?

ਹੁਣ ਪੰਜਾਬੀ ਯੂਨੀਵਰਸਿਟੀ ਦਾ ਹਾਲ ਇਸ ਤਰ੍ਹਾਂ ਦਾ ਹੋ ਗਿਆ ਸੀ, ਜਿਵੇਂ ਕੋਈ ਬੁੱਢੀ ਵਿਧਵਾ ਸਵੰਬਰ ਦੀ ਉਡੀਕ ਕਰ ਰਹੀ ਹੋਵੇ ਤੇ ਕੋਈ ਆ ਹੀ ਨਾ ਰਿਹਾ ਹੋਵੇ। ਅਖੀਰ ਇਕ ਹੋਣਹਾਰ ਵਿਦਵਾਨ ਸਵੰਬਰ ਵਿਚ ਨਿੱਤਰਿਆ ਹੈ ਤੇ ਉਹਨੇ




ਇਸ ਬੁੱਢੀ ਵਿਧਵਾ ਅਰਥਾਤ ਪੰਜਾਬੀ ਯੂਨੀਵਰਸਿਟੀ ਨੂੰ ਅਪਨਾ ਲਿਆ ਹੈ। ਇਹਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਸੁਸ਼ੀਲ ਕੰਨਿਆਂ ਨੇ ਇਕ ਲਾਚਾਰ ਅਤੇ ਰੰਡੇ ਬੁੜ੍ਹੇ ਨੂੰ ਵਰ ਲਿਆ ਹੈ।

ਨਵੇਂ ਵੀ. ਸੀ. ਸਾਹਿਬ ਤੋਂ ਉਮੀਦ ਹੈ ਕਿ ਉਹ ਆਪਣੇ ਗਿਆਨ ਨਾਲ ਪੰਜਾਬੀ ਯੂਨੀਵਰਸਿਟੀ ਦਾ ਬੁਢੇਪਾ ਤੇ ਰੰਡੇਪਾ ਦੂਰ ਕਰ ਦੇਣਗੇ ਤੇ ਇਹਨੂੰ ਪਹਿਲ-ਤਾਜ਼ਗੀ ਵਿਚ ਲੈ ਆਉਣਗੇ। ਕਹਿੰਦੇ ਹਨ ਕਿ ਮੁਹੱਬਤ ਵਿਚ ਉਮਰਾਂ ਦੇ ਤਕਾਜ਼ੇ ਵੈਸੇ ਹੀ ਸਿਮਟ ਕੇ ਮਿਟ ਜਾਂਦੇ ਹਨ ਤੇ ਬਾਣੀ ਵਿਚ ਵੀ ਤਾਂ ਆਇਆ ਹੈ: ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥

ਪਰ, ਸਾਡਾ ਗਿਆਨ ਇਸ ਤਰ੍ਹਾਂ ਦਾ ਹੋ ਗਿਆ ਹੈ ਕਿ ਦੁਪਹਿਰੇ ਜਿਹੇ ਪਤਾ ਲੱਗਾ ਕਿ ਕੋਈ ਅਰਵਿੰਦ ਨਾਂ ਦਾ ਸ਼ਖਸ ਪੰਜਾਬੀ ਯੂਨੀਵਰਸਿਟੀ ਦਾ ਵੀ. ਸੀ. ਨਿਯੁਕਤ ਹੋਇਆ ਹੈ।

ਸਾਡੇ ਸਿਰਾਂ ਵਿਚ ਖੁਰਕ ਹੋਣੀ ਸ਼ੁਰੂ ਹੋ ਗਈ ਕਿ ਇਹ ਗੈਰ-ਪੰਜਾਬੀ ਕਿਉਂ ਤੇ ਕਿਵੇਂ ਪੰਜਾਬੀ ਯੂਨੀਵਰਸਿਟੀ ਦਾ ਵੀ. ਸੀ. ਲੱਗ ਗਿਆ? ਢਾਈ ਕੁ ਵਜੇ ਪਤਾ ਲੱਗਾ ਕਿ ਇਹ ਪੰਜਾਬੀ ਹੀ ਹੈ। ਫਿਰ ਕਈ ਤੜਫਣ ਲੱਗੇ ਕਿ ਠੀਕ ਹੈ, ਇਹ ਪੰਜਾਬੀ ਹੈ, ਪਰ ਸਿੱਖ ਕਿਉਂ ਨਹੀਂ ਲਾਇਆ? ਕਿਸੇ ਨੇ ਦੱਸਿਆ ਕਿ ਇਹ ਸਿੱਖ ਹੀ ਹੈ ਤਾਂ ਵੀ ਕਈਆਂ ਨੂੰ ਚੈਨ ਨਾ ਆਈ। ਫਿਰ ਉਹ ਵੀ. ਸੀ. ਸਾਹਿਬ ਦੀ ਜਾਤ-ਗੋਤ ਲੱਭਣ ਲਈ ਲੁੱਛਦੇ ਰਹੇ। ਰਾਤ ਦੇ ਡੇਢ ਵਜੇ ਸਾਡੇ ਸਨਮਾਨਯੋਗ ਭਾਸ਼ਾ ਮਾਹਿਰ ਨੇ ਦੱਸਿਆ ਕਿ ਇਹ ਵੀ. ਸੀ. ਢਿੱਲੋਂ ਗੋਤ ਦਾ ਜੱਟ ਹੈ। ਬਸ ਫਿਰ ਸਾਰੇ ਸ਼ਾਂਤ ਹੋ ਗਏ ਤੇ ਮੁੜ ਕੋਈ ਸਵਾਲ ਨਹੀਂ ਆਇਆ। ਕਿਉਂਕਿ ਆਖਰੀ ਤੇ ਅਸਲ ਸਵਾਲ ਦਾ ਜਵਾਬ ਮਿਲ ਚੁਕਾ ਸੀ।

ਹੈਰਾਨੀ ਦੀ ਗੱਲ ਇਹ ਸੀ ਕਿ ਕਿਸੇ ਨੇ ਵੀ ਵੀ. ਸੀ. ਦੇ ਗਿਆਨ ਅਤੇ ਬੌਧਿਕ ਪੱਧਰ ਦੀ ਛਾਣਬੀਣ ਨਹੀਂ ਕੀਤੀ। ਇਹ ਸਾਡੀ ਮਹਾਂ ਤ੍ਰਾਸਦੀ ਹੈ ਕਿ ਅਸੀਂ ੴ ਦੇ ਵੱਡੇ ਉਪਾਸ਼ਕ ਹਾਲੇ ਤੱਕ ਯੂਨੀਵਰਸਿਟੀ ਦੇ ਅਰਥ ਨਹੀਂ ਜਾਣ ਸਕੇ ਤੇ ਵੀ. ਸੀ. ਦੇ ਗਿਆਨ-ਧਿਆਨ ਦੀ ਥਾਂ ਉਹਦੇ ਧਰਮ ਅਤੇ ਜਾਤ-ਗੋਤ ਵਿਚ ਵਧੇਰੇ ਰੁਚੀ ਰੱਖਦੇ ਹਾਂ।

ਕੁਝ ਵੀ ਹੋਵੇ, ਪਟਿਆਲੇ ਦੀ ਪੰਜਾਬੀ ਯੂਨੀਵਰਸਿਟੀ ਨੂੰ ਨਵੇਂ, ਨਰੋਏ, ਜੁਆਨ ਅਤੇ ਸਾਇੰਸਦਾਨ ਵੀ. ਸੀ. ਦਾ ਵਰਦਾਨ ਮਿਲ ਗਿਆ ਹੈ। ਬਹੁਤ ਬਹੁਤ ਮੁਬਾਰਕ ਹੋਵੇ...।

# ਲੋਕ ਕਵੀ ਸੰਤ ਰਾਮ ਉਦਾਸੀ ਨੂੰ ਚੇਤੇ ਕਰਦਿਆਂ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੇਰੇ ਘਰ ਦੀਆਂ ਕੰਧਾਂ ਉੱਤੇ ਤਿੰਨ ਲੇਖਕਾਂ ਦੀਆਂ ਤਸਵੀਰਾਂ ਹਨ। ਇੱਕ ਥਾਂ ਉਰਦੂ ਅਫਸਾਨਾ ਨਿਗਾਰ ਸਆਦਤ ਹਸਨ ਮੰਟੋ ਅਤੇ ਦੂਜੀ ਥਾਂ ਕਵੀ ਮੋਹਨ ਸਿੰਘ ਮਾਹਿਰ ਤੇ ਲੋਕ ਕਵੀ ਸੰਤ ਰਾਮ ਉਦਾਸੀ। ਮੋਹਨ ਸਿੰਘ ਦੀ ਤਸਵੀਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਲੁਧਿਆਣਾ ਵਲੋਂ ਜਾਰੀ ਕੀਤੀ ਗਈ ਸੀ ਤੇ ਉਦਾਸੀ ਦੀ ਸੰਤ ਰਾਮ ਉਦਾਸੀ ਯਾਦਗਾਰੀ ਟਰਸਟ (ਇੰਟਰਨੈਸ਼ਨਲ) ਵਲੋਂ। ਮਾਹਿਰ ਦੀ ਤਸਵੀਰ ਨਾਲ ਕਵੀ ਦੇ ਬੋਲ ਹਨ:

ਲਕੜੀ ਟੁੱਟਿਆਂ ਕਿੜ ਕਿੜ ਹੋਵੇ
ਸ਼ੀਸ਼ਾ ਟੁੱਟਿਆਂ ਤੜ ਤੜ
ਲੋਹਾ ਟੁੱਟਿਆਂ ਕੜ ਕੜ ਹੋਵੇ
ਪੱਥਰ ਟੁੱਟਿਆਂ ਖੜ ਖੜ
ਮਾਹਿਰ ਲੱਖ ਸ਼ਾਬਾ ਇਸ ਦਿਲ ਨੂੰ
ਸਾਲਾ ਰਹੇ ਸਲਾਮਤ
ਜਿਸ ਦੇ ਟੁੱਟਿਆਂ ਵਾਜ ਨਾ ਨਿਕਲੇ
ਨਾ ਕਿੜ ਕਿੜ ਨਾ ਤੜ ਤੜ।

ਸੰਤ ਰਾਮ ਉਦਾਸੀ ਦੀ ਲੰਮੀ ਕਵਿਤਾ ਹੈ, ਜਿਸ ਦਾ ਇੱਕ ਬੰਦ ਇਸ ਤਰ੍ਹਾਂ ਹੈ:

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇੱਕ ਦੋ ਪਿਆਰ ਦੇ ਹੰਝੂ ਵਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁਢ ਬੰਨਿਆਂ ਤੁਸੀਂ ਕਹਾਣੀਆਂ ਦਾ
ਸਹੁੰ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।

ਇਨ੍ਹਾਂ ਮਹਾਰਥੀਆਂ ਨੂੰ ਚੇਤੇ ਕਰਨ ਦਾ ਸਬੱਬ ਇਹ ਹੈ ਕਿ ਇਨ੍ਹਾਂ ਸਤਰਾਂ ਦੇ ਲਿਖਣ ਸਮੇਂ ਸੰਤ ਰਾਮ ਉਦਾਸੀ ਨੂੰ ਜਨਮ ਧਾਰਿਆਂ 82 ਵਰ੍ਹੇ (ਜਨਮ ਮਿਤੀ 20 ਅਪਰੈਲ 1939) ਹੋ ਗਏ ਹਨ। ਉਹ ਪੰਜਾਬ ਦੇ ਬਰਨਾਲਾ ਨੇੜਲੇ ਪਿੰਡ ਰਾਇਸਰ ਦੇ ਇੱਕ ਦਲਿਤ ਪਰਿਵਾਰ ਵਿਚ ਪੈਦਾ ਹੋਇਆ ਤੇ 'ਚੜ੍ਹਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਦਾ ਹੋਕਾ ਦਿੰਦਾ 5 ਨਵੰਬਰ 1986 ਨੂੰ ਗੁਰਦੁਆਰਾ ਨਾਂਦੇੜ (ਹਜ਼ੂਰ ਸਾਹਿਬ) ਦੇ ਕਵੀ ਦਰਬਾਰ ਵਿਚ ਕਵਿਤਾ ਪੜ੍ਹ ਕੇ ਰੇਲ ਗੱਡੀ ਵਿਚ ਵਾਪਸ ਪਰਤ ਰਿਹਾ ਸੀ ਕਿ ਮਨਵਾੜ ਦੇ ਨੇੜੇ ਸੁੱਤਾ ਪਿਆ ਪਰਲੋਕ ਸਿਧਾਰ ਗਿਆ। ਉਸ ਦੇ ਸਾਥੀਆਂ ਨੇ ਉਸ ਦਾ ਮਨਵਾੜ ਵਿਖੇ ਸਸਕਾਰ ਕਰਕੇ ਗੋਦਾਵਰੀ ਨਦੀ ਵਿਚ ਫੁੱਲ ਤਾਰੇ ਤੇ ਹਜ਼ੂਰ ਸਾਹਿਬ ਜਾ ਕੇ ਭੋਗ ਪਾਇਆ। ਉਸ ਦੀ ਜਨਮ ਭੋਂ ਤੋਂ ਸੈਂਕੜੇ ਕੋਹਾਂ ਦੂਰ। ਤੁਰਦੇ ਸਮੇਂ ਉਸ ਦੇ ਦਿਲ ਵਿਚੋਂ ਮੋਹਣ ਸਿੰਘ ਮਾਹਿਰ ਦੇ ਸ਼ਬਦਾਂ ਵਿਚ ਨਾ ਕਿੜ ਕਿੜ ਦੀ ਆਵਾਜ਼ ਆਈ, ਨਾ ਤੜ ਤੜ ਦੀ ਤੇ ਨਾ ਹੀ ਖੜ ਖੜ ਦੀ।



ਮੈਂ 1953 ਤੋਂ 1985 ਤੱਕ ਦਿੱਲੀ ਰਿਹਾ ਤੇ ਮੇਰੀ ਉਦਾਸੀ ਨਾਲ ਕਦੀ ਕੋਈ ਮੁਲਾਕਾਤ ਨਹੀਂ ਹੋਈ। ਉਹ ਮੇਰੇ ਮਿੱਤਰ ਸਰਵਣ ਸਿੰਘ ਦਾ ਹਾਣੀ ਵੀ ਸੀ ਤੇ ਇੱਕ ਤਰ੍ਹਾਂ ਨਾਲ ਗਵਾਂਢੀ ਪਿੰਡ ਦਾ ਜੰਮਪਲ ਵੀ। ਮੋਹਣ ਸਿੰਘ ਵਾਂਗ ਉਦਾਸੀ ਵੀ ਕੇਸਾਧਾਰੀ ਤੇ ਪਗੜੀ ਧਾਰੀ ਸੀ। ਉਸ ਦੇ ਪਿਤਾ ਮੇਹਰ ਸਿੰਘ ਨੇ ਸੀਰੀ ਕੀਤੀ, ਭੇਡਾਂ ਚਾਰੀਆਂ ਤੇ ਵਟਾਈ 'ਤੇ ਖੇਤੀ ਕੀਤੀ। ਮਾਤਾ ਧੰਨ ਕੌਰ ਨੇ ਚੱਕੀਆਂ ਵੀ ਝੋਈਆਂ ਤੇ ਜ਼ਿਮੀਂਦਾਰਾਂ ਦਾ ਗੋਹਾ-ਕੂੜਾ ਵੀ ਕੀਤਾ। ਉਂਜ ਉਸ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ, ਜਿਸ ਦੀ ਸਰੋਦੀ ਆਵਾਜ਼ ਪੜਪੋਤਰੇ ਸੰਤ ਰਾਮ ਦੇ ਹਿੱਸੇ ਆਈ; ਪਰ ਉਹ 47 ਵਰ੍ਹੇ ਦੀ ਛੋਟੀ ਉਮਰੇ ਤੁਰ ਗਿਆ। ਸਰਵਣ ਸਿੰਘ ਦੇ ਕਹਿਣ ਅਨੁਸਾਰ ਜੇ ਉਹ ਜਿਉਂਦਾ ਹੁੰਦਾ ਤਾਂ ਉਸ ਨੇ ਅਜੋਕੇ ਸੰਯੁਕਤ ਕਿਸਾਨ ਮੋਰਚੇ ਦਾ ਮੁੱਖ ਬੁਲਾਰਾ ਹੋਣਾ ਸੀ। ਇਨਕਲਾਬੀ ਤੇ ਨਕਸਬਾੜੀ ਧਾਰਨਾ ਉਸ ਦੀ ਰਗ ਰਗ 'ਚ ਰਮੀ ਹੋਈ ਸੀ। ਉਸ ਦੇ ਬੋਲ ਹਨ:

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ,
ਬੜੇ ਹੀ ਅਸੀਂ ਦੁਖੜੇ ਜਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ ਨਾ ਧਰੇ।

ਉਸ ਦੇ ਇਹ ਬੋਲ ਉਦੋਂ ਨਾਲੋਂ ਅੱਜ ਵੀ ਰਾਜਨੀਤੀ 'ਤੇ ਵਧੇਰੇ ਢੁਕਦੇ ਹਨ।

**ਮੇਰੀ ਗੁਰਮਤਿ ਕਾਲਜ ਪਟਿਆਲਾ ਫੇਰੀ:** ਜਸਬੀਰ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਕਾਸ ਵਿਭਾਗ ਵਿਚ ਉਦੋਂ ਤੋਂ ਸੇਵਾ ਨਿਭਾ ਰਹੀ ਹੈ, ਜਦੋਂ 25 ਸਾਲ ਪਹਿਲਾਂ ਮੈਂ ਉਥੋਂ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦਾ ਮੁਖੀ ਹੁੰਦਾ ਸਾਂ। ਭਾਵੇਂ ਇਹ ਜ਼ਿੰਮੇਵਾਰੀ ਹਾਲੇ ਵੀ ਉਸ ਦੇ ਮੋਢਿਆਂ ਉੱਤੇ ਹੈ, ਪਰ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਬੰਧਕ ਉਸ ਨੂੰ ਯੂਨੀਵਰਸਿਟੀ ਦੇ ਕੈਂਪਸ ਤੋਂ ਪੁੱਟ ਕੇ ਆਪਣੇ ਕਾਲਜ ਵਿਚ ਲੈ ਗਏ ਹਨ, ਜਿੱਥੇ ਉਹਦੇ ਕੋਲ ਰਹਿਣ ਲਈ ਏਕੜ ਭਰ ਖੁੱਲ੍ਹੇ ਪਲਾਟ ਵਿਚ ਵੱਡਾ ਬੰਗਲਾ ਹੈ। ਉਹ ਜਦੋਂ ਤੋਂ ਉੱਥੇ ਗਈ ਹੈ, ਉਹਦੇ ਵਲੋਂ ਉਥੇ ਜਾਣ ਦਾ ਸੱਦਾ ਮੇਰੀ ਜੇਬ ਵਿਚ ਸੀ।

ਇਹ ਸੱਚ ਮੁੱਚ ਹੀ ਵਿਲੱਖਣ ਗੁਰਮਤਿ ਵਿਦਿਆਲਾ ਹੈ। ਉਥੇ ਸਿਰਫ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਦਾਖਲਾ ਮਿਲਦਾ ਹੈ। ਸਵੇਰੇ ਚਾਰ ਵਜੇ ਤੋਂ ਸ਼ਾਮ ਦੇ ਅੱਠ ਵਜੇ ਤੱਕ ਗੁਰਮਤਿ ਦੀ ਸਿਖਿਆ ਦਿੱਤੀ ਜਾਂਦੀ ਹੈ। ਹਰ ਰੋਜ਼ ਸਵੇਰੇ ਸਾਢੇ ਚਾਰ ਵਜੇ ਚੰਦੋਆ ਲਾ ਕੇ ਮਹਾਰਾਜ ਦਾ ਪ੍ਰਕਾਸ਼ ਕਰਨਾ, ਫੇਰ ਮੱਥਾ ਟੇਕ ਕੇ ਗੁਰਚਰਨੀ ਲੱਗਣਾ ਤੇ ਚੌਰ ਕਰਨਾ।

ਇਸ ਤੋਂ ਪਿੱਛੋਂ ਕੀਰਤਨ ਦਾ ਅਰੰਭ ਹੁੰਦਾ ਹੈ ਤੇ ਫਿਰ ਸਮੇਂ ਅਨੁਸਾਰ ਆਸਾ ਦੀ ਵਾਰ ਆਨੰਦ ਸਾਹਿਬ ਤੇ ਸਮਾਪਤੀ ਅਰਦਾਸ, ਜਿਸ ਤੋਂ ਪਿਛੋਂ ਚਾਹ-ਪਾਣੀ ਛਕਣ ਲਈ ਸਮਾਂ ਦਿੱਤਾ ਜਾਂਦਾ ਹੈ। ਕਾਲਜ ਦੀ ਬਿਲਡਿੰਗ ਵਿਚ ਨਿਸ਼ਾਨ ਸਾਹਿਬ ਕਲਾਸਾਂ ਲੱਗਣ ਤੋਂ ਪਹਿਲਾ ਲਹਿਰਾਇਆ ਜਾਂਦਾ ਹੈ, ਫਿਰ 9 ਵਜੇ ਤੋਂ 11 ਵਜੇ ਤੱਕ ਨਿੱਠ ਕੇ ਗੁਰਮਤਿ ਵਿਦਿਆ ਦੀ ਬੈਠਕ ਲਗਦੀ ਹੈ। ਉਸ ਤੋਂ ਪਿੱਛੋਂ ਮੁੜ ਚਾਹ ਦਾ ਲੰਗਰ ਲਗਦਾ ਹੈ ਤੇ ਫਿਰ 12 ਤੋਂ 1 ਵਜੇ ਤੱਕ ਕਲਾਸਾਂ ਲਗਦੀਆਂ ਹਨ। ਇਕ ਤੋਂ ਦੋ ਵਜੇ ਤੱਕ ਪ੍ਰਸ਼ਾਦਾ ਛਕਣ ਦੀ ਖੁੱਲ੍ਹ ਹੁੰਦੀ ਹੈ।

ਦੁਪਹਿਰ ਪਿਛੋਂ ਦੋ ਤੋਂ ਚਾਰ ਵਜੇ ਤੱਕ ਵਿਦਿਆਰਥੀਆਂ ਨੇ ਲਾਇਬਰੇਰੀ ਜਾ ਕੇ ਪੜ੍ਹਾਈ ਕਰਨੀ ਹੁੰਦੀ ਹੈ ਤੇ ਪੰਜ ਤੋਂ ਸੱਤ ਵਜੇ ਤੱਕ ਮੁੜ ਕਲਾਸਾਂ ਲਗਦੀਆਂ ਹਨ। ਪੜ੍ਹਾਈ ਤੋਂ ਪਿਛੋਂ ਰਹਿਰਾਸ ਦਾ ਪਾਠ ਤੇ ਕੀਰਤਨ ਸੋਹਲਾ ਇਸ ਦੇ ਨਾਲ ਹੀ ਕਥਾ ਹੁੰਦੀ ਹੈ, ਜਿਸ ਵਿਚ ਕਿਸੇ ਇੱਕ ਸ਼ਬਦ ਦੀ ਭਰਪੂਰ ਵਿਆਖਿਆ ਕੀਤੀ ਜਾਂਦੀ ਹੈ। ਕਥਾ ਵਿਆਖਿਆ ਵਿਦਿਆਰਥੀ ਖੁਦ ਕਰਦੇ ਹਨ। ਕਥਾ ਦੀ ਸਮਾਪਤੀ ਤੇ ਸੁਖਾਅਸਣ ਦਾ ਸਮਾਂ ਹੋ ਜਾਂਦਾ ਹੈ, ਜਿਸ ਪਿੱਛੋਂ ਲੰਗਰ ਵਰਤਾਇਆ ਜਾਂਦਾ ਹੈ ਤਾਂਕਿ ਸਾਰੇ ਵਿਦਿਆਰਥੀ ਅੱਠ ਵਜੇ ਤੱਕ ਹਰ ਤਰ੍ਹਾਂ ਦੀ ਸੇਵਾ ਨਿਭਾ ਕੇ ਸੁਖ ਦੀ ਨੀਂਦ ਸੌਂ ਸਕਣ। ਉਨ੍ਹਾਂ ਨੇ ਸਵੇਰੇ ਚਾਰ ਵਜੇ ਮੁੜ ਉਠਣਾ ਹੁੰਦਾ ਹੈ। ਦੁਨੀਆਂ ਵਿਚ ਸ਼ਾਇਦ ਹੀ ਅਜਿਹੀ ਧਾਰਮਿਕ ਸੰਸਥਾ ਹੋਵੇ, ਜਿਥੇ ਨੇਮ ਨਾਲ ਸਭ ਪਾਬੰਦੀਆਂ ਨਿਭਾਈਆਂ ਜਾਂਦੀਆਂ ਰਹੀਆਂ ਹਨ।

ਚੇਤੇ ਰਹੇ, ਪਟਿਆਲਾ ਸ਼ਹਿਰ ਦੇ ਬਾਹਰਵਾਰ ਇਹ ਧਾਰਮਿਕ ਸੰਸਥਾ 1966 ਵਿਚ ਸਥਾਪਤ ਹੋਈ, ਜਦੋਂ ਪ੍ਰਸਿੱਧ ਇਤਿਹਾਸਕਾਰ ਤੇ ਧਰਮ ਸ਼ਾਸਤਰੀ ਡਾ. ਗੰਡਾ ਸਿੰਘ ਨੂੰ ਇਸ ਦਾ ਪ੍ਰਿੰਸੀਪਲ ਥਾਪਿਆ ਗਿਆ ਸੀ। ਇਸ ਪਿੱਛੋਂ ਹੋਰਨਾਂ ਤੋਂ ਬਿਨਾ ਸਤਿਬੀਰ ਸਿੰਘ ਤੇ ਐਸ. ਐਸ. ਅਮੋਲ ਵਰਗੀਆਂ ਹਸਤੀਆਂ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨਿਭਾ ਚੁਕੀਆਂ ਹਨ। ਮੈਂ ਕਦੀ ਸੋਚਿਆ ਹੀ ਨਹੀਂ ਸੀ ਕਿ ਮੇਰੀ ਅਜ਼ੀਜ਼ ਜਸਬੀਰ ਕੌਰ ਵੀ ਕਿਸੇ ਦਿਨ ਇਸ ਪਦਵੀ ਉੱਤੇ ਬਿਰਾਜਮਾਨ ਹੋਵੇਗੀ।

ਮੇਰੇ ਤੇ ਮੇਰੀ ਪਤਨੀ ਲਈ ਇਹ ਫੇਰੀ ਬੜੀ ਵਡਮੁੱਲੀ ਸੀ।

**ਅੰਤਿਕਾ: (ਸੰਤ ਰਾਮ ਉਦਾਸੀ)**

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲੇ ਆਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।

---

**ਸਮਕਾਲ ਸਮਾਜਿਕ ਯਥਾਰਥ ਦੀ ਅੰਤਰੀਵਤਾ ਨੂੰ ਪੇਸ਼ ਕਰਦੀਆਂ ਕਹਾਣੀਆਂ**

# ਕਹਾਣੀ ਸੰਗ੍ਰਹਿ 'ਪਿਆਰ ਕਰਨ ਤੋਂ ਪਹਿਲਾਂ'

ਹਰੀਸ਼ ਨੇ ਹਿੰਦੀ ਤੇ ਪੰਜਾਬੀ ਭਾਸ਼ਾ ਵਿਚ ਜਾਨਦਾਰ ਕਹਾਣੀਆਂ ਲਿਖ ਕੇ ਬਹੁਤ ਘੱਟ ਸਮੇਂ ਵਿਚ ਹੀ ਗਲਪ ਦੇ ਖੇਤਰ ਵਿਚ ਆਪਣਾ ਚੰਗਾ ਨਾਂ-ਥਾਂ ਬਣਾ ਲਿਆ ਹੈ। ਉਸ ਦੇ ਪਹਿਲੇ ਕਹਾਣੀ ਸੰਗ੍ਰਹਿ 'ਪਿਆਰ ਕਰਨ ਤੋਂ ਪਹਿਲਾਂ' ਵਿਚ ਸ਼ਾਮਿਲ ਉਸ ਦੀਆਂ ਦਸ ਕਹਾਣੀਆਂ ਨਵੀ ਪੰਜਾਬੀ ਕਹਾਣੀ ਦੀਆਂ ਨਵੀਆਂ ਮਨੋ-ਵਿਗਿਆਨਕ ਪ੍ਰਵਿਰਤੀਆਂ ਨਾਲ ਪੂਰਾ ਇਨਸਾਫ ਕਰਨ ਵਾਲੀਆਂ ਹਨ। ਉਸ ਦੀਆਂ ਕਹਾਣੀਆਂ ਨੇ ਆਪਣੀ ਵਿਸ਼ਲੇਸ਼ਣੀ ਸਮਰੱਥਾ ਰਾਹੀਂ ਆਪਣੇ ਸਮਕਾਲੀ ਸਮਾਜਿਕ ਯਥਾਰਥ ਨੂੰ ਉਸ ਦੇ ਬਾਹਰੀ ਤੇ ਅੰਤਰੀਵੀ ਗੁਣਾਂ-ਅਵਗੁਣਾਂ ਸਮੇਤ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੀ ਨਹੀਂ ਕੀਤਾ, ਸਗੋਂ ਸਮੇਂ ਤੇ ਸਥਿਤੀ ਅਨੁਸਾਰ ਇਸ ਵਿਚ ਆਈਆਂ ਤੇ ਆਉਣ ਵਾਲੀਆਂ ਤੇਜ ਰਫਤਾਰ ਤਬਦੀਲੀਆਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਇਹ



**ਨਿਰੰਜਣ ਬੋਹਾ, ਮਾਨਸਾ**
**ਫੋਨ: 91-89682-82700**

ਕਹਾਣੀਆਂ ਆਪਣੇ ਪਾਠਕਾਂ ਨੂੰ ਉਨ੍ਹਾਂ ਦੇ ਸਮਕਾਲ ਦੇ ਰੂਬਰੂ ਕਰਕੇ ਇਸ ਸਿੱਟੇ ਦੀ ਨਿਸ਼ਾਨਦੇਹੀ ਕਰਦੀਆਂ ਹਨ ਕਿ ਸਮਾਜਿਕ ਸਰੋਕਾਰਾਂ ਨਾਲੋਂ ਟੁੱਟੇ ਹੋਏ ਨਵੇਂ ਵਿਸ਼ਵੀ ਵਰਤਾਰੇ ਵਲੋਂ ਜਿਸ ਤਰ੍ਹਾਂ ਦੇ ਸਵੈ-ਕੇਂਦਰਤ ਮਨੁੱਖ ਦੀ ਸਿਰਜਣਾ ਕੀਤੀ ਜਾ ਰਹੀ ਹੈ, ਉਹ ਮਨੁੱਖਤਾ ਤੇ ਮਨੁੱਖੀ ਕਦਰਾਂ ਕੀਮਤਾ ਲਈ ਵੱਡੇ ਖਤਰੇ ਦੀ ਘੰਟੀ ਹੈ।


ਸੰਗ੍ਰਹਿ ਦੀ ਪਹਿਲੀ ਕਹਾਣੀ '...ਸਾਨੂੰ ਤੁਰਨਾ ਪਿਆ' ਜੀਵਨ ਦੇ ਬਿਖੜੇ ਪੈਂਡਿਆਂ 'ਤੇ ਮਜਬੂਰੀ ਵੱਸ ਤੁਰਨ ਵਾਲੇ ਉਨ੍ਹਾਂ ਲੋਕਾਂ ਅੰਦਰਲੇ ਦਰਦ ਦੀ ਸ਼ਿੱਦਤ ਬਿਆਨੀ ਕਰਦੀ ਹੈ, ਜਿਨ੍ਹਾਂ ਕੋਲੋਂ ਸਮਕਾਲੀ ਸਮਾਜਿਕ ਅਤੇ ਆਰਥਿਕ ਵਿਵਸਥਾ ਨੇ ਮਨੁੱਖੀ ਢੰਗ ਨਾਲ ਜਿਉਣ ਦੇ ਸਾਰੇ ਹੱਕ ਖੋਹ ਲਏ ਹਨ। ਇਸ ਕਹਾਣੀ ਦੀ ਮੁੱਖ ਪਾਤਰਾ ਨੂੰ ਘੋਰ ਗਰੀਬੀ, ਤਣਾਓ, ਪਿਉ ਵੱਲੋਂ ਕੀਤੀ ਜਾਣ ਵਾਲੀ ਮਾਰਕੁਟ, ਨਾ-ਮਰਦ ਤੇ ਨਸ਼ੇੜੀ ਪਤੀ ਨਾਲ ਵਕਤ ਕਟੀ, ਆਰਕੈਸਟਰਾ ਵਿਚ ਕੰਮ ਕਰਨ ਅਤੇ ਕੋਠੇ 'ਤੇ ਵਿਕਣ ਸਮੇਤ ਅਨੇਕਾਂ ਸਰੀਰਕ ਤੇ ਮਾਨਸਿਕ ਯਾਤਨਾਵਾਂ ਭੋਗਣੀਆਂ ਪੈਂਦੀਆਂ ਹਨ। ਅੰਤ ਉਹ ਆਪਣਾ ਅਮਾਨਵੀ ਢੰਗ ਨਾਲ ਆਪਣਾ ਜਿਨਸੀ ਤੇ ਮਾਨਸਿਕ ਸ਼ੋਸ਼ਣ ਕਰਨ ਵਾਲੇ ਦਰਿੰਦੇ ਨੂੰ ਮਾਰ ਕੇ ਆਪਣੇ ਆਪ ਨੂੰ ਤਣਾਓ ਮੁਕਤ ਹੋਈ ਮਹਿਸੂਸ ਕਰਦੀ ਹੈ। ਭਾਵੇਂ ਕਤਲ ਕਰਨ ਤੋਂ ਤੁਰੰਤ ਬਾਅਦ ਉਸ ਨੂੰ ਚੈਨ ਦੀ ਨੀਂਦ ਆਉਣ ਦੀ ਘੱਲ ਸੁਭਾਵਿਕ ਨਹੀਂ ਲੱਗਦੀ, ਪਰ ਕਹਾਣੀ ਆਪਣੇ ਸਮਕਾਲ ਨੂੰ ਕਈ ਤਰ੍ਹਾਂ ਦੇ ਗੰਭੀਰ ਸੁਆਲਾਂ ਦੇ ਘੇਰੇ ਵਿਚ ਲਿਆ ਕੇ ਪਾਠਕਾਂ ਦੇ ਸੋਚਣ ਲਈ ਬਹੁਤ ਕੁਝ ਛੱਡ ਜਾਂਦੀ ਹੈ।

ਕਹਾਣੀ 'ਪਿਆਰ ਕਰਨ ਤੋਂ ਪਹਿਲਾਂ' ਸਮਕਾਲ ਦੇ ਇਸ ਸੱਚ ਨੂੰ ਬਿਆਨਦੀ ਹੈ ਕਿ ਕਿਸੇ ਵੀ ਮਨੁੱਖ ਦੀ ਆਰਥਿਕ ਹੈਸੀਅਤ ਉਸ ਦੇ ਪਰਿਵਾਰਕ ਤੇ ਸਮਾਜਿਕ ਜੀਵਨ 'ਤੇ ਹਮੇਸ਼ਾ ਹੀ ਹਾਵੀ ਪ੍ਰਭਾਵੀ ਰਹਿੰਦੀ ਹੈ। ਕਹਾਣੀ ਅਨੁਸਾਰ ਅੱਜ ਦੇ ਯੁਗ ਵਿਚ ਉਹੀ ਪਿਆਰ ਸਬੰਧ ਸਫਲਤਾ ਦੇ ਮੁਕਾਮ ਤੱਕ ਪੁੱਜਦੇ ਹਨ, ਜੋ ਆਰਥਿਕ ਸਮਾਨਤਾ 'ਤੇ ਆਧਾਰਿਤ ਹੁੰਦੇ ਹਨ। ਕਹਾਣੀ ਵਿਚਲੇ ਰਾਜ ਤੇ ਇੰਦਰ ਦੀ ਕਾਲਜ ਪੜ੍ਹਦਿਆਂ ਪ੍ਰਵਾਨ ਚੜ੍ਹੀ ਪਿਆਰ ਕਥਾ ਰਾਜ ਦੀ ਕੱਚੀ ਨੌਕਰੀ ਕਾਰਨ ਅੱਧਵਾਟੇ ਹੀ ਦਮ ਤੋੜ ਜਾਂਦੀ ਹੈ।

ਕਹਾਣੀ 'ਏਨੀ ਕੁ ਮੇਰੀ ਬਾਤ' ਨਵ ਪੂੰਜੀਵਾਦੀ ਜੁਗ ਵਿਚ ਰਿਸ਼ਤਿਆਂ ਦਾ ਨਿੱਘ ਬਣਾਈ ਰੱਖਣ ਵਾਲੀਆਂ ਸਮਾਜਿਕ ਮਰਿਆਦਾਵਾਂ ਦੇ ਹੋ ਰਹੇ ਘਾਣ 'ਤੇ ਚਿੰਤਾ ਪ੍ਰਗਟ ਕਰਦੀ ਹੈ। ਕਹਾਣੀ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਜਦੋਂ ਅਵਾਰਾ ਪਸ਼ੂ, ਅਵਾਰਾ ਜੁਆਨੀ, ਅਵਾਰਾ ਪੂੰਜੀ ਤੇ ਅਵਾਰਾ ਰਿਸ਼ਤੇ ਸਮਾਜ ਦਾ ਆਮ ਵਰਤਾਰਾ ਬਣ ਜਾਣ ਤਾਂ ਸਮਾਜਿਕ ਵਿਵਸਥਾ ਆਪਣਾ ਸਹਿਜ ਤੇ ਸੁਹਜ ਗੁਆ ਬੈਠਦੀ ਹੈ। ਕਹਾਣੀ 'ਪਛਤਾਵਾ' ਉਸ ਗਰੀਬ ਬਾਪ ਦੇ ਉਮਰ ਭਰ ਦੇ ਪਛਤਾਵੇ ਨੂੰ ਬਿਆਨ ਕਰਦੀ ਹੈ, ਜੋ ਆਪਣੀ ਧੀ ਦਾ ਰਿਸ਼ਤਾ ਕਰਨ ਵੇਲੇ ਉਸ ਦੇ ਸਹੁਰੇ ਘਰ ਪਰਿਵਾਰ ਅਤੇ ਮੁੰਡੇ ਦੀ ਅਵਾਰਗੀ ਬਾਰੇ ਸਹੀ ਜਾਣਕਾਰੀ ਹਾਸਿਲ ਨਹੀਂ ਕਰ ਪਾਉਂਦਾ।

ਕਹਾਣੀ 'ਜਾਨਵਰ' ਇਸ ਸੰਗ੍ਰਹਿ ਦੀ ਬਹੁਤ ਹੀ ਜਾਨਦਾਰ ਕਹਾਣੀ ਹੈ। ਕਹਾਣੀ ਵਿਚਲੇ ਪਰਿਵਾਰ ਦੇ ਸਾਰੇ ਮੈਂਬਰ ਆਪੋ-ਆਪਣੀਆਂ ਮਨੋ-ਸਮਾਜਿਕ ਸਮੱਸਿਆਵਾਂ ਵਿਚ ਘਿਰੇ ਹੋਏ ਹਨ। ਪਿਤਾ ਅੰਦਰਲਾ ਗੁੱਸੇਖੋਰ ਜਾਨਵਰ ਉਸ ਦੇ ਨੂੰਹ ਤੇ ਪੁੱਤਰ ਅੰਦਰਲੇ ਜਾਨਵਰ ਨੂੰ ਵੀ ਜਗਾਉਣ ਦਾ ਕਾਰਜ਼ ਕਰਦਾ ਹੈ ਤੇ ਇਸ ਦਾ ਪ੍ਰਤੀਕਰਮ ਅੱਗਿਉਂ ਉਨ੍ਹਾਂ ਦੇ ਬੱਚਿਆਂ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਹੈ। ਜਦੋਂ ਅਜਿਹੇ ਹੀ ਤਲਖ ਮਾਹੌਲ ਦੇ ਚਲਦਿਆਂ ਗੁਆਢੀਆਂ ਦੇ ਘਰ ਜੁਆਨ ਬੇਟੀ ਵੱਲੋਂ ਆਪਣੇ ਬਾਪ ਦਾ ਸਿਰ ਪਾੜ ਦਿੱਤਾ ਜਾਂਦਾ ਹੈ ਤਾਂ ਪਿਤਾ ਸਮੇਤ ਪਰਿਵਾਰ ਦੇ ਸਾਰੇ ਮੈਬਰਾਂ ਨੂੰ ਅਹਿਸਾਸ ਹੁੰਦਾ ਹੈ ਕਿ ਆਪਣੇ ਅੰਦਰਲੇ ਜਾਨਵਰ ਨੂੰ ਕੰਟਰੋਲ ਵਿਚ ਰੱਖਣ ਦੀ ਕਿੰਨੀ ਲੋੜ ਹੈ!

ਕਹਾਣੀ 'ਗੁੰਮਸ਼ੁਦਾ' ਉਪਰੋਕਤ ਵਿਸ਼ੇ ਦੀਆਂ ਕੁਝ ਅਗਲੀਆਂ ਪਰਤਾਂ ਫਰੋਲਦੀ ਵਿਖਾਈ ਦਿੰਦੀ ਹੈ। ਪਤਨੀ ਦੀ ਮੌਤ ਤੋਂ ਬਾਅਦ ਬਜੁਰਗ ਜੈ ਰਾਮ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ ਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਆਪਣੀ ਸਾਰੀ ਮਾਨਸਿਕ ਖਿਝ ਆਪਣੇ ਨੂੰਹ-ਪੁੱਤ ਨੂੰ ਦੁਖੀ ਕਰਕੇ ਉਤਾਰਨ ਦੀ ਕੋਸ਼ਿਸ਼ ਕਰਦਾ ਹੈ। ਘਰੇਲੂ ਤਣਾਓ ਵਧ ਜਾਣ 'ਤੇ ਤੀਰਥਾਂ ਦੇ ਭ੍ਰਮਣ ਰਾਹੀਂ ਮਨ ਦੀ ਸ਼ਾਂਤੀ ਤਲਾਸ਼ ਕਰਨ ਦੀ ਉਸ ਦੀ ਕੋਸ਼ਿਸ਼ ਅਸਫਲ ਹੁੰਦੀ ਹੈ ਤਾਂ ਉਸ ਨੂੰ ਅਹਿਸਾਸ ਹੋਣ ਲਗਦਾ ਹੈ ਕਿ ਮਨ ਨੂੰ ਸ਼ਾਂਤ ਰੱਖਣ ਦੇ ਸਾਰੇ ਸਰੋਤ ਆਪਣੇ ਘਰੇਲੂ ਸੁਖਾਵੇਂ ਵਾਤਾਵਰਣ ਵਿਚ ਹੁੰਦੇ ਹਨ।






ਕਹਾਣੀ 'ਵਲਗਣ' ਆਪਣੇ ਆਪਣੇ ਹਿਤਾਂ ਤੇ ਸਵਾਰਥਾਂ ਦੀਆਂ ਵਲਗਣਾਂ ਵਿਚ ਘਿਰ ਕੇ ਇਕੱਲ ਦਾ ਸੰਤਾਪ ਹੰਢਾ ਰਹੇ ਲੋਕਾਂ ਦੀ ਕਹਾਣੀ ਹੈ। ਮੁਹੱਲੇ ਵਿਚਲਾ ਮੁਲਜ਼ਮਾਂ ਦਾ ਪਰਿਵਾਰ ਆਪਣੀ ਵਲਗਣ ਵਿਚ ਘਿਰ ਕੇ ਆਂਢ-ਗੁਆਂਢ ਨਾਲੋਂ ਇਸ ਕਦਰ ਕਟ ਜਾਂਦਾ ਹੈ ਕਿ ਪਰਿਵਾਰ ਦੇ ਬਜੁਰਗ ਦੀ ਮੌਤ ਹੋ ਜਾਣ 'ਤੇ ਵੀ ਗਿਣਤੀ ਦੇ ਬੰਦੇ ਹੀ ਉਨ੍ਹਾਂ ਦਾ ਦੁੱਖ ਵੰਡਾਉਣ ਉਨ੍ਹਾਂ ਦੇ ਘਰ ਪਹੁੰਚਦੇ ਹਨ।

ਕਹਾਣੀ 'ਬਰਾਤ' ਵੀ ਆਂਢ-ਗੁਆਂਢ ਦੇ ਭਰਾਤਰੀ ਭਾਵ ਵਾਲੇ ਰਿਸ਼ਤਿਆਂ ਨੂੰ ਲੱਗਦੀ ਜਾ ਰਹੀ ਵਿਅਕਤੀਗਤ ਹਿਤਾਂ ਦੀ ਸਿਉਂਕ ਬਾਰੇ ਹੀ ਚਰਚਾ ਕਰਦੀ ਹੈ। ਗੁਆਂਢੀ ਆੜ੍ਹਤੀਏ ਦੇ ਮੁੰਡੇ ਦੇ ਵਿਆਹ ਵਿਚ ਜਾਣ ਲਈ ਤਾਂ ਹਰਨਾਮ ਤੇ ਸ਼ਰਮਾ-ਦੋਵੇਂ ਹੀ ਤਿਆਰ ਹਨ, ਪਰ ਬਰਾਤ ਜਾਣ ਲਈ ਆਪਣੀ ਕਾਰ ਘਰੋਂ ਕੱਢਣ ਲਈ ਕੋਈ ਵੀ ਤਿਆਰ ਨਹੀਂ। ਕਹਾਣੀ 'ਇਕਾਂਤਵਾਸ ਦੀ ਰਾਤ' ਕਰੋਨਾ ਮਹਾਂਮਾਰੀ ਦੇ ਨਾਂ 'ਤੇ ਸਰਕਾਰ ਵਲੋਂ ਵਿਖਾਵੇ ਦੀ ਚੌਕਸੀ ਤੇ ਸੰਵੇਦਨਾ ਦਾ ਪਰਦਾ ਫਾਸ਼ ਕਰਦੀ ਹੈ। ਕਹਾਣੀ ਅਨੁਸਾਰ ਸਰਕਾਰੀ ਇਕਾਂਤਵਾਸ ਕੇਂਦਰਾਂ ਵਿਚ ਕਰੋਨਾ ਮਰੀਜ਼ਾਂ ਨੂੰ ਕੈਦ ਤਾਂ ਕਰ ਲਿਆ ਜਾਂਦਾ ਹੈ, ਪਰ ਇਨ੍ਹਾਂ ਮਰੀਜ਼ਾਂ ਤੇ ਇਨ੍ਹਾਂ ਦੀ ਰਾਖੀ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਪ੍ਰਤੀ ਸਰਕਾਰ ਦੀ ਪਹੁੰਚ ਰੋਗ ਨੂੰ ਹੋਰ ਵਧਾਉਣ ਵਾਲੀ ਹੀ ਸਾਬਿਤ ਹੋਈ ਹੈ।

ਹਰੀਸ਼ ਬਦਲ ਰਹੇ ਸਮੇਂ ਅਨੁਸਾਰ ਬਦਲ ਰਹੀਆਂ ਸਮਾਜਿਕ ਕੀਮਤਾਂ 'ਤੇ ਤਿੱਖੀ ਨਜ਼ਰ ਰੱਖਣ ਵਾਲਾ ਕਹਾਣੀਕਾਰ ਹੈ ਤੇ ਉਸ ਦੀਆਂ ਕਹਾਣੀਆਂ ਇਸ ਬਦਲਾਓ ਦੀ ਪ੍ਰਕਿਰਿਆ ਦੇ ਸਮਾਜ ਸ਼ਾਸ਼ਤਰੀ ਪਰਿਪੇਖ ਨੂੰ ਇਸ ਦੇ ਗੁਣਾਂ-ਅਵਗੁਣਾਂ ਸਮੇਤ ਇਮਾਨਦਾਰੀ ਨਾਲ ਪੇਸ਼ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਪਾਠ ਰਾਹੀਂ ਨਵੀਂ ਮਨੋ-ਵਿਗਿਆਨਕ ਪੰਜਾਬੀ ਕਹਾਣੀ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਤੇ ਝੁਕਾਵਾਂ ਬਾਰੇ ਭਲੀ ਭਾਂਤ ਜਾਣਿਆ ਜਾ ਸਕਦਾ ਹੈ। ਭਾਵੇਂ ਉਸ ਦੀ ਕਹਾਣੀ 'ਸਹੀ-ਗਲਤ' ਅਤੇ 'ਬਰਾਤ' ਦੀਆਂ ਸੰਗਠਨਾਤਮਕ ਜੁਗਤਾਂ ਬਾਕੀ ਕਹਾਣੀਆਂ ਦੇ ਮੁਕਾਬਲੇ ਕੁਝ ਕਮਜ਼ੋਰ ਰਹਿ ਗਈਆਂ ਹਨ, ਪਰ ਉਹ ਇਸ ਪਹਿਲੇ ਕਹਾਣੀ ਸੰਗ੍ਰਹਿ ਰਾਹੀਂ ਆਪਣੀ ਪਛਾਣ ਕਹਾਣੀ ਦੇ ਨਵੇਂ ਸਮਰੱਥ ਹਸਤਾਖਰ ਵਜੋਂ ਬਣਾਉਣ ਵਿਚ ਸਫਲ ਰਿਹਾ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੀ ਵਾਰਤਾਲਾਪੀ ਭਾਸ਼ਾ ਉਨ੍ਹਾਂ ਅੰਦਲੀਆਂ ਮਾਨਸਿਕਤਾ ਦੀਆਂ ਵਿਭਿੰਨ ਪਰਤਾਂ ਨੂੰ ਇਸ ਬਾਖੂਬੀ ਨਾਲ ਉਘੇੜਦੀ ਹੈ ਕਿ ਲੇਖਕ ਨੂੰ ਆਪਣੇ ਵੱਲੋਂ ਉਨ੍ਹਾਂ ਬਾਰੇ ਵਧੇਰੇ ਕੁਝ ਕਹਿਣ ਦੀ ਲੋੜ ਨਹੀਂ ਪੈਂਦੀ। ਉਸ ਦੇ ਇਸ ਦੇ ਇਸ ਪਲੇਠੇ ਕਹਾਣੀ ਸੰਗ੍ਰਹਿ ਦਾ ਹਾਰਦਿਕ ਸਵਾਗਤ।

ਇਹ ਕਹਾਣੀ ਸੰਗ੍ਰਿਹ ਅਜ਼ੀਜ਼ ਬੁਕਸ ਹਾਊਸ, ਰਾਮਨਗਰ (ਬਰਨਾਲਾ) ਨੇ ਪ੍ਰਕਾਸ਼ਿਤ ਕੀਤਾ ਹੈ ਅਤੇ ਪੰਨੇ 114 ਤੇ ਮੁੱਲ 150 ਰੁਪਏ ਹੈ।

# ਬੈਚ ਫੁੱਲ ਜੈਂਸ਼ੀਅਨ: ਦਿਲ ਢਾਹੁਣਾ

ਜੈਂਸ਼ੀਅਨ (Gentian) ਇਸੇ ਨਾਮ ਦੇ ਪੌਦੇ ਦੇ ਫੁੱਲ ਤੋਂ ਤਿਆਰ ਹੁੰਦੀ ਬੈਚ ਦਵਾਈ ਹੈ। ਕਈ ਲੋਕ ਇਸ ਨੂੰ ਜੈਂਟੀਅਨ ਵੀ ਕਹਿੰਦੇ ਹਨ, ਪਰ ਡਿਕਸ਼ਨਰੀ ਅਨੁਸਾਰ ਇਸ ਦਾ ਸਹੀ ਉਚਾਰਨ ਜੈਂਸ਼ੀਅਨ ਹੈ। ਜੈਂਸ਼ੀਅਨ ਬੜੇ ਕੰਮ ਦੀ ਦਵਾਈ ਹੈ। ਜਿਨ੍ਹਾਂ ਲੋਕਾਂ ਵਿਚ ਛੋਟੀ ਛੋਟੀ ਗੱਲ 'ਤੇ ਨਿਰਾਸ਼ ਹੋ ਕੇ ਹੌਸਲਾ ਢਾਹੁਣ ਦੀ ਆਦਤ ਹੁੰਦੀ ਹੈ, ਇਹ ਉਨ੍ਹਾਂ ਦਾ ਇਲਾਜ ਕਰਦੀ ਹੈ।

ਅੱਖਰਾਂ ਦੇ ਹਿਸਾਬ ਐਲਮ ਤੇ ਜੈਂਸ਼ੀਅਨ ਦੋ ਨਾਲ ਨਾਲ ਪੈਂਦੀਆਂ ਦਵਾਈਆਂ ਹਨ। ਕਹਿਣ ਨੂੰ ਇਨ੍ਹਾਂ ਦੇ ਕੰਮ ਵੀ ਕਰੀਬ ਇਕੋ ਜਿਹੇ ਹਨ। ਦੋਹਾਂ ਵਿਚ ਹੌਸਲਾ ਛੱਡ ਦੇਣ ਦੀ ਸਾਂਝੀ ਨਿਸ਼ਾਨੀ ਹੈ। ਦੋਹਾਂ ਦੇ ਮਰੀਜ਼ ਆਪਣਾ ਕੰਮ ਤਿਆਗ ਦਿੰਦੇ ਹਨ। ਇਸ ਲਈ ਇਨ੍ਹਾਂ ਦੋਹਾਂ ਦਵਾਈਆਂ ਨੂੰ ਧਿਆਨ ਨਾਲ ਵਰਤਣ ਦੀ ਲੋੜ ਹੈ। ਤਜ਼ਰਬੇਕਾਰ ਪੇਸ਼ਾਵਰ ਹੋਮਿਓਪੈਥਾਂ ਨੂੰ ਤਾਂ ਡੂੰਘਾਈ ਵਿਚ ਜਾ ਕੇ ਮਰੀਜ਼ਾਂ ਤੇ ਦਵਾਈਆਂ ਦੇ ਨਿਖੇੜਾਕਰਣ (Individualization) ਦਾ ਅਨੁਭਵ ਹੁੰਦਾ ਹੈ, ਪਰ ਸਾਧਾਰਨ ਪਾਠਕਾਂ ਨੂੰ ਇਨ੍ਹਾਂ ਵਿਚ ਭੁਲੇਖਾ ਲੱਗ ਸਕਦਾ ਹੈ। ਉਹ ਇਕ ਦੀ ਥਾਂ ਦੂਜੀ ਦਵਾਈ ਦੇ ਸਕਦੇ ਹਨ। ਇਸ ਭੁਲੇਖੇ ਨੂੰ ਦੂਰ ਕਰਨ ਲਈ ਇਨ੍ਹਾਂ ਦੋਹਾਂ ਦੇ ਮਹੀਨ ਅੰਤਰ ਨੂੰ ਸਮਝਣ ਦੀ ਲੋੜ ਹੈ। ਐਲਮ ਦਾ ਮਰੀਜ਼ ਬਹੁਤਾ ਕਰਕੇ ਆਪਣੇ ਕੰਮ ਦਾ ਸੁਸਿਖਿਅਤ ਮਾਹਰ ਹੁੰਦਾ ਹੈ। ਉਸ ਨੇ ਆਪਣੇ ਕੰਮ ਨੂੰ ਠੀਕ ਢੰਗ ਨਾਲ ਕਰਨ ਲਈ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਯੋਗ ਤਾਲੀਮ ਹਾਸਲ ਕੀਤੀ ਹੁੰਦੀ ਹੈ ਤੇ ਉਹ ਦੂਜਿਆਂ ਦੇ ਮੁਕਾਬਲੇ ਚੰਗਾ ਰਹਿ ਕੇ ਭਾਵ ਕੰਪੀਟ (Compete) ਕਰ ਕੇ ਆਪਣੇ ਖੇਤਰ ਵਿਚ ਆਇਆ ਹੁੰਦਾ ਹੈ; ਪਰ ਉਹ ਆਪਣੇ ਕੰਮ ਦੇ ਲਗਾਤਰ ਬੋਝ ਕਾਰਨ ਥੱਕ ਜਾਂਦਾ ਹੈ ਤੇ ਇਸ ਨੂੰ ਆਪਣੀ ਹਿੰਮਤ ਤੋਂ ਬਾਹਰਾ ਸਮਝਣ ਲਗਦਾ ਹੈ। ਉਸ ਦੀ ਇਹ ਦਸ਼ਾ ਆਰਜ਼ੀ ਹੁੰਦੀ ਹੈ। ਥੋੜ੍ਹਾ ਆਰਾਮ ਕਰ ਕੇ ਉਸ ਦੀਆਂ ਅਲਾਮਤਾਂ ਘਟ ਜਾਂਦੀਆਂ ਹਨ। ਐਲਮ ਉਸ ਦੇ ਟੁੱਟੇ ਹੋਏ ਹੌਸਲੇ ਨੂੰ ਮੁੜ ਖੜ੍ਹਾ ਕਰ ਦਿੰਦੀ ਹੈ। ਦੂਜੇ ਪਾਸੇ ਜੈਂਸ਼ੀਅਨ ਦਾ ਮਰੀਜ਼ ਕੰਮ ਕਰਨ ਲੱਗਿਆਂ ਛੋਟੀਆਂ ਜਿਹੀਆਂ ਪ੍ਰੇਸ਼ਾਨੀਆਂ ਤੋਂ ਤੰਗ ਆ ਕੇ ਹੌਸਲਾ ਛੱਡ ਦਿੰਦਾ ਹੈ। ਉਹ ਥੱਕਿਆ ਜਾਂ ਅੱਕਿਆ ਨਹੀਂ ਹੁੰਦਾ, ਸਗੋਂ ਆਦਤਨ ਸਮੱਸਿਆਵਾਂ ਦਾ ਟਾਕਰਾ ਨਹੀਂ ਕਰ ਸਕਦਾ ਹੁੰਦਾ। ਉਹ ਪੱਕੇ ਤੌਰ 'ਤੇ ਇਕ ਕਮਜ਼ੋਰ ਹੌਸਲੇ ਜਾਂ ਘੱਟ ਸਿਰੜ ਵਾਲਾ ਵਿਅਕਤੀ ਹੁੰਦਾ ਹੈ ਤੇ ਮਾਮੂਲੀ ਔਕੜ ਕਾਰਨ ਕੰਮ ਤੋਂ ਭੱਜ ਜਾਂਦਾ ਹੈ।

ਜੈਂਸ਼ੀਅਨ ਦੀ ਐਲਮ ਨਾਲ ਹੀ ਨਹੀਂ, ਕਈ ਹੋਰ ਦਵਾਈਆਂ ਨਾਲ ਵੀ ਰਲਦੀ-ਮਿਲਦੀ ਪਛਾਣ ਹੈ। ਇਸ ਲਈ ਇਸ ਨੂੰ ਉਨ੍ਹਾਂ ਨਾਲੋਂ ਵੀ ਵੱਖ ਕਰ ਕੇ ਦੇਖ ਲਿਆ ਜਾਣਾ ਚਾਹੀਦਾ ਹੈ। ਆਪਣੀ ਪੁਸਤਕ 'The Twelve Healers and Other Remedies' ਵਿਚ ਡਾ. ਬੈਚ ਇਸ ਦਵਾਈ ਬਾਰੇ ਲਿਖਦਾ ਹੈ ਕਿ ਇਹ ਉਨ੍ਹਾਂ ਵਿਅਕਤੀਆਂ ਲਈ ਹੈ, "ਜਿਹੜੇ ਆਸਾਨੀ ਨਾਲ ਢੇਰੀ ਢਾਹ ਲੈਂਦੇ ਹਨ। ਉਹ ਬਿਮਾਰੀ ਦੀ ਅਵਸਥਾ ਵਿਚ ਜਾਂ ਜੀਵਨ ਦੇ ਹੋਰ ਮਾਮਲਿਆਂ ਵਿਚ ਚੰਗੇ ਭਲੇ ਪ੍ਰਗਤੀ ਕਰ ਰਹੇ ਹੁੰਦੇ ਹਨ, ਪਰ ਕਾਮਯਾਬੀ ਵਿਚ ਛੋਟੀ ਜਿਹੀ ਦੇਰੀ ਜਾਂ ਅੜਚਨ ਕਾਰਨ ਸ਼ੱਕੀ ਹੋ ਜਾਂਦੇ ਹਨ ਤੇ ਜਲਦੀ ਮਾਯੂਸ ਹੋ ਜਾਦੇ ਹਨ।" ਡਾ. ਬੈਚ ਦੇ ਇਨ੍ਹਾਂ ਦੋ ਵਾਕਾਂ ਦਾ ਵਿਸ਼ਲੇਸ਼ਣ ਕਰਦਿਆਂ ਇਸ ਦਵਾਈ ਦੀਆਂ ਮੁੱਖ ਅਲਾਮਤਾਂ (Symptoms) ਦਾ ਹੇਠ ਲਿਖੇ ਢੰਗ ਨਾਲ ਵਿਸਥਾਰ ਕੀਤਾ ਜਾ ਸਕਦਾ ਹੈ:

1. ਥੋੜ੍ਹੀ ਜਿਹੀ ਰੁਕਾਵਟ ਜਾਂ ਅੜਚਨ ਕਾਰਨ ਹੌਸਲਾ ਢਾਹ ਦੇਣਾ।
2. ਮਨ ਚਾਹੇ ਢੰਗ ਨਾਲ ਕੰਮ ਨਾ ਚੱਲਣ ਕਰਕੇ ਧੀਰਜ ਖੋਹਣਾ।
3. ਉਦਾਸ ਤੇ ਚਿੜਚਿੜਾ (Despondent and Irritated) ਰਹਿਣਾ।
4. ਸਿਰੜ ਦਾ ਕੱਚਾ (Easily discouraged) ਹੋਣਾ।
5. ਮੁਸੀਬਤਾਂ ਵਿਚ ਘਿਰ ਕੇ ਉਤਸ਼ਾਹ ਛੱਡ ਦੇਣਾ।
6. ਛੋਟੇ ਜਿਹੇ ਧੱਕੇ (Set-back) ਕਾਰਨ ਮਾਯੂਸ ਹੋ ਜਾਣਾ।
7. ਗੱਲ ਗੱਲ ਤੇ ਹਉਕੇ ਭਰਨਾ ਜਾਂ ਡੂੰਘੇ ਸਾਹ ਲੈਣਾ।
8. ਛੋਟੇ ਕਾਰਨਾਂ ਕਰਕੇ ਦੁਖੀ ਹੋਣਾ।
9. ਬਿਨਾ ਕਾਰਨ ਤੋਂ ਨਾ-ਖੁਸ਼ ਰਹਿਣਾ।
10. ਉਦਾਸ ਹੋਣ ਲਈ ਬਹਾਨੇ ਭਾਲਣਾ।

ਕਿਸੇ ਖੇਤਰ ਵਿਚ ਵੇਖ ਲਵੋ, ਅਜਿਹੇ ਵਿਅਕਤੀ ਆਮ ਮਿਲ ਜਾਣਗੇ, ਜੋ ਕੰਮ ਨੂੰ ਕੰਮ ਨਹੀਂ ਸਮਝਦੇ। ਉਨ੍ਹਾਂ ਦਾ ਕਿਸੇ ਕੰਮ ਨੂੰ ਕਰਨਾ ਜਾਂ ਨਾ ਕਰਨਾ ਉਨ੍ਹਾਂ ਦੇ ਮਨ ਦੀ ਹਾਲਤ 'ਤੇ ਨਿਰਭਰ ਕਰਦਾ ਹੈ। ਉਹ ਹੌਸਲਾ ਤਿਆਗ ਜਾਂਦੇ ਹਨ ਤੇ ਅੱਗੇ ਚਲਣ ਤੋਂ ਜਵਾਬ ਦੇ ਦਿੰਦੇ ਹਨ। ਉਨ੍ਹਾਂ ਦਾ ਮਿਜ਼ਾਜ਼ ਨਾਜ਼ੁਕ ਹੁੰਦਾ ਹੈ। ਉਹ ਛੋਟੀ ਛੋਟੀ ਗੱਲ 'ਤੇ ਦਿਲ ਛੱਡ ਦਿੰਦੇ ਹਨ ਤੇ ਅੜੀ ਕਰਨ ਲੱਗ ਜਾਂਦੇ ਹਨ। ਪੰਜਾਬ ਵਿਚ ਇਕ ਕਾਲਜ ਅਧਿਆਪਕ ਨੂੰ ਬਚਪਨ ਵਿਚ ਉਸ ਦੇ ਮਾਪਿਆਂ ਨੇ ਨੇਕ ਇਨਸਾਨ ਬਣਾਉਣ ਲਈ ਇਕ ਧਾਰਮਿਕ ਸੰਸਥਾ ਦੇ ਸਕੂਲ ਵਿਚ ਪੜ੍ਹਾਇਆ। ਧਾਰਮਿਕ ਸਿੱਖਿਆ ਦੇ ਨਾਲ ਨਾਲ ਉਸ ਨੇ ਸ਼ਬਦ ਗਾਉਣੇ ਵੀ ਸਿੱਖ ਲਏ, ਪਰ ਸਮਾਂ ਬਦਲਣ ਨਾਲ ਉਹ ਸ਼ਰਾਬ ਵਾਲੇ ਪਾਸੇ ਪੈ ਗਿਆ ਤੇ ਗਜ਼ਲਾਂ ਗਾਉਣ ਲੱਗ ਪਿਆ। ਸ਼ਬਦ ਗਾਇਨ ਦੀ ਗੱਲ ਤਾਂ ਹੁਣ ਉਸ ਦੇ ਕੁਝ ਪੁਰਾਣੇ ਵਾਕਫਾਂ ਨੂੰ ਹੀ ਪਤਾ ਸੀ। ਨਵੇਂ ਵਾਕਫ ਤਾਂ ਉਸ ਦੇ ਵਿਅਕਤੀਤਵ ਵਲ ਦੇਖ ਕੇ ਇਹ ਵੀ ਅੰਦਾਜ਼ਾ ਨਹੀਂ ਸਨ ਲਾ ਸਕਦੇ ਕਿ ਇਹ ਪੁਰਸ਼ ਗਾਉਣ ਵਜਾਉਣ ਨਾਲ ਦੂਰ ਦਾ ਵੀ ਰਿਸ਼ਤਾ ਰੱਖਦਾ ਹੋਵੇਗਾ। ਇਕ ਦਿਨ ਇਕ ਕਲਚਰਲ ਪ੍ਰੋਗਰਾਮ ਵਿਚ ਉਸ ਦੇ ਇਕ ਪੁਰਾਣੇ ਸਾਥੀ ਨੇ ਉਸ ਨੂੰ ਗੀਤ ਗਾਉਣ ਲਈ ਸ਼ਿਫਾਰਿਸ ਕਰ ਦਿੱਤੀ। ਉਸ ਨੇ ਚਪੜਾਸੀ ਤੋਂ ਸਟੇਜ 'ਤੇ ਪਿਆ ਹਾਰਮੋਨੀਅਮ ਆਪਣੇ ਸਾਹਮਣੇ ਰਖਵਾਇਆ ਤੇ ਲੱਗਾ ਧੁਨ ਸੰਵਾਰਨ। ਸਾਰੇ ਹੈਰਾਨ ਹੋ ਕੇ ਉਸ ਨੂੰ ਛੁਪਿਆ ਰੁਸਤਮ ਸਮਝਣ ਲੱਗੇ ਤੇ ਉਸ ਦੀ ਆਵਾਜ਼ ਸੁਣਨ ਲਈ ਉਤਾਵਲੇ ਹੋ ਗਏ। ਤਦੇ ਉਸ ਦੇ ਇਕ ਮਨਚਲੇ ਸਾਥੀ ਨੇ ਉਸ ਨੂੰ ਸ਼ਬਦ ਸੁਣਾਉਣ ਲਈ ਕਹਿ ਦਿੱਤਾ। ਉਸ ਨੂੰ ਇਸ ਵਿਚ ਮਜ਼ਾਕ ਦੀ ਬੂ ਆਈ। ਆਪਣੇ ਅਤੀਤ ਦੀ ਇੰਜ ਬੇਪਤੀ ਹੁੰਦੀ ਦੇਖ ਉਸ ਦੇ ਚਾਅ ਨੂੰ ਸੱਟ ਵੱਜੀ। ਉਹ ਹੌਸਲਾ ਛੱਡ ਗਿਆ ਤੇ ਹਾਰਮੋਨੀਅਮ ਬੰਦ ਕਰਕੇ ਪਰ੍ਹੇ ਜਾ ਬੈਠਾ। ਉਹ ਇੰਨਾ ਰੁੱਸਿਆ ਕਿ ਫਿਰ ਪ੍ਰਿੰਸੀਪਲ ਦੇ ਕਹਿਣ 'ਤੇ ਵੀ ਗਾਉਣ ਲਈ ਰਾਜ਼ੀ ਨਾ ਹੋਇਆ। ਕਹਿਣ ਨੂੰ ਤਾਂ ਅਜਿਹਾ ਵਿਹਾਰ ਗਾਉਣ ਵਾਲੇ ਦੇ ਸੁਭਾਅ ਦਾ ਅੰਗ ਹੁੰਦਾ ਹੈ, ਪਰ ਹੋਮਿਓਪੈਥੀ ਪੱਖੋਂ ਇਹ ਇਕ ਡੂੰਘੇ ਮਾਨਸਿਕ ਵਿਕਾਰ ਦਾ ਸੂਚਕ ਹੈ। ਬੈਚ ਫੁੱਲ ਦਵਾਈ ਜੈਂਸ਼ੀਅਨ ਇਸ ਨੂੰ ਠੀਕ ਕਰਦਾ ਹੈ।

ਇਹ ਕੋਈ ਇੱਕਲੀ ਮਿਸਾਲ ਨਹੀਂ, ਜੈਂਸ਼ੀਅਨ ਦੇ ਮਰੀਜ਼ ਥਾਂ ਥਾਂ ਫਿਰਦੇ ਹਨ। ਉਹ ਮੂਡੀ (Whimsical) ਸੁਭਾਅ ਦੇ ਮਾਲਕ ਹੁੰਦੇ ਹਨ। ਪਹਿਲਾਂ ਕਿਸੇ ਕੰਮ ਕਾਜ ਵਿਚ ਉਤਸ਼ਾਹ ਦਿਖਾਉਂਦੇ ਹਨ, ਪਰ ਜੇ ਕੋਈ ਗੱਲ ਉਨ੍ਹਾਂ ਦੀ ਮਰਜ਼ੀ ਦੇ ਉਲਟ ਹੋ ਜਾਵੇ ਤਾਂ ਨਿਰਾਸ਼ ਹੋ ਜਾਂਦੇ ਹਨ। ਉਹ ਆਪਣੀ ਤੋਰ ਨਾਲ ਤੁਰਨਾ ਚਾਹੁੰਦੇ ਹਨ, ਦੂਜਿਆਂ ਦੀ ਨਾਲ ਨਹੀਂ। ਉਹ ਚਲਦੇ ਚਲਦੇ ਕਿਸੇ ਚਾਹ ਦੀ ਦੁਕਾਨ 'ਤੇ ਰੁਕ ਕੇ ਇਕ ਚਾਹ ਦੇ ਕੱਪ ਦਾ ਹੁਕਮ ਦਿੰਦੇ ਹਨ। ਜੇ ਚਾਹ ਵਾਲਾ ਦੇਰ ਕਰ ਦੇਵੇ ਜਾਂ ਉਸ ਨੂੰ ਚਾਹ ਦੇਣਾ ਭੁੱਲ ਜਾਵੇ ਤਾਂ ਉਹ ਇਹ ਕਹਿੰਦੇ ਉੱਠ ਕੇ ਚਲ ਪੈਂਦੇ ਹਨ, "ਮੈਨੂੰ ਨਹੀਂ ਚਾਹੀਦੀ, ਹੁਣ ਆਪ ਈ ਪੀ ਲਈਂ ਇਸ ਨੂੰ।"

ਮੈਨੂੰ ਯਾਦ ਹੈ, ਜਦੋਂ ਮੈਂ ਛੇਵੀ ਜਮਾਤ ਵਿਚ ਹੁੰਦਾ ਸਾਂ ਸਾਡਾ ਇਕ ਸੀਰੀ ਹਾਜ਼ਰੀ ਦੀ ਰੋਟੀ ਨਾਲ ਨਿੰਬੂ ਦਾ ਆਚਾਰ ਲੈ ਕੇ ਖੁਸ਼ ਰਹਿੰਦਾ ਸੀ। ਇਕ ਦਿਨ ਮੈਨੂੰ ਘਰੋਂ ਉਸ ਨੂੰ ਹਲ ਵਾਹੁੰਦੇ ਲਈ ਦੋ ਮਿੱਸੀਆਂ ਰੋਟੀਆਂ ਤੇ ਇਕ ਗੰਢਾ ਦੇ ਕੇ ਭੇਜ ਦਿੱਤਾ। ਉਹ ਖਾਣ ਲਈ ਹਲ ਛੱਡ ਕੇ ਵਾਹਣ ਵਿਚ ਬੈਠ ਤਾਂ ਗਿਆ, ਪਰ ਗੰਢਾ ਦੇਖਦੇ ਹੀ ਤਿੜਕ ਗਿਆ। ਕਹਿਣ ਲੱਗਾ, "ਘਰਾਂ ਈਂ ਲੇਜਾ ਰੈ ਇਸ ਨੂੰ, ਕੰਮ ਆਜੇਗਾ।" ਮੈਂ ਉਸ ਨੂੰ ਗੰਢੇ ਤੋਂ ਬਿਨਾ ਹੀ ਮਿੱਸੀਆਂ ਖਾ ਲੈਣ ਲਈ ਕਿਹਾ। ਉਸ ਨੇ ਰੋਟੀਆਂ ਮੇਰੇ ਕੋਲੋਂ ਫੜੀਆਂ ਤੇ ਮੂੰਹ ਵੱਟ ਕੇ ਬਲਦਾਂ ਨੂੰ ਖੁਆ ਦਿੱਤੀਆਂ। ਕਹਿਣ ਲੱਗਾ, "ਮੈਂ ਪਾਣੀ ਪੀ ਲਿਆ ਤਾ, ਮੰਨੂੰ ਨੀ ਭੁੱਖ।" ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਹ ਹਲ ਵਾਹ ਰਿਹਾ ਸੀ, ਭੁੱਖਾ ਸੀ ਤੇ ਖਾਣ ਲਈ ਬੈਠ ਵੀ ਗਿਆ ਸੀ, ਪਰ ਛੋਟੀ ਜਿਹੀ ਗੱਲ ਤੋਂ ਨਿਰਾਸ਼ ਹੋ ਗਿਆ ਤੇ ਭੋਜਨ ਖਾਣ ਦਾ ਵਿਚਾਰ ਛੱਡ ਦਿੱਤਾ। ਉਸ ਨੇ ਸਾਡੇ ਨਾਲ ਕਈ ਸਾਲ ਸੀਰ ਕੀਤਾ। ਉਸ ਬਾਰੇ ਇਹ ਮਸ਼ਹੂਰ ਸੀ, ਜਦੋਂ ਉਸ ਨੂੰ ਸਵੇਰੇ ਸਵੇਰੇ ਹਲ ਦੇ ਕੇ ਭੇਜਿਆਂ ਜਾਂਦਾ ਤਾਂ ਉਹ ਕੋਈ ਨਾ ਕੋਈ ਬਹਾਨਾ ਲਾ ਕੇ ਵਾਪਸ ਆ ਜਾਂਦਾ। ਕਦੇ ਕਹਿੰਦਾ, "ਖੇਤ ਤੋ ਬੱਤ ਨੀਂ ਅਜੇ, ਉਸ ਮਾਂ ਤੋ ਅੱਡੀ ਗਡਾ।" ਤੇ ਕਦੇ ਕਹਿੰਦਾ, "ਹਾਲੇ ਤੋ ਲਾਣੇਦਾਰ ਅੱਧੀ ਰਾਤ ਵੀ ਨੀਂ ਹੋਈ, ਤੈਂ ਮੰਨੂੰ ਪਹਿਲਾਂ ਈ ਭੇਜ ਦਿਆ।" ਇਸ ਲਈ ਕਈ ਵਾਰ ਮੇਰਾ ਬਾਪੂ ਆਪ ਉਸ ਨਾਲ ਜਾ ਕੇ ਹਲ ਜੁੜਵਾ ਕੇ ਆਉਂਦਾ। ਉਸ ਵੇਲੇ ਅਸੀਂ ਉਸ ਨੂੰ ਕੰਮ-ਚੋਰ ਤੇ ਬਹਾਨੇਬਾਜ ਕਹਿੰਦੇ ਸਾਂ, ਪਰ ਹੁਣ ਪਤਾ ਲਗਦਾ ਹੈ ਕਿ ਕੁਝ ਆਦਮੀ ਨਿੱਕੀ ਜਿਹੀ ਗੱਲ 'ਤੇ ਦਿਲ ਛੱਡ ਜਾਂਦੇ ਹਨ। ਜੈਂਸ਼ੀਅਨ ਫੁੱਲ ਦਵਾਈ ਬਣੀ ਹੀ ਅਜਿਹੇ ਲੋਕਾਂ ਦੇ ਇਲਾਜ ਲਈ ਹੈ।

ਠੇਠ ਪੰਜਾਬੀ ਵਿਚ ਕਹੀਏ ਤਾਂ ਜੈਂਸ਼ੀਅਨ ਮਰੀਜ਼ ਦਾ ਸੁਭਾਅ ਫੁੱਫੜ-ਸਿੰਡਰੋਮ (Syndrome) 'ਤੇ ਖਰਾ ਉਤਰਦਾ ਹੈ। ਇਸ ਦਵਾਈ ਦੇ ਮਰੀਜ਼ ਸਹੀ ਖਾਤਰਦਾਰੀ ਨਾ ਹੋਣ 'ਤੇ ਫੁੱਫੜਾਂ ਵਾਂਗ ਰੁੱਸ ਜਾਂਦੇ ਹਨ ਤੇ ਫਿਰ ਸਹੁਰੇ ਪਰਿਵਾਰ ਤੋਂ ਕਟੇ ਕਟੇ ਰਹਿੰਦੇ ਹਨ। ਮੇਰਾ ਇਕ ਮਿੱਤਰ ਆਪਣੇ ਸਕੂਲ ਸਮੇਂ ਦੇ ਦਸ ਸਾਲ ਤੋਂ ਵਿਛੜੇ ਦੋਸਤ ਨੂੰ ਲੱਭ ਕੇ ਮਿਲਣ ਗਿਆ। ਉਹ ਸ਼ਹਿਰ ਤੋਂ ਚਾਰ ਮੀਲ ਦੂਰ ਮਾਰੂਥਲ ਵਿਚ ਇਕ ਖੋਜ ਸੰਸਥਾਨ ਦੇ ਕੁਆਟਰ ਵਿਚ ਰਹਿੰਦਾ ਸੀ। ਉਸ ਦੋਸਤ ਨੇ ਉਸ ਦੇ ਮਿਲਣ ਦੀ ਖੁਸ਼ੀ ਵਿਚ ਆਪਣੇ ਸਭ ਸਹਿਕਰਮੀਆਂ ਨੂੰ ਇਕ ਪ੍ਰੀਤੀਭੋਜ ਦਿੱਤਾ। ਡਿਨਰ ਪਾਰਟੀ ਵਿਚ ਮੇਰੇ ਮਿੱਤਰ ਨੂੰ ਲੱਗਾ ਕਿ ਉਸ ਦਾ ਦੋਸਤ ਉਸ ਵੱਲ ਖਾਸ ਤਵੱਜੋਂ ਨਹੀਂ ਦੇ ਰਿਹਾ ਤੇ ਉਸ ਦਾ ਧਿਆਨ ਆਪਣੇ ਸਹਿਕਰਮੀਆਂ ਵਲ ਵਧੇਰੇ ਹੈ। ਉਹ ਪਾਰਟੀ ਚਲਦੇ ਹੀ ਰਾਤ ਨੂੰ ਦਸ ਵਜੇ ਚੁਪਕੇ ਜਿਹੇ ਆਪਣਾ ਬੈਗ ਚੁੱਕ ਕੇ ਉੱਥੋਂ ਨਿਕਲਿਆ ਤੇ ਦੌੜਦਾ ਦੌੜਦਾ ਸ਼ਹਿਰ ਪਹੁੰਚ ਗਿਆ। ਟਰੱਕਾਂ ਰਾਹੀਂ ਸਫਰ ਕਰਦਾ ਉਹ ਰਾਤੋ ਰਾਤ ਆਪਣੇ ਘਰ ਪਹੁੰਚਿਆ ਤੇ ਮੁੜ ਉਸ ਦੋਸਤ ਨੂੰ ਕਦੇ ਨਾ ਮਿਲਿਆ। ਪਰ ਕੁਝ ਸਾਲਾਂ ਬਾਦ ਜੈਂਸ਼ੀਅਨ ਨੇ ਉਸ ਦਾ ਰੋਸਾ ਦੂਰ ਕਰਕੇ ਦੋਹਾਂ ਦੋਸਤਾਂ ਨੂੰ ਫਿਰ ਮਿਲਾ ਦਿੱਤਾ।






ਬਹੁਤ ਵਾਰ ਅਜਿਹੇ ਲੋਕ ਵੀ ਮਿਲਦੇ ਹਨ, ਜੋ ਘਰੋਂ ਗੱਡੀ ਵਿਚ ਗੈਸ ਪਵਾਉਣ ਲਈ ਨਿਕਲਦੇ ਹਨ। ਉਨ੍ਹਾਂ ਕੋਲ ਪਰਸ ਵੀ ਹੁੰਦਾ ਹੈ ਤੇ ਪਰਸ ਵਿਚ ਪੈਸੇ ਵੀ ਹੁੰਦੇ ਹਨ, ਪਰ ਉਹ ਗੈਸ ਸਟੇਸ਼ਨ 'ਤੇ ਭੀੜ ਦੇਖ ਕੇ ਆਪਣਾ ਇਰਾਦਾ ਬਦਲ ਲੈਂਦੇ ਹਨ ਤੇ ਬਿਨਾ ਗੈਸ ਹੀ ਵਾਪਸ ਆ ਜਾਂਦੇ ਹਨ। ਇਨ੍ਹਾਂ ਨੂੰ ਲਾਈਨ ਵਿਚ ਉਡੀਕਣਾ ਠੀਕ ਨਹੀਂ ਲਗਦਾ। ਕਈ ਲੋਕ ਕਿਸੇ ਵਿਆਹ ਸ਼ਾਦੀ ਜਾਂ ਹੋਰ ਸਮਾਜਿਕ ਇਕੱਠ ਵਿਚ ਬੁਲਾਏ ਹੁੰਦੇ ਹਨ, ਪਰ ਜੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਉੱਥੇ ਕੋਈ ਅਜਿਹਾ ਵਿਅਕਤੀ ਵੀ ਆ ਰਿਹਾ ਹੈ, ਜਿਸ ਨਾਲ ਉਨ੍ਹਾਂ ਦੀ ਬਣਦੀ ਨਹੀਂ, ਉਹ ਉੱਥੇ ਨਹੀਂ ਜਾਂਦੇ। ਉਨ੍ਹਾਂ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਉਹ ਅਣਚਾਹੇ ਲੋਕਾਂ ਦੀ ਮੌਜੂਦਗੀ ਵਿਚ ਘੁਟੇ ਘੁਟੇ ਮਹਿਸੂਸ ਕਰਨਗੇ। ਉਨ੍ਹਾਂ ਦੇ ਨਾਂਹ-ਪੱਖੀ ਵਿਚਾਰ ਉਨ੍ਹਾਂ ਨੂੰ ਇਹ ਨਹੀਂ ਸੋਚਣ ਦਿੰਦੇ ਕਿ ਖੁਸ਼ੀ ਦੇ ਮਾਹੌਲ ਵਿਚ ਉਨ੍ਹਾਂ ਦਾ ਮਨ-ਮਟਾਉ ਘਟ ਵੀ ਸਕਦਾ ਹੈ ਤੇ ਉਹ ਦੋਸਤੀ ਵੱਲ ਵੀ ਵਧ ਸਕਦੇ ਹਨ। ਇਹ ਕੋਈ ਸਾਧਾਰਨ ਲੋਕ ਨਹੀਂ ਹੁੰਦੇ, ਇਹ ਜੈਂਸ਼ੀਅਨ ਦੇ ਮਰੀਜ਼ ਹੁੰਦੇ ਹਨ।

ਜੈਂਸ਼ੀਅਨ ਦਾ ਮਰੀਜ਼ ਨਾ ਐਲਮ ਦੇ ਮਰੀਜ਼ ਵਾਂਗ ਥੱਕਿਆ ਹੁੰਦਾ ਹੈ ਤੇ ਨਾ ਹੀ ਸਕਲੇਰੈਂਥਿਸ ਦੇ ਮਰੀਜ਼ ਵਾਂਗ ਆਲਸੀ ਹੁੰਦਾ ਹੈ। ਉਹ ਅੰਤਰਮੁਖੀ ਹੁੰਦਾ ਹੈ। ਕੰਮ ਇਨ੍ਹਾਂ ਤਿੰਨੋ ਤਰ੍ਹਾਂ ਦੇ ਵਿਅਕਤੀਆਂ ਵਿਚੋਂ ਕੋਈ ਵੀ ਕਰਨਾ ਪਸੰਦ ਨਹੀਂ ਕਰਦਾ; ਪਰ ਜੈਂਸ਼ੀਅਨ ਦੇ ਮਰੀਜ਼ ਕੋਲ ਕੰਮ ਨਾ ਕਰਨ ਦਾ ਕੋਈ ਬਹਾਨਾ ਹੁੰਦਾ ਹੈ, ਜੋ ਦੂਜਿਆਂ ਦੋਹਾਂ ਕੋਲ ਨਹੀਂ ਹੁੰਦਾ। ਉਹ ਛੋਟਾ ਜਿਹਾ ਕਾਰਨ ਮਿਲਣ 'ਤੇ ਬੇਆਸ ਹੋ ਜਾਂਦਾ ਹੈ ਤੇ ਕੰਮ ਤੋਂ ਪਰ੍ਹੇ ਹੋ ਜਾਂਦਾ ਹੈ। ਜੇ ਗੱਲ ਉਸ ਦੀ ਰੁਚੀ ਮੁਤਾਬਿਕ ਨਾ ਹੁੰਦੀ ਹੋਵੇ ਤਾਂ ਉਹ ਉਸ ਤੋਂ ਮੁਨਕਰ ਹੋ ਜਾਂਦਾ ਹੈ। ਉਹ ਕਿਤੇ ਜਾਣ ਲਈ ਤਿਆਰ ਹੋ ਕੇ ਊਬਰ ਨੂੰ ਕਾਲ ਕਰੇਗਾ, ਪਰ ਜੇ ਊਬਰ ਦੇਰ ਨਾਲ ਮਿਲੇ ਤਾਂ ਨਿਰਾਸ਼ ਹੋ ਜਾਂਦਾ ਹੈ। ਉਹ ਸੋਚਦਾ ਹੈ ਕਿ ਲੇਟ ਹੋ ਕੇ ਜਾਣ ਦਾ ਕੀ ਫਾਇਦਾ, ਹੁਣ ਜਲਦੀ ਤਿਆਰ ਹੋ ਕੇ ਕੱਲ੍ਹ ਜਾਵੇਗਾ।

ਜਦੋਂ ਇੰਡੀਆ ਵਿਚ ਸਿਰਫ ਐਤਵਾਰ ਦੀ ਛੁੱਟੀ ਹੁੰਦੀ ਸੀ, ਸਾਡੇ ਗਵਾਂਢੀਆਂ ਦਾ ਇਕ ਲੜਕਾ ਹਫਤੇ ਦੀਆਂ ਦੋ ਛੁੱਟੀਆਂ ਕਰਦਾ ਸੀ। ਉਹ ਕਿਸੇ ਵੀ ਸੋਮਵਾਰ ਸਕੂਲ ਨਾ ਜਾਂਦਾ। ਪੁੱਛਣ ਤੋਂ ਪਤਾ ਚੱਲਿਆ ਕਿ ਉਹ ਹਰ ਵਾਰ ਨਵਾਂ ਬਹਾਨਾ ਲਾ ਕੇ ਘਰੇ ਦਬਕ ਜਾਂਦਾ ਸੀ। ਜੇ ਮਾਂ-ਪਿਉ ਸਖਤੀ ਕਰਦੇ ਤਾਂ ਹੱਥ ਜੋੜ ਕੇ ਛੁਟ ਜਾਂਦਾ ਸੀ। ਹੌਲੀ ਹੌਲੀ ਉਸ ਦੇ ਮਾਪੇ ਉਸ ਦੀ ਇਸ ਆਦਤ ਨੂੰ ਤੋੜਨ ਵਿਚ ਕਾਮਯਾਬ ਤਾਂ ਹੋ ਗਏ, ਪਰ ਉਸ ਦੀ ਬਹਾਨੇਬਾਜ਼ੀ ਦੀ ਇਸ ਆਦਤ ਦਾ ਪੱਕਾ ਇਲਾਜ਼ ਜੈਂਸ਼ੀਅਨ ਵਿਚ ਸੀ। ਇਸ ਦਵਾਈ ਦੀਆਂ ਕੁਝ ਗੋਲੀਆਂ ਹੀ ਡਰਨ-ਘਬਰਾਉਣ ਵਾਲੇ ਤੇ ਬਹਾਨੇਬਾਜ਼ ਬੱਚਿਆਂ ਨੂੰ ਬੀਬੇ ਬਣਾ ਸਕਦੀਆਂ ਹਨ।

ਸਰਕਾਰੀ ਸਕੂਲ ਸਨੌਰ ਵਿਚ ਪੜ੍ਹਦਿਆਂ ਇਕ ਦਿਨ ਮੈਂ ਵੀ ਇਵੇਂ ਛੁੱਟੀ ਮਾਰੀ ਸੀ। ਸਾਡਾ ਹਿੰਦੀ ਅਧਿਆਪਕ ਸੰਭੀਦੱਤ ਸਕੂਲ ਦਾ ਕੰਮ ਪੂਰਾ ਨਾ ਕਰਨ ਤੋਂ ਬੜਾ ਬੇਕਿਰਕ ਹੋ ਕੇ ਮਾਰਦਾ ਸੀ। ਉਹ ਬੱਚਿਆਂ ਨੂੰ ਡਰਾਉਣ ਲਈ ਡੰਡਾ ਘੁਮਾਉਂਦਾ ਹੀ ਕਲਾਸ ਰੂਮ ਵਿਚ ਵੜਦਾ ਸੀ। ਉਸ ਦਿਨ ਮੈਂ ਹਿੰਦੀ ਦਾ ਕੰਮ ਨਹੀਂ ਸੀ ਕੀਤਾ। ਇਸ ਲਈ ਮੈਂ ਹਿੰਦੀ ਦੀ ਕਾਪੀ ਗੁੰਮ ਹੋ ਜਾਣ ਦਾ ਬਹਾਨਾ ਲਾ ਕੇ ਛੁੱਟੀ ਕਰ ਲਈ ਸੀ ਤੇ ਸਕੂਲ ਦਾ ਕੰਮ ਘਰੋਂ ਮੁਕਾਇਆ ਸੀ। ਉਨ੍ਹਾਂ ਦਿਨਾਂ ਵਿਚ ਹੋਮਿਓਪੈਥੀ ਤੇ ਬੈਚ ਫੁੱਲ ਦਵਾਈਆਂ ਹੁੰਦੀਆਂ ਤਾਂ ਸਨ, ਪਰ ਸਾਡੇ ਪਛੜੇ ਰਿਆਸਤੀ ਇਲਾਕੇ ਵਿਚ ਇਨ੍ਹਾਂ ਦਾ ਕਿਸੇ ਨੂੰ ਕੋਈ ਖਾਸ ਪਤਾ ਨਹੀਂ ਸੀ। ਜੇ ਪਤਾ ਹੁੰਦਾ ਤਾਂ ਵੀ ਅਜਿਹੀਆਂ ਛੋਟੀਆਂ ਕਸਰਾਂ ਦਾ ਇਲਾਜ ਮਾਪੇ ਥੱਪੜਾਂ ਨਾਲ ਹੀ ਕਰਦੇ, ਪਰ ਅੱਜ ਦੇ ਸਮੇਂ ਵਿਚ ਇਸ ਦਾ ਸੌਖਾ ਇਲਾਜ ਜੈਂਸ਼ੀਅਨ ਉਪਲਬਦ ਹੈ।

ਜਿਹੜੇ ਹੋਰ ਬੱਚਿਆਂ ਨੂੰ ਇਹ ਫੁੱਲ ਦਵਾਈ ਬੀਬੇ ਬਣਾ ਸਕਦੀ ਹੈ, ਉਹ ਹਨ ਜੋ ਪੈਂਸਲ ਜਾਂ ਕਲਮ ਟੁੱਟ ਜਾਣ ਕਰਕੇ ਲਿਖਣਾ ਬੰਦ ਕਰ ਦਿੰਦੇ ਹਨ; ਫਟੀ ਹੋਈ ਕਿਤਾਬ ਤੋਂ ਪੜ੍ਹਨ ਨੂੰ ਜਵਾਬ ਦੇ ਦਿੰਦੇ ਹਨ; ਟਾਈ ਨਾ ਲੱਭਣ ਕਾਰਨ ਸਕੂਲ ਜਾਣ ਤੋਂ ਜਵਾਬ ਦੇ ਦਿੰਦੇ ਹਨ; ਬੱਸ ਲੇਟ ਹੋ ਜਾਣ 'ਤੇ ਛੁੱਟੀ ਕਰ ਲੈਂਦੇ ਹਨ; ਸਕੂਲ ਵਿਚ ਮਾਸਟਰ ਦੇ ਡਾਂਟਣ ਕਾਰਨ ਫੱਟੀ ਬਸਤਾ ਚੁੱਕ ਕੇ ਘਰ ਨੂੰ ਆ ਜਾਂਦੇ ਹਨ ਅਤੇ ਕਿਸੇ ਬੱਚੇ ਨਾਲ ਲੜ ਕੇ ਅਗਲੇ ਦਿਨ ਸਕੂਲ ਜਾਣ ਤੋਂ ਨਾਂਹ ਕਰ ਦਿੰਦੇ ਹਨ। ਜਿਨ੍ਹਾਂ ਬੱਚਿਆਂ ਦੇ ਕੰਮ ਵਿਚ ਕਿਸੇ ਤਰ੍ਹਾਂ ਦਾ ਵਿਘਨ ਉਨ੍ਹਾਂ ਨੂੰ ਸਕੂਲ ਜਾਣ ਜਾਂ ਪੜ੍ਹਨ ਤੋਂ ਰੋਕ ਦਿੰਦਾ ਹੈ, ਉਹ ਜੈਂਸ਼ੀਅਨ ਲੈਣ ਨਾਲ ਆਪਣਾ ਸੁਭਾਅ ਬਦਲ ਲੈਣਗੇ ਤੇ ਅਜਿਹੇ ਛੋਟੇ-ਮੋਟੇ ਕਾਰਨਾਂ ਦੇ ਬਾਵਜੂਦ ਵੀ ਆਪਣਾ ਕੰਮ ਕਾਜ ਜਾਰੀ ਰੱਖਣਗੇ।

ਜਿਹੜੇ ਵਿਅਕਤੀ ਇਕ ਪਤਨੀ ਦੇ ਮਰਨ ਤੋਂ ਬਾਅਦ ਦੂਜਾ ਵਿਆਹ ਨਹੀਂ ਕਰਦੇ ਜਾਂ ਇਕ ਦੋਸਤ ਦੇ ਬੇਵਫਾ ਹੋਣ ਨਾਲ ਕਿਸੇ ਹੋਰ ਨਾਲ ਦੋਸਤੀ ਨਹੀਂ ਕਰਦੇ, ਉਹ ਜੈਂਸ਼ੀਅਨ ਲੈ ਕੇ ਆਪਣਾ ਦ੍ਰਿਸ਼ਟੀਕੋਣ ਬਦਲ ਸਕਦੇ ਹਨ। ਜਿਹੜੇ ਸਾਈਕਲ ਸਿੱਖਣ ਲੱਗਿਆਂ ਇਕ ਵਾਰ ਡਿਗ ਕੇ ਮੁੜ ਸਾਈਕਲ 'ਤੇ ਨਹੀਂ ਚੜ੍ਹਦੇ; ਇਕ ਵਾਰ ਘਾਟਾ ਖਾ ਕੇ ਮੁੜ ਸਟਾਕ ਨਹੀਂ ਖਰੀਦਦੇ; ਇਕ ਵਾਰ ਫੇਲ੍ਹ ਹੋ ਕੇ ਮੁੜ ਪੜ੍ਹਾਈ ਛੱਡ ਦਿੰਦੇ ਹਨ; ਇਕ ਵਾਰ ਕਿਸੇ ਦਵਾਈ ਦਾ ਰਿਐਕਸ਼ਨ ਹੋਣ ਤੋਂ ਬਾਅਦ ਹਰ ਦਵਾਈ 'ਤੇ ਸ਼ੱਕ ਕਰਨ ਲਗਦੇ ਹਨ, ਉਹ ਵੀ ਇਸ ਦਵਾਈ ਨਾਲ ਠੀਕ ਹੋ ਜਾਂਦੇ ਹਨ। ਪੰਜਾਬ ਦੇ ਇਕ ਜੰਗਲਾਤ ਅਫਸਰ ਨੇ ਆਪਣੇ ਇਕਲੌਤੇ ਡੈਂਟਿਸਟ ਲੜਕੇ ਦੀ ਸ਼ਾਦੀ ਅਮਰੀਕਾ ਦੇ ਇਕ ਪਸ਼ੂ ਡਾਕਟਰ ਦੀ ਇਕਲੌਤੀ ਕੁੜੀ ਨਾਲ ਕਰ ਦਿੱਤੀ। ਲੜਕੀ ਸਕੂਲ ਅਧਿਆਪਕਾ ਸੀ। ਲੜਕਾ ਉੱਥੇ ਚਾਈਂ-ਚਾਈਂ ਗਿਆ, ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਉੱਥੇ ਉਸ ਨੂੰ ਪ੍ਰੈਕਟਿਸ ਕਰਨ ਲਈ ਸਖਤ ਪ੍ਰੀਖਿਆ ਦੇਣੀ ਪੈਣੀ ਹੈ, ਉਹ ਮਾਯੂਸ ਹੋ ਗਿਆ। ਉਸ ਦੀ ਪਤਨੀ ਨੇ ਉਸ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਹ ਧੀਰਜ ਖੋ ਕੇ ਚਿੜਚਿੜਾ ਹੋ ਗਿਆ। ਇਸ ਕਾਰਨ ਉਸ ਦੇ ਆਪਣੀ ਪਤਨੀ ਨਾਲ ਵੀ ਸੰਬੰਧ ਵਿਗੜ ਗਏ। ਉਹ ਚੁੱਪ ਚਪੀਤਾ ਪੰਜਾਬ ਵਾਪਸ ਆ ਗਿਆ। ਲੜਕੀ ਉਸ ਨੂੰ ਕਈ ਵਾਰ ਮਨਾਉਣ ਆਈ, ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਆਖਿਰ ਉਸ ਨੂੰ ਤਲਾਕ ਵੀ ਪੰਜਾਬ ਦੀ ਅਦਾਲਤ ਵਿਚੋਂ ਹੀ ਲੈਣਾ ਪਿਆ, ਕਿਉਂਕਿ ਉਨ੍ਹਾਂ ਦੀ ਸ਼ਾਦੀ ਉੱਥੇ ਹੋਈ ਸੀ। ਉਸ ਨੂੰ ਇਸ ਤਜ਼ਰਬੇ ਤੋਂ ਐਸੇ ਹੱਥ ਲੱਗੇ ਕਿ ਉਸ ਨੇ ਮੁੜ ਸ਼ਾਦੀ ਦਾ ਨਾਂ ਨਾ ਲਿਆ। ਉਸ ਤੇ ਉਸ ਜਿਹੇ ਹੋਰ ਨੌਜਵਾਨਾਂ ਦੀ ਸਮੱਸਿਆ ਦਾ ਹੱਲ ਫੁੱਲ ਦਵਾਈ ਜੈਂਸ਼ੀਅਨ ਵਿਚ ਹੈ।

ਜਿਹੜੇ ਲੋਕ ਘਰ ਦੇ ਲੜਾਈ-ਝਗੜੇ ਤੋਂ ਤੰਗ ਆ ਕੇ ਸੰਨਿਆਸ ਲੈ ਲੈਂਦੇ ਹਨ ਜਾਂ ਬਾਸ ਦੀਆਂ ਹਰਕਤਾਂ ਤੋਂ ਪ੍ਰੇਸ਼ਾਨ ਹੋ ਕੇ ਨੌਕਰੀ ਛੱਡ ਦਿੰਦੇ ਹਨ ਤੇ ਜਾਂ ਰਿਸ਼ਤੇਦਾਰਾਂ ਦੇ ਸਤਾਏ ਖੁਦਕਸ਼ੀ ਕਰ ਲੈਂਦੇ ਹਨ, ਉਹ ਵੀ ਜੇ ਜੈਂਸ਼ੀਅਨ ਲੈ ਲੈਣ ਤਾਂ ਅਜਿਹੇ ਸਖਤ ਕਦਮ ਚੁੱਕਣ ਤੋਂ ਬਚ ਸਕਦੇ ਹਨ। ਜਿਹੜੇ ਕਰਜ਼ਦਾਰ ਕਰਜ਼ਾ ਦੇਣ ਵਾਲਿਆਂ ਤੋਂ ਡਰਦੇ ਸ਼ਹਿਰ ਛੱਡ ਜਾਂਦੇ ਹਨ, ਜਿਹੜੇ ਮਾਰੂਥਲ ਵਾਸੀ ਗਰਮੀ ਤੋਂ ਡਰਦੇ ਪਹਾੜਾਂ 'ਤੇ ਚਲੇ ਜਾਂਦੇ ਹਨ, ਜਿਹੜੇ ਬਰਫਾਂ ਤੋਂ ਘਬਰਾਉਂਦੇ ਕੈਨੇਡਾ ਨਿਵਾਸੀ ਸਰਦੀਆਂ ਵਿਚ ਇੰਡੀਆ ਚਲੇ ਜਾਂਦੇ ਹਨ ਅਤੇ ਜਿਹੜੇ ਇੰਡੀਆ ਜਾਣ ਦੀ ਖੱਜਲ ਖੁਆਰੀ ਤੋਂ ਡਰਦੇ ਸਰਦੀਆਂ ਕੈਨੇਡਾ ਵਿਚ ਬੈਠੇ ਕੇ ਹੀ ਗੁਜ਼ਾਰਦੇ ਹਨ, ਉਨ੍ਹਾਂ ਦੀ ਸੋਚ ਵੀ ਇਹ ਦਵਾਈ ਦਰੁਸਤ ਕਰ ਸਕਦੀ ਹੈ। ਜਿਹੜੇ ਪਤੀ-ਪਤਨੀ, ਭੈਣ-ਭਰਾ ਜਾਂ ਗੂੜ੍ਹੇ ਦੋਸਤ-ਮਿੱਤਰ ਇਕ ਵਾਰ ਲੜ ਝਗੜ ਕੇ ਕਾਫੀ ਦੇਰ ਇਕ ਦੂਜੇ ਤੋਂ ਮੂੰਹ ਵੱਟੀ ਰਹਿੰਦੇ ਹਨ, ਉਹ ਇਸ ਨਾਲ ਆਪਣੇ ਸੰਬੰਧਾਂ ਨੂੰ ਮੁੜ ਪਹਿਲਾਂ ਵਾਂਗ ਸਿਹਤਮੰਦ ਬਣਾ ਸਕਦੇ ਹਨ।

ਕਹਿੰਦੇ ਹਨ ਕਿ ਜੈਂਸ਼ੀਅਨ ਦੇ ਮਰੀਜ਼ਾਂ ਦੇ ਨੱਕ 'ਤੇ ਉਦਾਸੀ ਦਾ ਆਲ੍ਹਣਾ ਬਣਿਆ ਹੁੰਦਾ ਹੈ। ਖੁਸ਼ੀ, ਖੇੜੇ ਤੇ ਉਮੀਦ ਦੀਆਂ ਘੜੀਆਂ ਵਿਚ ਵੀ ਉਨ੍ਹਾਂ ਦਾ ਮੂੰਹ ਲਟਕਿਆ ਹੁੰਦਾ ਹੈ। ਉਹ ਅੱਧਾ ਗਿਲਾਸ ਦੁੱਧ ਦੇਣ ਵਾਲੇ ਦਾ ਧੰਨਵਾਦ ਨਹੀਂ ਕਰਦੇ, ਸਗੋਂ ਅੱਧਾ ਖਾਲੀ ਕਹਿ ਕੇ ਉਸ ਦੀ ਨਿੰਦਾ ਕਰਦੇ ਹਨ। ਜੇ ਉਨ੍ਹਾਂ ਦੇ ਘਰ ਇਕੋ ਇਕ ਧੀ ਹੋਵੇ, ਉਹ ਆਪਣੇ ਮੁਕੱਦਰ ਦਾ ਸ਼ੁਕਰ ਨਹੀਂ ਕਰਦੇ, ਸਗੋਂ ਉਹ ਪੁੱਤਰ ਨਾ ਹੋਣ ਕਰਕੇ ਆਪਣੀ ਕਿਸਮਤ ਨੂੰ ਕੋਸਦੇ ਹਨ। ਕਿਸੇ ਇਮਤਿਹਾਨ ਵਿਚ ਪਾਸ ਹੋਣ ਵੇਲੇ ਉਹ ਖੁਸ਼ੀ ਮਨਾਉਣ ਦੀ ਥਾਂ ਉਦਾਸੀ ਵਿਚ ਡੁੱਬ ਜਾਂਦੇ ਹਨ ਕਿ ਉਨ੍ਹਾਂ ਦੀ ਫਸਟ ਡਿਵੀਜ਼ਨ ਨਹੀਂ ਆਈ। ਹਰ ਗੱਲ ਵਿਚ "ਇਹ ਨਵਾਂ ਪੰਗਾ ਪੈ ਗਿਆ" ਕਹਿਣਾ ਇਨ੍ਹਾਂ ਲੋਕਾਂ ਦਾ ਤਕੀਆ ਕਲਾਮ ਹੁੰਦਾ ਹੈ। ਜੇ ਇਨ੍ਹਾਂ ਨੂੰ ਕਿਸੇ ਕੰਮ ਲਈ ਕਿਸੇ ਪੁਰਾਣੇ ਸਰਕਾਰੀ ਰਿਕਾਰਡ ਦੀ ਕਾਪੀ ਪੇਸ਼ ਕਰਨੀ ਪਵੇ, ਡਿਕਸ਼ਨਰੀ ਵਿਚ ਸ਼ਬਦ ਦੇਖਣਾ ਪਵੇ, ਕਿਸੇ ਪੇਜ਼ 'ਤੇ ਸਾਈਨ-ਅੱਪ ਕਰਨਾ ਪਵੇ ਜਾਂ ਕਿਤੇ ਕੋਈ ਨੋਟਰੀ ਦਾ ਤਸਦੀਕ ਕੀਤਾ ਹੋਇਆ ਹਲਫਨਾਮਾ ਦੇਣਾ ਪਵੇ ਤਾਂ ਇਹ ਉਸ ਨੂੰ ਪੰਗਾ ਸਮਝਦੇ ਹੋਏ ਕੰਮ ਛੱਡ ਦਿੰਦੇ ਹਨ। ਇਨ੍ਹਾਂ ਨੂੰ ਪੱਕਾ ਹੌਸਲਾ ਰੱਖ ਕੇ ਕੰਮ ਕਰਨਾ ਜੈਂਸ਼ੀਅਨ ਹੀ ਸਿਖਾ ਸਕਦਾ ਹੈ।

ਜਿਵੇਂ ਉੱਤੇ ਜ਼ਿਕਰ ਕੀਤਾ ਗਿਆ ਹੈ ਕਿ ਜੈਂਸ਼ੀਅਨ ਦੇ ਮਰੀਜ਼ ਕੰਮ ਤੋਂ ਪਾਸਾ ਵੱਟਣ ਲਈ ਤੇ ਉਦਾਸ ਰਹਿਣ ਦੇ ਬਹਾਨੇ ਵੀ ਭਾਲ ਲੈਂਦੇ ਹਨ। ਕਿਸੇ ਨੂੰ ਫੋਨ ਕਰਨਾ ਪਵੇ ਤਾਂ ਇਹ ਕਹਿ ਕੇ ਟਲ ਜਾਂਦੇ ਹਨ ਕਿ ਹਾਲੇ ਤਾਂ ਉਹ ਸੁੱਤਾ ਹੀ ਪਿਆ ਹੋਵੇਗਾ। ਕਿਸੇ ਤੋਂ ਉਧਾਰ ਦਿੱਤੇ ਪੈਸੇ ਮੰਗਣੇ ਹੋਣਗੇ ਤਾਂ ਬਹਾਨਾ ਲਾਉਣਗੇ ਕਿ ਹਾਲੇ ਕਿਹੜਾ

*(ਬਾਕੀ ਸਫਾ 37 ਉਤੇ)*

ਕਹਾਣੀ

# ਉਹ ਰਾਤ

**ਕੈਨੇਡਾ ਵੱਸਦੇ ਉੱਘੇ ਕਹਾਣੀਕਾਰ ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ 'ਹਨੇਰੇ ਰਾਹ' ਹਾਲ ਹੀ ਵਿਚ ਛਪਿਆ ਹੈ ਜਿਸ ਵਿਚ ਪਰਵਾਸ ਦੇ ਨਾਲ-ਨਾਲ ਟਰੱਕਿੰਗ ਸਨਅਤ ਬਾਰੇ ਬੜੇ ਸੂਖਮ ਵੇਰਵੇ ਕਲਾ ਵਿਚ ਪਰੋ ਕੇ ਪੇਸ਼ ਕੀਤੇ ਗਏ ਹਨ। ਇਸ ਤੋਂ ਪਹਿਲਾਂ ਉਹ ਆਪਣੀ ਵਾਰਤਕ ਪੁਸਤਕ 'ਟੈਕਸੀਨਾਮਾ' ਵਿਚ ਟੈਕਸੀ ਸਨਅਤ ਨਾਲ ਜੁੜੇ ਪਰਵਾਸੀਆਂ, ਖਾਸਕਰ ਪੰਜਾਬੀਆਂ ਦੇ ਦਿਲਾਂ ਦੀਆਂ ਵੱਖ-ਵੱਖ ਕਥਾਵਾਂ ਸਾਂਝੀਆਂ ਕਰ ਚੁੱਕਾ ਹੈ। 'ਉਹ ਰਾਤ' ਕਹਾਣੀ ਵਿਚ ਉਸ ਨੇ ਪਰਵਾਸ ਅਤੇ ਰਿਸ਼ਤਿਆਂ ਦੀ ਅਜਿਹੀ ਬਿਸਾਤ ਵਿਛਾਈ ਹੈ ਕਿ ਮੁੱਖ ਪਾਤਰਾਂ ਦੇ ਸੁਭਾਅ, ਸਵਾਰਥ ਅਤੇ ਸ਼ੰਕੇ ਉੱਘੜਦੇ ਜਾਂਦੇ ਹਨ। -ਸੰਪਾਦਕ**



ਹਰਪ੍ਰੀਤ ਸੇਖਾ

ਉਹ ਰਾਤ ਮੇਰੇ ਅੰਦਰ ਖੁੱਭ ਗਈ ਸੀ। ਮੈਂ ਉਸ ਨੂੰ ਮੁੜ ਜਿਉਣਾ ਚਾਹੁੰਦੀ ਸੀ। ਇਸ ਬਾਰੇ ਮੈਂ ਵਿਉਂਤ ਬਣਾ ਲਈ। ਪਰ ਹਾਲੇ ਦਿਨ ਸੀ ਅਤੇ ਅਮਨ ਸੌਂ ਗਿਆ ਸੀ। ਪਹਿਲਾਂ ਉਹ ਵਹਿਸ਼ੀ ਬਣ ਗਿਆ ਸੀ। ਉਸ ਦੇ ਵਿਹਾਰ ਨੂੰ ਦੇਖ ਕੇ ਇੱਕ ਵਾਰ ਤਾਂ ਮੈਨੂੰ ਲੱਗਾ, ਜਿਵੇਂ ਉਹ ਮੇਰੇ ਤੋਂ ਕੋਈ ਬਦਲਾ ਲੈ ਰਿਹਾ ਹੋਵੇ। ਉਸ ਵਿਚੋਂ ਪਸੀਨੇ ਦੀ ਬਦਬੂ ਆ ਰਹੀ ਸੀ। ਕਹਿੰਦਾ ਕਿ ਉਹ ਸੌਣ ਤੋਂ ਬਾਅਦ ਹੀ ਨਹਾਵੇਗਾ। ਮੈਨੂੰ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਾ। ਜਦੋਂ ਉਸ ਦਾ ਫਤੂਰ ਲੱਥਾ, ਮੈਂ ਗੁਸਲਖਾਨੇ ਵਿਚ ਚਲੀ ਗਈ। ਨਹਾਉਂਦਿਆਂ ਮੈਂ ਸਹਿਜ ਹੋ ਗਈ। ਸੋਚਿਆ ਕਿ ਐਨੇ ਸਾਲਾਂ ਬਾਅਦ ਮਿਲੇ ਹਾਂ, ਇਸ ਕਰ ਕੇ ਆਪਾ ਖੋ ਬੈਠਾ ਹੋਵੇਗਾ। ਜਦੋਂ ਮੈਂ ਨਹਾ ਕੇ ਬਾਹਰ ਨਿਕਲੀ, ਅਮਨ ਸੌਂ ਚੁੱਕਾ ਸੀ। ਮੇਰਾ ਜੀਅ ਕੀਤਾ ਕਿ ਫਰਸ਼ 'ਤੇ ਵਿਛੇ ਗੱਦੇ ਉਤੇ ਉਸ ਦੇ ਨਾਲ ਲੱਗ ਕੇ ਹੀ ਲੇਟ ਜਾਵਾਂ ਪਰ ਉਸ ਨੂੰ ਘੂਕ ਸੁੱਤਾ ਦੇਖ ਕੇ ਮੈਂ ਨਾਲ ਵਾਲੇ ਗੱਦੇ 'ਤੇ ਲੇਟ ਗਈ। ਫਰਨੀਚਰ ਮੈਂ ਹਾਲੇ ਕੋਈ ਖਰੀਦਿਆ ਨਹੀਂ ਸੀ, ਸੋਚਦੀ ਸੀ ਕਿ ਅਮਨ ਦੇ ਆਏ ਤੋਂ ਉਸ ਦੀ ਰਾਇ ਨਾਲ ਹੀ ਲਵਾਂਗੀ। ਘਰ ਦਾ ਹੋਰ ਸਮਾਨ ਵੀ ਖਰੀਦਣ ਵਾਲਾ ਸੀ। ਇਹ ਸਭ ਕੰਮ ਮੈਂ ਅਗਲੇ ਦਿਨ 'ਤੇ ਛੱਡੇ ਹੋਏ ਸਨ। ਉਸ ਦਿਨ ਤਾਂ ਪੂਰੀ ਤਰ੍ਹਾਂ ਛੁੱਟੀ ਸੀ। ਅਮਨ ਦੇ ਸੌਂ ਕੇ ਉਠਣ ਤੋਂ ਬਾਅਦ ਉਸ ਨੂੰ ਬਾਹਰ ਘੁਮਾਉਣ ਲੈ ਕੇ ਜਾਣਾ ਸੀ ਤੇ ਫਿਰ ਉਸ ਸੁਪਨੇ ਨੂੰ ਜਿਉਣਾ ਸੀ। ਮੈਨੂੰ ਲਗਦਾ ਸੀ ਜਿਵੇਂ ਉਹ ਮੇਰਾ ਅਸਲ ਵਿਚ ਵਿਆਹ ਵਾਲਾ ਦਿਨ ਹੋਵੇ। ਹਵਾਈ ਅੱਡੇ ਵੱਲ ਜਾਂਦਿਆਂ ਮੈਨੂੰ ਲੱਗਾ ਸੀ ਜਿਵੇਂ ਮੈਂ ਅਮਨ ਨੂੰ ਵਿਆਹੁਣ ਚੱਲੀ ਹੋਵਾਂ। ਰਾਹ ਵਿਚ ਸੋਚਦੀ ਰਹੀ ਕਿ ਜਾਣ ਸਾਰ ਉਸ ਦੇ ਨਾਲ ਹੀ ਚੁੰਬੜ ਜਾਵਾਂਗੀ ਪਰ ਉਥੇ ਪਹੁੰਚਣ ਸਾਰ ਪਤਾ ਨਹੀਂ ਕੀ ਹੋਇਆ ਕਿ ਮੈਂ ਇਸ ਤਰ੍ਹਾਂ ਨਾ ਕਰ ਸਕੀ। ਬੱਸ ਥੋੜ੍ਹਾ ਜਿਹਾ ਉਸ ਦੇ ਨਾਲ ਲੱਗ ਗਈ। ਅਮਨ ਵੀ ਕੋਈ ਦੁਆ ਸਲਾਮ ਕਰਨ ਤੋਂ ਬਿਨਾਂ ਹੀ ਪਾਸਪੋਰਟ ਮੇਰੇ ਵੱਲ ਵਧਾ ਕੇ ਬੋਲਿਆ, "ਦੇਖੀਂ ਸੀਰਤ, ਕਨੇਡਾ ਦੀ ਪੱਕੀ ਮੋਹਰ ਲੱਗ ਗਈ ਨਾ?" ਪਾਸਪੋਰਟ ਦੇਖ ਕੇ ਮੈਂ ਉਸ ਨੂੰ ਮੋੜ ਦਿੱਤਾ ਅਤੇ ਉਸ ਤੋਂ ਅਟੈਚੀਆਂ ਵਾਲੀ ਰੇੜ੍ਹੀ ਫੜ ਲਈ। ਅਸੀਂ ਕਾਰ ਵੱਲ ਤੁਰ ਪਏ। ਕਾਰ ਵਿਚ ਅਟੈਚੀ ਰੱਖ ਕੇ ਅਮਨ ਕਾਰ ਦੇ ਡਰਾਈਵਰ ਵਾਲੇ ਦਰਵਾਜ਼ੇ ਕੋਲ ਜਾ ਖੜ੍ਹਾ। ਮੈਂ ਮਜ਼ਾਕ ਨਾਲ ਚਾਬੀ ਉਸ ਵੱਲ ਕਰ ਦਿੱਤੀ। ਉਸ ਨੇ ਕਾਰ ਦੇ ਅੰਦਰ ਦੇਖਿਆ ਅਤੇ "ਓਹ ਤੇਰੀ, ਮੈਂ ਤਾਂ ਇੰਡੀਆ ਦੇ ਭੁਲੇਖੇ 'ਚ ਹੀ ਸੀ", ਆਖ ਕੇ ਸਵਾਰੀ ਵਾਲੇ ਪਾਸੇ ਚਲਿਆ ਗਿਆ ਅਤੇ ਫਿਰ ਕਾਰ ਵਿਚ ਬੈਠਣ ਸਾਰ ਬੋਲਿਆ, "ਹਾਲੇ ਤਾਂ ਤੇਰੀ ਸਵਾਰੀ ਹਾਂ।" ਮੈਂ ਮੁਸਕਰਾ ਪਈ। ਮੈਨੂੰ ਲੱਗਾ ਜਿਵੇਂ ਮੈਂ ਉਸ ਨੂੰ ਵਿਆਹ ਕੇ ਲੈ ਚੱਲੀ ਹੋਵਾਂ।

ਮੈਂ ਹਵਾਈ ਅੱਡੇ ਵੱਲ ਕਦੇ ਕਾਰ ਚਲਾ ਕੇ ਨਹੀਂ ਸੀ ਆਈ। ਰਾਹ-ਦਸੇਰੂ ਚਲਾ ਕੇ ਮੈਂ ਆਪਣਾ ਪੂਰਾ ਧਿਆਨ ਕਾਰ ਚਲਾਉਣ ਵੱਲ ਲਾ ਦਿੱਤਾ। ਹਾਈਵੇ 91 'ਤੇ ਕਾਰ ਪਾ ਕੇ ਮੈਂ ਸੁੱਖ ਦਾ ਸਾਹ ਲਿਆ। ਹੁਣ ਕਾਫੀ ਵਾਟ ਤੱਕ ਰਾਹ ਸਿੱਧਾ ਸੀ। ਰਾਹ-ਦਸੇਰੂ ਵਿਚੋਂ ਆਦੇਸ਼ ਦਿੰਦੀ ਆਵਾਜ਼ ਸ਼ਾਂਤ ਹੋ ਗਈ। ਅਮਨ ਬਾਹਰ ਵੱਲ ਦੇਖ ਰਿਹਾ ਸੀ। ਕਾਰ ਵਿਚਲੀ ਚੁੱਪ ਮੈਨੂੰ ਰੜਕੀ। ਮੇਰੇ ਚਿੱਤ 'ਚ ਆਈ ਕਿ ਮੈਨੂੰ ਕੋਈ ਗੱਲ ਕਰਨੀ ਚਾਹੀਦੀ ਸੀ। ਪਰ ਕੀ ਗੱਲ ਕਰਾਂ, ਇਸ ਦੀ ਸਮਝ ਨਹੀਂ ਸੀ ਆ ਰਹੀ। ਮੈਂ ਅਮਨ ਵੱਲ ਦੇਖਿਆ। ਉਹ ਮੈਨੂੰ ਬਦਲਿਆ-ਬਦਲਿਆ ਲੱਗਾ, ਜਿਵੇਂ ਕੋਈ ਓਪਰਾ ਮਰਦ ਹੋਵੇ। ਪਤਾ ਨਹੀਂ ਕਿਧਰੋਂ ਮੇਰੇ ਚਿੱਤ 'ਚ ਆਈ ਕਿ ਦਾਦੇ ਦੇ ਫੌਜ ਵਿਚੋਂ ਛੁੱਟੀ ਆਇਆਂ ਦਾਦੀ ਨੂੰ ਵੀ ਓਹ ਇਸੇ ਤਰ੍ਹਾਂ ਹੀ ਲਗਦਾ ਹੋਵੇਗਾ? ਫਿਰ ਮੇਰਾ ਧਿਆਨ ਮੰਮੀ ਵੱਲ ਚਲਾ ਗਿਆ। ਮੈਂ ਸੋਚਣ ਲੱਗੀ ਕਿ ਮੰਮੀ ਨੂੰ ਕਿਵੇਂ ਲੱਗਾ ਹੋਵੇਗਾ, ਜਦੋਂ ਪਾਪਾ ਦੋ-ਢਾਈ ਸਾਲਾਂ ਬਾਅਦ ਪਰਦੇਸੋਂ ਮੁੜੇ ਹੋਣਗੇ? ਉਦੋਂ ਤਾਂ ਹੁਣ ਵਰਗੀ ਤਕਨਾਲੋਜੀ ਵੀ ਨਹੀਂ ਸੀ। ਮੈਂ ਤਾਂ ਨਿੱਤ ਅਮਨ ਨੂੰ ਫੋਨ ਕੈਮਰੇ ਰਾਹੀਂ ਦੇਖਦੀ ਤੇ ਗੱਲ ਕਰਦੀ ਸੀ, ਫਿਰ ਵੀ ਇਹ ਮੈਨੂੰ ਕੋਈ ਓਪਰਾ ਲੱਗ ਰਿਹਾ ਸੀ। ਕੁਝ ਦੇਰ ਬਾਅਦ ਅਮਨ ਦੀ ਆਵਾਜ਼ ਨੇ ਹੀ ਚੁੱਪ ਤੋੜੀ। ਉਹ ਬੋਲਿਆ, "ਓਹ ਸਾਹਮਣੇ ਤਾਂ ਕੋਈ ਗੁਰੂ ਘਰ ਲਗਦੈ?"

"ਹਾਂ, ਨਾਨਕਸਰ ਗੁਰਦੁਆਰਾ ਐ", ਮੈਨੂੰ ਆਪਣਾ ਇਹ ਜਵਾਬ ਬਹੁਤ ਸੰਖੇਪ ਲੱਗਾ। ਮੈਂ ਫਿਰ ਕਿਹਾ, "ਜਿੱਦਣ ਮੈਂ ਕਨੇਡਾ ਆਈ ਸੀ, ਰੋਮੀ ਮੈਨੂੰ ਇੱਥੇ ਮੱਥਾ ਟਿਕਾ ਕੇ ਫਿਰ ਘਰ ਲੈ ਕੇ ਗਈ ਸੀ।" ਇਹ ਤਾਂ ਮੈਨੂੰ ਬਾਅਦ ਵਿਚ ਸਮਝ ਲੱਗੀ ਸੀ ਕਿ ਮੱਥਾ ਟਿਕਾਉਣ ਦਾ ਮਤਲਬ ਲੰਗਰ ਛਕਾਉਣ ਤੋਂ ਸੀ।

ਕੁਝ ਪਲਾਂ ਬਾਅਦ ਉਹ ਬੋਲਿਆ, "ਹੁਣ ਰੋਮੀ ਨੀ ਮਿਲੀ ਕਿਤੇ?"

ਰੋਮੀ ਅਮਨ ਦੇ ਪਿੰਡੋਂ ਸੀ। ਉਹ ਮੇਰੇ ਤੋਂ ਸਾਲ ਪਹਿਲਾਂ ਪੜ੍ਹਨ ਲਈ ਵੈਨਕੂਵਰ ਆਈ ਹੋਈ ਸੀ। ਅਮਨ ਨੇ ਹੀ ਉਸ ਨੂੰ ਮੇਰੀ ਜ਼ਿੰਮੇਵਾਰੀ ਸੌਂਪੀ ਸੀ। ਉਹ ਇੱਕ ਹੋਰ ਕੁੜੀ ਨਾਲ ਇੱਕ ਕਮਰੇ ਦੀ ਬੇਸਮੈਂਟ ਵਿਚ ਕਿਰਾਏ 'ਤੇ ਰਹਿੰਦੀ ਸੀ। ਤੀਜੀ ਉਨ੍ਹਾਂ ਨਾਲ ਮੈਂ ਹੋ ਗਈ। ਮੇਰਾ ਇੱਥੇ ਹੋਰ ਕੋਈ ਵੀ ਜਾਣਕਾਰ ਨਹੀਂ ਸੀ।

"ਉਹ ਤਾਂ ਵਿਆਹ ਕਰਵਾਉਣ ਤੋਂ ਬਾਅਦ ਹੀ ਵਿਨੀਪੈੱਗ ਚਲੀ ਗਈ ਸੀ। ਉਸ ਤੋਂ ਬਾਅਦ ਕੋਈ ਰਾਬਤਾ ਹੀ ਨਹੀਂ ਰਿਹਾ", ਮੈਂ ਜਵਾਬ ਦਿੱਤਾ।

"ਓਹਨੇ ਤਾਂ ਮਸਾਂ ਸਾਲ ਭਰ ਹੀ ਫੀਸ ਭਰੀ ਹਊ ਏਥੇ ਕਾਲਜ ਦੀ?" ਅਮਨ ਬੋਲਿਆ।

"ਹਾਂ ਛੇਤੀ ਪੱਕੀ ਹੋ ਗਈ ਉਹ ਤਾਂ। ਅਗਲੀ ਨੂੰ ਮਨਪਸੰਦ ਮੁੰਡਾ ਲੱਭ ਗਿਆ ਇੱਥੇ ਹੀ। ਮੈਨੂੰ ਕਿਹਾ ਕਰੇ ਕਿ ਤੂੰ ਤਾਂ ਪਹਿਲਾਂ ਹੀ ਖੰਭ ਕਟਾ ਕੇ ਆਈ ਐਂ, ਭਰੀ ਜਾ ਫੀਸਾਂ।"

ਅਮਨ ਨੇ ਮੇਰੇ ਵੱਲ ਦੇਖਿਆ, ਜਿਵੇਂ ਮੇਰੇ ਚਿਹਰੇ ਤੋਂ ਕੁਝ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਪਤਾ ਨਹੀਂ ਉਸ ਨੇ ਕੀ ਪੜ੍ਹਿਆ ਹੋਵੇਗਾ ਪਰ ਮੇਰੇ ਦਿਲ ਵਿਚ ਉਸ ਵੇਲੇ ਖੰਭ ਕਟਾਉਣ ਦਾ ਪਛਤਾਵਾ ਨਹੀਂ ਸੀ। ਪਹਿਲਾਂ ਇਹ ਕਦੇ-ਕਦੇ ਹੁੰਦਾ ਰਿਹਾ ਸੀ। ਖਾਸ ਕਰ ਕੇ ਜਦੋਂ ਅਮਨ ਨੂੰ ਦੂਜੀ ਵਾਰ ਵੀ ਕਨੇਡਾ ਸਰਕਾਰ ਵੱਲੋਂ ਵਰਕ ਪਰਮਿਟ ਵਾਲੇ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਤੇ ਉਨ੍ਹੀਂ ਦਿਨੀਂ ਹੀ ਮੇਰੇ ਨਾਲ ਸਬਵੇਅ ਰੈਸਤੋਰਾਂ ਵਿਚ ਕੰਮ ਕਰਦਾ ਗੁਰਪ੍ਰੀਤ ਮੇਰੇ ਅੰਦਰ ਤਰਬਾਂ ਛੇੜਨ ਲੱਗਾ ਸੀ। ਮੈਂ ਬਹੁਤ ਕਸ਼ਮਕਸ਼ ਵਿਚੋਂ ਗੁਜ਼ਰੀ ਸੀ। ਮੇਰੇ ਸੁਪਨੇ ਵਿਚ ਚੰਨ-ਚਾਨਣੀ ਰਾਤ ਆਉਂਦੀ। ਪਾਰਕ ਵਿਚ ਖੜੋਤਿਆਂ ਮੇਰੀਆਂ ਬਾਹਾਂ ਗੁਰਪ੍ਰੀਤ ਦੇ ਗਲ ਵਿਚ ਹੁੰਦੀਆਂ। ਫਿਰ ਪਾਰਕ ਦੀ ਥਾਂ ਅਮਨ ਦੇ ਘਰ ਦੀ ਛੱਤ ਲੈ ਲੈਂਦੀ। ਅਮਨ ਤੇ ਗੁਰਪ੍ਰੀਤ ਦੇ ਚਿਹਰੇ ਰਲਗੱਡ ਹੋਣ ਲਗਦੇ। ਕਦੇ ਸੁਪਨੇ ਨੂੰ ਯਾਦ ਕਰ ਕੇ ਸਵਾਦ-ਸਵਾਦ ਹੋਣ ਲਗਦੀ ਤਾਂ ਦਾਦੀ ਦਾ ਚਿਹਰਾ ਮੂਹਰੇ ਆ ਜਾਂਦਾ। ਉਸ ਨੇ ਕਿਹਾ ਸੀ, "ਆਪਣੇ ਕਰਮ ਹੀ ਐਹੋ ਜੇ ਆ, ਧੀਏ। ਤੇਰਾ ਦਾਦਾ ਫੌਜ 'ਚੋਂ ਛੁੱਟੀ ਆਇਆ, ਮੈਨੂੰ ਵਿਆਹ ਕੇ ਮੁੜ ਗਿਆ। ਤੇਰਾ ਪਿਓ, ਤੇਰੀ ਮਾਂ ਨੂੰ ਵਿਆਹ ਕੇ ਪਰਦੇਸੀਂ ਤੁਰ ਗਿਆ ਰੁਲਣ। ਲੋਕੀਂ ਆਖਣ ਭਈਆਂ ਵਾਸਤੇ ਵਿਆਹ ਕੇ ਲਿਆਇਆ। ਲੋਕਾਂ ਨੇ ਫੌਜਣਾਂ ਦੀਆਂ ਵੀ ਬਥੇਰੀਆਂ ਗੱਲਾਂ ਜੋੜੀਆਂ ਹੋਈਐਂ। ਬੜੀ ਔਖੀ ਘਾਟੀ ਐ ਧੀਏ। ਤਕੜੀ ਹੋ ਕੇ ਰਹੀਂ।" ਉਦੋਂ ਮੈਨੂੰ ਲੱਗਾ ਸੀ ਜਿਵੇਂ ਦਾਦੀ ਯੱਬਲੀਆਂ ਮਾਰ ਰਹੀ ਹੋਵੇ ਪਰ ਇੱਥੇ ਆ ਕੇ ਦਾਦੀ ਦੀ ਗੱਲ ਵਾਰ-ਵਾਰ ਯਾਦ ਆਈ ਸੀ।

ਮੇਰੇ ਵੱਲ ਪਲ ਭਰ ਦੇਖਣ ਤੋਂ ਬਾਅਦ ਅਮਨ ਕੁਝ ਚਿਰ ਚੁੱਪ ਰਿਹਾ, ਫਿਰ ਬੋਲਿਆ, "ਏਸ ਰੋਮੀ ਨੇ ਬੜਾ ਤਪਾਇਆ ਮੈਨੂੰ। ਲੋਕੀਂ ਕਿਹਾ ਕਰਨ ਕਿ ਜਿਵੇਂ ਮਾਸਟਰਾਂ ਦੀ ਰੋਮੀ ਨੀ ਮੁੜੀ ਕਨੇਡਾ ਤੋਂ, ਤੇਰੇ ਵਾਲੀ ਵੀ ਨਹੀਂ ਮੁੜਦੀ। ਹੁਣ ਛੱਡ ਦੇ ਝਾਕ।"

ਤਪਾਇਆ ਮੈਨੂੰ ਵੀ ਸੀ ਰੋਮੀ ਨੇ। ਉਸ ਦਾ ਇੱਕ ਨਵਾਂ-ਨਵਾਂ ਹੀ ਮਿੱਤਰ ਬਣਿਆ ਸੀ ਜਿਸ ਦੀ ਕਾਰ ਵਿਚ ਉਹ ਮੈਨੂੰ ਹਵਾਈ ਅੱਡੇ ਤੋਂ ਲਿਆਈ ਸੀ। ਉਹ ਦੋ-ਤਿੰਨ ਰਾਤਾਂ ਬਾਅਦ ਮਲਕ ਦੇਣੇ ਸਾਡੀ ਬੇਸਮੈਂਟ 'ਚ ਆ ਜਾਂਦਾ। ਮੈਨੂੰ ਅੱਧ-ਸੁੱਤੀ ਨੂੰ ਉਠ ਕੇ ਬੈਠਕ ਵਿਚ ਸੌਣ ਜਾਣਾ ਪੈਂਦਾ। ਅੰਦਰੋਂ ਰੋਮੀ ਤੇ ਉਸ ਦੇ ਦੋਸਤ ਦੀ ਘੁਸਰ-ਮੁਸਰ ਸੁਣ ਕੇ ਮੇਰਾ ਮਨ ਮਚਲਣ ਲੱਗਦਾ। ਅਮਨ ਦੀ ਯਾਦ ਆਉਂਦੀ। ਜੀਅ ਭਟਕਦਾ। ਦਿਲ ਕਰਦਾ ਕਿ ਅਮਨ ਵੀ ਇੱਥੇ ਹੋਵੇ ਜਾਂ ਮੈਂ ਇੰਡੀਆ ਹੋਵਾਂ। ਤੇ ਜਿਸ ਦਿਨ ਸਾਨੂੰ ਮਕਾਨ ਮਾਲਕਾਂ ਨੇ ਬੇਸਮੈਂਟ ਖਾਲੀ ਕਰਨ ਲਈ ਕਿਹਾ, ਮੈਨੂੰ ਬਹੁਤ ਹੀ ਨਮੋਸ਼ੀ ਹੋਈ ਸੀ। ਉਨ੍ਹਾਂ ਨੇ ਕਿਰਾਏ 'ਤੇ ਦੇਣ ਮੌਕੇ ਦੋ ਸ਼ਰਤਾਂ ਰੱਖੀਆਂ ਸਨ। ਇੱਕ ਸਿਰਫ ਕੁੜੀਆਂ ਦੇ ਰਹਿਣ ਦੀ ਤੇ ਦੂਜੀ, ਰਾਤ-ਬਰਾਤੇ ਕੋਈ ਮੁੰਡਾ ਨਾ ਮਿਲਣ ਆਵੇ, ਦੀ। ਜਦੋਂ ਉਨ੍ਹਾਂ ਨੂੰ ਰੋਮੀ ਦੇ ਮਿੱਤਰ ਦੇ ਮਿਲਣ ਆਉਣ ਬਾਰੇ ਪਤਾ ਲੱਗਾ, ਉਨ੍ਹਾਂ ਨੇ ਸਾਨੂੰ ਬੇਸਮੈਂਟ ਖਾਲੀ ਕਰਨ ਲਈ ਆਖ ਦਿੱਤਾ। ਨਵੀਂ ਬੇਸਮੈਂਟ ਲੱਭਣ ਲਈ ਸਾਨੂੰ ਬਹੁਤ ਖੱਜਲ-ਖੁਆਰ ਹੋਣਾ ਪਿਆ। ਕੋਈ ਸਾਨੂੰ ਵੇਖਣ ਸਾਰ ਹੀ ਆਖ ਦਿਆ ਕਰੇ ਕਿ ਪਾੜ੍ਹੇ ਸਫਾਈ ਨਹੀਂ ਰੱਖਦੇ, ਇਸ ਲਈ ਉਹ ਪਾੜ੍ਹਿਆਂ ਨੂੰ ਕਿਰਾਏ 'ਤੇ ਨਹੀਂ ਦਿੰਦੇ। ਕੋਈ ਕਹੇ ਪਾੜ੍ਹੇ ਰੌਲਾ-ਰੱਪਾ ਬਹੁਤਾ ਪਾਉਂਦੇ ਆ। ਭੱਜ-ਨੱਠ ਕਰ ਕੇ ਮਸਾਂ ਕਿਤੇ ਡੇਢ ਗੁਣਾ ਵੱਧ ਕਿਰਾਏ 'ਤੇ ਇੱਕ ਥਾਂ ਮਿਲੀ। ਪਰ ਮੈਨੂੰ ਵੱਧ ਕਿਰਾਏ ਨਾਲੋਂ ਜ਼ਿਆਦਾ ਤੰਗੀ ਇਸ ਗੱਲ ਦੀ ਸੀ ਕਿ ਰੋਮੀ ਦਾ ਮਿੱਤਰ ਇੱਥੇ ਵੀ ਰਾਤ ਨੂੰ ਆ ਜਾਂਦਾ। ਮੈਨੂੰ ਇਹੀ ਡਰ ਰਹਿੰਦਾ ਕਿ ਇਸ ਮਕਾਨ ਦੇ ਮਾਲਕ ਵੀ ਸਾਨੂੰ ਅਵਾਰਾ ਕੁੜੀਆਂ ਹੀ ਸਮਝਣ ਲੱਗਣਗੇ, ਜਿਵੇਂ ਪੁਰਾਣੇ ਮਕਾਨ ਮਾਲਕ ਨੇ ਸਮਝ ਕੇ ਸਾਨੂੰ ਕੱਢਿਆ ਸੀ। ਰੋਮੀ ਆਖਦੀ, "ਮਕਾਨ ਮਾਲਕ ਕੌਣ ਹੁੰਦੇ ਆ ਸਾਨੂੰ ਦੱਸਣ ਵਾਲੇ ਕਿ ਕੌਣ ਸਾਨੂੰ ਮਿਲਣ ਆ ਸਕਦੈ ਤੇ ਕੌਣ ਨਹੀਂ।"



ਮੈਂ ਅਮਨ ਵੱਲ ਦੇਖਿਆ। ਉਹ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਨੂੰ ਨਹੀਂ ਪਤਾ ਉਸ ਦੇ ਚਿੱਤ ਵਿਚ ਉਸ ਵੇਲੇ ਕੀ ਚਲਦਾ ਸੀ, ਜਦੋਂ ਉਸ ਨੇ 'ਰੋਮੀ ਨੇ ਬੜਾ ਤਪਾਇਆ ਮੈਨੂੰ' ਕਿਹਾ ਸੀ। ਪਰ ਮੈਨੂੰ ਲੱਗਾ ਜਿਵੇਂ ਉਹ ਮੇਰੇ ਵੱਲ ਸ਼ੁਕਰਗੁਜ਼ਾਰ ਨਿਗਾਹਾਂ ਨਾਲ ਦੇਖ ਰਿਹਾ ਸੀ ਕਿ ਮੈਂ ਆਪਣੇ ਕੌਲਾਂ 'ਤੇ ਪੂਰੀ ਉਤਰੀ ਸੀ ਤੇ ਉਸ ਨੂੰ ਕੈਨੇਡਾ ਮੰਗਵਾ ਲਿਆ ਸੀ।

ਮੈਨੂੰ ਉਨ੍ਹਾਂ ਦਿਨਾਂ ਦੀ ਅਮਨ ਦੀ ਰੋਣਹਾਕੀ ਆਵਾਜ਼ ਚੇਤੇ ਸੀ, ਜਿਨ੍ਹਾਂ ਦਿਨਾਂ ਦੀ ਉਹ ਰੋਮੀ ਵੱਲੋਂ ਤਪਾਉਣ ਦੀ ਗੱਲ ਕਰਦਾ ਸੀ। ਸਾਢੇ ਤਿੰਨ ਸਾਲ ਹੋ ਗਏ ਸਨ ਮੈਨੂੰ ਕੈਨੇਡਾ ਆਇਆਂ। ਕਾਲਜ ਵਿਚੋਂ ਦੋ ਸਾਲ ਦਾ ਕੋਰਸ ਮੁੱਕ ਗਿਆ ਸੀ ਅਤੇ ਮੈਂ ਇੱਥੇ ਪੱਕੇ ਹੋਣ ਦੀ ਉਡੀਕ ਕਰ ਰਹੀ ਸੀ। ਫਿਰ ਹੀ ਅਮਨ ਨੂੰ ਪੱਕਾ ਸੱਦ ਸਕਦੀ ਸੀ। ਵਰਕ ਪਰਮਿਟ 'ਤੇ ਸੱਦਣ ਵਾਲਾ ਜੁਗਾੜ ਲੋਟ ਨਹੀਂ ਸੀ ਆਇਆ। ਅਮਨ ਅਕਸਰ ਹੀ ਆਖਦਾ, "ਹੁਣ ਤਾਂ ਤੂੰ ਛੇਤੀ-ਛੇਤੀ ਪੱਕੀ ਹੋਜੇਂ ਫੇਰ ਆ। ਏਥੇ ਤਾਂ ਲੋਕਾਂ ਨੇ ਮੇਰਾ ਬਾਹਰ ਨਿਕਲਣਾ ਦੁੱਭਰ ਕੀਤਾ ਪਿਐ।" ਤੇ ਇੱਕ ਦਿਨ ਇਸ ਨੇ ਰੋਣਹਾਕੀ ਆਵਾਜ਼ 'ਚ ਕਿਹਾ ਸੀ, "ਲੋਕੀਂ ਕਹਿੰਦੇ ਜੇ ਓਹਨੇ ਤੈਨੂੰ ਸੱਦਣਾ ਹੁੰਦਾ, ਹੁਣ ਨੂੰ ਸੱਦ ਲੈਂਦੀ। ਓਹਨੇ ਓਥੇ ਹੋਰ ਵਿਆਹ ਕਰਵਾ ਲਿਆ ਹੋਣੈ ਰੋਮੀ ਵਾਂਗੂੰ। ਪਰ ਮੈਨੂੰ ਤੇਰੇ 'ਤੇ ਪੂਰਾ ਭਰੋਸੈ ਬਈ ਤੂੰ ਨੀ ਇਓਂ ਕਰਦੀ।" ਉਸ ਦਿਨ ਅਮਨ ਦਾ ਦਿਲ ਧਰਾਉਣ ਤੋਂ ਬਾਅਦ ਪਿਛਲੇ ਸਾਢੇ ਤਿੰਨ ਸਾਲ ਮੇਰੀਆਂ ਯਾਦਾਂ ਵਿਚੋਂ ਗੁਜ਼ਰ ਗਏ ਸਨ। ਮੈਂ ਮਹਿਸੂਸ ਕੀਤਾ ਕਿ ਇਸ ਸਮੇਂ ਦੌਰਾਨ ਅਮਨ ਦੀ ਆਵਾਜ਼ ਵਿਚ ਕਿੰਨਾ ਫਰਕ ਪੈ ਗਿਆ ਸੀ। ਪਹਿਲਾਂ ਇਹ ਕਦੇ ਵੀ ਵੀਡੀਓ ਕਾਲ ਕਰ ਲੈਂਦਾ। ਫਿਰ ਆਖਦਾ, "ਆਸੇ-ਪਾਸੇ ਕੈਮਰਾ ਘੁਮਾ ਕੇ ਮੈਨੂੰ ਵੀ ਕਨੇਡਾ ਦਿਖਾ।" ਮੈਨੂੰ ਲਗਦਾ ਕਿ ਉਹ ਇਸ ਬਹਾਨੇ ਦੇਖਣਾ ਚਾਹੁੰਦਾ ਸੀ ਕਿ ਮੈਂ ਕਿੱਥੇ ਅਤੇ ਕਿਸ ਨਾਲ ਸੀ। ਜਾਂ ਕਦੇ ਪੁੱਛਦਾ ਕਿ ਮੇਰੀ ਫੇਸਬੁੱਕ ਵਿਚ ਫਲਾਣਾ ਮੁੰਡਾ ਕੌਣ ਹੈ। ਉਸ ਦੀ ਆਵਾਜ਼ ਵਿਚ ਆਦੇਸ਼ ਹੁੰਦਾ। ਇੱਕ ਦਿਨ ਕਹਿੰਦਾ, "ਤੂੰ ਰਾਤ ਦਾ ਕੰਮ ਨੀ ਕਰਨਾ।"

"ਦਿਨੇ ਕਾਲਜ ਜਾਣਾ ਹੁੰਦੈ। ਜੇ ਕੰਮ 'ਤੇ ਨਾ ਗਈ ਤਾਂ ਅਗਲੇ ਸਮੈਸਟਰ ਦੀ ਫੀਸ ਕਿਵੇਂ ਭਰੂੰਗੀ?"

"ਮੈਂ ਆ ਹੀ ਜਾਣੈ। ਦਿਨਾਂ 'ਚ ਈ ਕਮਾਦੂੰ ਫੀਸ ਜੋਗੇ ਤਾਂ।"

ਉਸ ਨੂੰ ਪਹਿਲੀ ਵਾਰ ਵਰਕ ਪਰਮਿਟ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਦੂਜੇ ਸਮੈਸਟਰ ਦੀ ਫੀਸ ਅਮਨ ਨੇ ਇੰਡੀਆ ਤੋਂ ਭੇਜ ਦਿੱਤੀ ਸੀ। ਤੀਜੇ ਸਮੈਸਟਰ ਦੀ ਫੀਸ ਦੇਣ ਦਾ ਸਮਾਂ ਆਉਣ ਤੋਂ ਪਹਿਲਾਂ ਉਸ ਨੇ ਮੈਨੂੰ ਕਿਸੇ ਵੀ ਸ਼ਿਫਟ 'ਤੇ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ।

ਰਾਹ-ਦਸੇਰੂ ਵਿਚੋਂ ਫਿਰ ਆਦੇਸ਼ ਦੀ ਆਵਾਜ਼ ਉਭਰੀ। ਅਲੈਕਸ ਫਰੇਜ਼ਰ ਬ੍ਰਿੱਜ ਚੜ੍ਹਨ ਤੋਂ ਪਹਿਲਾਂ ਮੈਂ ਫਿਰ ਆਪਣੀ ਪੂਰੀ ਤਵੱਜੋ ਕਾਰ ਚਲਾਉਣ ਵੱਲ ਕਰ ਲਈ। ਗੱਲਾਂ-ਬਾਤਾਂ ਵਿਚ ਮੈਂ ਹਾਈਵੇ ਵਿਚੋਂ ਬਾਹਰ ਨਿਕਲਣ ਵਾਲਾ ਰਸਤਾ ਖੁੰਝਾਉਣਾ ਨਹੀਂ ਸੀ ਚਾਹੁੰਦੀ। ਨੋਰਡਲਵੇਅ ਵਾਲੇ ਰਾਹ ਪੈ ਕੇ ਮੈਂ ਰਾਹ-ਦਸੇਰੂ ਬੰਦ ਕਰ ਦਿੱਤਾ। ਹੁਣ ਇਸ ਦੀ ਜ਼ਰੂਰਤ ਨਹੀਂ ਸੀ। ਮੇਰੇ ਆਪਣੇ ਸ਼ਹਿਰ ਡੈਲਟਾ-ਸਰੀ ਆ ਗਏ ਸਨ। ਇਹ ਰਾਹ ਮੇਰੇ ਦੇਖੇ ਭਾਲੇ ਸਨ। ਜਿਸ ਸੜਕ 'ਤੇ ਅਸੀਂ ਜਾ ਰਹੇ ਸੀ, ਉਸ ਉਪਰ ਖੱਬੇ ਹੱਥ ਦਾਅਵਤ ਭਵਨ ਸੀ। ਇੱਥੇ ਮੈਂ ਇੱਕ ਸ਼ਾਮ ਕੰਮ ਕੀਤਾ ਸੀ। ਪੰਜਾਬ ਤੋਂ ਆਈ ਨੂੰ ਹਾਲੇ ਹਫਤਾ ਹੀ ਹੋਇਆ ਸੀ ਕਿ ਰੋਮੀ ਮੈਨੂੰ ਆਪਣੇ ਨਾਲ ਹੀ ਕੰਮ 'ਤੇ ਲੈ ਗਈ। ਪੰਜਾਬੀਆਂ ਦੇ ਵਿਆਹ ਦੀ ਦਾਅਵਤ ਸੀ। ਮੇਰੇ ਆਪਣੇ ਵਿਆਹ ਨੂੰ ਹਾਲੇ ਦਸ ਦਿਨ ਹੋਏ ਸਨ। ਮੇਰੇ ਹੱਥਾਂ ਦੀ ਮਹਿੰਦੀ ਦਾ ਰੰਗ ਹਾਲੇ ਫਿੱਕਾ ਨਹੀਂ ਸੀ ਪਿਆ ਤੇ ਮੈਂ ਕਿਸੇ ਦੇ ਵਿਆਹ ਵਿਚ ਵਰਤਾਵੀ ਬਣੀ ਹੋਈ ਸੀ। ਭਾਵੇਂ ਮੇਰੇ ਮਾਪਿਆਂ ਦੇ ਘਰ ਮਸਾਂ ਹੀ ਗੁਜ਼ਾਰਾ ਹੁੰਦਾ ਸੀ ਪਰ ਮੈਂ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਇਸ ਤਰ੍ਹਾਂ ਵਿਆਹਾਂ ਵਿਚ ਬਹਿਰੀ ਬਣਾਂਗੀ। ਉਹ ਸਾਰੀ ਸ਼ਾਮ ਹੀ ਮੈਨੂੰ ਲੱਗਦਾ ਰਿਹਾ ਸੀ ਜਿਵੇਂ ਹਰ ਨਿਗ੍ਹਾ ਮੇਰੇ 'ਤੇ ਹੀ ਗੱਡੀ ਹੋਵੇ। ਕੰਮ ਤੋਂ ਬਾਅਦ ਮੇਰਾ ਰੋਣ ਨਿਕਲ ਗਿਆ ਸੀ। ਜਦ ਮੈਂ ਫੋਨ ਰਾਹੀਂ ਅਮਨ ਨੂੰ ਦੱਸਿਆ, ਉਹ ਬੋਲਿਆ, "ਫੇਰ ਨਾ ਜਾਈਂ ਕਦੇ ਐਹੋ ਜਹੇ ਕੰਮ 'ਤੇ। ਪਾਰਟੀਆਂ 'ਚ ਸ਼ਰਾਬੀ ਬੰਦਿਆਂ ਦਾ ਕੀ ਭਰੋਸਾ ਹੁੰਦੈ।" ਉਸੇ ਹੀ ਸੜਕ 'ਤੇ ਸੱਜੇ ਹੱਥ ਸਬਵੇਅ ਰੈਸਤੋਰਾਂ ਸੀ। ਮੈਂ ਉਸ ਵੱਲ ਇਸ਼ਾਰਾ ਕਰ ਕੇ ਅਮਨ ਨੂੰ ਦੱਸਿਆ, "ਮੈਂ ਇੱਥੇ ਕੰਮ ਕਰਦੀ ਸੀ। ਏਨ੍ਹਾਂ ਨੇ ਹੀ ਸਪੌਂਸਰਸ਼ਿੱਪ ਦੇ ਕੇ ਪੱਕੀ ਕਰਵਾਇਐ।"

"ਅੱਛਾ। ਛੱਡ ਕਾਹਤੋਂ ਦਿੱਤਾ ਕੰਮ ਇੱਥੋਂ?" ਅਮਨ ਦੇ ਦਿਮਾਗ ਵਿਚ ਸ਼ਾਇਦ ਮੇਰੇ ਕਹੇ 'ਪੱਕੀ ਕਰਵਾਉਣ' ਵਾਲੇ ਹਿੱਸੇ ਨੇ ਸ਼ਰਾਰਤ ਪੈਦਾ ਕਰ ਦਿੱਤੀ ਸੀ। ਮੈਨੂੰ ਲੱਗਾ ਕਿ ਉਹ ਇਸੇ ਭਾਵ ਨਾਲ ਹੀ ਸਬਵੇਅ ਵੱਲ ਦੇਖ ਰਿਹਾ ਸੀ।

"ਤੈਨੂੰ ਦੱਸਿਆ ਤਾਂ ਸੀ। ਜਦੋਂ ਸਟੂਡੈਂਟ ਸੀ, ਉਦੋਂ ਕਾਨੂੰਨੀ ਤੌਰ 'ਤੇ ਹਫਤੇ 'ਚ ਵੀਹ ਘੰਟੇ ਹੀ ਕੰਮ ਕਰ ਸਕਦੀ ਸੀ ਪਰ ਮੈਂ ਕਰਦੀ ਸੀ ਪੰਜਾਹ-ਪੰਜਾਹ ਘੰਟੇ। ਬਾਕੀ ਤੀਹ ਘੰਟਿਆਂ ਦੀ ਇਹ ਨਿਗੂਣੀ ਜਿਹੀ ਤਨਖਾਹ ਦਿੰਦੇ। ਕੋਰਸ ਮੁੱਕਣ ਤੋਂ ਬਾਅਦ ਵੀ ਮੈਂ ਦੋ ਸਾਲ ਉਸੇ ਹਿਸਾਬ ਹੀ ਦੂਆ ਕੁਟਾਉਂਦੀ ਰਹੀ ਕਿ ਇਹ ਮੈਨੂੰ ਸਪੌਂਸਰਸ਼ਿੱਪ ਦੇਣਗੇ। ਕੰਮਾਂ ਵਾਲੇ ਇਹ ਐਨੀ ਛੇਤੀ ਕਿੱਥੇ ਦਿੰਦੇ ਆ। ਏਨ੍ਹਾਂ ਨੂੰ ਐਨੇ ਸਸਤੇ ਕਾਮੇ ਕਿੱਥੋਂ ਲੱਭਣੇ ਆਂ। ਪੱਕੀ ਹੋਣ ਦੀ ਦੇਰ ਸੀ, ਓਸੇ ਦਿਨ ਹੀ ਮੈਂ ਨਵੀਂ ਨੌਕਰੀ ਲੱਭ ਲਈ।"

"ਆਪਣੇ ਬੰਦੇ ਈ ਐ?" ਮੈਨੂੰ ਅਮਨ ਦੇ ਸਵਾਲ 'ਤੇ ਹੈਰਾਨੀ ਹੋਈ। ਇਹ ਸਭ ਮੈਂ ਇਸ ਨੂੰ ਦੱਸਿਆ ਹੋਇਆ ਸੀ। ਫਿਰ ਸੋਚਿਆ ਕਿ ਕਿੰਨੇ ਕੰਮਾਂ ਵਾਲਿਆਂ ਦੀਆਂ ਤਾਂ ਇਸ ਨੂੰ ਗੱਲਾਂ ਸੁਣਾਉਂਦੀ ਰਹੀ ਹਾਂ। ਸ਼ਾਇਦ ਇੱਕ-ਦੂਜੇ ਵਿਚ ਉਲਝ ਗਿਆ ਹੋਵੇਗਾ ਜਾਂ ਜਹਾਜ਼ ਵਿਚ ਨੀਂਦ ਨਾ ਆਈ ਹੋਣ ਕਰ ਕੇ ਅੱਧ-ਉਨੀਂਦੇ ਦਾ ਮੇਰੀ ਗੱਲ ਵੱਲ ਪੂਰਾ ਧਿਆਨ ਨਾ ਹੋਵੇ।

ਮੈਂ ਜਵਾਬ ਦਿੱਤਾ, "ਆਪਣੇ ਲੋਕ ਹੀ ਆਪਣਿਆਂ ਦੀ ਲੁੱਟ ਕਰਦੇ ਆ। ਅੱਛਾ ਇਓਂ ਦੱਸ ਜੇ ਰੋਟੀ ਦੀ ਭੁੱਖ ਐ ਤਾਂ ਨੇੜੇ ਹੀ ਗੁਰਦੁਆਰਾ ਹੈ, ਉਥੇ ਚਲੇ ਚੱਲਦੇ ਹਾਂ। ਆਪਣੇ ਘਰ ਕੋਲ ਵੀ ਇੱਕ ਗੁਰਦੁਆਰਾ ਹੈ ਪਰ ਓਥੇ ਐਸ ਵੇਲੇ ਗਰਮ ਰੋਟੀ ਨੀ ਮਿਲਣੀ।"

"ਰੋਟੀ ਤਾਂ ਖਾਵਾਂਗੇ ਹੀ। ਜਹਾਜ਼ ਵਾਲਾ ਖਾਣਾ ਬਕਬਕਾ ਜਿਹਾ ਸੀ।"

ਮੈਂ ਕਾਰ ਗੁਰਦੁਆਰਾ ਦਸਮੇਸ਼ ਦਰਬਾਰ ਵੱਲ ਮੋੜ ਦਿੱਤੀ। ਅਚਾਨਕ ਹੀ ਅਮਨ ਬੋਲਿਆ, "ਆਹ ਕੀ ਬਈ? ਓਹ ਦੁਕਾਨ ਮੂਹਰੇ ਜਲੇਬੀਆਂ ਲਿਖਿਆ। ਇਹ ਦੁਕਾਨ ਦਾ ਨਾਂ ਹੈ ਕਿ ਮਸ਼ਹੂਰੀ ਕਰਨ ਵਾਸਤੇ ਲਿਖਿਆ?"

"ਇਹ ਮਠਿਆਈਆਂ ਦੀ ਦੁਕਾਨ ਹੈ। ਏਨ੍ਹਾਂ ਦੀਆਂ ਜਲੇਬੀਆਂ ਬਹੁਤ ਮਸ਼ਹੂਰ ਨੇ। ਮੈਂ ਏਥੇ ਵੀ ਥੋੜ੍ਹੇ ਜਿਹੇ ਦਿਨ ਕੰਮ ਕੀਤੈ।"

ਇਹ ਦੁਕਾਨ ਮੀਆਂ-ਬੀਵੀ ਚਲਾਉਂਦੇ ਸਨ। ਮੈਂ ਸ਼ਾਮ ਦੇ ਤਿੰਨ ਤੋਂ ਰਾਤ ਦੇ ਦਸ ਵਜੇ ਤੱਕ ਇੱਥੇ ਕੰਮ ਕਰਦੀ। ਮੇਰੀ ਬਸ ਦਸ ਵੱਜ ਕੇ ਦਸ ਮਿੰਟ 'ਤੇ ਇੱਧਰੋਂ ਲੰਘਦੀ। ਮੈਨੂੰ ਕੁਝ ਦਿਨਾਂ 'ਚ ਹੀ ਪਤਾ ਲੱਗ ਗਿਆ ਸੀ ਕਿ ਦੁਕਾਨ ਦਾ ਮਾਲਕ ਮੇਰੀ ਬਸ ਖੁੰਝਾਉਣੀ ਚਾਹੁੰਦਾ ਸੀ। ਉਹ ਦਸ ਵੱਜਣ 'ਚ ਪੰਜ ਮਿੰਟ ਰਹਿੰਦਿਆਂ ਆ ਕੇ ਕਹਿੰਦਾ, "ਆਹ ਭਾਂਡਾ ਸਾਫ ਕਰਦੇ।" ਮੈਂ ਆਖਦੀ, "ਮੇਰੀ ਬਸ ਲੰਘ ਜਾਵੇਗੀ।" ਉਹ ਆਖਦਾ, "ਏਸ ਕੰਮ ਨੂੰ ਬਹੁਤਾ ਚਿਰ ਨੀ ਲੱਗਣਾ। ਜੇ ਬਸ ਲੰਘ ਗਈ,

(ਬਾਕੀ ਅਗਲੇ ਸਫੇ 'ਤੇ)

# ਉਹ ਰਾਤ

(ਪਿਛਲੇ ਸਫੇ ਦੀ ਬਾਕੀ)

ਮੈਂ ਛੱਡ ਆਊਂ ਤੈਨੂੰ।" ਪਰ ਮੈਂ ਉਸ ਨੂੰ ਇਹ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਮੈਨੂੰ ਉਸ ਦੀ ਅੱਖ ਵਿਚ ਮੈਲ ਦਿਸ ਗਈ ਸੀ। ਦੁਕਾਨ ਅੰਦਰ ਉਹ ਆਪਣੀ ਘਰਵਾਲੀ ਸਾਹਮਣੇ ਕੁਝ ਆਖ ਨਹੀਂ ਸੀ ਸਕਦਾ। ਤੇ ਮੈਂ ਦੋ ਹਫਤਿਆਂ ਬਾਅਦ ਹੀ ਉਥੋਂ ਕੰਮ ਛੱਡ ਦਿੱਤਾ ਸੀ। ਮੈਂ ਇਹ ਗੱਲ ਅਮਨ ਨੂੰ ਨਾ ਦੱਸੀ। ਸੋਚਿਆ ਕਿ ਪਤਾ ਨਹੀਂ ਅਮਨ 'ਤੇ ਇਸ ਦਾ ਕੀ ਅਸਰ ਹੋਵੇਗਾ। ਪਰ ਮੈਂ ਉਸ ਨੂੰ ਕੰਮ ਛੱਡਣ ਤੋਂ ਇੱਕ ਰਾਤ ਪਹਿਲਾਂ ਬਾਰੇ ਦੱਸਣ ਲੱਗ ਪਈ, "ਮੇਰੇ ਟਿਕਾਣੇ ਤੋਂ ਏਧਰ ਬਹੁਤੀਆਂ ਬਸਾਂ ਨਹੀਂ ਸੀ ਚਲਦੀਆਂ। ਇੱਕ ਰਾਤ ਐਨੀ ਠੰਢ ਕਿ ਹੱਥ-ਪੈਰ ਨਾਲੋਂ ਲਹਿੰਦੇ ਲੱਗਣ। ਸਰੀਰ ਸੁੰਨ ਕਰਦੀ ਬਰਫੀਲੀ ਹਵਾ ਵਗੇ। ਮੇਰੇ ਦੇਖਦੀ-ਦੇਖਦੀ ਮੇਰੇ ਮੂਹਰੇ ਮੇਰੀ ਬਸ ਨਿਕਲ ਚੱਲੀ। ਮੈਂ 'ਸਟਾਪ ਸਟਾਪ' ਕਰਦੀ ਮਗਰ ਵੀ ਭੱਜੀ। ਪਰ ਉਹ ਰੁਕੀ ਨਹੀਂ। ਅਗਲੀ ਬਸ ਪਤਾ ਨਹੀਂ ਘੰਟੇ ਜਾਂ ਦੋ ਘੰਟੇ ਬਾਅਦ ਆਉਣੀ ਸੀ। ਅਗਲਾ ਦਿਨ ਕਾਲਜ ਦਾ ਕੰਮ ਜਮ੍ਹਾਂ ਕਰਵਾਉਣ ਦਾ ਆਖਰੀ ਦਿਨ ਸੀ। ਮੈਂ ਹਾਲੇ ਉਹ ਸ਼ੁਰੂ ਵੀ ਨਹੀਂ ਸੀ ਕੀਤਾ। ਕੰਮ ਵਿਚ ਹੀ ਐਨੀ ਰੁੱਝੀ ਹੋਈ ਸੀ। ਉਸ ਰਾਤ ਜਾ ਕੇ ਕਰਨਾ ਸੀ। ਸੋਚਦੀ ਸੀ ਕਿ ਉਸ ਰਾਤ ਨਾ ਸੌਂਵਾਂਗੀ। ਸੋਚਾਂ ਕਿ ਹੁਣ ਕੀ ਕਰਾਂ। ਮੈਂ ਰੋਣਹਾਕੀ ਹੋ ਗਈ। ਫੇਰ ਮੈਂ ਤੁਰ ਕੇ ਘਰ ਜਾਣ ਦਾ ਫੈਸਲਾ ਕਰ ਲਿਆ। ਰਾਹ ਵਿਚ ਖਿਆਲ ਆਈ ਜਾਣ ਕਿ ਜਿਵੇਂ ਬਸ ਦੇਖਦੇ-ਦੇਖਦੇ ਹੀ ਲੰਘੀ ਹੈ, ਕੋਰਸ ਵੀ ਇਸੇ ਤਰ੍ਹਾਂ ਹੀ ਹੱਥੋਂ ਨਿਕਲ ਜਾਵੇਗਾ। ਫਿਰ ਇਕ ਹੋਰ ਸਮੈਸਟਰ ਲਾਉਣਾ ਪਵੇਗਾ। ਚਿੱਤ 'ਚ ਕਾਹਲ ਪਈ ਜਾਵੇ। ਅੱਖਾਂ ਭਰ-ਭਰ ਆਉਣ। ਹਵਾ ਨੱਕ-ਮੂੰਹ ਸੁੰਨ ਕਰੀ ਜਾਵੇ। ਤੇਰੇ 'ਤੇ ਹਰਖ ਆਈ ਜਾਵੇ। ਪਾਪਾ 'ਤੇ ਗੁੱਸਾ ਆਈ ਜਾਵੇ ਕਿ ਮੈਨੂੰ ਇੱਥੇ ਜੰਗਲ ਬੀਆਬਾਨ 'ਚ 'ਕੱਲੀ ਨੂੰ ਭਟਕਣ ਲਈ ਭੇਜ ਦਿੱਤਾ। ਵਿਚੇ ਮਨ ਨੂੰ ਕਰੜਾ ਕਰ ਕੇ ਸੋਚਦੀ ਕਿ ਕਿਸੇ ਓਧਰ ਜਾਂਦੀ ਕਾਰ ਨੂੰ ਰੋਕ ਕੇ ਉਸ ਨੂੰ ਘਰ ਤੱਕ ਛੱਡਣ ਲਈ ਆਖ ਦੇਵਾਂ। ਪਰ ਇਸ ਤਰ੍ਹਾਂ ਨਾ ਕਰ ਸਕੀ। ਠੰਢ ਨਾਲ ਪੈਰ ਮਣ-ਮਣ ਭਾਰੇ ਹੋ ਗਏ। ਰੋਂਦੀ ਵਹਿੰਦੀ ਮਸਾਂ ਟਿਕਾਣੇ 'ਤੇ ਪਹੁੰਚੀ।"

ਮੈਨੂੰ ਲੱਗਾ ਜਿਵੇਂ ਅਮਨ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਂ ਉਸ ਵੱਲ ਦੇਖਿਆ। ਮੈਨੂੰ ਲੱਗਾ ਜਿਵੇਂ ਉਹ ਮੇਰੇ ਸਿਰੜ 'ਤੇ ਬਲਿਹਾਰੇ ਜਾ ਰਿਹਾ ਹੋਵੇ। ਉਹ ਬੋਲਿਆ, "ਪਤਾ ਨੀ ਸੀ ਨਾ ਸੀਰਤ ਬਈ ਤੈਨੂੰ ਏਥੇ ਇਓਂ 'ਕੱਲੀ ਨੂੰ ਰਹਿਣਾ ਪਵੇਗਾ। ਏਜੰਟ ਤਾਂ ਕਹਿੰਦਾ ਸੀ ਕਿ ਤੇਰੇ ਏਥੇ ਪਹੁੰਚਣ ਦੇ ਮਹੀਨੇ ਬਾਅਦ ਮੇਰੀ ਵਰਕ ਪਰਮਿਟ ਵੀਜ਼ੇ 'ਤੇ ਅਰਜ਼ੀ ਭਰ ਦੇਵਾਂਗੇ। ਓਦੋਂ ਹੀ ਵੀਜ਼ਾ ਮਿਲਜੂ। ਮੈਂ ਕੰਮ ਕਰੀ ਜਾਂਦਾ, ਤੂੰ ਪੜ੍ਹੀ ਜਾਂਦੀ। ਓਦੋਂ ਪਤਾ ਨਹੀਂ ਸੀ ਬਈ ਇਸ ਤਰ੍ਹਾਂ ਕਿਸੇ-ਕਿਸੇ ਨੂੰ ਹੀ ਵੀਜ਼ਾ ਮਿਲਦਾ।"

"ਚੱਲ ਹੁਣ ਤਾਂ ਲੰਘ ਗਿਆ ਔਖਾ ਸਮਾਂ", ਮੈਂ ਕਿਹਾ। ਕੁਝ ਪਲਾਂ ਬਾਅਦ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਸਮਾਂ ਤਾਂ ਔਖੇ-ਸੌਖੇ ਲੰਘ ਹੀ ਜਾਂਦਾ ਹੁੰਦੈ।" ਇਹ ਗੱਲ ਸ਼ਾਇਦ ਮੈਂ ਆਪਣੇ ਆਪ ਨੂੰ ਹੀ ਤਸੱਲੀ ਦੇਣ ਲਈ ਕਹੀ ਸੀ। ਪਲ ਦੀ ਪਲ ਮੇਰੇ ਸਾਹਮਣਿਓਂ ਮੇਰੀ ਭਰਜਾਈ ਦਾ ਚਿਹਰਾ ਲੰਘ ਗਿਆ ਸੀ। ਮੈਂ ਆਪ ਇਸ ਕੰਡਿਆਲੇ ਰਾਹ ਤੁਰੀ ਹੋਣ ਦੇ ਬਾਵਜੂਦ ਆਪਣੇ ਭਰਾ ਦਾ ਰਾਹ ਪੱਧਰਾ ਕਰਨ ਲਈ ਆਪਣੀ ਭਰਜਾਈ ਨੂੰ ਇਸੇ ਰਾਹ ਘੜੀਸ ਲਿਆ ਸੀ।

ਮੇਰਾ ਛੋਟਾ ਭਰਾ ਪਰਦੀਪ ਨਿੱਤ ਫੋਨ ਕਰ ਕੇ ਆਖਦਾ, "ਦੀਦੀ ਮੇਰਾ ਵੀ ਕਰੋ ਕੁਝ।"

"ਆਈਲੈਟਸ ਕਰ ਲੈ", ਮੈਂ ਉਸ ਨੂੰ ਆਖਦੀ। ਮੈਂ ਵੀ ਇਹੀ ਅੰਗਰੇਜ਼ੀ ਦਾ ਇਮਤਿਹਾਨ ਪਾਸ ਕਰ ਕੇ ਇੱਥੇ ਆਈ ਸੀ। ਇਸ ਤਰੀਕੇ ਨਾਲ ਹਜ਼ਾਰਾਂ ਹੀ ਵਿਦਿਆਰਥੀ ਪੰਜਾਬ ਤੋਂ ਆ ਰਹੇ ਸੀ। ਉਹ ਇੱਥੇ ਕਿਸੇ ਕਾਲਜ ਵਿਚ ਦੋ ਸਾਲਾਂ ਦਾ ਕੋਈ ਕੋਰਸ ਕਰਨ ਆਉਂਦੇ ਅਤੇ ਫਿਰ ਪੱਕੇ ਹੋਣ ਦੀ ਅਰਜ਼ੀ ਭਰ ਦਿੰਦੇ। ਇਹੀ ਸਲਾਹ ਮੈਂ ਪਰਦੀਪ ਨੂੰ ਦਿੰਦੀ। ਪਰ ਉਹ ਆਖਦਾ, "ਓਹ ਨੀ ਮੈਥੋਂ ਹੋਣੇ। ਕੋਈ ਹੋਰ ਤਰੀਕਾ ਲੱਭੋ।" ਤੇ ਮੈਨੂੰ ਉਹੀ ਤਰੀਕਾ ਲੱਭਿਆ ਜਿਸ ਪੈਂਡੇ ਮੈਂ ਪਈ ਸੀ। ਮੇਰੇ ਇੱਥੇ ਪੱਕੀ ਹੋਣ ਸਾਰ ਹੀ ਅਮਨ ਜ਼ੋਰ ਲਾਉਣ ਲੱਗਾ ਸੀ ਕਿ ਮੈਂ ਇੱਕ ਵਾਰ ਇੰਡੀਆ ਜ਼ਰੂਰ ਆਵਾਂ, ਭਾਵੇਂ ਥੋੜ੍ਹੇ ਦਿਨਾਂ ਲਈ ਹੀ ਸਹੀ। ਮੇਰਾ ਆਪਣਾ ਵੀ ਬਹੁਤ ਦਿਲ ਕਰਦਾ ਸੀ, ਲੰਬੀਆਂ ਛੁੱਟੀਆਂ ਕਰਨ ਲਈ। ਪਿਛਲੇ ਚਾਰ ਸਾਲ ਕੰਮ ਅਤੇ ਸਕੂਲ ਦੇ ਰੁਝੇਵੇਂ ਨੇ ਮੈਨੂੰ ਸਾਹ ਨਹੀਂ ਸੀ ਲੈਣ ਦਿੱਤਾ। ਮੈਂ ਗਿਣਤੀਆਂ-ਮਿਣਤੀਆਂ ਵਿਚ ਪੈ ਗਈ ਕਿ ਜਿੰਨੀ ਹੁਣ ਤੱਕ ਕਮਾਈ ਕੀਤੀ ਸੀ, ਉਹ ਰੋੜ੍ਹ ਆਵਾਂਗੀ ਨਾਲੇ ਕੰਮ ਤੋਂ ਛੁੱਟੀਆਂ ਲੈਣ ਨਾਲ ਕਮਾਈ ਬੰਦ ਹੋਵੇਗੀ, ਕਿਉਂ ਨਾ ਐਨੇ ਡਾਲਰਾਂ ਨਾਲ ਭਰਾ ਦੇ ਏਥੇ ਆਉਣ ਦਾ ਕੋਈ ਜੁਗਾੜ ਕਰ ਲਵਾਂ। ਤੇ ਜਦੋਂ ਮੈਂ ਅਮਨ ਨਾਲ ਇਸ ਬਾਰੇ ਗੱਲ ਕੀਤੀ, ਉਹ ਇਕਦਮ ਚੁੱਪ ਕਰ ਗਿਆ। ਫਿਰ ਬਹੁਤ ਹੀ ਠੰਢੀ ਆਵਾਜ਼ 'ਚ ਬੋਲਿਆ, "ਜਿਵੇਂ ਤੇਰੀ ਮਰਜ਼ੀ ਐ।" ਮੈਂ ਅਮਨ ਦੇ ਇਸ ਜਵਾਬ ਤੋਂ ਡਰ ਗਈ। ਮਨ 'ਚ ਆਇਆ ਕਿ ਭਰਾ ਦਾ ਘਰ ਵਸਾਉਂਦੀ-ਵਸਾਉਂਦੀ ਆਪਣਾ ਨਾ ਉਜਾੜ ਲਵਾਂ। ਮੈਂ ਆਪਣੇ ਪਾਪਾ ਨਾਲ ਸਲਾਹ ਕੀਤੀ। ਉਹ ਅਮਨ ਦੇ ਘਰ ਗਏ। ਉਨ੍ਹਾਂ ਦੇ ਸਾਰੇ ਪਰਿਵਾਰ ਦੇ ਚਿਹਰੇ ਸੁਜਾਏ ਹੋਏ ਪਰ ਮੂੰਹੋਂ ਕੋਈ ਕੁਝ ਨਾ ਬੋਲਿਆ। ਫਿਰ ਅਮਨ ਦੀ ਮੰਮੀ ਹੀ ਬੋਲੀ, "ਸਾਡਾ ਮੁੰਡਾ ਤਾਂ ਭਾਈ ਹਾਲੇ ਐਥੇ ਬੈਠਾ। ਲੋਕਾਂ ਨੇ ਸਾਡਾ ਬਾਹਰ ਨਿਕਲਣਾ ਔਖਾ ਕੀਤਾ ਪਿਐ।" ਅੱਗੋਂ ਮੇਰੇ ਪਾਪਾ ਕਹਿੰਦੇ, "ਤੁਹਾਡਾ ਨਹੀਂ ਜੀ, ਇਹ ਤਾਂ ਸਾਡਾ ਵੱਡਾ ਪੁੱਤ ਐ। ਸੀਰਤ ਪੱਕੀ ਹੋਣ ਸਾਰ ਪਹਿਲਾਂ ਇਸ ਦੀ ਅਰਜ਼ੀ ਭਰੂ, ਫੇਰ ਜਿਵੇਂ ਇਹ ਕਹੂ, ਓਵੇਂ ਕਰਾਂਗੇ। ਨਾਲੇ ਏਸੇ ਨੇ ਕਰਨੈ ਸਾਰਾ ਕਾਰਜ ਮੂਹਰੇ ਲੱਗ ਕੇ।" ਪਾਪਾ ਇਸ ਪੱਖੋਂ ਬਹੁਤ ਸਿਆਣੇ ਆ। ਉਨ੍ਹਾਂ ਨੇ ਵਡਿਆ ਕੇ ਅਮਨ ਦੇ ਪਰਿਵਾਰ ਨੂੰ ਮਨਾ ਲਿਆ ਅਤੇ ਪਰਦੀਪ ਦੇ ਵਿਆਹ ਦਾ ਅਖਬਾਰਾਂ ਵਿਚ ਉਸੇ ਤਰ੍ਹਾਂ ਦਾ ਇਸ਼ਤਿਹਾਰ ਦੇ ਦਿੱਤਾ ਜਿਸ ਤਰ੍ਹਾਂ ਦਾ ਅਮਨ ਦੇ ਡੈਡੀ ਨੇ ਚਾਰ ਸਾਲ ਪਹਿਲਾਂ ਦਿੱਤਾ ਸੀ। ਪਾਪਾ ਨੇ ਇਹ ਸਾਰੀਆਂ ਗੱਲਾਂ ਮੈਨੂੰ ਦੱਸੀਆਂ ਅਤੇ ਇਸ਼ਤਿਹਾਰ ਦੀ ਨਕਲ ਵੀ ਮੈਨੂੰ ਭੇਜ ਦਿੱਤੀ। ਉਸ ਵਿਚ ਲਿਖਿਆ ਸੀ: ਕੈਨੇਡਾ ਜਾਣ ਦੀ ਚਾਹਵਾਨ ਆਈਲੈਟਸ ਵਿਚੋਂ 6.5 ਬੈਂਡ ਨਾਲ ਪਾਸ ਲੜਕੀ ਦੀ ਜ਼ਰੂਰਤ ਹੈ। ਸਾਰਾ ਖਰਚ ਲੜਕੇ ਦੀ ਕੈਨੇਡਾ ਵਿਚ ਸੈਟਲਡ ਭੈਣ ਕਰੇਗੀ।

"ਹਾਂ, ਸਮੇਂ ਨੇ ਤਾਂ ਲੰਘਣਾ ਹੀ ਹੁੰਦੈ", ਮੈਨੂੰ ਅਮਨ ਦੀ ਆਵਾਜ਼ ਸੁਣੀ। ਮੈਨੂੰ ਲੱਗਾ ਜਿਵੇਂ ਉਸ ਨੇ ਹਉਕਾ ਲਿਆ ਹੋਵੇ। ਹੋ ਸਕਦਾ ਹੈ ਕਿ ਮੈਨੂੰ ਐਵੇਂ ਹੀ ਲੱਗਾ ਹੋਵੇ।

ਗੁਰਦੁਆਰੇ ਤੋਂ ਲੰਗਰ ਛਕ ਕੇ ਅਸੀਂ ਘਰ ਵੱਲ ਕਾਰ ਕਰ ਲਈ। ਅੱਗੇ ਬੇਅਰ ਕਰੀਕ ਪਾਰਕ ਆ ਗਿਆ। ਇਹ ਉਹੀ ਪਾਰਕ ਹੈ ਜਿਸ ਦੇ ਇੱਕ ਹਿੱਸੇ ਵਿਚ ਮੈਨੂੰ ਆਪਣਾ ਆਪ ਗੁਰਪ੍ਰੀਤ ਦੇ ਗਲ ਵਿਚ ਬਾਹਾਂ ਪਾਈ ਖੜ੍ਹਾ ਦਿਸਦਾ।

ਇੱਕ ਦਿਨ ਗੁਰਪ੍ਰੀਤ ਨੇ ਗੱਲੀਂ-ਬਾਤੀਂ ਦੱਸਿਆ ਸੀ ਕਿ ਉਸ ਨੇ ਕੈਨੇਡਾ 'ਚ ਪੱਕੇ ਹੋਣ ਲਈ ਅਰਜ਼ੀ ਭਰੀ ਹੋਈ ਸੀ ਤੇ ਕੁਝ ਦਿਨਾਂ 'ਚ ਹੀ ਉਸ ਨੂੰ ਪੱਕੇ ਹੋਣ ਦੀ ਉਮੀਦ ਸੀ। ਮੈਂ ਸੁਭਾਵਿਕ ਹੀ ਪੁੱਛ ਲਿਆ, "ਉਸ ਤੋਂ ਬਾਅਦ ਅੱਗੇ ਕੀ ਪ੍ਰੋਗਰਾਮ ਹੈ?"

"ਜੇ ਤੇਰੇ ਵਰਗੀ ਕੁੜੀ ਮਿਲ ਜਾਵੇ ਤਾਂ ਇੱਥੇ ਹੀ ਵਿਆਹ ਕਰਵਾ ਲਵਾਂ।" ਉਸ ਦਾ ਇਹ ਜਵਾਬ ਸੁਣ ਕੇ ਮੈਨੂੰ ਆਪਣੇ ਅੰਦਰੋਂ ਕੁਝ ਖੁੱਸਦਾ ਜਿਹਾ ਜਾਪਿਆ। ਮੈਂ ਉਸ ਵੱਲ ਦੇਖਿਆ।

"ਮੇਰਾ ਤਾਂ ਭਰਾਵਾ ਪਹਿਲਾਂ ਹੀ ਹੋਇਆ ਵਿਐ", ਮੇਰੇ ਮੂੰਹੋਂ ਮਸਾਂ ਹੀ ਨਿਕਲਿਆ। ਮੈਨੂੰ ਲੱਗਾ ਜਿਵੇਂ ਇਹ ਸੁਣ ਕੇ ਉਸ ਦਾ ਵੀ ਚਿਹਰਾ ਲੱਥ ਗਿਆ ਹੋਵੇ। ਉਸ ਰਾਤ ਮੇਰਾ ਦਿਲ ਰੋਣ-ਰੋਣ ਕਰੇ। ਮੈਨੂੰ ਆਪਣੇ ਪਾਪਾ 'ਤੇ ਖਿਝ ਆਈ ਕਿ ਉਨ੍ਹਾਂ ਨੂੰ ਐਡੀ ਵੀ ਕੀ ਜਲਦੀ ਸੀ ਮੇਰੇ ਵਿਆਹ ਦੀ। ਫਿਰ ਪਾਪਾ ਦਾ ਰੋਂਦਾ ਚਿਹਰਾ ਸਾਹਮਣੇ ਆ ਗਿਆ ਸੀ। ਕਦੇ-ਕਦੇ ਉਹ ਸ਼ਰਾਬ ਪੀ ਕੇ ਰੋਣ ਲੱਗਦੇ। ਮੈਨੂੰ ਤੇ ਮੇਰੇ ਭਰਾ ਨੂੰ ਬੁੱਕਲ 'ਚ ਲੈ ਕੇ ਆਖਦੇ, "ਜੇ ਕਿਤੇ ਰਾਹ 'ਚ ਫੜਿਆ ਨਾ ਨਾ ਗਿਆ ਹੁੰਦਾ, ਅੱਜ ਮੇਰੇ ਬੱਚੇ ਵੀ ਅਮਰੀਕਾ 'ਚ ਪੜ੍ਹਦੇ ਹੁੰਦੇ।"

ਮੇਰੇ ਜਨਮ ਤੋਂ ਪਹਿਲਾਂ ਉਨ੍ਹਾਂ ਨੇ ਪੈਲੀ ਵੇਚ ਕੇ ਅਮਰੀਕਾ ਜਾਣ ਲਈ ਏਜੰਟ ਨੂੰ ਪੈਸੇ ਦਿੱਤੇ ਸਨ ਪਰ ਉਨ੍ਹਾਂ ਦਾ ਜੁਗਾੜ ਠੀਕ ਸਿਰ ਨਹੀਂ ਸੀ ਬੈਠਾ। ਉਨ੍ਹਾਂ ਨੂੰ ਇਸ ਦਾ ਸਾਰੀ ਉਮਰ ਝੋਰਾ ਰਿਹਾ ਸੀ। ਤੇ ਮੈਨੂੰ ਆਈਲੈਟਸ ਦੀ ਪੌੜੀ ਰਾਹੀਂ ਵਿਆਹ ਕਰ ਕੇ ਕੈਨੇਡਾ ਭੇਜਣ ਦੇ ਫੈਸਲੇ 'ਚ ਪਾਪਾ ਬੇਕਸੂਰ ਲੱਗੇ। ਮੈਂ ਸੋਚਿਆ ਕਿ ਜੇ ਉਨ੍ਹਾਂ ਵਿਚ ਆਪਣੇ ਬਲਬੂਤੇ ਮੈਨੂੰ ਕੈਨੇਡਾ ਭੇਜਣ ਦੀ ਸਮਰੱਥਾ ਹੁੰਦੀ ਤਾਂ ਉਹ ਕਿਓਂ ਮੇਰੇ ਪੈਰ ਬੰਨ੍ਹਦੇ।

ਮੈਂ ਅਮਨ ਨੂੰ ਬੇਅਰ ਕਰੀਕ ਪਾਰਕ ਬਾਰੇ ਕੁਝ ਨਾ ਦੱਸਿਆ। ਅੱਗੇ ਇਕ ਹੋਰ ਗੁਰਦੁਆਰਾ ਆ ਗਿਆ ਸੀ। ਮੈਂ ਅਮਨ ਨੂੰ ਕਿਹਾ, "ਆਹ ਗੁਰਦੁਆਰਾ ਤਾਂ ਘਰ ਵਾਂਗ ਹੀ ਹੈ। ਇਸ ਦਾ ਬਹੁਤ ਆਸਰਾ ਰਿਹੈ ਮੈਨੂੰ। ਜਦੋਂ ਵੀ ਕਦੇ ਸ਼ਾਮ ਨੂੰ ਰੋਟੀ ਖਾਣ ਲਈ ਦਿਲ ਕਰਦਾ, ਇੱਥੇ ਆ ਜਾਂਦੀ।"

"ਅੱਛਾ", ਆਖ ਕੇ ਅਮਨ ਨੇ ਸਿਰ ਨਿਵਾਇਆ।

ਗੁਰਦੁਆਰੇ ਦੇ ਪਿਛਲੇ ਪਾਸੇ, ਜਿੱਥੇ ਪਾਰਕ ਇਸ ਨਾਲ ਮਿਲਦਾ ਹੈ, ਉਥੇ ਸੁੰਨ-ਸਾਨ ਥਾਂ 'ਤੇ ਪੰਜਾਬ ਤੋਂ ਆਏ ਕੌਮਾਂਤਰੀ ਵਿਦਿਆਰਥੀ ਐਤਵਾਰ ਦੀ ਸ਼ਾਮ ਨੂੰ ਮਿਲਦੇ। ਉਸ ਤੋਂ ਅੱਗੇ ਦਰੱਖਤਾਂ ਦੇ ਝੁੰਡ ਸ਼ੁਰੂ ਹੋ ਜਾਂਦੇ। ਪਾਰਕ ਦਾ ਇਹੀ ਉਹ ਥਾਂ ਸੀ, ਜਿਹੜਾ ਮੇਰੇ ਸੁਪਨੇ ਵਿਚ ਆਉਂਦਾ ਸੀ। ਮੈਂ ਇੱਕ ਵਾਰ ਰੋਮੀ ਨਾਲ ਇੱਥੇ ਆਈ ਸੀ। ਮਸਤੀ ਦਾ ਆਲਮ, ਬੇਫਿਕਰੀ, ਹਾਸੇ ਜਿਵੇਂ ਇਸ ਥਾਂ 'ਤੇ ਹੀ ਟਿਕੇ ਹੋਣ। ਚੰਨ-ਚਾਨਣੀ ਰਾਤ ਸੀ ਉਹ। ਰੋਮੀ ਦਾ ਹੱਥ ਉਸ ਦੇ ਦੋਸਤ ਦੇ ਹੱਥ ਵਿਚ ਸੀ ਤੇ ਹੋਰ ਕਈਆਂ ਦੇ ਹੱਥ ਆਪਣੇ-ਆਪਣੇ ਸਾਥੀਆਂ ਦੇ ਹੱਥਾਂ ਵਿਚ। ਉਹ ਸਮਾਂ ਮੇਰੇ ਅੰਦਰ ਰੁਕ ਗਿਆ। ਰੋਮੀ ਆਪਣੇ ਦੋਸਤ ਨਾਲ ਦਰੱਖਤਾਂ ਦੇ ਝੁੰਡਾਂ ਵਿਚ ਲੋਪ ਹੋ ਗਈ ਅਤੇ ਮੈਂ ਇਕੱਲੀ ਹੀ ਘਰ ਵੱਲ ਤੁਰ ਪਈ। ਉਸ ਸ਼ਾਮ ਪਹਿਲੀ ਵਾਰ ਮੈਨੂੰ ਦਾਦੀ ਦੀ ਤਕਣੀ ਹੋ ਕੇ ਰਹਿਣ ਵਾਲੀ ਗੱਲ ਦੀ ਸਮਝ ਲੱਗੀ ਸੀ।

"ਫੇਰ ਤਾਂ ਲੱਗਦੈ ਕਿ ਇੱਥੋਂ ਨੇੜੇ ਹੀ ਹੈ ਘਰ।" ਅਮਨ ਬੋਲਿਆ।



"ਹਾਂ, ਆਹ ਹੀ ਹੈ। ਤੇਰੇ ਆਉਣ ਨਾਲ ਹੀ ਘਰ ਬਣੇਗਾ। ਹਾਲੇ ਤਾਂ ਇੱਕ ਖਾਲੀ ਕਮਰਾ ਹੀ ਹੈ", ਆਖਦੀ ਨੇ ਮੈਂ ਕਾਰ ਰੋਕ ਦਿੱਤੀ। ਬੇਸਮੈਂਟ ਦਾ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਮੇਰੇ ਚਿੱਤ 'ਚ ਆਈ ਕਿ ਅਸੀਂ ਵਿਆਹ ਤੋਂ ਬਾਅਦ ਪਹਿਲੀ ਵਾਰ ਇਕੱਠੇ ਆਪਣੇ ਘਰ ਵਿਚ ਦਾਖਲ ਹੋ ਰਹੇ ਹਾਂ, ਕੋਈ ਗੀਤ-ਸੰਗੀਤ ਹੁੰਦਾ, ਪਰਿਵਾਰ ਤੇ ਰਿਸ਼ਤੇਦਾਰ ਹੁੰਦੇ। ਕੋਈ ਤੇਲ ਚੋਂਦਾ। ਕੋਈ ਸਗਨ ਵਿਹਾਰ ਹੁੰਦਾ। ਪਰ ਇੱਥੇ ਤਾਂ ਸੁੰਨ-ਸਰਾਂ ਸੀ। ਇਹ ਸੋਚਦਿਆਂ ਮੇਰਾ ਮਨ ਭਰ ਆਇਆ। ਅੰਦਰ ਅਟੈਚੀ ਰੱਖ ਕੇ ਬੇਸਮੈਂਟ ਦਾ ਦਰਵਾਜ਼ਾ ਪਿੱਛੇ ਬੰਦ ਕਰਦਿਆਂ ਮੈਂ ਅਮਨ ਨੂੰ ਚੁੰਬੜ ਗਈ। ਮੇਰਾ ਰੋਣ ਨਿਕਲ ਗਿਆ। ਕੁਝ ਦੇਰ ਮੈਂ ਇਸੇ ਤਰ੍ਹਾਂ ਹੀ ਅਮਨ ਨਾਲ ਲੱਗ ਕੇ ਖੜ੍ਹੀ ਰਹੀ। ਕੁਝ ਪਲਾਂ ਬਾਅਦ ਅਮਨ ਨੇ ਮੇਰਾ ਚਿਹਰਾ ਉਪਰ ਕਰ ਕੇ ਮੇਰੇ ਹੰਝੂ ਪੂੰਝੇ।

ਤੇ ਫਿਰ ਉਹ ਸੌਂ ਗਿਆ ਸੀ। ਅਮਨ ਵਾਲੇ ਗੱਦੇ ਦੇ ਨਾਲ ਵਾਲੇ ਗੱਦੇ 'ਤੇ ਪਈ ਮੈਂ ਆਪਣੇ ਫੋਨ ਵਿਚ ਸੰਭਾਲੀਆਂ ਵਿਆਹ ਵਾਲੀਆਂ ਫੋਟੋ ਦੇਖਣ ਲੱਗ ਪਈ। ਉਸ ਫੋਟੋ 'ਤੇ ਮੇਰੀ ਨਿਗਾਹ ਅਟਕ ਗਈ ਸੀ। ਉਸ ਨੂੰ ਮੈਂ ਅੱਗੇ ਨਾ ਕੀਤਾ। ਉਸ ਵੱਲ ਦੇਖਦੀ ਰਹੀ। ਦੇਖਦੀ ਰਹੀ। ਪਤਾ ਨਹੀਂ ਕਿੰਨੇ ਵਾਰ ਪਹਿਲਾਂ ਵੀ ਇਸ ਫੋਟੋ ਨੂੰ ਇਸ ਤਰ੍ਹਾਂ ਨਿਹਾਰਿਆ ਸੀ। ਇਹ ਸਾਡੀ ਵਿਆਹ ਤੋਂ ਬਾਅਦ ਦੀ ਫੋਟੋ ਸੀ। ਮੇਰੀਆਂ ਚੂੜੇ ਭਰੀਆਂ ਬਾਹਾਂ ਅਮਨ ਦੇ ਮੋਢਿਆਂ ਉਤੇ ਟਿਕੀਆਂ ਹੋਈਆਂ ਹਨ। ਅਸੀਂ ਇੱਕ-ਦੂਜੇ ਦੀਆਂ ਅੱਖਾਂ ਵਿਚ ਦੇਖ ਰਹੇ ਹਾਂ।

ਵਿਆਹ ਵਾਲੀ ਰਾਤ ਅਮਨ ਨੇ ਮੁੜ ਇਹੀ ਪੋਜ਼ ਬਣਾਉਣ ਲਈ ਕਿਹਾ ਸੀ। ਉਸ ਗਰਮ ਰਾਤ ਬਿਜਲੀ ਚਲੀ ਗਈ ਸੀ। ਅੰਦਰ ਸਾਹ ਘੁਟਣ ਹੋਣ ਲੱਗੀ ਤਾਂ ਅਸੀਂ ਚੁਬਾਰੇ 'ਚੋਂ ਬਾਹਰ ਆ ਗਏ। ਅਮਨ ਦਾ ਘਰ ਖੇਤਾਂ ਵਿਚ ਹੈ। ਆਸੇ-ਪਾਸੇ ਖੇਤ ਹੀ ਖੇਤ। ਹਵਾ ਰੁਮਕ ਰਹੀ ਸੀ। ਸ਼ਾਇਦ ਚੰਨ ਚਾਨਣੀ ਰਾਤ ਸੀ। ਸ਼ਾਇਦ ਨਾ ਹੀ ਹੋਵੇ। ਇਸ ਰਾਤ ਨੂੰ ਮੈਂ ਇੰਨੇ ਵਾਰ ਯਾਦ ਕੀਤਾ ਹੈ ਕਿ ਕਈ ਮੇਰੀਆਂ ਕਲਪਨਾਵਾਂ ਇਸ ਨਾਲ ਜੁੜ ਗਈਆਂ ਹਨ। ਅਮਨ ਨੇ ਕਿਹਾ ਸੀ, "ਮੇਰੇ ਗਲ ਵਿਚ ਉਵੇਂ ਹੀ ਬਾਹਾਂ ਪਾ, ਜਿਵੇਂ ਫੋਟੋ ਖਿਚਵਾਉਣ ਵੇਲੇ ਪਾਈਆਂ ਸਨ।"

"ਉਦੋਂ ਤਾਂ ਫੋਟੋ ਖਿਚਵਾਉਣੀ ਸੀ।"

"ਚੱਲ ਹੁਣ ਪਿਆਰ ਨਾਲ ਪਾ ਦੇ।"

"ਲੈ, ਇੱਥੇ ਬਾਹਰ?"

"ਹਾਂ, ਤਾਰਿਆਂ ਦੀ ਗਵਾਹੀ 'ਚ।"

ਮੈਂ ਸੰਗਦਿਆਂ ਆਪਣੀਆਂ ਬਾਹਾਂ ਉਸ ਦੇ ਮੋਢਿਆਂ 'ਤੇ ਰੱਖ ਦਿੱਤੀਆਂ। ਉਹ ਬੋਲਿਆ, "ਤੇਰੀਆਂ ਬਾਹਾਂ ਬੰਸਰੀਆਂ ਵਰਗੀਐਂ। ਕਿੰਨੀਆਂ ਸੋਹਣੀਆਂ!" ਫਿਰ ਉਸ ਨੇ ਆਪਣੇ ਬੁੱਲ੍ਹ ਮੇਰੀ ਵੀਣੀ 'ਤੇ ਟਿਕਾਅ ਦਿੱਤੇ ਜਿਵੇਂ ਬੰਸਰੀ ਵਿਚ ਫੂਕ ਮਾਰ ਰਿਹਾ ਹੋਵੇ।

ਇਹੀ ਸੀਨ ਸੀ ਜਿਹੜਾ ਮੇਰੇ ਚੇਤਿਆਂ ਵਿਚ ਡੂੰਘਾ ਲਹਿ ਗਿਆ ਸੀ। ਇਹ ਯਾਦ ਹੀ ਨਹੀਂ ਕਿ ਮੈਂ ਉਸ ਰਾਤ ਨੂੰ ਕਿੰਨਾ ਕੁ ਮਾਣਿਆ ਸੀ। ਬੱਸ ਇੱਕ ਸੁਪਨੇ ਵਾਂਗ ਲਗਦੀ ਹੈ ਉਹ ਰਾਤ। ਉਸ ਵੇਲੇ ਮੇਰੇ ਦਿਮਾਗ ਵਿਚ ਦੋ ਦਿਨਾਂ ਬਾਅਦ ਕੈਨੇਡਾ ਪਹੁੰਚਣ ਦਾ ਚਾਅ ਸੀ। ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਅਠਾਰਾਂ ਸਾਲਾਂ ਦੀ ਹੋਣ ਤੋਂ ਦੋ ਦਿਨਾਂ ਬਾਅਦ ਹੀ ਮੇਰਾ ਵਿਆਹ ਹੋ ਜਾਵੇਗਾ। ਸਭ ਕੁਝ ਐਨੀ ਜਲਦੀ ਵਾਪਰ ਗਿਆ ਸੀ ਕਿ ਲਗਦਾ ਸੀ, ਵਿਆਹ ਵੀ ਕੈਨੇਡਾ ਪਹੁੰਚਣ ਲਈ ਇੱਕ ਕਾਰਵਾਈ ਹੀ ਹੈ, ਜਿਵੇਂ ਕਿਸੇ ਕਾਲਜ ਵਿਚ ਦਾਖਲੇ ਅਤੇ ਵੀਜ਼ੇ ਲਈ ਅਰਜ਼ੀ ਭਰੀ ਹੋਵੇ। ਤੇ ਜਿਸ ਸ਼ਾਮ ਮੈਂ ਰੋਮੀ ਨਾਲ ਪਾਰਕ ਗਈ ਸੀ, ਉਸ ਰਾਤ ਮੈਨੂੰ ਅਹਿਸਾਸ ਹੋਇਆ ਸੀ ਕਿ ਮੈਂ ਵਿਆਹੀ ਵਰੀ ਔਰਤ ਹਾਂ। ਮੇਰਾ ਜੀਅ ਕਰਨ ਲੱਗਾ ਸੀ ਕਿ ਅਮਨ ਛੇਤੀ ਇੱਥੇ ਆਵੇ। ਤੇ ਫਿਰ ਮੇਰੀ ਕਲਪਨਾ ਅਤੇ ਸੁਪਨਿਆਂ ਵਿਚ ਅਮਨ ਦੇ ਘਰ ਦੀ ਛੱਤ ਉਪਰਲੀ ਰਾਤ ਅਤੇ ਪਾਰਕ ਵਾਲੀ ਰਾਤ ਆਉਣ ਲੱਗੀਆਂ ਸਨ। ਮੈਂ ਸੋਚਦੀ ਕਿ ਜਿਸ ਦਿਨ ਅਮਨ ਕੈਨੇਡਾ ਆਵੇਗਾ ਮੈਂ ਮੁੜ ਉਸ ਰਾਤ ਨੂੰ ਜੀਵਾਂਗੀ।

ਤੇ ਉਹ ਦਿਨ ਆ ਗਿਆ ਸੀ। ਮੈਨੂੰ ਲਗਦਾ ਸੀ, ਜਿਵੇਂ ਆਉਣ ਵਾਲੀ ਰਾਤ ਹੀ ਅਸਲ ਵਿਚ ਵਿਆਹ ਵਾਲੀ ਰਾਤ ਹੋਵੇ। ਦਿਮਾਗ ਵਿਚ ਆਇਆ ਕਿ ਜਦੋਂ ਤੱਕ ਅਮਨ ਨੇ ਸੌਂ ਕੇ ਉਠਣਾ ਹੈ, ਉਦੋਂ ਤੱਕ ਡੂੰਘੀ ਸ਼ਾਮ ਹੋ ਚੁੱਕੀ ਹੋਵੇਗੀ। ਉਸ ਨੂੰ ਵ੍ਹਾਈਟ ਰੌਕ ਸ਼ਹਿਰ ਲੈ ਕੇ ਜਾਵਾਂਗੀ। ਬੀਚ 'ਤੇ ਬਣੇ ਰੈਸਤੋਰਾਂ ਦੀ ਛੱਤ 'ਤੇ ਤਾਰਿਆਂ ਤੇ ਮੋਮਬੱਤੀ ਦੇ ਚਾਨਣੇ ਖਾਣਾ ਖਾਵਾਂਗੇ। ਫਿਰ ਇਕ-ਦੂਜੇ ਦਾ ਹੱਥ ਫੜ ਬੀਚ 'ਤੇ ਤੁਰਾਂਗੇ। ਇਸ ਕਲਪਨਾ ਨਾਲ ਮੈਂ ਰੁਮਾਂਚਿਤ ਹੋਣ ਲੱਗੀ। ਕੁਝ ਦੇਰ ਮੈਂ ਉਸ ਕਲਪਨਾ ਦਾ ਲੁਤਫ ਲੈਂਦੀ ਰਹੀ, ਫਿਰ ਉਠ ਕੇ ਤਿਆਰ ਹੋਣ ਲੱਗੀ। ਚਿੱਤ 'ਚ ਆਈ ਕਿ ਕਿੰਨਾ ਚੰਗਾ ਹੁੰਦਾ, ਜੇ ਮੈਂ ਪਹਿਲਾਂ ਮਹਿੰਦੀ ਲਵਾ ਆਉਂਦੀ। ਕੱਪੜੇ ਬਦਲ ਕੇ ਮੈਂ ਚੂੜਾ ਪਾਇਆ। ਕੁਝ ਦੇਰ ਆਪਣੀਆਂ ਬਾਹਾਂ ਨੂੰ ਨਿਹਾਰਦੀ ਰਹੀ। ਇਸ ਚੂੜੇ ਨੂੰ ਮੈਂ ਢਕ-ਢਕ ਰੱਖਦੀ ਰਹੀ ਸੀ। ਉਸ ਉਮਰ ਵਿਚ ਵਿਆਹੀ ਦਿਸਣ 'ਚ ਮੈਨੂੰ ਸ਼ਰਮ ਆਉਂਦੀ।

ਫਿਰ ਮੈਂ ਅਮਨ ਨੂੰ ਜਗਾਇਆ। ਜਦ ਤਿਆਰ ਹੋ ਕੇ ਮੈਂ ਉਸ ਨਾਲ ਸੈਲਫੀ ਲੈਣ ਲੱਗੀ, ਮੈਨੂੰ ਲੱਗਾ ਜਿਵੇਂ ਅਮਨ ਕਹੇਗਾ ਕਿ ਇਨ੍ਹਾਂ ਬੰਸਰੀਆਂ ਨੂੰ ਮੇਰੇ ਗਲ ਵਿਚ ਪਾ। ਪਰ ਉਸ ਨੇ ਇਸ ਤਰ੍ਹਾਂ ਨਾ ਕਿਹਾ। ਉਹ ਸ਼ਾਇਦ ਭੁੱਲ ਹੀ ਗਿਆ ਹੋਵੇ ਕਿ ਉਸ ਨੇ ਉਸ ਰਾਤ ਇਸ ਤਰ੍ਹਾਂ ਕਿਹਾ ਸੀ।

ਕਾਰ ਵਿਚ ਬੈਠ ਕੇ ਮੈਂ ਕਾਰ ਵ੍ਹਾਈਟ ਰੌਕ ਵਾਲੀ ਬੀਚ ਵੱਲ ਨਹੀਂ ਮੋੜੀ। ਮੇਰੇ ਦਿਮਾਗ ਵਿਚ ਉਸ ਰੈਸਤੋਰਾਂ ਦੇ ਖਾਣੇ ਦੀਆਂ ਕੀਮਤਾਂ ਆ ਗਈਆਂ ਸਨ। ਇੱਕ ਵਾਰ ਮੈਂ ਆਪਣੀ ਸਹੇਲੀ ਨਾਲ ਉਥੇ ਗਈ ਸੀ ਤੇ ਅਸੀਂ ਖਾਣੇ ਦੀਆਂ ਕੀਮਤਾਂ ਦੇਖ ਕੇ ਪਾਸਾ ਵੱਟ ਕੇ ਰੈਸਤੋਰਾਂ ਵਿਚੋਂ ਬਾਹਰ ਆ ਗਈਆਂ ਸੀ। 'ਕਦੇ ਫਿਰ ਸਹੀ', ਅਸੀਂ ਸੋਚਿਆ ਸੀ। ਇਸੇ ਤਰ੍ਹਾਂ ਹੀ ਸੋਚ ਕੇ ਮੈਂ ਕਾਰ ਮੈਕਡੋਨਲਡ ਰੈਸਤੋਰਾਂ ਵੱਲ ਮੋੜ ਲਈ। ਉਥੇ ਬਰਗਰ 'ਤੇ ਬੁਰਕੀ ਵੱਢ ਕੇ ਅਮਨ ਨੇ ਕੁਸੈਲਾ ਜਿਹਾ ਮੂੰਹ ਬਣਾਇਆ।

"ਸਵਾਦ ਨੀ ਲੱਗਾ?" ਮੈਂ ਪੁੱਛਿਆ।

"ਐਵੇਂ ਬਕਬਕਾ ਜਿਹਾ ਐ, ਕੋਈ ਮਿਰਚ-ਮੁਰਚ ਲਿਆ।"

"ਹੌਲੀ-ਹੌਲੀ ਸਵਾਦ ਲੱਗਣ ਲੱਗੂ ਐਥੋਂ ਦਾ ਖਾਣਾ। ਮੈਨੂੰ ਤਾਂ ਹੁਣ ਇੱਥੋਂ ਦਾ ਸਵਾਦ ਪੈ ਗਿਐ।"

"ਤੈਨੂੰ ਹੋਰ ਪਤਾ ਨੀ ਇੱਥੋਂ ਦੇ ਕੀ-ਕੀ ਸਵਾਦ ਪਏ ਆ", ਆਖ ਕੇ ਅਮਨ ਥੋੜ੍ਹਾ ਜਿਹਾ ਹੱਸ ਪਿਆ।

ਮੈਨੂੰ ਉਸ ਦਾ ਇਹ ਮਜ਼ਾਕ ਅਟਪਟਾ ਲੱਗਾ। ਮੈਂ ਇਸ ਵੱਲ ਬਹੁਤਾ ਧਿਆਨ ਨਾ ਦਿੱਤਾ। ਮੇਰਾ ਧਿਆਨ ਤਾਂ ਬਾਹਰ ਵੱਲ ਸੀ ਕਿ ਕਦੋਂ ਹਨੇਰਾ ਉਤਰੇ ਅਤੇ ਮੈਂ ਅਮਨ ਨਾਲ ਪਾਰਕ ਵਿਚ ਜਾਵਾਂ।

ਜਦੋਂ ਅਸੀਂ ਪਾਰਕ ਵਿਚ ਪਹੁੰਚੇ, ਹਨੇਰਾ ਉਤਰ ਆਇਆ ਸੀ। ਕਾਰ ਵਿਚੋਂ ਬਾਹਰ ਨਿਕਲ ਕੇ ਮੈਂ ਅਮਨ ਦਾ ਹੱਥ ਫੜ ਲਿਆ। ਹਲਕੀ-ਹਲਕੀ ਹਵਾ ਰੁਮਕ ਰਹੀ ਸੀ। ਮੇਰੇ ਸੁਪਨਿਆਂ ਵਿਚ ਆਉਣ ਵਾਲੀ ਥਾਂ ਕੁਝ ਕਦਮਾਂ ਦੀ ਵਿੱਥ 'ਤੇ ਸੀ। ਮੈਂ ਓਧਰ ਝਾਤ ਮਾਰੀ। ਫਿਰ ਅਮਨ ਨੂੰ ਕਿਹਾ, "ਅਮਨੇ, ਆਪਣੀ ਅਸਲੀ ਸੁਹਾਗ ਰਾਤ ਤਾਂ ਅੱਜ ਐ। ਉਦੋਂ ਤਾਂ ਸਭ ਕੁਝ ਬਹੁਤ ਜਲਦੀ-ਜਲਦੀ ਹੋ ਗਿਆ ਸੀ। ਇਸ ਬਾਰੇ ਪਤਾ ਹੀ ਨਹੀਂ ਸੀ।" ਇਸ ਤਰ੍ਹਾਂ ਆਖਦਿਆਂ ਮੈਂ ਅਮਨ ਦੇ ਨਾਲ ਲੱਗ ਗਈ।

"ਹੁਣ ਆਪਾਂ ਕਿੱਧਰ ਚੱਲੇ ਆਂ?" ਉਹ ਬੋਲਿਆ।

"ਆਪਣੀ ਸੁਹਾਗ ਰਾਤ ਮਨਾਉਣ।"

ਮੇਰੀ ਗੱਲ ਸੁਣ ਕੇ ਅਮਨ ਹੱਸ ਪਿਆ। ਬੋਲਿਆ, "ਏਧਰ ਤਾਂ ਕੋਈ ਪਾਰਕ ਲੱਗਦੈ।"

ਮੈਂ ਅਮਨ ਦਾ ਹੱਥ ਫੜ ਕੇ ਉਸ ਨੂੰ ਪਾਰਕ ਦੇ ਉਸ ਹਿੱਸੇ ਵੱਲ ਲੈ ਤੁਰੀ। ਮੈਂ ਜਿਵੇਂ ਉਡ ਰਹੀ ਹੋਵਾਂ। ਚਾਅ ਵਿਚ ਸਰੂਰੀ। ਮਖਮੂਰੀ। ਮੈਂ ਕਿਹਾ, "ਅਮਨੇ, ਮੇਰੇ ਮਿੱਠੇ, ਆਪਣੀ ਉਹ ਖੇਤਾਂ ਵਿਚਲੇ ਘਰ ਵਾਲੀ ਰਾਤ। ਕੋਠੇ 'ਤੇ ਖੜ੍ਹਿਆਂ ਵਾਲਾ ਸੀਨ ਪਤਾ ਨਹੀਂ ਕਿੰਨੇ ਵਾਰ ਮੇਰੇ ਜਾਗਦੇ-ਸੌਂਦੇ ਸੁਪਨਿਆਂ ਵਿਚ ਆਇਐ। ਤੈਨੂੰ ਚੇਤੈ, ਜਦੋਂ ਮੈਂ ਤੇਰੇ ਗਲ ਬਾਹਾਂ ਪਾਈਆਂ ਸਨ?" ਤੁਰਦਿਆਂ ਮੈਂ ਰੁਕ ਗਈ। ਮੇਰਾ ਜੀਅ ਕੀਤਾ ਕਿ ਹੁਣੇ ਹੀ ਅਮਨ ਮੈਨੂੰ ਆਪਣੇ ਕਲਾਵੇ ਵਿਚ ਲੈ ਲਵੇ। ਉਸ ਨੇ ਇਸ ਤਰ੍ਹਾਂ ਨਾ ਕੀਤਾ। ਮੈਂ ਤੁਰ ਪਈ। ਉਸ ਥਾਂ ਪਹੁੰਚ ਕੇ ਮੈਂ ਘੁੱਟ ਕੇ ਅਮਨ ਨੂੰ ਜੱਫੀ ਪਾ ਲਈ। ਮੈਨੂੰ ਲੱਗਾ ਕਿ ਅਮਨ ਹੁਣੇ ਹੀ ਮੇਰਾ ਚਿਹਰਾ ਆਪਣੇ ਹੱਥਾਂ ਵਿਚ ਲੈ ਕੇ ਉਪਰ ਕਰੇਗਾ ਅਤੇ ਬੰਸਰੀਆਂ ਵਿਚ ਤਰੰਗਾਂ ਛੇੜੇਗਾ। ਕੁਝ ਦੇਰ ਇਸੇ ਤਰ੍ਹਾਂ ਹੀ ਖੜ੍ਹੀ ਰਹਿਣ ਤੋਂ ਬਾਅਦ ਮੈਂ ਆਪ ਹੀ ਅਮਨ ਵੱਲ ਦੇਖਿਆ। ਉਹ ਦਰੱਖਤਾਂ ਦੇ ਝੁੰਡਾਂ ਵੱਲ ਦੇਖ ਰਿਹਾ ਸੀ। ਸਾਡੇ ਦੇਖਦਿਆਂ ਦੋ ਪਰਛਾਵੇਂ ਉਨ੍ਹਾਂ ਵਿਚ ਲੋਪ ਹੋਏ ਸਨ। ਕੁਝ ਪਲ ਓਧਰ ਦੇਖਣ ਤੋਂ ਬਾਅਦ ਅਮਨ ਬੋਲਿਆ, "ਤੂੰ ਪਹਿਲਾਂ ਵੀ ਕਿਸੇ ਨਾਲ ਕਦੇ ਇੱਥੇ ਆਈ ਐਂ?"

ਅਮਨ ਦੀ ਠੰਢੀ ਆਵਾਜ਼ ਸੁਣ ਕੇ ਆਪਣੇ ਹੱਥਾਂ ਵਿਚ ਘੁੱਟਿਆ ਉਸ ਦਾ ਹੱਥ ਮੈਥੋਂ ਆਪਣੇ ਆਪ ਹੀ ਛੱਡਿਆ ਗਿਆ।

# ਬੈਚ ਫੁੱਲ ਜੈਂਸ਼ੀਅਨ: ਦਿਲ ਢਾਹੁਣਾ

(ਸਫਾ 35 ਦੀ ਬਾਕੀ)

ਉਸ ਨੂੰ ਤਨਖਾਹ ਮਿਲੀ ਹੋਵੇਗੀ। ਜੇ ਕਿਸੇ ਦੇ ਘਰ ਜਾਣਗੇ ਤਾਂ ਕਹਿਣਗੇ ਕਿ ਉਹ ਤਾਂ ਉਂਧਰੋਂ ਦੀ ਲੰਘ ਰਹੇ ਸੀ, ਸਬੱਬ ਨਾਲ ਮਿਲਣ ਆ ਗਏ। ਜੇ ਕੋਈ ਮਾੜਾ ਸੁਪਨਾ ਆ ਜਾਵੇ ਤਾਂ ਸਾਰਾ ਸਾਰਾ ਦਿਨ ਉਸ ਨੂੰ ਸੁਣਾ ਕੇ ਡਰੀ ਜਾਣਗੇ। ਜੇ ਬਿੱਲੀ ਰਸਤਾ ਕੱਟ ਜਾਵੇ ਤਾਂ ਉਦਾਸ ਹੋ ਕੇ ਰਾਹ 'ਚੋਂ ਮੁੜ ਆਉਂਦੇ ਹਨ। ਜੇ ਗੁਰਦੁਆਰੇ 'ਚੋਂ ਸੁਣ ਆਉਣ ਕਿ ਪਾਪੀ ਆਦਮੀਆਂ ਦੀ ਨਰਕ ਵਿਚ ਬੜੀ ਦੁਰਗਤੀ ਹੁੰਦੀ ਹੈ ਤਾਂ ਆਪਣੇ ਕੀਤੇ ਮਾੜੇ ਕੰਮਾਂ ਬਾਰੇ ਹੀ ਸੋਚ ਕੇ ਹੀ ਸਾਰਾ ਦਿਨ ਨਹੀਂ ਮੁਸਕਰਾਉਂਦੇ। ਇਨ੍ਹਾਂ ਸਭਨਾਂ ਦੀ ਜੂਨ ਸੁਧਾਰਨ ਲਈ ਜੈਂਸ਼ੀਅਨ ਦੀਆਂ ਕੁਝ ਖੁਰਾਕਾਂ ਹੀ ਕਾਫੀ ਹਨ।

ਪਰ ਇਸ ਫੁੱਲ ਦਵਾਈ ਦੇ ਵਧੇਰੇ ਮਰੀਜ਼ ਨਸ਼ੇੜੀਆਂ ਵਿਚ ਮਿਲਦੇ ਹਨ। ਇਸ ਦੇ ਨਸ਼ੇੜੀ ਨਾ ਸ਼ੌਕ ਨਾਲ ਪੀਂਦੇ ਹਨ ਤੇ ਨਾ ਦੂਜਿਆਂ ਨੂੰ ਦਿਖਾਉਣ ਲਈ ਪੀਂਦੇ ਹਨ। ਉਹ ਕਿਸੇ ਕਾਰਨ ਨੂੰ ਸਾਹਮਣੇ ਰੱਖ ਕੇ ਪੀਂਦੇ ਹਨ। ਕਈ ਪਿਆਰ ਮੁਹੱਬਤ ਵਿਚ ਸਦਮਾ ਲੱਗਣ ਕਾਰਨ ਪੀਣ ਲਗਦੇ ਹਨ, ਕਈ ਪਤਨੀ ਗੁਜ਼ਰ ਜਾਣ ਦੇ ਗਮ ਵਿਚ ਪੀਂਦੇ ਹਨ, ਕਈ ਨੌਕਰੀ ਖੁਸਣ ਕਾਰਨ ਪੀਂਦੇ ਹਨ ਤੇ ਕਈ ਨੌਕਰੀ ਨਾ ਮਿਲਣ ਕਾਰਨ ਪੀਣਾ ਸ਼ੁਰੂ ਕਰ ਦਿੰਦੇ ਹਨ। ਆਪਣਾ ਗਮ ਭੁਲਾਉਣ ਬਹਾਨੇ ਨਸ਼ਾ ਕਰਦੇ ਹਨ। ਇਹ ਸਭ ਲੋਕ ਜੈਂਸ਼ੀਅਨ ਦੇ ਇਲਾਜ ਖੇਤਰ ਵਿਚ ਆਉਂਦੇ ਹਨ। ਜੋ ਲੋਕ ਪ੍ਰਾਹੁਣਾ ਆਉਣ ਤੋਂ ਪੀਣ ਲਗਦੇ ਹਨ ਜਾਂ ਨਵੀਂ ਚੀਜ਼ ਖਰੀਦਣ ਦੀ ਖੁਸ਼ੀ ਵਿਚ ਪੀਂਦੇ ਹਨ, ਉਹ ਵੀ ਇਸ ਦੇ ਹੀ ਮਰੀਜ਼ ਹੁੰਦੇ ਹਨ। ਵਿਆਹਾਂ, ਸੈਮੀਨਾਰਾਂ, ਨਵੇਂ ਸਾਲਾਂ, ਜਨਮ-ਦਿਨਾਂ ਤੇ ਬਰਸੀ ਸਮਾਗਮਾਂ 'ਤੇ ਦਾਰੂ ਪੀਣ ਵਾਲੇ ਵਿਅਕਤੀ ਜੋ ਇਨ੍ਹਾਂ ਸਮਾਰੋਹਾਂ ਨੂੰ ਪੀਣ ਦਾ ਬਹਾਨਾ ਬਣਾਉਂਦੇ ਹਨ, ਉਹ ਵੀ ਜੈਂਸ਼ੀਅਨ ਨਾਲ ਠੀਕ ਹੋਣ ਵਾਲੇ ਹੀ ਹੁੰਦੇ ਹਨ।

ਕਈ ਲੋਕ ਥੋੜ੍ਹੀ ਥੋੜ੍ਹੀ ਦੇਰ ਬਾਅਦ ਹਉਕੇ ਜਾਂ ਡੂੰਘੇ ਸਾਹ ਲੈਂਦੇ ਰਹਿੰਦੇ ਹਨ। ਇਹ ਉਨ੍ਹਾਂ ਦੇ ਦੁਖੀ ਹੋ ਕੇ ਦਿਲਗੀਰ ਹੋਣ ਦੀ ਨਿਸ਼ਾਨੀ ਹੈ। ਹੋਮਿਓਪੈਥੀ ਵਿਚ ਇਸ ਦਸ਼ਾ ਲਈ ਇਗਨੇਸ਼ੀਆ (Ignatia) ਦਿੱਤੀ ਜਾਂਦੀ ਹੈ। ਬੈਚ ਫੁੱਲ ਪ੍ਰਣਾਲੀ ਵਿਚ ਇਸ ਦੀ ਪ੍ਰਮੁੱਖ ਦਵਾਈ ਜੈਂਸ਼ੀਅਨ ਹੈ।

# ਦਾਣਾ-ਪਾਣੀ ਖਿੱਚ ਕੇ ਲਿਆਉਂਦਾ...

## ਹੱਡ-ਬੀਤੀ



ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

ਮੇਰਾ ਪੁੱਤਰ ਕਬੀਰ ਜਦੋਂ ਛੋਟਾ ਸੀ ਤਾਂ ਬੜਾ ਸ਼ਰਾਰਤੀ ਸੀ। ਅਜੇ ਉਹ 14 ਕੁ ਸਾਲ ਦਾ ਸੀ ਤਾਂ ਉਹ ਕਈ ਦਿਨ ਮੈਨੂੰ ਬਾਤਾਂ ਜਿਹੀਆਂ ਪਾਉਂਦਾ ਰਿਹਾ, "ਡੈਡ ਕੁੱਤਾ ਲੈਣੈਂ...!" ਮੈਂ ਉਸ ਨੂੰ ਹੱਸ ਕੇ ਹੀ ਟਾਲਦਾ ਰਿਹਾ, "ਜਦੋਂ ਤੂੰ ਘਰ 'ਚ ਹੈਗੈਂ, ਹੋਰ ਆਪਾਂ ਨੂੰ ਕਿਸੇ ਜਾਨਵਰ ਦੀ ਲੋੜ ਈ ਨ੍ਹੀਂ...!" ਇਕ ਦਿਨ ਸ਼ਾਮ ਨੂੰ ਮੈਂ ਕੁਦਰਤੀਂ ਘਰ ਹੀ ਸੀ ਤਾਂ ਉਸ ਦਾ ਫੋਨ ਆ ਗਿਆ, "ਡੈਡ ਮੈਂ ਟੈਸਕੋ ਕੋਲ ਖੜ੍ਹਾਂ, ਮੈਨੂੰ ਆ ਕੇ ਲੈ ਜਾਵੋਂਗੇ ਪਲੀਜ਼?" ਖੈਰ, ਮੈਂ ਕਾਰ ਦੀ ਚਾਬੀ ਚੁੱਕੀ ਅਤੇ ਉਸ ਨੂੰ ਲੈਣ ਤੁਰ ਪਿਆ। ਟੈਸਕੋ ਵਾਲੇ ਪੈਟਰੋਲ ਪੰਪ ਦੇ ਕੋਲ ਉਹ ਇਕੱਲਾ ਨਹੀਂ, ਇਕ ਕੁੱਤੀ ਦਾ ਪਟਾ ਜਿਹਾ ਫੜੀ ਖੜ੍ਹਾ ਸੀ। ਮੈਨੂੰ ਖੁੜਕ ਗਈ ਕਿ ਕਬੀਰ ਸਾਹਿਬ ਕਿਸੇ ਮਿੱਤਰ ਤੋਂ ਕੁੱਤੀ ਲੈ ਆਏ ਹਨ।

"ਓਹ ਕਬੀਰ, ਇਹ ਕੁਤੀੜ੍ਹ ਜੀ ਕਿੱਥੋਂ ਫੜ ਲਿਆਇਆ...?" ਮੈਂ ਕਾਰ ਵਿਚ ਵੜਦੇ ਨੂੰ ਉਸ ਨੂੰ ਕੌੜਿਆ।

"ਇੱਕ ਦੋਸਤ ਕੁੜੀ ਨੇ ਦਿੱਤੀ ਐ, ਡੈਡ...!" ਉਸ ਨੇ ਝਿਜਕਦਿਆਂ ਕਿਹਾ। ਇੰਨੇ ਚਿਰ ਨੂੰ ਕੁੱਤੀ ਵੀ ਛਾਲ ਮਾਰ ਕੇ ਕਾਰ ਵਿਚ ਚੜ੍ਹ ਆਈ ਸੀ ਅਤੇ ਪਟਰਾਣੀ ਬਣ ਮੌਜ ਨਾਲ ਮੇਰੇ ਬਰਾਬਰ ਦੀ ਸੀਟ 'ਤੇ ਬਿਰਾਜਮਾਨ ਹੋ ਚੁਕੀ ਸੀ। ਉਸ ਨੇ ਦੋ ਕੁ ਵਾਰ ਮੇਰੇ ਹੱਥ ਨੂੰ ਜੀਭ ਨਾਲ ਚੱਟਿਆ। ਮੇਰ ਜਿਹੀ ਕੀਤੀ। ਮੈਂ ਵੀ ਬਜ਼ੁਰਗ ਵਾਂਗ ਉਸ ਦਾ ਸਿਰ ਜਿਹਾ ਪਲੋਸਣ ਲੱਗ ਪਿਆ ਅਤੇ ਘਰ ਲੈ ਆਇਆ...।

ਮੇਰੇ ਸਕੂਲ ਮੌਕੇ ਖਾਸ ਤੌਰ 'ਤੇ ਪੰਜਾਬ ਵਿਚ ਕੁੱਤਿਆਂ ਨਾਲ ਮੇਰਾ ਖਾਸ ਮੋਹ ਰਿਹਾ ਹੈ। ਸਾਡੇ ਖੇਤ ਦੋ ਕੁੱਤੇ, 'ਮੌਜੀ' ਅਤੇ 'ਮੋਤੀ' ਰੱਖੇ ਹੋਏ ਸਨ। ਸ਼ੇਰਾਂ ਵਰਗੇ ਕੌੜ ਕੁੱਤੇ! ਇਕ ਕੁੱਤੀ ਰੱਖੀ ਹੋਈ ਸੀ, ਜਿਸ ਦਾ ਨਾਂ 'ਮੀਨਾਂ' ਸੀ। ਸਾਡੀ ਜ਼ਮੀਨ ਦੋ ਥਾਂ ਸੀ। ਇਕ 'ਖੂਹ ਵਾਲਾ' ਖੇਤ ਅਤੇ ਦੂਜਾ 'ਢਾਬ ਵਾਲਾ' ਖੇਤ ਵੱਜਦਾ ਸੀ। ਕੁੱਤਿਆਂ ਵਿਚ ਇਹ ਗੁਣ ਸੀ ਕਿ ਜਿੰਨਾ ਚਿਰ ਕੋਈ ਪਸ਼ੂ ਸਾਡੇ ਖੇਤ ਦੀ ਜੂਹ ਤੋਂ ਪਰ੍ਹੇ ਹੁੰਦਾ ਸੀ, ਤਾਂ ਉਹ ਕੰਨ ਚੁੱਕ ਕੇ ਵੇਖਦੇ ਰਹਿੰਦੇ, ਪਰ ਜਦ ਪਸ਼ੂ ਸਾਡੀ ਜ਼ਮੀਨ ਵਿਚ ਆ ਵੜਦਾ ਤਾਂ ਉਹ ਛੂਟ ਵੱਟ ਲੈਂਦੇ ਅਤੇ ਪਸ਼ੂ ਨੂੰ ਪਹਿਲਾਂ ਖੋਤੀ-ਗੇੜ ਭਜਾਉਂਦੇ ਅਤੇ ਫਿਰ ਪਿੰਡ ਵਾੜ ਕੇ ਆਉਂਦੇ। ਇਹੀ ਕਾਰਨ ਸੀ ਕਿ ਛੇਤੀ ਕੀਤੇ ਸਿਆਣਾ ਪਸ਼ੂ ਸਾਡੀ ਜ਼ਮੀਨ ਵਿਚ ਨਹੀਂ ਸੀ ਵੜਦਾ। ਜੇ ਕੋਈ ਪਸ਼ੂ ਦੂਜੀ ਵਾਰ ਫਸਲ ਵਿਚ ਵੜਨ ਦੀ ਗਲਤੀ ਕਰ ਲੈਂਦਾ ਤਾਂ ਮੌਜੀ ਹੋਰੀਂ ਉਸ ਦੇ ਗਿੱਟੇ ਲਹੂ-ਲੁਹਾਣ ਕਰ ਦਿੰਦੇ!

ਮੌਜੀ ਅਤੇ ਮੋਤੀ ਇੱਕੋ ਮਾਂ ਦੇ ਜਾਏ ਭਰਾ ਵੀ ਸਨ ਅਤੇ ਹਮ-ਉਮਰ ਵੀ। ਇਕ ਵਾਰ ਸਾਡੇ ਗੁਆਂਢ ਖੇਤ ਵਾਲਾ ਤਾਇਆ ਲਾਲ ਸਿੰਘ ਪਹੀ-ਪਹੀ ਤੁਰਿਆ ਖੇਤ ਨੂੰ ਆ ਰਿਹਾ ਸੀ। ਛੇਤੀ ਕੀਤੇ ਕੁੱਤੇ ਕਿਸੇ ਬੰਦੇ ਨੂੰ ਕੁਝ ਨਹੀਂ ਆਖਦੇ ਸਨ। ਭੌਂਕਦੇ ਤਾਂ ਉਹ ਬਹੁਤ ਹੀ ਘੱਟ ਸਨ। ਬੱਸ ਐਕਸ਼ਨ ਹੀ ਕਰਦੇ ਸਨ। ਤਾਇਆ ਲਾਲ ਸਿੰਘ ਦੀਆਂ ਕਲਕੱਤੇ ਦੋ ਗੱਡੀਆਂ ਪਾਈਆਂ ਹੋਈਆਂ ਸਨ ਅਤੇ ਉਹ ਬਹੁਤ ਹੀ ਘੱਟ ਪਿੰਡ ਗੇੜਾ ਮਾਰਦਾ ਸੀ।

ਆਉਂਦੇ ਤਾਏ ਨੂੰ ਦੇਖ ਕੇ ਕੁੱਤੇ ਕੰਨ ਚੁੱਕੀ ਮੇਰੇ ਕੋਲ਼ ਖੜ੍ਹੇ ਹੀ ਜਾਇਜ਼ਾ ਜਿਹਾ ਲੈ ਰਹੇ ਸਨ। ਮੈਂ ਟਿਊਬਵੈੱਲ ਕੋਲ਼ ਬੈਠਾ ਸਕੂਲ ਦਾ ਕੰਮ ਕਰ ਰਿਹਾ ਸੀ। ਉਦੋਂ ਮੈਂ ਸ਼ਾਇਦ ਅੱਠਵੀਂ ਵਿਚ ਪੜ੍ਹਦਾ ਸੀ।

"ਆਹ ਕਤੀੜ੍ਹ ਕਿੱਡੇ ਕਿੱਡੇ ਰੱਖੇ ਐ ਓਏ, ਇਨ੍ਹਾਂ ਤੋਂ ਕਿਸੇ ਨੂੰ ਮਰਵਾਉਣੈਂ...?" ਬੋਲਣ ਵੱਲੋਂ ਤਾਇਆ ਬੜਾ ਅੱਖੜ ਬੰਦਾ ਸੀ। ਬੱਸ ਐਨਾ ਆਖਣ ਦੀ ਦੇਰ ਸੀ ਕਿ ਕੁੱਤਿਆਂ ਨੇ ਭਾਂਪ ਲਿਆ ਕਿ ਇਹ ਦੁਰਭਾਸ਼ਾ ਸਾਡੇ ਲਈ ਹੀ ਵਰਤੀ ਗਈ ਹੈ। ਕੁੱਤਾ ਅਤੇ ਘੋੜਾ ਬੜੀ ਸਿਆਣੀ ਜ਼ਾਤ ਹੈ। ਸੁਣਦਿਆਂ ਹੀ ਮੌਜੀ ਨੇ ਆਪਣੇ ਪੌਂਡੇ ਤਾਏ ਦੀ ਹਿੱਕ ਨੂੰ ਜਾ ਲਾਏ। ਉਸ ਦੇ ਮਗਰ ਮੋਤੀ ਕਰੋਧ ਵਿਚ ਉਸ ਦਾ 'ਬਾਡੀਗਾਰਡ' ਬਣਿਆ ਲਾਲ ਅੱਖਾਂ ਕਰੀ ਖੜ੍ਹਾ ਸੀ। ਰਿੱਛ ਜਿੱਡੇ ਕੁੱਤੇ ਦੇ ਛਾਤੀ ਨੂੰ ਲੱਗੇ ਪੌਂਡੇ ਦੇਖ ਕੇ ਤਾਏ ਦੇ ਆਪਣੇ "ਕੁੱਤੇ ਫੇਲ੍ਹ" ਹੋ ਗਏ ਅਤੇ ਸਾਹ ਮਗਜ ਨੂੰ ਚੜ੍ਹ ਗਏ। ਮੈਂ ਵੀ ਖਤਰਾ ਮਹਿਸੂਸ ਕਰਕੇ ਕਾਪੀ ਪੈੱਨ ਸੁੱਟ ਕੇ ਉਠ ਖੜ੍ਹਿਆ, "ਤਾਇਆ ਜੀ, ਹੁਣ ਬੋਲਿਓ ਨਾ...! ਚੁੱਪ ਕਰਕੇ ਖੜ੍ਹੇ ਰਿਹੋ! ਨਹੀਂ ਇਹ ਥੋਨੂੰ ਪਾੜ ਦੇਣਗੇ!" ਮੈਂ ਖਬਰਦਾਰ ਕੀਤਾ। ਬੋਲਣ ਜੋਕਰਾ ਤਾਂ ਤਾਇਆ ਪਹਿਲਾਂ ਹੀ ਨਹੀਂ ਸੀ ਰਿਹਾ। ਉਸ ਦਾ ਬਲੱਡ ਤਾਂ ਪਹਿਲਾਂ ਹੀ ਘਟ ਗਿਆ ਸੀ ਅਤੇ ਉਹ ਠੱਕੇ ਦੀ ਮਾਰੀ ਬੱਕਰੀ ਵਾਂਗ ਕੰਬੀ ਜਾ ਰਿਹਾ ਸੀ। ਮੈਂ ਜਾ ਕੇ ਮੌਜੀ ਦੇ ਚੁਪੇੜ ਜਿਹੀ ਮਾਰੀ ਅਤੇ ਮੋਤੀ ਨੂੰ ਵੀ ਦਬਕਿਆ। ਆਦਮ ਕੱਦ ਕੁੱਤੇ ਮੇਰੇ ਬੜੇ ਹੀ ਆਗਿਆਕਾਰ ਸਨ। ਖੈਰ, ਮੇਰੇ ਇਸ਼ਾਰੇ 'ਤੇ ਮੌਜੀ ਨੇ ਤਾਏ ਦੀ ਛਾਤੀ ਤੋਂ ਪੌਂਡੇ ਚੁੱਕ ਲਏ ਅਤੇ ਦੋਨੋਂ ਕੁੱਤੇ ਬਕਰੈਣ ਥੱਲੇ ਆ ਕੇ ਅਰਾਮ ਨਾਲ ਬੈਠ ਗਏ।

ਮੈਂ ਕਦੇ-ਕਦੇ ਮੋਤੀ ਅਤੇ ਮੌਜੀ ਦੇ ਉਪਰ 'ਘੋੜ-ਸਵਾਰੀ' ਵੀ ਕਰ ਲੈਂਦਾ ਸੀ। ਮੈਂ ਕੰਨ ਫੜ ਕੇ ਉਨ੍ਹਾਂ ਦੇ ਉਪਰ ਬੈਠ ਜਾਣਾ ਤਾਂ ਮੇਰੇ ਦਾਦਾ ਜੀ ਨੇ ਮੈਨੂੰ ਗੁੱਸੇ ਹੋਣਾ, "ਉਏ ਯਧ ਕਮਲਿਆ, ਥੱਲੇ ਉਤਰ...! ਇਹਦੀ ਢੂਹੀ ਤੋੜਦੇਂਗਾ!" ਜੇ ਕਿਤੇ ਮੋਤੀ ਅਤੇ ਮੌਜੀ ਨੂੰ ਖੇਤ ਵਿਚ ਪਏ ਪਸ਼ੂ ਬਾਰੇ ਨਾ ਪਤਾ ਚੱਲਣਾ ਤਾਂ ਮੈਂ ਦੇਖ ਕੇ ਸਿਰਫ ਇਤਨਾ ਹੀ ਆਖਣਾ, "ਚੱਕ ਮੋਤੀ...!" ਬੱਸ ਐਨੀ ਗੱਲ ਉਨ੍ਹਾਂ ਨੂੰ 'ਵਾਧੂ' ਹੁੰਦੀ ਸੀ ਅਤੇ ਉਹ ਸੁਹਿਰਦ ਫੌਜੀ ਵਾਂਗ ਸਿਰਤੋੜ ਭੱਜਦੇ ਅਤੇ ਇਕੱਲੇ ਹੀ ਪਸ਼ੂ ਫਸਲ 'ਚੋਂ ਬਾਹਰ ਕੱਢ ਕੇ ਆਉਂਦੇ! ਉਨ੍ਹਾਂ ਦੇ ਨਾਲ ਭੱਜਣ ਦੀ ਕਿਸੇ ਨੂੰ ਲੋੜ ਨਹੀਂ ਹੁੰਦੀ ਸੀ। ਉਹ ਪੈਂਦੇ ਵੀ ਸਿਰਫ ਪਸ਼ੂ ਦੇ ਗਿੱਟਿਆਂ ਨੂੰ ਹੀ ਸਨ। ਜਦੋਂ ਮੈਂ ਸਕੂਲੋਂ ਆਉਣਾ ਤਾਂ ਕਿਤਾਬਾਂ ਵਾਲਾ ਝੋਲਾ ਰੱਖ ਸਿੱਧਾ ਖੇਤ ਨੂੰ ਤੁਰ ਜਾਣਾ। ਜਦੋਂ ਮੈਂ ਛੱਪੜ ਵਾਲੀ ਡੰਡੀ 'ਤੇ ਹੋਣਾ ਤਾਂ ਦੋਹਾਂ ਕੁੱਤਿਆਂ ਨੇ ਕਰੀਬ ਇਕ ਕਿਲੋਮੀਟਰ ਭੱਜ ਕੇ ਆ ਕੇ ਮੇਰਾ ਸੁਆਗਤ ਕਰਨਾ ਅਤੇ ਮੇਰੇ ਗੋਡੇ-ਲੱਤਾਂ ਚੱਟਦਿਆਂ, ਮੈਨੂੰ ਅਗਵਾਈ ਦੇ ਕੇ ਖੇਤ ਲੈ ਕੇ ਜਾਣਾ। ਨਾਲ ਦੇ ਖੇਤਾਂ ਵਾਲੇ ਇਨ੍ਹਾਂ ਤੋਂ ਭੈਅ ਖਾਂਦੇ ਸਨ।

ਮੀਨਾਂ ਬਹੁਤ ਹੀ ਸਾਊ ਕੁੱਤੀ ਸੀ। ਨਾ ਤਾਂ ਉਹ ਕਿਸੇ ਨੂੰ ਵੱਢਦੀ ਸੀ ਅਤੇ ਨਾ ਹੀ ਕਦੇ ਭੌਂਕਦੀ ਸੀ। ਬੱਸ ਉਹ ਚੁੱਪ ਚਾਪ ਹੀ ਕੋਲ ਆ ਕੇ, ਨੀਵੀਂ ਜਿਹੀ ਪਾ ਕੇ ਪੂਛ ਹਿਲਾਉਂਦੀ ਰਹਿੰਦੀ। ਹਾਂ, ਬੱਚੇ ਦੇਣ ਵੇਲੇ ਉਹ ਜ਼ਰੂਰ ਕੌੜ ਹੋ ਜਾਂਦੀ। ਇਹ ਗੱਲ ਸਮਝ ਆਉਣ ਵਾਲੀ ਵੀ ਸੀ! ਬੱਚਿਆਂ ਦੀ ਰਾਖੀ ਕਰਨੀ ਮਾਂ ਦਾ ਫਰਜ਼ ਵੀ ਹੈ ਅਤੇ ਕਰਮ ਵੀ! ਮੌਜੀ ਅਤੇ ਮੋਤੀ ਉਸ ਦੇ ਹੀ ਬੱਚੇ ਸਨ। ਜਦ ਉਹ ਬੱਚੇ ਦਿੰਦੀ, ਤਾਂ ਸਾਡੇ ਤੂੜੀ ਵਾਲੇ ਕੋਠੇ 'ਚ ਹੀ ਦਿੰਦੀ। ਜਦੋਂ ਉਸ ਦੇ ਬੱਚੇ ਦਿੱਤੇ ਹੁੰਦੇ ਤਾਂ ਉਸ ਤੂੜੀ ਵਾਲੇ ਕੋਠੇ ਵਿਚ ਸਿਰਫ ਦੋ ਬੰਦੇ ਜਾ ਸਕਦੇ ਸਨ, ਇਕ ਮੈਂ ਅਤੇ ਇੱਕ ਮੇਰੇ ਦਾਦਾ ਜੀ! ਹੋਰ ਉਹ ਕਿਸੇ ਨੂੰ ਅੰਦਰ ਨਹੀਂ ਵੜਨ ਦਿੰਦੀ ਸੀ। ਬੁਰੀ ਤਰ੍ਹਾਂ ਘੂਰਦੀ ਅਤੇ ਕਰੋਧੀ ਹੋਈ ਵੱਢਣ ਵੀ ਆਉਂਦੀ। ਇਕ ਵਾਰ ਸਾਡਾ ਸੀਰੀ ਜੈਬਾ ਅੰਦਰ ਤੂੜੀ ਲੈਣ ਜਾ ਵੜਿਆ। ਮੀਨਾਂ ਦੇ ਬੱਚੇ ਦਿੱਤੇ ਹੋਏ ਸਨ। ਮੀਨਾਂ ਉਸ ਦੇ ਬੁਰੀ ਤਰ੍ਹਾਂ ਮਗਰ ਪੈ ਗਈ। ਉਹ ਦੁਹਾਈ ਦਿੰਦਾ ਮੇਰੇ ਵੱਲ ਭੱਜਿਆ ਆਵੇ, "ਜੱਗਿਆ ਬਚਾਈਂ ਉਏ ਛੋਟੇ ਭਾਈ, ਮੇਰੇ ਦੰਦ ਮਾਰੂਗੀ ਸਹੁਰੀ...!" ਮੈਂ ਉਠ ਕੇ ਮੀਨਾਂ ਨੂੰ ਘੂਰ ਕੇ ਪੈਰ ਦੜੱਕਾ ਜਿਹਾ ਮਾਰਿਆ, ਉਹ ਉਥੇ ਹੀ ਰੁਕ ਗਈ। ਮੈਂ ਉਸ ਦਾ ਕੰਨ ਫੜ ਕੇ ਫਿਰ ਤੂੜੀ ਵਾਲੇ ਕੋਠੇ ਵਿਚ ਉਸ ਦੇ ਬੱਚਿਆਂ ਕੋਲ ਛੱਡ ਆਇਆ।

ਹਾੜ੍ਹੀ ਦੀ ਵਾਢੀ ਚੱਲ ਰਹੀ ਸੀ। ਮੈਂ ਸਕੂਲੋਂ ਘਰ ਆਇਆ ਤਾਂ ਬੇਬੇ (ਦਾਦੀ) ਨੇ ਚਾਹ ਦਾ ਡੋਲਣਾ ਹੱਥ ਫੜਾ ਦਿੱਤਾ, "ਤੂੰ ਖੇਤ ਤਾਂ ਜਾਣਾਂ ਈ ਐਂ ਪੁੱਤ, ਮੁੰਡਿਆਂ ਦੀ ਚਾਹ ਵੀ ਲੈਂਦਾ ਜਾਹ, ਸਵੇਰ ਦੇ ਲੱਗੇ ਵੇ ਐ ਜਿਉਣ ਜੋਕਰੇ!" ਮੈਂ ਡੋਲਣਾ ਫੜ ਕੇ ਖੇਤ ਨੂੰ ਤੁਰ ਪਿਆ। ਆਮ ਵਾਂਗ ਮੌਜੀ ਅਤੇ ਮੋਤੀ ਨੇ ਮੇਰਾ ਡੰਡੀ 'ਤੇ ਹੀ ਸੁਆਗਤ ਕੀਤਾ। ਜਦ ਖੇਤ ਗਿਆ ਤਾਂ ਮੀਨਾਂ ਨਜ਼ਰ ਨਾ ਆਈ। ਕਿਉਂਕਿ ਮੀਨਾਂ ਮੇਰੇ ਕੋਲ ਕਦੇ ਵੀ ਭੱਜ ਕੇ ਡੰਡੀ 'ਤੇ ਨਹੀਂ ਸੀ ਆਉਂਦੀ। ਜਦ ਮੈਂ ਖੇਤ ਪਹੁੰਚਦਾ ਤਾਂ ਉਹ ਸਤਿਕਾਰ ਜਿਹੇ ਨਾਲ ਪੂਛ ਹਿਲਾ ਕੇ ਮੇਰੇ ਕੋਲ ਆਉਂਦੀ ਅਤੇ ਮੇਰੇ ਪੈਰ ਚੱਟਦੀ, ਪਰ ਅੱਜ ਮੀਨਾਂ ਮੈਨੂੰ ਨਾ ਦਿਸੀ। ਮੈਂ ਚਾਹ ਵਰਤਾਉਂਦਿਆਂ ਸਾਡੇ ਦੂਜੇ ਸੀਰੀ ਚਾਚੇ ਗਾਮੇ ਨੂੰ ਪੁੱਛਿਆ, "ਚਾਚਾ ਜੀ ਮੀਨਾਂ ਨ੍ਹੀ ਦੀਂਹਦੀ ਕਿਤੇ?" ਤਾਂ ਚਾਹ ਦੀ ਚੁਸਕੀ ਲੈ ਕੇ ਉਸ ਨੇ ਬੜੇ ਮਜ਼ਾਜ਼ ਨਾਲ ਦੱਸਿਆ, "ਉਹਨੂੰ ਹਲਕਿਆ ਕੁੱਤਾ ਦੰਦ ਮਾਰ ਗਿਆ ਸੀ, ਅੱਜ ਕੁੱਟ ਕੇ ਮਾਰੀ ਐ...!" ਮੇਰੇ ਸਿਰ ਨੂੰ ਚੱਕਰ ਆਇਆ, "ਥੋਨੂੰ ਕੀ ਪਤੈ ਬਈ ਉਹਨੂੰ ਹਲਕਿਆ ਕੁੱਤਾ ਦੰਦ ਮਾਰ ਗਿਆ ਸੀ?" ਮੇਰੇ ਸਿਰ ਵਿਚ ਭੰਮੀਰੀਆਂ ਘੁਕੀ ਜਾ ਰਹੀਆਂ ਸਨ, "ਹਰਨਾਮ ਦੱਸਦਾ ਸੀ...!" ਕਿਸੇ ਦੇ ਮੂੰਹ ਹਿਲਾਉਣ 'ਤੇ ਹੀ, ਬਿਨਾ ਕਿਸੇ ਤਹਿਕੀਕਾਤ ਤੋਂ ਕਿਸੇ ਬੇਜ਼ੁਬਾਨ ਬੇਦੋਸ਼ੇ ਜਾਨਵਰ ਨੂੰ ਕੁੱਟ ਕੇ ਮਾਰ ਦੇਣਾਂ, ਕਿਧਰਲੀ ਇਨਸਾਨੀਅਤ ਹੈ? ਮੇਰਾ ਸਰੀਰ ਝੂਠਾ ਪਿਆ ਹੋਇਆ ਸੀ।

"ਕਿੱਥੇ ਮਾਰੀ ਐ...?" ਮੈਂ ਬੌਂਦਲਿਆ ਹੋਇਆ ਪੁੱਛ ਰਿਹਾ ਸਾਂ। ਮੇਰੇ ਕੰਨਾਂ ਵਿਚ ਬਿੰਡੇ ਟਿਆਂਕੀ ਜਾ ਰਹੇ ਸਨ।

"ਔਹ ਆਪਣੀ ਪਰਲੀ ਜ਼ਮੀਨ 'ਚ, ਕਣਕ ਦੀ ਮੰਡਲੀ ਕੋਲੇ...!" ਚਾਚਾ ਬੜੇ ਸ਼ਾਂਤਮਈ ਢੰਗ ਨਾਲ ਗੱਲਾਂ ਕਰ ਰਿਹਾ ਸੀ। ਜਿਵੇਂ ਕੁਝ ਹੋਇਆ ਹੀ ਨਹੀਂ ਸੀ, ਪਰ ਕਰੋਧ ਮੇਰੇ ਸਿਰ ਨੂੰ ਬਾਰੂਦ ਬਣ ਚੜ੍ਹਦਾ ਜਾ ਰਿਹਾ ਸੀ। ਮੈਂ ਸਾਡੇ ਕਿਸੇ ਵੀ ਸੀਰੀ ਨੂੰ ਕਦੇ ਵੀ ਕੌੜਾ ਬਚਨ ਨਹੀਂ ਕੀਤਾ ਸੀ।

ਮੈਂ ਚਾਹ ਵਾਲਾ ਡੋਲਣਾ ਰੱਖ ਸਿਰਤੋੜ ਮੰਡਲੀ ਵੱਲ ਨੂੰ ਦੌੜ ਪਿਆ।

ਜਦ ਜਾ ਕੇ ਦੇਖਿਆ ਤਾਂ ਮੀਨਾਂ ਦੀ ਲਾਸ਼ ਪਈ ਸੀ। ਅੱਖਾਂ ਖੁੱਲ੍ਹੀਆਂ ਸਨ ਅਤੇ ਨੱਕ ਮੂੰਹ 'ਚੋਂ ਖੂਨ ਨਿਕਲ ਕੇ ਸੁੱਕ ਚੁੱਕਾ ਸੀ। ਦੇਖ ਕੇ ਮੇਰਾ ਦਿਲ ਦੋਫਾੜ ਹੋ ਗਿਆ ਅਤੇ ਮੇਰਾ ਉਚੀ-ਉਚੀ ਰੋਣ ਨਿਕਲ ਗਿਆ। ਹਰ ਰੋਜ਼ ਮੇਰੇ ਪੈਰ ਚੱਟ ਕੇ ਮੇਰਾ ਸੁਆਗਤ ਕਰਨ ਵਾਲੀ ਮੀਨਾਂ ਜੱਗ ਜਹਾਨ ਛੱਡ ਪਤਾ ਨਹੀਂ ਕਿੱਧਰ ਤੁਰ ਗਈ ਸੀ? ਜਾਂ ਮੱਲੋਮੱਲੀ ਤੋਰ ਦਿੱਤੀ ਗਈ ਸੀ! ਮੇਰੇ ਸਿਰ ਨੂੰ ਐਸਾ ਗੁੱਸਾ ਗੁੱਸਾ ਚੜ੍ਹਿਆ ਕਿ ਮੈਂ ਸਾਰੇ ਹਾੜ੍ਹੀ ਵੱਢਦਿਆਂ ਨੂੰ ਉਚੀ-ਉਚੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, "ਉਏ ਤੁਸੀਂ ਮੇਰੀ ਮੀਨਾਂ ਮਾਰ'ਤੀ ਉਏ ਥੋਡੀ ਭੈਣ ਦੀ! ਉਏ ਤੁਸੀਂ ਬਿਨਾ ਗੱਲੋਂ ਮੇਰੀ ਮੀਨਾਂ ਮਾਰਤੀ ਉਏ...!"



ਕੋਈ ਨਾ ਬੋਲਿਆ। ਕਿਸੇ ਨੇ 'ਚੂੰ' ਵੀ ਨਾ ਕੀਤੀ। ਮੈਂ ਲਾਸ਼ ਕੋਲ ਬੈਠ ਕੇ ਮੀਨਾਂ ਦੀਆਂ ਖੁੱਲ੍ਹੀਆਂ ਅੱਖਾਂ ਬੰਦ ਕੀਤੀਆਂ ਅਤੇ ਹੁਬਕੀਏਂ ਰੋਂਦਾ ਪਹੀ-ਪਹੀ ਪਿੰਡ ਨੂੰ ਤੁਰ ਪਿਆ। ਰਾਹ ਵਿਚ ਮੇਰੇ ਦਾਦਾ ਜੀ ਨੇ ਮੈਨੂੰ ਖਾਲੀ ਡੋਲਣਾ ਫੜਾਉਣਾ ਚਾਹਿਆ, ਪਰ ਮੈਂ ਡੋਲਣਾ ਫੜ ਖੇਤ ਵਿਚ ਚਲਾ ਕੇ ਮਾਰਿਆ ਅਤੇ ਚੱਕਵੇਂ ਪੈਰੀਂ ਪਿੰਡ ਨੂੰ ਤੁਰ ਪਿਆ। ਮੇਰਾ ਰੋਣਾ ਬੰਦ ਨਹੀਂ ਹੁੰਦਾ ਸੀ। ਦਾਦਾ ਜੀ ਨਾਲ ਮੇਰੀ ਇਹ ਸ਼ਾਇਦ ਜ਼ਿੰਦਗੀ ਦੀ ਪਹਿਲੀ ਬਦਸਲੂਕੀ ਸੀ। ਦਾਦਾ ਜੀ ਨੇ ਵੀ ਹਾਲਾਤ ਦੇਖ ਕੇ ਮੈਨੂੰ ਕੁਝ ਨਾ ਕਿਹਾ। ਉਨ੍ਹਾਂ ਨੂੰ ਭਲੀ ਭਾਂਤ ਪਤਾ ਸੀ ਕਿ ਮੈਂ ਤਿੰਨਾਂ ਕੁੱਤਿਆਂ ਨੂੰ ਕਿੰਨਾ ਮੋਹ ਕਰਦਾ ਸਾਂ।

ਘਰ ਆ ਕੇ ਮੈਂ ਬੇਬੇ ਨੂੰ ਸਵਾ ਗਜ ਖੱਦਰ ਦੇਣ ਬਾਰੇ ਕਿਹਾ।

"ਖੱਦਰ ਕੀ ਕਰਨੈਂ ਮੇਰੇ ਪੁੱਤ ਨੇ...?" ਬੇਬੇ ਨੇ ਬੜੇ ਪਿਆਰ ਨਾਲ ਪੁੱਛਿਆ।

ਮੇਰਾ ਫਿਰ ਭੁੱਬ ਵਾਂਗ ਉਚੀ-ਉਚੀ ਰੋਣ ਨਿਕਲ ਗਿਆ।

"ਉਨ੍ਹਾਂ ਮੇਰੇ ਸਾਲਿਆਂ ਨੇ ਆਪਣੀ ਮੀਨਾਂ ਮਾਰ'ਤੀ, ਅਖੇ ਇਹਨੂੰ ਹਲਕਿਆ ਕੁੱਤਾ ਵੱਢ ਗਿਆ।" ਸ਼ਾਇਦ ਬੇਬੇ ਨੂੰ ਵੀ ਪਤਾ ਸੀ। ਉਸ ਨੇ ਮੈਨੂੰ ਸਵਾ ਗਜ ਖੱਦਰ ਪਾੜ ਕੇ ਦੇ ਦਿੱਤਾ ਅਤੇ ਮੈਂ ਚੁੱਪ ਚਾਪ ਰੋਂਦਾ ਖੇਤ ਨੂੰ ਤੁਰ ਪਿਆ। ਖੇਤ ਆ ਕੇ ਮੈਂ ਕਹੀ ਲਈ ਅਤੇ ਮੀਨਾਂ ਦੀ ਲਾਸ਼ ਕੋਲ ਜਾ ਕੇ ਟੋਆ ਪੁੱਟਣਾਂ ਸ਼ੁਰੂ ਕਰ ਦਿੱਤਾ। ਮੈਨੂੰ ਟੋਆ ਪੁੱਟਦੇ ਨੂੰ ਦੇਖ ਕੇ ਜੈਬਾ ਕਣਕ ਵੱਢਣੀਂ ਛੱਡ ਮੇਰੇ ਕੋਲ ਆ ਗਿਆ, "ਪਰ੍ਹੇ ਹਟ ਛੋਟੇ ਭਾਈ, ਟੋਆ ਮੈਂ ਪੱਟਦੈਂ!" ਉਸ ਨੇ ਆਖਿਆ ਤਾਂ ਮੇਰੇ ਗੁੱਸੇ ਨੂੰ ਹੋਰ ਲਾਂਬੂ ਲੱਗ ਗਿਆ।

"ਬਾਈ ਜੈਬਿਆ, ਵਾਪਸ ਖੇਤ ਚਲਿਆ ਜਾਹ, ਨਹੀਂ ਆਹ ਕਹੀ ਨਾਲ ਤੇਰੇ ਟੋਟੇ ਨਾ ਹੋ ਜਾਣ...!" ਮੈਂ ਟੋਆ ਪੁੱਟਦਾ ਪੁੱਟਦਾ ਨਾਲ ਦੀ ਨਾਲ ਉਚੀ-ਉਚੀ ਰੋਈ ਵੀ ਜਾ ਰਿਹਾ ਸਾਂ। ਮੋਟੇ-ਮੋਟੇ ਹੰਝੂ ਮੇਰੀ ਹਿੱਕ 'ਤੇ 'ਤ੍ਰਿੱਪ-ਤ੍ਰਿੱਪ' ਡਿੱਗੀ ਜਾ ਰਹੇ ਸਨ। ਜੈਬਾ ਚੁੱਪ ਚਾਪ ਖੇਤ ਤੁਰ ਗਿਆ। ਪਤਾ ਨਹੀਂ ਕਿੰਨੇ ਕੁ ਸਾਲਾਂ ਤੋਂ ਜੈਬਾ, ਮੇਜਰ ਅਤੇ ਚਾਚਾ ਗਾਮਾ ਸਾਡੇ ਨਾਲ ਸੀਰੀ ਚੱਲੇ ਆ ਰਹੇ ਸਨ, ਮੈਂ ਉਨ੍ਹਾਂ ਨਾਲ 'ਬਾਈ ਜੀ' ਜਾਂ 'ਚਾਚਾ ਜੀ' ਤੋਂ ਬਿਨਾ ਗੱਲ ਨਹੀਂ ਕੀਤੀ ਸੀ, ਪਰ ਅੱਜ ਗੱਲ ਮੇਰੇ ਵੱਸੋਂ ਬਾਹਰ ਹੋਈ ਪਈ ਸੀ। ਮੀਨਾਂ ਦੀ ਲਾਸ਼ ਮੇਰੇ ਕਰੋਧ ਨੂੰ ਪਲੀਤਾ ਲਾਈ ਜਾ ਰਹੀ ਸੀ। ਮੈਂ ਮੁੜ੍ਹਕੋ-ਮੁੜ੍ਹਕੀ ਹੋਏ ਨੇ ਟੋਆ ਪੁੱਟ ਕੇ ਖੱਦਰ ਦਾ ਟੋਟਾ ਵਿਛਾਇਆ। ਫਿਰ ਮੀਨਾਂ ਨੂੰ ਚੁੱਕ ਕੇ ਆਪਣੇ ਸੀਨੇ ਨਾਲ ਲਾਇਆ ਅਤੇ ਖੱਦਰ ਉਪਰ ਲਿਟਾ ਕੇ ਉਸ ਨੂੰ ਸਹਿਜ ਨਾਲ ਲਪੇਟਿਆ। ਨਾਲ ਦੀ ਨਾਲ ਮੈਂ ਰੋਂਦਾ "ਵਾਹਿਗੁਰੂ-ਵਾਹਿਗੁਰੂ" ਦਾ ਜਾਪ ਵੀ ਕਰੀ ਜਾ ਰਿਹਾ ਸਾਂ। ਫਿਰ ਬੜੇ ਅਦਬ ਨਾਲ ਉਸ ਨੂੰ ਟੋਏ ਵਿਚ ਰੱਖਿਆ ਅਤੇ ਜਾਪ ਕਰਦਿਆਂ ਹੀ ਮਿੱਟੀ ਪਾ ਦਿੱਤੀ।

ਫਿਰ ਖੇਤੋਂ ਇਕ ਕਿੱਕਰ ਦਾ ਡਾਹਣਾ ਲਿਆ ਕੇ ਉਸ ਦੇ ਦਫਨਾਉਣ ਵਾਲੀ ਜਗ੍ਹਾ 'ਤੇ ਰੱਖਿਆ ਕਿ ਰਾਤ ਨੂੰ ਅਵਾਰਾ ਕੁੱਤੇ ਇਸ ਦੀ ਲਾਸ਼ ਦੀ ਖੇਹ-ਖਰਾਬੀ ਨਾ ਕਰ ਜਾਣ। ਵੈਸੇ ਛੇਤੀ ਕੀਤੇ ਮੋਤੀ ਅਤੇ ਮੌਜੀ ਅਵਾਰਾ ਕੁੱਤਿਆਂ ਨੂੰ ਖੇਤ ਵਿਚ ਵੜਨ ਨਹੀਂ ਸਨ ਦਿੰਦੇ, ਪਰ ਮੈਂ ਆਪਣੇ ਮਨ ਦਾ ਸ਼ੰਕਾ ਨਵਿਰਤ ਕਰ ਲਿਆ। ਫਿਰ ਮੀਨਾਂ ਦੀ ਕਬਰ 'ਤੇ ਖੜ੍ਹ ਕੇ ਅਰਦਾਸ ਕੀਤੀ ਅਤੇ ਚੁੱਪ ਚਾਪ ਘਰ ਆ ਗਿਆ। ਉਦੋਂ ਮੈਂ ਗੁਰੂ ਨਾਨਕ ਖਾਲਸਾ ਹਾਈ ਸਕੂਲ ਤਖਤੂਪੁਰਾ ਵਿਖੇ ਸਕੂਲੀ ਪੜ੍ਹਾਈ ਦੇ ਨਾਲ-ਨਾਲ ਗੁਰਬਾਣੀ ਦਾ ਅਧਿਐਨ ਵੀ ਕਰ ਰਿਹਾ ਸਾਂ, ਕਾਫੀ ਗੁਰਬਾਣੀ ਮੈਨੂੰ ਕੰਠ ਸੀ ਅਤੇ ਅਸੀਂ ਹਰ ਰੋਜ਼ ਪਹਿਲੀ ਪਾਤਿਸ਼ਾਹੀ ਦੇ ਗੁਰਦੁਆਰੇ ਜਾ ਕੇ ਅਰਦਾਸ ਵੀ ਕਰਦੇ ਤੇ ਹੁਕਮਨਾਮਾ ਵੀ ਲੈਂਦੇ ਸਾਂ।

ਰਾਤ ਨੂੰ ਭੁੱਖ ਨਾ ਲੱਗੀ। ਬੇਬੇ ਦਾ ਦਿੱਤਾ ਦੁੱਧ ਵੀ ਨਾ ਪੀਤਾ। ਕਈ ਦਿਨ ਮੇਰਾ ਖੇਤ ਜਾਣ ਨੂੰ ਜੀਅ ਨਾ ਕੀਤਾ। ਜੇ ਬੇਬੇ ਖੇਤ ਚਾਹ ਲਿਜਾਣ ਨੂੰ ਆਖਦੀ ਤਾਂ ਮੈਂ ਇੱਕੋ ਗੱਲ ਨਾਲ ਬੇਬੇ ਨੂੰ ਚੁੱਪ ਕਰਵਾ ਦਿੰਦਾ, "ਬੇਬੇ ਮੀਨਾਂ ਦੇ ਕਾਤਲਾਂ ਵਾਸਤੇ ਨਾ ਤਾਂ ਮੈਨੂੰ ਰੋਟੀ ਲਿਜਾਣ ਵਾਸਤੇ ਆਖੀਂ ਤੇ ਨਾ ਚਾਹ, ਮੈਥੋਂ ਕੋਈ ਮਰ'ਜੂ...!" ਬੇਬੇ ਮੇਰੇ ਗੁੱਸੇ ਨੂੰ ਸਮਝਦੀ ਸੀ। ਬੇਬੇ ਕਈ ਵਾਰ ਖੁਦ ਵੀ ਗਿਲਾ ਕਰ ਚੁੱਕੀ ਸੀ, "ਪੁੱਤ ਖਾਣੇਂ ਦਿਆਂ ਨੇ ਨਿੱਜ ਨੂੰ ਜਾਣੇਂ ਅਮਲੀ ਦੇ ਆਖੇ ਲੱਗ ਕੇ ਕਿੱਡੀ ਸੋਹਣੀਂ ਨਸਲ ਦੀ ਕੁੱਤੀ ਮਾਰ'ਤੀ!" ਬੇਬੇ ਦੀ ਗੱਲ ਸੁਣ ਕੇ ਮੇਰਾ ਫਿਰ ਰੋਣ ਨਿਕਲ ਜਾਂਦਾ ਅਤੇ ਕਦੇ ਅੱਖਾਂ ਵਿਚ ਚੰਗਿਆੜੇ ਮੱਚਦੇ। ਸਮਾਂ ਪੈਣ 'ਤੇ ਜਿੰਨਿਆਂ ਨੇ ਮੀਨਾਂ ਮਾਰੀ ਸੀ, ਸਾਰਿਆਂ ਨੂੰ ਹੀ ਸਮੇਂ-ਸਮੇਂ ਅਨੁਸਾਰ ਹਲਕੇ ਕੁੱਤੇ ਨੇ ਵੱਢਿਆ ਅਤੇ ਸਾਰਿਆਂ ਨੂੰ ਸਰਕਾਰੀ ਹਸਪਤਾਲ ਮੋਗਾ ਤੋਂ ਹਲਕਾਅ ਦੇ ਚੌਦਾਂ-ਚੌਦਾਂ ਟੀਕੇ ਧੁੰਨੀ ਵਿਚ ਕਰਵਾਉਣੇ ਪਏ! ਇਹ ਉਨ੍ਹਾਂ ਨੂੰ ਰੱਬ ਵੱਲੋਂ ਹੀ ਇਕ ਸਜ਼ਾ ਸੀ!

ਹਫਤੇ ਕੁ ਬਾਅਦ ਜਦੋਂ ਮੈਂ ਖੇਤ ਗਿਆ ਤਾਂ ਮੋਤੀ ਅਤੇ ਮੌਜੀ ਮੈਨੂੰ ਦੇਖ ਕੇ ਪਿੰਡ ਵਾਲੀ ਡੰਡੀ 'ਤੇ ਆ ਗਏ ਅਤੇ ਮੇਰੇ ਗੋਡੇ-ਲੱਤਾਂ ਚੱਟਣ ਦੀ ਥਾਂ ਮੇਰੇ ਸਾਹਮਣੇ ਲਿਟਣ ਲੱਗ ਪਏ। ਜਿਵੇਂ ਗੁੱਸਾ ਕਰ ਰਹੇ ਹੋਣ ਕਿ ਤੂੰ ਕਿੰਨੇ ਦਿਨ ਹੋ ਗਏ ਖੇਤ ਹੀ ਨਹੀਂ ਆਇਆ? ਮੈਂ ਦੋਹਾਂ ਨੂੰ ਥਾਪੜ ਕੇ, ਭੁੰਜੇ ਬੈਠ ਆਪਣੇ ਗਲ ਨਾਲ ਲਾ ਲਿਆ ਅਤੇ ਆਪਣੇ ਨਾਲ ਤੋਰ ਲਿਆ। ਮੇਰਾ ਮਨ ਭਰਿਆ-ਭਰਿਆ ਰਹਿੰਦਾ। ਖੇਤ ਆ ਕੇ ਜਦੋਂ ਮੀਨਾਂ ਮੈਨੂੰ ਨਾ ਦਿਸਦੀ ਤਾਂ ਮੈਂ ਹੋਰ ਉਦਾਸ ਹੋ ਜਾਂਦਾ ਅਤੇ ਮੈਨੂੰ ਹੌਲ ਜਿਹੇ ਪੈਣ ਲੱਗ ਪੈਂਦੇ। ਮੇਜਰ, ਜੈਬੇ ਅਤੇ ਚਾਚੇ ਗਾਮੇ ਨੂੰ ਮੈਂ ਆਪਣੇ 'ਬਾਹਰ' ਆਉਣ ਤੱਕ ਨਹੀਂ ਬੁਲਾਇਆ ਸੀ। ਕਦੇ-ਕਦੇ ਮੈਂ ਮੀਨਾਂ ਦੀ 'ਕਬਰ' 'ਤੇ ਚਲਿਆ ਜਾਣਾ। ਕਬਰ 'ਤੇ ਘਾਹ ਉਗ ਆਇਆ ਸੀ। ਮੀਨਾਂ ਦੇ ਦਫਨਾਉਣ ਤੋਂ ਕੁਝ ਦੇਰ ਬਾਅਦ ਜਦ ਮੇਰੇ ਡੈਡੀ ਉਥੇ ਫਸਲ ਬੀਜਣ ਲੱਗੇ ਤਾਂ ਮੈਂ ਮੀਨਾਂ ਦੀ ਕਬਰ ਜਿੰਨੀ ਥਾਂ 'ਤੇ ਗੋਲ ਦਾਇਰਾ ਵਾਹ ਦਿੱਤਾ ਕਿ ਐਨੀ ਥਾਂ 'ਤੇ ਕੁਝ ਨਾ ਬੀਜਿਆ ਜਾਵੇ, ਅਤੇ ਇਹ ਥਾਂ ਹਰ ਹਾਲਤ ਵਿਚ ਖਾਲੀ ਰਹਿਣੀ ਚਾਹੀਦੀ ਹੈ! ਮੇਰੇ ਡੈਡੀ ਨੇ ਮੇਰੀ ਬੇਨਤੀ ਦੀ ਕਦਰ ਕੀਤੀ ਅਤੇ ਜਿੰਨਾ ਚਿਰ ਮੈਂ ਭਾਰਤ ਰਿਹਾ, ਉਨੀ ਥਾਂ ਹਮੇਸ਼ਾ ਅਣਬੀਜੀ ਹੀ ਰਹੀ।

ਕੁਝ ਦਿਨਾਂ ਬਾਅਦ ਹੀ ਮੈਂ ਸਕੂਲ ਵਿਚੋਂ ਚਾਰ ਗੇਂਦੇ ਦੇ ਬੂਟੇ ਲਿਆ ਕੇ ਉਸ ਥਾਂ 'ਤੇ ਲਾ ਦਿੱਤੇ। ਜਿੰਨਾ ਚਿਰ ਮੈਂ ਪਿੰਡ ਰਿਹਾ, ਮੀਨਾਂ ਦੀ ਕਬਰ 'ਤੇ ਗੇਂਦੇ ਲਾਉਣ ਦਾ ਕੰਮ ਹਰ ਸਾਲ ਨਿਰੰਤਰ ਜਾਰੀ ਰਿਹਾ। ਮੇਰੇ 'ਬਾਹਰ' ਆਉਣ ਤੋਂ ਬਾਅਦ ਜ਼ਮੀਨ ਦੀਆਂ ਵੰਡੀਆਂ ਪੈ ਗਈਆਂ ਅਤੇ ਉਹ ਜ਼ਮੀਨ ਮੇਰੇ ਫੌਜੀ ਚਾਚੇ ਦੀ ਮਲਕੀਅਤ ਬਣ ਗਈ...।

...ਗੱਲ ਕਬੀਰ ਦੀ ਲਿਆਂਦੀ ਕੁੱਤੀ ਦੀ ਚੱਲ ਰਹੀ ਸੀ। ਨਾਂ ਉਸ ਦਾ 'ਮਿੰਮੀ' ਸੀ। ਘਰ ਆ ਕੇ ਉਸ ਦੇ ਖਾਣੇ-ਦਾਣੇ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਓਪਰਾ ਜਿਹਾ ਘਰ ਦੇਖ ਕੇ ਮਿੰਮੀ ਡੌਰ-ਭੌਰ ਜਿਹੀ ਝਾਕ ਰਹੀ ਸੀ। ਕਬੀਰ ਨਾਲ ਤਾਂ ਉਹ ਵਾਹਵਾ ਘੁਲ-ਮਿਲ ਗਈ ਸੀ, ਪਰ ਜਦੋਂ ਕਬੀਰ ਸਕੂਲ ਚਲਿਆ ਜਾਂਦਾ, ਉਹ ਸੱਜ ਵਿਆਹੀ ਵਾਂਗ ਕੰਬਲ ਵਿਚ ਮੂੰਹ ਲਕੋ ਕੇ ਬੈਠ ਜਾਂਦੀ। ਜਿਵੇਂ ਉਹ ਸਾਨੂੰ ਦੇਖਣਾ ਜਾਂ ਸਾਨੂੰ ਆਪਣਾ ਮੂੰਹ ਦਿਖਾਉਣਾ ਨਾ ਚਾਹੁੰਦੀ ਹੋਵੇ। ਕਬੀਰ ਦੇ ਆਉਣ ਤੱਕ ਖਾਣਾ ਵੀ ਨਾ ਖਾਂਦੀ। ਬੱਸ ਪਾਣੀ ਜਾਂ ਮਾੜਾ ਮੋਟਾ ਦੁੱਧ ਪੀ ਛੱਡਦੀ। ਮੇਰੇ ਘਰਵਾਲੀ ਉਸ ਨੂੰ ਗਾਰਡਨ ਵਿਚ ਜਾਂ ਗਾਰਡਨ ਤੋਂ ਬਾਹਰ ਛੱਡ ਦਿੰਦੀ, ਜਿੱਥੇ ਉਹ ਆਪਣਾ 'ਕਿਰਿਆ-ਕਰਮ' ਸੋਧ ਕੇ ਆਪ ਹੀ ਅੰਦਰ ਆ ਜਾਂਦੀ ਅਤੇ ਘਰਵਾਲੀ ਗਾਰਡਨ ਵਾਲਾ ਦਰਵਾਜਾ ਬੰਦ ਕਰ ਦਿੰਦੀ।

ਦੋ ਦਿਨ ਬੀਤ ਗਏ ਸਨ। ਨਾ ਤਾਂ ਸਾਨੂੰ ਮਿੰਮੀ ਦੀ ਕੋਈ ਰਜਿਸਟ੍ਰੇਸ਼ਨ ਵਾਲੀ ਕਾਪੀ ਮਿਲੀ ਸੀ ਅਤੇ ਨਾ ਹੀ ਟੀਕਿਆਂ ਵਾਲੀ। ਦੂਜੀ ਵੱਡੀ ਗੱਲ ਇਹ ਸੀ ਕਿ ਮਿੰਮੀ ਦਿਲ ਨਹੀਂ ਲਾ ਰਹੀ ਸੀ। ਸਾਰੀ ਰਾਤ ਜਾਂ ਤਾਂ ਤੁਰੀ ਫਿਰਦੀ ਰਹਿੰਦੀ ਅਤੇ ਜੇ ਉਸ ਨੂੰ ਨੀਂਦ ਆ ਵੀ ਜਾਂਦੀ ਤਾਂ ਸੁੱਤੀ ਪਈ ਚੂਕਣ ਲੱਗ ਜਾਂਦੀ। ਤੀਜੇ ਦਿਨ ਮੈਂ ਕਬੀਰ ਤੋਂ ਬਾਰੀਕੀ ਨਾਲ ਜਾਣਕਾਰੀ ਹਾਸਲ ਕੀਤੀ ਤਾਂ ਮੈਨੂੰ ਪਤਾ ਲੱਗਿਆ ਕਿ ਇਸ ਦੀ ਮਾਲਕਣ ਕੁੜੀ ਨੇ ਕਤੂਰੇ ਲੈ ਕੇ ਇਸ ਨੂੰ "ਮਗਰੋਂ ਲਾਹਿਆ" ਹੈ। ਮੈਂ ਹੈਰਾਨ ਅਤੇ ਦੁਖੀ ਜਿਹਾ ਹੋ ਗਿਆ, ਕਿੱਡੀ ਬੇਰਹਿਮ ਹੈ ਦੁਨੀਆਂ? ਕੀ ਹੋ ਗਿਆ ਮਿੰਮੀ ਇਕ ਜਾਨਵਰ ਹੈ, ਪਰ ਮਾਂ ਦੀ ਮਮਤਾ ਤਾਂ ਉਸ ਵਿਚ ਵੀ ਹੈ! ਹੁਣ ਪਤਾ ਲੱਗਾ ਕਿ ਉਹ ਆਪਣੇ ਬੱਚਿਆਂ ਬਿਨਾ ਦਿਲ ਨਹੀਂ ਲਾ ਰਹੀ। ਮੈਨੂੰ ਮਹਿਸੂਸ ਹੋਇਆ ਕਿ ਅਸੀਂ ਇਸ ਦਾ ਪਾਪ ਲੈ ਰਹੇ ਹਾਂ। ਮੈਂ ਕਬੀਰ ਨੂੰ ਕਿਹਾ ਕਿ ਉਹ ਆਪਣੀ ਦੋਸਤ ਨੂੰ ਫੋਨ ਕਰੇ ਅਤੇ ਆਖੇ ਕਿ ਅਸੀਂ ਮਿੰਮੀ ਨੂੰ ਵਾਪਸ ਛੱਡਣ ਆ ਰਹੇ ਹਾਂ। ਜੇ ਉਸ ਨੇ ਵਾਪਸ ਨਾ ਲਈ ਤਾਂ ਅਸੀਂ ਕੌਂਸਲ ਨੂੰ ਰਿਪੋਰਟ ਦਿਆਂਗੇ।

ਖੈਰ! ਕਬੀਰ ਨੇ ਫੋਨ ਕਰ ਦਿੱਤਾ ਅਤੇ ਉਹ ਕੁੜੀ ਆਪਣੀ ਕੁੱਤੀ ਨੂੰ ਵਾਪਸ ਲੈਣ ਲਈ ਰਜ਼ਾਮੰਦ ਹੋ ਗਈ। ਮੈਂ ਅਤੇ ਕਬੀਰ ਮਿੰਮੀ ਨੂੰ ਕਾਰ 'ਚ ਛੱਡਣ ਤੁਰ ਗਏ। ਮੈਂ ਕਾਰ 'ਚੋਂ ਉਤਰ ਕੇ ਮਿੰਮੀ ਦਾ ਪਟਾ ਗੋਰੀ ਦੇ ਹੱਥ ਦਿੱਤਾ ਅਤੇ ਵੈਰਾਗਮਈ ਕਿਹਾ, "ਇਹਨੂੰ ਇਹਦੇ ਕਤੂਰਿਆਂ ਨਾਲੋਂ ਅਜੇ ਨਾ ਵਿਛੋੜੋ, ਮਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ, ਇਨਸਾਨ ਹੋ ਕੇ ਬੇਰਹਿਮ ਨਾ ਬਣੋ...!" ਗੋਰੀ ਕੁੜੀ ਨੇ ਧੰਨਵਾਦ ਕਰਕੇ ਮਿੰਮੀ ਦਾ ਪਟਾ ਫੜ ਲਿਆ ਤਾਂ ਮਿੰਮੀ ਮੇਰੇ ਪੈਰ ਚੱਟਣ ਲੱਗ ਪਈ ਅਤੇ ਮੈਨੂੰ ਤੀਹ ਸਾਲ ਪਹਿਲਾਂ ਵਾਲੀ ਮੀਨਾਂ ਚੇਤੇ ਆ ਗਈ ਅਤੇ ਮੇਰਾ ਮਨ ਭਰ ਆਇਆ। ਮੈਂ ਮਿੰਮੀ ਨੂੰ ਇਕ ਤਰ੍ਹਾਂ ਨਾਲ ਬੁੱਕਲ 'ਚ ਲੈ ਕੇ ਪਿਆਰ ਕੀਤਾ ਅਤੇ ਮੈਂ ਤੇ ਕਬੀਰ ਭਰੇ ਮਨ ਨਾਲ ਕਾਰ ਵਿਚ ਆ ਬੈਠੇ...!

# ਅਦਾਕਾਰਾ ਨਿਰਮਲ ਰਿਸ਼ੀ ਦੀ ਤਪੱਸਿਆ

ਸਾਨੂੰ ਆਦਤ ਹੈ ਹਰ ਕਿਸੇ ਨੂੰ ਨਾਵਾਂ ਵਿਚ ਬੰਨ੍ਹਣ ਦੀ, ਤੇ ਫਿਰ ਓਨਾ ਕੁ ਹੀ ਅਕਸ ਚਿਤਵ ਕੇ ਉਹੋ ਜਿਹਾ ਸੋਚਣ ਸਮਝਣ ਦੀ। ਫਿਰ ਅਸੀਂ ਉਸ ਤੋਂ ਪਾਰ ਨਹੀਂ ਸੋਚਦੇ। ਇਸੇ ਲਈ ਪੰਜਾਬੀ ਉਲਾਰ ਬਿਰਤੀ ਲਈ ਉਹ ਸਿਰਫ 'ਗੁਲਾਬੋ ਮਾਸੀ' ਹੈ। ਸਾਡਾ ਇੰਨੇ ਨਾਲ ਹੀ ਸਰ ਜਾਂਦਾ ਹੈ। ਗੁਲਾਬ ਖਿੜਿਆ ਖਿੜਾਇਆ ਮਿਲ ਜਾਵੇ ਤਾਂ ਕੀਹਦਾ ਜੀਅ ਕਰਦਾ ਹੈ ਕਿ ਉਹਦੇ ਖਿੜਨ ਦੀ ਪ੍ਰਕਿਰਿਆ ਜਾਨਣ ਦਾ ਤਰੱਦਦ ਕਰੇ! ਗੁਲਾਬ ਅੱਜ ਮਹਿਕ ਰਿਹਾ ਹੈ ਪਰ ਕੰਡਿਆਂ ਨੇ ਫੁੱਲਾਂ 'ਤੇ ਹਾਵੀ ਹੋਣ ਦਾ ਯਤਨ ਤਾਂ ਕੀਤਾ ਹੋਊ... ਵੱਡੇ ਖੀਵੇ ਦੀ ਉਸ ਧੀ ਨੇ ਖੌਰੇ ਕਿੰਨੇ ਉੱਚੇ ਨੀਵੇਂ ਟਿੱਬਿਆਂ ਨੂੰ ਪੱਧਰਾ ਕਰਨ ਲਈ ਹੱਥ ਪੈਰ ਮਾਰੇ ਹੋਣਗੇ।

ਜੀ ਹਾਂ, ਮੈਂ ਗੱਲ ਨਿਰਮਲ ਰਿਸ਼ੀ ਦੀ ਕਰ ਰਿਹਾ ਹਾਂ। ਉਸ ਦੀ ਤਪੱਸਿਆ ਸੱਚੀਂ ਕਿਸੇ ਰਿਸ਼ੀ ਵਰਗੀ ਹੈ। ਸਾਧਨਾ ਇੰਨੀ ਨਿੱਠ ਕੇ ਕੀਤੀ ਹੋਈ ਕਿ ਉਮਰ ਦੇ ਸੱਤਵੇਂ ਦਹਾਕੇ 'ਚ ਵੀ ਇਸ ਫੁੱਲ ਦੀ ਖੁਸ਼ਬੋ ਮੱਠੀ ਨਹੀਂ ਪਈ। ਕਲਾ ਦੀ ਨਿਰਮਲ ਧਾਰ ਵਰਗੀ, ਸਵੱਛ, ਸਾਫ,

**ਡਾ. ਸਾਹਿਬ ਸਿੰਘ**
ਫੋਨ: +91-98880-11096

ਆਰ ਪਾਰ ਦਿਸਦੀ ਰਿਸ਼ੀ! ਉਹ ਹੱਸਦੀ ਹੈ ਤਾਂ ਕਿਸੇ ਬੱਚੇ ਵਾਂਗ। ਅਦਾਕਾਰੀ ਕਰਦੀ ਹੈ ਤਾਂ ਪੁਰਾਣੇ ਸਮਿਆਂ 'ਚ ਚਾਰਦੀਵਾਰੀ ਰਹਿਤ ਘਰਾਂ 'ਚ ਗੁਆਂਢ ਬੈਠੀ ਕਿਸੇ ਜਾਣੂ ਤੀਵੀਂ ਵਾਂਗ, ਮਿਲਦੀ ਹੈ ਤਾਂ ਕਿਸੇ ਚਿਰਾਂ ਦੇ ਵਿੱਛੜੇ ਪਰ ਸੱਜਰੇ ਚਾਵਾਂ ਵਾਲੇ ਪਰਿਵਾਰਕ ਜੀਅ ਵਾਂਗ। ਨਿਰਮਲ ਰਿਸ਼ੀ ਪੰਜਾਬੀ ਰੰਗਮੰਚ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਉਹ ਇਤਿਹਾਸਕ ਗ੍ਰੰਥ ਹੈ ਜਿਸ ਦੇ ਪੰਨਿਆਂ 'ਤੇ ਰਾਜ ਬੱਬਰ, ਸਰਦਾਰ ਸੋਹੀ, ਦਰਸ਼ਨ ਬੜੀ, ਗਿਰਜਾ ਸ਼ੰਕਰ, ਗੁਰਦਾਸ ਮਾਨ, ਮੋਹਨ ਬੱਗਨ, ਨੀਨਾ ਟਿਵਾਣਾ ਦੇ ਸੁਪਨੇ ਦਰਜ ਹਨ। ਉਸ ਗ੍ਰੰਥ ਦਾ ਆਦਿ, ਮੱਧ ਤੇ ਅੰਤ ਹਰਪਾਲ ਟਿਵਾਣਾ ਦੀਆਂ ਯਾਦਾਂ ਨਾਲ ਸਜਿਆ ਹੋਇਆ ਹੈ। ਉਹ ਸਿਰਫ ਨਿਰਮਲ ਰਿਸ਼ੀ ਨਹੀਂ ਹੈ, ਵੱਡੇ ਖੀਵੇ ਦੇ ਪੰਡਤਾਂ ਦੀ ਇਹ ਧੀ ਪੰਜਾਬੀ ਰੰਗਮੰਚ ਦੇ ਸੁਨਹਿਰੀ ਕਾਲ ਨੂੰ ਸਮਝਣ ਵੱਲ ਖੁੱਲ੍ਹਦੀ ਖਿੜਕੀ ਹੈ।

ਉਸ ਦਾ ਦਾਦਾ ਰਾਮ ਦਿੱਤਾ ਮਹਾਰਾਜਾ ਪਟਿਆਲਾ ਦਾ ਦਰੋਗਾ ਸੀ। ਪਿਉ ਬਲਦੇਵ ਕ੍ਰਿਸ਼ਨ ਰਿਸ਼ੀ ਪਟਵਾਰ ਪੁਣਾ ਕਰਦਾ ਸੀ ਪਰ ਨਾ ਦਾਦਾ ਜਾਣਦਾ ਸੀ, ਨਾ ਪਿਓ ਕਿ ਇਸ ਰਿਸ਼ੀ ਨੂੰ ਇਕ ਦਿਨ ਉਸ ਦੀ ਕਲਾ ਤੋਂ ਖੁਸ਼ ਹੋ ਕੇ ਮਹਾਰਾਜੇ ਨੇ ਆਪਣੇ ਮਹਿਲਾਂ ਵਿਚ ਦਾਅਵਤ ਦੇਣੀ ਸੀ। ਇਸ ਦਾਅਵਤ 'ਤੇ ਜਾਣਾ ਉਸ ਲਈ ਵੱਡੀ ਗੱਲ ਨਹੀਂ ਬਲਕਿ ਅਪੋਲੋ ਗਰਾਊਂਡ ਦੇ ਖੁੱਲ੍ਹੇ ਮੈਦਾਨ ਵਿਚ ਭੁੰਜੇ ਦਰੀ ਵਿਛਾ ਕੇ ਮਹੀਨਿਆਂ ਬੱਧੀ ਸੌਣਾ ਯਾਦ ਕਰਦਿਆਂ ਉਸ ਦੇ ਚਿਹਰੇ 'ਤੇ ਅਵੱਲਾ ਨੂਰ ਚੜ੍ਹਦਾ ਹੈ। ਉਹ ਹਰਪਾਲ ਟਿਵਾਣਾ ਦੀ ਲਾਡਲੀ ਸ਼ਾਗਿਰਦ ਹੈ। ਹਰਪਾਲ ਦੀ ਮਾਂ ਨੂੰ ਇਕ ਦਿਨ 'ਰੰਗ ਤਮਾਸ਼ੇ' ਤੋਂ ਖਿਝ ਚੜ੍ਹੀ ਤਾਂ ਉਸ ਨੂੰ ਸਣੇ ਉਸ ਦੀ ਰੰਗਮੰਚ ਟੋਲੀ ਘਰੋਂ ਬਾਹਰ ਕੱਢ ਦਿੱਤਾ।

ਹਰਪਾਲ ਦਿਲ ਦਾ ਬਾਦਸ਼ਾਹ ਸੀ। ਉਹ ਆਪਣੀ ਟੋਲੀ ਲੈ ਕੇ ਅਪੋਲੋ ਗਰਾਊਂਡ ਜਾ ਵਸਿਆ। ਨਿਰਮਲ ਉਦੋਂ ਭਰ ਜਵਾਨ ਸੀ। ਆਪਣੇ ਉਸਤਾਦ ਨੂੰ ਜ਼ਿੰਦਗੀ ਦੇ ਟਿੱਬੇ ਪੱਧਰੇ ਕਰਦਿਆਂ ਦੇਖ ਉਹ ਸਿੱਖ ਰਹੀ ਸੀ ਕਿ ਤਕੜੇ ਹੋ ਕੇ ਮੁਆਸ਼ਰੇ ਨੂੰ ਕਿਵੇਂ ਟੱਕਰਨਾ ਹੈ। ਮਾਨਸਾ ਦਾ ਪਿੰਡ 'ਵੱਡਾ ਖੀਵਾ' ਵਿਚ ਉਸ ਦੇ ਦੋ ਵੱਡੇ ਭਰਾ ਜੰਮਦਿਆਂ ਹੀ ਮਰ ਗਏ। ਤਿੰਨ ਬੱਚੇ ਬਚੇ, ਉਹ ਤਿੰਨ ਭੈਣਾਂ ਹਨ। ਨਿਰਮਲ ਪੜ੍ਹਨ ਲਈ ਆਪਣੀ ਭੂਆ ਕੋਲ ਗੰਗਾਨਗਰ ਜਾ ਪਹੁੰਚੀ। ਸਕੂਲ ਕਾਲਜ ਦੀ ਪੜ੍ਹਾਈ ਉੱਥੇ ਹੀ ਕੀਤੀ। ਰੰਗਮੰਚ ਵਾਲੇ ਜਾਣਦੇ ਹਨ ਕਿ ਥਿਊਰੀ ਆਫ ਏਲੀਨੇਸ਼ਨ ਕੀ ਹੁੰਦੀ ਹੈ, ਆਲੇ ਦੁਆਲੇ ਦਿੱਸਦੇ ਸੱਚ ਨਾਲੋਂ ਤੋੜ ਕੇ ਅਸਲ ਸੱਚ ਲੱਭਣਾ ਤੇ ਫਿਰ ਝੂਠੇ ਸੱਚ ਨੂੰ ਲੱਤ ਮਾਰਨੀ। ਨਿਰਮਲ ਨੂੰ ਮੰਚ ਦਾ ਨਸ਼ਾ ਚੜ੍ਹਿਆ ਹੋਇਆ ਸੀ। ਉਹ ਰੱਜ ਕੇ ਪੜ੍ਹੀ। ਨਾਟਕ, ਸਕਿੱਟਾਂ, ਗਿੱਧਾ, ਕਲਾ ਦੇ ਹਰ ਰੂਪ ਨਾਲ ਯਾਰੀ ਪਾ ਲਈ। ਨਿਰਮਲ ਪੜ੍ਹ ਲਿਖ ਗਈ।

ਉਚੇਰੀ ਵਿੱਦਿਆ ਲਈ ਜੈਪੁਰ ਜਾਣਾ ਚਾਹੁੰਦੀ ਸੀ ਪਰ ਸਰਸਵਤੀ ਦੇਵੀ ਨੂੰ ਕੁਝ ਹੋਰ ਮਨਜ਼ੂਰ ਸੀ। ਉਹ ਪਟਿਆਲਾ ਪਹੁੰਚ ਗਈ। ਫਿਜ਼ੀਕਲ ਐਜੂਕੇਸ਼ਨ ਕਾਲਜ ਵਿਚੋਂ ਉਸ ਨੇ ਵਿੱਦਿਆ ਹਾਸਲ ਕੀਤੀ। ਇਹ ਉਹੀ ਸਮਾਂ ਸੀ ਜਦੋਂ ਹਿੰਦੋਸਤਾਨ ਆਪਣੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਇਕ ਯੁੱਧ ਕਰ ਚੁੱਕਾ ਸੀ। ਪੰਜਾਬ 'ਚੋਂ ਹਰਿਆਣਾ ਅਲੱਗ ਹੋ ਰਿਹਾ ਸੀ ਪਰ ਨਿਰਮਲ ਆਪਣੇ ਕਲਾਤਮਕ ਯੁੱਧ ਵਿਚਲੇ 'ਬ੍ਰਹਮਅਸਤਰ' ਦੇ ਨਜ਼ਦੀਕ ਪਹੁੰਚ ਰਹੀ ਸੀ। ਹਰਪਾਲ ਟਿਵਾਣਾ ਤੇ ਨੀਨਾ ਟਿਵਾਣਾ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਸਿੱਖ ਕੇ ਸ਼ਾਹੀ ਸ਼ਹਿਰ ਵਾਪਸ ਆ ਚੁੱਕੇ ਸਨ। ਉਨ੍ਹਾਂ ਨੂੰ ਕੋਈ ਵਧੀਆ ਅਦਾਕਾਰਾ ਚਾਹੀਦੀ ਸੀ। ਪ੍ਰੋਫੈਸਰ ਸੂਦ ਜ਼ਰੀਆ ਬਣੇ ਤੇ 12 ਨਵੰਬਰ, 1966 ਨੂੰ ਨਿਰਮਲ ਰਿਸ਼ੀ ਪੰਜਾਬੀ ਰੰਗਮੰਚ ਦੇ ਪਹਿਲੇ ਪੇਸ਼ੇਵਰ ਨਿਰਦੇਸ਼ਕ ਹਰਪਾਲ ਟਿਵਾਣਾ ਦੀ ਸੰਗਤ 'ਚ ਪਹੁੰਚ ਗਈ। ਅਲਬਰਟ ਕਾਮੂ ਦੀ ਸਕ੍ਰਿਪਟ, ਉਸ ਦਾ ਪੰਜਾਬੀ ਰੂਪ 'ਮੱਸਿਆ ਦੀ ਰਾਤ' ਨਿਰਮਲ ਲਈ ਨਵੀਂ ਸਵੇਰ ਬਣ ਬਹੁੜਿਆ। ਫਿਰ ਚੱਲ ਸੋ ਚੱਲ... 'ਦੀਵਾ ਬਲੇ ਸਾਰੀ ਰਾਤ', 'ਚਮਕੌਰ ਦੀ ਗੜ੍ਹੀ', 'ਹਿੰਦ ਦੀ ਚਾਦਰ', 'ਫਾਦਰ', 'ਲੌਂਗ ਦਾ ਲਿਸ਼ਕਾਰਾ', 'ਮੇਲਾ ਮੁੰਡੇ ਕੁੜੀਆਂ ਦਾ' ਨਿਰਮਲ ਦਿਲਾਂ 'ਤੇ ਰਾਜ ਕਰਨ ਲੱਗੀ। ਹਰਪਾਲ ਤੇ ਨੀਨਾ ਦੀ ਪਰਿਵਾਰਕ ਜ਼ਿੰਦਗੀ ਦੇ ਕਰੀਬ ਰਹੀ। ਟਿਵਾਣਾ ਸਾਹਿਬ ਵੱਡੀ ਹਸਤੀ ਸਨ ਤੇ ਰੋਅਬ ਵੱਖਰਾ। ਕਲਾਕਾਰ ਜ਼ੁਬਾਨ ਖੋਲ੍ਹਣ ਲੱਗਿਆਂ ਡਰਦੇ, ਸਫਰ ਕਰਦੇ ਤਾਂ ਉਦੋਂ ਤਕ ਪਿਆਸ 'ਤੇ ਕਾਬੂ ਰੱਖਦੇ, ਜਦੋਂ ਤਕ ਟਿਵਾਣਾ ਸਾਹਿਬ ਦੀ ਪਸੰਦ ਦਾ ਨਲਕਾ ਨਾ ਆ ਜਾਂਦਾ। ਅੱਜ ਉਨ੍ਹਾਂ ਦੀ ਇਸ ਪਿਆਰੀ ਸ਼ਾਗਿਰਦ ਦੀ ਪਿਆਸ ਬਾਰੇ ਭਿਣਕ ਵੀ ਪੈ ਜਾਵੇ ਤਾਂ ਅਨੇਕਾਂ ਹੱਥ ਪਾਣੀ ਦੇ ਗਲਾਸ ਲੈ ਕੇ ਸਾਹਮਣੇ ਖੜ੍ਹੇ ਹੁੰਦੇ ਹਨ। 'ਫਾਦਰ' ਨਾਟਕ ਵਿਚ ਨਿਰਮਲ ਨੇ ਟਿਵਾਣਾ ਸਾਹਿਬ ਦੇ ਥੱਪੜ ਮਾਰਨਾ ਸੀ, ਡਰਦੀ ਉਸਤਾਦ ਦੇ ਥੱਪੜ ਕਿੰਜ ਮਾਰੇ! ਖਿਝ ਕੇ ਟਿਵਾਣਾ ਸਾਹਿਬ ਨੇ ਨਿਰਮਲ ਦੇ ਥੱਪੜ ਜੜਤਾ, ਸ਼ਾਗਿਰਦ ਕੁੜੀ ਸਹਿਮ ਗਈ, ਤਿੰਨ ਦਿਨ ਰੋਂਦੀ ਰਹੀ। ਨੀਨਾ ਟਿਵਾਣਾ ਦੀ ਮਾਂ ਨੇ ਸਮਝਾਇਆ, 'ਰੋ ਨਾ ਧੀਏ, ਹਰਪਾਲ ਦਾ ਥੱਪੜ ਜੀਹਦੇ ਪੈ ਜਾਏ, ਉਹ ਬੰਦਾ ਬਣ ਜਾਂਦਾ' ਤੇ ਨਿਰਮਲ 'ਬੰਦਾ' ਬਣ ਗਈ। ਅੱਜ ਤਕ 'ਬੰਦਈ' ਖੁੱਸਣ ਨਹੀਂ ਦਿੱਤੀ।

1975 ਵਿਚ ਨਿਰਮਲ ਲੁਧਿਆਣਾ ਜਾ ਪਹੁੰਚੀ। ਖਾਲਸਾ ਕਾਲਜ ਫਾਰ ਵਿਮੈਨ ਵਿਚ ਲੈਕਚਰਰ ਲੱਗ ਗਈ ਤੇ ਸੇਵਾ ਮੁਕਤੀ ਤਕ ਉੱਥੇ ਹੀ ਡਟੀ ਰਹੀ। ਰੰਗਮੰਚ ਨਾ ਛੱਡਿਆ। ਰਿਕਸ਼ੇ 'ਤੇ ਬੈਠ ਗਲੀ ਗਲੀ ਘੁੰਮਦੀ, ਟਿਕਟਾਂ ਵੇਚਦੀ, ਪੋਸਟਰ ਲਗਾਉਂਦੀ, ਕਲਾਕਾਰਾਂ ਦਾ ਰੋਟੀ ਟੁੱਕ ਕਰਦੀ। ਮਜਾਲ ਐ ਕੋਈ ਅੱਖ ਚੁੱਕ ਦੇਖ ਲਵੇ। ਰੰਗਮੰਚ ਨੂੰ ਉਸ ਨੇ ਬਹੁਤ ਕੁਝ ਦਿੱਤਾ, ਰੰਗਮੰਚ ਨੇ ਉਸ ਦੀ ਝੋਲੀ ਬੜਾ ਕੁਝ ਪਾਇਆ। ਉਹ ਉਸ ਦੌਰ ਦੀ ਅਦਾਕਾਰਾ ਹੈ ਜਦੋਂ ਛੇ ਛੇ ਮਹੀਨੇ ਰਿਹਰਸਲਾਂ ਹੁੰਦੀਆਂ, ਦਿੱਲੀ ਤੋਂ ਅਬਰਾਹਮ ਅਲਕਾਜ਼ੀ ਵਿਸ਼ੇਸ਼ ਤੌਰ 'ਤੇ ਰਿਹਰਸਲ ਦੇਖਣ ਪਹੁੰਚਦੇ। ਡਾ. ਹਰਚਰਨ ਸਿੰਘ ਦੀ 'ਬੱਲੇ ਬੱਲੇ' ਉਸ ਦੇ ਚੇਤਿਆਂ ਵਿਚ ਅੱਜ ਵੀ ਗੂੰਜ ਰਹੀ ਹੈ। ਉਹ ਤੂੜੀ 'ਤੇ ਚਾਦਰ ਵਿਛਾ ਕੇ ਵੀ ਸੁੱਤੀ, ਪੰਜ ਸਿਤਾਰਾ ਹੋਟਲਾਂ 'ਚ ਵੀ ਰਹੀ। ਉਸ ਦੇ ਵੱਡੇ ਪਰਿਵਾਰ 'ਚ ਦੋ ਇਨਸਾਨ ਰਾਸ਼ਟਰਪਤੀ ਤੱਕ ਪਹੁੰਚੇ। ਉਸ ਦੀ ਚਾਚੀ ਅਧਿਆਪਕ ਦੇ ਤੌਰ 'ਤੇ ਐਵਾਰਡ ਲੈਣ ਲਈ ਤੇ ਖੁਦ ਨਿਰਮਲ ਰਿਸ਼ੀ ਸੰਗੀਤ ਨਾਟਕ ਅਕੈਡਮੀ ਐਵਾਰਡ ਹਾਸਲ ਕਰਨ ਲਈ ਪਰ ਉਹ ਮੰਨਦੀ ਹੈ ਕਿ ਅਜਿਹਾ 'ਪੰਜਾਬੀ ਰੰਗਮੰਚ ਦੇ ਰਾਸ਼ਟਰਪਤੀ' ਹਰਪਾਲ ਟਿਵਾਣਾ ਸਦਕਾ ਹੋਇਆ। ਰਾਜ ਬੱਬਰ, ਗੁਰਦਾਸ ਮਾਨ, ਸਰਦਾਰ ਸੋਹੀ ਉਸ ਲਈ ਪਿਆਰੇ ਰਾਜ, ਗੁਰਦਾਸ ਤੇ ਸੋਹੀ ਹਨ। ਉਹ ਹਰ ਇਕ ਦਾ ਜ਼ਿਕਰ ਕਰਦੀ ਅੱਖਾਂ ਦੇ ਕੋਏ ਨਮ ਕਰ ਬਹਿੰਦੀ ਹੈ, ਪਰ ਦਿਸਣ ਨ੍ਹੀਂ ਦਿੰਦੀ। ਪੰਜਾਬੀ ਮਾਨਸਿਕਤਾ ਦੀ ਕਮਜ਼ੋਰੀ ਹੀ ਸਮਝੋ ਕਿ ਅਸੀਂ ਉਸ ਦੇ ਵਰਤ ਵਰਤਾਓ ਤੇ ਰੋਹਬ ਨੂੰ ਦੇਖਦਿਆਂ ਉਹਨੂੰ ਜੱਟੀ ਕਹਿ ਕੇ ਨਿਵਾਜਦੇ ਹਾਂ ਤੇ ਪੰਡਤ ਰਾਮ ਦਿੱਤੇ ਦੀ ਧੀ ਦਾ ਬਣਦਾ ਸਤਿਕਾਰ ਉਸ ਦੇ ਅਸਲ ਸਮੇਤ ਦੇਣ ਦੀ ਥਾਂ ਉਲਾਰ ਹੋ ਜਾਂਦੇ ਹਾਂ। ਉਹ ਨਾ ਪੰਡਤਾਣੀ ਹੈ, ਨਾ ਜੱਟੀ। ਉਹ ਕਲਾਕਾਰ ਹੈ, ਸ਼ੁੱਧ ਕਲਾਕਾਰ। ਕਲਾਕਾਰੀ ਦਾ ਸਤਿਕਾਰ ਕਰਨ ਵਾਲੀ, ਕਲਾ ਦੀ ਇਬਾਦਤ ਕਰਨ ਵਾਲੀ।



*ਅਦਾਕਾਰਾ ਨਿਰਮਲ ਰਿਸ਼ੀ ਅਤੇ (ਸੱਜੇ) ਇਕ ਕਿਰਦਾਰ ਦੇ ਰੂਪ ਵਿਚ।*

# ਕੈਟਰੀਨਾ ਕੈਫ ਦੀ ਸਰਗਰਮੀ

ਹੁਣ ਜਦੋਂ ਭਾਰਤ ਅੰਦਰ ਕੋਵਿਡ-19 ਦੀ ਡਾਢੀ ਮਾਰ ਚੱਲ ਰਹੀ ਹੈ ਤਾਂ ਮਸ਼ਹੂਰ ਅਦਾਕਾਰਾ ਕੈਟਰੀਨਾ ਕੈਫ ਹੋਰ ਕਈ ਕਲਾਕਾਰਾਂ ਅਤੇ ਫਿਲਮੀ ਹਸਤੀਆਂ ਵਾਂਗ ਕਰੋਨਾ ਵਾਇਰਸ ਤੋਂ ਬਚਾਓ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰਚਾਰ ਵਿਚ ਜੁਟ ਗਈ ਹੈ। ਉਹ ਸੋਸ਼ਲ ਮੀਡੀਆ 'ਤੇ ਇਸ ਸਬੰਧੀ ਵਾਹਵਾ ਪ੍ਰਚਾਰ ਕਰ ਰਹੀ ਹੈ ਅਤੇ ਬਾਕੀਆਂ ਨੂੰ ਵੀ ਅਜਿਹਾ ਕਰਨ ਲਈ ਖੂਬ ਪ੍ਰੇਰ ਰਹੀ ਹੈ।


ਕੈਟਰੀਨ ਕੈਫ ਤੋਂ ਇਲਾਵਾ ਅਦਾਕਾਰਾ ਦੀਆ ਮਿਰਜ਼ਾ, ਆਲੀਆ ਭੱਟ, ਸ਼ਾਹਿਦ ਕਪੂਰ, ਵਿੱਕੀ ਕੌਸ਼ਲ, ਭੂਮੀ ਪੇਡਨੇਕਰ, ਅਕਸ਼ੈ ਕੁਮਾਰ ਆਦਿ ਕਲਾਕਾਰ ਕਰੋਨਾ ਵਾਇਰਸ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਾਲੀ ਮੁਹਿੰਮ ਵਿਚ ਜੁਟੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਕਲਾਕਾਰਾਂ ਨੇ ਤਾਂ ਸੋਸ਼ਲ ਮੀਡੀਆ ਉਤੇ ਵੱਖਰੇ-ਵੱਖਰੇ ਅਤੇ ਉਚੇਚੇ ਗਰੁੱਪ ਵੀ ਬਣਾ ਲਏ ਹਨ।

ਕੈਟਰੀਨਾ ਕੈਫ ਜਿਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਤੋਂ ਕੀਤੀ ਸੀ ਅਤੇ ਫਿਰ 2005 ਵਿਚ ਫਿਲਮੀ ਸੰਸਾਰ ਅੰਦਰ ਪੈਰ ਪਾਏ, ਅੱਜਕੱਲ੍ਹ 'ਟਾਈਗਰ-3' ਵਾਲੀ ਸੀਕੁਇਲ ਦੀ ਸ਼ੂਟਿੰਗ ਵਿਚ ਰੁਝੀ ਹੋਈ ਹੈ। ਇਹ ਫਿਲਮ ਅਗਲੇ ਸਾਲ, ਭਾਵ 2022 ਵਿਚ ਰਿਲੀਜ਼ ਹੋਣੀ ਹੈ ਅਤੇ ਇਸ ਵਿਚ ਪਹਿਲੀਆਂ ਦੋਹਾਂ ਸੀਕੁਇਲਾਂ ਵਾਂਗ ਕੈਟਰੀਨ ਨੇ ਜਾਸੂਸ ਦਾ ਕਿਰਦਾਰ ਨਿਭਾਇਆ ਹੈ। ਉਸ ਦਾ ਆਖਣਾ ਹੈ ਕਿ ਫਿਲਮ ਸਨਅਤ ਉਤੇ ਵੀ ਕਰੋਨਾ ਦੀ ਤਕੜੀ ਮਾਰ ਪਈ ਹੈ।



# ਚੰਗੀਆਂ ਲਿਖਤਾਂ ਦਾ ਸ਼ੈਦਾਈ ਬੋਮਨ

ਬਾਲੀਵੁੱਡ ਅਦਾਕਾਰ ਬੋਮਨ ਇਰਾਨੀ ਦਾ ਮੰਨਣਾ ਹੈ ਕਿ ਚੰਗੀ ਲਿਖਤ ਸਮੇਂ ਦੀ ਲੋੜ ਹੈ। ਅਜਿਹੇ ਸਮੇਂ ਜਦੋਂ ਓ.ਟੀ.ਟੀ. ਪਲੇਟਫਾਰਮ (ਮੀਡੀਆ ਸੇਵਾ) ਦਰਸ਼ਕਾਂ ਨੂੰ ਕਈ ਤਰ੍ਹਾਂ ਦੇ ਬਦਲ ਮੁਹੱਈਆ ਕਰਦਾ ਹੈ ਤਾਂ ਦਰਸ਼ਕਾਂ ਦੀ ਰੁਚੀ ਬਣਾਈ ਰੱਖਣ ਲਈ ਚੰਗੀ ਲਿਖਤ ਜ਼ਰੂਰੀ ਹੈ। ਬੋਮਨ ਇਰਾਨੀ ਨੇ ਕਿਹਾ, "ਓ.ਟੀ.ਟੀ. ਪਲੇਟਫਾਰਮ ਸਿਰਫ ਲੇਖਕਾਂ ਨੂੰ ਹੀ ਨਹੀਂ ਸਗੋਂ ਅਦਾਕਾਰਾਂ ਅਤੇ ਤਕਨੀਸ਼ੀਅਨਾਂ ਨੂੰ ਵੀ ਮੌਕਾ ਦਿੰਦਾ ਹੈ। ਓ.ਟੀ.ਟੀ. 'ਤੇ ਹਜ਼ਾਰਾਂ ਬਦਲ ਹਨ। ਜੇ ਤੁਸੀਂ ਦਰਸ਼ਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਤਾਂ ਇਸ ਨੂੰ ਰੱਦ ਕਰਨ ਵਿਚ 10 ਤੋਂ 15 ਮਿੰਟ ਲੱਗਦੇ ਹਨ। ਚੰਗੀ ਲਿਖਤ ਨਾਲ ਇਸ ਤੋਂ ਬਚਿਆ ਜਾ ਸਕਦਾ ਹੈ ਜੋ ਬਾਕੀ ਸ਼ੋਅਜ਼ 'ਤੇ ਵੀ ਲਾਗੂ ਹੁੰਦੀ ਹੈ। ਅਸਲ ਵਿਚ ਲਿਖਤ ਹੁਣ ਓ.ਟੀ.ਟੀ. ਪਲੇਟਫਾਰਮ 'ਤੇ ਸੁਪਰਸਟਾਰ ਬਣ ਗਈ ਹੈ।" ਉਨ੍ਹਾਂ ਆਖਿਆ, "ਜੇ ਤੁਹਾਡੀ ਸਕ੍ਰਿਪਟ ਚੰਗੀ ਨਹੀਂ ਹੈ ਤਾਂ ਤੁਹਾਡੀ ਅਦਾਕਾਰੀ ਵੀ ਚੰਗੀ ਨਹੀਂ ਹੋਵੇਗੀ ਅਤੇ ਮੈਂ ਇਹ ਗੱਲ ਫਿਲਮਾਂ ਦੀ ਵੱਡੇ ਪਰਦੇ 'ਤੇ ਰਿਲੀਜ਼ ਬਾਰੇ ਵੀ ਕਹਿੰਦਾ ਹਾਂ। ਤੁਹਾਨੂੰ ਕਮਜ਼ੋਰ ਕਹਾਣੀਆਂ ਕਿਉਂ ਚਾਹੀਦੀਆਂ ਹਨ? ਮਹਿਜ਼ ਥੀਏਟਰ ਅੰਦਰ ਥਾਂ ਲਈ?" ਇਹ ਪੁੱਛਣ 'ਤੇ ਕਿ ਕੀ ਓ.ਟੀ.ਟੀ. ਪਲੇਟਫਾਰਮ ਵੱਡੇ ਪਰਦੇ ਦੇ ਤਜਰਬੇ ਨੂੰ ਬਦਲ ਦੇਵੇਗਾ ਤਾਂ ਬੋਮਨ ਇਰਾਨੀ ਨੇ ਜਵਾਬ ਦਿੱਤਾ,



"ਜਦੋਂ ਟੈਲੀਵਿਜ਼ਨ ਆਇਆ ਤਾਂ ਇਕ ਵਾਰ ਸਿਨੇਮਾਘਰਾਂ ਵਿਚ ਭੀੜ ਘਟ ਗਈ ਸੀ ਪਰ ਮੁੜ ਲੋਕਾਂ ਨੇ ਸਿਨੇਮਾ ਵੱਲ ਰੁਖ ਕੀਤਾ। ਮੈਨੂੰ ਲੱਗਦਾ ਹੈ ਕਿ ਵੱਡਾ ਪਰਦਾ ਬਿਲਕੁਲ ਵੱਖਰਾ ਤਜਰਬਾ ਹੈ। ਫਿਲਮਾਂ ਵੱਡੇ ਪਰਦੇ ਲਈ ਬਣੀਆਂ ਹਨ। ਮੈਨੂੰ ਨਹੀਂ ਲੱਗਦਾ ਕਿ ਇਸ ਨੂੰ ਬਦਲਿਆ ਜਾ ਸਕਦਾ ਹੈ ਕਿਉਂਕਿ ਇਹ ਪਰਿਵਾਰਕ ਤਜਰਬਾ ਹੈ ਜਿਸ ਦੀ ਲੋਕ, ਖਾਸ ਤੌਰ 'ਤੇ ਭਾਰਤੀ ਉਡੀਕ ਕਰਦੇ ਹਨ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com